ਆਤਮ ਮਾਰਗ ਪਬਲੀਕੇਸ਼ਨ





# ਭਗਵਤ ਗੀਤਾ ਦੀ ਚਿਰ-ਸਥਾਈ ਆਤਮ-ਵਿਦਿਆ

## (PRENNIAL PSYCHOLOGY OF THE BHAGVAD GITA)

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ, ਰਤਵਾੜਾ ਸਾਹਿਬ

# ਭਗਵਤ ਗੀਤਾ ਦੀ
# ਚਿਰ-ਸਥਾਈ
# ਆਤਮ-ਵਿਦਿਆ


- : ਕਰਤਾ :-

**ਡਾ. ਸਵਾਮੀ ਰਾਮ ਜੀ**

**ਅਨੁਵਾਦਕ**

ਡਾ. ਬੀਬੀ ਤਜਿੰਦਰ ਮਲਹੋਤਰਾ



**ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।**



**- ਪ੍ਰਕਾਸ਼ਕ -**

**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ**

**ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ**

# ਆਦਿਕਾ

ਅੱਜ ਸੰਤ ਮਹਾਰਾਜ ਜੀ ਨੂੰ ਸਰੀਰ ਛੱਡਿਆਂ ਚਾਰ ਸਾਲ ਹੋ ਚੁੱਕੇ ਹਨ, ਉਨ੍ਹਾਂ ਨੇ ਆਪਣੇ ਜੀਵਨ ਕਾਲ ਵਿਚ ਹੀ ਸਵਾਮੀ ਜੀ ਦੀਆਂ ਪੁਸਤਕਾਂ ਪੰਜਾਬੀ ਵਿਚ ਉਲਥਾ ਕਰਾ ਕੇ 'ਆਤਮ ਮਾਰਗ' ਮੈਗਜ਼ੀਨ ਵਿਚ ਛਾਪਣੀਆਂ ਸ਼ੁਰੂ ਕਰ ਦਿਤੀਆਂ ਸੀ। ਤਿੰਨ ਪੁਸਤਕਾਂ ਛਪ ਕੇ ਪਾਠਕਾਂ ਤਕ ਪਹੁੰਚ ਚੁੱਕੀਆਂ ਹਨ। ਸੰਤ ਮਹਾਰਾਜ ਦਿਨ ਰਾਤ ਇਸੇ ਗੱਲ ਤੇ ਯਤਨਸ਼ੀਲ ਰਹੇ ਕਿ ਕਿਵੇਂ ਸੰਗਤਾਂ ਨੂੰ ਅਧਿਆਤਮਵਾਦ ਦੇ ਗੁੱਝੇ ਭੇਦ ਦੱਸੇ ਜਾਣ, ਕਿਵੇਂ ਸੰਗਤਾਂ ਨੂੰ 'ਆਤਮ ਮਾਰਗ' ਤੇ ਉਚੇ ਚੁੱਕ ਕੇ ਤੇ ਉਚੀਆਂ ਉਡਾਰੀਆਂ ਤਕ ਪਹੁੰਚਿਆ ਜਾਵੇ। ਉਨ੍ਹਾਂ ਦਾ ਸਾਰਾ ਜੀਵਨ ਹੀ ਇਸੇ ਲੇਖੇ ਲੱਗਿਆ ਹੈ, ਆਖਰੀ ਦਿਨਾਂ ਤਕ ਵੀ ਆਪ ਜੀ ਪੂਰਾ 'ਆਤਮ ਮਾਰਗ' ਮੈਗਜ਼ੀਨ ਦਾ ਇਕ-ਇਕ ਅੱਖਰ ਪੜ੍ਹਦੇ ਸੀ ਤੇ ਸੋਧ ਕੇ ਛਪਾਈ ਲਈ ਭੇਜਦੇ ਸੀ।

ਸਾਰੀ ਸੰਗਤ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੀ ਹੈ ਕਿ ਕੋਈ ਵੀ ਦੀਵਾਨ ਇਹੋ ਜਿਹਾ ਨਹੀਂ ਸੀ ਜਿਸ ਵਿਚ ਮਹਾਰਾਜ ਜੀ ਗੀਤਾ ਦਾ ਜ਼ਿਕਰ ਨਾ ਕਰਦੇ ਹੋਣ। ਗੀਤਾ ਦਾ ਗਿਆਨ ਸੰਤ ਮਹਾਰਾਜ ਜੀ ਨੇ ਸਦਾ ਹੀ ਕੇਵਲ ਵਡਿਆਇਆ ਹੀ ਨਹੀਂ, ਉਸ ਨੂੰ ਸਦਾ ਉੱਚਾ ਸਥਾਨ ਦਿਤਾ ਹੈ। ਇਸੇ ਭਾਵਨਾ ਦੇ ਪ੍ਰਤੀਕ ਮਹਾਰਾਜ ਜੀ ਨੇ ਸਵਾਮੀ ਜੀ ਦੀ ਲਿਖੀਗੀਤਾ ਦਾ ਉਲਥਾ ਕਰਵਾਇਆ ਜੋ ਕਿ ਆਤਮ ਮਾਰਗ ਮੈਗਜ਼ੀਨ ਵਿਚ ਪਾਠਕ ਬੜੇ ਹੀ ਪਿਆਰ ਨਾਲ ਪੜ੍ਹਦੇ ਰਹੇ ਹਨ। ਗੀਤਾ ਦਾ ਉਪਦੇਸ਼ ਇਕ ਬੜਾ ਹੀ ਉਚਾ ਤੇ ਸੁੱਚਾ ਉਪਦੇਸ਼ ਹੈ ਜੋ ਕ੍ਰਿਸ਼ਨ ਜੀ ਮਹਾਰਾਜ ਅਰਜਨ ਨੂੰ ਕੁਰਕਸ਼ੇਤਰ ਦੇ ਲੜਾਈ ਦੇ ਮੈਦਾਨ ਵਿਚ ਦਿੰਦੇ ਹਨ।

ਗੀਤਾ ਉਨ੍ਹਾਂ ਗ੍ਰੰਥਾਂ ਵਿਚੋਂ ਹੈ ਜਿਸ ਦਾ ਨਾਂ ਕੇਵਲ ਉਲਤਾ ਹੀ ਵੱਖ-ਵੱਖ ਭਾਸ਼ਾਵਾਂ ਵਿਚ ਹੋਇਆ ਹੈ ਇਸ ਦੀਆਂ ਵੱਧ ਤੋਂ ਵੱਧ ਟਿਪਣੀ ਵੀ ਲਿਖੀਆਂ ਗਈਆਂ ਹਨ। ਵਿਸ਼ੇਸ਼ ਤੌਰ ਤੇ ਦਾਰਸ਼ਨਕ ਟਿਪਣੀਆਂ ਬਹੁਤ ਹੀ ਹਨ। ਸਵਾਮੀ ਰਾਮ ਜੀ ਨੇ ਇਸ ਦੀ ਮਨੋਵਿਗਿਆਨਕ ਟਿਪਣੀ ਦਿਤੀ ਹੈ ਵੀਹਵੀ ਸਦੀ ਵਿਚ ਮਨੋਵਿਗਿਆਨ ਨੂੰ ਬਹੁਤ ਹੀ ਵਿਸ਼ੇਸ਼ ਸਥਾਨ ਦਿਤਾ ਹੈ। ਸਵਾਮੀ ਜੀ ਨੇ ਗੀਤਾ ਨੂੰ ਅੱਜ ਦੇ ਸਮੇਂ ਅਨੁਸਾਰ ਹੀ ਜੋੜ ਕੇ ਲਿਖਿਆ ਹੈ। ਗੀਤਾ ਅੱਜ ਦੇ ਵਿਦਿਆਰਥੀ ਲਈ ਕਿਵੇਂ ਸਹਾਇਕ ਹੋ ਸਕਦੀ ਹੈ। ਸਵਾਮੀ ਜੀ ਨੇ ਹਰ ਸਲੋਕ ਨੂੰ ਅੱਜ ਦੇ ਸਮੇਂ ਅਨੁਸਾਰ ਜੋੜ ਕੇ ਦੱਸਿਆ ਹੈ।

ਗੀਤਾ ਦੇ ਅਠਾਰ੍ਹਾਂ ਅਧਿਆਏ ਹਨ। ਹਰ ਅਧਿਆਏ ਆਪਣੇ ਆਪ ਵਿਚ ਪੂਰਨ ਫਿਲੋਸਫੀ ਹੈ। ਗੀਤਾ ਦਾ ਪਹਿਲਾ ਅਧਿਆਇ ਅਰਜਨ ਦੀ ਉਪਰਾਮਤਾ ਦਰਸਾਉਂਦਾ ਹੈ ਕਿਵੇਂ ਅਰਜਨ ਭਰਮਿਆ ਪਿਆ ਹੈ, ਪਰੇਸ਼ਾਨ ਹੈ ਕਿ ਉਹ ਆਪਣੇ ਸਬੰਧੀਆਂ ਨੂੰ ਮਾਰੇਗਾ। ਕ੍ਰਿਸ਼ਨ ਜੀ ਅਰਜਨ ਦਾ ਰਥ ਲੜਾਈ ਦੇ ਮੈਦਾਨ ਵਿਚ ਲੈ ਜਾਂਦੇ ਹਨ। ਜਿਥੇ ਦੋਨੋਂ ਫੌਜਾਂ ਖੜ੍ਹੀਆਂ ਹਨ।

ਅਰਜਨ ਦੇਖ ਕੇ ਮੋਹ ਵਿਚ ਬੰਨ੍ਹਿਆ ਜਾਂਦਾ ਹੈ ਤੇ ਮਾਰਨ ਤੋਂ ਸੰਕੋਚ ਕਰਦਾ ਹੈ। ਇਹ ਹੀ ਪਹਿਲੇ ਅਧਿਆਇ ਦਾ ਸਾਰ ਹੈ।

ਦੂਸਰੇ ਅਧਿਆਇ ਵਿਚ ਕ੍ਰਿਸ਼ਨ ਜੀ ਅਰਜਨ ਨੂੰ ਉਸ ਦੀ ਉਪਰਾਮਤਾ ਵਿਚੋਂ ਕਢਦੇ ਹਨ ਉਸ ਦੀ ਉਦਾਸੀਨਤਾ ਵਿਚੋਂ ਕੱਢਦੇ ਹਨ ਉਸ ਨੂੰ ਜਗਾਉਂਦੇ ਹਨ। ਅਰਜਨ ਨੂੰ ਗਿਆਨ ਕਰਾਉਂਦੇ ਹਨ ਕਿ ਆਤਮਾ ਅਜਰ ਹੈ, ਅਮਰ ਹੈ, ਅਬਿਨਾਸ਼ੀ ਹੈ। ਇਹ ਸਰੀਰ ਨਾਸ਼ਵਾਨ ਹੈ ਮੌਤ ਬਿਲਕੁਲ ਇਸ ਤਰ੍ਹਾਂ ਹੀ ਜਿਵੇਂ ਪੁਰਾਣੇ ਕਪੜੇ ਉਤਾਰ ਕੇ ਨਵੇਂ ਕਪੜੇ ਪਾਉਣੇ ਹਨ। ਕ੍ਰਿਸ਼ਨ ਜੀ ਦਸਦੇ ਹਨ ਕਿ ਤੈਨੂੰ ਕੇਵਲ ਆਪਣੀ ਡੀਊਟੀ ਹੀ ਕਰਨੀ ਚਾਹੀਦੀ ਹੈ। ਇਸ ਅਧਿਆਇ ਦਾ ਵਾਰਤਾਲਾਪ ਜਿਹੜਾ ਕ੍ਰਿਸ਼ਨ ਜੀ ਅਰਜਨ ਨਾਲ ਕਰਦੇ ਹਨ ਉਹ ਸਾਂਖ ਫਿਲੋਸਫੀ ਹੈ ਤੇ ਯੋਗਾ ਅਭਿਆਸ ਦਾ ਵਿਗਿਆਨਕ ਰੂਪ ਹੈ।

ਤੀਸਰੇ ਅਧਿਆਇ ਵਿਚ ਕਰਮਯੋਗ ਤੇ ਕ੍ਰਿਸ਼ਨ ਜੀ ਖੋਲ੍ਹ ਕੇ ਦਸਦੇ ਹਨ ਕਿਉਂਕਿ ਅਰਜਨ ਪੁਛਦਾ ਹੈ ਜੇ ਵਿਚਾਰ ਦਾ ਮਾਰਗ ਹੀ ਉਤਮ ਮਾਰਗ ਹੈ। ਮੈਨੂੰ ਮਰਨ ਮਾਰਨ ਲਈ ਕਿਸ ਕਰਕੇ ਆਦੇਸ਼ ਦੇ ਰਹੇ ਹੋ। ਕ੍ਰਿਸ਼ਨ ਜੀ ਉਸ ਨੂੰ ਪ੍ਰਵਚਨ ਕਰਦੇ ਹਨ ਕਿ ਕਰਮ ਕਰਨ ਤੋਂ ਬਿਨਾਂ ਤਾਂ ਕੋਈ ਰਹਿ ਹੀ ਨਹੀਂ ਸਕਦਾ। ਕਰਮ ਭਾਵੇਂ ਬੰਧਨ ਦਾ ਕਾਰਨ ਬਣਦੇ ਹਨ, ਦੇਖਣਾ ਤਾਂ ਇਹ ਹੈ ਕਿ ਇੱਛਾ ਰਹਿਤ ਹੋ ਕੇ ਕਰਮ ਕਰਨੇ ਹਨ। ਇਹ ਤਾਂ ਹੀ ਹੋ ਸਕਦਾ ਹੈ ਕਿ ਜੇ ਗਿਆਨ ਦੀ ਪ੍ਰਾਪਤੀ ਹੋ ਜਾਵੇ। ਸਭ ਤੋਂ ਉਤਮ ਹੈ ਆਤਮਾ, ਆਤਮਾ ਬੁੱਧੀ, ਮਨ ਇੰਦ੍ਰੀਆਂ ਸਰੀਰ ਨੂੰ ਚਲਾਉਂਦੀਆਂ ਹਨ। ਇਸ ਤੱਤ ਦਾ ਗਿਆਨ ਹੋ ਜਾਣ ਤੋਂ ਬਾਅਦ ਆਤਮ-ਗਿਆਨ, ਸਹਿਜ ਤੇ ਸੰਜਮ ਆ ਜਾਂਦਾ ਹੈ। ਉਥੇ ਫੇਰ ਨਿਰੋਲ ਆਤਮਾ ਦਾ ਹੀ ਵਾਸਾ ਹੈ। ਕਰਮ ਯੋਗੀ ਇੰਦਰੀਆਂ ਤੇ ਕਾਬੂ ਪਾ ਕੇ, ਕਰਮ ਦਾ ਫਲ ਤਿਆਗ ਕੇ ਕੇਵਲ ਆਪਣੀ ਡਿਊਟੀ ਹੀ ਕਰਦਾ ਹੈ ਤੇ ਸੰਸਾਰ ਦੇ ਭਲੇ ਲਈ ਹੀ ਕਰਮ ਕਰਦਾ ਹੈ।

ਚੌਥਾ ਅਧਿਆਇ ਵਿਚ ਕ੍ਰਿਸ਼ਨ ਜੀ ਸਤਿ ਬੁੱਧ ਤੇ ਗਿਆਨ ਪ੍ਰਾਪਤੀ ਤੇ ਜ਼ੋਰ ਦਿੰਦੇ ਹਨ। ਜਦੋਂ ਕ੍ਰਿਸ਼ਨ ਜੀ ਆਪਣੇ ਆਪ ਸੰਬੋਧਨ ਕਰਕੇ ਕਹਿੰਦੇ ਹਨ। ਮੇਰੇ ਤੋਂ ਯੋਗ ਪਰੰਪਰਾ ਚਲੀ ਆ ਰਹੀ ਹੈ। ਅਰਜਨ ਕਹਿੰਦਾ ਹੈ ਆਪ ਦਾ ਜਨਮ ਤਾਂ ਹੁਣ ਹੋਇਆ ਹੈ ਇਸ ਦੇ ਉਤਰ ਵਿਚ ਕ੍ਰਿਸ਼ਨ ਜੀ ਅਰਜਨ ਨੂੰ ਗਿਆਨ ਦਾ ਉਪਦੇਸ਼ ਦਿੰਦੇ ਹਨ ਕਿ ਮੈਂ ਅਬਿਨਾਸ਼ੀ ਹਾਂ ਮੈਂ ਆਪ ਹੀ ਪ੍ਰਗਟ ਹੁੰਦਾ ਹਾਂ। ਮੇਰੇ ਪ੍ਰਗਟ ਹੋਣ ਦਾ ਮੰਤਵ ਅਧਰਮ ਦਾ ਨਾਸ਼ ਕਰਨਾ ਹੈ, ਧਰਮ ਦੀ ਰੱਖਿਆ ਕਰਨਾ ਹੈ। ਕ੍ਰਿਸ਼ਨ ਜੀ ਦਸਦੇ ਹਨ ਜਿਹੜਾ ਇੰਦ੍ਰੀਆਂ ਤੇ ਕਾਬੂ ਪਾ ਕੇ, ਫਲ ਦਾ ਤਿਆਰ ਕਰਕੇ ਕਰਮ ਕਰਦਾ ਹੈ ਤੇ ਮੈਨੂੰ ਪੂਰਨ ਸਮਰਪਣ ਕਰਦਾ ਹੈ, ਉਹ ਹੀ ਪਰਮ ਸ਼ਾਂਤੀ ਨੂੰ ਪ੍ਰਾਪਤ ਹੁੰਦਾ ਹੈ। ਇਸ ਅਧਿਆਇ ਵਿਚ ਕ੍ਰਿਸ਼ਨ ਜੀ ਇਹ ਵੀ ਦਸਦੇ ਹਨ ਕਿ ਜੀਵਨ ਦਾ ਹਰ ਕੰਮ ਇਕ ਯੱਗ ਦੀ ਭਾਂਤੀ ਹੀ ਹੈ। ਮਨੁੱਖ ਨੂੰ ਚਾਹੀਦਾ ਹੈ ਕਿ ਉਹ ਸੰਸਾਰ ਵਿਚ ਰਹਿੰਦਿਆਂ ਨਿਸ਼ਕਾਮ ਕਰਮ ਕਰੇ, ਜਗਤ ਦੇ ਭਲੇ ਲਈ ਕਰਮ ਕਰੇ। ਕ੍ਰਿਸ਼ਨ ਜੀ ਕਹਿੰਦੇ ਹਨ ਗਿਆਨ ਦੀ ਉਤਮ ਪਦਵੀ ਪ੍ਰਾਪਤ ਕਰਕੇ

ਅਗਿਆਨ ਦਾ ਨਾਸ਼ ਕਰਕੇ ਨਿਸ਼ਕਾਮ ਕਰਮ ਕਰ। ਹੇ ਅਰਜਨ, ਯੁੱਧ ਲਈ ਤਿਆਰ ਹੋ। ਇਸ ਚੌਥੇ ਅਧਿਆਏ ਵਿਚ ਕਰਮ ਫਲ ਤਿਆਗਣ ਦਾ ਤੇ ਸੰਨਿਆਸ ਦਾ ਗਿਆਨ ਦਿਤਾ ਗਿਆ ਹੈ।

ਪੰਜਵੇਂ ਅਧਿਆਇ ਵਿਚ ਕ੍ਰਿਸ਼ਨ ਜੀ ਅਰਜਨ ਨੂੰ ਕਰਮ ਦੇ ਮਾਰਗ ਤੇ ਲੈ ਜਾਂਦੇ ਹਨ। ਇਸ ਪ੍ਰਵਚਨ ਨਾਲ ਅਰਜਨ ਆਪਣੇ ਮਨ ਤੇ ਪੂਰੀ ਤਰ੍ਹਾਂ ਕਾਬੂ ਪਾ ਲੈਂਦਾ ਹੈ ਉਹ ਸਾਰੀਆਂ ਇਛਾਵਾਂ ਦਾ, ਕ੍ਰੋਧ ਦਾ ਤਿਆਗ ਕਰ ਦਿੰਦਾ ਹੈ ਤੇ ਸੁਤੰਤਰਤਾ ਪ੍ਰਾਪਤ ਕਰ ਲੈਂਦਾ ਹੈ, ਨਿਸ਼ਕਾਮ, ਨਿਰਲੇਪ ਹੋ ਕੇ ਕਰਮ ਕਰਨ ਨੂੰ ਕ੍ਰਿਸ਼ਨ ਜੀ ਨੇ ਉਚਾ ਦੱਸਿਆ ਹੈ।

ਛੇਵੇਂ ਅਧਿਆਇ ਵਿਚ ਕ੍ਰਿਸ਼ਨ ਜੀ ਨੇ ਵੱਖ-ਵੱਖ ਮਾਰਗਾਂ ਦਾ ਵਰਨਣ ਕੀਤਾ ਹੈ। ਸਤਿ ਅਸਤਿ ਦਾ ਮਾਰਗ ਦੱਸਣ ਤੋਂ ਬਾਅਦ ਸਤਿ ਬੁੱਧੀ ਪੈਦਾ ਕਰਨ ਬਾਰੇ ਦੱਸਿਆ ਹੈ, ਫੇਰ ਇੰਦ੍ਰੀਆਂ ਦੇ ਵਸ ਹੋ ਕੇ, ਜਨਮਬੱਧ ਹੋਣ ਦਾ ਕਾਰਣ ਦੱਸਿਆ ਹੈ, ਫੇਰ ਇੰਦ੍ਰੀਆਂ ਤੇ ਕਾਬੂ ਕਰਕੇ ਜਗਤ ਦੇ ਭਲੇ ਲਈ ਕਰਮ ਕਰਨ ਲਈ ਦੱਸਿਆ ਹੈ। ਸਾਰਾ ਸੰਸਾਰ ਹੀ ਪ੍ਰਮਾਤਮਾ ਦੇ ਹੁਕਮ ਵਿਚ ਕੁਰਬਾਨੀ ਕਰ ਰਹੇ ਹਨ। ਯੋਗੀ ਨੂੰ ਆਪਣੇ ਕਰਮ ਸਮਰਪਣ ਕਰ ਦੇਣੇ ਚਾਹੀਦੇ ਹਨ, ਕ੍ਰਿਸ਼ਨ ਜੀ ਦਸਦੇ ਹਨ ਯੋਗ ਦਾ ਮਾਰਗ ਤੇ ਸੰਨਿਆਸ ਦਾ ਮਾਰਗ ਵਾਸਤਵ ਵਿਚ ਇਕ ਹੀ ਹੈ। ਇਸ ਅਧਿਆਇ ਵਿਚ ਕ੍ਰਿਸ਼ਨ ਜੀ ਧਿਆਨ ਯੋਗ ਨੂੰ ਬਹੁਤ ਉਚਾ ਦਸਦੇ ਹਨ, ਭਾਵ ਧਿਆਨ ਨਾਲ ਮਨ ਨੂੰ ਸੋਧਣਾ, ਕਿਵੇਂ ਧਿਆਨ ਲਗਾ ਕੇ ਮਨ ਨੂੰ ਸੋਧਿਆ ਜਾਵੇ। ਇਸੇ ਨੂੰ ਹੀ ਧਿਆਨ ਯੋਗ ਕਹਿੰਦੇ ਹਨ, ਇਸ ਲਈ ਵਾਸ਼ਨਾਵਾਂ ਦਾ ਤਿਆਗ ਕਰਨਾ ਅਤਿ ਅਵਸ਼ਕ ਹੈ ਤੇ ਨਾਲ ਹੀ ਵੈਰਾਗ ਦਾ ਹੋਣਾ ਵੀ ਜ਼ਰੂਰੀ ਹੈ। ਧਿਆਨ ਯੋਗ ਵਿਚ ਸਥਿਤ ਹੋ ਕੇ ਪਾਰਬ੍ਰਹਮ ਦਾ ਅਨੰਦ ਕੁਝ ਹੋਰ ਹੀ ਹੁੰਦੈ ਇਸ ਤਰ੍ਹਾਂ ਸਥਿਤ ਹੋਇਆ ਯੋਗੀ ਦੁੱਖ ਸੁਖ ਤੋਂ ਪਰ੍ਹੇ ਹੁੰਦਾ ਹੈ। ਐਸਾ ਯੋਗੀ ਪ੍ਰਮਾਤਮਾ ਨੂੰ ਸਰਬ ਵਿਆਪੀ ਦੇਖਦਾ ਹੈ ਤੇ ਉਸ ਨੂੰ ਮਿਲਣ ਲਈ ਉਤਸੁਕ ਹੁੰਦਾ ਹੈ।

ਸਤਵੇਂ ਅਧਿਆਇ ਵਿਚ ਕ੍ਰਿਸ਼ਨ ਜੀ ਆਪਣਾ ਆਪ, ਆਪਣੀ ਪਰਾ ਅਪਰਾ ਸ਼ਕਤੀਆਂ ਦਾ ਵਰਨਣ ਕਰਦੇ ਹਨ, ਆਪ ਦਸਦੇ ਹਨ ਕਿ ਪੰਜ ਮਹਾਂ ਭੂਤ ਹਨ, ਪੰਜ ਇੰਦਰੇ ਹਨ, ਮਨ ਅਤੇ ਬੁੱਧੀ ਹੈ ਇਸ ਨਾਲ ਹੀ ਸਾਰੇ ਜਗਤ ਦਾ ਪਸਾਰਾ ਹੈ। ਇਹ ਮੇਰੀ ਹੀ ਮਾਇਆ ਹੈ, ਭਾਵ ਮੇਰੀ ਪਰਾ ਸ਼ਕਤੀ ਹੈ। ਇਹ ਸਭ ਕੁਝ ਮੈਂ ਧਾਰਨ ਕੀਤਾ ਹੋਇਆ ਹੈ। ਪਰ ਮੈਂ ਸਭ ਤੋਂ ਪਰ੍ਹੇ ਹਾਂ। ਬ੍ਰਹਮਗਿਆਨੀ ਮੈਨੂੰ ਜਾਣਦੇ ਹਨ ਤੇ ਮੇਰੀ ਪੂਜਾ ਕਰਦੇ ਹਨ। ਜੋ ਦੇਵੀ ਦੇਵਤਿਆਂ ਦੀ ਉਪਾਸਨਾ ਕਰਦੇ ਹਨ ਉਹ ਉਨ੍ਹਾਂ ਨੂੰ ਪ੍ਰਾਪਤ ਹੁੰਦੇ ਹਨ। ਕੇਵਲ ਪ੍ਰਮਾਤਮਾ ਦੀ ਭਗਤੀ ਹੀ ਕਰਨੀ ਚਾਹੀਦੀ ਹੈ। ਜੋ ਪ੍ਰਾਣੀ ਜਿਸ ਇੱਛਾ ਨੂੰ ਰੱਖ ਕੇ ਭਗਤੀ ਕਰਦਾ ਹੈ ਉਸ ਦੀ ਉਹ ਇੱਛਾ ਪੂਰੀ ਹੋਣੀ ਹੀ ਹੋਣੀ ਹੈ ਇਹ ਨਿਯਮ ਹੈ ਪਰ ਜਿਹੜੇ ਪ੍ਰਮਾਤਮਾ ਤੇ ਧਿਆਨ ਲਗਾਉਂਦੇ ਹਨ ਉਹ ਇਸ ਧਰਤੀ ਤੋਂ ਜਾਣ ਲੱਗਿਆਂ ਨਿਰਭੈ ਹੋ ਕੇ ਜਾਂਦੇ ਹਨ। ਮੁਕਤ ਹੋ ਕੇ ਅਨੰਦ ਵਿਚ ਜਾਂਦੇ ਹਨ। ਇਹ ਹੈ ਵਿਗਿਆਨ ਯੋਗ

ਦਾ ਵਰਨਣ।

ਅੱਠਵੇਂ ਅਧਿਆਇ ਵਿਚ ਕ੍ਰਿਸ਼ਨ ਜੀ ਅਰਜਨ ਨੂੰ ਉਸ ਦੇ ਪ੍ਰਸ਼ਨਾਂ ਦਾ ਉਤਰ ਦਿੰਦੇ ਹੋਏ ਦਸਦੇ ਹਨ ਕਿ ਬ੍ਰਹਮ ਸਭ ਤੋਂ ਉਤਮ ਨਿਯਮ ਹੈ, "ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥" (ਗੁਰਬਾਣੀ ਪੰਨਾ - 846) ਬ੍ਰਹਮ ਦਾ ਗਿਆਨ ਅਵੱਸ਼ਕ ਹੈ। ਅਧਿਆਤਮ ਕਰਮ, ਅਭੀਭੂਤ, ਅਧਿਦੇਵ ਤੇ ਅਧਿਯੁੱਗ ਤੇ ਜਦੋਂ ਕਾਲ ਆ ਜਾਵੇ ਤੇ ਮਨੁੱਖ ਨੂੰ ਉਸ ਇਕ ਤੇ ਧਿਆਨ ਲਗਾਉਣਾ ਚਾਹੀਦਾ ਹੈ ਇਸ ਅਧਿਆਇ ਵਿਚ ਕ੍ਰਿਸ਼ਨ ਜੀ ਇਹ ਸਭ ਅਰਜਨ ਨੂੰ ਸਪਸ਼ਟ ਕਰਕੇ ਦਸ ਰਹੇ ਹਨ।

ਕ੍ਰਿਸ਼ਨ ਜੀ ਦਸਦੇ ਹਨ ਕਿ ਮਰਨ ਉਪਰੰਤ ਯੋਗੀ ਕਿਸ ਤਰ੍ਹਾਂ ਬ੍ਰਹਮ ਨੂੰ ਪ੍ਰਾਪਤ ਹੁੰਦਾ ਹੈ, ਮਰਨ ਸਮੇਂ ਮਨੁੱਖ ਜੇ ਕੇਵਲ ਉਸ ਪਰਮ ਪੁਰਖ ਦੇ ਧਿਆਨ ਵਿਚ ਲੀਨ ਹੋਵੇ ਉਹ ਪਰਮ ਪੁਰਖ ਨੂੰ ਹੀ ਪ੍ਰਾਪਤ ਹੁੰਦਾ ਹੈ ਇਹ ਗਤੀ ਅੰਤ ਸਮੇਂ ਉਦੋਂ ਹੀ ਹੋ ਸਕਦੀ ਹੈ ਜਦੋਂ ਮਨੁੱਖ ਇਸ ਦਾ ਅਭਿਆਸ ਸਦਾ ਹੀ ਕਰਦਾ ਰਹੇ। ਜੋਗੀ ਜੋਗ ਨਾਲ ਸਾਰੇ ਇੰਦਰੇ ਬੰਦ ਕਰਕੇ ਪ੍ਰਾਣ ਕੇਵਲ ਤ੍ਰਿਕੁਟੀ ਵਿਚ ਟਿਕਾ ਲੈਂਦੇ ਹਨ ਇਕ ਮਨ ਇਕ ਚਿੱਤ ਹੋ ਕੇ ਉਸ ਨੂੰ ਧਿਆਉਂਦੇ ਹਨ ਤੇ ਪਰਮ ਗਤੀ ਨੂੰ ਪ੍ਰਾਪਤ ਹੁੰਦੇ ਹਨ।

ਕ੍ਰਿਸ਼ਨ ਜੀ ਦਸਦੇ ਹਨ ਕਿ ਦੋ ਰਸਤੇ ਹਨ ਜਿਹੜੇ ਮਰਨ ਦੀ ਕਲਾ ਤੇ ਵਿਗਿਆਨ ਦਸਦੇ ਹਨ ਸਕੂਲ ਪੱਕਲ ਪੱਖ ਚਾਨਣਾ ਪੱਖ ਹੈ ਜਿਹੜੇ ਉਦੋਂ ਸਰੀਰ ਤਿਆਗਦੇ ਹਨ ਉਹ ਬ੍ਰਹਮ ਵਿਚ ਲੀਨ ਹੁੰਦੇ ਹਨ। ਕ੍ਰਿਸ਼ਨ ਪੱਖ ਭਾਵ ਹਨ੍ਹੇਰੇ ਪੱਖ ਵਿਚ ਜਿਹੜੇ ਸਰੀਰ ਛੱਡਦੇ ਹਨ ਉਹ ਫੇਰ ਜਨਮ ਲੈਂਦੇ ਹਨ। ਇਸ ਤਰ੍ਹਾਂ ਅੱਠਵੇਂ ਅਧਿਆਇ ਵਿਚ ਬ੍ਰਹਮ ਯੋਗ ਦਾ ਵਰਨਣ ਕੀਤਾ ਗਿਆ ਹੈ।

ਨੌਵੇਂ ਅਧਿਆਇ ਵਿਚ ਕ੍ਰਿਸ਼ਨ ਜੀ ਆਪਣੇ ਗਿਆਨ, ਆਪਣੀ ਭਗਤੀ ਦਾ ਬਹੁਤ ਹੀ ਡੂੰਘਾ ਗੂੜ੍ਹ ਉਪਦੇਸ਼ ਦਿੰਦੇ ਹਨ ਉਹ ਦਸਦੇ ਹਨ 'ਮੈਂ' ਕੀ ਹਾਂ। ਸਾਰੇ ਸੰਸਾਰ ਵਿਚ ਕ੍ਰਿਸ਼ਨ ਜੀ ਵਿਆਪਕ ਹਨ, ਸਾਰੇ ਹੀ ਜੀਵਾਂ ਵਿਚ ਭਗਵਾਨ ਵਿਚਰ ਰਹੇ ਹਨ ਉਸ ਦੇ ਆਸਰੇ ਹਨ। ਭਗਵਾਨ ਹੀ ਆਪਣੀ ਮਾਇਆ ਨਾਲ ਇਹ ਜਗਤ ਪੈਦਾ ਕਰਦੇ ਹਨ, ਜੋ ਜਿਸ ਨੂੰ ਪੂਜਦਾ ਹੈ, ਧਿਆਉਂਦਾ ਹੈ ਉਹ ਉਸ ਨੂੰ ਹੀ ਪ੍ਰਾਪਤ ਹੁੰਦਾ ਹੈ, ਪਰ ਉਤਮ ਪੂਜਾ ਬ੍ਰਹਮ ਦੀ ਹੈ ਪ੍ਰਮਾਤਮਾ ਨੂੰ ਜੋ ਵੀ ਪਿਆਰ ਨਾਲ ਭੇਟ ਕਰੋ, ਉਹ ਕਬੂਲਦਾ ਹੈ, ਉਹ ਤਾਂ ਕੇਵਲ ਪਿਆਰ ਦਾ ਹੀ ਭੁੱਖਾ ਹੈ। ਪ੍ਰਮਾਤਮਾ ਹੀ ਸਭ ਦੇ ਪ੍ਰਭੂ ਹਨ ਸਭ ਦੇ ਭਰਤਾ, ਸਭ ਦੇ ਨਿਵਾਸ, ਸਾਖਸੀ, ਸਰਬ ਵਿਆਪੀ ਸਭ ਦੀ ਓਟ, ਸਭ ਦੇ ਸੁਹਿਰਦ, ਸਭ ਦੇ ਆਦਿ ਅੰਤ ਤੇ ਮਧ, ਸਭ ਦੇ ਮੂਲ ਬੀਜ ਤੇ ਸਭ ਯੱਗ ਦੇ ਭੋਗਤਾ ਹਨ। ਕ੍ਰਿਸ਼ਨ ਜੀ ਅੱਗੇ ਚੱਲ ਕੇ ਇਹ ਵੀ ਦਸਦੇ ਹਨ ਕਿ ਜੇ ਕੋਈ ਪਾਪੀ ਚੰਡਾਲ ਕੋਈ ਵੀ ਜਦੋਂ ਮੈਨੂੰ ਧਿਆਉਂਦਾ ਹੈ, ਉਪਾਸਨਾ ਕਰਦਾ ਹੈ, ਉਹ ਅੰਤ ਪਰਮ ਸ਼ਾਂਤੀ ਨੂੰ ਪ੍ਰਾਪਤ

ਹੁੰਦਾ ਹੈ, ਇਸ ਲਈ ਪ੍ਰਮਾਤਮਾ ਦੀ ਭਗਤੀ ਉਪਾਸਨਾ ਸਾਰਾ ਜੀਵਨ ਹੀ ਕਰਨੀ ਚਾਹੀਦੀ ਹੈ, ਜੀਵਨ ਹੀ ਭਗਵਾਨ ਨੂੰ ਸਮਰਪਣ ਕਰਕੇ ਜੀਣਾ ਚਾਹੀਦਾ ਹੈ, ਭਗਵਾਨ ਵਿਚ ਸਥਿਰ ਹੋ ਕੇ ਉਸ ਨੂੰ ਹੀ ਪਰਮ ਸਤਿ ਮੰਨ ਕੇ ਜੀਵਨ ਜੀਣਾ ਚਾਹੀਦਾ ਹੈ।

ਇਸ ਅਧਿਆਇ ਵਿਚ ਕ੍ਰਿਸ਼ਨ ਜੀ ਪਰਾ ਵਿਦਿਆ ਤੇ ਅਪਰਾ ਵਿਦਿਆ, ਰਾਜ ਦਾ ਗੁਪਤ ਗਿਆਨ ਦੱਸਿਆ ਗਿਆ ਹੈ ਇਸ ਨੂੰ ਰਾਜ ਵਿਦਿਆ ਵੀ ਕਹਿੰਦੇ ਹਨ।

ਦਸਵੇਂ ਅਧਿਆਇ ਵਿਚ ਕ੍ਰਿਸ਼ਨ ਜੀ ਦਸਦੇ ਹਨ ਕਿ ਸਾਰੀ ਸ੍ਰਿਸਟੀ ਦੇਵੀ ਦੇਵਤੇ ਵੀ ਪ੍ਰਮਾਤਮਾ ਨੂੰ ਹੀ ਧਿਆਉਂਦੇ ਹਨ। ਪ੍ਰਮਾਤਮਾ ਸਭ ਦਾ ਪਿਤਾ ਹੈ ਸਭ ਤੋਂ ਉੱਚਤਮ ਹੈ। ਸਾਰੀ ਸ੍ਰਿਸਟੀ ਦਾ ਸਰੋਤ ਹੈ ਫੇਰ ਕ੍ਰਿਸ਼ਨ ਜੀ ਦਸਦੇ ਹਨ ਕਿ ਕਿਸ ਕਿਸ ਰੂਪ ਵਿਚ ਉਹ ਵਿਚਰਦੇ ਹਨ, ਮਹੀਨਿਆਂ ਵਿਚ ਮਾਘ, ਰੁਤਾਂ ਵਿਚ ਬਸੰਤ ਇਸ ਤਰ੍ਹਾਂ ਬੜੇ ਵਿਸਤਾਰ ਨਾਲ ਦਸਦੇ ਹਨ। ਗੱਲ ਕੀ ਇਹ ਜਗਤ ਪ੍ਰਮਾਤਮਾ ਦਾ ਹੀ ਪਸਾਰਾ ਹੈ। ਇਸ ਅਧਿਆਇ ਵਿਚ ਕ੍ਰਿਸ਼ਨ ਜੀ ਨੇ ਪ੍ਰਮਾਤਮਾ ਦੀ ਸ਼ਾਨ ਠਾਠ ਬਾਠ ਦੇ ਪ੍ਰਕਾਸ਼ ਦਾ ਵਰਨਣ ਕੀਤਾ ਹੈ।

ਗਿਆਰ੍ਹਵੇਂ ਅਧਿਆਇ ਵਿਚ ਕ੍ਰਿਸ਼ਨ ਜੀ ਅਰਜਨ ਨੂੰ ਆਪਣੇ ਵੱਖ-ਵੱਖ ਰੂਪ ਦਿਖਾਉਂਦੇ ਜੋ ਉਪਦੇਸ਼ ਉਨ੍ਹਾਂ ਨੇ ਦਸਵੇਂ ਅਧਿਆਇ ਵਿਚ ਕੀਤਾ ਹੈ। ਉਹ ਸ਼ਕਤੀਆਂ ਕ੍ਰਿਸ਼ਨ ਜੀ ਅਰਜਨ ਨੂੰ ਦਿਖਾਉਂਦੇ ਹਨ ਭਾਵ ਇਹ ਹੈ ਕਿ ਅਰਜਨ ਆਪਣੇ ਆਪ ਨੂੰ ਤੇ ਸਰਬ ਸ੍ਰਿਸ਼ਟੀ ਨੂੰ ਈਸ਼ਵਰ ਵਿਚ ਦੇਖ ਲਵੇ ਤੇ ਇਹ ਜਾਣ ਲਵੇ ਕਿ ਪ੍ਰਮਾਤਮਾ ਹੀ ਇਸ ਸ੍ਰਿਸ਼ਟੀ ਦਾ ਕਰਤਾ ਤੇ ਸੰਚਾਲਕ ਹੈ ਉਹ ਸਰਬ ਵਿਆਪੀ ਹੈ। ਉਹ ਵਿਸ਼ਵ ਰੂਪ ਹੋ ਕੇ ਵਿਸ਼ਨੂੰ ਚਲਾ ਰਿਹਾ ਹੈ। ਹਰ ਜੀਵ ਦਾ ਇਹ ਫਰਜ਼ ਬਣ ਜਾਂਦਾ ਹੈ ਕਿ ਉਹ ਪ੍ਰਮਾਤਮਾ ਅੱਗੇ ਆਪਣੇ ਆਪ ਨੂੰ ਸਮਰਪਣ ਕਰੇ ਭਾਣਾ ਮੰਨੇ ਤੇ ਭਾਣੇ ਵਿਚ ਹੀ ਜੀਵਨ ਰੱਖੇ। ਕ੍ਰਿਸ਼ਨ ਜੀ ਇਹ ਸਭ ਕੁਝ ਦਿਖਾਉਣ ਲਈ ਅਰਜਨ ਨੂੰ ਦਿਬਯ ਦ੍ਰਿਸ਼ਟੀ ਬਖਸ਼ਦੇ ਹਨ।

ਬਾਰ੍ਹਵੇਂ ਅਧਿਆਇ ਵਿਚ ਅਰਜਨ ਨੂੰ ਕ੍ਰਿਸ਼ਨ ਜੀ ਤੇ ਬਹੁਤ ਵਿਸ਼ਵਾਸ਼ ਹੋ ਜਾਂਦਾ ਹੈ ਅਰਜਨ ਇਹ ਜਾਨਣਾ ਚਾਹੁੰਦਾ ਹੈ ਕਿ ਉਹ ਨਿਰਗੁਣ ਤੇ ਧਿਆਨ ਲਗਾਏ ਕਿ ਸਰਗੁਣ ਤੇ ਪ੍ਰਮਾਤਮਾ ਦਾ ਤਾਂ ਕੋਈ ਰੂਪ ਨਹੀਂ ਹੈ। ਕ੍ਰਿਸ਼ਨ ਜੀ ਦਸਦੇ ਹਨ ਤੂੰ ਸਭ ਕੁਝ ਪ੍ਰਮਾਤਮਾ ਨੂੰ ਸਮਰਪਣ ਕਰ ਉਹ ਦਸਦੇ ਹਨ ਅਭਿਆਸ ਕਰ, ਅਭਿਆਸ ਤੋਂ ਗਿਆਨ, ਗਿਆਨ ਤੋਂ ਧਿਆਨ, ਧਿਆਨ ਤੋਂ ਕਰਮ, ਕਰਮ ਫਲ ਦਾ ਤਿਆਗ ਹੀ ਸ੍ਰੇਸ਼ਟ ਹੈ, ਤਿਆਗ ਕਰਕੇ ਹੀ ਸ਼ਾਂਤੀ ਮਿਲਦੀ ਹੈ। ਕ੍ਰਿਸ਼ਨ ਜੀ ਇਸ ਅਧਿਆਇ ਵਿਚ ਸੰਪੂਰਣ ਹੋਣਾ ਦਸਦੇ ਹਨ ਉਸ ਦੇ ਗੁਣ ਦਸਦੇ ਹਨ। ਇਹ ਅਧਿਆਇ ਭਗਤੀ ਜੋਗ, ਪਿਆਰ ਤੇ ਸ਼ਰਧਾ ਉਤੇ ਹੈ।

ਤੇਰ੍ਹਵੇਂ ਅਧਿਆਇ ਵਿਚ ਕ੍ਰਿਸ਼ਨ ਜੀ ਅਰਜਨ ਨੂੰ ਪ੍ਰਵਚਨ ਕਰਦੇ ਹਨ ਕਿ ਸਰੀ ਛੇਤਰ ਹੈ ਇਸ ਦਾ ਗਿਆਨ ਅਵਸ਼ਕ ਹੈ, ਗਿਆਨ ਇੰਦ੍ਰਿਆਂ

ਦਾ ਵਰਨਣ ਕੀਤਾ ਹੈ। ਸਾਰੀ ਪ੍ਰਕ੍ਰਿਤੀ ਬਾਰੇ ਦੱਸਿਆ ਹੈ ਇਸ ਦਾ ਗਿਆਨ ਜ਼ਰੂਰੀ ਹੈ। ਆਤਮਾ ਸਰਵੋਤਮ ਹੈ।

ਇਸ ਤਰ੍ਹਾਂ ਇਸ ਤੇਰ੍ਹਵੇਂ ਅਧਿਆਇ ਵਿਚ ਆਤਮਾ, ਸਰੀਰ ਪ੍ਰਕ੍ਰਿਤੀ ਤੇ ਪ੍ਰਮਾਤਮਾ ਦੀ ਵਿਆਖਿਆ ਕੀਤੀ ਗਈ ਹੈ।

ਚੌਦਵੇਂ ਅਧਿਆਇ ਵਿਚ ਏਸੇ ਗਿਆਨ ਨੂੰ ਕ੍ਰਿਸ਼ਨ ਜੀ ਅੱਗੇ ਚਲਾਉਂਦੇ ਹਨ ਤੇ ਵਿਸਤਾਰ ਨਾਲ ਦਸਦੇ ਹਨ ਕਿ ਤਿੰਨ ਗੁਣ ਭਾਵ ਰਜੋ, ਤਮੋ ਤੇ ਸਤੋ ਪ੍ਰਕ੍ਰਿਤੀ ਵਿਚੋਂ ਪੈਦਾ ਹੁੰਦੇ ਹਨ ਤੇ ਜੀਵ ਇਨ੍ਹਾਂ ਤਿੰਨ ਗੁਣਾਂ ਦਾ ਬੰਨ੍ਹਿਆ ਹੋਇਆ ਹੈ। ਜੋ ਜੀਵ ਇਨ੍ਹਾਂ ਤਿੰਨਾਂ ਗੁਣਾਂ ਤੋਂ ਪਰ੍ਹੇ ਚਲੇ ਜਾਂਦਾ ਹੈ ਉਹ ਸੁਖ ਦੁਖ ਤੋਂ ਪਰ੍ਹੇ ਹੋ ਕੇ ਮੁਕਤ ਹੋ ਜਾਂਦਾ ਹੈ। ਅੰਤ ਵਿਚ ਕ੍ਰਿਸ਼ਨ ਜੀ ਇਨ੍ਹਾਂ ਤਿੰਨਾਂ ਗੁਣਾਂ ਤੋਂ ਉਪਰ ਹੋਣ ਮਨੁੱਖ ਦੇ ਗੁਣ ਦਸਦੇ ਹਨ ਉਹ ਸੁਖ ਦੁਖ ਵਿਚ ਸਮ ਰਹਿੰਦਾ ਹੈ, ਬ੍ਰਹਮ ਦ੍ਰਿਸ਼ਟੀ ਰਖਦਾ ਹੈ ਤੇ ਮਾਨ ਅਪਮਾਨ ਉਸ ਲਈ ਇਕ ਹੈ ਸ਼ਤਰੂ ਮਿਤਰ ਇਕ ਹੈ, ਉਹ ਪੂਰਨ ਤਿਆਗੀ ਹੈ।

ਪੰਦਰਵਾਂ ਅਧਿਆਇ ਚੌਦਵੇਂ ਅਧਿਆਇ ਤੇ ਗਿਆਨ ਨੂੰ ਹੀ ਅੱਗੇ ਲੈ ਜਾਂਦਾ ਹੈ ਇਸ ਵਿਚ ਪ੍ਰਕ੍ਰਿਤੀ ਤੇ ਪ੍ਰਕ੍ਰਿਤੀ ਤੋਂ ਪੈਦਾ ਹੋਏ ਗੁਣਾਂ ਦਾ ਹੀ ਵਰਨਣ ਕੀਤਾ ਗਿਆ ਹੈ, ਪੁਰਸ਼ ਤੇ ਪ੍ਰਮਾਤਮਾ ਬਾਰੇ ਖੋਲ੍ਹ ਕੇ ਦੱਸਿਆ ਗਿਆ ਹੈ। ਕ੍ਰਿਸ਼ਨ ਜੀ ਦਸਦੇ ਹਨ ਕਿ ਉਨ੍ਹਾਂ ਦਾ ਇਕ ਅੰਸ਼ ਪ੍ਰਕ੍ਰਿਤੀ ਵਿਚ ਸਥਿਤ ਹੈ ਤੇ ਉਹ ਇੰਦਰ ਮਨ ਨੂੰ ਆਪਣੇ ਨਾਲ ਇਸ ਤਰ੍ਹਾਂ ਲਪੇਟ ਲੈਂਦਾ ਹੈ ਜਿਵੇਂ ਹਵਾ ਫੁਲਾਂ ਦੀ ਖੁਸ਼ਬੂ ਲਪੇਟ ਕੇ ਲੈ ਜਾਂਦੀ ਹੈ। ਅੱਗੇ ਚੱਲ ਕੇ ਕ੍ਰਿਸ਼ਨ ਜੀ ਦਸਦੇ ਹਨ ਕਿ ਮਨੁੱਖ ਵੀ ਨਾਸ਼ੀ ਤੇ ਅਬਿਨਾਸ਼ੀ ਹੈ ਦੇਹ ਨਾਸ਼ਵਰ ਹੈ, ਆਤਮਾ ਅਬਿਨਾਸ਼ੀ ਹੈ, ਅਜਰ, ਅਟੱਲ, ਅਮਰ ਹੈ ਤੇ ਪ੍ਰਮਾਤਮਾ ਇਨ੍ਹਾਂ ਦੋਨਾਂ ਤੋਂ ਹੀ ਪਰ੍ਹੇ ਹੈ। ਇਸ ਅਧਿਆਇ ਵਿਚ ਆਤਮਸਿਧੀ ਦੇ ਗੁਪਤ ਗਿਆਨ ਦਾ ਵਰਨਣ ਹੈ।

ਸੌਲਵੇਂ ਅਧਿਆਇ ਵਿਚ ਕ੍ਰਿਸ਼ਨ ਜੀ ਮਨੁੱਖਾਂ ਦੇ ਵੱਖ-ਵੱਖ ਗੁਣਾਂ ਦੀ ਵਿਆਖਿਆ ਕਰਦੇ ਹਨ। ਕ੍ਰਿਸ਼ਨ ਜੀ ਦਸਦੇ ਹਨ ਕਿ ਰਾਖਸ਼ਕ ਸੁਭਾਅ ਦੇ ਮਨੁੱਖਾਂ ਦੇ ਕੀ ਗੁਣ ਹਨ ਤੇ ਦੈਵੀ ਮਨੁੱਖਾਂ ਦੇ ਕੀ ਗੁਣ ਹਨ। ਅਰਜਨ ਦੈਵੀ ਸੁਭਾਅ ਵਾਲਾ ਹੈ ਇਹ ਦੋਨੋਂ ਕਿਸ ਤਰ੍ਹਾਂ ਦੇ ਕਰਮ ਕਰਦੇ ਹਨ, ਚੰਗੇ ਕਰਮ ਵੀ ਇਹ ਅਸੁਰੀ ਸੁਭਾਅ ਵਾਲੇ ਅਹੰਕਾਰ ਨਾਲ ਕਰਦੇ ਹਨ ਤੇ ਉਨ੍ਹਾਂ ਦੇ ਕੁਕਰਮ ਬਣਾ ਲੈਂਦੇ ਹਨ। ਕਾਮ, ਕ੍ਰੋਧ, ਲੋਭ ਨਾਲ ਮਨੁੱਖ ਆਪਣਾ ਆਪ ਗੁਆ ਲੈਂਦਾ ਹੈ।

ਇਹ ਸੋਲਵੇਂ ਅਧਿਆਇ ਦੀ ਸਮਾਪਤੀ ਹੈ ਇਸ ਵਿਚ ਅਧਿਆਤਮਵਾਦ ਦਾ ਯੋਗ ਤੇ ਅਗਿਆਨ ਦੇ ਯੋਗ ਦਾ ਅੰਤਰ ਦੱਸਿਆ ਗਿਆ ਹੈ।

ਸਤਾਰ੍ਹਵੇਂ ਅਧਿਆਇ ਵਿਚ ਕ੍ਰਿਸ਼ਨ ਜੀ ਸ਼ਰਧਾ ਦੇ ਬਾਰੇ ਵਰਨਣ ਕਰਦੇ ਹਨ, ਮਨੁੱਖ ਦੀ ਸ਼ਰਧਾ ਉਸ ਦੇ ਗੁਣਾਂ ਦੇ ਅਨੁਸਾਰ ਹੁੰਦੀ ਹੈ ਤੇ

ਗੁਣ ਮਨੁੱਖ ਦੇ ਅੰਦਰ ਵਧਦੇ ਘਟਦੇ ਰਹਿੰਦੇ ਹਨ। ਅੱਗੇ ਚੱਲ ਕੇ ਕ੍ਰਿਸ਼ਨ ਜੀ ਇਕ ਗੁਣ ਦੇ ਵਧਣ ਘਟਣ ਅਨੁਸਾਰ ਕਰਮਾਂ ਦੀ ਗਤੀ ਦਸਦੇ ਹਨ। ਇਹ ਸਤਾਰ੍ਹਵੇਂ ਅਧਿਆਇ ਦਾ ਅੰਤ ਹੈ ਇਸ ਵਿਚ ਪ੍ਰਮਾਤਮਾ ਲਈ ਪ੍ਰੇਮ ਸ਼ਰਧਾ ਦਾ ਵਰਨਣ ਕੀਤਾ ਗਿਆ ਹੈ ਤੇ ਦੂਸਰੇ ਪਾਸੇ ਸੰਸਾਰਕ ਲੋਭ ਮੋਹ ਦੱਸਿਆ ਗਿਆ ਹੈ।

ਅਠਾਰ੍ਹਵਾਂ ਅਧਿਆਇ ਗੀਤਾ ਦੇ ਸੰਪੂਰਨ ਹੋਣ ਦਾ ਅਧਿਆਇ ਹੈ ਇਸ ਵਿਚ ਕ੍ਰਿਸ਼ਨ ਜੀ ਨੇ ਪੂਰੀ ਗੀਤਾ ਦਾ ਸ਼ਾਰਾਂਸ਼ ਦੇ ਦਿਤਾ ਹੈ, ਤੁਸੀਂ ਕਹਿ ਸਕਦੇ ਹੋ ਕਿ ਨਚੋੜ ਦਿਤਾ ਹੈ ਜੋ ਇਸ ਤਰ੍ਹਾਂ ਹੈ ਕਿ ਮਨੁੱਖ ਕਰਮ ਕੀਤੇ ਬਿਨਾਂ ਨਹੀਂ ਰਹਿ ਸਕਦਾ, ਇਸ ਲਈ ਸੰਨਿਆਸ ਜਾਂ ਕਰਮ ਦਾ ਤਿਆਹ ਇਹ ਹੀ ਹੈ ਕਿ ਆਪਣੇ ਆਪ ਨੂੰ ਸੰਜਮ ਵਿਚ ਲਿਆਓ, ਆਪੇ ਤੇ ਕਾਬੂ ਪਾਓ, ਸਤੋ ਗੁਣ ਨੂੰ ਪ੍ਰਧਾਨ ਕਰੋ। ਕਰਮਾਂ ਦੇ ਫਲ ਦੀ ਇੱਛਾ ਤੋਂ ਛੁਟਕਾਰਾ ਪਾਓ। ਆਪਣੇ ਆਪ ਨੂੰ ਪ੍ਰਮਾਤਮਾ ਦੇ ਸਮਰਪਣ ਕਰੋ, ਵਿਵੇਕ ਬੁੱਧ ਨਾਲ ਨਿਰਣਾ ਕਰੋ ਕਿਹੜਾ ਕਰਮ ਕਰਨ ਯੋਗ ਹੈ ਕਿਹੜਾ ਨਹੀਂ, ਕਰਮ ਕਰਦੇ ਹੋਏ ਪ੍ਰਮਾਤਮਾ ਨੂੰ ਆਪਣੇ ਹਿਰਦੇ ਵਿਚ ਵਸਾ ਕੇ ਉਸ ਨੂੰ ਸਾਕਸ਼ੀ ਜਾਣ ਕੇ ਹੀ ਕਰਮ ਕਰੋ। ਕ੍ਰਿਸ਼ਨ ਜੀ ਬਚਨ ਕਰਦੇ ਹਨ ਕਿ ਪ੍ਰਮਾਤਮਾ ਸਭ ਪ੍ਰਾਣੀਆਂ ਦੇ ਹਿਰਦੇ ਵਿਚ ਵਸਦਾ ਹੈ। ਸਾਰੇ ਜਗਤ ਨੂੰ ਉਹ ਆਪਣੇ ਮਾਇਆ ਜਾਲ ਨਾਲ ਇਸ ਤਰ੍ਹਾਂ ਚਲਾ ਰਿਹਾ ਹੈ ਜਿਵੇਂ ਸਮੇਂ ਦੇ ਚੱਕਰ ਸਮੇਂ ਦੇ ਪਹੀਏ ਤੇ ਹਰ ਕੋਈ ਚੜ੍ਹਿਆ ਘੁੰਮ ਰਿਹਾ ਹੋਵੇ। ਮਨੁੱਖ ਨੂੰ ਚਾਹੀਦਾ ਹੈ ਉਹ ਪ੍ਰਭੂ ਸ਼ਰਨ ਵਿਚ ਰਹੇ, ਭਾਣੇ ਵਿਚ ਰਹੇ, ਭਾਣੇ ਨੂੰ ਮੰਨੇ ਤੇ ਭਾਣੇ ਵਿਚ ਹੀ ਕਰਮ ਕਰੇ ਪਰ ਫਲ ਦਾ ਭਾਗੀਦਾਰ ਨਾ ਬਣੇ। ਇਸ ਤਰ੍ਹਾਂ ਕਰਨ ਨਾਲ ਨਾ ਕੇਵਲ ਉਸ ਨੂੰ ਸ਼ਾਂਤੀ ਹੀ ਪ੍ਰਾਪਤ ਹੋਵੇਗੀ ਉਹ ਅੰਤ ਵਿਚ ਪ੍ਰਭੂ ਨੂੰ ਜਾਂ ਮਿਲੇਗਾ। ਅੰਤ ਵਿਚ ਕ੍ਰਿਸ਼ਨ ਜੀ ਅਰਜਨ ਨੂੰ ਭਰੋਸਾ ਦਿਵਾਉਂਦੇ ਹਨ ਕਿ ਉਹ ਸਭ ਕਰਮਾਂ ਨੂੰ ਛੱਡ ਕੇ ਕੇਵਲ ਪ੍ਰਮਾਤਮਾ ਦੀ ਸ਼ਰਨ ਵਿਚ ਰਹੇ ਇਸ ਤਰ੍ਹਾਂ ਕਰਨ ਨਾਲ ਉਹ ਪਾਪਾਂ ਤੋਂ ਮੁਕਤ ਹੋ ਜਾਵੇਗਾ।

ਇਹ ਉਪਦੇਸ਼ ਸੁਣ ਕੇ ਅਰਜਨ ਦਾ ਮੋਹ ਟੁੱਟ ਜਾਂਦਾ ਹੈ। ਅਗਿਆਨ ਦੂਰ ਹੋ ਜਾਂਦਾ ਹੈ ਤੇ ਉਹ ਧਰਮ-ਅਨੁਸਾਰ ਯੁੱਧ ਕਰਨ ਲਈ ਤਿਆਰ ਹੋ ਜਾਂਦਾ ਹੈ।

ਕ੍ਰਿਸ਼ਨ ਜੀ ਤੇ ਅਰਜਨ ਵਿਚ ਹੋਏ ਇਹ ਬਚਨ ਸਾਨੂੰ ਜੀਵਨ ਦੀ ਬਹੁਤ ਡੂੰਘੀ ਫਿਲੋਸਫੀ ਦਿੰਦੇ ਹਨ ਅਤੇ ਇਹ ਵੀ ਦਸਦੇ ਹਨ ਕਿ ਜੀਵਨ ਵਿਚ ਇਹ ਫਿਲੋਸਫੀ ਕਿਵੇਂ ਵਰਤੀ ਜਾਵੇ ਜਾਂ ਕਹਿ ਲਵੋ ਕਿ ਜੀਵਨ ਨੂੰ ਕਿਵੇਂ ਇਸ ਦੇ ਅਨੁਸਾਰ ਢਾਲਿਆ ਜਾਵੇ। ਗੀਤਾ ਦੀ ਸਿਖਿਆ ਗੁਪਤ ਗਿਆਨ ਦੀ ਸਿਖਿਆ ਹੈ, ਉਸ ਇਕ ਦੀ ਪ੍ਰਾਪਤੀ ਦੀ ਸਿਖਿਆ ਹੈ ਅਨੰਤ ਨੂੰ ਪ੍ਰਾਪਤੀ ਦੀ ਸਿਖਿਆ ਹੈ, ਇਸ ਵਿਚ ਅਨੰਤ ਦਾ ਗਿਆਨ ਹੈ। ਇਹ ਵੀ ਦੱਸਿਆ ਗਿਆ ਹੈ ਅਨੰਤ ਦੀ ਪ੍ਰਾਪਤ ਕਿਵੇਂ ਹੋਵੇ ਉਸ ਨੂੰ ਪ੍ਰਾਪਤ ਕਰਨ ਦਾ ਗਿਆਨ ਵੀ ਦੱਸਿਆ ਹੈ। ਜਦੋਂ ਲਗਨ ਵਾਲੇ ਜਗਿਆਸੂ ਨੂੰ

ਪੂਰਾ ਗੁਰੂ ਮਿਲ ਜਾਵੇ ਪ੍ਰਾਪਤ ਅਵਸ਼ਕ ਹੋ ਜਾਂਦੀ ਹੈ।

***ਡਾ. ਤੇਜਿੰਦਰ ਮਲਹੋਤਰਾ***

# ਭਗਵਤ ਗੀਤਾ ਦੀ ਚਿਰ-ਸਥਾਈ ਆਤਮ-ਵਿਦਿਆ

## PERENNIAL PSYCHOLOGY OF THE BHAGVAD GITA

### ਮੁੱਖ ਬੰਦ

ਭਗਵਤ ਗੀਤਾ ਪੂਰਬੀ ਮਨੋਵਿਗਿਆਨ ਦਾ ਇਕ ਬਹੁਤ ਵੱਡਾ ਸਰੋਤ ਹੈ। ਸਵਾਮੀ ਰਾਮ ਜੀ ਦੀ ਇਹ ਵਿਆਖਿਆ ਦਾ ਮੰਤਵ ਗੀਤਾ ਵਿਚੋਂ ਮਨੋ ਵਿਗਿਆਨਕ ਤੱਤ ਕੱਢ ਕੇ ਪਾਠਕਾਂ ਤੱਕ ਪਹੁੰਚਾਉਣਾ ਹੈ। ਗੀਤਾ ਵਿਚ ਇਹ ਤੱਤ ਫਿਲਾਸਫੀ ਨਾਲ ਉਲਝੇ ਪਏ ਹਨ। ਇਸ ਵਿਆਖਿਆ ਦਾ ਮੰਤਵ ਮਨੋਵਿਗਿਆਨਕ ਤੱਤਾਂ ਨੂੰ ਦਾਰਸ਼ਨਿਕ ਤੱਤਾਂ ਤੋਂ ਵੱਖਰੇ ਕਰਕੇ ਦੇਣਾ ਅਤੇ ਇਹ ਦੱਸਣਾ ਹੈ ਕਿ ਕਿਵੇਂ ਇਹ ਤੱਤ ਰੋਜ਼ਾਨਾ ਜੀਵਨ ਵਿਚ ਪ੍ਰੈਕਟੀਕਲੀ ਲਾਗੂ ਹੁੰਦੇ ਹਨ।

ਆਤਮ ਅਨੰਦ ਜੀਵਨ ਦਾ ਮਨੋਰਥ ਹੈ। ਪੂਰਬੀ ਧਰਮ, ਫਿਲਾਸਫੀ ਅਤੇ ਮਨੋਵਿਗਿਆਨ ਦਾ ਮੰਤਵ ਇਸ ਗੋਹਝ ਦੀ ਪ੍ਰਾਪਤੀ ਹੈ। ਦਰਸ਼ਨ ਸ਼ਾਸ਼ਤਰ ਜਾਂ ਫਿਲਾਸਫੀ ਦਾ ਭਾਵ ਪੂਰਬ ਵਿਚ ਨਾ ਤਾਂ ਕੇਵਲ ਇਕ ਮਾਤਰ ਵਿਚਾਰਸ਼ੀਲ ਕਲਪਣਾ ਹੈ ਅਤੇ ਨਾ ਹੀ ਬੌਧਿਕ ਸਾਧਨਾ ਹੈ। ਫਿਲਾਸਫੀ ਸ਼ਬਦ ਦੋ ਸ਼ਬਦਾਂ ਦਾ ਮਿਸ਼ਰਨ ਹੈ philo ਅਤੇ sophia ਜਿਸ ਦਾ ਅਰਥ ਹੈ ਗਿਆਨ ਨਾਲ ਪਿਆਰ ਪਰ ਇਹ ਅਰਥ ਪੱਛਮ ਲਈ ਹੀ ਮਹੱਤਵਪੂਰਨ ਹੈ। ਪੂਰਬ ਵਿਚ ਇਸ ਦਾ ਇਹ ਅਰਥ ਬਿਲਕੁਲ ਨਹੀਂ ਹੈ। ਪੂਰਬ ਵਿਚ ਆਮ ਮਨੁੱਖ ਦੀ ਸੋਚ ਵੀ ਇਹ ਸੋਚਦੀ ਹੈ ਮੈਂ ਕੌਣ ਹਾਂ? ਮੈਂ ਕਿਥੋਂ ਆਇਆ ਹਾਂ? ਮੈਂ ਕਿਉਂ ਆਇਆ ਹਾਂ? ਮੈਂ ਕਿਥੇ ਜਾਵਾਂਗਾ? ਅਤੇ ਉਹ ਇਨ੍ਹਾਂ ਸਵਾਲਾਂ ਦੇ ਜਵਾਬ ਬੁੱਧੀ ਦੇ ਪੱਧਰ ਉਤੇ ਲੱਭ ਕੇ, ਜਾਣ ਕੇ ਸੰਤੁਸ਼ਟ ਨਹੀਂ ਹਨ। ਪੂਰਬੀ ਫਿਲਾਸਫੀ ਸਾਧਕ ਨੂੰ ਸਿਲਸਿਲੇ ਵਾਰ ਸਵੈ ਗਿਆਨ ਦੇ ਰਾਹੀਂ ਆਤਮ ਗਿਆਨ ਤਕ ਪਹੁੰਚਾ ਦੇਂਦੀ ਹੈ। ਆਤਮਾ ਨੂੰ ਜਾਨਣ ਤੋਂ ਬਾਦ ਇਹ ਪਤਾ ਲਗ ਜਾਂਦਾ ਹੈ ਇਹ ਆਤਮਾ ਹੀ ਪਰਮ ਆਤਮਾ ਹੈ।

ਵੇਦਾਂਤ ਅਨੁਸਾਰ ਫਿਲਾਸਫੀ ਦੀ ਥਾਂ ਬ੍ਰਹਮ ਵਿਦਿਆ ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਸ਼ਬਦ ਦੇ ਅਰਥ ਬਿਲਕੁਲ ਵਖਰੇ ਹਨ, ਬਹੁਤ ਡੂੰਘੇ ਹਨ ਅਤੇ ਇਹ ਇਕ ਗਿਆਨ ਨੂੰ ਪ੍ਰਗਟਾਉਂਦੇ ਹਨ। ਬ੍ਰਹਮ ਵਿਦਿਆ ਤੋਂ ਭਾਵ ਹੈ ਉਹ ਗਿਆਨ ਜੋ ਮਨੁੱਖ ਨੂੰ ਬ੍ਰਹਮ ਦੀ ਪ੍ਰਾਪਤੀ ਵਿਚ ਸਹਾਇਕ ਹੋਵੇ, ਆਤਮ ਗਿਆਨ। ਗੀਤਾ ਇਕ ਸੰਪੂਰਣ ਗਿਆਨ ਹੈ ਅਤੇ ਉਹ ਪ੍ਰੈਕਟੀਕਲ ਤਰੀਕੇ ਦਸਦੀ ਹੈ ਜਿਸ ਨਾਲ ਅਸੀਂ ਆਪਾ ਚੀਨ ਸਕੀਏ। ਇਸ ਤਰ੍ਹਾਂ ਦਰਸ਼ਨ ਸ਼ਾਸ਼ਤ੍ਰ ਅਤੇ ਮਨੋਵਿਗਿਆਨ ਆਪਸ ਵਿਚ ਮਿਲੇ ਪਏ ਹਨ। ਮਨੋਵਿਗਿਆਨ ਦੀ ਸਹਾਇਤਾ ਤੋਂ ਬਿਨਾਂ ਕੀਤਾ ਵਿਸ਼ਲੇਸ਼ਨ ਅਤੇ ਬਿਨਾਂ ਅੰਦਰ ਦੀਆਂ ਪਰਵਿਰਤੀਆਂ ਨੂੰ ਵਰਤਿਆਂ ਅਸੀਂ ਜੀਵਨ ਦਾ ਉਦੇਸ਼

– ਆਤਮ ਗਿਆਨ ਦਾ ਉਦੇਸ਼ ਪੂਰਾ ਨਹੀਂ ਕਰ ਸਕਦੇ।

ਏਸ ਤੋਂ ਉਲਟ ਪੱਛਮੀ ਫਿਲਾਸਫੀ ਬਿਲਕੁਲ ਬੌਧਿਕ ਹੈ ਅਤੇ ਉਸ ਦਾ ਵਿਸ਼ਾ ਮਨੁੱਖ ਦਾ ਵਿਸ਼ਵ ਨਾਲ ਰਿਸ਼ਤਾ ਜਾਚਣਾ ਹੈ। ਜੋ ਗਿਆਨ ਉਹ ਪ੍ਰਾਪਤ ਕਰਦਾ ਹੈ ਉਸ ਨਾਲ ਉਹ ਵਿਸ਼ਵ ਵਿਚ ਆਪਣਾ ਸਥਾਨ ਸਮਝਣ ਦਾ ਉਪਰਾਲਾ ਕਰਦਾ ਹੈ। ਬ੍ਰਹਮ ਵਿਦਿਆ ਵਿਚ ਮਨੁੱਖ ਨੂੰ ਆਪਣੀ ਹੋਂਦ ਦੇ ਸਾਰੇ ਪੱਧਰਾਂ ਦਾ ਪਤਾ ਲਗਦਾ ਹੈ ਅਤੇ ਅੰਤ ਵਿਚ ਆਤਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਪੂਰਬੀ ਤਰੀਕੇ ਅਨੁਸਾਰ ਆਪਾ ਜਾਨਣਾ ਜੀਵਨ ਦਾ ਪ੍ਰਮੁੱਖ ਮਨੋਰਥ ਹੈ। ਆਤਮ ਗਿਆਨ ਤੋਂ ਬਾਦ ਵਿਸ਼ਵ ਦੇ ਸਾਰੇ ਰਹੱਸ ਖੁੱਲ੍ਹਣ ਲਗ ਪੈਂਦੇ ਹਨ ਅਤੇ ਆਪਣਾ ਰਿਸ਼ਤਾ ਵਿਸ਼ਵ ਨਾਲ ਸਮਝ ਆਉਣ ਲਗ ਪੈਂਦਾ ਹੈ। ਪੂਰਬੀ ਅਤੇ ਪਛਮੀ ਸਿਧਾਂਤ ਵਿਚ ਵਧੇਰੇ ਅੰਤਰ ਹੋਣ ਕਰਕੇ ਦੋਨੋਂ ਫਿਲਾਸਫੀਆਂ ਵਿਚ ਬਹੁਤ ਅੰਤਰ ਹੈ। ਇਕ ਕੇਵਲ ਸਿਧਾਂਤਕ ਹੈ – ਦੂਜੀ ਪ੍ਰੈਕਟੀਕਲ।

ਗੀਤਾ ਵਿਚ ਭਾਵੇਂ ਕੇਵਲ 700 ਤੁਕਾਂ ਹੀ ਹਨ ਪਰ ਇਨ੍ਹਾਂ ਵਿਚ ਪੂਰਬ ਦੀ ਸਾਰੀ ਫਿਲਾਸਫੀ ਅਤੇ ਮਨੋਵਿਗਿਆਨ ਹੈ। ਗੀਤਾ ਦੇ ਅਠਾਰ੍ਹਾਂ ਅਧਿਆਏ ਹਨ। ਹਰ ਇਕ ਵਿਚ ਆਤਮ ਗਿਆਨ ਪ੍ਰਾਪਤੀ ਦਾ ਵੱਖਰਾ ਪੱਖ ਚਿਤਰਿਆ ਗਿਆ ਹੈ। ਇਹ ਵਿਆਖਿਆ ਹਰ ਅਧਿਆਏ ਦੀ ਮਨੋਵਿਗਿਆਨਕ ਪੱਖ ਪ੍ਰਗਟ ਕਰਦੀ ਹੈ। ਹਰ ਅਧਿਆਏ ਵਿਚ ਸਾਧਨਾ ਦੱਸੀ ਗਈ ਹੈ ਤਾਂ ਜੋ ਸਾਧਕ ਸਾਧਨਾਂ ਦੁਆਰਾ ਆਪਣੀ ਅੰਤਰ ਮੁਖੀ ਯਾਤਰਾ ਕਰਕੇ ਆਤਮ ਗਿਆਨ ਦੀ ਪ੍ਰਾਪਤੀ ਕਰ ਸਕੇ। ਗੀਤਾ ਦਾ ਆਦਰਸ਼ ਹੈ ਸਾਧਕਾਂ ਨੂੰ ਅੰਦਰੋਂ ਬਾਹਰੋਂ ਸ਼ਾਂਤ ਚਿੱਤ ਰੱਖਣਾ ਅਤੇ ਅੰਦਰ ਸਥਿਰਤਾ ਪੈਦਾ ਕਰਨੀ। ਹਰ ਕੰਮ ਬੜੇ ਕਲਾਤਮਕ, ਵਿਗਿਆਨਕ, ਸੁਚੱਜੇ ਅਤੇ ਨਿਰਲਿਪਤ ਹੋ ਕੇ ਕਰਨ ਦੀ ਸਿਖਿਆ ਦੇਣੀ।

ਗੀਤਾ ਦੀ ਸਿਖਿਆ ਨਾਲ ਸਾਨੂੰ ਆਪੇ ਦੀ ਅਤੇ ਆਤਮਾ ਦੀ ਸਮਝ ਪੈਂਦੀ ਹੈ। ਆਪਾ ਮਿਟਣ ਹਾਰ ਹੈ, ਬਦਲਦਾ ਹੈ, ਆਤਮਾ ਅਜਰ ਹੈ, ਅਮਰ ਹੈ, ਸਾਧਕ ਨੂੰ ਦੋਨਾਂ ਦਾ ਹੀ ਪਤਾ ਹੋਣਾ ਚਾਹੀਦਾ ਹੈ ਅਤੇ ਉਸ ਨੂੰ ਅੰਤ ਵਿਚ ਕੇਵਲ ਆਤਮਾ ਵਿਚ ਹੀ ਨਿਵਾਸ ਕਰਨਾ ਚਾਹੀਦਾ ਹੈ ਇਸ ਤਰ੍ਹਾਂ ਕਰਨ ਤੋਂ ਬਾਅਦ ਹੀ ਉਹ ਸੰਸਾਰ ਤੋਂ ਪ੍ਰਭਾਵਿਤ ਹੋਏ ਬਿਨਾਂ ਰਹਿ ਸਕਦਾ ਹੈ। ਆਪੇ ਅਤੇ ਆਤਮਾ ਦੇ ਵਿਚਕਾਰ ਹੈ ਅੰਤਸ਼ਕਰਣ, ਜੋ ਸਾਡੇ ਅੰਦਰ ਅਤੇ ਬਾਹਰ ਦੇ ਜੀਵਨ ਵਿਚ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਜੇ ਇਸ ਨੂੰ ਚੰਗੀ ਤਰ੍ਹਾਂ ਨਾ ਸਮਝਿਆ ਜਾਵੇ ਤਾਂ ਦੋਨੋਂ ਪੱਖ ਅਜਾਈਂ ਜਾ ਸਕਦੇ ਹਨ। ਸਾਨੂੰ ਜੀਵਨ ਦਾ ਮਨੋਵਿਗਿਆਨਕ ਪੱਖ ਸਮਝਣਾ ਬਹੁਤ ਜ਼ਰੂਰੀ ਹੈ ਜੇ ਅਸੀਂ ਆਪਣੇ ਆਪ ਨੂੰ ਸੰਵੇਗਾਂ ਦੇ ਚਿੱਕੜ ਵਿਚੋਂ, ਹਉਮੈ ਵਿਚੋਂ, ਮੈਂ ਭਾਵ ਅਤੇ ਅਗਿਆਨ ਵਿਚੋਂ ਕੱਢਣਾ ਚਾਹੁੰਦੇ ਹਾਂ ਅਤੇ ਆਪਣੀ ਪ੍ਰਵਿਰਤੀਆਂ ਦਾ ਪੂਰਾ ਪੂਰਾ ਲਾਭ ਉਠਾਉਣਾ ਚਾਹੁੰਦੇ ਹਾਂ ਅਤੇ ਆਪਣੀ ਚੇਤਨਤਾ ਦਾ ਲਾਭ ਉਠਾਉਣਾ ਚਾਹੁੰਦੇ ਹਾਂ।

ਗੀਤਾ ਦਾ ਸਥਾਈ ਮਨੋਵਿਗਿਆਨ ਇਹ ਪ੍ਰਗਟਾਉਂਦਾ ਹੈ ਕਿ ਕਿਵੇਂ

ਆਪਣੇ ਅੰਦਰ ਦੀ ਪੜਚੋਲ ਕਰਨੀ ਹੈ, ਕਿਵੇਂ ਉਸ ਨੂੰ ਸਾਧਨਾ ਹੈ ਤਾਂ ਜੋ ਅੰਦਰ ਨੂੰ ਸਿਰਜਨਾਤਮ ਬਣਾ ਕੇ ਬਾਹਰ ਦੇ ਸੰਸਾਰ ਵਿਚ ਸ਼ਾਂਤੀ ਪ੍ਰਾਪਤ ਕਰ ਸਕੇ। ਉਹ ਪੱਖ ਜਿਸ ਨੂੰ ਬਹੁਤ ਵਿਸਥਾਰ, ਵਿਸ਼ਲੇਸ਼ਣ ਦੀ ਲੋੜ ਹੈ, ਸਮਝਣ ਦੀ ਲੋੜ ਹੈ ਅਤੇ ਮਾਨਸਿਕ ਪੱਧਰ ਤੇ ਖੋਲਣ ਦੀ ਲੋੜ ਹੈ। ਬਾਹਰ ਦੇ ਸੰਸਾਰ ਨੂੰ ਤਾਂ ਹੀ ਜਿਤਿਆ ਜਾ ਸਕਦਾ ਹੈ ਜੇ ਅੰਦਰ ਦੀਆਂ ਬਿਰਤੀਆਂ ਤਰੀਕੇ ਨਾਲ ਖੋਜ ਕੇ ਸੰਗਠਨ ਕੀਤੀਆਂ ਜਾਣ, ਅੰਤਰ ਨੂੰ ਸਮਝੇ ਬਿਨਾ ਪ੍ਰਭਾਵਿਤ ਤਰੀਕੇ ਨਾਲ ਬਾਹਰ ਦੇ ਸੰਸਾਰ ਵਿਚ ਇਕਸਾਰਤਾ ਨਹੀਂ ਲਿਆਂਦੀ ਜਾ ਸਕਦੀ ਕਿਉਂ ਜੋ ਬਾਹਰ ਪ੍ਰਗਟ ਹੋਣ ਤੋਂ ਪਹਿਲਾਂ ਹਰ ਚੀਜ਼ ਅੰਦਰ ਪੁੰਗਰਦੀ ਹੈ।

ਸੂਝਵਾਨ ਜਾਣਦਾ ਹੈ ਕਿ ਆਤਮਾ ਕੀ ਹੈ? ਮੈਂ ਕੀ ਹਾਂ? ਪਰ ਉਹ ਸਾਧਨਾ ਕਰਦਾ ਰਹਿੰਦਾ ਹੈ ਤਾਂ ਜੋ ਅਗਿਆਨ ਦੂਰ ਹੁੰਦਾ ਰਹੇ। ਸਾਧਨਾ ਅੰਤਰ ਗਿਆਨ ਲਈ ਅਵੱਸ਼ਕ ਹੈ। ਆਤਮਾ ਜਾਂ ਸੰਸਾਰ ਅਵਿਦਿਆ ਨਹੀਂ ਹੈ, ਭੁਲੇਖਾ ਨਹੀਂ ਹੈ ਇਹ ਸਭ ਤਾਂ ਮਾਨਸਿਕ ਪੱਧਰ ਤੇ ਹੀ ਹੈ। ਅੰਤਰ ਅਤੇ ਬਾਹਰ ਜੀਵਨ ਦੇ ਦੋ ਅਨ-ਨਿਖੜਵੇਂ ਪੱਖ ਹਨ। ਸਾਧਨਾ ਕਰਦੇ ਸਮੇਂ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਸਾਧਕ ਦਾ ਇਕ ਪੱਖ ਦੂਸਰੇ ਤੋਂ ਅੱਗੇ ਨਾ ਨਿਕਲ ਜਾਵੇ। ਕਈ ਸਾਧਕ ਸੋਚਦੇ ਹਨ ਕਿ ਸੰਸਾਰ ਨੂੰ ਛੱਡ ਕੇ ਉਹ ਜੀਵਨ ਮਨੋਰਥ ਹਾਸਲ ਕਰ ਸਕਦੇ ਹਨ। ਦੂਸਰੇ ਸੋਚਦੇ ਹਨ ਕਰਮ ਕਰਕੇ ਸੰਸਾਰ ਵਿਚ ਰਹਿੰਦੇ ਹੋਏ ਜੀਵਨ ਮਨੋਰਥ ਹਾਸਲ ਹੋ ਸਕਦਾ ਹੈ। ਅਸਲ ਵਿਚ ਇਨ੍ਹਾਂ ਦੋਨਾਂ ਮਾਰਗਾਂ ਦਾ ਇਕ ਮਿਲਾਪ ਹੀ ਇਕ ਸੇਤੂ ਦੀ ਤਰ੍ਹਾਂ ਕੰਮ ਕਰਕੇ ਸੰਤੁਲਨ ਜੀਵਨ ਜੀਉਣ ਵਿਚ ਸਹਾਇਤਾ ਕਰ ਸਕਦਾ ਹੈ। ਸਾਡੇ ਹਥ ਵਾਲੀ ਵਿਆਖਿਆ ਨਾ ਤਾਂ ਤਿਆਗੀਆਂ ਲਈ ਲਿਖੀ ਗਈ ਹੈ ਅਤੇ ਨਾ ਹੀ ਉਨ੍ਹਾਂ ਲਈ ਲਿਖੀ ਗਈ ਜੋ ਸੰਸਾਰ ਦੇ ਦਲ-ਦਲ ਵਿਚ ਫਸੇ ਆਪਣੇ ਆਪ ਵਿਚ ਉਲਝੇ ਪਏ ਹਨ, ਪਰ ਇਹ ਨਹੀਂ ਜਾਣਦੇ ਕਿ ਜੇ ਸੰਸਾਰ ਉਨ੍ਹਾਂ ਲਈ ਹੈ ਤਾਂ ਉਹ ਵੀ ਸੰਸਾਰ ਲਈ ਹਨ। ਜੇ ਖੁਸ਼ੀ ਦਾ ਜੀਵਨ ਜੀਉਣਾ ਹੈ ਤਾਂ ਇਹ ਸਮਝਣਾ ਪਵੇਗਾ ਕਿ ਦੂਸਰੇ ਵੀ ਖੁਸ਼ੀ ਹਾਸਲ ਕਰਨ ਲਈ ਜੀ ਰਹੇ ਹਨ। ਦੂਸਰਿਆਂ ਲਈ ਮਹਿਸੂਸ ਕਰਨਾ ਖੁਸ਼ੀ ਦਾ ਸਭ ਤੋਂ ਵੱਡਾ ਸਰੋਤ ਹੈ ਅਤੇ ਇਕ ਚੰਗੇ ਸਮਾਜ ਦੀ ਉਸਾਰੀ ਲਈ ਜ਼ਰੂਰੀ ਹੈ।

ਵਿਚਾਰ ਅਧੀਨ ਗੱਲ ਹੈ ਕਿ ਗੀਤਾ ਲਿਖਣ ਦੀ ਕੀ ਲੋੜ ਸੀ? ਜਦੋਂ ਸਾਡੇ ਕੋਲ ਵੇਦ ਉਪਨਿਸ਼ਦ ਮੌਜੂਦ ਸਨ। ਇਸ ਦਾ ਜਵਾਬ ਵਿਦਾਂਤਕ ਸੰਤ ਸ੍ਰੀ ਸ਼ੰਕਰਾਚਾਰੀਆ ਨੇ ਆਪਣੀ ਗੀਤਾ ਦੀ ਵਿਆਖਿਆ ਵਿਚ ਦੇਂਦਿਆ ਦੱਸਿਆ ਹੈ ਕਿ ਵੈਦਿਕ ਧਰਮ ਹਰ ਜਗ੍ਹਾ ਤੇ ਪ੍ਰਚਲਤ ਸੀ, ਪਰ ਹੌਲੀ ਹੌਲੀ ਨਿਰਣਾ ਅਤੇ ਵਿਵੇਕ ਗਿਰਦੇ ਗਏ, ਨਿਆਕਾਰੀ ਖਤਮ ਹੁੰਦੀ ਗਈ, ਜ਼ੁਲਮ ਵਧਦਾ ਗਿਆ। ਵੇਦ, ਭਗਤੀ ਫਲਸਫੇ ਮਨੋਵਿਗਿਆਨ ਦਾ ਸੋਮਾ ਹਨ ਅਤੇ ਉਪਨਿਸ਼ਦ ਵੇਦਾਂ ਦਾ ਆਖਰੀ ਭਾਗ ਹੈ। ਨਿਰਣੇ ਅਤੇ ਵਿਵੇਕ ਤੋਂ ਬਿਨਾਂ ਵੇਦਾਂ ਨੂੰ ਸਮਝਣਾ ਬਹੁਤ ਔਖਾ ਹੋ ਗਿਆ। ਵੇਦਾਂ ਅਤੇ ਉਪਨਿਸ਼ਦਾਂ ਦੇ ਪ੍ਰਚਾਰ ਨੂੰ ਮੁੜ ਸ਼ੁਰੂ ਕਰਨਾ ਬਹੁਤ ਅਵਸ਼ਕ ਸੀ।

ਭਗਵਤ ਗੀਤਾ ਵਿਚ ਸੰਖੇਪ ਰੂਪ ਵਿਚ ਵੇਦਾਂ ਅਤੇ ਉਪਨਿਸ਼ਦਾਂ ਦਾ ਸਾਰਾ ਫਲਸਫਾ ਅਤੇ ਮਨੋਵਿਗਿਆਨ ਦਿਤਾ ਹੋਇਆ ਹੈ। ਕਿਹਾ ਗਿਆ ਹੈ ਕਿ ਉਪਨਿਸ਼ਦ ਇਕ ਗਊ ਦੇ ਸਮਾਨ ਹਨ ਜਿਸ ਨੂੰ ਸ੍ਰੀ ਕ੍ਰਿਸ਼ਨ ਜੀ ਨੇ ਚੋਂ ਕੇ ਉਸ ਦਾ ਸਾਰਾ ਨਚੋੜਿਆ ਗਿਆਨ ਆਪਣੇ ਸ਼ਿਸ਼ ਨੂੰ ਦੇ ਦਿਤਾ। ਕ੍ਰਿਸ਼ਨ ਜੀ ਨੇ ਸਾਰੀ ਵਿਵੇਕ ਬੁੱਧ, ਜੋ ਵੇਦਾਂ ਉਪਨਿਸ਼ਦਾਂ ਵਿਚ ਸੀ ਉਹ ਭਗਵਤ ਗੀਤਾ ਵਿਚ ਪਾ ਦਿਤੀ। ਕੋਈ ਨਵੀਂ ਗੱਲ ਨਹੀਂ ਕੀਤੀ, ਕੋਈ ਨਵੀਂ ਰਵਾਇਤ ਨਹੀਂ ਚਲਾਈ, ਉਨ੍ਹਾਂ ਨੇ ਕੇਵਲ ਵੇਦਾਂ ਅਤੇ ਉਪਨਿਸ਼ਦਾਂ ਨੂੰ ਸੋਧਿਆ ਹੈ ਅਤੇ ਸੌਖਾ ਕੀਤਾ ਹੈ। ਕ੍ਰਿਸ਼ਨ ਜੀ ਨੇ ਅਰਜਨ ਨਾਲ ਗੱਲਬਾਤ ਕਰਦਿਆਂ ਸੰਸਾਰ ਨੂੰ ਉਪਦੇਸ਼ ਦਿਤਾ ਹੈ। ਅਰਜਨ ਸ਼ਬਦ ਦੇ ਅਰਥ ਹਨ 'ਸੱਚਾ ਜਗਿਆਸੂ' ਕ੍ਰਿਸ਼ਨ ਸ਼ਬਦ ਦੇ ਅਰਥ ਹਨ - ਚੇਤਨਤਾ ਦਾ ਬਿੰਦੂ। ਜਿਹੜਾ ਵੀ ਸਾਧਕ ਸੱਚੀ ਖੋਜ ਕਰਦਾ ਹੈ ਉਹ ਚੇਤਨਤਾ ਨੂੰ ਪ੍ਰਾਪਤ ਕਰ ਹੀ ਲੈਂਦਾ ਹੈ।

ਇਹ ਅਨੋਖੀ ਵਾਰਤਾਲਾਪ ਜੋ ਅਰਜਨ ਅਤੇ ਕ੍ਰਿਸ਼ਨ ਜੀ ਵਿਚਕਾਰ ਹੈ, ਜੀਵਨ ਦੇ ਸਾਰੇ ਪੱਖਾਂ ਨੂੰ ਵਿਚਾਰਦੀ ਹੈ। ਇਹ ਅੱਜ ਦੇ ਚਿਕਤਸਕ ਲਈ, ਮਨੋਵਿਗਿਆਨਕਾਂ ਲਈ, ਵਿਚਾਰਵਾਨਾਂ ਲਈ ਬਹੁਤ ਲਾਭਕਾਰੀ ਹੈ। ਦੇਖਣ ਵਾਲੀ ਗੱਲ ਹੈ ਕਿ ਕਿਵੇਂ ਸ੍ਰੀ ਕ੍ਰਿਸ਼ਨ ਨੇ ਅਰਜਨ ਦਾ ਮਾਰਗ ਦਰਸ਼ਨ ਕੀਤਾ। ਅਰਜਨ ਜੋ ਕਿ ਕਿਸੇ ਵੀ ਰੋਗੀ ਦੀ ਤਰ੍ਹਾਂ ਚਿਕਤਸਾ ਦਾ ਲੋੜਵੰਦ ਹੈ ਅਤੇ ਉਹ ਕ੍ਰਿਸ਼ਨ ਜੀ ਪਾਸੋਂ ਸਲਾਹ ਲੈਣ ਆਇਆ ਅਤੇ ਮਾਰਗ ਦਰਸ਼ਨ ਚਾਹੁੰਦਾ ਹੈ। ਦੇਖਣ ਯੋਗ ਹੈ ਕਿ ਕ੍ਰਿਸ਼ਨ ਜੀ ਉਸ ਨੂੰ ਕਿਵੇਂ ਰਾਹੇ ਪਾਉਂਦੇ ਹਨ, ਉਸ ਦਾ ਮਾਰਗ ਦਰਸ਼ਨ ਕਰਦੇ ਹਨ ਅਤੇ ਅੱਜ ਦੇ ਚਿਕਤਸਕ ਕਿਵੇਂ ਰਾਹ ਦਿਖਾਉਂਦੇ ਹਨ। ਅੱਜ ਦੇ ਮਨੋਵਿਗਿਆਨਕ ਚਿਕਤਸਕ ਮਰੀਜ਼ਾਂ ਦੇ ਵਿਚਾਰਧਾਰਾ ਬਦਲਦੇ ਹਨ, ਚੇਤਨਤਾ ਦੇ ਪੱਧਰ ਉਤੇ ਅਤੇ ਅਚੇਤ ਮਨ ਦੀ ਪੱਧਰ ਉਤੇ ਉਨ੍ਹਾਂ ਦੇ ਵਿਸ਼ਲੇਸ਼ਨ ਵਿਚ ਗੰਭੀਰ ਡੂੰਘਾਈ ਨਹੀਂ ਹੁੰਦੀ, ਜੋ ਗੀਤਾ ਵਿਚ ਦੱਸੀ ਗਈ ਹੈ। ਅੱਜ ਦੇ ਮਨੋਵਿਗਿਆਨਕ ਚਿਕਤਸਕ ਜੀਵਨ ਮਨੋਰਥ ਨਹੀਂ ਢੂੰਡਦੇ, ਇਹ ਜੀਵਨ ਮਨੋਰਥ ਉਤੇ ਸਲਾਹ ਦੇਣਾ ਯੋਗ ਨਹੀਂ ਸਮਝਦੇ, ਕਰਮ ਕਰਨਾ ਚਾਹੀਦਾ ਹੈ ਕਿ ਨਹੀਂ ਡਿਊਟੀ ਕਿਵੇਂ ਕਰਨੀ ਚਾਹੀਦੀ ਹੈ। ਜੀਵਨ ਕੀ? ਮੌਤ ਕੀ ਹੈ? ਉਹ ਇਨ੍ਹਾਂ ਗੱਲਾਂ ਬਾਰੇ ਚੁੱਪ ਹਨ। ਉਹ ਸਲਾਹ ਦੇਣ ਦਾ ਦਾਇਰਾ ਕੇਵਲ ਉਸ ਦੀਆਂ ਗੁੰਝਲਾਂ ਤਕ ਹੀ ਸੀਮਤ ਰੱਖਦੇ ਹਨ, ਉਹ ਜੜ੍ਹ ਤਕ ਜਾਂਦੇ ਹੀ ਨਹੀਂ ਕੇਵਲ ਉਪਰੋਂ-ਉਪਰੋਂ ਹੀ ਲੈ ਕੇ ਠੀਕ ਕਰਨ ਦੀ ਕੋਸ਼ਿਸ਼ ਕਰਦੇ ਹਨ। ਖਾਸ ਸਮੱਸਿਆ ਦਾ ਸਮਾਧਾਨ ਕਰਕੇ ਬਾਕੀ ਅੰਦਰੂਨੀ ਸਮੱਸਿਆ ਉਸ ਤਰ੍ਹਾਂ ਹੀ ਰਹਿਣ ਦਿੰਦੇ ਹਨ ਉਹ ਦੁੱਖ ਕਿਸੇ ਹੋਰ ਪਾਸੇ ਨਿਕਲ ਆਉਂਦਾ ਹੈ। ਸਮੇਂ ਦੀ ਘਾਟ ਦੇ ਕਾਰਨ ਉਹ ਇਸ ਤਰ੍ਹਾਂ ਕਰਦੇ ਹਨ।

ਕ੍ਰਿਸ਼ਨ ਜੀ ਜੀਵਨ ਇਕ ਸੁਰਤਾ ਜੀਉਣ ਲਈ ਇਕ ਫਿਲਾਸਫੀ ਦਸਦੇ ਹਨ ਅਤੇ ਉਹ ਅਰਜਨ ਨੂੰ ਜੀਵਨ ਜੀਉਣ ਲਈ ਪ੍ਰੈਕਟੀਕਲ ਸਲਾਹ ਦਿੰਦੇ ਹਨ। ਪੂਰਬੀ ਮਨੋਵਿਗਿਆਨ ਵਿਚ ਅਧਿਆਪਕ ਵਿਦਿਆਰਥੀ ਨੂੰ

ਆਪਾ ਸੋਧਣ ਲਈ ਪ੍ਰੋਗਰਾਮ ਬਣਾਉਣ ਵਿਚ ਸਹਾਇਤਾ ਕਰਦਾ ਹੈ ਅਤੇ ਉਨ੍ਹਾਂ ਸਾਰੀਆਂ ਗੱਲਾਂ ਦਾ ਧਿਆਨ ਰਖਦਾ ਹੈ ਜੋ ਕਿ ਉਸ ਦੇ ਰਸਤੇ ਵਿਚ ਰੁਕਾਵਟ ਬਣ ਸਕਦੀਆਂ ਹਨ। ਪੂਰਬੀ ਮਨੋਵਿਗਿਆਨ ਰਾਹੀਂ ਸਮੁੱਚੇ ਜੀਵ ਨੂੰ ਅਰੋਗ ਕੀਤਾ ਜਾਂਦਾ ਹੈ, ਕੇਵਲ ਇਕ ਸਮੱਸਿਆ ਨੂੰ ਕੇਂਦਰ ਨਹੀਂ ਬਣਾਇਆ ਜਾਂਦਾ। ਪੂਰਬੀ ਤਰੀਕਾ ਅੰਤ ਵਿਚ ਜੀਵ ਨੂੰ ਆਪਣੇ ਆਪ ਵਿਚ ਇਕ ਚਿਕਤਸਿਕ ਬਣਾ ਦਿੰਦਾ ਹੈ। ਸਾਧਨਾ ਦਾ ਰਸਤਾ ਇਕ ਸੰਪੂਰਨ ਅਤੇ ਡੂੰਘਾਈ ਵਾਲਾ ਹੈ।

ਅਜੋਕਾ ਮਨੋਵਿਗਿਆਨ ਹਾਲੇ ਹੋਂਦ ਵਿਚ ਆ ਰਿਹਾ ਹੈ, ਹਾਲੇ ਇਹ ਪੂਰੀ ਤਰ੍ਹਾਂ ਚਿਤਰਿਆ ਨਹੀਂ ਗਿਆ, ਸਲਾਹ ਦੇ ਕੇ ਚਿਕਤਸਾ ਕਰਕੇ ਸਮਾਜ ਵਿਚ ਇਕ ਬਹੁਤ ਵੱਡਾ ਕੰਮ ਕੀਤਾ ਜਾ ਸਕਦਾ ਹੈ ਪਰ ਬਹੁਤ ਸਾਰੇ ਸਲਾਹਕਾਰਾਂ ਅਤੇ ਚਿਕਤਸਕਾ ਕੋਲ ਡੂੰਘਾਈ ਅਤੇ ਅੰਤਰ ਗਿਆਨ ਦੀ ਕਮੀ ਹੁੰਦੀ ਹੈ ਅਤੇ ਉਹ ਮਰੀਜ਼ਾਂ ਨੂੰ ਠੀਕ ਰਾਹ ਨਹੀਂ ਦਿਖਾ ਸਕਦੇ। ਉਨ੍ਹਾਂ ਵਿਚ ਆਪਣੇ ਵਿਚ ਆਤਮ ਵਿਸ਼ਵਾਸ਼ ਦੀ ਕਮੀ ਹੁੰਦੀ ਹੈ ਅਤੇ ਉਹ ਅ-ਸੁਰਕਸ਼ਿਤ ਹੁੰਦੇ ਹਨ। ਇਨ੍ਹਾਂ ਕਾਰਨਾਂ ਕਰਕੇ ਉਹ ਮਰੀਜ਼ ਨੂੰ ਠੀਕ ਸਲਾਹ ਨਹੀਂ ਦੇ ਸਕਦੇ ਅਤੇ ਉਸ ਨੂੰ ਆਪਣੇ ਮਸਲੇ ਹੱਲ ਕਰਨ ਦੇ ਕਾਬਲ ਨਹੀਂ ਬਣਾ ਸਕਦੇ। ਸਲਾਹ ਦੇਣੀ ਇਕ ਬਹੁਤ ਹੀ ਉਦਾਰ ਕਰਨ ਵਾਲਾ ਧੰਦਾ ਹੈ ਪਰ ਇਹ ਚੰਗੀ ਤਰ੍ਹਾਂ ਕੀਤਾ ਨਹੀਂ ਜਾਂਦਾ। ਆਮ ਤੌਰ ਤੇ ਉਹ ਲੋਕੀ ਇਸ ਨੂੰ ਕਰਦੇ ਹਨ ਜੋ ਬੜੇ ਹੀ ਡਾਵਾਂਡੋਲ ਅਤੇ ਹੰਕਾਰੀ ਸੁਭਾਅ ਦੇ ਹੁੰਦੇ ਹਨ ਜੋ ਆਪਣੇ ਵਿਕਾਸ ਲਈ ਵੀ ਨਹੀਂ ਕੰਮ ਕਰਦੇ ਕੇਵਲ ਪੜ੍ਹਾਉਣ ਵਿਚ ਹੀ ਦਿਲਚਸਪੀ ਰੱਖਦੇ ਹਨ। ਇਹੋ ਹੀ ਸਮੱਸਿਆ ਉਨ੍ਹਾਂ ਗੁਰੂਆਂ ਦੀ ਹੈ ਜੋ ਹਰ ਚੀਜ਼ ਨੂੰ ਸਿਧਾਂਤਾਂ ਰਾਹੀਂ ਦੱਸ ਸਕਦੇ ਹਨ, ਪ੍ਰੈਕਟੀਕਲੀ ਕਰ ਨਹੀਂ ਸਕਦੇ। ਦੋਨੋਂ ਹੀ ਚਿਕਤਸਕ ਅਤੇ ਗੁਰੂ ਬੜੇ ਹੀ ਹਾਨੀਕਾਰਕ ਸਿੱਧ ਹੋ ਸਕਦੇ ਹਨ ਜਦੋਂ ਉਹ ਬੱਚਿਆਂ ਨੂੰ ਧੋਖਾ ਦਿੰਦੇ ਹਨ। ਸਾਨੂੰ ਕੁਛ ਕਰਨਾ ਚਾਹੀਦਾ ਹੈ ਤਾਂ ਜੋ ਇਕ ਸੋਹਣਾ ਵਿਰਸਾ ਅਤੇ ਕਿੱਤਾ ਬਰਬਾਦ ਨਾ ਹੋਵੇ। ਕੇਵਲ ਸਾਧਨਾ ਨਾਲ ਹੀ ਤੁਸੀਂ ਆਪਣੇ ਅੰਤਰ ਨਾਲ ਸੰਪਰਕ ਪੈਦਾ ਕਰ ਸਕਦੇ ਹੋ। ਸਾਧਨਾ ਤੋਂ ਬਿਨਾਂ ਦੂਸਰਿਆਂ ਦੀ ਸਹਾਇਤਾ ਕਰਨ ਤੋਂ ਭਾਵ ਰੇਤ ਦੇ ਘਰ ਬਣਾਉਣਾ ਹੀ ਹੈ।

ਗੀਤਾ ਵਿਚ ਅਰਜਨ ਬਹੁਤ ਹੀ ਸਮਝਦਾਰ ਸਮਰਥਕ ਸਾਧਕ ਵੀ ਹੈ ਅਤੇ ਯੋਧਾ ਵੀ ਹੈ। ਭਾਵੇਂ ਉਸ ਨੂੰ ਜੀਵਨ ਬਹੁਤ ਸੁਚੱਜੀ ਤਰ੍ਹਾਂ ਜੀਉਣ ਦੀ ਵਿਦਿਆ ਮਿਲੀ ਹੋਈ ਹੈ, ਪਰ ਫੇਰ ਉਹ ਇਕ ਸਾਧਾਰਨ ਬੰਦੇ ਦੀ ਤਰ੍ਹਾਂ ਘਬਰਾਇਆ ਹੋਇਆ ਹੈ। ਗੀਤਾ ਅਨੁਸਾਰ ਅਗਿਆਨ ਨਾਲ ਵਿਰੋਧ ਪੈਦਾ ਹੁੰਦਾ ਹੈ ਅਤੇ ਜੇ ਉਸ ਨੂੰ ਸੁਲਝਾਇਆ ਨਾ ਜਾਵੇ ਸਾਰਾ ਉਤਸ਼ਾਹ ਜਾਂਦਾ ਰਹਿੰਦਾ ਹੈ ਅਤੇ ਬੰਦਾ ਨੀਰਸ ਹੋ ਜਾਂਦਾ ਹੈ, ਜੀਵਨ ਮਨੋਰਥ ਅਧੂਰਾ ਰਹਿ ਜਾਂਦਾ ਹੈ। ਮਨੋਵਿਗਿਆਨਕ ਚਿਕਿਤਸਾ ਦੇ ਸਿਧਾਤਾਂ ਅਨੁਸਾਰ ਪਹਿਲੇ ਪਹਿਲ ਅਰਜਨ, ਕ੍ਰਿਸ਼ਨ ਜੀ ਦੀ ਸਲਾਹ ਨੂੰ ਖਾਸ ਧਿਆਨ ਨਹੀਂ ਦਿੰਦਾ, ਦੂਸਰੇ ਅਧਿਆਏ ਵਿਚ ਜਦੋਂ ਉਹ ਕ੍ਰਿਸ਼ਨ ਜੀ ਨਾਲ ਤਰਕ ਕਰਦਾ ਹੈ ਉਸ ਤੋਂ ਬਾਦ ਹੀ ਉਹ ਕ੍ਰਿਸ਼ਨ ਜੀ ਦੀ ਸਲਾਹ ਨੂੰ ਚੰਗੀ ਤਰ੍ਹਾਂ ਸੁਣਨਾ ਸ਼ੁਰੂ

ਕਰਦਾ ਹੈ। ਇਥੇ ਇਹ ਦੱਸ ਦੇਣਾ ਅਤਿ ਜ਼ਰੂਰੀ ਹੋਵੇਗਾ ਅਜੋਕੇ ਅਧਿਆਪਕਾਂ ਲਈ ਅਤੇ ਚਕਿਤਸਾ ਲਈ ਇਹ ਅਤਿ ਅਵਸ਼ੱਕ ਹੈ ਕਿ ਉਹ ਪਹਿਲਾਂ ਵਿਦਿਆਰਥੀ ਨਾਲ ਅਤੇ ਗਾਹਕਾਂ ਨਾਲ ਇਕ ਗੂੜ੍ਹਾ ਸਬੰਧ ਪੈਦਾ ਕਰਨ, ਉਸ ਤੋਂ ਬਾਦ ਹੀ ਉਨ੍ਹਾਂ ਦੇ ਕਹੇ ਹੋਏ ਸ਼ਬਦਾਂ ਦਾ ਅਸਰ ਹੋ ਸਕਦਾ ਹੈ। ਬੱਚੇ ਉਸ ਉਤੇ ਅਮਲ ਕਰ ਸਕਣਗੇ।

ਗੀਤਾ ਅਨੁਸਾਰ ਆਤਮਾ ਅਮਰ ਹੈ, ਅਜਰ ਹੈ। ਸਰੀਰ ਨਾਸ਼ਵਾਨ ਹੈ, ਆਤਮਾ ਅਤੇ ਸਰੀਰ ਦੇ ਵਿਚਕਾਰ ਹੈ ਮਾਨਸਿਕ ਜੀਵਨ, ਜਿਸ ਨੂੰ ਪੂਰੀ ਤਰ੍ਹਾਂ ਸਮਝਣ ਦੀ ਲੋੜ ਹੈ ਅੰਤਹਕਰਣ ਨੂੰ ਪੂਰੀ ਤਰ੍ਹਾਂ ਜਾਨਣ ਦੀ ਲੋੜ ਹੈ, ਛਾਣਬੀਨ ਕਰਨ ਦੀ ਲੋੜ ਹੈ ਅਤੇ ਅਭਿਆਸ ਦੀ ਲੋੜ ਹੈ ਜਿਸ ਨਾਲ ਆਤਮਾ ਦਾ ਚਾਨਣ ਉਸ ਉਪਰ ਪੈ ਸਕੇ ਅਤੇ ਸੰਸਾਰ ਵਿਚ ਸੁਚੱਜੀ ਤਰ੍ਹਾਂ ਰਿਹਾ ਜਾ ਸਕੇ। ਨਾਸ਼ਵਰ (ਨਾਸ਼ਵਾਨ) ਅਤੇ ਅਨਾਸ਼ਵਰ (ਅਨਾਸ਼ਵਾਨ) ਦੇ ਸਾਰੇ ਪੱਖ ਸਮਝਾਉਣ ਤੋਂ ਬਾਦ ਗੀਤਾ ਯੋਗ ਦੇ ਸਾਰੇ ਪੱਥ ਦਸਦੀ ਹੈ।

ਆਤਮਾ ਨੂੰ ਬਿਲਕੁਲ ਵੀ ਉਸ ਤਰ੍ਹਾਂ ਨਹੀਂ ਜਾਣਿਆ ਜਾ ਸਕਦਾ ਜਿਵੇਂ ਕਿਸੇ ਵਸਤੂ ਨੂੰ। ਆਤਮਾ ਹੈ ਅਤੇ ਉਹ ਜੀਵਨ ਦਾ ਸ੍ਰੋਤ ਹੈ। ਆਤਮਾ ਰਾਹੀਂ ਹੀ ਅਸੀਂ ਸਭ ਕੁਝ ਜਾਣਦੇ ਹਾਂ। ਸੋ ਆਤਮਾ ਨੂੰ ਕਿਵੇਂ ਜਾਣਿਆ ਜਾਵੇ? ਗੀਤਾ ਵਿਚ ਸਿਲਸਿਲੇਵਾਰ ਦਿਤੀ ਗਈ ਸਾਰੀ ਵਿਆਖਿਆ ਅੰਤਰ ਜੀਵਨ ਨੂੰ ਸੰਗਠਨ ਕਰਨ ਕਰਕੇ ਆਪਣੇ ਆਪ ਲਈ ਲਾਭਦਾਇਕ ਅਤੇ ਦੂਸਰਿਆਂ ਲਈ ਲਾਭਦਾਇਕ ਬਣਾਉਣ ਲਈ ਹੈ। ਗੀਤਾ ਦਾ ਮਨੋਵਿਗਿਆਨ ਜਗਿਆਸੂ ਨੂੰ ਪਹਿਲਾਂ ਚੇਤਨਤਾ ਬਾਰੇ ਦਸਦਾ ਹੈ, ਫੇਰ ਆਪਣੇ ਅੰਤਰ ਅਭਿਆਸ ਨਾਲ ਆਪਣੀਆਂ ਅੰਦਰ ਦੀਆਂ ਅਵਸਥਾਵਾਂ ਨਾਲ ਜਾਣੂ ਕਰਾਉਂਦਾ ਹੈ ਅਤੇ ਅੰਤ ਵਿਚ ਨਿਰਸੁਆਰਥੀ ਹੋ ਕੇ ਕਰਮ ਕਰਨ ਦੀ ਪ੍ਰੇਰਨਾ ਦਿੰਦਾ ਹੈ। ਆਤਮਾ ਨੂੰ ਜਾਨਣਾ ਅਤੇ ਪਹਿਚਾਨਣਾ ਬਹੁਤ ਹੀ ਜ਼ਰੂਰੀ ਹੈ -ਆਪਣੀ ਅੰਦਰ ਦੀ ਸਥਿਤੀ ਸਮਝਣ ਲਈ। ਮਾਨਸਿਕ ਜੀਵਨ ਦੇ ਵੱਖ-ਵੱਖ ਪੱਖ ਸਮਝਣ ਤੋਂ ਬਿਨਾਂ ਮਨ, ਬਿਰਤੀਆਂ, ਸਾਹ ਅਤੇ ਸਰੀਰ ਵਿਚ ਤਾਲਮੇਲ ਪੈਦਾ ਕਰਨਾ ਬਹੁਤ ਹੀ ਔਖਾ ਹੈ। ਆਤਮਾ ਨੂੰ ਕੇਵਲ ਜਾਣ ਲੈਣਾ ਹੀ ਕਾਫੀ ਨਹੀਂ, ਉਸ ਨੂੰ ਜਾਣ ਕੇ ਉਸ ਦੇ ਗਿਆਨ ਨੂੰ ਵਰਤੋਂ ਵਿਚ ਲਿਆਉਣਾ ਹੀ ਪ੍ਰਮ ਅਵਸ਼ਕ ਹੈ।

ਆਤਮਾ ਹੀ ਬੁੱਧੀ ਨੂੰ ਚਾਨਣ ਦਿੰਦੀ ਹੈ, ਗਿਆਨ ਦਿੰਦੀ ਹੈ। ਬੁੱਧੀ ਦੇ ਵਿਸ਼ੇਸ਼ ਤੌਰ ਤੇ ਤਿੰਨ ਕੰਮ ਹਨ - ਭੇਦ ਦੱਸਣਾ, ਅਨੁਮਾਨ ਲਗਾਉਣਾ ਅਤੇ ਫੈਸਲਾ ਕਰਨਾ। ਪੱਛਮੀ ਮਨੋਵਿਗਿਆਨ ਵਿਚ ਬੁੱਧੀ ਦੇ ਇਹ ਤਿੰਨ ਗੁਣ 'ਮੈਂ' ਭਾਵ ਦੇ ਹਿੱਸੇ ਦੱਸੇ ਜਾਂਦੇ ਹਨ, ਭਾਵ 'ਮੈਂ' ਹੀ ਭੇਦ ਦਸਦਾ ਹਾਂ, ਅਨੁਮਾਨ ਲਾਉਂਦਾ ਹਾਂ, ਫੈਸਲਾ ਕਰਦਾ ਹਾਂ। ਪੂਰਬੀ ਮਨੋਵਿਗਿਆਨ ਦਸਦਾ ਹੈ, ਸਾਧਕ ਦੇ ਇਹ ਲੱਛਣ 'ਮੈਂ' ਭਾਵ ਤੋਂ ਵੱਖ ਹਨ। ਇਹ 'ਮੈਂ' ਭਾਵ ਨਾਲ ਸਬੰਧਤ ਨਹੀਂ ਹਨ। ਇਸ ਲਈ ਇਹ ਜ਼ਰੂਰੀ ਨਹੀਂ ਕਿ ਭੇਦ ਦੱਸਣ ਦਾ ਗਿਆਨ ਅਨੁਮਾਨ ਲਗਾਉਣ ਦਾ ਗਿਆਨ ਅਤੇ ਫੈਸਲਾ ਕਰਨ ਦਾ ਗਿਆਨ ਮੈਂ ਵਿਚ ਸੀਮਤ ਨਹੀਂ ਕੀਤਾ ਜਾ ਸਕਦਾ।

ਮਨ ਤੋਂ ਬਿਨਾਂ ਕੋਈ ਵੀ ਕਾਰਜ ਨਹੀਂ ਕੀਤਾ ਜਾ ਸਕਦਾ। ਮਨੁੱਖ

ਦੇ ਸਾਰੇ ਕਾਰਜ, ਬੋਲਣਾ ਸਭ ਕੁਝ ਮਨ ਹੀ ਕਰਦਾ ਹੈ। ਇਸ ਕਾਰਨ ਸਭ ਤੋਂ ਵੱਧ ਧਿਆਨ ਮਨ ਦੇ ਵਿਕਾਸ ਨੂੰ ਦੇਣਾ ਚਾਹੀਦਾ ਹੈ ਤਾਂ ਜੋ ਜੀਵਨ ਜੀਉਣ ਵਿਚ ਸਹਾਇਤਾ ਮਿਲ ਸਕੇ। ਮਾਨਸਿਕ ਅਭਿਆਸ ਤੋਂ ਭਾਵ ਹੈ ਮਨ ਨੂੰ ਸਾਰੇ ਭਰਮਾਂ ਵਿਚੋਂ ਕੱਢਣਾ ਅਤੇ ਸਾਧਨਾ ਨਾਲ ਮਨ ਦੇ ਸਾਰੇ ਗੁਣਾਂ ਨੂੰ ਵਿਕਸਿਤ ਕਰਕੇ, ਇਕ ਸੁਰ ਕਰਨਾ। ਇਹ ਇਸ ਲਈ ਅਵੱਸ਼ਕ ਹੈ ਤਾਂ ਜੋ ਇਕ ਪਾਸੇ ਵਿਕਾਸ ਨਾ ਹੋਵੇ।

## ਗੀਤਾ ਦਾ ਇਤਿਹਾਸਕ ਪਿਛੋਕੜ

ਗੀਤਾ ਦਾ ਸਥਾਨ, ਬਾਕੀ ਦੇ ਗ੍ਰੰਥਾਂ ਦੇ ਮਨੋਵਿਗਿਆਨ ਅਤੇ ਫਿਲਾਸਫੀ ਨਾਲੋਂ ਬਿਲਕੁਲ ਅਲੱਗ ਹੈ। ਇਸ ਦਾ ਆਰੰਭ ਬੜੇ ਹੀ ਅਨੋਖੀ ਤਰ੍ਹਾਂ ਹੁੰਦਾ ਹੈ ਦੋਨੋਂ ਫੌਜਾਂ ਲੜਾਈ ਦੇ ਮੈਦਾਨ ਵਿਚ ਆਮ੍ਹਣੇ-ਸਾਮ੍ਹਣੇ ਖੜ੍ਹੀਆਂ ਹਨ। ਅਠਾਰ੍ਹਾਂ ਦਿਨ ਲੜਾਈ ਚਲਦੀ ਹੈ ਅਤੇ ਅਠਾਰ੍ਹਾਂ ਦਿਨ ਹੀ ਪ੍ਰਵਚਨ ਚਲਦੇ ਹਨ। ਬਹੁਤ ਸਾਰੇ ਵਿਦੇਸ਼ੀ ਜਦੋਂ ਪਹਿਲੀ ਵਾਰੀ ਇਹ ਗ੍ਰੰਥ ਪੜ੍ਹਦੇ ਹਨ ਬਹੁਤ ਹੈਰਾਨ ਹੁੰਦੇ ਹਨ ਅਤੇ ਉਲਝ ਜਾਂਦੇ ਹਨ। ਜਦੋਂ ਉਹ ਪਹਿਲਾ ਅਧਿਆਏ ਪੜ੍ਹਦੇ ਹਨ ਜਿਸ ਵਿਚ ਲੜਾਈ ਦੇ ਮੈਦਾਨ ਦਾ ਸਾਰਾ ਵਰਨਣ ਹੈ ਅਤੇ ਪੜ੍ਹਨ ਵਾਲੇ ਨੂੰ ਲੜਾਈ ਦਾ ਕਾਰਣ ਬਿਲਕੁਲ ਨਹੀਂ ਪਤਾ, ਸਮਰਥਕ ਨਹੀਂ ਪਤਾ। ਬਹੁਤ ਸਾਰੇ ਪੜ੍ਹਨ ਵਾਲਿਆਂ ਨੂੰ ਇਹ ਨਹੀਂ ਪਤਾ ਕਿ ਉਹ ਸੰਸਾਰ ਦੀ ਸਭ ਤੋਂ ਲੰਬਾ ਮਹਾਂ ਕਾਵਿ ਪੜ੍ਹ ਰਹੇ ਹਨ ਜੋ ਕਿ ਇਲੀਆਦ (illiad) ਅਤੇ ਔਡੀਸੀ (odyssey) ਨੂੰ ਮਿਲਾ ਕੇ ਵੀ ਦੋਨਾਂ ਨਾਲੋਂ ਵੱਡੀ ਹੈ। ਗੀਤਾ ਦੀਆਂ ਕੇਵਲ 700 ਤੁਕਾਂ (ਬੰਦ) ਹਨ ਮਹਾਂਭਾਰਤ ਦੇ ਸਾਰੇ ਇਕ ਸੌ ਹਜ਼ਾਰ ਵਿਚੋਂ। ਜੇ ਪਾਠਕ ਮਹਾਂਭਾਰਤ ਤੋਂ ਜਾਣੂ ਹੋਣ ਤਾਂ ਪਹਿਲੇ ਅਧਿਆਏ ਦੀਆਂ ਘਟਨਾਵਾਂ ਉਨ੍ਹਾਂ ਦੇ ਸਮਝਣ ਲਈ ਸੌਖੀਆ ਹੋ ਜਾਣ। ਉਸ ਤੋਂ ਪਹਿਲਾਂ ਕੀ ਹੋਇਆ ਹੈ, ਪੜ੍ਹਣ ਵਾਲਾ ਬਿਲਕੁਲ ਉਲਝ ਜਾਂਦਾ ਹੈ ਅਤੇ ਜੋ ਕ੍ਰਿਸ਼ਨ ਜੀ ਕਹਿ ਰਹੇ ਹਨ ਉਸ ਨੂੰ ਉਹ ਸਮਝ ਨਹੀਂ ਸਕਦਾ।

ਮਹਾਂਭਾਰਤ ਵਿਚ ਉਹ ਸਾਰੀਆਂ ਘਟਨਾਵਾਂ ਵਰਨਣ ਕੀਤੀਆਂ ਗਈਆਂ ਹਨ ਜੋ ਲੜਾਈ ਤੋਂ ਪਹਿਲਾਂ ਹੋਈਆਂ ਅਤੇ ਜਿਹੜਾ ਲੜਾਈ ਦੇ ਬਾਰੇ ਦੱਸਦੀਆਂ ਹਨ। ਇਹ ਵੀ ਦੱਸਦੀਆਂ ਹਨ ਕਿ ਲੜਾਈ ਤੋਂ ਬਾਅਦ ਕੀ ਹੋਇਆ। ਇਹ ਘਟਨਾਵਾਂ ਕੋਈ 5000 ਸਾਲ ਪਹਿਲਾਂ ਹੋਈਆਂ ਹਨ ਪਰ ਸਾਡੇ ਲਈ ਇਤਿਹਾਸਕ ਮਹੱਤਤਾ ਦਾ ਕੋਈ ਮੰਤਵ ਨਹੀਂ। ਅਸੀਂ ਤਾਂ ਗੀਤਾ ਦੇ ਉਸ ਮਨੋਵਿਗਿਆਨਕ ਪੱਖ ਨੂੰ ਜਾਣਨਾ ਚਾਹੁੰਦੇ ਹਾਂ ਜੋ ਅੰਦਰ ਦਾ ਗਿਆਨ ਕਰਾਉਂਦਾ ਹੈ। ਮਹਾਂਭਾਰਤ ਗਿਆਨ ਦਾ ਸਾਗਰ ਹੈ ਜਿਸ ਵਿਚੋਂ ਸਾਨੂੰ ਸੁਚੱਜਾ ਜੀਵਨ ਜੀਉਣ ਦੀ ਜਾਂਚ ਪਤਾ ਲਗਦੀ ਹੈ। ਇਸ ਨੂੰ ਇਕ ਬਹੁਤ ਡੂੰਘਾ, ਗੰਭੀਰ ਮਨੋਵਿਗਿਆਨਕ ਵਿਚਾਰ ਜਾਣ ਕੇ ਪੜ੍ਹਨਾ ਚਾਹੀਦਾ ਹੈ। ਗੀਤਾ ਦਾ ਇਕ ਸੰਖੇਪ ਜਿਹਾ ਸਾਰ ਦੇ ਰਹੇ ਹਾਂ ਤਾਂ ਜੋ ਗੀਤਾ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕੇ।

ਧਰਿਤਰਾਸ਼ਟਰ ਰਾਜੇ ਦਾ ਜੇਸ਼ਟ ਪੁੱਤਰ ਹੈ, ਗੱਦੀ ਦਾ ਹੱਕਦਾਰ ਉਹ

ਹੀ ਸੀ। ਕਿਉਂਕਿ ਉਹ ਜਨਮ ਤੋਂ ਹੀ ਨੇਤ੍ਰਹੀਨ ਹੈ ਇਸ ਲਈ ਗੱਦੀ ਉਸ ਦੇ ਛੋਟੇ ਭਰਾ ਪਾਂਡੂ ਨੂੰ ਮਿਲ ਜਾਂਦੀ ਹੈ। ਸਮਾਂ ਪੈ ਕੇ ਪਾਂਡੂ ਦੇ ਪੰਜ ਪੁੱਤਰ ਹੁੰਦੇ ਹਨ ਜਿਨ੍ਹਾਂ ਵਿਚ ਅਰਜਨ ਜੋ ਕਿ ਗੀਤਾ ਦਾ ਨਾਇਕ ਹੈ ਪਾਂਡੂ ਦਾ ਦੂਸਰਾ ਪੁੱਤਰ ਹੈ। ਧਰਿਤਰਾਸ਼ਟਰ ਦੇ ਇਕ ਸੌ ਪੁੱਤਰ ਹਨ, ਸਭ ਤੋਂ ਵੱਡਾ ਦੁਰਯੋਧਨ ਸੀ। ਲੜਾਈ ਪਾਂਡੂ ਦੇ ਪੰਜ ਪੁੱਤਰਾਂ ਅਤੇ ਉਨ੍ਹਾਂ ਦੇ ਤਾਏ ਦੇ ਪੁੱਤਰ ਭਾਵ ਧਰਿਤਰਾਸ਼ਟਰ ਦੇ ਪੁੱਤਰਾਂ ਕੌਰਵਾਂ ਵਿਚ ਹੈ ਜਿਨ੍ਹਾਂ ਦਾ ਨਾਇਕ ਦੁਰਯੋਧਨ ਹੈ। ਅਰਜਨ ਪਾਂਡੂਆਂ ਦੀ ਫੌਜ ਦਾ ਆਗੂ ਹੈ।

ਪਾਂਡੂ ਛੋਟੀ ਉਮਰ ਵਿਚ ਹੀ ਚੜ੍ਹਾਈ ਕਰ ਗਿਆ ਸੀ ਉਸ ਦੇ ਪੰਜੋ ਪੁੱਤਰਾਂ ਦਾ ਪਾਲਨ ਪੋਸ਼ਨ ਆਪਣੇ ਤਾਏ ਦੇ ਘਰ ਹੀ ਹੋਇਆ ਜੋ ਕਿ ਗੱਦੀ ਦਾ ਮਾਲਕ ਬਣ ਬੈਠਾ ਸੀ। ਸਾਰੇ ਭਰਾ ਇਕੱਠੇ ਪਲੇ ਸਨ ਅਤੇ ਉਨ੍ਹਾਂ ਦੇ ਗੁਰੂ ਵੀ ਇਕੋ ਹੀ ਸਨ । ਸਭ ਤੋਂ ਪ੍ਰਮੁ ਸਨ - ਭੀਸ਼ਮ ਪਿਤਾਮਾ ਅਤੇ ਅਚਾਰੀਆ ਦਰੋਣ। ਧਰਿਤਰਾਸ਼ਟਰ ਆਪਣੇ ਪੁੱਤਰਾਂ ਨੂੰ ਵਧੇਰੇ ਚੰਗਾ ਸਮਝਦਾ ਸੀ ਅਤੇ ਉਨ੍ਹਾਂ ਦੀਆਂ ਦੁਰਾਚਾਰੀਆਂ ਨੂੰ ਨਜ਼ਰ ਅੰਦਾਜ਼ ਕਰਦਾ ਸੀ। ਪਾਂਡੂ ਦੇ ਪੁਤ੍ਰ ਬਹੁਤ ਗੁਣਵਾਨ ਸਨ, ਤੀਰ ਅੰਦਾਜ਼ੀ ਵਿਚ ਬਹੁਤ ਨਿਪੁੰਨ ਸਨ। ਗੁਰੂ ਜਨ ਉਨ੍ਹਾਂ ਦਾ ਬਹੁਤ ਪੱਖ ਕਰਦੇ ਸਨ। ਦੁਰਯੋਧਨ ਨੂੰ ਉਨ੍ਹਾਂ ਨਾਲ ਬੜੀ ਈਰਖਾ ਹੋ ਗਈ।

ਯੁਧਿਸ਼ਟਰ ਪਾਂਡੂ ਦਾ ਵੱਡਾ ਪੁੱਤਰ ਗੱਦੀ ਦਾ ਠੀਕ ਹੱਕਦਾਰ ਹੈ ਪਰ ਦੁਰਯੋਧਨ ਨੇ ਪਾਂਡੂ ਭਰਾਵਾਂ ਨੂੰ ਮਾਰਨ ਦੀਆਂ ਕਈ ਸਾਜਸ਼ਾਂ ਬਣਾਈਆਂ। ਉਨ੍ਹਾਂ ਨੂੰ ਜੰਗਲ ਵਿਚ ਵੀ ਭੇਜਿਆ ਤਾਂ ਕਿ ਉਹ ਆਪ ਰਾਜਾ ਬਣ ਸਕੇ। ਉਸ ਨੇ ਲਾਖ ਦਾ ਮਹੱਲ ਬਣਵਾਇਆ ਅਤੇ ਜਦੋਂ ਉਸ ਨੇ ਦੇਖਿਆ ਕਿ ਹੁਣ ਉਹ ਸੁੱਤੇ ਪਏ ਹੋਣਗੇ ਉਸ ਨੇ ਮਹੱਲ ਨੂੰ ਅੱਗ ਲਗਵਾ ਦਿਤੀ ਪਰ ਕਿਉਂਕਿ ਪਾਂਡਵਾਂ ਤੇ ਗੁਰੂ ਕ੍ਰਿਪਾ ਸੀ ਉਹ ਸਾਰੇ ਹੀ ਬਚ ਨਿਕਲੇ। ਦੁਰਯੋਧਨ ਨੇ ਉਨ੍ਹਾਂ ਨੂੰ ਜ਼ਹਿਰ ਦੇ ਕੇ ਡੋਬਣ ਦੀ ਵੀ ਕੋਸ਼ਿਸ਼ ਕੀਤੀ। ਦੋ ਵਾਰੀ ਦੁਰਯੋਧਨ ਨੇ ਯੁਧਿਸ਼ਟਰ ਚੌਪੜ ਖੇਡਣ ਲਈ ਵੰਗਾਰਿਆ। ਪਹਿਲੀ ਵਾਰੀ ਯੁਧਿਸ਼ਟਰ ਦਾ ਸਾਰਾ ਰਾਜ ਜਾਂਦਾ ਰਿਹਾ, ਪਰ ਛੇਤੀ ਹੀ ਉਨ੍ਹਾਂ ਨੂੰ ਵਾਪਸ ਲੈ ਦਿਤਾ ਗਿਆ। ਦੂਸਰੀ ਵਾਰੀ ਫੇਰ ਯੁਧਿਸ਼ਟਰ ਨੂੰ ਸੌਖੇ ਨਾਲ ਹਰਾ ਦਿਤਾ, ਉਸ ਤੋਂ ਬਾਦ ਪੰਜੇ ਭਰਾਵਾਂ ਨੂੰ ਰਾਜ ਵਿਚੋਂ ਬਾਰ੍ਹਾਂ ਸਾਲ ਲਈ ਕੱਢ ਦਿਤਾ ਗਿਆ। ਉਹ ਜੰਗਲ ਚਲੇ ਗਏ ਜਿਥੇ ਉਹ ਬੜੀ ਗਰੀਬੀ ਦਾ, ਪਰ ਰੂਹਾਨੀ ਜੀਵਨ ਬਿਤਾਉਂਦੇ ਰਹੇ। ਉਨ੍ਹਾਂ ਦੇ ਜੰਗਲ ਵਿਚ ਰਹਿਣ ਦੀ ਇਕ ਸ਼ਰਤ ਇਹ ਸੀ ਕਿ ਇਕ ਸਾਲ ਲਈ ਅਗਿਆਤ ਵਾਸ ਵਿਚ ਰਹਿਣਗੇ। ਜੇ ਪਤਾ ਲਗ ਗਿਆ ਤਾਂ ਉਨ੍ਹਾਂ ਨੂੰ ਮੁੜ ਕੇ ਬਨਵਾਸ ਭੇਜ ਦਿਤਾ ਜਾਵੇਗਾ।

ਮਹਾਂਭਾਰਤ ਦੀਆਂ ਸਾਰੀਆਂ ਘਟਨਾਵਾਂ ਹੀ ਪ੍ਰਤੀਕਾਤਮਕ ਹਨ, ਇਹ ਕੇਵਲ ਇਕ ਇਤਿਹਾਸਕ ਘਟਨਾ ਨਹੀਂ ਹੈ। ਇਹ ਮਨੁੱਖ ਦੇ ਅੰਦਰ ਦੇ ਪ੍ਰੀਵਰਤਨ ਦਾ ਸੰਕੇਤਕ ਹਨ। ਸਾਰਾ ਕ੍ਰਮਬਧ ਕਾਵਿ ਸੰਕੇਤਾਂ ਦੁਆਰਾ ਦਰਸਾਉਂਦਾ ਹੈ ਕਿ ਕਿਵੇਂ ਅਨੁਭਵ ਦੀ ਪੌੜੀ-ਪੌੜੀ ਚੜ੍ਹਦਿਆਂ, ਆਪਾ ਚੀਨਦੇ ਹੋਏ ਆਤਮ ਮਾਰਗ ਤੇ ਪਹੁੰਚ ਜਾਈਦਾ ਹੈ। ਉਦਾਹਰਣ ਵਜੋਂ

ਬਨਵਾਸ ਦਾ ਸਮਾਂ ਜਦੋਂ ਜੀਵ ਉਜਾੜ ਵਿਚ, ਜੰਗਲਾਂ ਵਿਚ ਰਹਿ ਕੇ ਆਪਾ ਚੀਨਦਾ ਹੈ ਅਤੇ ਆਪਣੇ ਆਪ ਨੂੰ ਆਤਮ ਮਾਰਗ ਲਈ ਤਿਆਰ ਕਰਦਾ ਹੈ ਇਹ ਸੰਕੇਤਕ ਰੂਪ ਵਿਚ ਬਹੁਤ ਹੀ ਵਰਤਿਆ ਗਿਆ ਹੈ। ਇਸੇ ਤਰ੍ਹਾਂ ਯੂਧੋ ਮਸੀਹ ਦੇ ਚਾਲੀ ਦਿਨਾਂ ਦਾ ਵਰਨਣ ਹੈ ਜੋ ਉਨ੍ਹਾਂ ਨੇ ਜੈਰੋਸਲਿਮ (Jerusalem) ਆਉਣ ਤੋਂ ਪਹਿਲਾਂ ਕੱਟੇ ਹਨ। ਮੋਜਿਜ਼ ਦੇ ਚਾਲੀ ਦਿਨ ਜੋ ਉਸ ਨੇ ਪਹਾੜ ਉਤੇ ਕੱਟੇ ਅਤੇ ਫੇਰ ਉਸ ਨੂੰ ਦੱਸ ਕੌਮਾਂਡਮੈਂਟਸ (Ten Commandments) ਉਤਰੀਆਂ ਜਿਸ ਨੂੰ ਇਸਾਈਆਂ ਦੇ ਇਲਾਹੀ ਹੁਕਮ ਕਹਿ ਸਕਦੇ ਹਾਂ। ਇਸ ਤਰ੍ਹਾਂ ਹੀ ਬੁੱਧ ਦਾ ਲੰਬੇ ਸਮੇਂ ਲਈ ਦਰੱਖਤ ਦੇ ਥੱਲੇ ਬੈਠ ਕੇ ਧਿਆਨ ਲਗਾਉਣਾ, ਫੇਰ ਉਨ੍ਹਾਂ ਨੂੰ ਗਿਆਨ ਹੋਣਾ ਐਸੀਆਂ ਬਹੁਤ ਸਾਰੀਆਂ ਮਿਸਾਲਾਂ ਇਤਿਹਾਸ ਵਿਚ ਮਿਲਦੀਆਂ ਹਨ।

ਜਦੋਂ ਪਾਡਵਾਂ ਨੇ ਆਪਣਾ ਸਾਰਾ ਕਰਮ ਪੂਰਾ ਕਰ ਲਿਆ ਅਤੇ ਆ ਕੇ ਰਾਜ ਦੀ ਮੰਗ ਕੀਤੀ ਤਾਂ ਦੁਰਯੋਧਨ ਨੇ ਉਨ੍ਹਾਂ ਦੀ ਠੀਕ ਮੰਗ ਨੂੰ ਪੂਰਾ ਨਾ ਹੋਣ ਦਿਤਾ। ਜੇ ਇਕ ਇਕ ਪਿੰਡ ਵੀ ਪਾਂਡਵਾਂ ਨੂੰ ਮਿਲ ਜਾਂਦਾ ਉਨ੍ਹਾਂ ਨੇ ਤਾਂ ਵੀ ਸਬਰ ਕਰ ਲੈਣਾ ਸੀ ਪਰ ਦੁਰਯੋਧਨ ਨੇ ਕਹਿ ਦਿਤਾ ਕਿ ਉਹ ਤਾਂ ਉਨ੍ਹਾਂ ਨੂੰ ਸੂਈ ਦੇ ਨੱਕੇ ਜਿੰਨੀ ਵੀ ਜ਼ਮੀਨ ਨਹੀਂ ਦੇਵੇਗਾ। ਪਾਂਡਵਾਂ ਨੇ ਯੁੱਧ ਨੂੰ ਟਾਲਣ ਦੀ ਪੂਰੀ-ਪੂਰੀ ਕੋਸ਼ਿਸ਼ ਕੀਤੀ, ਪਰ ਯੁੱਧ ਲਈ ਉਨ੍ਹਾਂ ਨੂੰ ਮਜਬੂਰ ਕੀਤਾ ਗਿਆ। ਯੁੱਧ ਕੇਵਲ ਰਾਜ ਲੈਣ ਲਈ ਨਹੀਂ ਲੜਿਆ ਗਿਆ ਸੀ ਇਹ ਯੁੱਧ ਤਾਂ ਅਛਾਈ ਤੇ ਬੁਰਾਈ ਦੇ ਨਿਰਣੇ ਦਾ ਯੁੱਧ ਸੀ।

ਸੰਕੇਤਕ ਰੂਪ ਵਿਚ ਦੋਨੋਂ ਪਾਸੇ ਦੀਆਂ ਫੌਜਾਂ ਤੋਂ ਭਾਵ, ਮਨ ਅੰਦਰ ਚਲ ਰਹੇ ਚੰਗੇ ਅਤੇ ਮੰਦੇ ਵਿਚਾਰ ਹਨ। ਜੀਵਨ ਵਿਚ ਚੰਗੇ ਵਿਚਾਰਾਂ ਦੀ ਜਿੱਤ ਹੁੰਦੀ ਹੈ ਜਾਂ ਮੰਦੇ ਵਿਚਾਰਾਂ ਦੀ, ਇਹ ਦੇਖਣ ਲਈ ਇਹ ਯੁੱਧ ਜ਼ਰੂਰੀ ਹੈ। ਹਰ ਇਕ ਜੀਵ ਦੇ ਅੰਦਰ ਮਨ ਦੀ ਸ਼ਾਂਤੀ ਲਈ ਲੜਾਈ ਚਲਦੀ ਹੀ ਰਹਿੰਦੀ ਹੈ। ਦੁਰਯੋਧਨ ਅਤੇ ਉਸ ਦੇ ਨੜਿਨਵੇਂ ਭਰਾ ਬੁਰਾਈ ਦਾ ਪ੍ਰਤੀਕ ਹਨ ਪੰਜ ਪਾਂਡਵ ਸਦਾਚਾਰ ਅਤੇ ਗੁਣਾਂ ਦੇ ਪ੍ਰਤੀਕ ਹਨ, ਜਦੋਂ ਤਰਕ ਦੇ ਅੱਗੇ ਬੁਰਾਈਆਂ ਦਾ ਪੜਦਾ ਆ ਜਾਂਦਾ ਹੈ ਤਾਂ ਸੰਸਾਰ ਵਿਚ ਸ਼ਾਂਤੀ ਨਾਲ ਰਹਿਣਾ ਔਖਾ ਹੋ ਜਾਂਦਾ ਹੈ। ਪਾਂਡਵਾਂ ਨੇ ਆਪਣੀ ਸਮੱਸਿਆ ਅਤੇ ਦੁਰਯੋਧਨ ਦੇ ਦੁਰਵਿਵਹਾਰ ਨੂੰ ਹਰ ਤਰ੍ਹਾਂ ਨਾਲ ਸੁਲਝਾਉਣ ਦੀ ਕੋਸ਼ਿਸ਼ ਕੀਤੀ। ਜਦੋਂ ਕੋਈ ਚਾਰਾ ਨਾ ਰਿਹਾ ਉਨ੍ਹਾਂ ਨੇ ਪੂਰੀ ਦ੍ਰਿੜ੍ਹਤਾ ਨਾਲ ਯੁੱਧ ਕੀਤਾ।

ਜਿਵੇਂ ਹੀ ਦੋਨੋਂ ਪਾਸੇ ਦੀਆਂ ਫੌਜਾਂ ਇਕੱਠੀਆਂ ਹੋਣੀਆਂ ਸ਼ੁਰੂ ਹੋਈਆਂ, ਦੋਨੋਂ ਹੀ ਸ੍ਰੀ ਕ੍ਰਿਸ਼ਨ ਜੀ ਕੋਲ ਉਨ੍ਹਾਂ ਦਾ ਅਸ਼ੀਰਵਾਦ ਲੈਣ ਗਏ। ਇਕ ਤਾਂ ਉਨ੍ਹਾਂ ਕੋਲ ਸਭ ਤੋਂ ਵੱਧ ਫੌਜ ਸੀ ਦੂਜਾ ਉਹ ਉਸ ਸਮੇਂ ਦੇ ਸਭ ਤੋਂ ਉਚ ਗੁਰੂ ਅਤੇ ਯੋਗੀ ਸਨ। ਦੁਰਯੋਧਨ ਅਤੇ ਅਰਜਨ ਦੋਨਾਂ ਨੇ ਸ੍ਰੀ ਕ੍ਰਿਸ਼ਨ ਨੂੰ ਬੇਨਤੀ ਕੀਤੀ ਕਿ ਯੁੱਧ ਵਿਚ ਉਹ ਉਨ੍ਹਾਂ ਦੀ ਸਹਾਇਤਾ ਕਰਨ। ਸ੍ਰੀ ਕ੍ਰਿਸ਼ਨ, ਜੋ ਚੇਤਨਤਾ ਦਾ, ਸਿਆਣਪ ਦਾ ਅਤੇ ਗਿਆਨ ਦਾ ਪ੍ਰਤੀਕ ਹਨ ਉਨ੍ਹਾਂ ਨੇ ਬਚਨ ਕੀਤੇ ਕਿ ਤੁਹਾਡੇ ਵਿਚੋਂ ਇਕ ਪਾਸੇ ਵਾਲੇ ਮੇਰੀ

ਸਾਰੀ ਫੌਜ ਲੈ ਲੈਣ ਅਤੇ ਦੂਸਰੇ ਪਾਸੇ ਵਾਲਿਆਂ ਦੇ ਨਾਇਕ ਦਾ ਮੈਂ ਰਥਵਾਨ ਅਤੇ ਸਲਾਹਕਾਰ ਹੋਵਾਂਗਾ। ਦੁਰਯੋਧਨ ਨੇ ਸ੍ਰੀ ਕ੍ਰਿਸ਼ਨ ਦੀ ਫੌਜ ਲੈਣ ਦਾ ਫੈਸਲਾ ਕੀਤਾ ਕਿਉਂ ਜੋ ਉਹ ਬਹੁਤ ਲਾਲਚੀ ਸੀ। ਲੜਾਈ ਤੋਂ ਪਹਿਲਾਂ ਸੰਜੇ ਜਿਸ ਨੂੰ ਬਹੁਤ ਸਮਝਦਾਰ ਸਮਝਿਆ ਜਾਂਦਾ ਸੀ ਉਸ ਨੂੰ ਪਾਂਡਵਾਂ ਵਲ ਯੁੱਧ ਨਾ ਕਰਨ ਦਾ ਪਰਸਤਾਵ ਦੇ ਕੇ ਭੇਜਿਆ ਗਿਆ ਪਰ ਉਸ ਨੂੰ ਨਿਰਾਸ਼ ਹੋ ਕੇ ਹੀ ਮੁੜਨਾ ਪਿਆ। ਪਾਂਡਵਾਂ ਨੇ ਉਸ ਪਰਸਤਾਵ ਨੂੰ ਮਨਜ਼ੂਰ ਨਹੀਂ ਕੀਤਾ ਸੰਜੇ ਵਾਪਸ ਧਰਿਤਰਾਸ਼ਟਰ ਕੋਲ ਆ ਜਾਂਦਾ ਹੈ।

ਗੀਤਾ ਦੇ ਸ਼ੁਰੂ ਹੋਣ ਤੋਂ ਪਹਿਲਾਂ ਦੋਨੋਂ ਪਾਸੇ ਦੀਆਂ ਫੌਜਾਂ ਆਮ੍ਹਣੇ-ਸਾਮ੍ਹਣੇ ਕੁਰਕਸ਼ੇਤਰ ਦੇ ਯੁੱਧ ਭੂਮੀ ਉਤੇ ਖੜ੍ਹੀਆਂ ਹਨ, ਯੁੱਧ ਆਰੰਭ ਹੋਣ ਵਾਲਾ ਹੈ। ਧਰਿਤਰਾਸ਼ਟਰ ਸੰਜੇ ਨਾਲ ਪਹਾੜੀ ਉਤੇ ਖੜ੍ਹਾ ਹੈ ਅਤੇ ਉਹ ਸੰਜੇ ਨੂੰ ਪੁੱਛ ਰਿਹਾ ਹੈ ਕਿ ਯੁੱਧ ਭੂਮੀ ਵਿਚ ਕੀ ਹੋ ਰਿਹਾ ਹੈ। ਪਹਿਲਾ ਅਧਿਆਏ ਸਾਨੂੰ ਉਨ੍ਹਾਂ ਬਾਰੇ ਦੱਸਦਾ ਹੈ ਜੋ ਲੜਾਈ ਵਿਚ ਹਿੱਸਾ ਲੈ ਰਹੇ ਹਨ ਅਤੇ ਸ੍ਰੀ ਕ੍ਰਿਸ਼ਨ ਦੇ ਜੋ ਪਰਵਚਨ ਅਰਜਨ ਨਾਲ ਹੁੰਦੇ ਹਨ ਉਸ ਦੀ ਭੂਮਿਕਾ ਬੰਨੀ ਗਈ ਹੈ।

ਭਗਵਤ ਗੀਤਾ ਅਧਿਆਤਮਵਾਦ ਦੀ ਐਨੀ ਪਿਆਰੀ ਫਿਲਾਸਫੀ ਹੈ ਕਿ ਇਸ ਨੂੰ ਸੰਸਾਰ ਵਿਚ ਬਹੁਤ ਸਤਿਕਾਰ ਦਿਤਾ ਜਾਂਦਾ ਹੈ ਅਤੇ ਬਹੁਤ ਪਿਆਰ ਦੇ ਨਾਲ ਇਸ ਦੇ ਗੂੜ੍ਹ ਰਹੱਸਾਂ ਨੂੰ ਸਮਝਣ ਦਾ ਜਤਨ ਕੀਤਾ ਜਾਵੇ। ਵੇਦ ਵਿਆਸ ਜੀ ਇਸ ਫਿਲਾਸਫੀ ਨੂੰ ਅੱਖਰਾਂ ਦਾ ਰੂਪ ਦੇਣ ਵਾਲੇ ਮੰਨੇ ਗਏ ਹਨ। ਜਦ ਤੋਂ ਇਹ ਲਿਖਤ ਰੂਪ ਵਿਚ ਆਈ ਉਸ ਵੇਲੇ ਤੋਂ ਹੀ ਸੰਸਾਰ ਦੇ ਮਹਾਨ ਵਿਦਵਾਨ ਅਨੇਕ ਭਾਸ਼ਾਵਾਂ ਵਿਚ ਅਨੁਵਾਦਿਤ ਕਰ ਚੁੱਕੇ ਹਨ। ਇਸ ਫਿਲਾਸਫੀ ਨੂੰ ਜਾਨਣਾ 'ਆਤਮ ਮਾਰਗ' ਦੇ ਪਾਂਧੀ ਲਈ ਅਤਿਅੰਤ ਜ਼ਰੂਰੀ ਹੈ ਇਸ ਦਾ ਉਚਾਰਣ ਬ੍ਰਹਮ ਭਾਵ ਵਿਚ ਲੀਨ ਹੋ ਕੇ ਉਤਮ ਪੁਰਖ ਰਾਹੀਂ ਕੀਤਾ ਗਿਆ ਹੈ। ਜੋ ਕਈਆਂ ਨੂੰ ਇਹ ਭੁਲੇਖਾ ਪਾਉਂਦਾ ਹੈ ਕਿ ਜੋ ਬਚਨ ਉਚਾਰੇ ਜਾ ਰਹੇ ਹਨ ਉਹ ਕ੍ਰਿਸ਼ਨ ਮਹਾਰਾਜ ਜੀ ਦੇ ਵਿਅਕਤੀਤਵ ਨਾਲ ਸਬੰਧ ਰਖਦੇ ਹਨ ਯਾਨਿ ਕਿ ਪ੍ਰਕ੍ਰਿਤਕ ਸਰੀਰ ਨਾਲ ਨਿਜੀ ਸਬੰਧ ਰੱਖਿਆ ਗਿਆ ਹੈ ਪਰ ਜਦੋਂ ਅਸੀਂ ਭਰਮਾਂ ਤੋਂ ਰਹਿਤ ਹੋ ਕੇ ਤੱਤ ਦੀ ਖੋਜ ਵਿਚ ਜਾਂਦੇ ਹਾਂ ਤਾਂ ਪਤਾ ਲਗਦਾ ਹੈ ਕਿ ਇਹ ਇਕ ਵਿਸ਼ਵ ਵਰਤੀ ਸਿਧਾਂਤ ਹੈ ਜਿਸਨੂੰ ਅਨਯ ਪੁਰਖ ਦੀ ਥਾਂ ਉਤਮ ਪੁਰਸ਼ ਨੇ ਉਚਾਰਿਆ ਹੈ। ਇਸ ਤੋਂ ਦੂਸਰੇ ਧਰਮਾਂ ਦੇ ਅਭਿਲੰਬੀਆਂ ਦੇ ਮਨਾਂ ਵਿਚ ਸ਼ੰਕਾ ਖੜ੍ਹਾ ਹੋ ਜਾਂਦਾ ਹੈ ਕਿ ਕ੍ਰਿਸ਼ਨ ਮਹਾਰਾਜ ਆਪਣੇ ਆਪ ਨੂੰ ਪਾਰਬ੍ਰਹਮ ਪ੍ਰਮੇਸਰ ਕਹਿ ਕੇ ਸੰਬੋਧਨ ਕਰਦੇ ਹਨ। ਇਹ ਇਕ ਤਰੀਕਾ ਹੈ ਕਿ ਚਾਹੇ ਉਤਮ ਪੁਰਖ ਦੇ ਰਾਹੀਂ ਬੋਲਿਆ ਜਾਵੇ, ਚਾਹੇ ਕਨਿਸ਼ਟ ਪੁਰਖ ਰਾਹੀਂ, 'ਉਹ' ਤੇ 'ਤੂੰ' ਵਰਤ ਕੇ ਸਿਧਾਂਤ ਪ੍ਰਗਟ ਕੀਤਾ ਜਾਵੇ, ਚਾਹੇ 'ਮੈਂ' ਦਾ ਅੱਖਰ ਵਰਤਿਆ ਹੋਵੇ ਇਹ ਕੇਵਲ ਮੌਕੇ ਦੇ ਮੁਤਾਬਿਕ ਜਗਿਆਸੂਆਂ ਦੀ ਸੂਝ ਦੇ ਮੁਤਾਬਿਕ ਬੋਲਿਆ ਜਾ ਸਕਦਾ ਹੈ। ਜਦੋਂ ਇਕੋ ਪ੍ਰਮੇਸ਼ਰ ਸਾਰੇ ਪਰੀਪੂਰਨ ਹੈ ਤਾਂ ਉਥੇ ਨਾ 'ਮੈਂ' ਦਾ ਸਵਾਲ ਉਠਦਾ ਹੈ ਨਾ 'ਤੂੰ' ਦਾ ਉਠਦਾ ਹੈ, ਉਹ ਤਾਂ ਕੇਵਲ ਅਦ੍ਵੈਤ ਹੈ ਜਿਥੇ ਇਕ ਤੋਂ ਬਿਨਾਂ ਹੋਰ ਹੈ ਹੀ ਕੋਈ ਨਹੀਂ

ਪਰ ਮਨੁੱਖੀ ਬੋਲੀ ਵਿਚ ਲਿਆਉਣ ਲਈ 'ਮੈਂ' ਤੇ 'ਤੂੰ' ਦੀ ਵਰਤੋਂ ਕਰਨੀ ਪੈਂਦੀ ਹੈ।

ਗੁਰਮਤਿ ਮਾਰਗ ਵਿਚ, ਸਾਰੇ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਤੂੰ' ਦਾ ਸਿਧਾਂਤ ਦਿਤਾ ਗਿਆ ਹੈ ਕਿਉਂਕਿ ਕਲਜੁੱਗ ਦੇ ਪ੍ਰਭਾਵ ਕਰਕੇ ਜੀਵਾਂ ਦੀ ਬੁੱਧੀ ਮੰਦ ਹੋ ਚੁੱਕੀ ਸੀ ਅਤੇ 'ਮੈਂ' ਕਹਿਣ ਦੇ ਨਾਲ ਉਸ ਦਾ ਵਿਅਕਤੀਗਤ ਅਸਿਤਤ੍ਵ ਸਾਮ੍ਹਣੇ ਆ ਜਾਂਦਾ ਸੀ ਅਤੇ ਕਈ ਵਾਰ 'ਅਹੰ ਬ੍ਰਹਮਅਸਵੀ' ਕਹਿਣ ਵਾਲਾ ਆਪਣੇ ਨਿੱਜੀ ਵਜੂਦ ਨੂੰ ਹੀ ਪ੍ਰਸਾਰ ਕਰਦਾ ਸੀ ਪਰ ਕਲਜੁਗੀ ਪ੍ਰਭਾਵਾਂ ਕਰਕੇ ਇਹ ਸਮਝਣ ਵਾਲਿਆਂ ਨੂੰ ਵੀ ਭੁਲੇਖੇ ਵਿਚ ਪਾਉਂਦਾ ਹੈ ਤੇ ਬੋਲਣ ਵਾਲਿਆਂ ਨੂੰ ਵੀ ਭੁਲੇਖੇ ਵਿਚ ਹੀ ਰੱਖਦਾ ਹੈ ਇਸ ਕਰਕੇ 'ਤੂੰ' ਅੱਖਰ ਦਾ ਪ੍ਰਯੋਗ ਕੀਤਾ ਗਿਆ ਪਰ ਜੇ ਵਿਚਾਰ ਕਰੀਏ ਤਾਂ ਜੋ ਪ੍ਰਾਣੀ 'ਤੂੰ' ਕਹਿ ਰਿਹਾ ਹੈ ਅਤੇ ਤੂੰਹੀਂ-ਤੂੰਹੀਂ ਕਹਿ ਰਿਹਾ ਹੈ ਉਹ ਆਪਣੇ ਆਪ ਨੂੰ 'ਮੈਂ' ਸਮਝ ਰਿਹਾ ਹੈ 'ਤੂੰ' ਦੀ ਸਮਝ ਉਸ ਲਈ ਕੁਝ ਵਧੇਰੇ ਔਖੇਰੀ ਲਗਦੀ ਹੈ ਫੇਰ ਇਸਲਾਮ ਦੇ ਸੂਫੀਆਂ ਨੇ ਇਕ ਹੋਰ ਤਰੀਕਾ ਅਪਣਾਇਆ ਅਤੇ ਕਿਹਾ 'ਹਮਾਓਸਤ' ਇਹ ਉਹ ਹੀ ਹੈ, ਇਹ ਜੋ ਕੁਝ ਦਿਸ ਰਿਹਾ ਹੈ, ਉਹ ਨੂਰ ਹੀ ਹੈ ਇਸ ਵਿਚ 'ਮੈਂ' ਤੇ 'ਤੂੰ' ਦੀ ਥਾਂ 'ਉਹ' ਦਾ ਪ੍ਰਯੋਗ ਕੀਤਾ ਗਿਆ। ਜਦੋਂ ਅਸੀਂ ਗਹਿਰੀ ਵਿਚਾਰ ਦੇ ਨਾਲ ਅੰਤਰ ਆਤਮੇ ਵਿਚਾਰ ਕਰਦੇ ਹਾਂ ਤਾਂ ਇਹ ਭੁਲੇਖੇ ਸਾਰੇ ਦੂਰ ਹੋ ਜਾਂਦੇ ਹਨ। ਚਾਹੇ 'ਮੈਂ' ਕਹਿ ਲਓ, ਚਾਹੇ 'ਤੂੰ' ਕਹਿ ਲਓ, ਚਾਹੇ 'ਉਹ' ਕਹਿ ਲਓ, ਗੱਲ ਇਕੋ ਹੀ ਹੋਇਆ ਕਰਦੀ ਹੈ ਪਰ ਅਨਅਧਿਕਾਰੀ ਜਗਿਆਸੂਆਂ ਦੀ ਸਮਝ ਵਿਚ ਇਹ ਅਵਸਥਾ ਆਉਣੀ ਅਤਿਕਠਨ ਹੈ, ਉਹ ਝਗੜੇ ਖੜ੍ਹੇ ਕਰ ਲੈਂਦੇ ਹਨ। ਅੱਖਰਾਂ ਪਿਛੇ ਲੜਾਈ ਕਰ ਲੈਂਦੇ ਹਨ, ਸਿਧਾਂਤ ਨੂੰ ਜਾਨਣ ਦਾ ਜਤਨ ਨਹੀਂ ਕਰਦੇ।

ਗੀਤਾ ਦਾ ਉਚਾਰਨ ਉਸ ਸਮੇਂ ਹੋਇਆ ਜਦੋਂ ਅਜੇ ਕਲਜੁੱਗ ਦੀ ਹਨ੍ਹੇਰੀ ਮਾਨਸ ਮਨ ਦੇ ਉਪਰ ਝੁੱਲੀ ਨਹੀਂ ਸੀ ਅਤੇ ਕਾਲੀ ਬੋਲੀ ਰਾਤ ਇਸ ਹਨ੍ਹੇਰੀ ਨੇ ਨਹੀਂ ਪਾਈ ਸੀ। ਉਸ ਸਮੇਂ ਉਤਮ ਪੁਰਸ਼ ਰਾਹੀਂ ਹੀ ਉਪਦੇਸ਼ ਹੋਇਆ ਕਰਦਾ ਸੀ। ਗੁਰੂ ਵੀ ਆਪਣੇ ਸ਼ਿਸ਼ ਨੂੰ ਉਪਦੇਸ਼ ਦੇਣ ਵੇਲੇ ਇਹੋ ਕਰਦਾ ਸੀ ਕਿ ਜਿਸ ਪਾਰਬ੍ਰਹਮ ਪ੍ਰਮੇਸ਼ਰ ਦੀ ਖੋਜ ਵਾਸਤੇ ਕਠਨ ਤਪ ਤਪਸਿਆ ਕਰ ਰਿਹਾ ਹੈਂ ਉਹ 'ਮੈਂ' ਹੀ ਹਾਂ। ਸ਼ਿਸ਼ ਆਪਣੇ ਗੁਰੂ ਵਿਚ ਪੂਰੀ ਤਰ੍ਹਾਂ ਪ੍ਰਮੇਸ਼ਰ ਭਾਵਨਾ ਰੱਖਿਆ ਕਰਦਾ ਸੀ ਉਸ ਦੇ ਮਹਾਂਵਾਕ ਜਗਿਆਸੂ ਦੇ ਮਨ ਦੇ ਹਨ੍ਹੇਰੇ ਨੂੰ ਦੂਰ ਕਰਕੇ ਪ੍ਰਕਾਸ਼ਿਤ ਕਰ ਦਿਆ ਕਰਦੇ ਸਨ। ਜਗਿਆਸੂ ਵੀ ਸਮਝਦਾ ਸੀ ਕਿ ਮੇਰਾ ਗੁਰੂ ਸੰਸਾਰ ਦੇ ਉਧਾਰ ਵਾਸਤੇ ਦਿਸਣ ਵਾਸਤੇ ਸਰੀਰਧਾਰੀ ਹੈ ਪਰ ਇਸ ਵਿਚ ਅਤੇ ਪਾਰਬ੍ਰਹਮ ਪ੍ਰਮੇਸ਼ਰ ਵਿਚ ਰੰਚਕ ਮਾਤਰ ਵੀ ਭੇਦ ਨਹੀਂ ਹੈ ਜਿਵੇਂ ਕਿ ਗੁਰਬਾਣੀ ਦਾ ਵੀ ਸਿਧਾਂਤ ਹੈ -

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥***

'ਆਤਮ ਮਾਰਗ' ਦੇ ਐਡੀਟੋਰੀਅਲ ਬੋਰਡ ਨੇ ਆਪਣੇ ਪਾਠਕਾਂ ਦੇ ਗਿਆਨ ਦਾ ਘੇਰਾ ਵਧੇਰੇ ਪਸਾਰੇ ਵਿਚ ਲਿਜਾਣ ਲਈ ਆਨ-ਮਤਾਂ ਦੇ ਸਾਧੂ, ਸੰਤਾਂ, ਪੀਰਾਂ, ਸੂਫੀਆਂ, ਰਿਸ਼ੀਆਂ-ਮੁਨੀਆਂ ਦੇ ਸਤਿ ਬਚਨ ਇਸ ਮੈਗਜ਼ੀਨ ਵਿਚ ਛਾਪਣੇ ਸ਼ੁਰੂ ਕੀਤੇ ਹਨ। ਹੁਣ ਇਸੇ ਲੜੀ ਵਿਚ ਭਗਵਤ ਗੀਤਾ ਦੀ ਅਧਿਆਤਮਕ ਵਿਦਿਆ ਆਪ ਦੀ ਜਾਣਕਾਰੀ ਵਾਸਤੇ ਛਾਪੀ ਜਾ ਰਹੀ ਹੈ। ਇਸ ਵਿਚ ਵਾਦ-ਵਿਵਾਦ ਤੋਂ ਉਚੇ ਹੋ ਕੇ ਸਤਿ ਨੂੰ ਪਹਿਚਾਨਣ ਦਾ ਜਤਨ ਕਰੋ ਅਤੇ ਆਪਣੇ ਕੱਟੜ ਪ੍ਰਭਾਵਾਂ, ਨਿਸ਼ਚਿਆਂ ਦੀਆਂ ਵਲਗਣਾਂ ਤੋੜ ਕੇ ਵਿਸ਼ਵ-ਵਿਆਪੀ ਕਰੋ ਤਾਂ ਇਸ ਦਾ ਲਾਭ ਪਾਠਕਾਂ ਨੂੰ ਪ੍ਰਾਪਤ ਹੋਵੇਗਾ। 'ਭਗਵਤ ਗੀਤਾ ਦੀ ਚਿਰ ਸਥਾਈ ਆਤਮ-ਵਿਦਿਆ' ਦੇ ਮੁਖ ਲੇਖਕ ਡਾ. ਸਵਾਮੀ ਰਾਮ ਜੀ ਰਿਸ਼ੀਕੇਸ਼ ਵਾਲੇ ਹਨ ਅਤੇ ਅਨੁਵਾਦ ਡਾ. ਬੀਬੀ ਤੇਜਿੰਦਰ ਮਲਹੋਤਰਾ ਜੀ ਰਾਹੀਂ ਹੋ ਰਿਹਾ ਹੈ।

# ਪਹਿਲਾ ਅਧਿਆਏ

## ਅਰਜਨ ਦੀ ਉਪਰਾਮਤਾ

ਧਰਿਤਰਾਸ਼ਟਰ ਪੁਛਦਾ ਹੈ –

"ਓ ਸੰਜੇ! ਮੇਰੇ ਪੁਤਰ ਅਤੇ ਪਾਂਡੂ ਦੇ ਪੁੱਤਰ ਯੁੱਧ ਭੂਮੀ ਕੁਰਕਸ਼ੇਤਰ, ਪੁਨਰ ਭੂਮੀ ਉਤੇ ਖੜ੍ਹੇ ਕੀ ਕਰ ਰਹੇ ਹਨ?" "ਲੜਾਈ ਦੀ ਇੱਛਾ ਕਰ ਰਹੇ ਹਨ।"

ਪਹਿਲਾ ਅਧਿਆਏ ਗੀਤਾ ਦੀ ਭੂਮਿਕਾ ਬੰਨ੍ਹਦਾ ਹੈ। ਧਰਿਤਰਾਸ਼ਟਰ ਜੋ ਕਿ ਨੇਤਰ-ਹੀਣ ਹੈ, ਪਹਾੜੀ ਉਤੇ ਖੜ੍ਹਾ ਹੈ ਅਤੇ ਯੁੱਧ ਭੂਮੀ ਉਸ ਪਹਾੜੀ ਉਤੋਂ ਦਿਸਦੀ ਹੈ। ਬੜੀ ਵਿਆਕੁਲਤਾ ਨਾਲ ਅਧਰਮੀ ਧਰਿਤਰਾਸ਼ਟਰ ਜਾਨਣਾ ਚਾਹੁੰਦਾ ਹੈ ਕਿ ਕੀ ਹੋ ਰਿਹਾ ਹੈ। ਸੋ ਉਹ ਆਪਣੇ ਰਥਵਾਨ ਸੰਜੇ ਨੂੰ ਕਹਿ ਰਿਹਾ ਹੈ ਕਿ ਉਹ ਯੁੱਧ ਭੂਮੀ ਦਾ ਪੂਰਾ ਦ੍ਰਿਸ਼ ਚਿਤਰੇ। ਸੰਜੇ, ਜੋ ਕਿ ਗੀਤਾ ਦਾ ਕਥਾ ਵਾਚਕ ਬਹੁਤ ਹੀ ਉਪਲਬਧੀਆਂ ਵਾਲਾ ਹੈ, ਉਸ ਕੋਲ ਦਿੱਬਯ ਨੈਣ ਹਨ ਅਤੇ ਜੋ ਕੁਛ ਯੁੱਧ ਭੂਮੀ ਉਤੇ ਹੋ ਰਿਹਾ ਹੈ ਉਹ ਪੂਰੀ ਤਰ੍ਹਾਂ ਦੱਸ ਸਕਦਾ ਹੈ ਭਾਵੇਂ ਕਿੰਨੀ ਵੀ ਦੂਰ ਕਿਉਂ ਨਾ ਹੋਵੇ। ਸੋ ਸੰਜੇ ਧਰਿਤਰਾਸ਼ਟਰ ਨੂੰ ਪੂਰੀ ਤਰ੍ਹਾਂ ਜੋ ਵੀ ਯੁੱਧ ਭੂਮੀ ਉਤੇ ਹੋ ਰਿਹਾ ਹੈ, ਦਸਦਾ ਹੈ, ਸਮਝਾਉਂਦਾ ਹੈ। ਅਗਿਆਨੀ ਅਤੇ ਅਧਰਮੀ ਲੋਕ ਸੁਆਰਥੀ ਹੋਣ ਕਰਕੇ ਰੂਹਾਨੀ ਪਖੋਂ ਨੇਤਰਹੀਨ ਹੁੰਦੇ ਹਨ, ਉਹ ਵਾਸਤਵਿਕਤਾ ਨੂੰ ਮੰਨਦੇ ਨਹੀਂ। ਧਰਿਤਰਾਸ਼ਟਰ ਨੇ ਭੋਲੇ, ਸਤਿਵਾਦੀ ਆਪਣੇ ਭਤੀਜਿਆਂ ਦਾ ਰਾਜ ਕਾਬੂ ਕਰ ਲਿਆ ਅਤੇ ਫੇਰ ਉਸ ਨੂੰ ਵਾਪਸ ਕਰਨ ਲਈ ਮੁਕਰ ਗਿਆ। ਹਰ ਪਰਿਵਾਰ ਵਿਚ, ਸਮਾਜ ਵਿਚ ਅਤੇ ਸੰਸਥਾ ਵਿਚ ਵੱਡਿਆਂ ਨੂੰ ਚਾਹੀਦਾ ਹੈ ਕਿ ਛੋਟਿਆਂ ਦੇ ਹੱਕ ਉਨ੍ਹਾਂ ਨੂੰ ਪੂਰੀ ਤਰ੍ਹਾਂ ਦੇਣ। ਜਦੋਂ ਛੋਟਿਆਂ ਦੇ ਹੱਕ ਉਨ੍ਹਾਂ ਨੂੰ ਨਹੀਂ ਦਿਤੇ ਜਾਂਦੇ, ਉਹ ਨਿਰਾਸ ਹੋ ਜਾਂਦੇ ਹਨ ਅਤੇ ਉਨ੍ਹਾਂ ਦੇ ਮਨ ਵਿਚ ਪ੍ਰਤਿਕ੍ਰਿਆ ਪੈਦਾ ਹੋ ਜਾਂਦੀ ਹੈ।

ਅਸੀਂ ਇਹ ਭੁੱਲ ਜਾਂਦੇ ਹਾਂ ਕਿ ਜੀਵਨ ਬਹੁਤ ਥੋੜ੍ਹਾ ਹੈ। ਸਾਨੂੰ ਕੇਵਲ ਉਹ ਹੀ ਕਰਮ ਕਰਨੇ ਚਾਹੀਦੇ ਹਨ ਜਿਹੜੇ ਗਿਆਨ ਦੀ ਪ੍ਰਾਪਤੀ ਲਈ ਸਹਾਇਕ ਹੋਣ; ਉਹ ਕਰਮ ਨਹੀਂ ਕਰਨੇ ਚਾਹੀਦੇ ਜਿਨ੍ਹਾਂ ਨਾਲ ਸੰਸਾਰ ਨਾਲ ਮੋਹ ਵਧੇ। ਆਪ ਨੂੰ ਪਛਾਣ ਲੈਣਾ ਹੀ ਜੀਵਨ ਮਨੋਰਥ ਹੈ। ਜਿਹੜੇ ਇਸ ਨੂੰ ਨਹੀਂ ਜਾਣਦੇ ਉਹ ਆਪਣਾ ਜੀਵਨ ਕੌਡੀਆਂ ਦੇ ਭਾਅ ਗਵਾ ਲੈਂਦੇ ਹਨ, ਜਦੋਂ ਕਿ ਇਸ ਜੀਵਨ ਨੂੰ ਰੂਹਾਨੀ ਬਣਾ ਕੇ ਲਾਹਾ ਖੱਟਿਆ ਜਾ ਸਕਦਾ ਹੈ। ਸੁਆਰਥੀ ਬਣ ਕੇ ਵਿਅਕਤੀਤਵ ਫੈਲਦਾ ਨਹੀਂ, ਪ੍ਰਭਾਵਿਤ ਨਹੀਂ ਬਣਦਾ ਸਗੋਂ ਸੁੰਗੜ ਜਾਂਦਾ ਹੈ, ਵਿਸ਼ਵ ਚੇਤਨਾ ਲੈਣ ਦੇ ਕਾਬਲ ਹੀ ਨਹੀਂ ਰਹਿੰਦਾ। ਧਰਿਤਰਾਸ਼ਟਰ ਵਰਗੇ ਅਗਿਆਨੀ ਕੇਵਲ ਆਪਣੇ ਲਈ ਹੀ ਜਿਉਂਦੇ ਹਨ, ਉਹ ਦੂਸਰਿਆਂ ਲਈ ਉਦਾਰ ਨਹੀਂ ਹੋ ਸਕਦੇ।

ਅਰਜਨ ਇਸ ਗੱਲ ਤੋਂ ਪੂਰੀ ਤਰ੍ਹਾਂ ਜਾਣੂੰ ਸੀ ਕਿ ਸਚਾਈ ਜਾਣੇ ਬਿਨਾਂ ਬਾਹਰੀ ਸੰਸਾਰ, ਧਨ ਦੌਲਤ ਕੁਝ ਵੀ ਜੀਵਨ ਮਨੋਰਥ ਨੂੰ ਪੂਰਾ ਨਹੀਂ

ਕਰ ਸਕਦੇ। ਜੀਵਨ ਦਾ ਪ੍ਰਮ ਮਨੋਰਥ ਹੈ – ਸੁਚੇਤ ਹੋਣਾ, ਸਤਰਕ ਹੋਣਾ ਅਤੇ ਆਤਮ ਗਿਆਨ ਪ੍ਰਾਪਤ ਕਰਨਾ। ਜਦੋਂ ਮਨੁੱਖ ਇਹ ਭੁੱਲ ਜਾਂਦਾ ਹੈ ਉਹ ਸੰਸਾਰ ਰੂਪੀ ਜੰਗਲ ਵਿਚ ਗੁਆਚ ਜਾਂਦਾ ਹੈ। ਜੀਵਨ ਮਨੋਰਥ ਲਈ ਸਤ੍ਰਕ ਰਹਿਣਾ ਚਾਹੀਦਾ ਹੈ। ਕੇਵਲ ਸਚਾਈ ਨੂੰ ਜਾਣ ਲੈਣ ਨਾਲ ਹੀ ਮਨੁੱਖ ਭਟਕਣ ਤੋਂ, ਸੰਸਾਰਕ ਆਕਰਸ਼ਣਾਂ ਤੋਂ ਬਚ ਸਕਦਾ ਹੈ। ਜਦੋਂ ਅਰਜਨ ਵਰਗਾ ਜਗਿਆਸੂ ਹਰ ਸਮੇਂ ਗੁਰੂ ਨਾਲ ਸੰਪਰਕ ਰਖੇਗਾ ਅਤੇ ਕ੍ਰਿਸ਼ਨ ਜੀ ਉਸ ਦੇ ਗੁਰੂ ਹੋਣਗੇ, ਮੁਕਤੀ ਸੌਖੀ ਮਿਲ ਜਾਂਦੀ ਹੈ, ਇਥੇ ਹੀ ਮਿਲ ਜਾਂਦੀ ਹੈ।

ਸੰਜੇ ਨੇ ਜਵਾਬ ਦਿਤਾ –

2. ਦੁਰਯੋਧਨ ਨੇ ਜਦੋਂ ਪਾਂਡਵਾਂ ਦੀ ਫੌਜ ਨੂੰ ਯੁੱਧ ਭੂਮੀ ਤੇ ਦੇਖਿਆ, ਉਹ ਆਪਣੇ ਗੁਰੂ ਦਰੌਣ ਕੋਲ ਗਿਆ ਅਤੇ ਕਹਿਣ ਲੱਗਾ।

3. ਗੁਰੂਦੇਵ ਪਾਂਡਵਾਂ ਦੀ ਇਹ ਲੰਮੀ ਚੌੜੀ ਫੌਜ ਜੋ ਯੁੱਧ ਭੂਮੀ ਵਿਚ ਆਪ ਦੇ ਸਿਆਣੇ ਸ਼ਿਸ਼ ਧਰੂਪਦ ਨੇ ਇਕੱਠੀ ਕੀਤੀ ਹੈ।

4. ਪਾਂਡਵਾਂ ਦੀ ਫੌਜ ਵਿਚ ਭੀਮ ਅਰਜਨ ਵਰਗੇ ਯੋਧੇ ਹਨ ਜੋ ਯੁੱਧ ਕਰਨ ਵਿਚ ਬਹੁਤ ਨਿਪੁੰਨ ਹਨ, ਯਯੁਧਾਨ, ਵਿਰਾਟ ਅਤੇ ਧਰੂਪਦ ਹਰ ਇਕ ਕੋਲ 11,000 ਰਥ ਹਨ।

5. ਧਰਿਸ਼ਟ ਕੇਤੂ, ਚੇਕੀਤਾਨ, ਵੀਰਵਾਨ ਕਾਸ਼ੀ ਦਾ ਰਾਜਾ, ਧਰੂਜੀਤ ਕੁੰਤੀ ਭੋਜ ਅਤੇ ਸੈਭਯਾ ਨਰਕੁੰਡ

6. ਇਥੇ ਹਨ ਯੁੱਧ ਮਨੀਓ, ਉਤਮੌਂਜਾ, ਸੁਭੱਦਰਾ ਦਾ ਸਪੁੱਤ੍ਰ, ਅਭੀਮਨੀਓ, ਦਰੋਪਤੀ ਦੇ ਪੰਜੋ ਪੁਤਰ ਜੋ ਵੱਡੇ ਨਾਇਕ ਹਨ।

ਦੁਰਯੋਧਨ ਪਾਂਡਵਾਂ ਦੀ ਫੌਜ ਨੂੰ ਲੜਾਈ ਲਈ ਤਿਆਰ ਹੋਇਆ ਦੇਖ ਕੇ ਉਸ ਵਿਚ ਭਾਗ ਲੈ ਰਹੇ ਯੋਧਿਆਂ ਉਤੇ ਇਕ ਨਿਗਾਹ ਮਾਰਦਾ ਹੈ। ਉਹ ਦਰੌਣ ਨੂੰ ਜੋ ਕਿ ਸਸ਼ਤਰ ਵਿਦਿਆ ਵਿਚ ਉਸ ਦੇ ਗੁਰੂ ਰਹੇ ਹਨ, ਉਨ੍ਹਾਂ ਨੂੰ ਵਿਸਤਾਰ ਨਾਲ ਦਸਦਾ ਹੈ। ਭੀਮ ਅਤੇ ਅਰਜਨ ਪਾਡਵਾਂ ਦੀ ਫੌਜ ਦੇ ਮੁਖੀ ਹਨ, ਪੰਜੇ ਭਰਾ ਮਿਲ ਕੇ ਉਹ ਨਿਆਕਾਰੀ ਅਤੇ ਯਥਾਰਥ ਦਾ ਪ੍ਰਤੀਕ ਹਨ। ਭੀਮ ਇਕ ਸਥਿਰ ਸ਼ਕਤੀਵਾਨ ਹੈ। ਅਰਜਨ ਬਹੁਤ ਨਿਪੁੰਨ ਯੋਧਾ ਹੈ, ਅੰਦਰ ਅਤੇ ਬਾਹਰ ਦੋਨਾਂ ਦੀ ਸੋਝੀ ਰਖਦਾ ਹੈ। ਨਕੁਲ ਅੰਤਰ ਸ਼ਾਂਤੀ ਦਾ ਪ੍ਰਤੀਕ ਹੈ, ਇਹੋ ਜਿਹੀ ਸ਼ਾਂਤੀ ਤੋਂ ਬਿਨਾਂ ਮਾਨਸਿਕ ਉਪਸਥਿਤੀ ਨਹੀਂ ਹੋ ਸਕਦੀ। ਸਹਿਦੇਵ ਕੋਲ ਵਿਵੇਕ ਹੈ ਜੋ ਕੇਵਲ ਨਿਸ਼ਠਾ, ਸੁਹਿਰਦਤਾ ਅਤੇ ਇਕਾਗਰਤਾ ਨਾਲ ਹੀ ਆਉਂਦੀ ਹੈ। ਪੰਜਾਂ ਭਰਾਵਾਂ ਦਾ ਬੜਾ ਅਦੁੱਤੀ ਜੋੜ ਹੈ। ਉਨ੍ਹਾਂ ਦੇ ਗੁਣ ਇਕ ਦੂਸਰੇ ਦੇ ਸਹਾਇਕ ਹਨ, ਅਨੁਕੂਲ ਹਨ।

ਜੀਵਨ ਦੀ ਇਸ ਸਤਿ ਦੀ ਲੜਾਈ ਵਿਚ ਦੁਰਯੋਧਨ ਧਰਿਤਰਾਸ਼ਟਰ

ਦਾ ਸਭ ਤੋਂ ਵੱਡਾ ਪੁੱਤਰ, ਨਖੇਧੀ ਦਾ ਦੁਸ਼ਟਤਾ ਦਾ ਪ੍ਰਤੀਕ ਹੈ, ਨਾਸ਼ਵਾਦੀ ਹੈ ਅਤੇ ਅਨਿਆਂਈ ਨੇਤਾ ਹੈ। ਦੂਸਰੇ ਪਾਸੇ ਪੰਜ ਪਾਂਡਵ ਪ੍ਰਤੀਕੂਲ ਗੁਣਾਂ ਦੇ ਖਜ਼ਾਨੇ ਦੇ ਪ੍ਰਤੀਕ ਹਨ ਜੋ ਹਰ ਮਨੁੱਖ ਦੇ ਅੰਦਰ ਹਨ। ਚੰਗੇ ਅਤੇ ਮੰਦੇ ਗੁਣ ਹਰ ਇਕ ਦੇ ਅੰਦਰ ਹਨ ਅਤੇ ਇਹ ਇਕ ਦੂਸਰੇ ਦੇ ਉਲਟ ਹਨ। ਨਖੇਧੀ ਤਾਕਤਾਂ ਬੇਅੰਤ ਹਨ, ਹੋਛਾਪਣ, ਆਪਣੇ ਆਪ ਨੂੰ ਤਾਕਤਵਰ ਦੱਸਣਾ, ਕੁਰਾਹੇ ਪਾਉਣਾ, ਗੁਮਰਾਹ ਕਰਨਾ ਇਨ੍ਹਾਂ ਵਿਚੋਂ ਹਰ ਅਵਗੁਣ ਬਹੁਤ ਤਾਕਤਵਰ ਹਨ ਅਤੇ ਇਕ ਦੂਸਰੇ ਨਾਲ ਲਗਦੇ ਰਹਿੰਦੇ ਹਨ ਅਤੇ ਇਕੱਠੇ ਨਹੀਂ ਹੋ ਸਕਦੇ। ਪਾਂਡਵ ਪੂਰੀ ਤਰ੍ਹਾਂ ਸੰਗਠਤ ਹਨ, ਵਿਧੀ-ਬੱਧ ਹਨ, ਸਮ-ਤੁਲਨ ਹਨ, ਸਚਾਈ ਤੋਂ ਜਾਣੂੰ ਹਨ। ਅੰਤ ਵਿਚ ਉਨ੍ਹਾਂ ਦੀ ਹੀ ਵਿਜਯ ਹੋਵੇਗੀ ਭਾਵੇਂ ਉਹ ਥੋੜ੍ਹੇ ਹਨ।

ਮਨੁੱਖ ਨੂੰ ਜੀਵਨ ਦਾ ਉਦੇਸ਼ ਪੂਰਤੀ ਲਈ ਸਮਾਂ ਵਿਅਰਥ ਗੁਆਉਣ ਦੀ ਅਤੇ ਆਪਣੀ ਤਾਕਤ ਅਜਾਈਂ ਗੁਆਉਣ ਦੀ ਲੋੜ ਨਹੀਂ ਹੁੰਦੀ। ਮਨੁੱਖ ਆਪਣਾ ਜੀਵਨ ਥੋੜ੍ਹੇ ਵਿਚ ਵੀ ਬੜੀ ਸੁਚੱਜੀ ਤਰ੍ਹਾਂ ਜੀਅ ਸਕਦਾ ਹੈ ਜੇ ਉਹ ਆਪਣੇ ਸਾਧਨਾਂ ਦੀ ਵਰਤੋਂ ਵਿਦਵਤਾ ਨਾਲ ਠੀਕ ਸਮੇਂ ਤੇ ਕਰੇ। ਜਦੋਂ ਤੁਸੀਂ ਵੱਖਰੇ-ਵੱਖਰੇ ਮਨ ਦੇ ਗੁਣਾਂ ਨੂੰ ਸੋਧਦੇ ਹੋ ਇਹ ਕਲਾ ਹੌਲੀ-ਹੌਲੀ ਪ੍ਰਗਟ ਹੋ ਜਾਂਦੀ ਹੈ ਅਤੇ ਉਸ ਸੁਹਿਰਦਤਾ ਤੋਂ ਜਨਮ ਲੈਂਦੀ ਹੈ ਜੋ ਮਨ ਦੇ ਸ਼ੰਕੇ ਦੂਰ ਕਰ ਕੇ ਸੰਸਾਰ ਵਿਚ ਕਾਮਯਾਬੀ ਨਾਲ ਵਿਚਰਨ ਲਈ ਤਿਆਰ ਕਰਦੀ ਹੈ। ਮਨ ਅਤੇ ਕਰਮ ਦੋਨੋਂ ਇਕੋ ਹੀ ਹਨ ਇਕ ਬੀਜ ਹੈ, ਦੂਸਰਾ ਫਲ ਹੈ।

ਆਪਣੀ ਤਾਕਤ ਅਤੇ ਕਮਜ਼ੋਰੀ ਨੂੰ ਜਾਣ ਲੈਣਾ ਬੜਾ ਜ਼ਰੂਰੀ ਹੈ ਕਿਉਂਕਿ ਇਨ੍ਹਾਂ ਤੋਂ ਜਾਣੇ ਬਿਨਾਂ ਜੀਵਨ ਦੀ ਸਫਲਤਾ ਇਕ ਸੁਪਨਾ ਹੀ ਬਣ ਕੇ ਰਹਿ ਜਾਂਦੀ ਹੈ। ਜਗਿਆਸੂ ਨੂੰ ਪਹਿਲਾਂ ਆਪਣਾ ਨਿਤਾਰਾ ਕਰਨ ਅਤੇ ਨਿਰਣਾ ਕਰਨ ਦੇ ਗੁਣਾਂ ਨੂੰ ਪੱਕੇ ਕਰ ਲੈਣਾ ਚਾਹੀਦਾ ਹੈ। ਇਹ ਮਨੋਵਿਰਤੀ ਉਸ ਨੂੰ ਅੰਦਰ ਵਸਦੇ ਗੁਣ ਅਵਗੁਣ ਬਾਰੇ ਜਾਣੂੰ ਕਰਾਉਂਦੀ ਹੈ, ਉਹ ਗੁਣ ਜੋ ਉਸ ਨੂੰ ਅਗਾਂਹ ਵਧਣ ਲਈ ਜ਼ੋਰ ਪਾਉਂਦੇ ਹਨ; ਉਹ ਅਵਗੁਣ ਜੋ ਉਸ ਲਈ ਬਾਧਾ ਬਣਦੇ ਹਨ ਅਤੇ ਉਸ ਦੀ ਆਤਮਕ ਸ਼ਕਤੀ ਨੂੰ ਖੁਰਦ ਬੁਰਦ ਕਰਦੇ ਹਨ। ਹਰ ਸਾਧਕ ਨੂੰ ਪਹਿਲਾਂ ਇਨ੍ਹਾਂ ਦੋਹਾਂ ਗੁਣਾਂ ਨੂੰ ਜਾਣ ਲੈਣਾ ਚਾਹੀਦਾ ਹੈ।

ਕੌਰਵਾਂ ਦੀ ਤਾਕਤ ਉਨ੍ਹਾਂ ਦੇ ਸਥੂਲ ਪਦਾਰਥਾਂ ਦਾ ਬਲ ਹੈ। ਉਨ੍ਹਾਂ ਦੀ ਫੌਜ ਗਿਣਤੀ ਵਿਚ ਬਹੁਤ ਜ਼ਿਆਦਾ ਹੈ। ਸਭ ਤੋਂ ਚੰਗੇ ਹਥਿਆਰ ਹਨ ਅਤੇ ਬਹੁਤ ਵੱਡਾ ਖਜ਼ਾਨਾ ਹੈ। ਭੀਸ਼ਮ ਅਤੇ ਦਰੌਣ ਉਨ੍ਹਾਂ ਦੇ ਨਾਇਕ ਹਨ ਜੋ ਕਦੀ ਕਿਸੇ ਲੜਾਈ ਵਿਚ ਹਾਰੇ ਨਹੀਂ। ਸਥੂਲ ਪਦਾਰਥ ਵਿਚ ਪਾਂਡਵਾਂ ਕੋਲ ਕੌਰਵਾਂ ਦੇ ਮੁਕਾਬਲੇ ਵਿਚ ਕੁਛ ਵੀ ਨਹੀਂ, ਪਰ ਕੌਰਵਾਂ ਦੀ ਇਕ ਕਮਜ਼ੋਰੀ ਹੈ ਉਹ ਗਲਤ ਹਨ, ਰੂਹਾਨੀ ਅਤੇ ਨੇਕ ਚਲਨੀ ਵਾਲੇ ਨਹੀਂ ਹਨ। ਮੁਕਾਬਲੇ ਵਿਚ ਪਾਂਡਵ ਕਿਤੇ ਵੱਧ ਯੋਗਤਾ ਵਾਲੇ ਅਤੇ ਸਦਾਚਾਰੀ ਹਨ। ਭੀਸ਼ਮ ਪਿਤਾਮਾ ਅਤੇ ਅਚਾਰੀਆ ਦਰੌਣ ਇਹ ਆਪਣੀ ਡਿਊਟੀ

ਸਮਝਦੇ ਹਨ ਕਿ ਉਹ ਕੌਰਵਾਂ ਵਲੋਂ ਲੜਨ, ਜੋ ਇਸ ਸਮੇਂ ਰਾਜ ਕਰ ਰਹੇ ਹਨ, ਪਰ ਇਹ ਮਹਿਸੂਸ ਕਰਦੇ ਹਨ ਕਿ ਕੌਰਵ, ਅਨਿਆਈ ਹਨ। ਭਾਵੇਂ ਉਹ ਪੂਰੀ ਸ਼ਾਨ ਨਾਲ ਲੜਨਗੇ ਪਰ ਉਨ੍ਹਾਂ ਦੇ ਦਿਲ ਨਿਆਂ ਸ਼ਕਤੀ ਪਾਂਡਵਾਂ ਨਾਲ ਹੈ।

ਵੱਡੀ ਫੌਜ ਜਿਸ ਕੋਲ ਚਜ ਅਚਾਰ ਹੀ ਨਾ ਹੋਵੇ, ਹੌਂਸਲਾ ਹੀ ਨਾ ਹੋਵੇ ਉਹ ਲੜਾਈ ਲੜਨ ਦੇ ਯੋਗ ਹੀ ਨਹੀਂ ਹੋ ਸਕਦੀ। ਮਨੋ ਬਲ ਹੀ ਉਹ ਕੇਂਦਰ ਹੈ ਜੋ ਕਿਸੇ ਕੰਮ ਨੂੰ ਚੰਗੀ ਤਰ੍ਹਾਂ ਦੀ ਪ੍ਰੇਰਨਾ ਦਿੰਦਾ ਹੈ। ਕਿਸੇ ਵੀ ਰਾਜੇ ਦੀ ਕਿੱਡੀ ਵੱਡੀ ਫੌਜ ਕਿਉਂ ਨਾ ਹੋਵੇ ਜੇ ਉਸ ਕੋਲ ਹੌਂਸਲਾ ਹੀ ਨਹੀਂ, ਮਨੋ ਬਲ ਨਹੀਂ, ਉਹ ਜ਼ਰੂਰ ਹਾਰੇਗਾ ਹੀ। ਉਹ ਫੌਜ ਜੋ ਨਿਆਂ ਲਈ, ਸਦਾਚਾਰੀ ਲਈ ਲੜ ਰਹੀ ਹੈ, ਜ਼ਰੂਰ ਹੀ ਜਿੱਤੇਗੀ।

ਜਿਸ ਦੇ ਮਨ ਦਾ ਸੰਤੁਲਨ, ਮਨੋਬਲ ਨਾ ਹੋਣ ਨਾਲ ਵਿਗੜਿਆ ਹੋਇਆ ਹੈ ਉਹ ਆਪਣੇ ਵਿਚਾਰਾਂ ਦੀ ਪ੍ਰੋੜ੍ਹਤਾ ਲਈ ਅਤਿਆਚਾਰ ਵੀ ਕਰ ਸਕਦਾ ਹੈ। ਉਸ ਜੀਵਨ ਦਾ ਕੀ ਅਰਥ ਹੈ ਜੇ ਤੁਸੀਂ ਵਿਆਕੁਲ ਹੋ। ਵਿਆਕੁਲਤਾ ਨਾਲ ਅੰਦਰ ਦੀ ਤਾਕਤ ਜਾਂਦੀ ਰਹਿੰਦੀ ਹੈ। ਇਹੋ ਜਿਹੇ ਜੀਵ ਨੂੰ ਜੀਵਨ ਸੰਘਰਸ਼ਤਾ ਵਿਚ ਹਾਰ ਦਾ ਹੀ ਸਾਮ੍ਹਣਾ ਕਰਨਾ ਪਵੇਗਾ, ਬਾਹਰੋਂ ਭਾਵੇਂ ਉਸ ਕੋਲ ਕਿੰਨੀ ਵੀ ਤਾਕਤ ਕਿਉਂ ਨਾ ਹੋਵੇ।

ਬੱਚੇ ਦਾ ਜੀਵਨ ਬਣਾਉਣ ਵਿਚ ਮਾਤਾ ਪਿਤਾ ਦਾ ਬਹੁਤ ਹੱਥ ਹੁੰਦਾ ਹੈ। ਧਰਿਤਰਾਸ਼ਟਰ ਦੇ ਪੁੱਤਰ ਆਪਣੇ ਅਨਿਆਈ ਪਿਤਾ ਦੇ ਚਰਨ ਚਿੰਨ੍ਹਾਂ ਉਤੇ ਚਲ ਰਹੇ ਹਨ। ਜਦੋਂ ਮਾਤਾ ਪਿਤਾ ਲੋਭੀ ਹੋਣ, ਹਉਮੈ ਵਾਲੇ ਹੋਣ, ਦੇਖ ਕੇ ਅੱਖਾਂ ਬੰਦ ਕਰਨ ਵਾਲੇ ਹੋਣ, ਅਨਿਆਂਈ ਹੋਣ, ਬੱਚੇ ਜ਼ਰੂਰ ਇਹੋ ਜਿਹੇ ਹੀ ਬਣਨਗੇ। ਮਾਨਵਤਾ ਆਪਣੇ ਬਣਾਏ ਹੋਏ ਦੁਖਾਂ ਵਿਚ ਉਲਝੀ ਰਹਿੰਦੀ ਹੈ ਕਿਉਂਕਿ ਵੱਡੇ ਇਹ ਨਹੀਂ ਮਹਿਸੂਸ ਕਰਦੇ ਕਿ ਅਨਿਆਈ ਵਾਤਾਵਰਣ ਵਿਚ ਪਲੇ ਬੱਚੇ ਵੀ ਅਨਿਆਈ ਹੀ ਬਣਨਗੇ। ਜਿਵੇਂ ਇਕ ਗੰਦੀ ਮੱਛੀ ਸਾਰੇ ਪਾਣੀ ਨੂੰ ਹੀ ਗੰਦਾ ਕਰ ਦਿੰਦੀ ਹੈ ਇਵੇਂ ਹੀ ਇਕ ਗਲਤ ਜੀਵ ਵੀ ਸਮਾਜ ਨੂੰ ਗੁਮਰਾਹ ਕਰ ਸਕਦਾ ਹੈ। ਰਾਜੇ ਨੂੰ ਨਿਆਕਾਰੀ, ਸਤਵਾਦੀ ਹੋਣਾ ਚਾਹੀਦਾ ਹੈ ਅਤੇ ਸਾਰਿਆਂ ਲਈ ਮਿਸਾਲ ਬਣਨਾ ਚਾਹੀਦਾ ਹੈ ਤਾ ਕਿ ਦੂਸਰੇ ਉਸ ਨੂੰ ਦੇਖ ਕੇ ਆਪਣੇ ਜੀਵਨ ਵਿਚ ਉਤਾਰ ਸਕਣ। ਧਰਿਤਰਾਸ਼ਟਰ ਇਨ੍ਹਾਂ ਸਾਰੀਆਂ ਗੱਲਾਂ ਦੇ ਬਿਲਕੁਲ ਵਿਪਰੀਤ ਹਨ।

ਦੁਨੀਆਂ ਦੀਆਂ ਬਹੁਤ ਸਾਰੀਆਂ ਸਭਿਆਤਾਵਾਂ ਮੂਰਖ, ਸੁਆਰਥੀ ਅਤੇ ਲੋਭੀ ਨੇਤਾਵਾਂ ਨੇ ਹੀ ਡੋਬੀਆਂ ਹਨ ਜਿਵੇਂ ਕਿ ਨੇਰੋ (Nero) ਜਿਹੜਾ ਆਪਣੀ ਹਕੂਮਤ ਨੂੰ ਸੜਦਿਆਂ ਦੇਖ ਕੇ ਬਹੁਤ ਪ੍ਰਸੰਨ ਹੋਇਆ ਸੀ ਅਤੇ ਦੂਸਰੇ ਵਿਸ਼ਵ ਯੁੱਧ ਵਿਚ ਹਿਟਲਰ (Hitler) ਨੂੰ ਤਾਂ ਲੜਾਈ ਦੇ ਪਾਗਲਪਨ ਨੇ ਗਰਸਿਆ ਹੋਇਆ ਸੀ ਜਿਸ ਨਾਲ ਉਸ ਦਾ ਸੰਤੁਲਨ ਐਨਾ ਵਿਗੜ ਚੁੱਕਾ ਸੀ ਕਿ ਉਹ ਸਿਵਾਏ ਤਬਾਹੀ ਦੇ ਕੁਝ ਹੋਰ ਸੋਚ ਹੀ ਨਹੀਂ ਸਕਦਾ ਸੀ। ਇਹੋ ਜਿਹੀਆਂ ਬਹੁਤ ਮਿਸਾਲਾਂ ਹੁਣ ਅਤੇ ਭੂਤਕਾਲ ਵਿਚ ਮਿਲ ਜਾਣਗੀਆਂ, ਜਦੋਂ ਰਾਜਿਆਂ ਨੇ ਤਬਾਹੀਆਂ ਕੀਤੀਆਂ। ਪਤਾ ਨਹੀਂ ਅਸੀਂ

ਇਹ ਕਿਉਂ ਭੁੱਲ ਜਾਂਦੇ ਹਾਂ ਕਿ ਇਹ ਸੰਸਾਰ ਕਰਮ ਭੂਮੀ ਹੈ। ਜੇ ਅਸੀਂ ਆਪਣੇ ਕਰਮ ਸੁਚੱਜੀ ਤਰ੍ਹਾਂ ਯਥਾਰਥ ਨਾਲ ਕਰਾਂਗੇ, ਸਾਡਾ ਜੀਵਨ ਸਫਰ ਇਕ ਸਥਾਈ ਰਾਗ ਬਣ ਜਾਵੇਗਾ।

7. ਹੇ ਦਰੌਣ! ਹੁਣ ਮੈਂ ਤੁਹਾਨੂੰ ਆਪਣੀ ਫੌਜ ਬਾਰੇ ਦਸਦਾ ਹਾਂ, ਉਨ੍ਹਾਂ ਬਾਰੇ ਜੋ ਬਹੁਤ ਬਹਾਦਰ ਹਨ, ਮੇਰੀ ਫੌਜ ਦੇ ਨਾਇਕ ਹਨ, ਮੈਂ ਉਨ੍ਹਾਂ ਬਾਰੇ ਦਸਦਾ ਹਾਂ ਤਾਂ ਕਿ ਤੂੰ ਉਨ੍ਹਾਂ ਨੂੰ ਪਛਾਣ ਸਕੇਂ।

8. ਤੁਸੀਂ, ਭੀਸ਼ਮ ਪਿਤਾਮਾ, ਕਰਨ; ਕ੍ਰਿਪਾਚਾਰੀਆ, ਸਹਿਦੇਵ, ਵਿਜੈਈ ਰਹੇ, ਜਿਤਦੇ ਰਹੇ ਅਸ਼ਵਥਾਮਾ, ਕਰਣ ਸੋਮ ਦੱਤ ਦਾ ਪੁਤ੍ਰ ਅਤੇ ਜੈਦਰਥ ਸਾਰੇ ਹੀ ਕਿੰਨੇ ਯੋਧੇ ਹਨ।

9. ਹੋਰ ਕਿੰਨੇ ਹੀ ਯੋਧੇ ਹਨ ਜਿਹੜੇ ਆਪਣਾ ਜੀਵਨ ਬਲੀਦਾਨ ਦੇਣ ਲਈ ਤਿਆਰ ਬੈਠੇ ਹਨ, ਉਹ ਹਰ ਸ਼ਸ਼ਤਰ ਵਿਚ ਨਿਪੁੰਨ ਹਨ, ਯੁੱਧ ਦੀ ਵਿਦਿਆ ਵਿਚ ਨਿਪੁੰਨ ਹਨ।

164 ਤੋਂ 171 ਸਲੋਕਾਂ ਵਿਚ ਯੁੱਧ ਵਿਚ ਭਾਗ ਲੈਣ ਵਾਲਿਆਂ ਦੀ ਬੜੀ ਵਿਸਤਾਰ ਨਾਲ ਵਿਆਖਿਆ ਕੀਤੀ ਗਈ ਹੈ, ਦੁਰਯੋਧਨ ਦੀ ਫੌਜ ਦੇ ਨਾਇਕ ਹਨ - ਅਚਾਰੀਆ ਦਰੌਣ ਅਤੇ ਭੀਸ਼ਮ ਪਿਤਾਮਾ ਜੋ ਕਿ ਮੰਨੇ ਪ੍ਰਮੰਨੇ ਯੋਧੇ ਹਨ, ਜਿਨ੍ਹਾਂ ਦੇ ਮੁਕਾਬਲੇ ਦਾ ਹੋਰ ਕੋਈ ਹੈ ਹੀ ਨਹੀਂ। ਕਰਣ ਜੋ ਆਪਣੇ ਆਪ ਵਿਚ ਇਕ ਬਹੁਤ ਨਿਪੁੰਨ ਯੋਧਾ ਹੈ ਉਹ ਵੀ ਦੁਰਯੋਧਨ ਦੀ ਫੌਜ ਵਿਚ ਹੀ ਹੈ। ਦੁਰਯੋਧਨ ਉਨ੍ਹਾਂ ਨੂੰ ਵਿਜੇਤਾ ਅਤੇ ਜੇਤੂ ਦਸਦਾ ਹੈ। ਜਿਹੜੇ ਦੁਰਯੋਧਨ ਲਈ ਮਰਨ ਲਈ ਤਿਆਰ ਹਨ ਉਨ੍ਹਾਂ ਦੇ ਬਾਰੇ ਵੀ ਦੱਸਿਆ ਗਿਆ ਹੈ। ਦੁਰਯੋਧਨ ਨੂੰ ਇਸ ਗੱਲ ਦਾ ਪੂਰਨ ਵਿਸ਼ਵਾਸ਼ ਹੈ ਕਿ ਉਸ ਦੀ ਫੌਜ ਵਿਚ ਬੜੇ ਸੁਚੱਜੇ ਅਤੇ ਯੋਧੇ ਆਗੂ ਹਨ। ਭਾਵੇਂ ਇਹ ਕਾਫੀ ਬਜ਼ੁਰਗ ਹਨ ਪਰ ਇਹ ਬਹੁਤ ਬਹਾਦਰ ਹਨ ਅਤੇ ਲੜਾਈ ਦੀ ਕਲਾ ਵਿਚ ਇਨ੍ਹਾਂ ਦੀ ਪੂਰੀ ਮਹਾਰਤ ਹੈ, ਲੜਾਈ ਦੇ ਸਾਰੇ ਦਾਓ ਪੇਚ ਜਾਣਦੇ ਹਨ। ਭੀਸ਼ਮ ਦੀ ਆਯੂ 170 ਸਾਲ ਦੀ ਹੈ ਅਤੇ ਅਚਾਰੀਆ ਦਰੌਣ ਦੀ ਆਯੂ 90 ਸਾਲ ਦੀ ਹੈ। ਇਤਨੀ ਆਯੂ ਦੇ ਬਾਵਜੂਦ ਵੀ ਇਹ ਯੋਧੇ ਬਹੁਤ ਹੀ ਨਿਪੁੰਨਤਾ ਨਾਲ ਲੜਨ ਵਾਲੇ ਹਨ।

ਅੱਜ ਦੇ ਸਮੇਂ ਵਿਚ ਭਾਵੇਂ ਸਾਰੇ ਭੀਸ਼ਮ ਪਿਤਾਮਾ ਦੀ ਆਯੂ ਅਤੇ ਅਚਾਰੀਆ ਦਰੌਣ ਦੀ ਆਯੂ ਬਾਰੇ ਸੱਚ ਨਾ ਮੰਨਣ, ਪਰ ਇਹ ਬਿਲਕੁਲ ਉਸ ਤਰ੍ਹਾਂ ਹੀ ਹੋਵੇਗਾ ਜਿਸ ਤਰ੍ਹਾਂ ਥੋੜ੍ਹੇ ਸਾਲ ਪਹਿਲਾਂ ਚੰਦਰਮਾ ਉਤੇ ਜਾਣਾ ਹਾਸੋ-ਹੀਣਾ ਲਗਦਾ ਸੀ। ਕੁਛ ਵੀ ਅਸੰਭਵ ਨਹੀਂ ਹੈ, ਖਾਸ ਕਰਕੇ ਉਸ ਵਾਸਤੇ ਜੋ ਆਪਣੇ ਅਨੁਸ਼ਾਸ਼ਨ ਵਿਚ ਰਹਿੰਦਾ ਹੈ, ਸਵੈ ਸਾਧਨਾ ਵਿਚ ਰਹਿੰਦਾ ਹੈ। ਅੱਜ ਦੇ ਜੀਵਾਂ ਵਾਸਤੇ ਇਹ ਬਹੁਤ ਅਸਚਰਜ ਦੀ ਗੱਲ ਹੈ ਕਿ ਪਹਿਲੇ ਲੋਕ ਕਿਵੇਂ ਆਪਣੀਆਂ ਉਮਰਾਂ ਵਧਾਉਣਾ ਜਾਣਦੇ ਸਨ ਅਤੇ ਆਪਣੇ ਜੀਵਨ ਨੂੰ ਸਵੱਸਥ ਰੱਖ ਕੇ ਇਕ ਸੌ ਵੀਹ ਸਾਲ ਤੱਕ ਜਾਂ ਏਸ ਤੋਂ ਵੀ ਵੱਧ ਜੀਉਂਦੇ ਸਨ।

**(ਨੋਟ - ਅੱਜ ਦੇ ਸਮੇਂ ਬਾਬਾ ਨੰਦ ਸਿੰਘ ਜੀ ਪਟਿਆਲੇ ਵਾਲੇ, ਜੱਸਾ ਸਿੰਘ ਦੇ ਡੇਰੇ ਵਾਲੇ, 138 ਸਾਲ ਦੀ ਤੰਦਰੁਸਤ, ਪੂਰੀ ਸੁਰਤ ਅਤੇ ਚਲਦੇ ਫਿਰਦੇ, ਪੂਰੀ ਤਰ੍ਹਾਂ ਅਰੋਗ ਆਯੂ ਭੋਗ ਕੇ ਗੁਰ ਪੁਰੀ ਸਿਧਾਰੇ ਹਨ। ਆਪ ਅੰਤਲੇ ਸਮੇਂ ਤੱਕ ਤੰਦੂਰ ਵਿਚ ਪਕਾਇਆ ਪ੍ਰਸ਼ਾਦਾ ਛਕਿਆ ਕਰਦੇ ਸਨ। ਸਾਰੀ ਉਮਰ ਤੰਬੂ ਵਿਚ, ਖੁਲ੍ਹੇ ਅਸਮਾਨ ਹੇਠ ਗੁਜਾਰੀ ਹੈ, ਕਿਸੇ ਮਕਾਨ ਵਿਚ ਆਪ ਨੇ ਨਿਵਾਸ ਨਹੀਂ ਕੀਤਾ। ਚੇਅਰਮੈਨ *'ਆਤਮ ਮਾਰਗ'***

ਜਿਸ ਤਰ੍ਹਾਂ ਉਹ ਰਹਿੰਦੇ, ਖਾਂਦੇ ਪੀਂਦੇ ਸੰਜਮ ਨਾਲ ਰਹਿੰਦੇ ਸਨ ਉਸ ਨਾਲ ਉਨ੍ਹਾਂ ਦਾ ਜੀਵਨ ਸੁਚੱਜਾ ਅਤੇ ਲੰਬਾ ਹੁੰਦਾ ਸੀ। ਅੱਜ ਦੇ ਸਮੇਂ ਇਹ ਮਿਸਾਲਾਂ ਨਹੀਂ ਮਿਲਦੀਆਂ ਅੱਜਕੱਲ੍ਹ ਕੋਈ ਵਿਰਲਾ ਹੀ ਨੱਬੇ ਸਾਲ ਜਾਂ ਇਕ ਸੌ ਸਾਲ, ਇਕ ਸੌ ਪੰਦਰਾਂ ਸਾਲ ਤੱਕ ਦੀ ਆਯੂ ਤੱਕ ਪਹੁੰਚਦੇ ਹਨ; ਜੇ ਪਹੁੰਚ ਵੀ ਜਾਂਦੇ ਹਨ ਤਾਂ ਬਿਮਾਰ ਬਿਸਤਰੇ ਉਤੇ ਹੀ ਲੱਗੇ ਹੁੰਦੇ ਹਨ ਅਤੇ ਸੁਰਤ ਹੀ ਮਾਰੀ ਹੁੰਦੀ ਹੈ। ਇਸ ਸਭ ਕੁਝ ਤੋਂ ਇਹ ਪਤਾ ਲਗਦਾ ਹੈ ਕਿ ਸਾਡੇ ਜੀਵਨ ਪੂਰੀ ਤਰ੍ਹਾਂ ਵਿਵਸਥਿਤ ਨਹੀਂ ਹਨ। ਅਸੀਂ ਉਹ ਸਭ ਤਰੀਕੇ ਭੁੱਲ ਗਏ ਹਾਂ ਜਿਹੜੇ ਸਾਡੀ ਆਯੂ ਲੰਬੀ ਕਰਦੇ ਹਨ। ਭੀਸ਼ਮ ਅਤੇ ਦਰੌਣ ਬੜੇ ਪਹੁੰਚੇ ਹੋਏ ਯੋਗੀ ਸਨ ਜਿਹੜੇ ਆਪਣੇ ਸਰੀਰ ਦੀ ਸੁਡੌਲਤਾ ਰੱਖਣੀ ਜਾਣਦੇ ਸਨ ਅਤੇ ਜਦੋਂ ਚਾਹੁਣ, ਆਪਣਾ ਸਰੀਰ ਵੀ ਛੱਡ ਸਕਦੇ ਸਨ। ਅੱਜ ਦੇ ਸਮੇਂ ਵਿਗਿਆਨਕ ਯੁਗ ਵਿਚ ਜੀਵ ਨੇ ਆਰਾਮ ਨਾਲ ਰਹਿਣਾ ਤਾਂ ਸਿੱਖ ਲਿਆ ਹੈ ਪਰ ਅੰਦਰ ਦੀ ਸ਼ਕਤੀ ਤੋਂ ਬਿਨਾਂ ਬਾਹਰੀ ਆਰਾਮ ਨਾਲ ਨਿਰੋਗ ਅਤੇ ਸਵੱਸਥ ਜੀਵਨ ਨਹੀਂ ਜੀਵਿਆ ਜਾ ਸਕਦਾ।

ਜਦੋਂ ਅਸੀਂ ਮਹਾਂਭਾਰਤ ਦੇ ਅੰਤ ਵਿਚ ਸਮਾਪਤੀ ਪੜ੍ਹਦੇ ਹਾਂ ਸਾਨੂੰ ਪਤਾ ਲਗਦਾ ਹੈ ਕਿ ਦਰੌਣ ਅਤੇ ਭੀਸ਼ਮ ਜੋ ਕਿ ਬਲੀ ਜੋਧੇ ਸਨ ਯੁੱਧ ਵਿਚ ਹਾਰ ਗਏ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਉਹ ਇਕ ਗਲਤ ਅਨਿਆਂ ਦੇ ਪੱਖ ਵਿਚ ਲੜ ਰਹੇ ਹਨ। ਜਿਹੜੇ ਆਪਣੀ ਡਿਊਟੀ ਮਨ ਚਿੱਤ ਲਾ ਕੇ ਪੂਰੇ ਧਿਆਨ ਨਾਲ ਨਹੀਂ ਕਰਦੇ ਉਹ ਕਾਮਯਾਬ ਨਹੀਂ ਹੋ ਸਕਦੇ। ਦਰੌਣ ਅਤੇ ਭੀਸ਼ਮ ਦੁਰਯੋਧਨ ਦੇ ਪੱਖ ਵਿਚ ਲੜਦੇ ਹਨ ਕਿਉਂਕਿ ਉਹ ਰਾਜੇ ਲਈ ਕ੍ਰਿਤਗ ਹਨ ਪਰ ਉਨ੍ਹਾਂ ਦੇ ਮਨ ਪਾਂਡਵਾਂ ਨਾਲ ਹਨ। ਅੰਦਰ ਅਤੇ ਬਾਹਰ ਦੀ ਸਥਿਤੀ ਵਿਚ ਸੰਤੁਲਨ ਨਾ ਹੋਣ ਕਾਰਨ ਯੁੱਧ ਵਿਚ ਵਿਜੈ ਪਾਉਣੀ ਬਹੁਤ ਔਖੀ ਹੈ, ਭਾਵੇਂ ਇਹ ਲੜਾਈ ਅੰਦਰ ਹੋਵੇ ਭਾਵੇਂ ਬਾਹਰ। ਜਦੋਂ ਵੀ ਕੋਈ ਇਹੋ ਜਿਹੇ ਦੁਚਿਤੀ ਵਿਚ ਹੋ ਕੇ ਕੋਈ ਕੰਮ ਕਰੇਗਾ, ਉਹ ਖੇਰੂੰ-ਖੇਰੂੰ ਹੋ ਜਾਵੇਗਾ। ਇਹੋ ਜਿਹੇ ਹਾਲਾਤਾਂ ਵਿਚ ਨਾ ਬਾਹਰ ਦੀ ਵਿਜੈ, ਨਾ ਹੀ ਅੰਦਰ ਦੀ ਸ਼ਾਂਤੀ ਸੰਭਵ ਹੈ।

ਸਭ ਤੋਂ ਪਹਿਲਾ ਸ਼ਬਦ, ਜਿਹੜਾ ਜਗਿਆਸੂ ਨੂੰ ਜਾਨਣ ਦੀ ਲੋੜ ਹੈ ਉਹ ਹੈ 'ਇਕ ਸਾਰ ਹੋ ਕੇ ਜਤਨ ਕਰਨਾ।' ਇਸ ਤੋਂ ਇਹ ਭਾਵ ਹੈ ਕਿ ਜੀਵ ਨੂੰ ਸਦਾ ਆਪਣੀ ਅੰਦਰ ਦੀ ਆਵਾਜ਼ ਸੁਣ ਕੇ ਉਸ ਅਨੁਸਾਰ ਚਲਣਾ ਚਾਹੀਦਾ ਹੈ, ਇਹੋ ਜਿਹਾ ਕੁਝ ਵੀ ਨਹੀਂ ਕਰਨਾ ਚਾਹੀਦਾ ਜੋ ਉਸ

ਦੀ ਅੰਤਰ ਆਤਮਾ ਤੋਂ ਵਿਪਰੀਤ ਹੋਵੇ। ਜਦੋਂ ਕੋਈ ਸਾਧਾਰਣ ਜੀਵ ਕੁਝ ਕਰਨ ਦਾ ਜਤਨ ਕਰਦਾ ਹੈ, ਉਸ ਦੀ ਅੰਤਰ ਆਤਮਾ ਉਸ ਦੀ ਸਹਾਇਤਾ ਕਰਦੀ ਹੈ, ਪੂਰਾ ਨਿਤਾਰਾ ਉਸ ਦੇ ਅੱਗੇ ਆ ਜਾਂਦਾ ਹੈ - ਚੰਗੇ-ਮੰਦੇ, ਵਿਪਰੀਤ ਸੁਪਰੀਤ, ਹਾਨੀਕਾਰਕ ਲਾਭਦਾਇਕ। ਜੇ ਉਸਦੀ ਇੱਛਾ ਸ਼ਕਤੀ ਪ੍ਰਬਲ ਹੋਵੇ, ਜਿਸ ਕੰਮ ਦਾ ਬੀੜਾ ਉਹ ਚੁੱਕੇ, ਉਹ ਪੂਰਾ ਕਰ ਸਕਦਾ ਹੈ। ਸੰਕਲਪ ਸ਼ਕਤੀ ਜੀਵ ਵਿਚ ਬਹੁਤ ਹੀ ਪ੍ਰਬਲ ਹੁੰਦੀ ਹੈ। ਜੇ ਇਸਨੂੰ ਵਰਤੋਂ ਵਿਚ ਨਾ ਲਿਆਂਦਾ ਜਾਵੇ ਤਾਂ ਕਿਸੇ ਕੰਮ ਵਿਚ ਵਿਜੈ ਪ੍ਰਾਪਤ ਕਰਨੀ ਔਖੀ ਹੈ, ਬਾਹਰੋਂ ਭਾਵੇਂ ਕਿੰਨੇ ਹੀ ਜਤਨ ਕਿਉਂ ਨਾ ਕਰਦਾ ਰਹੇ। ਸੱਚੇ ਸਾਧਕ ਨੂੰ ਸਦਾ ਇਸ ਗੱਲੋਂ ਚੌਕਸ ਕੀਤਾ ਜਾਂਦਾ ਹੈ ਕਿ ਉਹ ਇਸ ਪੱਖੋਂ ਚੌਕਸ ਰਹੇ, ਤਾਂ ਜੋ ਸੰਕਲਪ ਸ਼ਕਤੀ ਦਾ ਨਾਸ਼ ਨਾ ਹੋ ਜਾਵੇ। ਜੇ ਇਸ ਨੂੰ ਸੁਰੱਖਿਅਤ ਰੱਖਿਆ ਜਾਵੇ ਅਤੇ ਇਸਨੂੰ ਵਧਣ-ਫੁਲਣ ਦਿਤਾ ਜਾਵੇ, ਤਦ ਜਗਿਆਸੂ ਆਤਮ ਨਿਰਭਰ ਹੋ ਜਾਂਦਾ ਹੈ। ਇਹ ਅਵਸਥਾ ਇਕ ਬਹੁਤ ਵੱਡਾ ਗੁਣ ਹੈ। ਆਤਮ ਨਿਰਭਰਤਾ, ਹੌਸਲਾ, ਇਕ ਦਰਸ਼ੀ ਮਨ, ਸਵੈ ਭਰੋਸਾ ਇਹ ਸਭ ਮਿਲ ਕੇ ਸੰਕਲਪ ਸ਼ਕਤੀ ਦਾ ਰੂਪ ਲੈਂਦੀਆਂ ਹਨ। ਇਸ ਤੋਂ ਬਿਨਾਂ ਜਗਿਆਸੂ ਜੀਵਨ ਪੱਥ ਉਤੇ ਨਹੀਂ ਚਲ ਸਕਦਾ।

10. ਸਾਡੀ ਫੌਜ ਜਿਹੜੀ ਭੀਸ਼ਮ ਪਿਤਾਮਾ ਦੇ ਨੇਤਰਤਵ ਵਿਚ ਹੈ, ਬਹੁਤ ਵੱਡੀ ਹੈ ਪਰ ਅਯੋਗ ਹੈ, ਅਸਮੱਰਥ ਹੈ ਪਰ ਪਾਂਡਵਾਂ ਦੀ ਫੌਜ ਜਿਹੜੀ ਭੀਮ ਦੇ ਨੇਤਰਤਵ ਥੱਲੇ ਹੈ, ਥੋੜ੍ਹੀ ਹੈ ਪਰ ਯੋਗ ਅਤੇ ਸਮਰੱਥ ਹੈ।

ਭਾਵੇਂ ਦੁਰਯੋਧਨ ਕੋਲ ਵਧੇਰੇ ਤਾਕਤ, ਵਧੇਰੇ ਫੌਜ ਹੈ ਪਰ ਉਹ ਹੀਣ ਭਾਵਨਾ ਨਾਲ ਗ੍ਰਸਤ ਹੈ ਅਤੇ ਉਸ ਹੀਣ ਭਾਵਨਾ ਦਾ ਪ੍ਰਗਟਾਵਾ ਪਾਂਡਵਾਂ ਨਾਲ ਉਸ ਦੀ ਈਰਖਾ ਹੈ। ਉਸਨੂੰ ਪਤਾ ਹੈ ਕਿ ਉਹ ਅਨਿਆਂ ਅਤੇ ਅਸੱਤਿ ਦੀ ਲੜਾਈ ਲੜ ਰਿਹਾ ਹੈ। ਵੱਡੇ ਤੋਂ ਵੱਡਾ ਯੋਧਾ ਵੀ ਸੁਆਰਥੀ ਹੋ ਕੇ ਲੜਾਈ ਵਿਚ ਜਿੱਤ ਨਹੀਂ ਪ੍ਰਾਪਤ ਕਰ ਸਕਦਾ, ਕੇਵਲ ਅੰਦਰ ਦੀ ਤਾਕਤ ਹੀ ਮਨੁੱਖ ਨੂੰ ਪ੍ਰੇਰਿਤ ਕਰਕੇ ਲੜਾਈ ਵਿਚ ਜਾਂ ਹੋਰ ਕਿਸੇ ਵੀ ਕੰਮ ਵਿਚ ਕਾਮਯਾਬ ਬਣਾ ਸਕਦੀ ਹੈ ਅਤੇ ਕਾਰਜ ਸੁਚੱਜੇ ਢੰਗ ਨਾਲ ਕੀਤੇ ਜਾ ਸਕਦੇ ਹਨ। ਇਸ ਤੋਂ ਵਿਪਰੀਤ, ਸੁਆਰਥ ਨਾਲ ਅੰਦਰ ਦੀ ਤਾਕਤ ਜਾਂਦੀ ਰਹਿੰਦੀ ਹੈ। ਸੁਆਰਥੀ ਕਦੇ ਵੀ ਅੰਤਸ਼ਕਰਣ ਨੂੰ ਪ੍ਰੇਰਿਤ ਨਹੀਂ ਕਰ ਸਕਦਾ। ਸੋ ਸੁਆਰਥ-ਹੀਣ ਹੋ ਕੇ ਹੀ ਕਰਮ ਕੀਤਾ ਜਾ ਸਕਦਾ ਹੈ, ਇਕ ਸੁਆਰਥੀ ਕਦੀ ਵੀ ਠੀਕ ਕੰਮ ਨਹੀਂ ਕਰ ਸਕਦਾ। ਸੁਆਰਥੀ ਸਦਾ ਹੀ ਅੰਦਰੋਂ ਦਵੰਧ ਵਿਚ ਰਹਿੰਦਾ ਹੈ, ਆਪਣੀ ਅੰਦਰ ਦੀ ਅਵਾਜ਼ ਨੂੰ ਨਹੀਂ ਸੁਣਦਾ ਅਤੇ ਅਨਿਆਂ ਦੇ ਰਸਤੇ ਉਤੇ ਹੀ ਚਲਦਾ ਰਹਿੰਦਾ ਹੈ। ਉਸਨੂੰ ਪਤਾ ਹੁੰਦਾ ਹੈ ਕਿ ਸਚਾਈ ਕੀ ਹੈ ਪਰ ਉਸ ਦੇ ਲੱਛਣ ਅਤੇ ਕੰਮ ਸੁਆਰਥ ਤੋਂ, ਲੋਭ ਤੋਂ ਅਤੇ ਕਬਜ਼ੇ ਤੋਂ ਪ੍ਰੇਰਿਤ ਹੁੰਦੇ ਹਨ। ਦੁਰਯੋਧਨ ਦਾ ਬਿਲਕੁਲ ਇਹੋ ਹੀ ਹਾਲ ਹੈ, ਉਸ ਦੇ ਅੰਦਰ ਦੀ ਸ਼ਕਤੀ, ਉਸ ਦੇ ਅੰਦਰ ਚਲ ਰਹੇ ਸੰਘਰਸ਼ ਨੇ ਬਹੁਤ ਕਮਜ਼ੋਰ ਕਰ ਦਿਤੀ ਹੈ। ਭਾਵੇਂ ਦੁਰਯੋਧਨ ਦੀ ਫੌਜ ਵੱਡੀ ਹੈ, ਸੁਚੱਜੇ ਜਰਨੈਲ ਵੀ ਹਨ ਪਰ ਫੇਰ ਵੀ ਉਹ ਆਪਣੀ ਕਾਮਯਾਬੀ ਬਾਰੇ ਨਿਸ਼ਚਿਤ ਨਹੀਂ ਹੈ।

ਜਦੋਂ ਕੋਈ ਰਾਜਾ ਹੀਣਤਾ ਭਾਵ ਨਾਲ ਗ੍ਰਸਿਆ ਪਿਆ ਹੋਵੇ, ਉਹ ਬੜਾ ਅਭਿਮਾਨੀ ਹੋ ਕੇ ਕੰਮ ਕਰਦਾ ਹੈ, ਬਹੁਤ ਉਚਾ ਹੋ ਕੇ ਕਰਦਾ ਹੈ, ਵਾਸਤਵ ਵਿਚ ਉਹ ਅਯੋਗ ਅਤੇ ਦਿਖਾਵੇ ਹੇਠਾਂ ਦਬਿਆ ਹੁੰਦਾ ਹੈ। ਉਚਤਾ ਦਾ ਭਾਵ, ਆਪਣੇ ਆਪ ਨੂੰ ਉਚ ਸਮਝਣਾ-ਵਾਸਤਵ ਵਿਚ ਇਹ ਕੁਝ ਨਹੀਂ, ਕੇਵਲ ਹੀਣਤਾ ਭਾਵ ਹੀ ਹੁੰਦਾ ਹੈ। ਜਦੋਂ ਸਾਨੂੰ ਆਪਣੀਆਂ ਕਮਜ਼ੋਰੀਆਂ ਦਾ ਪਤਾ ਹੋਵੇ ਪਰ ਉਸ ਤੋਂ ਛੁਟਕਾਰਾ ਪਾਉਣ ਦਾ ਸਾਧਨ ਨਾ ਪਤਾ ਹੋਵੇ, ਉਹ ਆਪਣੇ ਆਲੇ-ਦੁਆਲੇ ਇਕ ਦੀਵਾਰ ਖੜ੍ਹੀ ਕਰ ਲੈਂਦਾ ਹੈ। ਇਹੋ ਜਿਹੇ ਮਨੁੱਖ ਆਪਣੇ ਆਪ ਨੂੰ ਉਚਾ ਸੋਚਦੇ ਹਨ। ਇਨ੍ਹਾਂ ਨੇ ਆਪਣੇ ਆਪ ਨੂੰ ਅਤੇ ਆਪਣੇ ਚੌਗਿਰਦੇ ਨੂੰ ਸਵੀਕਾਰ ਕਰਨਾ ਨਹੀਂ ਸਿਖਿਆ। ਉਚ ਭਾਵਨਾ ਦਾ ਅਹਿਸਾਸ ਰੇਤ ਦੇ ਢੇਰ ਦੀ ਤਰ੍ਹਾਂ ਹੀ ਜੋ ਇਕ ਹਵਾ ਦੇ ਝੋਕੇ ਨਾਲ ਢਹਿ-ਢੇਰੀ ਹੋ ਜਾਂਦਾ ਹੈ।

ਊਣਤਾਈਆਂ ਸਭ ਵਿਚ ਹਨ। ਸਮਝਦਾਰ ਉਹੀ ਹੁੰਦਾ ਹੈ ਜਿਹੜਾ ਆਪਣੀਆਂ ਊਣਤਾਈਆਂ ਨੂੰ ਜਾਣਦਾ ਹੈ, ਉਨ੍ਹਾਂ ਦੀ ਥਾਂ ਗੁਣਾਂ ਨਾਲ ਪੂਰਨ ਦੀ ਕੋਸ਼ਿਸ਼ ਕਰਦਾ ਹੈ ਜੋ ਉਸ ਨੂੰ ਬਹਾਦਰ ਨਿਰਭੈ ਅਤੇ ਸੱਚਾ ਸਾਧਕ ਬਣਾਉਣ। ਗੁਣਾਂ ਅਵਗੁਣਾਂ ਦੀ ਲੜਾਈ ਸਦਾ ਹੀ ਲੱਗੀ ਰਹਿੰਦੀ ਹੈ। ਊਣਤਾਈ ਸਦਾ ਹੀ ਬਲਵਾਨ ਹੁੰਦੀ ਹੈ ਅਤੇ ਗੁਣਾਂ ਨੂੰ ਛੇਤੀ ਕੀਤੇ ਟਿਕਣ ਨਹੀਂ ਦਿੰਦੀ। ਗੁਣਾਂ ਦੀ ਆਪਣੀ ਸੱਤਿਆ ਹੁੰਦੀ ਹੈ ਕਿਉਂ ਜੋ ਗੁਣ ਇਕ ਸੰਤੁਲਨ ਮਨ ਵਿਚੋਂ ਪੈਦਾ ਹੁੰਦੇ ਹਨ। ਊਣਤਾਈ ਅਸੰਤੁਲਨਤਾ ਵਿਚੋਂ ਜਨਮ ਲੈਂਦੀ ਹੈ, ਸੰਤੁਲਨਤਾ ਸ਼ਕਤੀ ਦਾ ਘਰ ਹੈ।

ਦੁਰਯੋਧਨ ਕੋਲ ਭਾਵੇਂ ਸ਼ਕਤੀਵਾਨ ਫੌਜ ਹੈ, ਬੜੇ ਯੋਧੇ ਜਰਨੈਲ ਹਨ, ਪਰ ਮਨੋਬਲ ਨਹੀਂ ਹੈ। ਮਨੋਬਲ ਦੀ ਘਾਟ ਸਫਲਤਾ ਪ੍ਰਾਪਤੀ ਲਈ ਅਤੀ ਅਵਸ਼ੱਕ ਹੈ। ਮਨੋਬਲ ਅੰਤਰ ਆਤਮਾ ਵਿਚੋਂ ਪੈਦਾ ਹੁੰਦਾ ਹੈ ਅਤੇ ਹਰ ਸਮੇਂ ਸੋਚ, ਭਾਵਨਾ, ਇਛਾਵਾਂ ਅਤੇ ਪ੍ਰੇਰਨਾ ਨੂੰ ਤਾੜਦਾ ਰਹਿੰਦਾ ਹੈ। ਮਨੁੱਖ ਦੀ ਆਤਮਾ ਹੀ ਉਸਨੂੰ ਊਣਤਾਈਆਂ ਦੇ ਜਾਲ ਵਿਚ ਫਸਣ ਤੋਂ ਤਾੜਨਾ ਦਿੰਦੀ ਰਹਿੰਦੀ ਹੈ।

ਜੋ ਜੋ ਵੀ ਸਥਾਨ ਤੁਹਾਨੂੰ ਸੌਂਪੇ ਗਏ ਹਨ ਜਿਥੇ ਵੀ ਲੜਾਈ ਦੇ ਮੈਦਾਨ ਵਿਚ ਅੰਦਰ ਆਉਣ ਦੇ ਰਸਤੇ ਹਨ ਉਨ੍ਹਾਂ ਨੂੰ ਚੰਗੀ ਤਰ੍ਹਾਂ ਬੰਨ੍ਹ ਲਿਆ ਜਾਵੇ, ਏਸ ਤੋਂ ਉਪਰੰਤ ਤੁਸੀਂ ਸਾਰੇ ਜਰਨੈਲ ਭੀਸ਼ਮ ਪਿਤਾਮਾ ਨੂੰ ਘੇਰ ਕੇ ਉਨ੍ਹਾਂ ਦੀ ਰਖਿਆ ਕਰੋ।

ਭੀਸ਼ਮ ਪਿਤਾਮਾ ਨੂੰ ਰੱਖਿਆ ਕਿਉਂ ਚਾਹੀਦੀ ਹੈ? ਭੀਸ਼ਮ ਪਿਤਾਮਾ ਦੀ ਰੱਖਿਆ ਦੀ ਲੋੜ ਇਸ ਕਰਕੇ ਹੈ ਜੇ ਜਰਨੈਲ ਮਾਰਿਆ ਜਾਵੇ, ਲੜਾਈ ਵਿਚ ਹਾਰ ਨਿਸ਼ਚਿਤ ਹੋ ਜਾਂਦੀ ਹੈ। ਭੀਸ਼ਮ ਪਿਤਾਮਾ ਕੋਲ ਭਾਵੇਂ ਵਿਸ਼ੇਸ਼ ਵਰਦਾਨ ਹੈ, ਕੋਈ ਵੀ ਉਨ੍ਹਾਂ ਨੂੰ ਮਾਰ ਨਹੀਂ ਸਕਦਾ, ਪਰ ਕੁਦਰਤ ਦਾ ਨਿਯਮ ਤਾਂ ਹੈ ਕਿ ਜੋ ਪੈਦਾ ਹੁੰਦਾ ਹੈ ਉਹ ਮਰਦਾ ਵੀ ਜ਼ਰੂਰ ਹੈ ਅਤੇ ਭੀਸ਼ਮ ਵੀ ਇਸ ਨਿਯਮ ਤੋਂ ਬਾਹਰ ਨਹੀਂ ਹਨ। ਦੁਰਯੋਧਨ ਬਹੁਤ ਡਰਿਆ ਹੋਇਆ ਹੈ ਅਤੇ ਉਸ ਦਾ ਇਕ ਡਰ ਹੈ ਕਿਤੇ ਭੀਸ਼ਮ ਪਿਤਾਮਾ ਸ਼ਹੀਦ

ਨਾ ਹੋ ਜਾਣ। ਏਸੇ ਡਰ ਦੇ ਕਾਰਨ ਉਸ ਨੇ ਫੌਜ ਨੂੰ ਹੁਕਮ ਦਿਤਾ ਹੈ ਕਿ ਉਹ ਭੀਸ਼ਮ ਪਿਤਾਮਾ ਨੂੰ ਘੇਰਾ ਪਾ ਕੇ ਰੱਖਣ। ਡਰ ਦੇ ਕਾਰਣ ਹੀ ਸੁਰੱਖਿਆ ਦੀ ਲੋੜ ਮਹਿਸੂਸ ਹੁੰਦੀ ਹੈ ਅਤੇ ਸੁਰੱਖਿਆ ਵਿਚ ਸਾਡੀ ਬਹੁਤ ਸਾਰੀ ਤਾਕਤ ਲਗ ਜਾਂਦੀ ਹੈ ਜਿਹੜੀ ਕਿਸੇ ਹੋਰ ਚੰਗੇ ਪਾਸੇ ਜਾਂ ਕੁਛ ਕਰਨ ਲਈ ਲਾਈ ਜਾ ਸਕਦੀ ਹੈ।

ਭੀਸ਼ਮ ਪਿਤਾਮਾ ਭਾਵੇਂ ਦੁਰਯੋਧਨ ਦੇ ਪਾਸਿਓਂ ਲੜ ਰਹੇ ਹਨ ਪਰ ਉਹ ਪੂਰਾ ਮਨ ਚਿੱਤ ਲਾ ਕੇ ਨਹੀਂ ਲੜ ਰਹੇ। ਭੀਸ਼ਮ ਪਿਤਾਮਾ ਅਤੇ ਅਚਾਰੀਆ ਦਰੋਣ ਦੋਨਾਂ ਦੀ ਵਫਾਦਾਰੀ ਦੁਰਯੋਧਨ ਲਈ ਕੇਵਲ ਓਪਰੀ ਅਤੇ ਬਾਹਰੀ ਹੀ ਹੈ। ਇਹ ਦੋਨੋਂ ਇਹ ਬੁੱਝ ਕੇ ਲੜ ਰਹੇ ਹਨ ਕਿ ਦੁਰਯੋਧਨ ਅਨਿਆਈਂ ਹੈ, ਉਹ ਇਹ ਵੀ ਜਾਣਦੇ ਹਨ ਕਿ ਦੁਰਯੋਧਨ ਅਵੱਸ਼ ਹਾਰੇਗਾ, ਭਾਵੇਂ ਉਹ ਕਿੰਨੀ ਹੀ ਫੌਜ ਕਿਉਂ ਨਾ ਇਕੱਠੀ ਕਰ ਲਵੇ, ਕਿੰਨੀ ਵੀ ਕਿਲ੍ਹੇ ਬੰਦੀ ਕਿਉਂ ਨਾ ਕਰ ਲਵੇ, ਕਿੰਨਾ ਵੀ ਜ਼ੁਲਮ ਕਿਉਂ ਨਾ ਕਮਾ ਲਵੇ।

ਯੋਗਤਾ ਅਤੇ ਬਲ ਦੇ ਬੜੇ ਰੂਪ ਹਨ। ਉਦਾਹਰਣ ਵਜੋਂ ਬਿਜਲੀ ਦੋਨੋਂ ਹੀ ਕੰਮ ਕਰਦੀ ਹੈ, ਠੰਢਾ ਵੀ ਕਰਦੀ ਹੈ ਅਤੇ ਗਰਮ ਵੀ; ਜਿਸ ਦੀ ਲੋੜ ਮਹਿਸੂਸ ਕਰੋ ਉਸ ਤਰ੍ਹਾਂ ਦਾ ਕੰਮ ਪੂਰਾ ਕਰਦੀ ਹੈ। ਇਸੇ ਪ੍ਰਕਾਰ ਮਨੁੱਖ ਦੀ ਯੋਗਤਾ ਨੂੰ ਭਾਵੇਂ ਚੰਗੇ ਪਾਸੇ ਲਗਾ ਲਵੋ ਅਤੇ ਭਾਵੇਂ ਭੈੜੇ ਪਾਸੇ। ਤੁਸੀਂ ਕੀ ਕਰਨਾ ਚਾਹੁੰਦੇ ਹੋ ਅਤੇ ਕਿੰਨੇ ਸੁਚੱਜੇ ਢੰਗ ਨਾਲ ਤੁਸੀਂ ਯੋਗਤਾ ਨੂੰ ਵਰਤ ਸਕਦੇ ਹੋ। ਦੁਰਯੋਧਨ ਬਹੁਤ ਸ਼ਕਤੀਸ਼ਾਲੀ ਹੈ ਪਰ ਉਸ ਦੀ ਸ਼ਕਤੀ ਵਿਨਾਸ਼ਤਾ ਵਾਲੇ ਪਾਸੇ ਲੱਗੀ ਹੋਈ ਹੈ। ਇਸ ਤੋਂ ਵਿਪਰੀਤ ਪਾਂਡਵ ਉਸ ਸ਼ਕਤੀ ਦਾ ਪ੍ਰਤੀਕ ਹਨ ਜੋ ਸਿਰਜਨਾਤਮਕ ਹੈ ਅਤੇ ਚੇਤਨਤਾ ਦਾ ਬਿੰਦੂ ਹੈ।

12. ਦੁਰਯੋਧਨ ਦੀ ਖੁਸ਼ੀ ਦਾ ਕੋਈ ਅੰਤ ਨਾ ਰਿਹਾ ਜਦੋਂ ਭੀਸ਼ਮ ਪਿਤਾਮਾ ਨੇ ਆਪਣੇ ਪੂਰੇ ਤੇਜ ਨਾਲ ਸ਼ੇਰ ਦੀ ਤਰ੍ਹਾਂ ਗਰਜਦਿਆਂ ਸੰਖ ਵਜਾਇਆ।

13. ਫੇਰ ਸੰਖ, ਨਗਾਰਾ, ਤੰਬੂਰਾ, ਢੋਲ ਅਤੇ ਨਗਾਰਾ ਵੱਜਿਆ ਅਤੇ ਬਹੁਤ ਚੀਕ ਚਿਹਾੜਾ ਪਿਆ।

14. ਫੇਰ ਚਿੱਟੇ ਘੋੜਿਆਂ ਵਾਲੇ ਰੱਥ ਉਤੇ ਸਵਾਰ ਸ੍ਰੀ ਕ੍ਰਿਸ਼ਨ ਅਤੇ ਅਰਜਨ ਨੇ ਵੀ ਆਪਣਾ ਪਵਿੱਤ੍ਰ ਸੰਖ ਵਜਾਇਆ।

15. ਸ੍ਰੀ ਕ੍ਰਿਸ਼ਨ, ਇੰਦ੍ਰੀਆਂ ਦੇ ਦੇਵਤੇ ਨੇ ਆਪਣਾ ਪੰਜ ਗਿਆਨ ਦਾ ਸੰਖ ਵਜਾਇਆ, ਸੰਸਾਰ ਵਿਜੇਈ ਅਰਜਨ ਨੇ ਦੇਵ ਦਤ ਸੰਖ ਵਜਾਇਆ, ਭੀਮ ਨੇ ਆਪਣਾ ਪੌਂਦਰ ਸੰਖ ਵਜਾਇਆ।

16. ਕੁੰਤੀ ਪੁਤ੍ਰ ਯੁਧਿਸ਼ਟਰ ਨੇ ਅਨੰਤ ਸੰਖ ਵਜਾਇਆ, ਨਕੁਲ ਨੇ ਸੁਘੋਸ਼ ਅਤੇ ਸਹਿਦੇਵ ਨੇ ਮਨੀ ਪੁਸ਼ਪਕ ਸੰਖ ਵਜਾਇਆ।

17. ਸ਼ਿਖੰਡੀ ਕਾਸ਼ੀ ਦੇ ਰਾਜਾ ਜੋ ਇਕ ਬਹੁਤ ਨਿਪੁੰਨ ਤੀਰ ਅੰਦਾਜ਼ ਅਤੇ ਰਥਵਾਨ ਸੀ। ਦ੍ਰਿਸ਼ਟ ਦਮਨ, ਵਿਰਾਟ ਅਤੇ ਅਜਿੱਤ ਸਤਿਆਕੀ ਸਭ ਨੇ ਸੰਖ ਵਜਾਏ।

18. ਧਰੁਪਦ ਅਤੇ ਦਰੋਪਦੀ ਦੇ ਪੁਤਰ ਸਭ ਰਾਜਿਆਂ ਨੇ, ਸੁਭੱਦਰਾ ਦੇ ਪੁਤਰ ਨੇ, ਸਭ ਨੇ ਆਪਣੇ-ਆਪਣੇ ਸੰਖ ਵਜਾਏ।

ਦੋਨੋਂ ਪਾਸੇ ਦਿਆਂ ਜਰਨੈਲਾਂ ਨੇ ਸੰਖ ਵਜਾਏ, ਨਗਾਰੇ ਵਜਾਏ ਅਤੇ ਆਪਣੀਆਂ ਫੌਜਾਂ ਨੂੰ ਖਬਰਦਾਰ ਕੀਤਾ। ਪਹਿਲਾਂ ਦੁਰਯੋਧਨ ਦੀ ਫੌਜ ਨੇ ਬੜੀ ਭਿਆਨਕ ਅਵਾਜ਼ ਕੱਢੀ ਅਤੇ ਪਾਂਡਵਾਂ ਦੀ ਫੌਜ ਨੂੰ ਡਰਾਇਆ ਪਰ ਪਾਂਡਵਾਂ ਦੀ ਫੌਜ ਨੇ ਪੂਰੇ ਆਤਮ ਵਿਸ਼ਵਾਸ਼ ਨਾਲ ਬੜੀ ਜ਼ੋਰ ਦੀ ਅਵਾਜ਼ ਕੱਢੀ। ਇਹ ਵੱਖ-ਵੱਖ ਅਵਾਜ਼ਾਂ ਜਾਂ ਤਾਂ ਡਰਾਉਣ ਲਈ ਅਤੇ ਜਾਂ ਆਪਣੇ ਆਪ ਨੂੰ ਬਲ ਦੇਣ ਲਈ ਕੱਢੀਆਂ ਜਾਂਦੀਆਂ ਹਨ ਜਾਂ ਫੇਰ ਦੁਸ਼ਮਨ ਦੀ ਫੌਜ ਨੂੰ ਡਰਾਉਣ ਲਈ ਕੱਢੀਆਂ ਜਾਂਦੀਆਂ ਹਨ। ਮਨੁੱਖ ਜਦੋਂ ਡਰਦੇ ਹਨ, ਉਹ ਬੜੀਆਂ ਭਿਆਨਕ ਅਵਾਜ਼ਾਂ ਕੱਢਦੇ ਹਨ। ਸ੍ਰੀ ਕ੍ਰਿਸ਼ਨ ਅਤੇ ਅਰਜਨ ਬੜੀਆਂ ਹੀ ਸੁਰੀਲੀਆਂ ਅਵਾਜ਼ਾਂ ਕੱਢਦੇ ਹਨ ਜਿਵੇਂ ਕੋਈ ਰੱਬੀ ਬਾਣੀ ਗਾ ਰਹੇ ਹੋਣ। ਦੁਰਯੋਧਨ ਦੇ ਨਗਾਰਿਆਂ ਦੀ ਆਵਾਜ਼ ਬੜੀ ਤਿੱਖੀ ਹੈ, ਉਤੇਜਿਤ ਕਰਨ ਵਾਲੀ ਹੈ, ਡਰਾਉਣ ਵਾਲੀ ਹੈ ਅਤੇ ਵਿਆਕੁਲ ਕਰਨ ਵਾਲੀ ਹੈ। ਉਨ੍ਹਾਂ ਦੀ ਅਵਾਜ਼ ਵਿਚੋਂ ਕੋਈ ਗੀਤ, ਕੋਈ ਕਵਿਤਾ ਨਹੀਂ ਨਿਕਲਦੀ ਕਿਉਂਕਿ ਉਹ ਇਕ ਵਿਨਾਸ਼ਕ ਸ਼ਕਤੀ ਵਿਚੋਂ ਪੈਦਾ ਹੁੰਦੀ ਹੈ ਉਹ ਸ਼ਕਤੀ ਜੋ ਅੰਦਰ ਹੈ। ਇਸ ਪ੍ਰਮ ਸ਼ਕਤੀ ਦੇ ਦੋ ਪੱਖ ਹਨ - ਉਦਾਰਤਾ, ਸਦਾਚਾਰਕ, ਦਿਆਲੂ ਅਤੇ ਦੂਸਰਾ ਨਿਰਦਈ, ਜ਼ਾਲਮ, ਸੱਤਿਆਨਾਸੀ। ਲੜਾਈ ਮਨ ਦੇ ਅੰਦਰ ਦੁਵੰਦ ਦਾ ਪ੍ਰਗਟਾਵਾ, ਤਬਾਹੀ ਅਤੇ ਦਿਆਲਤਾ ਦੇ ਸੰਘਰਸ਼ ਦਾ ਟਾਕਰਾ ਹੈ।

19. ਬਹੁਤ ਸ਼ੋਰ ਵਾਲੀ ਗੂੰਜਦੀ ਅਵਾਜ਼ ਨੇ ਧ੍ਰਿਤਰਾਸ਼ਟਰ ਦੇ ਪੁਤਰਾਂ ਦੇ ਦਿਲ ਚੀਰ ਦਿਤੇ, ਉਹ ਅਵਾਜ਼ ਜੋ ਨਾ ਕੇਵਲ ਧਰਤੀ ਤੇ ਅਕਾਸ਼, ਸਵਰਗ ਵਿਚ ਸਾਰੇ ਕਿਤੇ ਇਹ ਅਵਾਜ਼ ਗੂੰਜ ਗਈ।

ਪਾਂਡਵਾਂ ਦੇ ਸੰਖ ਦੀ ਡਰਾਵਣੀ ਅਵਾਜ਼ ਨਾਲ ਦੁਰਯੋਧਨ ਦਾ ਪਾਪੀ ਮਨ ਕੰਬ ਗਿਆ। ਉਸ ਨੂੰ ਆਪਣਾ ਪਾਪ ਸਾਮ੍ਹਣੇ ਖੜ੍ਹਾ ਪ੍ਰਤੀਤ ਹੋਣ ਲੱਗਾ। ਉਹ ਆਪਣੇ ਆਪ ਨੂੰ ਅਪਰਾਧੀ ਮਹਿਸੂਸ ਕਰਨ ਲੱਗਾ, ਪਾਪੀ ਉਹ ਹੀ ਮਹਿਸੂਸ ਕਰਦਾ ਹੈ ਜਿਹੜਾ ਆਪਣੇ ਕਸੂਰ, ਗੁਨਾਹ ਮੰਨਦਾ ਨਹੀਂ, ਉਨ੍ਹਾਂ ਬਾਰੇ ਜਾਣੂੰ ਹੋਣਾ ਨਹੀਂ ਚਾਹੁੰਦਾ, ਉਹ ਆਪਾ ਸੁਧਾਰਨ ਵਿਚ ਵਿਸ਼ਵਾਸ਼ ਹੀ ਨਹੀਂ ਰੱਖਦਾ ਅਤੇ ਕਿਸੇ ਦਾ ਸੁਝਾਅ ਮੰਨਣ ਨੂੰ ਤਿਆਰ ਹੀ ਨਹੀਂ। ਨਾ ਉਹ ਆਪਣੀ ਆਤਮਾ ਦੀ ਅਵਾਜ਼ ਸੁਨਣ ਨੂੰ ਤਿਆਰ ਹੈ, ਨਾ ਹੀ ਕਿਸੇ ਦੀ ਸਲਾਹ ਲੈਣ ਨੂੰ ਹੀ ਤਿਆਰ ਹੈ। ਉਸ ਨੇ ਸਿੱਖਣ ਦੇ ਸਾਰੇ ਬੂਹੇ ਬੰਦ ਕਰ ਲਏ ਹਨ ਅਤੇ ਹਉਮੈ ਦੇ ਕਿਲ੍ਹੇ ਵਿਚ ਆਪਣੇ ਆਪ ਨੂੰ ਬੰਦ ਕਰ ਲਿਆ ਹੈ। ਕੁਛ ਵੀ ਜਾਨਣਾ ਨਹੀਂ ਚਾਹੁੰਦਾ। ਆਪਣੀ ਹਉਮੈ ਨੂੰ ਹੀ ਘਾਹ ਪਾਈ ਜਾ ਰਿਹਾ ਹੈ ਅਤੇ ਝੂਠ ਨੂੰ ਹੀ ਸੱਚ ਮੰਨੀ ਜਾ ਰਿਹਾ

ਹੈ।

20. ਪਾਂਡੂ ਪੁੱਤਰ ਅਰਜਨ ਨੇ ਜਦੋਂ ਧ੍ਰਿਤਰਾਸ਼ਟਰ ਦੇ ਪੁਤਰਾਂ ਨੂੰ ਆਪਣੇ ਬਾਣ ਉਚੇ ਚੁਕਦਿਆਂ ਦੇਖਿਆ ਉਸ ਨੇ ਵੀ ਆਪਣਾ ਹਨੂੰਮਾਨ ਵਾਲਾ ਝੰਡਾ ਲਹਿਰਾਅ ਦਿਤਾ ਅਤੇ ਬਾਣ ਚੁੱਕ ਲਿਆ।

ਰਮਾਇਣ ਮਹਾਂਭਾਰਤ ਨਾਲੋਂ ਬਹੁਤ ਪੁਰਾਤਨ ਕਾਵਿ ਹੈ। ਇਸ ਵਿਚ ਹਨੂੰਮਾਨ, ਰਾਕਸ਼ਸਾਂ ਨੂੰ ਖਤਮ ਕਰਨ ਵਿਚ ਬਹੁਤ ਵੱਡੀ ਭੂਮਿਕਾ ਨਿਭਾਉਂਦਾ ਹੈ - ਖਾਸ ਤੌਰ ਤੇ ਰਾਵਣ ਦੇ ਖਤਮ ਕਰਨ ਵਿਚ। ਲੜਾਈਆਂ ਵਿਚ ਹਨੂੰਮਾਨ ਨੂੰ ਇਕ ਚਿੰਨ ਵਜੋਂ ਬਹੁਤ ਵਰਤਿਆ ਜਾਂਦਾ ਹੈ, ਹਨੂੰਮਾਨ ਬਹੁਤ ਬਲਵਾਨ ਸੀ। ਮਹਾਂਭਾਰਤ ਵਿਚ ਵੀ ਹਨੂੰਮਾਨ ਇਕ ਚਿੰਨ ਵਜੋਂ ਬਹੁਤ ਮਹੱਤਵਪੂਰਨ ਹੈ। ਅਰਜਨ ਦੇ ਰੱਥ ਉਤੇ ਜਿਹੜਾ ਝੰਡਾ ਝੂਲ ਰਿਹਾ ਹੈ ਉਸ ਉਤੇ ਵੀ ਹਨੂੰਮਾਨ ਦਾ ਹੀ ਚਿੰਨ ਹੈ ਅਤੇ ਇਸ ਨਾਲ ਅਰਜਨ ਦੀ ਫੌਜ ਨੂੰ ਉਤਸ਼ਾਹ ਮਿਲਦਾ ਹੈ ਅਤੇ ਮੁਕਾਬਲੇ ਦੀਆਂ ਫੌਜਾਂ ਵਿਚ ਭੈ ਪੈਦਾ ਹੁੰਦਾ ਹੈ। ਹਨੂੰਮਾਨ ਬਹੁਤ ਹੀ ਉਤਮ ਕਿਸਮ ਦੇ ਸਾਧਕ, ਸ਼ਰਧਾਲੂ ਅਤੇ ਬ੍ਰਹਮਚਾਰੀ ਸਨ। ਇਹ ਸਭ ਗੁਣ ਕੇਵਲ ਰਾਮ ਚੰਦਰ ਦੇ ਹੀ ਸਮਰਪਣ ਸਨ। ਉਨ੍ਹਾਂ ਵੀ ਰਾਮ ਚੰਦਰ ਜੀ ਪ੍ਰਤੀ ਇਕ ਮਾਤਰ ਲਗਨ, ਸ਼ਰਧਾ ਦੇ ਕਾਰਨ ਹੀ ਉਹ ਸਾਰੀਆਂ ਪ੍ਰਾਪਤੀਆਂ ਕਰ ਸਕੇ। ਬੁੱਧੀਮਾਨ ਅਧਿਆਪਕ ਉਹ ਹੀ ਹੁੰਦਾ ਹੈ ਜੋ ਆਪਣੇ ਵਿਦਿਆਰਥੀ ਨੂੰ ਇਹੋ ਜਿਹਾ ਇਕ ਮਾਤ੍ਰ ਸ਼ਰਧਾ ਇਕਾਗਰਤਾ ਸਿਖਾਵੇ।

ਅਰਜਨ ਦੀ ਸ਼ਰਧਾ ਬਿਲਕੁਲ ਹਨੂੰਮਾਨ ਵਰਗੀ ਹੀ ਹੈ ਉਹ ਵੀ ਸਦਾ ਆਪਣੇ ਗੁਰੂ, ਆਪਣੇ ਸੰਚਾਲਕ ਦੇ ਚਰਨਾਂ ਵਿਚ ਹੀ ਰਹਿੰਦੇ ਹਨ। ਉਹ ਆਪਣੇ ਸਾਰੇ ਸਾਧਨ ਕ੍ਰਿਸ਼ਨ ਜੀ ਦੇ ਚਰਨਾਂ ਵਿਚ ਹੀ ਲਗਾਉਣਾ ਸਿਖ ਰਿਹਾ ਹੈ, ਇਸ ਕਰਕੇ ਹੀ ਉਸ ਨੂੰ ਅਰਜਨ ਕਿਹਾ ਜਾਂਦਾ ਹੈ। (ਭਾਵ ਜੋ ਬਿਲਕੁਲ ਨਿਸ਼ਕਪਟ ਸਾਧਨਾ ਕਰਦਾ ਹੈ) ਲੜਾਈ ਵਿਚ ਅਰਜਨ ਦੇ ਝੰਡੇ ਉਤੇ ਹਨੂੰਮਾਨ ਦਾ ਚਿੰਨ ਉਸ ਦੀ ਫੌਜ ਨੂੰ ਪ੍ਰੇਰਨਾ ਦਿੰਦਾ ਅਤੇ ਉਸ ਨੂੰ ਆਪ ਨੂੰ ਮਨੋਬਲ ਦਿੰਦਾ ਹੈ। ਅਰਜਨ ਜਾਣਦਾ ਹੈ ਕਿ ਉਹ ਦੁਨੀਆਂ ਦੀ ਲੜਾਈ ਲੜ ਰਿਹਾ ਹੈ ਅਤੇ ਯੋਗੀਆਂ ਦਾ ਯੋਗੀ ਸ੍ਰੀ ਕ੍ਰਿਸ਼ਨ ਉਸ ਦਾ ਆਗੂ ਹੈ। ਉਸ ਦਾ ਮਨੋਬਲ ਸ਼ਲਾਘਾਯੋਗ ਹੈ ਪਰ ਅਸੀਂ ਹੁਣ ਹੀ ਦੇਖਾਂਗੇ ਕਿਵੇਂ ਉਸ ਦਾ ਮਨੋਬਲ ਖੇਰੂੰ-ਖੇਰੂੰ ਹੋ ਜਾਂਦਾ ਹੈ ਅਤੇ ਵਿਆਕੁਲ ਹੋ ਉਠਦਾ ਹੈ।

ਇਹ ਵਿਚਾਰਗੋਚਰ ਹੈ ਕਿ ਕਿਵੇਂ ਕੋਈ ਐਨੇ ਵਿਸ਼ਵਾਸ਼ ਨਾਲ ਲੜਾਈ ਦੀ ਤਿਆਰੀ ਕਰਕੇ ਫੇਰ ਥੋੜ੍ਹੇ ਜਿਹੇ ਸਮੇਂ ਵਿਚ ਵਿਆਕੁਲ ਹੋ ਉਠੇ, ਮਨੁੱਖ ਭਾਵੇਂ ਕਿੰਨਾ ਹੀ ਦ੍ਰਿੜ੍ਹ ਵਿਸ਼ਵਾਸ਼ੀ ਕਿਉਂ ਨਾ ਹੋਵੇ, ਕਿਵੇਂ ਇਕ ਛੋਟੇ ਜਿਹੇ ਗਲਤ ਵਿਚਾਰ, ਧਿਆਨ ਨਾਲ ਢਹਿੰਦੀ ਕਲਾ ਵਿਚ ਚਲਾ ਜਾਂਦਾ ਹੈ, ਵਿਸ਼ੇਸ਼ ਤੌਰ ਤੇ ਜਦੋਂ ਉਹ ਇਸ ਨਾਸ਼ਵਰ ਸਰੀਰ ਦੇ ਬਾਰੇ ਸੋਚਦਾ ਹੈ।

ਸਮਾਧੀ ਦੀ ਅਵਸਥਾ ਪ੍ਰਾਪਤ ਕਰ ਲੈਣ ਤੋਂ ਬਾਦ ਵੀ ਮਨੁੱਖ ਉਸ

ਚੁੱਪ ਦੀ ਅਵਸਥਾ ਤੋਂ ਹੇਠਾਂ ਆਉਂਦਾ ਹੈ। ਸਮਾਧੀ ਵੀ ਮਨੁੱਖੀ ਸਰੀਰ ਦੇ ਨਾਲ ਹੀ ਹੈ। ਜਦੋਂ ਅਸੀਂ ਮਹਾਂਪੁਰਖਾਂ ਦੀਆਂ ਜੀਵਨੀਆਂ ਪੜ੍ਹਦੇ ਹਾਂ ਅਸੀਂ ਬਹੁਤ ਵਾਰੀ ਦੇਖਦੇ ਹਾਂ ਕਿ ਉਨ੍ਹਾਂ ਦੇ ਜੀਵਨ ਵਿਚ ਇਹੋ ਜਿਹਾ ਸਮਾਂ ਵੀ ਆਉਂਦਾ ਹੈ, ਜਦੋਂ ਰੂਹਾਨੀ ਉਡਾਰੀ ਤੋਂ ਇਕ ਦਮ ਸਰੀਰਕ ਪੱਧਰ ਉਤੇ ਆ ਜਾਂਦੇ ਹਨ। ਮਿਸਾਲ ਵਜੋਂ ਮਹਾਤਮਾ ਬੁੱਧ ਨੇ ਫੈਸਲਾ ਕੀਤਾ ਕਿ ਉਹ ਤਿਆਗ ਦਾ ਰਸਤਾ ਅਪਣਾਉਣਗੇ, ਉਹ ਆਪਣੀ ਗ੍ਰਹਿਸਤੀ ਛੱਡ ਕੇ ਚਲੇ ਗਏ, ਇਹ ਠੀਕ ਹੈ ਉਹ ਛੇਤੀਂ ਹੀ ਆਪਣੇ ਬੱਚੇ ਨੂੰ ਦੇਖਣ ਲਈ ਮੁੜ ਕੇ ਆਏ ਪਰ ਫੇਰ ਉਨ੍ਹਾਂ ਨੂੰ ਆਪਣਾ ਪ੍ਰਣ ਯਾਦ ਆ ਗਿਆ ਤੇ ਉਹ ਰਾਜਗਿਰੀ ਜੰਗਲਾਂ ਨੂੰ ਮੁੜ ਕੇ ਚਲੇ ਗਏ।

ਵਾਸਤਵ ਵਿਚ ਇਹ ਸਮਝ ਲੈਣਾ ਚਾਹੀਦਾ ਹੈ ਕਿ ਸਭ ਤੋਂ ਉਤਮ ਹੈ – ਅੰਦਰ ਦੀ ਅਵਾਜ਼ ਨੂੰ ਸੁਣਨਾ; ਉਹ ਅਵਾਜ਼ ਜਿਹੜੀ ਵਾਹਿਗੁਰੂ ਦੇ ਮਿਲਾਪ ਲਈ ਵਿਆਕੁਲ ਹੈ, ਬਾਹਰ ਦੇ ਸੰਸਾਰ ਦੀ ਚਮਕ-ਦਮਕ ਬਹੁਤ ਹੀ ਆਕਰਸ਼ਕ ਕਰਨ ਵਾਲੀ ਹੈ, ਮਾਇਆ ਦਾ ਪਸਾਰਾ ਆਤਮ ਮਾਰਗ ਲਈ ਬਹੁਤ ਵੱਡੀ ਰੁਕਾਵਟ ਹੈ। ਇਸ ਕਰਕੇ ਸਾਧਕ ਨੂੰ ਆਪਣੇ ਆਪ ਵਿਚ ਹੰਕਾਰੀ ਸੰਤੁਸ਼ਟ ਨਹੀਂ ਹੋਣਾ ਚਾਹੀਦਾ। ਸਾਧਨ ਦੇ ਆਖਰੀ ਸਿਰੇ ਤੱਕ ਵੀ ਸੰਸਾਰ ਨਾਲ ਅਤੇ ਰਿਸ਼ਤਿਆਂ ਨਾਲ ਮੋਹ ਬਹੁਤ ਦੁਖਦਾਈ ਹੋ ਸਕਦਾ ਹੈ।

21. ਓ ਧਰਿਤਰਾਸ਼ਟਰ, ਅਰਜਨ ਕਹਿ ਰਿਹਾ ਹੈ – ਸ੍ਰੀ ਕ੍ਰਿਸ਼ਨ (ਇੰਦ੍ਰੀਆਂ ਦੇ ਦੇਵ) ਹੇ ਪ੍ਰਭੂ! ਮੇਰਾ ਰੱਥ ਦੋਨੋਂ ਫੌਜਾਂ ਦੇ ਵਿਚਕਾਰ ਲੈ ਜਾ ਕੇ ਖੜ੍ਹਾ ਕਰ ਦਿਓ।

22. ਮੈਂ ਦੇਖ ਲਵਾਂ ਕੌਣ-ਕੌਣ ਇਥੇ ਖੜ੍ਹਾ ਹੈ ਲੜਨ ਵਾਸਤੇ ਕੌਣ-ਕੌਣ ਇਸ ਲੜਾਈ ਦੇ ਮੈਦਾਨ ਵਿਚ ਹਾਜ਼ਰ ਹੈ।

23. ਮੈਂ ਉਨ੍ਹਾਂ ਨੂੰ ਦੇਖਣਾ ਚਾਹਾਂਗਾ ਜਿਹੜੇ ਧਰਿਤਰਾਸ਼ਟਰ ਦੀਆਂ ਅਨਿਆਈ ਨੀਤੀਆਂ ਨੂੰ ਸਾਕਾਰ ਕਰਨ ਲਈ ਇਕੱਤ੍ਰਿਤ ਹੋਏ ਹਨ ਅਤੇ ਲੜਨ ਲਈ ਤਿਆਰ ਹਨ। ਧਰਿਤਰਾਸ਼ਟਰ ਦੇ ਪੁਤਰਾਂ ਦੇ ਅਨਿਆਂ ਦਾ ਸਾਥ ਦੇ ਰਹੇ ਹਨ।

24. ਓ ਭਰਤ ਦੀ ਸੰਤਾਨ, ਨਿੰਦ੍ਰਾ ਨੂੰ ਵਿਜੈ ਕਰਨ ਵਾਲੇ ਸ੍ਰੀ ਕ੍ਰਿਸ਼ਨ ਇੰਦ੍ਰੀਆਂ ਦੇ ਦੇਵਤਾ, ਅਰਜਨ ਇਹ ਕਹਿ ਕੇ ਉਚੀ-ਉਚੀ ਪੁਕਾਰਦਾ ਹੈ ਅਤੇ ਆਪਣਾ ਰਥ ਦੋਨੋਂ ਫੌਜਾਂ ਦੇ ਵਿਚ ਲੈ ਜਾ ਕੇ ਖੜ੍ਹਾ ਕਰ ਦਿੰਦਾ ਹੈ।

25. ਭੀਮ ਅਤੇ ਦ੍ਰੋਣ ਦੇ ਸਾਮ੍ਹਣੇ ਖੜ੍ਹੇ ਹੋ ਕੇ ਅਰਜਨ ਪੁਕਾਰਦਾ ਹੈ – ਓ ਪਰਿਥਾ ਪੁੱਤਰ! ਦੇਖ ਇਨ੍ਹਾਂ ਦੇ ਕੌਰਵਾਂ ਨੂੰ ਜੋ ਇਕੱਠੇ ਹੋਏ ਹਨ। ਅਰਜਨ ਸ੍ਰੀ ਕ੍ਰਿਸ਼ਨ ਨੂੰ ਬੇਨਤੀ ਕਰਦਾ ਹੈ ਕਿ ਰੱਥ ਨੂੰ ਅੱਗੇ ਤਕ ਲੈ ਜਾਣ ਤਾਂ ਕਿ ਦੋਨੋਂ ਪਾਸਿਆਂ ਦੀ ਫੌਜ ਦਾ ਅਨੁਮਾਨ ਲਗ ਸਕੇ। ਜੇ ਕੋਈ ਇਛਾਵਾਨ ਸੋਝੀ ਨਾ ਰਖਦਾ ਹੋਵੇ ਅਤੇ ਉਸਨੂੰ ਆਪਣੀ ਤਾਕਤ ਅਤੇ ਕਮਜ਼ੋਰੀਆਂ ਦਾ ਠੀਕ ਅਨੁਮਾਨ ਨਾ ਹੋਵੇ ਤਾਂ ਉਹ ਭਾਵਕ ਹੋ ਕੇ

ਅਸੰਤੁਲਨ ਹੋ ਸਕਦਾ ਹੈ। ਜਿਸ ਤਰ੍ਹਾਂ ਅਰਜਨ ਨੇ ਲੜਾਈ ਤੋਂ ਪਹਿਲਾਂ ਤਿਆਰੀ ਕੀਤੀ ਹੈ ਬਿਲਕੁਲ ਇਸ ਤਰ੍ਹਾਂ ਹੀ ਹਰ ਸਾਧਕ ਨੂੰ ਆਪਣੇ ਆਪ ਨੂੰ ਤਿਆਰ ਕਰਨਾ ਚਾਹੀਦਾ ਹੈ ਜੇ ਉਸਨੇ ਆਤਮ ਮਾਰਗ ਉਤੇ ਚਲਣਾ ਹੈ। ਬਿਮਾਰੀ, ਡਰ, ਨਿਰਾਸਤਾ ਅਤੇ ਢਹਿੰਦੀ ਕਲਾ ਇਹ ਸਾਰੇ ਮਿਲ ਕੇ ਔਕੜਾਂ ਪੈਦਾ ਕਰ ਸਕਦੇ ਹਨ।

ਕਥਾ ਉਪਨਿਸ਼ਦ ਅਨੁਸਾਰ ਰਥ ਮਨੁੱਖੀ ਸਰੀਰ ਦਾ ਪ੍ਰਤੀਕ ਹੈ, ਪੰਜ ਘੋੜੇ ਪੰਜਾਂ ਇੰਦ੍ਰੀਆਂ ਦਾ ਪ੍ਰਤੀਕ ਹਨ। ਅਰਜਨ ਮਨ ਹੈ ਅਤੇ ਰਥਵਾਨ ਤੋਂ ਭਾਵ ਉਚ ਬੁਧੀ ਹੈ। ਮਨ ਸਦਾ ਹੀ ਇਸ ਦਵੰਦ ਵਿਚ ਰਹਿੰਦਾ ਹੈ ਤਾਂ ਦਵੰਦ ਜਾਂਦਾ ਰਹਿੰਦਾ ਹੈ। ਸਿਖਣਯੋਗ ਹੈ ਕਿ ਪੱਕਾ ਨਿਸ਼ਚਾ ਕਿਸ ਤਰ੍ਹਾਂ ਬਣਾਉਣਾ ਹੈ, ਹਰ ਸਮਸਿਆ ਦਾ ਸਮਾਧਨ ਕਿਸ ਤਰ੍ਹਾਂ ਕਰਨਾ ਹੈ।

ਇਸ ਸਲੋਕ ਵਿਚ ਕ੍ਰਿਸ਼ਨ ਜੀ ਨੂੰ ਅਚੁਤ ਕਿਹਾ ਗਿਆ ਹੈ ਅਤੇ ਅਰਜਨ ਨੂੰ ਗਦਾਕੇਸ਼। ਅਚੁਤ ਦਾ ਅਰਥ ਹੈ – ਸਥਿਰ, ਗਦਾਕੇਸ਼ ਦਾ ਅਰਥ ਹੈ ਨੀਂਦ ਨੂੰ ਫਤਹਿ ਕਰਨ ਵਾਲਾ। ਇਨ੍ਹਾਂ ਸ਼ਬਦਾਂ ਤੋਂ ਭਾਵ ਹੈ ਕਿ ਅਧਿਆਪਕ ਨੂੰ ਸਥਿਰ, ਦ੍ਰਿੜ੍ਹ ਹੋਣਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਅਧਿਆਪਕ ਨੂੰ ਕਦੀ ਸੁਸਤ, ਆਲਸੀ ਨਾ ਹੋਣ ਦੇਣ। ਅਰਜਨ ਇਕ ਚੰਗਾ ਸਾਧਕ ਹੈ ਅਤੇ ਸ੍ਰੀ ਕ੍ਰਿਸ਼ਨ ਇਕ ਸੰਪੂਰਨ ਅਧਿਆਪਕ। ਕਈ ਵਾਰੀ ਫੈਸਲਾ ਨਾ ਲੈਣ ਕਰਕੇ ਮਨੁੱਖ ਡੋਲ ਜਾਂਦਾ ਹੈ ਅਤੇ ਜਦੋਂ ਕਿਸੇ ਗੱਲ ਦਾ ਗਿਆਨ ਨਾ ਹੋਵੇ ਮਨੁੱਖ ਸੁਸਤ ਹੋ ਜਾਂਦਾ ਹੈ। ਇਹ ਬੜੀਆਂ ਭਾਰੀਆਂ ਸਮਸਿਆਵਾਂ ਹੁੰਦੀਆਂ ਹਨ ਅਤੇ ਸਾਧਕ ਨੂੰ ਤਰੱਕੀ ਨਹੀਂ ਕਰਨ ਦਿੰਦੀਆਂ।

26. ਅਰਜਨ ਨੇ ਦੇਖਿਆ ਕਈ ਉਸ ਦੇ ਪਿਤਾ ਦੇ ਬਰਾਬਰ ਸਨ ਕਈ ਦਾਦੇ ਦੇ ਬਰਾਬਰ, ਕਈ ਅਧਿਆਪਕ, ਚਾਚੇ ਤਾਇਆਂ ਦੇ ਬਰਾਬਰ, ਕੋਈ ਪੁੱਤਰਾਂ ਦੇ ਬਰਾਬਰ ਪੋਤਰਿਆਂ ਦੇ ਬਰਾਬਰ ਅਤੇ ਕਈ ਦੋਸਤਾਂ ਮਿਤਰਾਂ ਵਰਗੇ ਸਨ।

27. ਸੌਹਰੇ ਨੂੰ ਦੇਖਿਆ ਮਿਤਰਾਂ ਨੂੰ ਦੇਖਿਆ ਦੋਨੋਂ ਪਾਸੇ ਇਹ ਸਭ ਦੇਖ ਕੇ ਕੁੰਤੀ ਪੁਤਰ ਅਰਜਨ ਵਿਚਾਰ ਕਰ ਰਿਹਾ ਹੈ।

28. ਬਹੁਤ ਉਦਾਸ ਅਤੇ ਨਿਰਾਸ ਹੋ ਕੇ ਅਰਜਨ ਕਹਿੰਦਾ ਹੈ ਇਹ ਸਾਰੇ ਮਿਤਰ ਰਿਸ਼ਤੇਦਾਰ ਇਥੇ ਲੜਾਈ ਲਈ ਇਕੱਤਰ ਹੋਏ ਹਨ।

ਜਦੋਂ ਅਰਜਨ ਕੌਰਵਾਂ ਦੀ ਫੌਜ ਵਲ ਨਿਗਾਹ ਮਾਰਦਾ ਹੈ ਉਹ ਦੇਖਦਾ ਹੈ ਆਪਣੇ ਗੁਰੂ ਜਨ ਆਪਣੇ ਭਰਾ ਤਾਏ ਦੇ ਪੁੱਤਰ ਆਪਣੀ ਪਤਨੀ ਦੇ ਪਿਤਾ ਅਤੇ ਹੋਰ ਕਈ ਰਿਸ਼ਤੇਦਾਰ ਅਤੇ ਮਿਤਰ। ਅਰਜਨ ਦਾ ਇਨ੍ਹਾਂ ਸਾਰੇ ਰਿਸ਼ਤੇਦਾਰਾਂ ਨਾਲ ਅਤੇ ਮਿਤਰਾਂ ਨਾਲ ਉਸਦਾ ਮੋਹ ਉਸ ਦੇ ਸਾਮ੍ਹਣੇ ਆ ਕੇ ਖੜ੍ਹਾ ਹੋ ਜਾਂਦਾ ਹੈ, ਉਹ ਨਿਰਾਸ ਹੋ ਜਾਂਦਾ ਹੈ ਅਤੇ ਆਪਣਾ ਮੰਤਵ ਭੁੱਲ ਜਾਂਦਾ ਹੈ। ਮੋਹ ਸਭ ਤੋਂ ਵੱਧ ਦੁਖਦਾਈ ਹੈ ਮੋਹ ਨਾਲ ਸਾਧਕ ਬੰਨ੍ਹਿਆ ਜਾਂਦਾ ਹੈ ਤੇ ਉਸਦਾ ਨਿਸ਼ਚਾ ਡੋਲ ਜਾਂਦਾ ਹੈ। ਜੀਵਨ ਮਨੋਰਥ

ਭੁੱਲ ਜਾਂਦਾ ਹੈ ਅਤੇ ਮਾਇਆ ਜਾਲ ਵਿਚ ਫਸ ਜਾਂਦਾ ਹੈ।

ਇਹੋ ਜਿਹੀ ਅਵਸਥਾ ਵਿਚ ਅਭਿਲਾਸ਼ੀ ਅਧਿਆਪਕ ਨਾਲ ਵਾਦ-ਵਿਵਾਦ ਵਿਚ ਪੈ ਜਾਂਦਾ ਹੈ ਅਤੇ ਬਹੁਤ ਵਾਰੀ ਇਹ ਵਾਦ-ਵਿਵਾਦ ਸਾਧਕ ਲਈ ਫਲ ਕਾਰਕ ਹੁੰਦਾ ਹੈ। ਜੇ ਵਿਦਿਆਰਥੀ ਅਤੇ ਅਧਿਆਪਕ ਸੂਝਵਾਨ ਹੋਣ, ਵਾਦ ਵਿਵਾਦ ਨਾਲ ਊਣਤਾਈਆਂ ਦਾ ਪਤਾ ਲਗਦਾ ਹੈ। ਸ੍ਰੀ ਕ੍ਰਿਸ਼ਨ ਜੋ ਇਕ ਸੰਪੂਰਨ ਯੋਗੀ ਹਨ, ਅਰਜਨ ਦੀ ਹਾਲਤ ਨੂੰ ਬਹੁਤ ਭਲੀ ਪ੍ਰਕਾਰ ਜਾਣਦੇ ਹਨ ਅਤੇ ਉਸਨੂੰ ਆਪਣੀਆਂ ਸਮਸਿਆਵਾਂ ਅੱਗੇ ਰੱਖਣ ਦਾ ਅਵਸਰ ਦੇ ਰਹੇ ਹਨ।

ਮੋਹ ਜਾਂ ਤਾਂ ਬਹੁਤ ਖੁਸ਼ੀ ਉਤਪੰਨ ਕਰਦਾ ਹੈ ਜਾਂ ਬਹੁਤ ਦੁਖ। ਇਨ੍ਹਾਂ ਦੋਨੋਂ ਹਾਲਾਤਾਂ ਵਿਚ, ਆਪਣੀ ਸਮਝ ਨੂੰ ਟਿਕਾਣੇ ਰਖਣਾ ਬਹੁਤ ਔਖਾ ਹੈ। ਜਦੋਂ ਸਮਝ ਟਿਕਾਣੇ ਨਹੀਂ ਹੁੰਦੀ ਤਾਂ ਠੀਕ ਅਤੇ ਗਲਤ ਵਿਚ ਨਿਰਣਾ ਕਰਨਾ ਬਹੁਤ ਔਖਾ ਹੋ ਜਾਂਦਾ ਹੈ ਕਿਉਂਕਿ ਸਾਰੇ ਹੀ ਅਰਜਨ ਦੇ ਸਬੰਧੀ ਹਨ। ਸੋ ਅਰਜਨ ਮੋਹ ਵਿਚ ਫਸਿਆ ਪਿਆ ਹੈ, ਘਬਰਾਇਆ ਹੋਇਆ ਹੈ ਅਤੇ ਵਾਸਤਵਿਕਤਾ ਗੁਆ ਬੈਠਾ ਹੈ। ਕਿਸੇ ਨਿਰਪੱਖ ਨਿਰਣੇ ਤੇ ਨਹੀਂ ਪਹੁੰਚ ਸਕਦਾ। ਮੋਹ ਵਿਚ ਲਿਪਤ ਕੋਈ ਵੀ ਫੈਸਲਾ ਨਹੀਂ ਲੈ ਸਕਦਾ ਨਾ ਹੀ ਠੀਕ ਸੋਚ ਸਕਦਾ ਹੈ। ਜਿਹੜਾ ਵੀ ਮਨੁੱਖ ਰੋਜ਼ ਦੇ ਧੰਦਿਆਂ ਵਿਚ ਉਲਝਿਆ ਹੋਇਆ ਹੈ ਅਤੇ ਅਨੁਚਿਤ ਗੱਲਾਂ ਕਰਦਾ ਹੈ ਉਹ ਆਪਣੇ ਕਰਮਾਂ ਦਾ ਨਤੀਜਾ ਸਮਝਣ ਦੇ ਅਸਮਰਥ ਹਨ।

29. ਮੇਰਾ ਮੂੰਹ ਸੁਕਦਾ ਜਾਂਦਾ ਹੈ ਮੇਰੇ ਹੱਥ ਪੈਰ ਜਕੜੇ ਪਏ ਹਨ ਸਾਰਾ ਸਰੀਰ ਕੰਬੀ ਜਾ ਰਿਹਾ ਹੈ, ਲੂੰ ਕੰਡੇ ਖੜ੍ਹੇ ਹੋ ਰਹੇ ਹਨ।

30. ਗੰਡੀਵ ਮੇਰੇ ਹੱਥਾਂ ਵਿਚੋਂ ਫਿਸਲ ਰਿਹਾ ਹੈ, ਮੇਰੀ ਚਮੜੀ ਭੱਖ ਰਹੀ ਹੈ, ਮੇਰੇ ਕੋਲੋਂ ਖੜ੍ਹੇ ਵੀ ਨਹੀਂ ਹੋ ਹੁੰਦਾ, ਮੇਰਾ ਦਿਮਾਗ ਚੱਕਰ ਖਾ ਰਿਹਾ ਹੈ।

ਦੇਖਣ ਵਿਚ ਆਇਆ ਹੈ ਬਹੁਤ ਵਾਰੀ ਬਹੁਤ ਪਹੁੰਚੇ ਹੋਏ ਮਹਾਂਪੁਰਖ ਵੀ ਉਦਾਸੀਨਤਾ ਦੇ ਪ੍ਰਭਾਵ ਥੱਲੇ ਆ ਜਾਂਦੇ ਹਨ। 'ਆਤਮ ਮਾਰਗ' ਤੇ ਚਲਣ ਵਾਲਿਆਂ ਦੀਆਂ ਇਹੋ ਜਿਹੀਆਂ ਬਹੁਤ ਸਾਰੀਆਂ ਮਿਸਾਲਾਂ ਮਿਲ ਜਾਣਗੀਆਂ ਜਦੋਂ ਉਨ੍ਹਾਂ ਨੂੰ ਦੁਖ ਜਾਂ ਉਦਾਸੀ ਨੇ ਘੇਰ ਲਿਆ ਹੋਵੇਗਾ ਅਤੇ ਉਨ੍ਹਾਂ ਨੂੰ ਇਹ ਮਹਿਸੂਸ ਹੋਣ ਲਗ ਪਿਆ ਹੋਵੇਗਾ ਕਿ ਉਹ ਭਟਕ ਗਏ ਹਨ, ਸੰਸਾਰਕ ਮੋਹ ਵਿਚ ਗ੍ਰਸੇ ਗਏ ਹਨ। ਮਿਸਾਲ ਵਜੋਂ ਵਸ਼ਿਸ਼ਟ ਜੀ ਦਾ ਪੁੱਤਰ ਚੜ੍ਹਾਈ ਕਰ ਗਿਆ ਉਹ ਬਹੁਤ ਨਿਰਾਸ਼ ਹੋ ਗਏ, ਭਾਵੇਂ ਉਹ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਸਾਡਾ ਨਾੜੀ ਕੇਂਦਰ (nervous system) ਐਨਾ ਜ਼ਿਆਦਾ ਨਿਖੇਦਆਤਮਕ ਤਾਕਤ ਦਾ ਬਹਾ ਬਰਦਾਸ਼ਤ ਨਹੀਂ ਕਰ ਸਕਦਾ। ਸੋ ਸਰੀਰ ਕੰਬਣ ਲਗ ਪੈਂਦਾ ਹੈ ਆਪੇ ਤੋਂ ਬਾਹਰ ਹੋ ਜਾਂਦਾ ਹੈ। ਗੁੱਸੇ ਨਾਲ, ਡਰ ਨਾਲ ਅਤੇ ਦੁਖ ਨਾਲ ਇਹੋ ਜਿਹੀ ਹਾਲਤ ਹੋ ਜਾਂਦੀ ਹੈ।

ਦੁੱਖ, ਕਿਸੇ ਚੀਜ਼ ਲਈ ਦੀਵਾਨਾ ਹੋ ਜਾਣਾ ਅਤੇ ਹੋਰ ਇਹੋ ਜਿਹੇ ਸੰਵੇਗ ਸਰੀਰ ਨੂੰ ਕਮਜ਼ੋਰ ਕਰ ਦਿੰਦੇ ਹਨ ਅਤੇ ਸਰੀਰ ਵਿਚੋਂ ਸੱਤਿਆ ਖਿਚੀ ਜਾਂਦੀ ਹੈ ਭਾਵੇਂ ਕਿੰਨਾ ਹੀ ਤਾਕਤਵਰ ਮਨੁੱਖ ਕਿਉਂ ਨਾ ਹੋਵੇ। ਕਾਲੀ ਮੱਖੀ ਬਹੁਤ ਤਾਕਤਵਾਰ ਹੁੰਦੀ ਹੈ, ਐਨੀ ਜ਼ਿਆਦਾ ਕਿ ਉਹ ਲੱਕੜੀ ਵਿਚ ਛੇਕ ਕਰ ਦਿੰਦੀ ਹੈ ਪਰ ਜਦੋਂ ਉਹ ਕਮਲ ਫੁੱਲ ਦੀ ਖੁਸ਼ਬੂ ਤੇ ਮਦਹੋਸ਼ ਹੋ ਜਾਂਦੀ ਹੈ ਤਾਂ ਫੁੱਲ ਵਿਚੋਂ ਨਿਕਲਣਾ ਭੁੱਲ ਜਾਂਦੀ ਹੈ ਅਤੇ ਮਦਹੋਸ਼ ਹੋਈ ਉਹ ਰਾਤ ਨੂੰ ਫੁੱਲ ਵਿਚ ਹੀ ਬੰਦ ਹੋ ਜਾਂਦੀ ਹੈ। ਮਾਨਵਤਾ ਦਾ ਇਤਿਹਾਸ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਸ਼ਰਾਬ ਵਸ, ਕਾਮਵਸ ਹੋ ਕੇ ਅਤੇ ਹੋਰ ਇਹੋ ਜਿਹੇ ਨਸ਼ਿਆਂ ਦੇ ਵਸ ਹੋ ਕੇ ਨਾ ਕੇਵਲ ਸੰਤੁਲਨ ਹੀ ਬਿਗੜ ਜਾਂਦਾ ਹੈ ਸਗੋਂ ਸਰੀਰ ਵੀ ਕਮਜ਼ੋਰ ਹੋ ਜਾਂਦਾ ਹੈ। ਜੋ ਨਿਰਾਸ ਦੁੱਖ ਨਸ਼ਿਆਂ ਜਾਂ ਹੋਰ ਸੰਸਾਰਕ ਵਸਤਾਂ ਦੇ ਵਸ ਪਿਆਂ ਲਗਦਾ ਹੈ ਉਸ ਨਾਲ ਸਰੀਰ ਦੇ ਤੰਤੂ, ਨਸਾਂ ਮੋਟੀਆਂ ਹੋ ਜਾਂਦੀਆਂ ਹਨ ਅਤੇ ਸੋਹਣਾ ਪਤਲਾ ਗਠਿਆ ਸਰੀਰ ਮੋਟਾ ਭੱਦਾ ਹੋ ਜਾਂਦਾ ਹੈ।

ਸਾਡੇ ਸਰੀਰ ਦੀਆਂ ਗ੍ਰੰਥੀਆਂ (endocrine glands) ਦੇ ਪ੍ਰਭਾਵ ਥੱਲੇ, ਚਾਹੇ ਉਹ ਕਿਸੇ ਵੀ ਸੰਵੇਗ ਨਾਲ ਨਿਰਾਸਤਾ ਹੋਵੇ, ਉਤੇਜਨਾ ਹੋਵੇ ਬਹੁਤ ਕੰਮ ਕਰਦੀਆਂ ਹਨ। ਮਿਸਾਲ ਵਜੋਂ ਸਾਡਾ ਮੂੰਹ ਸੁਕ ਜਾਂਦਾ ਹੈ ਕਿਉਂਕਿ ਮੂੰਹ ਵਿਚ ਪਾਣੀ ਬਣਾਉਣ ਵਾਲੀ ਗ੍ਰੰਥੀ ਉਸ ਹਾਲਤ ਵਿਚ ਭਾਵ ਡਰ ਜਾਂ ਹੋਰ ਕਿਸੇ ਹਾਲਤ ਵਿਚ ਥੋੜ੍ਹਾ ਪਾਣੀ ਬਣਾਉਂਦੀਆਂ ਹਨ। ਜੇ ਕਿਸੇ ਨੂੰ ਸ਼ੋਕ ਵਾਲੀ ਖਬਰ ਮਿਲਦੀ ਹੈ ਉਹ ਭਾਵੇਂ ਰੋਣ ਲਗ ਪਵੇ ਸਰੀਰ ਕੰਬਣ ਲਗ ਪਵੇਗਾ, ਸਾਹ ਲੈਣ ਦੀ ਗਤੀ ਵਿਚ ਵਿਘਨ ਪੈ ਜਾਵੇਗਾ, ਫੇਫੜਿਆਂ ਦੀ ਗਤੀ ਵਿਚ ਫਰਕ ਪੈ ਜਾਵੇਗਾ, ਦਿਲ ਦੀ ਧੜਕਣ ਦੀ ਇਕਸਾਰਤਾ ਵੀ ਜਾਂਦੀ ਰਹਿੰਦੀ ਹੈ, ਦਿਮਾਗ ਨੂੰ ਖੂਨ ਪੂਰਾ ਨਹੀਂ ਪਹੁੰਚਦਾ। ਇਹ ਕੁਝ ਇਕ ਬੜੇ ਜ਼ਰੂਰੀ ਨੁਕਤੇ ਹਨ ਜਿਨ੍ਹਾਂ ਨਾਲ ਸਾਡੇ ਸਰੀਰ ਦਾ ਸਾਰਾ ਕੰਮ ਖਿੰਡਰ ਪੁੰਡਰ ਜਾਂਦਾ ਹੈ। ਜਦੋਂ ਵੀ ਸਰੀਰ ਸੰਵੇਗਾਂ ਨਾਲ ਜਕੜਿਆ ਜਾਂਦਾ ਹੈ ਅਤੇ ਸੰਤੁਲਨ ਵਿਗਾੜ ਦਿੰਦਾ ਹੈ। ਸਰੀਰ ਵਿਚ ਜ਼ਹਿਰ ਬਣਨਾ ਸ਼ੁਰੂ ਹੋ ਜਾਂਦਾ ਹੈ। ਰੋਮ ਬੰਦ ਹੋ ਜਾਂਦੇ ਹਨ ਅਤੇ ਉਹ ਜ਼ਹਿਰ ਬਾਹਰ ਸੁਟਣ ਦੇ ਕਾਬਲ ਨਹੀਂ ਰਹਿੰਦਾ। ਏਸ ਨਾਲ ਸਰੀਰ ਦੇ ਦੋਨੋਂ ਸਿਸਟਮਾਂ ਦਾ ਸੰਤੁਲਨ ਵਿਗੜ ਜਾਂਦਾ ਹੈ - ਇਕ ਉਹ ਜਿਹੜਾ ਸਰੀਰ ਨੂੰ ਸਾਫ ਕਰਦਾ ਹੈ ਭਾਵ ਰੋਮ, ਫੇਫੜੇ, ਗੁਰਦੇ ਅਤੇ ਆਂਤੜੀਆਂ, ਦੂਸਰਾ ਸਿਸਟਮ ਜੋ ਸਰੀਰ ਨੂੰ ਤਾਕਤ ਦਿੰਦਾ ਹੈ (ਮਿਹਦਾ) ਤਿਲੀ, ਦਿਲ, ਦਿਮਾਗ ਆਦਿ।

ਅਰਜਨ ਖਿਝਿਆ ਹੋਇਆ ਹੈ ਅਤੇ ਉਦਾਸ ਹੈ। ਉਹ ਆਪਣੇ ਮੋਹ ਵਿਚ ਫਸਿਆ ਹੋਇਆ ਹੈ। ਉਸਦਾ ਮਾਨਸਿਕ ਅਤੇ ਸੰਵੇਗਿਕ ਸੰਤੁਲਨ ਵਿਗੜਿਆ ਹੋਇਆ ਹੈ ਅਤੇ ਉਸਦਾ ਅੰਤਹਕਰਣ ਵੀ ਹਿੱਲਿਆ ਪਿਆ ਹੈ, ਜਿਸ ਤੋਂ ਸਾਰੀ ਤਾਕਤ ਮਿਲਦੀ ਹੈ। ਇਸ ਤਰ੍ਹਾਂ ਦੀ ਹਾਲਤ ਨਾਲ ਅੱਗੇ ਵਧਣਾ ਬਹੁਤ ਔਖਾ ਹੈ। ਮਨੁੱਖੀ ਕਮਜ਼ੋਰੀਆਂ ਉਤੇ ਜੇ ਕਾਬੂ ਨਾ ਪਾਇਆ ਜਾਵੇ ਤਾਂ ਤਬਾਹ ਕਰ ਦਿੰਦੀਆਂ ਹਨ, ਉਨ੍ਹਾਂ ਨੂੰ ਕਾਬੂ ਕਰਨ ਲਈ ਅੰਦਰ

ਦੀ ਤਾਕਤ ਦੀ ਲੋੜ ਹੁੰਦੀ ਹੈ।

ਜੇ ਕੋਈ ਨਸ਼ਾ ਕਰਦਾ ਹੋਵੇ, ਭੰਗ ਜਾਂ ਹੋਰ ਨਸ਼ੇ ਵਾਲੀਆਂ ਚੀਜ਼ਾਂ ਖਾਂਦਾ ਹੋਵੇ, ਜੇ ਇਕੋ ਹੀ ਝਟਕੇ ਨਾਲ ਛੱਡ ਦੇਵੇ ਉਸਦਾ ਅਸਰ ਸਰੀਰ ਉਤੇ ਬਹੁਤ ਹੀ ਮਾੜਾ ਪੈਂਦਾ ਹੈ। ਬਹੁਤ ਹੀ ਕਮਜ਼ੋਰੀ ਹੋ ਜਾਂਦੀ ਹੈ। ਏਸੇ ਤਰ੍ਹਾਂ ਹੀ ਜਦੋਂ ਕੋਈ ਕਿਸੇ ਸੰਸਾਰਕ ਵਸਤੂ ਨਾਲ ਮੋਹ ਰਖਦਾ ਹੈ ਉਸਦਾ ਵੀ ਬਿਲਕੁਲ ਇਹੋ ਹੀ ਹਾਲ ਹੁੰਦਾ ਹੈ। ਜਦੋਂ ਇਹ ਮਹਿਸੂਸ ਹੁੰਦਾ ਹੈ ਕਿ ਵਸਤੂ ਖੁਸ ਜਾਣੀ ਹੈ ਜਾਂ ਇਹ ਅਨੁਮਾਨ ਹੈ ਕਿ ਮੇਰੇ ਕੋਲੋਂ ਕੁਛ ਗੁਆਚ ਜਾਣਾ ਹੈ। ਸਰੀਰ ਵੀ ਕਮਜ਼ੋਰ ਪੈ ਜਾਂਦਾ ਹੈ। ਬਿਲਕੁਲ ਇਹੋ ਹੀ ਹਾਲਤ ਅਰਜਨ ਦੀ ਹੈ। ਯੋਗ ਅਨੁਸਾਰ ਮੋਹ, ਨਸ਼ਾ ਸਮ ਹਨ ਦੋਨਾਂ ਨਾਲ ਹੀ ਸਰੀਰਕ ਅਤੇ ਸੰਵੇਗਕ ਦੁਖ ਹੁੰਦਾ ਹੈ।

ਬਹੁਤ ਸਾਰੇ ਮਾਨਸਿਕ ਅਤੇ ਸਰੀਰਕ ਰੋਗਾਂ ਦਾ ਕਾਰਨ ਸੰਸਾਰਕ ਵਸਤੂਆਂ ਦਾ ਮੋਹ ਹੈ। ਜੇਕਰ ਮੋਹ ਵਾਲੀ ਵਸਤੂ ਖੁਸਦੀ ਲਗੇ, ਉਸ ਦੇ ਖੁਸਣ ਦੇ ਡਰ ਨਾਲ ਮਨੁੱਖ ਮਾਨਸਿਕ ਸੰਤੁਲਨ ਗੁਆ ਬੈਠਦਾ ਹੈ। ਬਿਗੜਿਆ ਹੋਇਆ ਮਾਨਸਿਕ ਸੰਤੁਲਨ ਸਾਰੇ ਦੁਖਾਂ ਦਾ ਕਾਰਨ ਹੈ ਅਤੇ ਮੋਹ ਸਾਰਿਆਂ ਦੁਖਾਂ ਦਾ ਕਾਰਣ ਹੈ। ਅਜ ਦੇ ਮਨੋਵਿਗਿਆਨਕ, ਡਾਕਟਰ ਏਸ ਨਤੀਜੇ ਉਤੇ ਪਹੁੰਚਦੇ ਹਨ ਕਿ ਮਾਨਸਿਕ ਅਸੰਤੁਲਨ ਹੀ ਬਹੁਤ ਸਾਰੀਆਂ ਸਰੀਰਕ ਬਿਮਾਰੀਆਂ ਦਾ ਕਾਰਣ ਹੈ। ਮਨੁੱਖ ਦਾ ਆਪ ਸਿਰਜਿਆ ਹੋਇਆ ਮਾਨਸਿਕ ਕਸ਼ਟ ਹੀ ਮਨੋ ਸਰੀਰਕ ਰੋਗਾਂ ਦਾ ਕਾਰਣ ਬਣ ਜਾਂਦਾ ਹੈ। ਪਰ ਜੋ ਵੀ ਮਨ ਵਿਚ ਪੈਦਾ ਹੁੰਦਾ ਹੈ ਅਤੇ ਸਰੀਰ ਰਾਹੀਂ ਬਾਹਰ ਨਿਕਲਦਾ ਹੈ ਉਸ ਨੂੰ ਦਵਾਈਆਂ ਰਾਹੀਂ ਠੀਕ ਕਰਨਾ ਬਹੁਤ ਔਖਾ ਹੋ ਜਾਂਦਾ ਹੈ। ਮਨੁੱਖੀ ਜੀਵਨ ਦੀਆਂ ਬਹੁਤ ਸਾਰੀਆਂ ਖਰਾਬੀਆਂ ਦਵਾਈਆਂ ਰਾਹੀਂ ਅਤੇ ਹੋਰ ਸਰੀਰਕ ਤਰੀਕਿਆਂ ਰਾਹੀਂ ਠੀਕ ਨਹੀਂ ਕੀਤੀਆਂ ਜਾ ਸਕਦੀਆਂ।

ਅੱਜ ਦੇ ਮਨੋਵਿਗਿਆਨਕਾਂ ਨੂੰ ਮਨੋਸਰੀਰਕ (Psechosomalic) ਬਿਮਾਰੀਆਂ ਨੂੰ ਠੀਕ ਕਰਨ ਲਈ ਨਵੀਆਂ ਵਿਧੀਆਂ ਦੇ ਬਾਰੇ ਸੋਚਣਾ ਪਵੇਗਾ। ਵਿਸ਼ਲੇਸ਼ਣ ਦਾ ਕੋਈ ਬਹੁਤਾ ਪ੍ਰਭਾਵ ਨਹੀਂ ਪੈਂਦਾ ਅਤੇ ਮਨੋਵਿਗਿਆਨਕ ਅਸੰਤੁਲਤਨਤਾ ਬਹੁਤ ਸਾਰੇ ਲੋਕਾਂ ਦੀ ਸਰੀਰਕ ਹਾਲਤ ਵਿਗਾੜੀ ਜਾ ਰਹੀ ਹੈ। ਮਨ ਅਤੇ ਸਰੀਰ ਨੂੰ ਆਪਸ ਵਿਚ ਇਕ ਦੂਜੇ ਉਤੇ ਪ੍ਰਤੀਕ੍ਰਿਆ ਕਰਨ ਦੀ ਆਦਤ ਹੈ। ਸਰੀਰਕ ਦਰਦਾਂ ਮਨ ਵਿਚ ਰਿਕਾਰਡ ਹੋ ਕੇ ਜਮ੍ਹਾਂ ਹੋ ਜਾਂਦੀਆਂ ਹਨ। ਸੋ ਮਨ ਉਤੇ ਸਰੀਰਕ ਦੁਖ ਦਰਦ ਦਾ ਪ੍ਰਭਾਵ ਪੈਣਾ ਜ਼ਰੂਰੀ ਹੈ। ਸਰੀਰਕ ਦਰਦ ਨਾੜੀਆਂ (nervous system) ਨੂੰ ਅਤੇ ਮਾਨਸਿਕ ਜੀਵਨ ਨੂੰ ਤਹਿਸ ਨਹਿਸ ਕਰ ਦਿੰਦਾ ਹੈ ਪਰ ਜਿਹੜੀਆਂ ਸਮੱਸਿਆਵਾਂ ਮਨ ਵਿਚੋਂ ਪੈਦਾ ਹੋ ਕੇ ਸਰੀਰ ਵਿਚ ਪ੍ਰਗਟਾਵਾ ਕਰਦੀਆਂ ਹਨ ਉਹ ਹੋਰ ਵੀ ਗੰਭੀਰ ਹੁੰਦੀਆਂ ਹਨ। ਜਦੋਂ ਮਨ, ਚੇਤਨਤਾ ਦਾ ਬਿੰਦੂ, ਅਹਿਸਾਸ, ਸੋਚ ਅਤੇ ਇਛਾ ਤਹਿਸ ਨਹਿਸ ਹੋ ਜਾਂਦੀਆਂ ਹਨ

ਸਰੀਰ ਬਹੁਤ ਦੁਖੀ ਹੁੰਦਾ ਹੈ ਅਤੇ ਭਾਂਤ-ਭਾਂਤ ਦੇ ਦਰਦ ਮਹਿਸੂਸ ਕਰਦਾ ਹੈ।

ਜੋ ਵੀ ਦਵਾਈਆਂ ਮਾਨਸਿਕ ਅਸੰਤੁਲਨ ਨੂੰ ਠੀਕ ਕਰਨ ਵਾਸਤੇ ਦਿਤੀਆਂ ਜਾਂਦੀਆਂ ਹਨ ਉਹ ਅੰਦਰ ਚਲ ਰਹੇ ਸੰਘਰਸ਼ ਨੂੰ ਠੀਕ ਨਹੀਂ ਕਰਦੀਆਂ ਪਰ ਥੋੜ੍ਹੀ ਦੇਰ ਵਾਸਤੇ ਦਰਦ ਨੂੰ ਸ਼ਾਂਤ ਕਰ ਦਿੰਦੀਆਂ ਹਨ। ਮਨ ਅਤੇ ਸਰੀਰ ਨੂੰ ਇਕ ਸਮਝਣਾ ਚਾਹੀਦਾ ਹੈ। ਮਨ ਅਤੇ ਸਰੀਰ ਨੂੰ ਵੱਖ-ਵੱਖ ਦਿਸ਼ਾ ਤੋਂ ਦੇਖ ਕੇ ਸਮਝਣਾ ਚਾਹੀਦਾ ਹੈ, ਤਾਂ ਹੀ ਇਸ ਦਾ ਠੀਕ ਇਲਾਜ ਹੋ ਸਕਦਾ ਹੈ। ਸਰੀਰ ਨੂੰ ਜਾਨਣ ਲਈ ਸਰੀਰ ਦੀਆਂ ਜ਼ਰੂਰਤਾਂ ਨੂੰ ਸਮਝਣਾ ਚਾਹੀਦਾ ਹੈ। ਉਸ ਦੀਆਂ ਸਮਰੱਥਆਵਾਂ ਨੂੰ ਜਾਨਣਾ ਖਾਣ ਪੀਣ ਬਾਰੇ, ਸੌਣ ਬਾਰੇ, ਕੰਮ ਕਰਨ ਬਾਰੇ ਅਤੇ ਦੂਸਰੇ ਪ੍ਰਤੀ ਆਕਰਸ਼ਕ ਹੋਣ ਸਮੇਂ ਕੀ ਕੁਝ ਸਰੀਰ ਵਿਚ ਹੁੰਦਾ ਹੈ। ਇਹ ਸਾਰਾ ਜਾਣ ਲੈਣਾ ਬਹੁਤ ਆਵਸ਼ਕ ਹੈ। ਸਰੀਰ ਅਤੇ ਮਨ ਨੂੰ ਇਕ ਸੇਤੂ ਨਾਲ ਜੋੜਨ ਵਾਲੀ ਸ਼ਕਤੀ ਨੂੰ ਪ੍ਰਾਣ ਸ਼ਕਤੀ ਕਿਹਾ ਜਾਂਦਾ ਹੈ, ਜੀਵਨ ਦਾ ਅਧਾਰ ਪ੍ਰਾਣ ਹਨ।

31. ਹੇ ਕ੍ਰਿਸ਼ਨ! ਮੈਨੂੰ ਹਰ ਪਾਸੇ ਅਸ਼ੁਭ ਚਿੰਨ ਦਿਸਦੇ ਹਨ, ਨਾ ਹੀ ਮੈਨੂੰ ਇਹ ਮਹਿਸੂਸ ਹੁੰਦਾ ਹੈ ਕਿ ਮੈਂ ਆਪਣਿਆਂ ਨੂੰ ਮਾਰ ਕੇ ਕੋਈ ਚੰਗਾ ਕੰਮ ਕਰਾਂਗਾ।

32. ਹੇ ਕ੍ਰਿਸ਼ਨ! ਮੈਨੂੰ ਜਿਤ ਦੀ ਕੋਈ ਚਾਹ ਨਹੀਂ, ਨਾ ਹੀ ਰਾਜ ਭਾਗ ਦੀ, ਨਾ ਹੀ ਸੰਭੋਗਾਂ ਦੀ। ਰਾਜ ਭਾਗ ਦਾ ਕੀ ਲਾਭ ਹੋਵੇਗਾ, ਹੇ ਬੁਧੀਮਾਨ, ਅਸੀਂ ਕੀ ਅਨੰਦ ਮਾਣ ਸਕਾਂਗੇ? ਜੀਵਨ ਦਾ ਮਨੋਰਥ ਕੀ ਹੋਵੇਗਾ?

33. ਜਿਨ੍ਹਾਂ ਲਈ ਸਾਨੂੰ ਰਾਜ ਪਾਠ ਦੀ ਇੱਛਾ ਹੈ, ਅਨੰਦ ਦੀ ਲੋੜ ਹੈ, ਆਰਾਮ ਦੀ ਲੋੜ ਹੈ ਸਾਡੇ ਸਾਮ੍ਹਣੇ ਯੁੱਧ ਭੂਮੀ ਵਿਚ ਖੜ੍ਹੇ ਹਨ, ਆਪਣਾ ਸਭ ਕੁਝ ਤਿਆਗ ਕੇ, ਆਪਣਾ ਜੀਵਨ, ਆਪਣਾ ਧਨ ਸਭ ਛੱਡ ਕੇ ਆਏ ਹਨ।

34. ਸਾਡੇ ਗੁਰੂ ਜਨ, ਪਿਤਾ ਸਮਾਨ ਵਡੇਰੇ, ਪੁਤਰ ਵੀ, ਦਾਦੇ ਪੜਦਾਦੇ ਚਾਚੇ ਤਾਏ ਸਹੁਰੇ, ਪੋਤਰੇ, ਭਣਵਈਏ ਅਤੇ ਹੋਰ ਬਹੁਤ ਸਾਰੇ ਰਿਸ਼ਤੇਦਾਰ।

35. ਉਹ ਭਾਵੇਂ ਮੈਨੂੰ ਮਾਰ ਦੇਣ ਮੈਂ ਉਨ੍ਹਾਂ ਨੂੰ ਨਹੀਂ ਮਾਰ ਸਕਦਾ। ਹੇ ਅਗਿਆਨਤਾ ਦੂਰ ਕਰਨ ਵਾਲੇ, ਮੈਂ ਤਿੰਨਾਂ ਲੋਕਾਂ ਦੇ ਰਾਜ ਪਾਠ ਦੀ ਖਾਤਰ ਵੀ ਇਨ੍ਹਾਂ ਨੂੰ ਨਹੀਂ ਮਾਰ ਸਕਦਾ, ਏਸ ਸੰਸਾਰਕ ਰਾਜ ਲਈ ਕਿਵੇਂ ਮੈਂ ਇਹ ਕਰ ਸਕਦਾ ਹਾਂ?

36. ਧ੍ਰਿਤਰਾਸ਼ਟਰ ਦੇ ਪੁਤਰਾਂ ਨੂੰ ਮਾਰ ਕੇ ਸਾਨੂੰ ਕੀ ਪ੍ਰਸੰਨਤਾ ਮਿਲ ਸਕਦੀ ਹੈ? ਹੇ ਗੁਣਵਾਨ! ਇਨ੍ਹਾਂ ਨੂੰ ਮਾਰ ਕੇ ਅਸੀਂ ਕੇਵਲ ਪਾਪ ਦੇ ਭਾਗੀਦਾਰ ਹੀ ਬਣਾਂਗੇ।

37. ਏਸ ਕਰਕੇ ਧਰਿਤਰਾਸ਼ਟਰ ਦੇ ਪੁਤਰਾਂ ਨੂੰ ਮਾਰਨਾ ਸਾਨੂੰ ਸੋਭਦਾ ਨਹੀਂ। ਹੇ ਕ੍ਰਿਸ਼ਨ! ਅਸੀਂ ਆਪਣੇ ਹੀ ਸਬੰਧੀਆਂ ਨੂੰ ਮਾਰ ਕੇ ਕਿਵੇਂ ਖੁਸ਼ ਰਹਿ ਸਕਦੇ ਹਾਂ।

38. ਭਾਵੇਂ ਕੌਰਵਾਂ ਦੇ ਮਨ ਇਸ ਸਮੇਂ ਲੋਭ ਨਾਲ ਅੰਨ੍ਹੇ ਹੋਏ ਪਏ ਹਨ ਉਹ ਇਹ ਦੇਖਣ ਤੋਂ ਅਸਮਰਥ ਹਨ ਕਿ ਪਰਿਵਾਰ ਦੀ ਕਿੰਨੀ ਬਰਬਾਦੀ ਹੋਵੇਗੀ ਅਤੇ ਮਿਤਰਾਂ ਨੂੰ ਕਿੰਨਾਂ ਦੁਖ ਪਹੁੰਚੇਗਾ?

39. ਹੇ ਕ੍ਰਿਸ਼ਨ! ਸਾਨੂੰ ਇਸ ਪਾਪ ਤੋਂ ਕਿਵੇਂ ਬਚਣਾ ਚਾਹੀਦਾ ਹੈ। ਸਾਨੂੰ ਸਭ ਨੂੰ ਖਾਨਦਾਨ ਦੀ ਬਰਬਾਦੀ ਨਜ਼ਰ ਆ ਰਹੀ ਹੈ ਸਾਨੂੰ ਕੀ ਕਰਨਾ ਚਾਹੀਦਾ ਹੈ?

ਕਿਹਾ ਜਾਂਦਾ ਹੈ ਕਿ ਸ਼ੈਤਾਨ ਵੀ ਜਦੋਂ ਚਾਹੇ, ਵੇਦਾਂ ਸਾਸ਼ਤਰਾਂ ਨੂੰ ਆਪਣੀ ਸੁਵਿਧਾ ਲਈ ਵਰਤ ਲੈਂਦਾ ਹੈ। ਬਿਲਕੁਲ ਉਸ ਤਰ੍ਹਾਂ ਹੀ ਦੁਰਯੋਧਨ, ਦੁਰਾਚਾਰੀ ਧਰਿਤਰਾਸ਼ਟਰ ਦਾ ਦੁਸ਼ਟ ਪੁੱਤਰ, ਆਪਣੇ ਫੈਸਲੇ ਨੂੰ ਠੀਕ ਸਿੱਧ ਦੱਸਣ ਲਈ ਸਾਰੀਆਂ ਹੀ ਵਿਉਂਤਾਂ ਲਾਉਂਦਾ ਹੈ। ਉਸ ਨੇ ਮਜ਼ਹਬ ਨੂੰ ਵੀ ਵਰਤਣ ਤੋਂ ਦਰੇਗ ਨਹੀਂ ਕੀਤਾ ਜਿਸ ਨਾਲ ਰਾਜ ਪਾਠ ਪਾਂਡਵਾਂ ਨੂੰ ਵਾਪਸ ਕਰਨਾ ਪਵੇ। ਬਹੁਤ ਸਾਰੇ ਰਾਜਸਿਕ ਨੇਤਾ ਗ੍ਰੰਥਾਂ ਵਿਚੋਂ ਅਤੇ ਹੋਰ ਪੁਸਤਕਾਂ ਵਿਚੋਂ ਹਵਾਲੇ ਦਿੰਦੇ ਹਨ, ਉਹ ਇਹ ਕੇਵਲ ਆਪਣਾ ਮੰਤਵ ਸਿਧ ਕਰਨ ਲਈ ਹੀ ਕਰਦੇ ਹਨ ਅਤੇ ਭੋਲੇ ਲੋਕਾਂ ਦੀਆਂ ਭਾਵਨਾਵਾਂ ਨੂੰ ਆਪਣੇ ਲਾਭ ਲਈ ਹੀ ਵਰਤਦੇ ਹਨ, ਬਹੁਤ ਸਾਰੇ ਅਧਰਮੀ ਰਾਜਨੀਤਿਕ ਨੇਤਾ ਭੋਲੇ ਲੋਕਾਂ ਨੂੰ ਰੱਬ ਦੇ ਨਾਂ ਤੇ ਆਪਣੇ ਸੁਆਰਥ ਲਈ ਵਰਤਦੇ ਹਨ।

ਨੇਤਰਹੀਨ ਧਰਿਤਰਾਸ਼ਟਰ ਦੁਰਯੋਧਨ ਦਾ ਪਿਤਾ ਸੰਜੇ ਨੂੰ ਕਹਿੰਦਾ ਹੈ ਕਿ ਉਹ ਪਾਂਡਵਾਂ ਨੂੰ ਪ੍ਰੇਰਨਾ ਦੇਵੇ ਕਿ ਉਹ ਯੁੱਧ ਨਾ ਕਰਨ। ਸੰਜੇ ਬਹੁਤ ਲੰਬਾ ਪ੍ਰਵਚਨ ਕਰਦਾ ਹੈ, "ਹੇ ਧਰਮ (ਯੁਧਿਸ਼ਟਰ ਪਾਂਡਵਾਂ ਦੇ ਸਭ ਤੋਂ ਵੱਡੇ ਭਰਾ ਨੂੰ ਕਹਿ ਰਿਹਾ ਹੈ) ਤੂੰ ਤਾਂ ਸਭ ਤੋਂ ਉਤਮ ਹੈਂ ਅਤੇ ਕਦੀ ਵੀ ਸਦਾਚਾਰ ਨੂੰ ਨਹੀਂ ਛੱਡੇਂਗਾ। ਤੂੰ ਤਾਂ ਐਨਾ ਦਿਆਲੂ ਹੈਂ ਕਿ ਤੂੰ ਕੌਰਵਾਂ ਦੇ ਪਾਪ ਵੀ ਬਖਸ਼ ਦੇਵੇਂਗਾ, ਤੁਹਾਨੂੰ ਇਹ ਬਿਲਕੁਲ ਸੋਭਦਾ ਨਹੀਂ ਕਿ ਤੁਸੀਂ ਲੜਾਈ ਲੜੋ, ਆਪਣੇ ਭਰਾਵਾਂ ਨੂੰ ਮਾਰੋ, ਨਿਰਦਈ ਹੋਵੋ, ਗੁਰੂਆਂ ਨੂੰ ਮਾਰੋ।" ਸੰਜੇ ਪਾਡਵਾਂ ਨੂੰ ਸਲਾਹ ਦਿੰਦਾ ਹੈ ਅਤੇ ਕਹਿੰਦਾ ਹੈ ਕਿ ਤੁਸੀਂ ਤਿਆਗੀ ਬਣੋ। ਲੜਾਈ ਲੜਨ ਨਾਲੋਂ ਤਾਂ ਭੀਖ ਮੰਗਣੀ ਚੰਗੀ ਹੈ, ਉਸ ਨੇ ਤਿਆਗ ਤੇ ਪੂਰਾ ਪਰਵਚਨ ਕੀਤਾ, ਉਸ ਨਾਲ ਅਰਜਨ ਉਪਰਾਮ ਹੋ ਗਿਆ, ਉਦਾਸ ਹੋ ਗਿਆ।

ਸਲਾਹ ਨਾਲ ਬਹੁਤ ਵਾਰੀ ਵਿਚਾਰ ਬਦਲ ਦਿੰਦਾ ਹੈ ਅਤੇ ਮਨੁੱਖ ਦੀ ਵਿਵੇਚਨ ਯੋਗਤਾ ਨੂੰ ਮੰਦ ਕਰ ਦਿੰਦੀ ਹੈ। ਆਮ ਲੋਕੀ ਸੁਝਾਓ ਤੋਂ ਬਹੁਤ ਪ੍ਰਭਾਵਿਤ ਹੋ ਜਾਂਦੇ ਹਨ ਅਸਲ ਵਿਚ ਅੱਜ ਦੀ ਸਿਖਿਆ ਦਾ ਅਧਾਰ ਸੁਝਾਓ ਹੀ ਹੈ। ਇਹ ਸਿਖਿਆ ਦਾ ਗਲਤ ਤਰੀਕਾ ਹੈ। ਇਸ ਨਾਲ ਜਾਂਚ

ਕਰਨ ਦੀ ਸਮਰੱਥਾ ਜਾਂਦੀ ਰਹਿੰਦੀ ਹੈ। ਕੇਵਲ ਜੋ ਦਸਿਆ ਜਾਵੇ ਉਸ ਨੂੰ ਬਿਨਾਂ ਤਰਕ ਅਤੇ ਚਿੰਤਨਸ਼ਕਤੀ ਦੇ ਮੰਨਣ ਲਈ ਕਿਹਾ ਜਾਂਦਾ ਹੈ। ਜੇ ਅਸੀਂ ਆਪਣੇ ਆਪ ਨੂੰ, ਜੋ ਸਿਖਿਆ ਹੈ ਉਸ ਤੋਂ ਸੁਤੰਤਰ ਕਰਨਾ ਸਿੱਖ ਲਈਏ, ਫੇਰ ਅਸੀਂ ਉਹ ਸਿੱਖ ਸਕਦੇ ਹਾਂ ਜੋ ਲਾਭਦਾਇਕ ਹੋਵੇ, ਉਚਿਤ ਹੋਵੇ ਅਤੇ ਚੰਗੇ ਸੁਆਰਥ ਵਾਲਾ ਹੋ ਸਕਦਾ ਹੈ। ਸਿਖਿਆ ਦੇ ਨਿਰੀਖਣ ਦੇ ਬਹੁਤ ਚੰਗੇ ਉਤਮ ਤਰੀਕੇ ਹਨ ਅਤੇ ਗਿਆਨ ਬਹੁਤ ਵਿਸਤਰਿਤ ਹੈ ਜਿਸ ਬਾਰੇ ਹਾਲੇ ਬਹੁਤਿਆਂ ਨੂੰ ਪਤਾ ਨਹੀਂ।

ਬ੍ਰਹਮ ਵਿਦਿਆ (ਸੱਚ ਦਾ ਗਿਆਨ) ਸਭ ਤੋਂ ਉਚਾ ਗਿਆਨ ਹੈ, ਸਵੈ ਗਿਆਨ, ਅਨੁਭਵ ਗਿਆਨ ਪ੍ਰਾਪਤੀ ਦੇ ਸਭ ਤੋਂ ਉਚਿਤ ਤਰੀਕੇ ਹਨ। ਪ੍ਰਤੱਖ ਅਨੁਭਵ, ਸਿੱਖਣ ਦਾ, ਸਭ ਤੋਂ ਉਤਮ ਤਰੀਕਾ ਹੈ, ਭਾਵੇਂ ਕਿਸੇ ਵੀ ਵਿਸ਼ੇ ਦੇ ਸਬੰਧ ਵਿਚ ਹੋਵੇ। ਮਨੁੱਖ ਨੂੰ ਸਵੈ ਗਿਆਨ ਤੋਂ ਹੀ ਸਿੱਖਣਾ ਚਾਹੀਦਾ ਹੈ, ਉਹ ਹੀ ਜੀਵਨ ਦਾ ਇਕ ਮਾਤਰ ਮੰਨਣ ਯੋਗ ਗਿਆਨ ਹੁੰਦਾ ਹੈ, ਬਾਕੀ ਸਾਰੇ ਤਰੀਕੇ ਅਧੂਰੇ ਅਤੇ ਗੁਮਰਾਹ ਕਰਨ ਵਾਲੇ ਹੁੰਦੇ ਹਨ। ਜਗਿਆਸੂ ਨੂੰ ਆਪਣਾ ਰਸਤਾ ਬੜੇ ਧਿਆਨ ਨਾਲ ਚੁਣਨਾ ਚਾਹੀਦਾ ਹੈ - ਸਭ ਕੁਛ ਦੇਖ ਕੇ, ਪਰਖ ਕੇ, ਆਪਣੀ ਸਤਾ ਨੂੰ ਜਾਣ ਕੇ, ਸਮਰੱਥਾ ਨੂੰ ਦੇਖ ਕੇ, ਗੁਣਾਂ ਨੂੰ ਦੇਖ ਕੇ। ਜਗਿਆਸੂ ਨੂੰ ਸੁਝਾਵਾਂ ਵਲ ਧਿਆਨ ਨਹੀਂ ਦੇਣਾ ਚਾਹੀਦਾ ਆਪਣੇ ਮੰਤਵ ਤੋਂ ਬੇਧਿਆਨੇ ਨਹੀਂ ਹੋਣਾ ਚਾਹੀਦਾ। ਉਹ ਪੁਸਤਕਾਂ ਵੀ ਨਹੀਂ ਪੜ੍ਹਨੀਆਂ ਚਾਹੀਦੀਆਂ ਜਿਹੜੀਆਂ ਮਨ ਦੀ ਸ਼ਕਤੀ ਖੇਰੂੰ-ਖੇਰੂੰ ਕਰ ਦੇਣ। ਜਿਹੜੇ ਲੋਕ 'ਆਤਮ ਮਾਰਗ' ਉਤੇ ਨਹੀਂ, ਉਨ੍ਹਾਂ ਨਾਲ ਗੱਲਬਾਤ ਕਰਨਾ, ਉਨ੍ਹਾਂ ਦੇ ਸਾਥ ਵਿਚ ਰਹਿਣ ਨਾਲ ਵੀ ਮਾਨਸਿਕ ਸ਼ਕਤੀ ਖੇਰੂੰ-ਖੇਰੂੰ ਹੋ ਜਾਂਦੀ ਹੈ। ਆਪਣੇ ਅੰਦਰ ਦੀ ਵਿਖਸ਼ੇਪਤਾ ਨੂੰ ਪ੍ਰਫੁਲਤ ਕਰਨਾ ਚਾਹੀਦਾ ਹੈ ਤਾਂ ਜੋ ਬਾਹਰ ਦੀਆਂ ਨਖੇਧੀਆਂ ਦੇ ਅਸਰ ਦਾ ਮੁਕਾਬਲਾ ਕੀਤਾ ਜਾ ਸਕੇ। ਕਿਸੇ ਮਹਾਂਪੁਰਖ ਦੀ ਸ਼ਰਨ ਵਿਚ ਜਾਣਾ ਅਤੇ ਉਨ੍ਹਾਂ ਕੋਲੋਂ ਸ਼ੰਕੇ ਨਵਿਰਤ ਕਰਾਉਣਾ ਬਹੁਤ ਹੀ ਸਹਾਇਕ ਹੋ ਸਕਦੇ ਹਨ। ਮਹਾਂਪੁਰਖ ਤੋਂ ਇਕ ਬੁੱਧੀਮਾਨ ਗੁਰੂ ਦੇ ਰੂਪ ਵਿਚ ਪ੍ਰਤੱਖ ਗਿਆਨ ਹੀ ਨਹੀਂ ਪ੍ਰਾਪਤ ਕਰਦੇ, ਮਹਾਂਪੁਰਖ ਉਹ ਉਚਾ, ਸੁੱਚਾ ਗਿਆਨ ਵੰਡਦੇ ਹਨ ਜੋ ਕਿ ਸੰਸਾਰਕ ਮਿਲਾਵਟ ਤੋਂ ਰਹਿਤ ਪਾਸੇ ਦੇ ਸੋਨੇ ਵਰਗਾ ਹੁੰਦਾ ਹੈ।

ਅਰਜਨ ਭਰਮਾ ਗਿਆ ਹੈ, ਮੋਹ ਦੇ ਪ੍ਰਭਾਵ ਹੇਠ ਉਹ ਜੀਵਨ ਮਨੋਰਥ ਤੋਂ ਆਪਣੀ ਡਿਊਟੀ ਤੋਂ ਹਟ ਰਿਹਾ ਹੈ। ਉਹ ਆਪਣੇ ਆਪ ਨੂੰ ਦੁਰਯੋਧਨ ਨਾਲ ਮਿਲਾ ਰਿਹਾ ਹੈ ਅਤੇ ਮਹਿਸੂਸ ਕਰ ਰਿਹਾ ਹੈ ਜੇ ਉਸ ਨੇ ਯੁੱਧ ਕਰ ਲਿਆ ਤਾਂ ਉਹਦੇ ਤੇ ਦੁਰਯੋਧਨ ਵਿਚ ਕੋਈ ਅੰਤਰ ਨਹੀਂ ਰਹੇਗਾ ਭਾਵ ਉਸਦਾ ਵਿਵਹਾਰ ਦੁਰਯੋਧਨ ਵਰਗਾ ਹੀ ਹੋ ਜਾਵੇਗਾ। ਬਹੁਤ ਵਾਰੀ ਬਾਹਰੀ ਪ੍ਰਭਾਵਾਂ ਦਾ ਮਨ ਤੇ ਐਨਾ ਅਸਰ ਪੈ ਜਾਂਦਾ ਹੈ ਕਿ ਮਨੁੱਖ ਸਾਹਸਹੀਣ ਹੋ ਜਾਂਦਾ ਹੈ ਅਤੇ ਜੀਵਨ ਮਨੋਰਥ ਹੀ ਗਵਾ ਬੈਠਦਾ ਹੈ। ਮੋਹ ਨਹੀਂ, ਵਹਿਮ ਨਹੀਂ, ਅਵਿਦਿਆ ਨਹੀਂ; ਕੇਵਲ ਗਿਆਨ ਹੀ ਅਰਜਨ ਲਈ ਇਕ ਮਾਤਰ ਰਸਤਾ ਹੈ ਜਿਸ ਨਾਲ ਉਸ ਨੂੰ ਧਰਵਾਸ ਮਿਲੇਗਾ ਅਤੇ ਉਹ ਠੀਕ ਰਸਤੇ

ਉਤੇ ਆ ਸਕੇਗਾ।

ਅਰਜਨ ਦੀਆਂ ਸਾਰੀਆਂ ਦਲੀਲਾਂ ਅਵਿਵੇਕੀ ਹਨ ਕਿਉਂਕਿ ਉਹ ਸਭ ਤੋਂ ਵੱਡੇ ਸ਼ਤਰੂ ਤੋਂ ਉਤਪੰਨ ਹੋਈਆਂ ਹਨ, ਉਹ ਸ਼ਤਰੂ ਹੈ ਮੋਹ। ਮੋਹ ਵਿਚ ਗਰਸਿਆ ਹੋਇਆ ਆਪਣੇ ਆਲੇ-ਦੁਆਲੇ ਮੰਦ ਦੀ ਦੀਵਾਰ ਬਣਾ ਲੈਂਦਾ ਹੈ। ਨਾ ਤਾਂ ਉਹ ਆਪਣੀ ਆਤਮਾ ਦੀ ਅਵਾਜ਼ ਸੁਣਦਾ ਹੈ ਅਤੇ ਨਾ ਹੀ ਕਿਸੇ ਸਿਖਿਅਕ ਦੀ। ਵਿਵੇਕ ਬੁੱਧੀ ਜਾਂਦੀ ਰਹਿੰਦੀ ਹੈ ਅਤੇ ਮਨੁੱਖ ਆਪਣੇ ਆਪ ਨੂੰ ਉਚਿਤ ਦਸਣ ਲਈ ਸੰਵੇਗਕ ਪ੍ਰਮਾਣ ਦਿੰਦਾ ਰਹਿੰਦਾ ਹੈ। ਉਹ ਮਨੁੱਖ ਆਪਣੇ ਮਿਥੇ ਹੋਏ ਨਿਸ਼ਾਨ ਉਤੇ ਕਦੀ ਨਹੀਂ ਪਹੁੰਚ ਸਕਦਾ ਕਿਉਂਕਿ ਉਹ ਭਟਕ ਗਿਆ ਹੈ।

ਅੱਜ ਦੇ ਯੁੱਗ ਵਿਚ ਅਸੀਂ ਦੇਖਦੇ ਹਾਂ ਬਹੁਤ ਸਾਰੇ ਲੋਕੀਂ ਆਪਣੇ ਵਿਚਾਰ ਵੇਚ ਰਹੇ ਹਨ ਅਤੇ ਇਹ ਸਿੱਧ ਕਰਨਾ ਚਾਹੁੰਦੇ ਹਨ ਕਿ ਕੇਵਲ ਉਨ੍ਹਾਂ ਦੇ ਵਿਚਾਰ ਹੀ ਠੀਕ ਹਨ, ਉਨ੍ਹਾਂ ਦੇ ਸਿਧਾਂਤ ਹੀ ਸਭ ਤੋਂ ਉਤਮ ਹਨ ਇਹ ਸਿੱਧ ਕਰਨ ਲਈ ਉਹ ਸਾਸ਼ਤਰਾਂ ਵਿਚੋਂ ਮਸਾਲਾ ਦੇਣਗੇ, ਤੁਕਾਂ ਕੱਢ ਕੇ ਦਸਣਗੇ ਜਾਂ ਕੋਈ ਹੋਰ ਪ੍ਰਮਾਣ ਦੇਣਗੇ। ਇਹੋ ਜਿਹੇ ਮਨੁੱਖ ਆਪਣੇ ਆਪ ਨੂੰ ਬਹੁਤ ਸੁਝਾਵ ਦਿੰਦੇ ਹਨ। ਇਸ ਤੋਂ ਪਹਿਲਾਂ ਕਿ ਕੋਈ ਦੂਸਰਿਆਂ ਨੂੰ ਛਲੇ, ਆਪ ਛਲੇ ਜਾਣਾ ਬਹੁਤ ਆਵਸ਼ਕ ਹੈ। ਅੱਜ ਦਾ ਮਨੁੱਖ ਅੰਨ੍ਹਾ ਹੈ, ਉਸਨੂੰ ਜੀਵਨ ਮਨੋਰਥ ਦਾ ਪਤਾ ਹੀ ਨਹੀਂ, ਉਸ ਨੂੰ ਕੇਵਲ ਇਕ ਕਲਪਿਤ ਸੰਸਾਰ ਹੀ ਦਿਸਦਾ ਹੈ ਜੋ ਕਿ ਉਸ ਦੇ ਸੁਝਾਵਾਂ ਜਾਂ ਦੂਸਰਿਆਂ ਦੇ ਸੁਝਾਵਾਂ ਉਤੇ ਉਸਰਿਆ ਹੋਇਆ ਹੈ। ਅੱਜ ਦਾ ਮਨੁੱਖ ਉਹ ਕੰਮ ਕਰਨਾ ਚਾਹੁੰਦਾ ਹੈ ਜਿਸ ਨਾਲ ਛੇਤੀਂ ਹੀ ਫਲ ਦੀ ਪ੍ਰਾਪਤੀ ਹੋ ਸਕੇ ਅਤੇ ਉਹ ਉਸ ਦੇ ਆਪਣੇ ਸੁਆਰਥ ਲਈ ਹੋਵੇ, ਦੂਸਰਿਆਂ ਦੇ ਬਾਰੇ ਸੋਚਣਾ ਉਸਦਾ ਸੁਭਾਅ ਹੀ ਨਹੀਂ ਰਿਹਾ।

ਸੰਸਾਰ ਵਿਚ ਚਾਰ ਪ੍ਰਕਾਰ ਦੇ ਮਨੁੱਖ ਹਨ - ਇਕ ਉਹ ਜਿਹੜੇ ਸਮੇਂਬੱਧ ਕੰਮ ਕਰਦੇ ਹਨ। ਦੂਸਰੇ ਜਿਹੜੇ ਮਨੋਰਥਬਧ, ਤੀਸਰੇ ਜੀਵਨਬਧ, ਚੌਥੇ ਮੰਤਵ ਬਧ। ਅੱਜ ਦੇ ਸਮੇਂ ਵਿਚ ਤੁਹਾਨੂੰ ਬਹੁਤ ਸਾਰੇ ਲੋਕ ਸਮੇਂ ਬਧ ਵਾਲੇ ਹੀ ਮਿਲਣਗੇ। ਇਹ ਲੋਕੀ - ਸੁਆਰਥੀ, ਤੰਗ ਦਿਲ ਅਤੇ ਆਤਮ ਅਭਿਮਾਨੀ ਹੁੰਦੇ ਹਨ। ਸਮੇਂਬਧ ਲੋਕ ਆਪਣੇ ਹੀ ਸੁਆਰਥ ਲਈ ਕੰਮ ਕਰਦੇ ਹਨ। ਉਨ੍ਹਾਂ ਦਾ ਕੋਈ ਮੰਤਵ ਨਹੀਂ ਹੁੰਦਾ ਅਤੇ ਨਾ ਹੀ ਉਹ ਆਪਣੇ ਕੀਤੇ ਦੇ ਫਲ ਬਾਰੇ ਚੰਗੀ ਤਰ੍ਹਾਂ ਜਾਣੂੰ ਹੁੰਦੇ ਹਨ। ਸਮਾਂ ਉਨ੍ਹਾਂ ਲਈ ਉਡਦਾ ਜਾ ਰਿਹਾ ਹੈ, ਆਉਣ ਵਾਲੇ ਕਲ੍ਹ ਦਾ ਉਨ੍ਹਾਂ ਦੇ ਜੀਵਨ ਵਿਚ ਕੋਈ ਥਾਂ ਨਹੀਂ ਹੈ। ਉਨ੍ਹਾਂ ਨੂੰ ਤਾਂ ਕੇਵਲ ਤੁਰੰਤ ਇੱਛਾ ਪੂਰਤੀ ਦੀ ਲੋੜ ਹੈ, ਉਹ ਦੂਸਰਿਆਂ ਦਾ ਵੀ ਫਾਇਦਾ ਉਠਾਉਂਦੇ ਹਨ ਕਿਉਂਕਿ ਉਹ ਆਪਣੇ ਤੋਂ ਪਰ੍ਹੇ ਤਾਂ ਸੋਚ ਹੀ ਨਹੀਂ ਸਕਦੇ। ਇਨ੍ਹਾਂ ਤੋਂ ਥੋੜ੍ਹੇ ਜਿਹੇ ਉਚੇ ਉਹ ਹਨ ਜਿਨ੍ਹਾਂ ਦੇ ਜੀਵਨ ਕਿਸੇ ਮਨੋਰਥ ਬਧ ਹਨ, ਭਾਵੇਂ ਉਨ੍ਹਾਂ ਦਾ ਮਨੋਰਥ ਕੇਵਲ ਮੌਜ ਮਸਤੀ ਅਤੇ ਸੰਸਾਰਕ ਵਸਤੂਆਂ ਦੀ ਪ੍ਰਾਪਤੀ ਹੀ ਹੁੰਦਾ ਹੈ। ਪਰ ਇਹ ਮੰਨਣਾ ਪਵੇਗਾ ਕਿ ਘੱਟੋ-ਘੱਟ ਉਨ੍ਹਾਂ ਦੇ ਜੀਵਨ ਦਾ ਮਨੋਰਥ

ਤਾਂ ਹੈ, ਉਹ ਸਮੇਂ ਬਧ ਲੋਕਾਂ ਦੀ ਤਰ੍ਹਾਂ ਮਨੋਵੇਗੀ ਤਾਂ ਨਹੀਂ ਹੁੰਦੇ। ਇਨ੍ਹਾਂ ਤੋਂ ਵੀ ਉਚੇ ਉਹ ਹਨ ਜਿਹੜੇ ਸ਼ਾਂਤ ਰਹਿਣ ਦੀ ਕੋਸ਼ਿਸ਼ ਕਰਦੇ ਹਨ ਅਤੇ ਇਕਸੁਰਤਾ ਵਿਚ ਰਹਿੰਦੇ ਹਨ ਉਹ ਜੀਵਨ ਦਾ ਮਨੋਰਥ ਜੀਉਣ ਅਤੇ ਜੀ ਲੈਣ ਦੇਣ ਨੂੰ ਮੰਨਦੇ ਹਨ, ਇਸੇ ਕਰਕੇ ਉਹ ਦੂਸਰਿਆਂ ਦਾ ਸੰਤੁਲਨ ਨਹੀਂ ਵਿਗਾੜਦੇ, ਨਾ ਹੀ ਉਹ ਦੂਸਰਿਆਂ ਦੀ ਜਾਇਦਾਦ ਅਤੇ ਪੈਸੇ ਉਤੇ ਅੱਖ ਰਖਦੇ ਹਨ। ਸਭ ਤੋਂ ਉਤਮ ਅਤੇ ਉਚਾ ਰਸਤਾ ਤਾਂ ਉਨ੍ਹਾਂ ਦਾ ਹੀ ਹੈ ਜਿਹੜੇ ਮੰਤਵਬਧ ਹਨ ਅਤੇ ਆਪਣੀ ਸਾਰੀ ਤਾਕਤ ਅਤੇ ਸਾਧਨ ਕੇਵਲ ਆਪਣੇ ਮੰਤਵ ਪੂਰਤੀ ਲਈ ਹੀ ਲਗਾਉਂਦੇ ਹਨ – ਉਹ ਹੈ ਆਪਾ ਚੀਨਣਾ। ਦੁਰਯੋਧਨ ਇਕ ਸਮਾਂ ਬਧ ਪ੍ਰਣਾਲੀ ਨਾਲ ਸਬੰਧ ਰੱਖਣ ਵਾਲਾ ਮਨੁੱਖ ਹੈ ਉਸ ਨੂੰ ਮਨੋਰਥ ਬਧ ਮਨੁੱਖਾਂ ਦਾ ਕੋਈ ਗਿਆਨ ਹੀ ਨਹੀਂ ਹੈ। ਅਰਜਨ ਉਸ ਦੇ ਵਿਪਰੀਤ ਮਨੋਰਥ ਬਧ ਪ੍ਰਣਾਲੀ ਦਾ ਇਕ ਉਤਮ ਨਮੂਨਾ ਹੈ, ਪਰ ਮੋਹ ਦਾ ਗ੍ਰਸਿਆ ਹੋਇਆ ਉਹ ਵੀ ਇਕ ਉਚੇ ਮਨੋਰਥ ਤੋਂ ਫਿਸਲ ਕੇ ਡਿਗਿਆ ਹੋਇਆ ਹੈ।

ਅਰਜਨ ਦੇ ਸਰੀਰਕ ਅਤੇ ਮਾਨਸਿਕ ਲੱਛਣ ਇਸ ਗੱਲ ਦਾ ਸਪਸ਼ਟੀਕਰਨ ਦੇ ਰਹੇ ਹਨ। ਉਹ ਲੜਾਈ ਇਸ ਕਰਕੇ ਨਹੀਂ ਕਰਨਾ ਚਾਹੁੰਦਾ ਕਿ ਉਹ ਇਕ ਤਿਆਗੀ ਹੈ, ਮੋਹ ਤੋਂ ਰਹਿਤ ਹੈ ਪਰ ਇਸ ਤੋਂ ਉਲਟ ਉਹ ਤਾਂ ਪੂਰੀ ਤਰ੍ਹਾਂ ਮੋਹ ਦੇ ਕਾਬੂ ਵਿਚ ਹੈ ਅਤੇ ਪੂਰੀ ਤਰ੍ਹਾਂ ਮਨੋਵੇਗਕ ਹੋਇਆ ਪਿਆ ਹੈ। ਕਈ ਵਾਰੀ ਵਿਦਿਆਰਥੀ ਇਸ ਤਰ੍ਹਾਂ ਗੱਲਾਂ ਕਰਦਾ ਹੈ ਜਿਵੇਂ ਕਿ ਉਹ ਗੁਰੂ ਦੀ ਤਰ੍ਹਾਂ ਸਿਆਣਾ ਹੋਵੇ ਪਰ ਵਾਸਤਵ ਵਿਚ ਉਹ ਬਹੁਤ ਮਾਨਸਿਕ ਤਨਾਓ ਵਿਚ ਹੈ ਇਹੋ ਜਿਹੀ ਸਮਝ ਕੋਈ ਗਿਆਨ ਨਹੀਂ। ਇਸ ਤੋਂ ਵਿਪਰੀਤ ਪਾਤੰਜਲ ਨੇ ਇਸ ਨੂੰ ਝੂਠਾ ਗਿਆਨ ਕਿਹਾ ਹੈ। ਬਹੁਤ ਸਾਰੇ ਮਨੁੱਖ ਬਹੁਤ ਵਿਦਵਤਾ ਭਰਪੂਰ ਪਰਵਚਨ ਕਰਦੇ ਹਨ ਪਰ ਦੇਖਣ ਯੋਗ ਹੈ ਕਿ ਇਹ ਵਿਦਵਤਾ ਦੀ ਜੜ੍ਹ ਕੀ ਹੈ ਅਤੇ ਇਹ ਕਿਹੜੀ ਦਿਸ਼ਾ ਤੋਂ ਕਿਸ ਮਾਧਿਅਮ ਤੋਂ ਆ ਰਿਹਾ ਹੈ। ਪਰਵਚਨ ਕਰਨ ਤੋਂ ਭਾਵ ਇਹ ਨਹੀਂ ਕਿ ਕੋਈ ਚੰਗੇ ਪੱਧਰ ਦਾ ਗਿਆਨਵਾਨ ਵੀ ਹੈ। ਜਦੋਂ ਸਰੀਰ ਇਕਸਾਰਤਾ, ਵਿਚ ਹੋਵੇ, ਠੀਕ ਗਿਆਨ ਆਪਣਾ ਰਸਤਾ ਲੱਭ ਹੀ ਲੈਂਦਾ ਹੈ। ਮਨ ਅਤੇ ਸਰੀਰ ਉਹ ਮਾਧਿਅਮ ਹੈ ਜਿਹੜਾ ਜੀਵਨ ਸੰਗੀਤ ਪੈਦਾ ਕਰਕੇ ਗਾਉਂਦਾ ਹੈ। ਪਰ ਜਦੋਂ ਇਹ ਇਕਸਾਰਤਾ, ਇਕਸੁਰਤਾ ਨਾ ਹੋਵੇ, ਮਨ, ਸਰੀਰ ਠੀਕ ਨਾ ਹੋਵੇ ਤਾਂ ਉਹ ਬੇਸੁਰੀ ਆਵਾਜ਼ ਪੈਦਾ ਕਰਦਾ ਹੈ ਜਿਹੜੀ ਕਿ ਕੰਨਾਂ ਨੂੰ ਬਹੁਤ ਭੈੜੀ ਲਗਦੀ ਹੈ ਅਤੇ ਬਿਰਤੀ ਨਹੀਂ ਲੱਗਣ ਦਿੰਦੀ। ਅਰਜਨ ਦੇ ਮੁੱਖ ਤੋਂ ਵਿਵੇਕੀ ਸ਼ਬਦ ਸੁਣ ਕੇ ਕ੍ਰਿਸ਼ਨ ਜੀ ਜਾਂਚ ਲੈਂਦੇ ਹਨ ਕਿ ਇਹ ਕੇਵਲ ਮਾਤਰ ਪਲਾਇਨਤਾ ਹੈ ਗਿਆਨ ਨਹੀਂ। ਆਤਮ ਗਿਆਨ ਦਾ ਗਿਆਨ ਨਹੀਂ।

40. ਖਾਨਦਾਨ ਦੀਆਂ ਲੀਹਾਂ ਮਿਟ ਜਾਣ ਨਾਲ, ਜੀਵ ਚਜ, ਆਚਾਰ ਖਤਮ ਹੋ ਜਾਣ ਨਾਲ, ਦੁਰਾਚਾਰ, ਅਨਉਚਿਤ ਗੱਲਾਂ ਨੇ ਪਰਿਵਾਰ ਨੂੰ ਪੂਰੀ ਤਰ੍ਹਾਂ ਕਾਬੂ ਕੀਤਾ ਹੋਇਆ ਹੈ।

41. ਹੇ ਕ੍ਰਿਸ਼ਨ! ਦੁਰਾਚਾਰ ਦੇ ਕਾਬੂ ਆ ਕੇ ਪਰਿਵਾਰ ਦੀਆਂ

ਇਸਤ੍ਰੀਆਂ ਬਦਕਾਰ ਹੋ ਜਾਂਦੀਆਂ ਹਨ ਅਤੇ ਜਦੋਂ ਇਸਤ੍ਰੀਆਂ ਬਦਚਲਨ ਹੋ ਜਾਂਦੀਆਂ ਹਨ ਸਮਾਜ ਦੂਸ਼ਿਤ ਹੋ ਜਾਂਦਾ ਹੈ।

42. ਇਸ ਤਰ੍ਹਾਂ ਦੀ ਦੂਸ਼ਤਾ ਨਾਲ ਸਾਰੇ ਪਰਿਵਾਰ ਨੂੰ ਕੇਵਲ ਨਰਕ ਦੀ ਹੀ ਪ੍ਰਾਪਤੀ ਹੁੰਦੀ ਹੈ, ਉਨ੍ਹਾਂ ਸਾਰਿਆਂ ਨੂੰ ਵੀ ਜਿਨ੍ਹਾਂ ਨੇ ਪਰਿਵਾਰ ਨੂੰ ਤਬਾਹ ਕੀਤਾ ਹੈ। ਵੱਡੇ-ਵਡੇਰੇ ਵੀ ਨਰਕ ਵਿਚ ਹੀ ਪੈਂਦੇ ਹਨ ਕਿਉਂਕਿ ਉਨ੍ਹਾਂ ਨੇ ਦੂਸ਼ਤਾਂ ਨੂੰ ਬਚਾਉਣ ਲਈ ਆਪਣਾ ਕਰਤਵ ਨਹੀਂ ਕੀਤਾ।

43. ਜਿਨ੍ਹਾਂ ਦੂਸ਼ਨਾ ਕਰਕੇ ਪਰਿਵਾਰ ਅਤੇ ਸਮਾਜ ਦੀ ਤੰਦ ਤਾਣੀ ਹੀ ਵਿਗੜ ਜਾਂਦੀ ਹੈ ਪਰਿਵਾਰ ਅਤੇ ਰਾਸ਼ਟਰ ਦੀਆਂ ਸਥਾਈ ਪਰੰਪਰਾ ਹੀ ਜੜੋਂ ਪੁਟੀਆਂ ਜਾਂਦੀਆਂ ਹਨ।

44. ਹੇ ਕ੍ਰਿਸ਼ਨ! ਜਦੋਂ ਪਰਿਵਾਰ ਦੀਆਂ ਪਿਤਾ ਪੁਰਖੀ ਲੀਹਾਂ ਉਖੜ ਜਾਂਦੀਆਂ ਹਨ ਇਨ੍ਹਾਂ ਮਨੁੱਖਾਂ ਦਾ ਅਨਿਸ਼ਚਿਤ ਸਮੇਂ ਲਈ ਕੁੰਭੀ ਨਰਕ ਵਿਚ ਵਾਸਾ ਹੁੰਦਾ ਹੈ - ਇਹ ਸਾਡੀ ਪਰੰਪਰਾਗਤ ਹੈ।

45. ਉਹ ਕਿੱਡੇ ਦੁਖ ਦੀ ਗੱਲ ਹੈ। ਅਸੀਂ ਉਹ ਪਾਪ ਕਰਨ ਜਾ ਰਹੇ ਹਾਂ ਜਿਸ ਵਿਚ ਅਸੀਂ ਆਪਣਿਆਂ ਨੂੰ ਮਾਰਨ ਲੱਗੇ ਹਾਂ; ਕਿਸ ਕਰਕੇ? ਰਾਜ ਪਾਠ ਵਾਸਤੇ ਆਪਣੇ ਆਰਾਮ ਵਾਸਤੇ।

ਇਸਤ੍ਰੀ ਸਮਾਜ ਦੀ ਸਿਰਜਨਹਾਰ ਹੈ। ਪਰਵਾਰਿਕ ਸੰਸਥਾ ਨੂੰ ਬਣਾਉਣਾ ਅਤੇ ਚਲਾਉਣਾ ਕੇਵਲ ਉਸ ਦਾ ਹੀ ਮੂਲ ਵਿਚਾਰ ਹੈ। ਇਸਤ੍ਰੀ ਹੀ ਇਸਦੇ ਸਾਜਣ ਵਾਲੀ ਹੈ ਅਤੇ ਇਹ ਇਸ ਦੀ ਰਖਵਾਲੀ ਕਰਦੀ ਰਹੀ ਹੈ; ਪਰਿਵਾਰ ਦੀ ਹੀ ਨਹੀਂ, ਪਰਿਵਾਰ ਨਾਲ ਜੁੜੀਆਂ ਸਭਿਆਚਾਰਕ ਲੀਹਾਂ ਦੀ ਵੀ ਰਖਵਾਲੀ ਕਰਦੀ ਰਹੀ ਹੈ। ਅੱਜ ਦੇ ਸਮੇਂ ਵੀ ਹਿੰਦੂ, ਯਹੂਦੀ, ਆਇਰਲੈਂਡ ਅਤੇ ਹੋਰ ਬਹੁਤ ਸਾਰੇ ਸਭਿਆਚਾਰਾਂ ਵਿਚ ਵੀ ਇਸਤ੍ਰੀ ਹੀ ਪਰਿਵਾਰ ਸੰਗਠਨ ਦੀ ਸੋਝੀ ਹੈ ਇਸਤ੍ਰੀ ਹੀ ਬੱਚਿਆਂ ਦੇ ਅਨੁਸ਼ਾਸ਼ਨ ਨੂੰ ਦੇਖਦੀ ਅਤੇ ਉਲੀਕਦੀ ਹੈ। ਉਹ ਸਮਾਜ ਜਿਹੜਾ ਇਸਤ੍ਰੀ ਨੂੰ ਉਚਾ ਸਥਾਨ ਨਹੀਂ ਦਿੰਦਾ, ਛੇਤੀਂ ਹੀ ਪਤਿਤ ਹੋ ਜਾਂਦਾ ਹੈ ਖੇਰੂੰ-ਖੇਰੂੰ ਹੋ ਜਾਂਦਾ ਹੈ। ਜੇ ਸਮਾਜ ਗੈਰ ਜ਼ਿੰਮੇਵਾਰ ਤਰੀਕੇ ਨਾਲ ਚਲ ਰਿਹਾ ਹੈ ਕੁਰਾਹੇ ਪੈ ਗਿਆ ਹੈ ਇਸ ਤੋਂ ਭਾਵ ਹੈ ਕਿ ਪਰਿਵਾਰਿਕ ਸੰਸਥਾ ਵਿਚ ਖਰਾਬੀ ਆ ਗਈ ਹੈ।

ਅਰਜਨ ਜੋ ਕਿ ਇਕ ਬਹੁਤ ਵਧੀਆ ਵਿਚਾਰਵਾਨ ਹੈ, ਯੋਧਾ ਹੈ, ਇਕ ਦਮ ਉਦਾਸ ਹੋ ਜਾਂਦਾ ਹੈ ਜਦੋਂ ਉਹ ਸੋਚਦਾ ਹੈ ਕਿ ਯੁੱਧ ਤੋਂ ਬਾਦ ਕਿੰਨੀਆਂ ਇਸਤ੍ਰੀਆਂ ਵਿਧਵਾ ਹੋ ਜਾਣਗੀਆਂ। ਜਦੋਂ ਅਬਾਦੀ ਅਸੰਤੁਲਤ ਹੋ ਜਾਂਦੀ ਹੈ - ਬੀਬੀਆਂ ਬਹੁਤੀਆਂ, ਭਾਈ ਥੋੜ੍ਹੇ, ਇਕ ਪਰਤੀ ਵਫਾਦਾਰ ਰਹਿਣਾ ਔਖਾ ਹੋ ਜਾਂਦਾ ਹੈ। ਜੇ ਮਨ ਬਾਹਰ ਆਪਣਾ ਸਾਥੀ ਢੂੰਡ ਲਵੇ ਤਾਂ ਘਰ ਵਿਚ ਕਾਫੀ ਬੇਸੁਆਦੀ ਆ ਜਾਂਦੀ ਹੈ, ਜੀਵਨ ਦਾ ਸਾਰਾ ਰਸਤਾ ਹੀ ਜਿਵੇਂ ਬਦਲ ਜਾਂਦਾ ਹੈ। ਅਰਜਨ ਵਿਚ ਉਹ ਚੇਤਨਤਾ ਹੈ ਕਿ ਉਹ ਸਮੱਸਿਆ ਬਾਰੇ ਸੋਚ ਸਕੇ ਇਹ ਉਸ ਦੇ ਵਾਦ-ਵਿਵਾਦ ਦਾ ਸਭ ਤੋਂ ਉਚਾ ਨੁਕਤਾ ਹੈ। ਪਤੀ ਪਤਨੀ ਦੀ ਆਪਸ ਦੀ ਪੂਰੀ ਸਹਿਮਤੀ ਹੋਣੀ ਬਹੁਤ ਜ਼ਰੂਰੀ ਹੈ। ਇਕ ਦੂਸਰੇ ਲਈ

ਵਫਾਦਾਰੀ ਇਸ ਰਿਸ਼ਤੇ ਵਿਚ ਬਹੁਤ ਹੀ ਸਹਾਇਕ ਹੁੰਦੀ ਹੈ। ਜੇਕਰ ਵਫਾਦਾਰੀ ਜਾਂਦੀ ਰਹੇ, ਉਹ ਕੀਮਤਾਂ ਕਦਰਾਂ ਜਿਨ੍ਹਾਂ ਉਤੇ ਸਮਾਜ ਦੀਆਂ ਨੀਹਾਂ ਰੱਖੀਆਂ ਗਈਆਂ ਹਨ, ਉਹ ਟੁੱਟਣੀਆਂ ਸ਼ੁਰੂ ਹੋ ਜਾਂਦੀਆਂ ਹਨ, ਆਉਣ ਵਾਲੀਆਂ ਪੀੜ੍ਹੀਆਂ ਕਮਜ਼ੋਰ ਪੈ ਜਾਂਦੀਆਂ ਹਨ। ਚੰਗੀ ਸੰਤਾਨ ਪੈਦਾ ਕਰਕੇ ਵੱਡੀ ਕਰਨੀ ਪਰਿਵਾਰਿਕ ਜੀਵਨ ਵਿਚ ਇਕਸਾਰਤਾ ਰੱਖਣ ਲਈ ਵਿਵਾਹਿਕ ਜੀਵਨ ਦੀ ਪਵਿਤਰਤਾ ਰੱਖਣੀ ਬਹੁਤ ਹੀ ਜ਼ਰੂਰੀ ਹੈ। ਅੱਜ ਦੇ ਸਮਾਜ ਵਿਚ ਵਫਾਦਾਰੀ ਦੀ ਗੱਲ ਕਰਨੀ ਬੜੀ ਬੇਵਕੂਫੀ ਲਗਦੀ ਹੈ। ਕਈ ਪੱਛਮੀ ਲੋਕ ਸੋਚਦੇ ਹਨ ਕਿ ਵਫਾਦਾਰੀ ਤਾਂ ਕੇਵਲ ਪੂਰਬੀ ਵਿਚਾਰ ਹੀ ਹੈ ਪਰ ਇਸ ਤਰ੍ਹਾਂ ਕਹਿਣਾ ਕੇਵਲ ਆਪਣੀ ਜ਼ਿੰਮੇਦਾਰੀ ਤੋਂ ਮੁਨਕਰ ਹੋਣਾ ਹੀ ਹੈ।

ਅਰਜਨ ਦੀ ਭਵਿੱਖ ਬਾਣੀ ਅੱਜ ਦੇ ਸਮਾਜ ਵਿਚ ਵਾਪਰ ਰਹੀਆਂ ਘਟਨਾਵਾਂ ਦਾ ਪ੍ਰਤੀਕ ਹੈ। ਸਮਾਜ ਅਤੇ ਘਰ ਵਿਚ ਕਿਤੇ ਵੀ ਸਹਿਮਤੀ ਨਹੀਂ, ਨਾ ਅੱਜ ਦੇ ਮਨੁੱਖ ਦੇ ਅੰਦਰ ਇਕਸੁਰਤਾ ਹੈ – ਨਾ ਪਰਿਵਾਰ ਵਿਚ ਅਤੇ ਨਾ ਹੀ ਸਮਾਜ ਵਿਚ। ਸਮਾਜ ਨੂੰ ਬਣਾਉਣ ਦੀ ਜ਼ਿੰਮੇਦਾਰੀ ਸਮਾਜ ਦੇ ਹਰ ਇਕ ਜੀਵ ਦੀ ਹੈ, ਇਹ ਜ਼ਿੰਮੇਵਾਰੀ ਤਾਂ ਹੀ ਨਿਭਾਈ ਜਾ ਸਕਦੀ ਹੈ ਜੇ ਸਮਾਜ ਦੇ ਜੀਵ ਅਨੁਸ਼ਾਸ਼ਨ ਅਤੇ ਸੰਜਮ ਰੱਖਣ ਵਾਲੇ ਹੋਣ। ਸੰਜਮ ਅਤੇ ਅਨੁਸ਼ਾਸ਼ਨ ਤੋਂ ਬਿਨਾਂ ਮਾਨਸਿਕ, ਸੰਵੇਗਕ ਸਰੀਰਕ ਰੋਗ ਪੈਦਾ ਹੋ ਜਾਣ ਨਾਲ ਬਹੁਤ ਸਮਾਂ ਉਨ੍ਹਾਂ ਵਿਚ ਹੀ ਲਗ ਜਾਂਦਾ ਹੈ। ਇਨ੍ਹਾਂ ਬਿਮਾਰੀਆਂ ਤੋਂ ਛੁਟਕਾਰਾ ਪਾਉਣ ਲਈ ਹੀ ਅੱਜ ਦੀ ਦਵਾਈਆਂ ਦੀ ਪ੍ਰਣਾਲੀ ਚਲਾਈ ਗਈ। ਪਰ ਪੂਰਬੀ ਚਿਕਤਸਕ ਅਤੇ ਗੁਰੂ, 'ਇਲਾਜ ਨਾਲੋਂ ਪਰਹੇਜ਼ ਬੇਹਤਰ ਹੈ' ਇਸ ਅਖਾਣ ਨੂੰ ਮਹੱਤਤਾ ਦਿੰਦੇ ਹਨ।

ਸਾਨੂੰ ਮਨੁੱਖੀ ਜੀਵਨ ਸਭਿਅਤਾ ਅਤੇ ਪਸ਼ੂ ਜਨਮ ਦਾ ਅੰਤਰ ਜਾਣ ਲੈਣਾ ਚਾਹੀਦਾ ਹੈ। ਜੇਕਰ ਮਨੁੱਖ ਹੁੰਦਿਆਂ ਵੀ ਗੈਰ ਜ਼ਿੰਮੇਵਾਰ ਤਰੀਕੇ ਨਾਲ ਦੌੜਿਆ ਫਿਰੇ ਤਾਂ ਜ਼ਾਹਿਰ ਹੈ ਕਿ ਅਨੁਸ਼ਾਸ਼ਨ ਅਤੇ ਸੰਜਮ ਨੂੰ ਜੀਵਨ ਵਿਚ ਲਿਆਂਦਾ ਹੀ ਨਹੀਂ। ਅਨੁਸ਼ਾਸ਼ਨ ਵਿਚ ਆਏ ਬਾਝੋਂ ਮਨੁੱਖ ਆਪਣੀਆਂ ਖਿੰਡੀਆਂ ਹੋਈਆਂ ਬਿਰਤੀਆਂ ਨੂੰ ਕਾਬੂ ਕਰ ਹੀ ਨਹੀਂ ਸਕਦਾ ਅਤੇ ਉਸ ਦੇ ਸਾਰੇ ਉਦੇਸ਼ ਇਕ ਸੁਪਨਾ ਹੀ ਬਣ ਕੇ ਰਹਿ ਜਾਣਗੇ ਜਿਨ੍ਹਾਂ ਨੂੰ ਉਹ ਕਦੀ ਵੀ ਪ੍ਰਾਪਤ ਨਹੀਂ ਕਰ ਸਕੇਗਾ। ਅਨੁਸ਼ਾਸ਼ਨ ਸਜ਼ਾ ਨਹੀਂ ਪਰ ਜੀਵਨ ਜੀਉਣ ਦਾ ਚੱਜ ਹੈ ਇਸ ਤੋਂ ਬਿਨਾਂ ਮਾਨਸਿਕ ਅਤੇ ਸਰੀਰਕ ਅਰੋਗਤਾ ਨੂੰ ਕਾਇਮ ਨਹੀਂ ਰਖਿਆ ਜਾ ਸਕਦਾ।

46. ਜੇ ਧਰਿਤਰਾਸ਼ਟਰ ਦੇ ਪੁੱਤਰ ਆਪਣੇ ਹੱਥ ਵਿਚ ਚੁੱਕੇ ਹੋਏ ਹਥਿਆਰਾਂ ਨਾਲ ਯੁੱਧ ਭੂਮੀ ਵਿਚ ਮੈਨੂੰ ਮਾਰ ਦੇਣ, ਜਦੋਂ ਮੈਂ ਨਿਹੱਥਾ ਹੋਵਾਂ ਉਹ ਮੇਰੇ ਲਈ ਬੜਾ ਹੀ ਲਾਭਦਾਇਕ ਹੋਵੇਗਾ, ਸੰਜੇ ਨੇ ਕਿਹਾ।

ਇਸ ਤਰ੍ਹਾਂ ਕਹਿ ਕੇ ਅਰਜਨ ਆਪਣੇ ਰੱਥ ਉਤੇ ਬੈਠ ਗਿਆ, ਆਪਣਾ ਤੀਰ ਅਤੇ ਤਰਕਸ਼ ਸੰਭਾਲ ਲਏ। ਮਨ ਉਸ ਦਾ ਬਹੁਤ ਹੀ ਦੁਖੀ ਹੈ।

ਗੀਤਾ ਦਾ ਉਪਦੇਸ਼ ਸ੍ਰੀ ਕ੍ਰਿਸ਼ਨ ਨੇ ਅਰਜਨ ਦੀ ਉਪਰਾਮਤਾ ਅਤੇ

ਪਰੇਸ਼ਾਨੀ ਨੂੰ ਦੇਖਦਿਆਂ ਦਿਤਾ। ਅਸੀਂ ਦੇਖ ਚੁੱਕੇ ਹਾਂ ਅਰਜਨ ਦੀ ਉਪਰਾਮਤਾ ਦੇ ਕਈ ਕਾਰਨ ਹਨ –

1. ਉਹ ਇਕ ਇਹੋ ਜਿਹਾ ਯੁੱਧ ਕਰਨ ਜਾ ਰਿਹਾ ਹੈ ਜਿਸ ਵਿਚ ਦੋਨੋਂ ਧਿਰਾਂ ਦੇ ਉਤਮ ਪੁਰਸ਼ ਖਤਮ ਹੋ ਜਾਣਗੇ।

2. ਯੁੱਧ ਪਰਿਵਾਰ ਦੇ ਦੋ ਧੜਿਆਂ ਦੇ ਦਰਮਿਆਨ ਹੈ।

3. ਅਰਜਨ ਆਪਣੇ ਗੁਰੂ ਜਨ ਅਤੇ ਵਡੇਰਿਆਂ ਨਾਲ ਲੜ ਰਿਹਾ ਹੈ।

4. ਅਰਜਨ ਆਪਣੇ ਅਤੇ ਭਰਾਵਾਂ ਦੇ ਸੰਸਾਰਕ ਹੱਕਾਂ ਲਈ ਯੁੱਧ ਕਰਨ ਜਾ ਰਿਹਾ ਹੈ।

5. ਅਰਜਨ ਨੂੰ ਤਬਾਹੀ ਤੋਂ ਡਰ ਲਗ ਰਿਹਾ ਹੈ, ਸਮਾਜ ਅਤੇ ਰਵਾਇਤਾਂ ਦੇ ਨਸ਼ਟ ਹੋਣ ਦਾ ਡਰ ਲਗ ਰਿਹਾ ਹੈ। ਉਸ ਸਮੇਂ ਜਦੋਂ ਕਿ ਯੁੱਧ ਸ਼ੁਰੂ ਹੋਣ ਵਾਲਾ ਹੈ ਇਨ੍ਹਾਂ ਵਿਚਾਰਾਂ ਨੇ ਅਰਜਨ ਦੇ ਮਨ ਵਿਚ ਉਥਲ-ਪੁਥਲ ਮਚਾਈ ਹੋਈ ਹੈ। ਉਹ ਘਬਰਾਇਆ ਹੋਇਆ ਹੈ, ਨਿਰਣਾ ਨਹੀਂ ਕਰ ਸਕ ਰਿਹਾ, ਕੀ ਠੀਕ ਹੈ ਕੀ ਗਲਤ ਹੈ।

ਅਰਜਨ ਦੇ ਮਨ ਉਤੇ ਐਨਾ ਅਸਰ ਪਿਆ ਹੋਇਆ ਹੈ ਕਿ ਉਸ ਨੂੰ ਪਤਾ ਨਹੀਂ ਲਗ ਰਿਹਾ ਉਹ ਕੌਣ ਹੈ, ਉਸ ਦੀਆਂ ਕੀ ਡਿਊਟੀਆਂ ਹਨ। ਘਬਰਾਇਆ ਹੋਇਆ, ਉਪਰਾਮ ਹੋਇਆ ਉਹ ਉਦਾਸੀਨਤਾ ਵਿਚ ਚਲਾ ਜਾਂਦਾ ਹੈ ਤੀਰ ਅਤੇ ਤਰਕਸ਼ ਪਾਸੇ ਰੱਖ ਦਿੰਦਾ ਹੈ। ਸੋ ਪਹਿਲੇ ਅਧਿਆਇ ਨੂੰ 'ਵਿਸ਼ਾਦ ਯੋਗ' ਕਿਹਾ ਗਿਆ ਹੈ, ਉਪਰਾਮਤਾ ਦਾ, ਉਦਾਸੀਨਤਾ ਦਾ ਯੋਗ। ਯੋਗ ਸ਼ਬਦ ਸੰਸਕ੍ਰਿਤ ਦੇ 'ਯੁਗ' ਸ਼ਬਦ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਜੋੜਨਾ, ਇਕੱਠਾ ਕਰਨਾ। ਇਥੇ ਇਸ ਦੀ ਵਰਤੋਂ ਨਿਖੇਧੀ ਵਜੋਂ ਕੀਤੀ ਗਈ ਹੈ ਕਿਉਂਕਿ ਅਰਜਨ ਨੇ ਦੁਖ ਨੂੰ ਉਦਾਸੀਨਤਾ ਨਾਲ ਜੋੜ ਲਿਆ ਹੈ ਬਜਾਏ ਵਾਹਿਗੁਰੂ ਨਾਲ ਜੁੜਨ ਦੇ। ਪਾਤੰਜਲ ਜਿਸ ਨੇ ਯੋਗ ਨੂੰ ਸਰਲ ਕਰਕੇ ਦਸਿਆ ਹੈ ਉਸ ਨੇ ਦੋ ਪ੍ਰਕਾਰ ਦੇ ਗਿਆਨ ਦੱਸਿਆ ਹੈ – ਸੱਚਾ ਗਿਆਨ, ਝੂਠਾ ਗਿਆਨ। ਸੱਚੇ ਗਿਆਨ ਨਾਲ ਸੱਚ ਦੇ ਮਾਰਗ ਤੇ ਚਲ ਕੇ ਸੱਚੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਝੂਠੇ ਗਿਆਨ ਨਾਲ ਨਿਖੇਧੀ ਦੇ ਰਸਤੇ ਚਲ ਪੈਂਦੇ ਹਨ। ਸੰਜੇ ਦੇ ਪਰਵਚਨ ਨੇ ਅਰਜਨ ਦੇ ਮਨ ਵਿਚ ਨਿਖੇਧੀ ਵਾਲੇ ਵਿਚਾਰ ਪੈਦਾ ਕਰ ਦਿਤੇ ਹਨ। ਜਿਹੜਾ ਗੁਰੂ, ਸਲਾਹਕਾਰ, ਚਿਕਤਸਿਕ ਸੱਚਾ ਨਹੀਂ ਉਹ ਤੁਹਾਨੂੰ ਕੁਰਾਹੇ ਪਾ ਸਕਦਾ ਹੈ।

ਇਹ ਅਤਿ ਆਵਸ਼ਕ ਹੈ ਕਿ ਸਾਹਿਤ ਨੂੰ ਚੰਗੀ ਤਰ੍ਹਾਂ ਪੜ੍ਹਿਆ ਜਾਵੇ। ਦਿਤੇ ਗਏ ਉਪਦੇਸ਼ਾਂ ਉਤੇ ਅਮਲ ਕੀਤਾ ਜਾਵੇ ਅਤੇ ਕਾਇਆ ਕਲਪ ਕੀਤਾ ਜਾਵੇ। ਜੇਕਰ ਸਾਧਨਾ ਦਾ ਤਰੀਕਾ ਠੀਕ ਨਾ ਹੋਵੇ, ਤਰਤੀਬਵਾਰ ਨਾ ਹੋਵੇ, ਢੰਗ ਨਾਲ ਨਾ ਕੀਤੀ ਜਾਵੇ, ਮਾਨਸਿਕ ਸਥਿਤੀ ਖਰਾਬ ਹੋ ਜਾਵੇਗੀ। ਮਨੁੱਖ ਉਦਾਸ ਹੋ ਜਾਵੇਗਾ ਦੁਖੀ ਹੋ ਜਾਵੇਗਾ ਬਜਾਏ ਸਥਾਈ

ਖੁਸ਼ੀ ਦੇ। ਉਹ ਸਚਮੁੱਚ ਹੀ ਵਡਭਾਗੇ ਹਨ ਜਿਹੜੇ 'ਆਤਮ ਮਾਰਗ' ਤੇ ਚਲਦੇ ਹਨ, ਸੱਚੇ ਦਿਲੋਂ ਨਿਸ਼ਚੇਪੂਰਵਕ ਇਕੋ ਆਦਰਸ਼ ਲੈ ਕੇ ਚਲਦੇ ਹਨ ਅਤੇ ਆਪਣੇ ਗੁਰੂ ਦੀ ਛੱਤਰ ਛਾਇਆ ਹੇਠ ਰਹਿ ਕੇ ਗੁਰੂ ਦੀ ਆਗਿਆ ਮੰਨ ਕੇ; ਉਹ ਗੁਰੂ ਜੋ ਨਿਸੁਆਰਥੀ ਹੈ ਪਿਆਰ ਦਾ ਸਾਗਰ ਹੈ ਅਤੇ ਪਹੁੰਚਿਆ ਹੋਇਆ ਤੱਤ ਬੇਤਾ ਮਹਾਂਪੁਰਖ ਹੈ। ਯੋਗ ਵਿਗਿਆਨ ਪ੍ਰੈਕਟੀਕਲੀ ਆਪਾ ਚੀਨਣ ਦਾ ਮਾਰਗ ਹੈ। ਸਵੈ ਵਿਸ਼ਲੇਸ਼ਨ ਲਈ, ਸੰਜਮ ਲਈ ਕਾਇਆ ਕਲਪ ਲਈ ਇਹ ਅਤਿ ਜ਼ਰੂਰੀ ਹੈ। ਕੋਈ ਕਿਵੇਂ ਇਹ ਕਹਿ ਸਕਦਾ ਹੈ ਕਿ ਅੱਜ ਦੇ ਮਨੁੱਖ ਲਈ ਇਹ ਢੁਕਵਾਂ ਨਹੀਂ ਹੈ। ਬਹੁਤ ਸਾਰੇ ਤਾਂ ਇਸ ਤੋਂ ਡਰਦੇ ਹਨ ਕਿਉਂਕਿ ਉਨ੍ਹਾਂ ਨੂੰ ਇਸ ਬਾਰੇ ਗਿਆਨ ਹੀ ਨਹੀਂ ਹੈ। ਉਹ ਯੋਗ ਮਨੋਵਿਗਿਆਨ ਦੇ ਖਿਲਾਫ ਹਨ ਕਿਉਂਕਿ ਉਨ੍ਹਾਂ ਨੂੰ ਯੋਗ ਵਿਗਿਆਨ ਦਾ ਬੜਾ ਓਪਰਾ ਗਿਆਨ ਹੈ। ਜੀਵ ਬਾਰੇ ਉਨ੍ਹਾਂ ਦਾ ਗਿਆਨ ਅਧੂਰਾ ਹੈ। ਉਨ੍ਹਾਂ ਨੂੰ ਸੁਚੇਤ ਮਨ ਦੇ ਵਿਸਤਾਰ ਬਾਰੇ ਕੋਈ ਸੂਝ ਹੀ ਨਹੀਂ। ਇਹ ਦੇਖ ਕੇ ਬੜੀ ਹੈਰਾਨੀ ਹੁੰਦੀ ਹੈ ਕਿ ਪੂਰਬ ਦੇ ਮਨੋਵਿਗਿਆਨਕ ਅੱਜ ਦੇ ਦੂਸਰੇ ਮਨੋਵਿਗਿਆਨਕਾਂ ਦੇ ਪੂਰਨਿਆਂ ਤੇ ਹੀ ਟੁਰੀ ਜਾ ਰਹੇ ਹਨ। ਇਹ ਤਾਂ ਇਸ ਤਰ੍ਹਾਂ ਲਗਦਾ ਹੈ ਜਿਵੇਂ ਸਚਾਈ ਨੂੰ ਛੱਡ ਕੇ ਕਿਸੇ ਮ੍ਰਿਗਤ੍ਰਿਸ਼ਨਾ ਦੇ ਪਿਛੇ ਦੌੜ ਰਹੇ ਹੋਈਏ। ਯੋਗ ਦੀ ਪ੍ਰਣਾਲੀ ਬਿਲਕੁਲ ਸੰਪੂਰਨ ਹੈ ਪਰ ਕਈ ਅਜੋਕੇ ਵਿਗਿਆਨਕ, ਯੋਗ ਸ਼ਬਦ ਤੋਂ ਹੀ ਚਿੜਦੇ ਹਨ। ਕੇਵਲ ਨਰੀਖਣ ਕਰਨਾ ਸੁਪਨਿਆਂ ਨੂੰ ਜਾਣ ਲੈਣਾ ਕਾਫੀ ਨਹੀਂ ਹੈ ਕਿਉਂਕਿ ਇਸ ਨਾਲ ਉਨ੍ਹਾਂ ਨੂੰ ਬਾਹਰ ਦੇ ਪ੍ਰਭਾਵ ਤੋਂ ਅਤੇ ਅੰਦਰ ਦੀ ਬੇਚੈਨੀ ਤੋਂ ਨਹੀਂ ਬਚਾਇਆ ਜਾ ਸਕਦਾ। ਜੇਕਰ ਪੂਰੀ ਤਰ੍ਹਾਂ ਨਾ ਦੱਸਿਆ ਜਾਵੇ, ਦਿਸ਼ਾ ਗਿਆਨ ਨਾ ਹੋਵੇ ਤਾਂ ਸਾਧਕ ਦਾ ਮਨ ਜਾਂ ਤਾਂ ਉਖੜ ਜਾਂਦਾ ਹੈ ਜਾਂ ਬਿਲਕੁਲ ਵਿਪਰੀਤ ਦਿਸ਼ਾ ਵਿਚ ਚਲ ਪੈਂਦਾ ਹੈ। ਅਰਜਨ ਇਸ ਗੱਲ ਵਿਚ ਵਡਭਾਗਾ ਸੀ ਕਿ ਉਸ ਦੇ ਗੁਰੂ ਯੁਗੇਸ਼ਵਰ ਸ੍ਰੀ ਕ੍ਰਿਸ਼ਨ ਜੀ ਸਨ ਜੋ ਉਸਦਾ ਮਾਰਗ ਦਰਸ਼ਨ ਕਰ ਰਹੇ ਸਨ ਅਤੇ ਜਿਨ੍ਹਾਂ ਨੇ ਉਸ ਨੂੰ ਉਸ ਹਾਲਤ ਵਿਚੋਂ ਕੱਢਿਆ।

ਅਰਜਨ ਦੀ ਉਪਰਾਮਤਾ ਦਾ ਏਥੇ ਅੰਤ ਹੁੰਦਾ ਹੈ।

# ਦੂਸਰਾ ਅਧਿਆਏ

## ਸਵੈ ਗਿਆਨ ਦਾ ਮਾਰਗ

1. ਸੰਜੇ ਬਚਨ ਕਰਦਾ ਹੈ

ਜੋ ਬਹੁਤ ਉਦਾਸ ਸੀ, ਬੜੀ ਹੀ ਤਰਸਯੋਗ ਦਸ਼ਾ ਵਿਚ ਸੀ, ਉਸ ਦੀਆਂ ਅੱਖਾਂ ਬੜੀਆਂ ਹੀ ਸੰਕਟਮਈ ਹੰਝੂਆਂ ਭਰੀਆਂ ਹਨ, ਉਪਰਾਮ ਸੀ ਜਿਸ ਨੇ ਮਧੂ ਦਾ ਨਾਸ਼ ਕੀਤਾ ਸੀ; ਸ੍ਰੀ ਕ੍ਰਿਸ਼ਨ ਨੇ ਉਸ ਨੂੰ ਇਹ ਸ਼ਬਦ ਕਹੇ।

ਅਰਜਨ ਨੂੰ ਭਾਵੇਂ ਆਪਣੀ ਤਾਕਤ ਤੇ ਵਿਸ਼ਵਾਸ਼ ਸੀ ਉਹ ਇਹ ਵੀ ਜਾਣਦਾ ਸੀ ਕਿ ਉਹ ਸਾਰਿਆਂ ਦਾ ਨਾਸ਼ ਕਰ ਸਕਦਾ ਹੈ ਪਰ ਦਇਆ ਦੇ ਘਰ ਵਿਚ ਉਹ ਇਹ ਸਭ ਕੁਝ ਭੁੱਲ ਹੀ ਗਿਆ। ਪਰ ਇਹੋ ਜਿਹੀ ਦਇਆ ਕੇਵਲ ਦੁਰਬਲਤਾ ਦਾ ਪ੍ਰਗਟਾਵਾ ਹੁੰਦਾ ਹੈ। ਜਦੋਂ ਕੋਈ ਦੂਸਰਿਆਂ ਉਤੇ ਦਇਆ ਕਰਦਾ ਹੈ ਉਹ ਆਪਣੇ ਆਪ ਨੂੰ ਵੀ ਦਇਆ ਦਾ ਪਾਤਰ ਬਣਾ ਲੈਂਦਾ ਹੈ ਅਤੇ ਉਹ ਉਨ੍ਹਾਂ ਵਲ ਖਿਚਿਆ ਜਾਂਦਾ ਹੈ ਜਿਨ੍ਹਾਂ ਉਤੇ ਉਹ ਦਇਆ ਕਰਦਾ ਹੈ। ਉਹ ਆਪਣੇ ਆਪ ਨੂੰ ਆਪਣੀ ਕਮਜ਼ੋਰੀ ਨਾਲ ਜੋੜ ਲੈਂਦਾ ਹੈ ਅਤੇ ਆਪਣਾ ਅਸਲੀ ਰੂਪ ਭੁੱਲ ਜਾਂਦਾ ਹੈ, ਦਇਆ ਦਾ ਲਾਭ ਨਾ ਦਇਆ ਕਰਨ ਵਾਲੇ ਨੂੰ ਹੁੰਦਾ ਹੈ, ਨਾ ਹੀ ਜਿਸ ਉਤੇ ਦਇਆ ਕੀਤੀ ਜਾਂਦੀ ਹੈ ਉਸ ਉਤੇ ਹੁੰਦਾ ਹੈ। ਯੁੱਧ ਦੇ ਮੈਦਾਨ ਵਿਚ ਜੋ ਵੀ ਸਨ ਉਨ੍ਹਾਂ ਉਤੇ ਅਰਜਨ ਦੀ ਦਇਆ ਅੰਤ ਵਿਚ ਆਪਣੇ ਆਪ ਉਤੇ ਦਇਆ ਵਿਚ ਬਦਲ ਜਾਂਦੀ ਹੈ।

ਸੱਚੇ ਮਨ ਨਾਲ ਉਪਰਾਲਾ ਕਰਨ ਤੋਂ ਬਾਦ ਅਰਜਨ ਨੇ ਸੋਚਿਆ ਉਹਦੇ ਅੱਗੇ ਤਾਂ ਪਹਾੜ ਖੜ੍ਹਾ ਹੈ ਅਤੇ ਉਹ ਆਪਣਾ ਮਾਨਸਿਕ ਸੰਤੁਲਨ ਗਵਾ ਬੈਠਾ ਹੈ। ਵੈਦਿਕ ਸਮੇਂ ਦੇ ਕਨਵਾ ਰਿਸ਼ੀ ਨੂੰ ਅਧਿਆਤਮਕ ਪੱਧਰ ਉਤੇ ਇਹੋ ਜਿਹੀ ਉਪਰਾਮਤਾ ਦਾ ਸਾਮ੍ਹਣਾ ਕਰਨਾ ਪਿਆ ਸੀ। ਉਸ ਨੇ ਬੜੀ ਸਖਤ ਸੰਜਮਮਈ ਤਪਸਿਆ ਕੀਤੀ, ਇਸ ਦੇ ਨਾਲ-ਨਾਲ ਸੱਚ ਦੇ ਮਾਰਗ ਤੇ ਵੀ ਚਲਦੇ ਰਹੇ ਪਰ ਉਨ੍ਹਾਂ ਨੂੰ ਆਪਣੇ ਆਦਰਸ਼ ਦੀ ਪ੍ਰਾਪਤੀ ਨਹੀਂ ਹੋਈ। ਥੱਕ ਕੇ ਕਨਵਾ ਰਿਸ਼ੀ ਦਾ ਰੋਣਾ ਨਿਕਲ ਗਿਆ, ਉਸ ਨੇ ਸਾਰੇ ਮਨੁੱਖੀ ਬਲ ਦਾ ਤਿਆਗ ਕਰ ਦਿਤਾ ਅਤੇ ਆਪਣੇ ਆਪ ਨੂੰ ਅਗੰਮੀ ਤਾਕਤ ਨੂੰ ਸਮਰਪਣ ਕਰਕੇ ਉਸ ਦੀ ਕ੍ਰਿਪਾ ਤੇ ਛੱਡ ਦਿਤਾ। ਜਦੋਂ ਮਨੁੱਖ ਆਪਣੀ ਵਾਹ ਲਾ ਲੈਂਦਾ ਹੈ ਤਾਂ ਫੇਰ ਵਾਹਿਗੁਰੂ ਬਹੁੜਦਾ ਹੈ, ਸੁਹਿਰਦਤਾ ਇਕੋ ਆਦਰਸ਼, ਇਕੋ ਲੋਚਾ, ਉਸ ਨੂੰ ਜਾਣ ਲੈਣ ਦੀ ਲੋਚਾ, ਅਨੁਭਵ ਦੀ ਕੁੰਜੀ ਹੈ।

2. ਸ੍ਰੀ ਭਗਵਾਨ ਨੇ ਕਿਹਾ

ਇਹ ਬੇਪਤੀ, ਨੀਚਤਾ, ਕਮੀਨਪੁਣਾ, ਵਹਿਸ਼ੀਪੁਣਾ ਤੇਰੇ ਅੰਦਰ ਇਹੋ ਜਿਹੀ ਬਿਪਤਾ ਵਿਚ ਕਿਥੋਂ ਆ ਗਿਆ?

3. ਕਮਜ਼ੋਰ ਨਹੀਂ ਬਣੋ। ਓ 'ਪਰਿਥਾ ਪੁਤਰ'! ਤੈਨੂੰ ਇਹ ਸੋਭਦਾ ਨਹੀਂ ਇਹ ਇਕ ਛਛੋਰਾਪਣ, ਇਹ ਦੁਰਬਲਤਾ ਛੱਡ ਦੇ, ਹੇ 'ਦੁਸ਼ਟ ਦਮਨ' ਕਰਨ ਵਾਲੇ! ਇਹ ਸਭ ਦਾ ਤਿਆਗ ਕਰ ਦੇ।

ਆਪਾ ਚੀਨਣ ਦੇ ਮਾਰਗ ਤੇ 'ਆਤਮ ਮਾਰਗ' ਉਤੇ ਚਲਦਿਆਂ ਅਰਜਨ ਨੂੰ ਬਹੁਤ ਠੋਕਰਾਂ ਲਗਦੀਆਂ ਹਨ ਉਹ ਮਦਦ ਲਈ ਰੋਂਦਾ ਹੈ – ਵਾਹਿਗੁਰੂ ਦੀ ਮਿਹਰ ਲਈ, ਚੰਗੇ ਅਧਿਆਪਕ ਦੀ, ਤੱਤ ਬੇਤੇ ਮਹਾਂਪੁਰਖਾਂ ਤੋਂ, ਸ੍ਰੀ ਕ੍ਰਿਸ਼ਨ ਜਿਹੇ ਮਾਰਗ ਦਰਸ਼ਕ ਦੀ ਸਹਾਇਤਾ ਲਈ। ਅਰਜਨ ਏਸ ਵੇਲੇ ਉਪਰਾਮਤਾ ਆਤਮ ਦੁਖ ਅਤੇ ਨਿਰਾਸਤਾ ਵਿਚ ਹੈ। ਆਪਣੇ ਅੰਦਰ ਦੀ ਤਾਕਤ ਨੂੰ ਨਹੀਂ ਪਛਾਣਦਾ ਪਰ ਸ੍ਰੀ ਕ੍ਰਿਸ਼ਨ ਉਸ ਨੂੰ ਆਪਣੀ ਸਤਿਆ ਬਾਰੇ ਜਾਣੂੰ ਕਰਵਾਉਂਦੇ ਹਨ।

ਇਕ ਬੱਚਾ ਪਹਿਲਾਂ ਆਪਣੇ ਮਾਂ-ਪਿਉ ਤੇ ਫੇਰ ਆਪਣੇ ਅਧਿਆਪਕ ਤੋਂ ਸਿਖਦਾ ਹੈ, ਪਰ ਸਕੂਲ ਦੀ ਸਿਖਿਆ ਅਧੂਰੀ ਸਿਖਿਆ ਹੈ। ਇਸ ਨਾਲ ਆਪਣੇ ਆਪ ਵਿਚ ਪੂਰਣਤਾ ਨਹੀਂ ਆਉਂਦੀ। ਅਧਿਆਤਮਕ ਗੁਰੂ ਦਾ ਬਹੁਤ ਉਚਾ ਸਥਾਨ ਹੈ ਅਤੇ ਇਕ ਰੋਲ ਵੀ ਹੈ ਇਹ ਰੋਲ ਗੁਰੂ ਇਕ ਮਿੱਤਰ ਰੂਪ ਵਿਚ ਕਰ ਸਕਦਾ ਹੈ, ਮਿੱਤਰ ਰੂਪ ਵਿਚ ਉਹ ਜੀਵਨ ਦੀਆਂ ਔਕੜਾਂ ਲੰਘਣ ਲਈ ਬਹੁਤ ਸਹਾਇਤਾ ਕਰ ਸਕਦਾ ਹੈ। ਅਧਿਆਤਮਕ ਗੁਰੂ ਦਾ ਇਹ ਕਰਤੱਵ ਹੈ – ਆਪਣੇ ਸ਼ਿਸ਼ ਨੂੰ ਬਾਹਰ ਦੇ ਸੰਸਾਰਕ ਪ੍ਰਭਾਵਾਂ ਤੋਂ ਬਚਾ ਕੇ ਰੱਖਣਾ। ਜਦੋਂ ਵੀ ਕੋਈ ਖਤਰਾ ਲੱਗੇ, ਗੁਰੂ ਆਪਣੀਆਂ ਬਲਵਾਨ ਬਾਹਾਂ ਪ੍ਰੇਮ ਪੂਰਵਕ ਆਪਣੇ ਸ਼ਿਸ਼ ਦੇ ਗਲੇ ਦੁਆਲੇ ਪਾ ਦੇਵੇ।

ਅਰਜਨ ਦੀ ਦਸ਼ਾ ਦੇਖਦਿਆਂ ਹੋਇਆਂ, ਸ੍ਰੀ ਕ੍ਰਿਸ਼ਨ ਇਕ ਸੱਚੇ ਮਿਤਰ, ਇਕ ਮਾਰਗ ਦਰਸ਼ਕ ਵਜੋਂ ਉਸ ਨਾਲ ਗੱਲ ਕਰਦੇ ਹਨ ਅਤੇ ਉਸ ਨੂੰ ਸਮਝਾਉਂਦੇ ਹਨ ਕਿ ਇਹ ਕਿੰਨਾ ਜ਼ਰੂਰੀ ਹੈ ਕਿ ਆਪਣੀ ਡਿਊਟੀ ਕਰੇ। ਸ੍ਰੀ ਕ੍ਰਿਸ਼ਨ ਉਸ ਨੂੰ ਦਸਦੇ ਹਨ ਕਿ ਉਹ ਆਪਣੇ ਆਪ ਨੂੰ ਪੂਰੀ ਤਰ੍ਹਾਂ ਭੁੱਲ ਗਿਆ ਹੈ ਅਤੇ ਝੂਠੀ ਅਭੇਦਤਾ ਦਾ ਪਾਤਰ ਬਣ ਗਿਆ ਹੈ। ਸ੍ਰੀ ਕ੍ਰਿਸ਼ਨ ਕਹਿੰਦੇ ਹਨ, ਤੇਰੇ ਜਿਹੇ ਯੋਧੇ ਨੂੰ ਡਰਪੋਕ ਨਹੀਂ ਹੋਣਾ ਚਾਹੀਦਾ। ਆਪਣੀ ਆਰੀਆ ਵਾਲੀ ਸ਼ਾਨ, ਵਿਰਾਸਤ ਨੂੰ ਦੇਖਦੇ ਹੋਏ ਆਪਣਾ ਕਰਤੱਵ ਕਰ। 'ਆਰੀਆ' ਸ਼ਬਦ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦੇ ਅਰਥ ਹਨ, 'ਪੂਰੀ ਤਰ੍ਹਾਂ ਸਭਯ'। ਆਰੀਆ ਦਾ ਸਭਿਆਚਾਰ ਸਭ ਤੋਂ ਪੁਰਾਣਾ ਹੈ ਓਨ੍ਹਾਂ ਦਾ ਸਮਾਜ ਪੜ੍ਹਿਆਂ ਲਿਖਿਆਂ ਵਿਦਵਾਨਾਂ ਦਾ, ਸਮਝਦਾਰਾਂ ਦਾ, ਗੁੜ੍ਹਿਆਂ ਹੋਇਆਂ ਦਾ ਅਤੇ ਇਹੋ ਜਿਹੇ ਲੋਕਾਂ ਦਾ, ਜੋ ਜੀਵਨ ਨੂੰ ਸਮਝਦੇ ਸਨ, ਅੰਦਰੋਂ-ਬਾਹਰੋਂ ਦੋਨੋਂ ਪਖੋਂ ਜਾਣਦੇ ਸਨ। ਆਰੀਆ ਦੀ ਭਾਸ਼ਾ ਸੰਸਕ੍ਰਿਤ ਸੀ, ਉਨ੍ਹਾਂ ਦਾ ਸਾਹਿਤ ਬਹੁਤ ਸੋਹਣਾ ਤੇ ਡੂੰਘਾ ਸੀ। ਸ੍ਰੀ ਕ੍ਰਿਸ਼ਨ ਜੀ ਨੇ ਅਰਜਨ ਨੂੰ ਆਪਣੇ ਤੇਜਸਵੀ ਪਿਛੋਕੜ ਦੀ ਯਾਦ ਦਿਵਾਈ ਜਿਸ ਨਾਲ ਉਸ ਨੂੰ ਇਹ ਅਨੁਭਵ ਕਰਾਇਆ ਕਿ ਉਹ ਕਸ਼ਤਰੀ ਹੈ, ਡਰਪੋਕ ਨਹੀਂ।

ਅਰਜਨ ਭੈ ਵਿਚ ਹੈ, ਉਸ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੀ ਖਿੰਡੀ ਹੋਈ ਤਾਕਤ ਨੂੰ ਇਕੱਠਾ ਕਰੇ, ਉਪਰਾਮਤਾ ਅਤੇ ਦੁਰਬਲਤਾ ਤੋਂ

ਛੁਟਕਾਰਾ ਪਾਵੇ। ਬਹੁਤ ਵਾਰੀ ਮਨੁੱਖ ਆਪਣੇ ਮੋਹ ਵਿਚ ਫਸਿਆ ਮਨ ਨੂੰ ਖੇਰੂੰ-ਖੇਰੂੰ ਕਰ ਲੈਂਦਾ ਹੈ ਅਤੇ ਆਪਣੀ ਅੰਦਰ ਦੀ ਲੁਕੀ ਤਾਕਤ ਨੂੰ ਭੁੱਲ ਜਾਂਦਾ ਹੈ। ਸ੍ਰੀ ਕ੍ਰਿਸ਼ਨ ਅਰਜਨ ਨੂੰ ਉਸ ਦੇ ਬਲ ਬਾਰੇ ਅਵਗਤ ਕਰਾਉਂਦੇ ਹਨ ਅਤੇ ਉਸ ਨੂੰ ਪ੍ਰੇਰਨਾ ਦਿੰਦੇ ਹਨ ਕਿ ਉਹ ਹਿੰਮਤ ਤੇ ਮਨੋਬਲ ਤੋਂ ਕੰਮ ਲਵੇ। ਦੁਰਬਲਤਾ ਦੇ ਸਮੇਂ ਗੁਰੂ ਰੂਪ, ਵਡੇਰੇ ਉਚੀਆਂ ਹਸਤੀਆਂ ਹੀ ਬਹੂਬਲ ਦੇ ਸਕਦੀਆਂ ਹਨ, ਅਸ਼ੀਰਵਾਦ ਦੇ ਸਕਦੀਆਂ ਹਨ।

ਜੀਵਨ ਨੂੰ ਸਮਝਣ ਦੇ ਤਿੰਨ ਅਲੌਕਿਕ, ਅਨੋਖੇ ਤਰੀਕੇ ਦ੍ਰਿਸ਼ਟਾਂਤ ਨਾਲ ਭਗਵਤ ਗੀਤਾ ਵਿਚ ਦਿਤੇ ਗਏ ਹਨ। ਪਹਿਲਾ ਕੌਰਵ ਆਪਣੀ ਬਾਹਰੀ ਤਾਕਤ ਉਤੇ, ਆਪਣੇ ਬਲ ਉਤੇ ਅਤੇ ਫੌਜ ਉਤੇ ਵਧੇਰੇ ਨਿਰਭਰ ਹਨ। ਉਹ ਇਕ ਪੂਰਣ ਰੂਪ ਵਿਚ ਮਾਇਆ ਵਿਚ ਗ੍ਰਸੇ ਦਿਖਾਏ ਗਏ ਹਨ, ਉਹ ਬਾਹਰੀ ਜੀਵਨ ਵਿਚ ਹੀ ਰੁਚੀ ਰਖਦੇ ਹਨ, ਅੰਤਰ ਨੂੰ ਜਾਨਣ ਦੀ, ਸਮਝਣ ਦੀ ਕੋਸ਼ਿਸ਼ ਹੀ ਨਹੀਂ ਕਰਦੇ। ਦੂਸਰਾ, ਅਰਜਨ ਜੋ ਕਿ ਇਕ ਨਿਪੁੰਨ ਯੋਧਾ ਹੈ, ਆਪਣੀ ਦਸ਼ਾ ਭੁੱਲ ਜਾਂਦਾ ਹੈ, ਡੂੰਘੀਆਂ ਸਚਾਈਆਂ ਨੂੰ ਭੁੱਲ ਜਾਂਦਾ ਹੈ ਅਤੇ ਆਪਣੇ ਆਪ ਨੂੰ ਦੁਰਬਲ ਬਣਾ ਲੈਂਦਾ ਹੈ। ਦਇਆ ਭਾਵ ਵਿਚ ਆ ਕੇ, ਉਹ ਆਪਣੀ ਨਿਪੁੰਨਤਾ ਤੇ ਅੰਤਰੀਵ ਸ਼ਕਤੀ ਨੂੰ ਨਹੀਂ ਵਰਤ ਸਕਦਾ। ਅਰਜਨ ਆਮ ਬੰਦੇ ਨਾਲੋਂ ਵਧੇਰੇ ਸੁਚੇਤ ਹੈ, ਕ੍ਰਿਪਾਲੂ ਹੈ। ਆਮ ਬੰਦਾ ਅੰਧਕਾਰ ਵਿਚ ਫਸਿਆ ਹੋਇਆ ਹੈ, ਮਾਇਆ ਵਿਚ ਲਿਪਤ ਹੈ, ਦਇਆ ਤੋਂ ਦੂਰ ਹੈ। ਤੀਸਰਾ ਅਰਜਨ ਜੀਵਨ ਦੇ ਬਹੁਤ ਹੀ ਔਖੇ ਮੋੜ ਤੇ ਹੈ ਸ੍ਰੀ ਕ੍ਰਿਸ਼ਨ ਉਸ ਨੂੰ ਸੁਚੇਤ ਕਰਦੇ ਹਨ, ਅਗਿਆਨ ਦੂਰ ਕਰਦੇ ਹਨ, ਉਸ ਚੇਤਨਤਾ ਵਿਚ ਪ੍ਰਵੇਸ਼ ਕਰਾਉਂਦੇ ਹਨ ਜੋ ਚਿਰੰਜੀਵ ਆਤਮਾ ਦਾ ਸਥਾਨ ਹੈ। ਉਥੇ ਪਹੁੰਚ ਕੇ ਬੰਦਾ ਸਵੈ-ਭਰੋਸੇ ਵਾਲਾ ਅਤੇ ਭੈ ਤੋਂ ਰਹਿਤ ਹੋ ਜਾਂਦਾ ਹੈ। ਇਨ੍ਹਾਂ ਤਿੰਨਾਂ ਪੱਧਰਾਂ ਦੀ ਚੇਤਨਤਾ ਇਹ ਦਰਸਾਉਂਦੀ ਹੈ ਕਿ ਅੰਦਰ ਦੀ ਸ਼ਕਤੀ ਬਾਹਰ ਦੀ ਸ਼ਕਤੀ ਨਾਲੋਂ ਕਿਤੇ ਵਧ ਉਚੀ ਹੈ। ਅੰਤਰ ਸ਼ਕਤੀ ਖਤਮ ਹੋਣ ਨਾਲ ਬੰਦਾ ਦੁਰਬਲ ਹੋ ਜਾਂਦਾ ਹੈ, ਭਾਵੇਂ ਬਾਹਰੀ ਸ਼ਕਤੀ ਉਸ ਕੋਲ ਕਿੰਨੀ ਵੀ ਕਿਉਂ ਨਾ ਹੋਵੇ।

ਅਰਜਨ ਕਹਿੰਦੇ ਹਨ

4. ਹੇ ਸ੍ਰੀ ਕ੍ਰਿਸ਼ਨ! ਮੈਂ ਤੀਰ ਕਮਾਨ ਤਰਕਸ਼ ਨਾਲ ਭੀਸ਼ਮ ਪਿਤਾਮਾ ਨਾਲ, ਦਰੋਂਣ ਨਾਲ ਕਿਸ ਤਰ੍ਹਾਂ ਲੜ ਸਕਦਾ ਹਾਂ, ਉਹ ਤਾਂ ਮੇਰੇ ਪੂਜਯ ਹਨ। ਤੇ ਹੇ ਦੁਸ਼ਟ ਦਮਨ! ਮੈਨੂੰ ਦੱਸੋ।

ਗਿਆਨੀਆਂ ਅਤੇ ਵਿਦਿਆਰਥੀਆਂ ਦਾ ਵਾਰਤਾਲਾਪ ਗਿਆਨ ਭਰਪੂਰ ਹੁੰਦਾ ਹੈ। ਉਪਨਿਸ਼ਦ ਵਿਚ ਸਾਰਾ ਗਿਆਨ ਵਾਰਤਾਲਾਪਾਂ ਵਿਚ ਹੈ। ਇਹ ਵਾਰਤਾਲਾਪ ਜਗਿਆਸੂਆਂ ਦਾ ਮਾਰਗ ਦਰਸ਼ਨ ਕਰਦੇ ਹਨ, ਉਨ੍ਹਾਂ ਵਾਰਤਾਲਾਪਾਂ ਵਿਚ ਜਗਿਆਸੂ ਆਪਣੇ ਸ਼ੰਕੇ ਪੂਰਨ ਵਿਸ਼ਵਾਸ਼ ਨਾਲ ਗੁਰੂ ਅੱਗੇ ਰਖਦਾ ਹੈ ਅਤੇ ਗੁਰੂ ਆਪਣੇ ਗਿਆਨ ਭਰਪੂਰ ਪ੍ਰਵਚਨਾਂ ਨਾਲ ਉਹ ਨਵਿਰਤ ਕਰਦਾ ਹੈ। ਅਰਜਨ ਆਪਣੇ ਵਡੇਰਿਆਂ ਨੂੰ ਦੇਖ ਕੇ ਆਪਣੇ ਗੁਰੂਆਂ ਨੂੰ ਯੁੱਧ ਦੇ ਮੈਦਾਨ ਵਿਚ ਲੜਾਈ ਲਈ ਦੇਖ ਕੇ ਘਬਰਾਇਆ

ਹੋਇਆ ਹੈ। ਉਹ ਇਹ ਸਮਝਣ ਤੋਂ ਅਸਮਰਥ ਹੈ ਕਿ ਇਹੋ ਜਿਹੀਆਂ ਮਹਾਨ ਹਸਤੀਆਂ ਨੂੰ ਕਿਉਂ ਮਾਰਿਆ ਜਾਵੇ, ਭਾਵੇਂ ਉਹ ਜਾਣਦਾ ਹੈ ਕਿ ਉਹ ਸਾਰੇ ਝੂਠ ਦਾ ਪੱਖ ਲੈ ਰਹੇ ਹਨ, ਸੱਚ ਤੋਂ ਦੂਰ ਹੋ ਚੁੱਕੇ ਹਨ। ਕੇਵਲ ਆਪਣੀ ਵਫਾਦਾਰੀ ਨਿਭਾ ਰਹੇ ਹਨ। ਅਰਜਨ ਨੂੰ ਕੀ ਕਰਨਾ ਚਾਹੀਦਾ ਹੈ? ਕਿਸ ਮਾਰਗ ਤੇ ਚਲਣਾ ਚਾਹੀਦਾ ਹੈ? ਸਚਾਈ ਤੇ, ਨਿਰਪੱਖਤਾ ਤੇ, ਧਰਮ ਤੇ ਜਾਂ ਫੇਰ ਆਪਣੇ ਆਪ ਉਤੇ ਲਾਈ ਗਈ ਡਿਊਟੀ ਤੇ ਮੋਹ ਵਿਚ ਫਸ ਕੇ ਦਇਆਵਾਨ ਹੋ ਕੇ ਦੁਰਬਲ ਹੋ ਜਾਣਾ ਚਾਹੀਦਾ ਹੈ। ਸ੍ਰੀ ਕ੍ਰਿਸ਼ਨ ਜੀ ਉਸ ਦਾ ਇਹ ਸ਼ੰਕਾ ਨਵਿਰਤ ਕਰਦੇ ਹਨ।

5. ਇਸ ਸੰਸਾਰ ਵਿਚ ਰਹਿ ਕੇ ਆਪਣੇ ਮਹਾਨ ਗੁਰੂ ਜਨਾਂ ਨੂੰ ਮਾਰਨ ਨਾਲੋਂ ਤਾਂ ਭੀਖ ਮੰਗਣੀ ਚੰਗੀ ਹੈ। ਗੁਰੂ ਜਨਾਂ ਨੂੰ ਮਾਰ ਕੇ, ਉਨ੍ਹਾਂ ਦਾ ਖ਼ੂਨ ਡੋਲ੍ਹ ਕੇ ਤਾਂ ਮੈਂ ਕੇਵਲ ਸੰਸਾਰਕ ਲਾਭ ਹੀ ਲੈ ਸਕਦਾ ਹਾਂ, ਪਰ ਸਚਾਈ ਤੇ ਮੁਕਤੀ ਤਾਂ ਪ੍ਰਾਪਤ ਨਹੀਂ ਹੋ ਸਕਦੀ?

ਇਸ ਸਲੋਕ ਵਿਚ ਗੁਰੂ ਸ਼ਬਦ ਭੀਸ਼ਮ ਅਤੇ ਦਰੌਣਾਚਾਰੀਆ ਲਈ ਵਰਤੇ ਗਏ ਹਨ। ਗੁਰੂਜਨਾਂ ਨੂੰ ਮਾਰਨਾ ਸਭ ਤੋਂ ਵੱਡਾ ਘ੍ਰਿਣਿਤ ਜੁਰਮ ਹੈ, ਜਿਹੜਾ ਸੋਚਿਆ ਭੀ ਨਹੀਂ ਜਾ ਸਕਦਾ। ਕੀ ਉਹ ਸਚਮੁੱਚ ਗੁਰੂ ਹੈ ਜਿਹੜਾ ਅਨਿਆਂ ਨਾਲ ਜੁੜਿਆ ਹੋਇਆ ਹੈ? ਇਸ ਵਾਰਤਾਲਾਪ ਵਿਚ ਸ੍ਰੀ ਕ੍ਰਿਸ਼ਨ ਜੀ ਹੀ ਇਕ ਸੱਚੇ ਗੁਰੂ ਹਨ। ਜੀਵਨ ਵਿਚ ਅਸੀਂ ਬੜੇ ਅਧਿਆਪਕਾਂ ਕੋਲੋਂ ਪੜ੍ਹਦੇ ਹਾਂ ਪਰ ਗੁਰੂ ਤਾਂ ਇਕ ਹੀ ਹੁੰਦਾ ਹੈ। ਗੁਰੂ ਬਿਲਕੁਲ ਨਿਰ ਸੁਆਰਥੀ, ਲੋਭ ਰਹਿਤ, ਕਦੀ ਵੀ ਸ਼ਿਸ਼ ਕੋਲੋਂ ਕਿਸੇ ਵਸਤ ਦੀ ਆਸ ਨਹੀਂ ਰਖਦਾ। ਸੱਚਾ ਗੁਰੂ ਸ਼ਿਸ਼ ਨੂੰ ਸਭ ਕੁਝ ਦੇ ਦਿੰਦਾ ਹੈ, ਬਦਲੇ ਵਿਚ ਕੁਝ ਨਹੀਂ ਲੈਂਦਾ। ਸੱਚਾ ਗੁਰੂ ਆਪਣੇ ਸ਼ਿਸ਼ ਲਈ ਕੀ ਨਹੀਂ ਕਰਦਾ? ਕੇਵਲ ਨਿਰਸੁਆਰਥੀ ਹੋਣਾ ਹੀ ਇਕ ਮਾਤਰ ਉਸ ਦੇ ਪਿਆਰ ਦਾ ਪ੍ਰਗਟਾਵਾ ਹੈ। ਗੁਰੂ ਇਕ ਬਹੁਤ ਹੀ ਪਵਿਤ੍ਰ ਸ਼ਬਦ ਹੈ ਜਿਸ ਦੀ ਵਰਤੋਂ ਪਿਛੇ ਵੀ ਕਈ ਥਾਵਾਂ ਤੇ ਗਲਤ ਕੀਤੀ ਗਈ ਹੈ, ਅੱਜ ਦੇ ਸਮੇਂ ਤਾਂ ਪੂਰੀ ਤਰ੍ਹਾਂ ਉਸ ਨੂੰ ਸਾਧਾਰਨ ਬਣਾ ਦਿਤਾ ਗਿਆ ਹੈ। ਇਹ ਕਹਿਣਾ ਕਿ ਮੈਂ ਗੁਰੂ ਹਾਂ, ਅਤਿ ਝੂਠ ਬਿਆਨੀ ਹੈ। ਅੱਜ ਦੇ 'ਗੁਰੂ', ਆਤਮ ਗਿਆਨ ਤੇ ਇਕ ਭਾਰੀ ਵਿਅੰਗ ਹਨ।

ਮੁਰੀਦ ਅਤੇ ਮੁਰਸ਼ਦ ਦੇ ਸੱਚੇ ਰਿਸ਼ਤੇ ਤੋਂ ਉਪਰ ਕੁਛ ਨਹੀਂ ਹੈ। ਅਧਿਆਪਕ ਅਤੇ ਸ਼ਿਸ਼ ਦਾ ਰਿਸ਼ਤਾ ਵੀ ਬਹੁਤ ਸਤਿਕਾਰਯੋਗ ਹੈ ਪਰ ਅਧਿਆਪਕ ਨੂੰ ਕਿਸੇ ਸੂਰਤ ਵਿਚ ਵੀ ਗੁਰੂ ਨਹੀਂ ਕਿਹਾ ਜਾ ਸਕਦਾ। ਗੁਰੂ ਲਈ ਉਚਿਤ ਢੁਕਵਾਂ ਸ਼ਬਦ 'ਗੁਰੂਦੇਵ' ਹੈ ਜਿਸ ਦਾ ਅਰਥ ਹੈ ਉਹ ਹਸਤੀ ਜੋ ਅੰਧਕਾਰ ਦੂਰ ਕਰਕੇ ਚਾਨਣ ਲਿਆਵੇ, ਅਗਿਆਨ ਦੂਰ ਕਰੇ ਅਤੇ ਗਿਆਨ ਦਾ ਪ੍ਰਕਾਸ਼ ਲਿਆਵੇ। ਗੁਰੂਦੇਵ ਸ੍ਰੇਸ਼ਟ ਪਰੰਪਰਾਵਾਂ ਦਾ ਪ੍ਰਤੀਕ ਹੁੰਦਾ ਹੈ, ਉਨ੍ਹਾਂ ਪਰੰਪਰਾਵਾਂ ਨੂੰ ਉਹ ਪੂਰਨ ਪ੍ਰੇਮ ਨਾਲ ਅਤਿ ਸੁੱਚੇ ਗਿਆਨ ਵਿਚ ਮਿਸ਼ਰਣ ਕਰਕੇ ਆਪਣੇ ਸ਼ਿਸ਼ ਨੂੰ ਦਿੰਦਾ ਹੈ। ਭਗਵਤ ਗੀਤਾ ਉਹ ਵਾਰਤਾਲਾਪ ਹੈ ਜਿਸ ਵਿਚ ਉਹ ਗੂੜ੍ਹ ਗਿਆਨ ਹੈ ਜੋ ਸ੍ਰੀ ਕ੍ਰਿਸ਼ਨ ਜੀ

ਨੇ ਗੁਰੂਦੇਵ ਰੂਪ ਵਿਚ ਆਪਣੇ ਸ਼ਿਸ਼ ਅਰਜਨ ਨੂੰ ਦਿਤਾ।

ਅਰਜਨ ਦੁਬਿਧਾ ਵਿਚ ਹੈ ਕਿ ਉਹ ਯੁੱਧ ਕਰੇ, ਨਾ ਕਰੇ ਜਾਂ ਤਿਆਗ ਦਾ ਮਾਰਗ ਅਪਣਾਅ ਲਵੇ। ਉਹ ਆਪਣੀ ਡਿਊਟੀ ਨੂੰ ਤਿਆਗਣ ਦੀ ਸੋਚਦਾ ਹੈ, ਜੰਗਲਾਂ ਵਿਚ ਜਾ ਕੇ ਭੀਖ ਮੰਗ ਕੇ ਰਹਿਣ ਦੀ ਸੋਚਦਾ ਹੈ। ਅਰਜਨ ਲਈ ਇਹ ਸੋਚ ਬਹੁਤ ਹੀ ਹਾਨੀਕਾਰਕ ਹੈ, ਕਿਉਂਕਿ ਉਸ ਨੂੰ ਤਾਂ ਜੀਵਨ ਜੀਉਣ ਦੀ ਸੋਚਣੀ ਚਾਹੀਦੀ ਹੈ ਨਾ ਕਿ ਇਨ੍ਹਾਂ ਹਾਲਾਤ ਵਿਚ ਰਹਿਣ ਦੀ। ਅਰਜਨ ਦੀ ਇਹ ਸੋਚ ਮੋਹ ਰਹਿਤ ਨਹੀਂ ਹੈ ਜੋ ਕਿ ਤਿਆਗ ਦੇ ਮਾਰਗ ਦੀ ਪਹਿਲੀ ਲੋੜੀਂਦੀ ਅਵਸਥਾ ਹੈ ਕਿਉਂਕਿ ਉਹ ਮੋਹ ਦਾ ਤਿਆਗ ਨਹੀਂ ਕਰ ਸਕਿਆ। ਇਸ ਲਈ ਇਹ ਤਰਕ ਦੇਣੀ ਉਸ ਲਈ ਉਚਿਤ ਨਹੀਂ ਕਿ ਉਹ ਤਿਆਗੀ ਹੋ ਜਾਵੇ ਅਤੇ ਭੀਖ ਮੰਗੇ। ਇਹ ਦਲੀਲ ਨਾ ਕੇਵਲ ਅਰਜਨ ਲਈ ਹੀ ਹਾਨੀਕਾਰਕ ਹੈ ਇਹ ਕਿਸੇ ਲਈ ਵੀ, ਜੋ ਇਸ ਮਾਰਗ ਤੇ ਚਲਣਾ ਚਾਹੁੰਦਾ ਹੈ, ਹਾਨੀਕਾਰਕ ਹੋ ਸਕਦੀ ਹੈ। ਜੇ ਕਿਤੇ ਅਰਜਨ ਸਭ ਕੁਝ ਤਿਆਗ ਦਿੰਦਾ ਤਾਂ ਤਿਆਗ ਦੇ ਉਚ ਮਾਰਗ ਦਾ ਕੋਈ ਮਹੱਤਵ ਨਾ ਰਹਿੰਦਾ।

ਹਰੇਕ ਦੇ ਜੀਵਨ ਵਿਚ ਇਹੋ ਜਿਹੇ ਪਲ ਆਉਂਦੇ ਹਨ। ਜਦੋਂ ਬੰਦਾ ਨਿਰਣਾ ਕਰਨ ਤੋਂ ਅਸਮਰਥ ਹੁੰਦਾ ਹੈ, ਕਿਸੇ ਵੀ ਨਤੀਜੇ ਤੇ ਨਹੀਂ ਪਹੁੰਚ ਸਕਦਾ। ਉਹ ਸਭ ਕਾਸੇ ਤੋਂ ਦੂਰ ਹੋ ਕੇ ਦੌੜ ਜਾਣਾ ਚਾਹੁੰਦਾ ਹੈ, ਉਸ ਸਥਿਤੀ ਦਾ ਸਾਮ੍ਹਣਾ ਨਹੀਂ ਕਰਨਾ ਚਾਹੁੰਦਾ। ਅਸੀਂ ਦੇਖਦੇ ਹਾਂ ਲੋਕੀ ਬਹੁਤ ਵਾਰੀ ਅਧਿਆਤਮਵਾਦ ਜਾਂ ਧਿਆਨ ਵਿਚ ਪੈ ਕੇ ਆਪਣੇ ਆਪ ਨੂੰ ਉਸ ਸਥਿਤੀ ਦਾ ਸਾਮ੍ਹਣਾ ਕਰਨ ਤੋਂ ਬਚਾ ਲੈਂਦੇ ਹਨ ਅਤੇ ਕਈ ਤਿਆਗੀ ਵੀ ਬਣ ਜਾਂਦੇ ਹਨ। ਸੱਚਾ ਤਿਆਗ ਇਸ ਤੋਂ ਕਿਤੇ ਵਖਰਾ ਹੈ। ਤਿਆਗ ਦਾ ਮਾਰਗ ਉਚਾ ਮਾਰਗ ਹੈ ਜਿਸ ਉਤੇ ਉਚ ਹਸਤੀਆਂ ਜੀਵਨ ਦੇ ਉਤਾਰ ਚੜ੍ਹਾਅ ਦੇਖ ਕੇ ਚਲਦੀਆਂ ਹਨ। ਇਹ ਪਲਾਇਨ ਨਹੀਂ ਹੈ। ਜਦੋਂ ਤਕ ਜੀਵਨ ਹੈ ਸੁਚੱਜੀ ਤਰ੍ਹਾਂ ਕਰਮ ਕਰਦੇ ਰਹਿਣਾ ਹੀ ਸਭ ਤੋਂ ਉਤਮ ਹੈ।

6. ਨਾ ਹੀ ਸਾਨੂੰ ਪਤਾ ਹੈ ਸਾਡੇ ਵਿਚੋਂ ਕਿਹੜਾ ਵਧੇਰੇ ਬਲਵਾਨ ਹੈ – ਅਸੀਂ ਜਿਤਾਂਗੇ ਕਿ ਉਹ ਜਿਤਣਗੇ, ਉਨ੍ਹਾਂ ਨੂੰ ਮਾਰ ਕੇ ਸਾਨੂੰ ਆਪ ਨੂੰ ਜੀਉਣ ਦੀ ਕੋਈ ਲਾਲਸਾ ਨਹੀਂ ਰਹਿਣੀ, ਉਹੀ ਧ੍ਰਿਤਰਾਸ਼ਟਰ ਦੇ ਪੁੱਤਰ ਸਾਡੇ ਸਾਮ੍ਹਣੇ ਖੜ੍ਹੇ ਹਨ।

ਅਰਜਨ ਦੀਆਂ ਦਲੀਲਾਂ ਤੋਂ ਸਾਫ ਪਤਾ ਲਗਦਾ ਹੈ ਕਿ ਉਹ ਦੁਬਿਧਾ ਵਿਚ ਹੈ – ਯੁੱਧ ਕਰੇ ਕਿ ਨਾ ਕਰੇ। ਉਸ ਨੂੰ ਹਾਰ ਜਿੱਤ ਦੋਨਾਂ ਤੋਂ ਹੀ ਡਰ ਲਗ ਰਿਹਾ ਹੈ। ਇਹ ਦੁਚਿਤਾ-ਪਨ ਉਦੋਂ ਹੀ ਆਉਂਦਾ ਹੈ ਜਦੋਂ ਬੰਦਾ ਨਿਰਣਾ ਨਾ ਲੈ ਸਕੇ ਅਤੇ ਇਹੋ ਜਿਹੀ ਦੁਬਿਧਾ ਨਾਲ ਜੀਵਨ ਦੇ ਸੰਘਰਸ਼ ਦਾ ਸਾਮ੍ਹਣਾ ਨਹੀਂ ਕੀਤਾ ਜਾ ਸਕਦਾ।

7. ਐਸ ਵੇਲੇ ਮੈਨੂੰ ਆਪਾ ਭੁਲਿਆ ਹੋਇਆ ਹੈ, ਅਤਿ ਦੁਖੀ ਹਾਂ, ਮੇਰਾ ਮਨ ਭਰਮਿਆ ਪਿਆ ਹੈ, ਇਹ ਸਮਝਣ ਤੋਂ ਅਸਮਰੱਥ ਹੈ ਕਿ ਠੀਕ

ਕੀ ਹੈ। ਮੈਂ ਬੇਨਤੀ ਕਰਦਾ ਹਾਂ, ਮੇਰੇ ਲਈ ਕੀ ਉਚਿਤ ਹੈ ਕ੍ਰਿਪਾ ਕਰਕੇ ਦੱਸੋ। ਮੈਂ ਆਪ ਜੀ ਦਾ ਸ਼ਿਸ਼ ਹਾਂ, ਆਪਣਾ ਆਪ, ਆਪ ਜੀ ਅੱਗੇ ਸਮਰਪਣ ਕਰਦਾ ਹਾਂ, ਮੈਨੂੰ ਦੱਸੋ, ਮੇਰਾ ਮਾਰਗ ਦਰਸ਼ਨ ਕਰੋ।

8. ਘੋਰ ਦੁਖ ਨਾਲ ਮੇਰੀ ਚੇਤਨਤਾ ਮੰਦ ਹੋ ਰਹੀ ਹੈ ਮੈਨੂੰ ਲਗਦਾ ਹੈ ਕੁਝ ਵੀ ਰਾਜ-ਭਾਗ, ਦੇਵਤਿਆਂ ਤੋਂ ਉਚੀ ਅਵਸਥਾ ਵੀ ਮੇਰੇ ਦੁਖ ਹਰਣ ਨਹੀਂ ਕਰ ਸਕਦੀ।

ਅਰਜਨ ਇਸ ਗੱਲ ਨੂੰ ਜਾਣਦਾ ਹੈ ਕਿ ਉਸ ਦਾ ਦਿਮਾਗ ਕੰਮ ਨਹੀਂ ਕਰ ਰਿਹਾ, ਉਸ ਦੇ ਮਨ ਵਿਚ ਸ਼ੰਕੇ ਹਨ ਉਹ ਨਿਰਣਾ ਲੈਣ ਦੇ ਅਸਮਰਥ ਹੈ। ਆਪਣੀ ਪ੍ਰੇਸ਼ਾਨੀ ਤੋਂ ਜਾਣੂੰ ਹੋਣ ਦਾ ਭਾਵ ਹੈ ਕਿ ਤੁਸੀਂ ਆਪਣੇ ਬਾਰੇ ਜਾਣਦੇ ਹੋ ਅਤੇ ਸਿੱਖਣ ਨੂੰ ਤਿਆਰ ਹੋ। ਇਹੋ ਜਿਹੀ ਪ੍ਰਤੀਤ ਵਾਲਾ ਸ਼ਿਸ਼ ਆਪਣੇ ਜੀਵਨ ਦੀ ਸਾਰੀ ਕਿਤਾਬ ਆਪਣੇ ਗੁਰੂ ਅੱਗੇ ਖੋਲ੍ਹ ਕੇ ਉਸ ਦੇ ਨਰੀਖਣ ਲਈ ਰੱਖ ਦਿੰਦਾ ਹੈ। ਇਕ ਚੰਗੇ ਸ਼ਿਸ਼ ਤੋਂ ਇਹੋ ਹੀ ਆਸ ਕੀਤੀ ਜਾਂਦੀ ਹੈ। ਜੇ ਕੋਈ ਇਹ ਮੰਨ ਲਵੇ ਕਿ ਮੈਂ ਅਣਜਾਣ ਹਾਂ, ਚੰਗਾ ਅਧਿਆਪਕ ਉਸ ਦਾ ਮਾਰਗ ਦਰਸ਼ਨ ਕਰ ਸਕਦਾ ਹੈ ਕਿਉਂਕਿ ਇਹੋ ਜਿਹਾ ਅਭਿਲਾਸ਼ੀ ਗਿਆਨ ਲੈਣ ਲਈ ਤਿਆਰ ਹੁੰਦਾ ਹੈ, ਉਸ ਦੇ ਅੰਦਰ ਜਗਿਆਸਾ ਹੁੰਦੀ ਹੈ ਭਾਵ ਸਿਖਣ ਦੀ ਪ੍ਰਬਲ ਇੱਛਾ ਹੁੰਦੀ ਹੈ ਉਹ ਬ੍ਰਹਮ ਵਿਦਿਆ ਜਾਣਨਾ ਚਾਹੁੰਦਾ ਹੈ। ਉਹ ਬੜੀ ਹੀ ਵਡਭਾਗੀ ਘੜੀ ਹੁੰਦੀ ਹੈ ਜਦੋਂ ਕੋਈ ਜਗਿਆਸੂ ਗੁਰੂ ਧਾਰਨ ਕਰਦਾ ਹੈ, ਗੁਰੂ ਨੂੰ ਬੇਨਤੀ ਕਰਦਾ ਹੈ ਕਿ ਮੈਨੂੰ ਆਪਣੇ ਚਰਨਾਂ ਵਿਚ ਅਸਥਾਨ ਬਖਸ਼ੋ ਅਤੇ ਗੁਰੂ ਸ਼ਿਸ਼ ਨੂੰ ਆਪਣੀ ਚਰਨੀਂ ਲਾ ਲੈਂਦਾ ਹੈ। ਕ੍ਰਿਸ਼ਨ ਜੀ ਜਿਹੜੇ ਅੱਜ ਤਕ ਅਰਜਨ ਦੇ ਮਿਤਰ ਰਹੇ ਹਨ ਹੁਣ ਉਸ ਦੇ ਗੁਰੂ ਬਣ ਜਾਂਦੇ ਹਨ ਅਤੇ ਬੜਾ ਹੀ ਇਕ ਅਲੌਕਿਕ ਸਬੰਧ ਜੁੜ ਜਾਂਦਾ ਹੈ।

ਅਰਜਨ ਦੇ ਧਰਮ ਸੰਕਟ ਵਿਚੋਂ ਸਾਨੂੰ ਦੋ ਸਿਖਿਆ ਮਿਲਦੀਆਂ ਹਨ। ਇਕ - ਕਦੀ ਵੀ ਕੋਈ ਨੇਤਾ, ਸਾਧਕ, ਨਾਇਕ ਇਹ ਨਾ ਸੋਚੇ ਕਿ ਉਹ ਕਦੀ ਉਦਾਸ ਨਹੀਂ ਹੋ ਸਕਦਾ, ਭਟਕ ਨਹੀਂ ਸਕਦਾ, ਉਪਰਾਮ ਨਹੀਂ ਹੋ ਸਕਦਾ। ਦੂਸਰਾ - ਹਰ ਇਕ ਦੇ ਜੀਵਨ ਵਿਚ ਉਹ ਸਮਾਂ ਆਉਂਦਾ ਹੈ, ਜਦੋਂ ਉਸ ਨੂੰ ਔਕੜਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ ਨਿਰਣਾ ਲੈਣਾ ਪੈਂਦਾ ਹੈ ਕਿ ਕੀ ਠੀਕ ਹੈ ਕੀ ਗਲਤ ਹੈ। ਵੱਡੇ ਉਹ ਹੀ ਹੁੰਦੇ ਹਨ ਜਿਹੜੇ ਔਕੜਾਂ ਵਿਚ ਵੀ ਆਪਣਾ ਸੰਤੁਲਨ ਬਣਾਈ ਰਖਦੇ ਹਨ ਭਾਵੇਂ ਕਿੰਨਾਂ ਹੀ ਸੰਕਟਮਈ ਸਮਾਂ ਕਿਉਂ ਨਾ ਹੋਵੇ। ਜੇ ਥੋੜ੍ਹੀ ਜਿਹੀ ਦੇਰ ਵਾਸਤੇ ਉਹ ਅਸ਼ਾਂਤ ਹੋ ਵੀ ਜਾਵੇ ਤਦ ਵੀ ਬਹੁਤ ਛੇਤੀਂ ਹੀ ਸੰਤੁਲਨ ਵਿਚ ਆ ਜਾਂਦੇ ਹਨ।

ਇਹ ਜਾਣ ਲੈਣਾ ਬਹੁਤ ਜ਼ਰੂਰੀ ਹੈ ਕਿ ਤੁਸੀਂ ਐਨੀ ਗੰਭੀਰ ਮਾਨਸਿਕ ਅਸ਼ਾਂਤੀ ਤੋਂ ਮੁੜ ਪਹਿਲੇ ਵਾਲੀ ਹਾਲਤ ਵਿਚ ਆ ਸਕਦੇ ਹੋ, ਉਹ ਅਸ਼ਾਂਤੀ ਜਿਹੜੀ ਅਰਜਨ ਨੂੰ ਹੋਈ ਸੀ। ਮਨੋਬਲ ਨੂੰ ਮੁੜ ਕੇ ਪੈਦਾ ਕੀਤਾ ਜਾ ਸਕਦਾ ਹੈ ਜਦੋਂ ਤੁਸੀਂ ਜੀਵਨ ਦੀਆਂ ਡੂੰਘਾਈਆਂ ਤੋਂ ਜਾਣੂੰ ਹੋ ਜਾਓ।

ਜੇ ਸਾਧਨਾ ਚੰਗੀ ਤਰ੍ਹਾਂ ਸੁਚੱਜੇ ਢੰਗ ਨਾਲ ਕੀਤੀ ਜਾਵੇ, ਜੇ ਕਦੀ ਸਾਧਕ ਠੋਕਰ ਖਾ ਕੇ ਡਿਗ ਵੀ ਪਵੇ, ਸੁਚੱਜੇ ਢੰਗ ਨਾਲ ਕੀਤੀ ਸਾਧਨਾ ਕਾਰਣ ਉਹ ਛੇਤੀਂ ਆਪਣੇ ਰਸਤੇ ਟੁਰਨ ਲਗ ਪਵੇਗਾ। ਔਕੜਾਂ ਤਾਂ ਹਰ ਮਾਰਗ ਤੇ ਆਉਂਦੀਆਂ ਹਨ। ਇਹ ਵੀ ਲੱਗਣ ਲਗ ਪੈਂਦਾ ਹੈ ਕਿ ਨਹੀਂ, ਹੁਣ ਹਿੰਮਤ ਜੁਟਾਣੀ ਬੜੀ ਹੀ ਔਖੀ ਹੈ। ਇਸ ਤਰ੍ਹਾਂ ਦਾ ਅਭਾਸ ਹੋਣਾ ਲਾਜ਼ਮੀ ਹੈ, ਕੁਦਰਤੀ ਵੀ ਹੈ ਪਰ ਅਰਜਨ ਵਰਗੇ ਵਡਭਾਗੇ, ਜਿਨ੍ਹਾਂ ਨੂੰ ਸ੍ਰੀ ਕ੍ਰਿਸ਼ਨ ਵਰਗੇ ਗੁਰੂ ਮਿਲ ਜਾਂਦੇ ਹਨ ਉਹ ਬੜੀ ਚੰਗੀ ਤਰ੍ਹਾਂ ਸਾਵਧਾਨੀ ਨਾਲ ਉਸ ਸਾਰੀ ਬਿਪਤਾ ਵਿਚੋਂ ਜਿਹੜੀ ਕਿ ਗੁਰੂ ਕ੍ਰਿਪਾ ਨਾਲ ਦ੍ਰਿਸ਼ਟਮਾਨ ਹੋ ਜਾਂਦੀ ਹੈ ਉਸ ਵਿਚੋਂ ਨਿਕਲ ਆਉਂਦੇ ਹਨ।

ਉਪਰਾਮਤਾ ਵਿਚ ਅਰਜਨ ਆਪਣਾ ਸੰਤੁਲਨ ਗੁਆ ਬੈਠਦਾ ਹੈ ਅਤੇ ਦੁਖੀ ਹੋ ਕੇ, ਰੋ ਕੇ ਸਹਾਇਤਾ ਲਈ ਪੁਕਾਰਦਾ ਹੈ। ਸ੍ਰੀ ਕ੍ਰਿਸ਼ਨ ਜੋ ਜਾਣੀ ਜਾਣ ਹਨ, ਗਿਆਨੀ ਹਨ, ਜੀਵਨ ਦੇ ਹਰ ਪੱਧਰ, ਹਰ ਸ਼ਕਤੀ ਨੂੰ ਜਾਣਦੇ ਹਨ ਉਹ ਅਰਜਨ ਨੂੰ ਮੁੜ ਸੰਤੁਲਤ ਕਰ ਦਿੰਦੇ ਹਨ, ਉਸ ਨੂੰ ਹੌਸਲਾ ਦਿੰਦੇ ਹਨ ਕਿ ਉਹ ਮੁੜ ਕੇ ਦੁਰਬਲ ਨਾ ਹੋ ਜਾਵੇ, ਮੁੜ ਕੇ ਖਿੰਡ ਨਾ ਜਾਵੇ ਉਸ ਦਾ ਆਤਮਬਲ ਫੇਰ ਨਾ ਕਿਧਰੇ ਖੇਰੂੰ-ਖੇਰੂੰ ਹੋ ਜਾਵੇ।

9. ਅਰਜਨ ਜੋ ਨੀਂਦ ਦਾ ਵਿਜੇਤਾ, ਵੈਰੀਆਂ ਨੂੰ ਭੁੰਨਣ ਵਾਲਾ ਇੰਦ੍ਰੀਆਂ ਦਾ ਮਾਲਕ ਸ੍ਰੀ ਕ੍ਰਿਸ਼ਨ ਜੀ ਨੂੰ ਸੰਬੋਧਨ ਕਰਕੇ ਕਹਿੰਦਾ ਹੈ ਮੈਂ ਯੁੱਧ ਨਹੀਂ ਕਰਾਂਗਾ। ਇਹ ਕਹਿ ਕੇ ਉਹ ਚੁੱਪ ਹੋ ਗਿਆ।

ਅਰਜਨ ਬਾਹਰੋਂ ਭਾਵੇਂ ਪੂਰੇ ਨਿਸ਼ਚੇ ਨਾਲ ਕਹਿ ਰਿਹਾ ਹੈ ਕਿ ਉਹ ਯੁੱਧ ਕਰਨ ਨੂੰ ਤਿਆਰ ਨਹੀਂ, ਉਹ ਕ੍ਰਿਸ਼ਨ ਜੀ ਨੂੰ ਸੁਣਨ ਨੂੰ ਵੀ ਤਿਆਰ ਨਹੀਂ। ਬਾਹਰੋਂ ਉਹ ਪੂਰਾ ਸਮਰਪਣ ਕਰ ਰਿਹਾ ਹੈ ਪਰ ਉਸ ਦੇ ਅੰਤਰ ਵਿਚ ਸੂਖਸ਼ਮ ਤਰ੍ਹਾਂ ਨਾਲ ਲਾਲਸਾ, ਲੋਭ, ਮੋਹ ਪਏ ਹਨ। ਮੋਹ ਤਾਂ ਸਭ ਤੋਂ ਵੱਧ ਬਲਵਾਨ ਹੈ ਇਸੇ ਕਰਕੇ ਹੀ ਉਹ ਗੁਰੂ ਦੇ ਉਪਦੇਸ਼ ਨਹੀਂ ਸੁਣਨਾ ਚਾਹੁੰਦਾ ਉਹ ਵਾਦ ਵਿਵਾਦ ਵਿਚ ਪੈ ਜਾਂਦਾ ਹੈ। ਵਿਦਿਆਰਥੀ ਆਪਣੇ ਅਧਿਆਪਕ ਨੂੰ ਬਹੁਤਾ ਗਿਆਨਵਾਨ ਵੀ ਸਮਝਦਾ ਹੈ। ਇਹ ਵੀ ਜਾਣਦਾ ਹੈ ਕਿ ਉਸ ਦੀ ਅਧਿਆਤਮਕ ਪ੍ਰਾਪਤੀ ਵੀ ਵਧੇਰੇ ਹੈ, ਵਿਦਿਆਰਥੀ ਆਪਣੇ ਆਪ ਨੂੰ ਸਮਰਪਣ ਕਰਦਾ ਹੈ ਪਰ ਉਹ ਸਮਰਪਣ ਪੂਰਾ ਸਮਰਪਣ ਨਹੀਂ ਹੈ, ਕਾਰਣ ਵਿਦਿਆਰਥੀ ਦਾ ਆਪਣਾ ਅਨੁਭਵ ਨਹੀਂ ਹੈ। ਆਤਮ ਵਿਸ਼ਵਾਸ਼ ਤੇ ਪੂਰਾ ਸਮਰਪਣ ਸਵੈ ਅਨੁਭਵ ਤੋਂ ਬਿਨਾਂ ਹੋ ਹੀ ਨਹੀਂ ਸਕਦਾ।

ਅਰਜਨ ਆਪਣੀ ਸਮੱਸਿਆ ਦਾ ਸਮਾਧਾਨ ਚਾਹੁੰਦਾ ਹੈ ਅਤੇ ਕ੍ਰਿਸ਼ਨ ਜੀ ਨੂੰ ਆਪਣਾ ਪੱਥ ਪਰਦਰਸ਼ਕ ਸਵੀਕਾਰ ਕਰ ਲੈਂਦਾ ਹੈ, ਭਾਵੇਂ ਹਾਲੇ ਵੀ ਉਸ ਨੂੰ ਕੁਝ ਵਿਰੋਧ ਹੈ। ਅੱਜ ਦੀ ਮਨੋਰੋਗ ਚਿਕਿਤਸਾ ਵਿਚ ਵੀ ਰੋਗੀ ਵਿਰੋਧ ਕਰਦਾ ਹੈ। ਵਿਰੋਧ ਇਕ ਆਦਤ ਹੈ, ਜੋ ਹਰ ਗਾਹਕ ਵਿਚ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਭਾਵੇਂ ਉਹ ਜਾਣਦਾ ਵੀ ਹੋਵੇ ਕਿ ਇਹ ਆਦਤ ਹਾਨੀਕਾਰਕ ਹੈ। ਵਿਰੋਧ ਦੋ ਕਾਰਣਾਂ ਨਾਲ ਪੈਦਾ ਹੁੰਦਾ ਹੈ - ਅਗਿਆਨ, ਨਿਰਾਸਤਾ। ਇਸ ਨਿਰਾਸ਼ਾਵਾਦ ਦਾ ਮੁਕਾਬਲਾ

ਕਰਨ ਲਈ ਦੋਨੋਂ ਹੀ ਜ਼ਰੂਰੀ ਹਨ - ਅਭਿਆਸ ਅਤੇ ਗਿਆਨ।

ਮੁਰੀਦ ਆਪਾ ਸਮਰਪਣ ਕਰਨ ਤੋਂ ਬਾਦ ਵੀ ਅਗਿਆਨੀ ਹੀ ਹੁੰਦਾ ਹੈ, ਗੁਰੂ ਅੱਗੇ ਆਪਾ ਸਮਰਪਣ ਕਰਨਾ ਆਤਮ ਗਿਆਨ ਨਹੀਂ, ਇਹ ਤਾਂ ਇਕ ਪਹਿਲਾ ਕਦਮ ਹੈ। ਇਹ ਅਵੱਸ਼ਕ ਜ਼ਰੂਰ ਹੈ ਪਰ ਸੰਪੂਰਨਤਾ ਤੋਂ ਕਿਤੇ ਦੂਰ ਹੈ। ਅੱਜ ਤਕ ਅਰਜਨ ਨੂੰ ਉਹ ਉਪਦੇਸ਼ ਨਹੀਂ ਮਿਲੇ ਜਿਹੜੇ ਉਸ ਨੂੰ ਆਪਣੇ ਰਚਿਤ ਮਾਇਆ ਜਾਲ ਵਿਚੋਂ ਕੱਢ ਸਕਣ। ਸਮਰਪਣ ਨਾਲ ਅਗਿਆਨ ਦੂਰ ਨਹੀਂ ਹੁੰਦਾ, ਕੇਵਲ ਗਿਆਨ ਹੀ ਅਗਿਆਨ ਦੇ ਪੜਦੇ ਹਟਾ ਸਕਦਾ ਹੈ ਗਿਆਨ ਚਾਨਣ ਦੀ ਕਿਰਨ ਹੈ, ਗੁਰੂ ਮੰਨ ਲੈਣ ਤੋਂ ਭਾਵ ਗਿਆਨ ਪ੍ਰਾਪਤੀ ਲਈ ਇਕ ਕਦਮ ਪੁਟਣਾ ਹੈ।

ਗੁਰੂ ਇਕ ਕਿਸ਼ਤੀ ਦੀ ਭਾਂਤੀ ਹੈ ਜੋ ਜਗਿਆਸੂ ਨੂੰ ਅਗਿਆਨ ਦੇ ਦਲਦਲ ਵਿਚੋਂ ਕੱਢਣ ਦਾ ਸਾਧਨ ਹੈ। ਗੁਰੂ ਆਪਣੇ ਅਨੁਭਵ ਤੋਂ ਔਕੜਾਂ ਤੋਂ ਆਪਣੇ ਰਸਤੇ ਉਤੇ ਆਏ ਰੋੜਿਆਂ ਤੋਂ ਮੁਰੀਦ ਨੂੰ ਜਾਣੂੰ ਕਰਵਾਉਂਦਾ ਹੈ। ਜਗਿਆਸੂ ਨੂੰ ਕਦੀ ਵੀ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਗੁਰੂ ਬਣਾ ਲੈਣ ਜਾਂ ਚੇਲਾ ਬਣ ਜਾਣ ਨਾਲ ਹੀ ਉਸ ਨੂੰ ਗਿਆਨ ਹੋ ਜਾਵੇਗਾ, ਸਵੈ ਅਨੁਭਵ ਕਰਨਾ ਪਵੇਗਾ, ਆਪਣੀ ਸਾਧਨਾ ਜਾਰੀ ਰਖਣੀ ਪਵੇਗੀ, ਘਾਲਣਾ ਘਾਲਣੀ ਪਵੇਗੀ। ਜਦੋਂ ਤਕ ਜਗਿਆਸੂ ਆਪਣੀ ਸੋਚਣੀ ਕਥਨੀ ਕਰਨੀ ਨੂੰ ਪੂਰੀ ਤਰ੍ਹਾਂ ਗੁਰੂ ਚਰਨਾਂ ਵਿਚ ਸਮਰਪਤ ਨਹੀਂ ਕਰਦਾ ਉਸ ਨੂੰ ਕ੍ਰਿਸ਼ਨ ਜੀ, ਈਸਾ ਜੀ, ਮੋਜ਼ਿਜ਼ ਅਤੇ ਬੁਧਾ ਜਿਹੇ ਅਵਤਾਰ ਵੀ ਆਤਮ ਗਿਆਨ ਨਹੀਂ ਕਰਾ ਸਕਦੇ।

ਏਨਾ ਕਹਿਣ ਤੋਂ ਬਾਦ ਅਰਜਨ ਚੁਪ ਸਾਧ ਲੈਂਦਾ ਹੈ ਕਿਉਂਕਿ ਉਹ ਅਤਿ ਦੁਖ ਵਿਚ ਹੈ, ਅਫਸੋਸ ਵਿਚ ਹੈ। ਚੁਪ ਰਹਿਣ ਨਾਲ ਮਨ ਇਕਾਗਰ ਹੋ ਜਾਂਦਾ ਹੈ। ਜੇ ਤੁਸੀਂ ਦੁਖ ਵਿਚ ਹੋ ਤਾਂ ਚੁਪ ਵਿਚ ਦੁਖ ਹੋਰ ਵਧ ਜਾਂਦਾ ਹੈ, ਜੇ ਤੁਸੀਂ ਕਿਸੇ ਨੂੰ ਵੀ ਪਿਆਰ ਕਰਦੇ ਹੋ ਚੁਪ ਰਹਿ ਕੇ ਪਿਆਰ ਹੋਰ ਵਧ ਜਾਂਦਾ ਹੈ, ਜੇ ਤੁਸੀਂ ਆਪਾ ਖੋਜਣ ਦੇ 'ਆਤਮ ਮਾਰਗ' ਉਤੇ ਚਲ ਰਹੇ ਹੋ ਤਾਂ ਚੁਪ ਰਹਿ ਕੇ ਨਿਰਵਿਘਨ ਤੁਸੀਂ ਖੁਸ਼ੀਆਂ ਪ੍ਰਾਪਤ ਕਰ ਸਕਦੇ ਹੋ।

ਹਾਰ ਮਨੁੱਖ ਨੂੰ ਸੁਸਤ ਬਣਾ ਦਿੰਦੀ ਹੈ, ਯੋਧੇ ਤੋਂ ਅਕਾਂਖੀ ਤੋਂ ਇਹ ਆਸ ਨਹੀਂ ਕਿ ਉਹ ਅਕਰਮਕ ਹੋ ਜਾਵੇ ਉਹ ਤਾਂ ਦੂਸਰਿਆਂ ਲਈ ਇਕ ਉਦਾਹਰਣ ਹੁੰਦਾ ਹੈ। ਅਰਜਨ ਦਾ ਲੜਨ ਤੋਂ ਮਨ੍ਹਾ ਕਰਨਾ ਇਕ ਟਾਲ ਮਟੋਲਾ ਹੈ ਕੋਈ ਰਸਕਿਤਾ ਨਹੀਂ। ਇਹ ਕੋਈ ਤਿਆਗ ਨਹੀਂ, ਤਿਆਗੀ ਨੂੰ ਤਾਂ ਇਛਾਵਾਂ ਗਿਆਨ ਦੀ ਅੱਗ ਵਿਚ ਸਾੜਨੀਆਂ ਪੈਂਦੀਆਂ ਹਨ। ਅਰਜਨ ਬਿਨਾਂ ਗਿਆਨ ਤੋਂ ਤਿਆਗ ਦੀ ਗੱਲ ਕਰਦਾ ਹੈ। ਬਹੁਤ ਵਾਰੀ ਮੁਸ਼ਕਲਾਂ ਦਾ ਸਾਮ੍ਹਣਾ ਕਰਦੇ ਹੋਏ ਮਨੁੱਖ ਤਿਆਗ ਬਾਰੇ ਸੋਚਣ ਲਗ ਪੈਂਦਾ ਹੈ, ਉਹ ਵਾਸਤਵ ਵਿਚ ਸੰਸਾਰ ਤੋਂ, ਸਮਾਜ ਤੋਂ ਆਪਣੇ ਆਪ ਤੋਂ ਦੌੜ ਰਿਹਾ ਹੁੰਦਾ ਹੈ। ਜਦੋਂ ਕੋਈ ਮੁਸ਼ਕਲਾਂ ਦਾ ਮੁਕਾਬਲਾ ਕਰਨ ਦੀ ਥਾਂ ਤਿਆਗ ਦਾ ਰਸਤਾ ਅਪਣਾਉਣ ਦਾ ਸੋਚੇ ਇਹ ਕਮਜ਼ੋਰੀ ਦੀ ਨਿਸ਼ਾਨੀ ਹੈ, ਹਾਲਾਤ ਤੋਂ ਦੌੜਨ

ਦੀ ਨਿਸ਼ਾਨੀ ਹੈ। ਜਿਸ ਸ਼ਾਂਤੀ ਦਾ ਪ੍ਰਗਟਾਵਾ ਅਰਜਨ ਕਰ ਰਿਹਾ ਹੈ ਉਹ ਅਹਿੰਸਾ ਦੀ ਫਿਲੌਸਫੀ ਤੋਂ ਬਿਲਕੁਲ ਅਲੱਗ ਹੈ। ਸ਼ਾਂਤੀ ਵਿਚ ਹਾਲਾਤ ਉਤੇ ਕੋਈ ਕਾਬੂ ਨਹੀਂ, ਪਰ ਅਹਿੰਸਾ ਵਿਚ ਤੁਸੀਂ ਪਿਆਰ ਦੀ ਫਿਲੌਸਫੀ ਨਕਾਰਆਤਮਕ ਕਥਨ ਕਰਕੇ ਕਰਦੇ ਹੋ। ਕੋਈ ਦੁਖ ਨਹੀਂ ਪਹੁੰਚਾਉਣਾ, ਕਿਸੇ ਨੂੰ ਮਾਰਨਾ ਨਹੀਂ, ਕਿਸੇ ਨੂੰ ਨੁਕਸਾਨ ਨਹੀਂ ਪਹੁੰਚਾਉਣਾ, ਕਿਸੇ ਨੂੰ ਸੱਟ ਨਹੀਂ ਪਹੁੰਚਾਉਣੀ। ਜੇ ਯੋਗ ਦੀ ਸਹੀ ਸਿਖਿਆ ਜੀਵਨ ਵਿਚ ਢਾਲੀ ਜਾਵੇ ਤਾਂ ਮਨੁੱਖ ਠੀਕ ਤਰ੍ਹਾਂ ਪ੍ਰੇਮ ਕਰਨਾ ਸਿੱਖ ਲਵੇਗਾ ਜਦੋਂ ਤੁਸੀਂ ਸੋਚਣੀ, ਕਥਨੀ ਅਤੇ ਕਰਨੀ ਨਾਲ ਪਿਆਰ ਕਰਨ ਲਗ ਪੈਂਦੇ ਹੋ ਤਾਂ ਤੁਸੀਂ ਸੱਚ ਦੇ ਮਾਰਗ ਤੇ ਤੁਰਨ ਲੱਗ ਪੈਂਦੇ ਹੋ। ਪਹਿਲੇ ਪ੍ਰੇਮ, ਫੇਰ ਸਤਿਅ ਆਉਂਦਾ ਹੈ ਪਰ ਯਥਾਰਥ ਵਿਚ ਪ੍ਰੇਮ ਅਤੇ ਸਤਿਅ ਇਕੋ ਹੀ ਹਨ। ਨਾਮ ਦੋ ਹਨ ਇਕ ਸਤਿ ਦਾ ਪ੍ਰਗਟਾਵਾ ਹੈ, ਦੂਸਰਾ ਸਤਿ ਹੈ, ਇਨ੍ਹਾਂ ਦੋਨਾਂ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਇਹ ਇਕੋ ਹੀ ਸਿੱਕੇ ਦੇ ਦੋ ਪਾਸੇ ਹਨ।

ਮਹਾਤਮਾ ਗਾਂਧੀ ਜਿਨ੍ਹਾਂ ਨੂੰ ਅਸੀਂ ਦੇਸ਼ ਦੇ ਪਿਤਾ ਦਾ ਸਨਮਾਨ ਦਿੰਦੇ ਹਾਂ ਉਨ੍ਹਾਂ ਨੇ ਗੀਤਾ ਦੇ ਅਸੂਲਾਂ ਨੂੰ ਜੀਵਨ ਵਿਚ ਢਾਲਿਆ ਅਤੇ ਉਨ੍ਹਾਂ ਉਤੇ ਅਭਿਆਸ ਕਰਕੇ ਸੰਸਾਰ ਨੂੰ ਦਿਖਾਇਆ ਹੈ – ਪੂਰੇ ਚਾਲੀ ਸਾਲ। ਉਨ੍ਹਾਂ ਨੇ ਸੰਸਾਰ ਤੇ ਆਪਣੀ ਹੀ ਕਿਸਮ ਦੀ ਮਿਸਾਲ ਪੈਦਾ ਕੀਤੀ। ਗਾਂਧੀ ਨੇ ਇਹ ਸਮਝ ਲਿਆ ਸੀ ਕਿ ਅਹਿੰਸਾ ਜੀਵਨ ਦਾ ਸਿਧਾਂਤ ਹੈ ਅਤੇ ਉਨ੍ਹਾਂ ਨੇ ਅਹਿੰਸਾ ਨੂੰ ਪ੍ਰਚਾਰਿਆ। ਪਰ ਗਾਂਧੀ ਸ਼ਾਂਤੀਵਾਦੀ ਨਹੀਂ ਸਨ। ਉਨ੍ਹਾਂ ਨੇ ਸਾਰੇ ਦੇਸ਼ ਨੂੰ ਬੜੀ ਚੇਤਨਤਾ ਨਾਲ ਅਤੇ ਨਿਸ਼ਚੇਆਤਮਕ ਤਰੀਕੇ ਨਾਲ ਸੁਤੰਤਰ ਕਰਾਇਆ। ਜਦੋਂ ਕੋਈ ਹਾਰ ਜਾਂਦਾ ਹੈ ਅਤੇ ਕੁਛ ਹਾਸਲ ਕਰਨ ਦੇ ਕਾਬਲ ਨਹੀਂ ਹੁੰਦਾ ਤਾਂ ਉਹ ਬਿਲਕੁਲ ਅੰਤਰਮੁਖੀ ਹੋ ਜਾਂਦਾ ਹੈ। ਇਹੋ ਜਿਹੀ ਸ਼ਾਂਤਵਾਦ ਹਾਰ ਤੋਂ ਹੀ ਉਤਪੰਨ ਹੁੰਦੀ ਹੈ, ਕੋਈ ਸਿਰਜਨਆਤਮਕ ਨਹੀਂ। ਹਰ ਵਿਦਿਆਰਥੀ ਦੇ ਜੀਵਨ ਵਿਚ ਇਹੋ ਜਿਹਾ ਸਮਾਂ ਆਉਂਦਾ ਹੈ ਜਦੋਂ ਉਹ ਆਪਣੇ ਆਪ ਨੂੰ ਅਸਮਰਥ ਸਮਝਦਾ ਹੈ ਅਤੇ ਉਹ ਆਪਣੇ ਆਪ ਨੂੰ ਅਲੱਗ ਕਰ ਲੈਂਦਾ ਹੈ। ਇਹੋ ਜਿਹਾ ਸ਼ਾਂਤਵਾਦ ਮਨੁੱਖ ਨੂੰ ਨਿਖੇਦੀ ਬਣਾ ਦਿੰਦਾ ਹੈ ਅਤੇ ਇਹ ਕਿਸੇ ਵੀ ਅਕਾਂਖੀ ਦਾ ਸਭ ਤੋਂ ਵੱਡਾ ਵੈਰੀ ਹੁੰਦਾ ਹੈ।

ਸ਼ਾਂਤਵਾਦ ਹੋਰ ਕਈ ਕਾਰਣਾਂ ਕਰਕੇ ਵੀ ਹੋ ਸਕਦਾ ਹੈ, ਅਧਰਮ ਦਾ ਯੁੱਧ ਲੜਨਾ ਅਨਿਆਈ ਲੜਨਾ ਘ੍ਰਿਣਾ ਯੋਗ ਪਾਪ ਹੈ। ਇਹੋ ਜਿਹੇ ਯੁੱਧ ਤੋਂ ਆਪਣੇ ਆਪ ਨੂੰ ਵੱਖ ਕਰਨ ਲਈ ਸ਼ਾਂਤਵਾਦ ਕਾਫੀ ਵੱਡੀ ਪ੍ਰੇਰਨਾ ਹੈ। ਜਿਹੜਾ ਕਿਸੇ ਨੂੰ ਵੀ ਮਾਰਨਾ, ਦੁਖ ਪਹੁੰਚਾਉਣਾ, ਖਤਮ ਕਰਨਾ, ਅਨਿਆ ਨਹੀਂ ਕਰਨਾ ਚਾਹੁੰਦੇ ਉਹ ਆਪਣੇ ਆਪ ਇਹੋ ਜਿਹੇ ਕੰਮਾਂ ਤੋਂ ਦੂਰ ਕਰ ਲੈਂਦੇ ਹਨ, ਸ਼ਾਂਤ ਹੋ ਜਾਂਦੇ ਹਨ। ਇਹੋ ਜਿਹਾ ਸ਼ਾਂਤਵਾਦ ਬੜਾ ਹੀ ਸੁਆਰਥ ਹੁੰਦਾ ਹੈ।

ਅਰਜਨ ਲਈ ਯੁੱਧ ਅਵਸ਼ਕ ਸੀ। ਇਹ ਯੁੱਧ ਨਿਆ ਲਈ ਲੜਿਆ ਜਾ ਰਿਹਾ ਸੀ। ਅਰਜਨ ਖਤਰੀ ਹੈ, ਖਤਰੀ ਦਾ ਧਰਮ ਲੜਨਾ ਹੈ। ਜੇ ਕੋਈ ਤਿਆਗੀ ਆ ਕੇ ਯੁੱਧ ਕਰੇ ਤਾਂ ਇਹ ਉਸ ਦਾ ਧਰਮ ਨਹੀਂ ਹੋਵੇਗਾ ਅਤੇ

ਉਸ ਨੂੰ ਇਹ ਕਰਨ ਦੀ ਆਗਿਆ ਹੀ ਨਹੀਂ ਦਿਤੀ ਜਾਵੇਗੀ ਬਿਲਕੁਲ ਇਸ ਤਰ੍ਹਾਂ ਹੀ ਜੇ ਯੋਧਾ, ਯੁਧ ਕਰਦਿਆਂ ਤਿਆਗੀ ਬਣਨ ਟੁਰ ਪਵੇ ਤਾਂ ਉਸ ਨਾਲ ਭਗਦੜ ਮਚ ਜਾਵੇਗੀ। ਕਿੰਨਾਂ ਅਸਚਰਜ ਹੋ ਜਾਵੇ ਜੇ ਹੱਥ, ਪੈਰਾਂ ਦਾ ਕੰਮ ਕਰਨ ਲੱਗ ਜਾਣ ਤੇ ਪੈਰ ਹੱਥਾਂ ਦਾ। ਜੀਵਨ ਕਿੰਨਾਂ ਉਥਲ-ਪੁਥਲ ਹੋ ਜਾਵੇ ਜੇ ਕੰਨਾਂ ਦਾ ਕੰਮ, ਅੱਖਾਂ ਕਰਨ ਲੱਗ ਜਾਣ ਅਤੇ ਅੱਖਾਂ ਖਾਣ ਦਾ ਕੰਮ ਕਰਨ ਲੱਗ ਜਾਣ। ਆਪਣੀ ਡਿਊਟੀ ਜਾਣ ਲੈਣੀ ਬੜੀ ਜ਼ਰੂਰੀ ਹੈ ਠੀਕ ਕੰਮ, ਠੀਕ ਸਮੇਂ ਕਰਨਾ ਵੀ ਬੜਾ ਜ਼ਰੂਰੀ ਹੈ। ਅਰਜਨ ਦਾ ਧਰਮ ਲੜਨਾ ਹੈ ਚੁੱਪ ਕਰਕੇ ਬੈਠਣਾ ਨਹੀਂ। ਅਰਜਨ ਦਾ ਤਿਆਗ ਕੇਵਲ ਇਕ ਪਲਾਇਨ ਹੈ। ਇਹ ਪਲਾਇਨ ਉਦੋਂ ਤਕ ਨਹੀਂ ਹੁੰਦਾ ਜਦੋਂ ਤਕ ਅਰਜਨ ਯੁੱਧ ਭੂਮੀ ਵਿਚ ਹੈ। ਇਸ ਤੋਂ ਪਤਾ ਲਗਦਾ ਹੈ ਕਿ ਅਰਜਨ ਉਤੇ ਸੰਜੇ ਦਾ ਬਹੁਤ ਪ੍ਰਭਾਵ ਪਿਆ ਹੈ ਅਤੇ ਉਹ ਆਪਣੀ ਡਿਊਟੀ ਦੇਣ ਤੋਂ ਦੌੜ ਰਿਹਾ ਹੈ।

10. ਉਹ ਜਿਹੜਾ ਭਰਤ ਦੀ ਸੰਤਾਨ ਹੈ ਜੋ ਇਸ ਸਮੇਂ ਉਦਾਸ ਹੈ, ਜਿਹੜਾ ਇਸ ਸਮੇਂ ਦੋਨੋਂ ਪਾਸਿਓਂ ਫੌਜਾਂ ਵਿਚ ਘਿਰਿਆ ਹੈ, ਇੰਦ੍ਰੀਆਂ ਦਾ ਵਿਜੈਤਾ ਅਰਜਨ ਨੂੰ ਸੰਬੋਧਨ ਕਰਕੇ ਕਹਿੰਦੇ ਹਨ।

ਕ੍ਰਿਸ਼ਨ ਜੀ ਜਦੋਂ ਅਰਜਨ ਨੂੰ ਚੰਗੀ ਤਰ੍ਹਾਂ ਸੁਣ ਲੈਂਦੇ ਹਨ ਉਨ੍ਹਾਂ ਦੇ ਚਿਹਰੇ ਤੇ ਬੜੀ ਪ੍ਰਸੰਸ਼ਨੀਯ ਮੁਸਕਰਾਹਟ ਆਉਂਦੀ ਹੈ। ਕ੍ਰਿਸ਼ਨ ਜੀ ਦੀ ਮੁਸਕਰਾਹਟ ਬਿਲਕੁਲ ਉਸੇ ਤਰ੍ਹਾਂ ਹੀ ਹੈ ਜਿਵੇਂ ਕਿ ਇਕ ਪਿਤਾ ਦੀ ਜੋ ਇਹ ਜਾਣਦਾ ਹੈ ਕਿ ਭਾਵੇਂ ਉਸ ਦਾ ਬੱਚਾ ਇਸ ਸਮੇਂ ਉਦਾਸ ਹੈ ਦੁਖੀ ਹੈ ਪਰ ਉਸ ਨੂੰ ਇਹ ਪੂਰਾ ਭਰੋਸਾ ਹੈ ਕਿ ਇਹ ਅਵਸਥਾ ਛਿੰਨ ਭੰਗਰ ਹੀ ਹੈ। ਪਿਤਾ ਨੂੰ ਪਤਾ ਹ ਕਿ ਜਦੋਂ ਹੀ ਬੱਚੇ ਨੂੰ ਠੀਕ ਸਲਾਹ ਮਿਲੀ ਬੱਚਾ ਇਸ ਮਾਨਸਿਕ ਪਰੇਸ਼ਾਨੀ ਤੋਂ ਨਿਕਲ ਆਵੇਗਾ ਅਤੇ ਬੜੀ ਸੂਝ ਬੂਝ ਨਾਲ ਅੱਗੋਂ ਕੋਈ ਵੀ ਕਦਮ ਚੁਕੇਗਾ। ਕ੍ਰਿਸ਼ਨ ਜੀ ਦੀ ਮੁਸਕਰਾਹਟ ਕੋਈ ਤਰਸ ਵਾਲੀ ਮੁਸਕਰਾਹਟ ਨਹੀਂ ਸੀ। ਉਨ੍ਹਾਂ ਦੀ ਮੁਸਕਰਾਹਟ ਪ੍ਰਤਿਸ਼ਠਾਮਈ ਸੀ। ਕ੍ਰਿਸ਼ਨ ਜੀ ਨੂੰ ਪੂਰਾ ਭਰੋਸਾ ਹੈ ਕਿ ਉਹ ਅਰਜਨ ਨੂੰ ਇਸ ਉਦਾਸੀਨਤਾ ਤੋਂ ਕੱਢ ਲੈਣਗੇ ਅਤੇ ਉਸ ਨੂੰ 'ਆਤਮ ਮਾਰਗ' ਦਾ ਰਾਹ ਦਿਖਾ ਸਕਣਗੇ।

ਪਹਿਲਾਂ ਅਰਜਨ ਚਾਹੁੰਦਾ ਸੀ ਕਿ ਕ੍ਰਿਸ਼ਨ ਜੀ ਯੁੱਧ ਵਿਚ ਹਿੱਸਾ ਲੈਣ ਅਤੇ ਉਹ ਇਹ ਭੁੱਲ ਰਿਹਾ ਸੀ ਕਿ ਉਹ ਆਪ ਇਸ ਸਮੇਂ ਦਾ ਸਭ ਤੋਂ ਉਤਮ ਯੋਧਾ ਹੈ। ਕ੍ਰਿਸ਼ਨ ਜੀ ਇਹ ਨਹੀਂ ਚਾਹੁੰਦੇ ਕਿ ਅਰਜਨ ਕਿਸੇ ਦੀ ਸਹਾਇਤਾ ਲਈ ਇੰਤਜ਼ਾਰ ਕਰੇ, ਉਹ ਅਰਜਨ ਦੇ ਪੱਥ ਪ੍ਰਦਰਸ਼ਕ ਹਨ ਅਤੇ ਚਾਹੁੰਦੇ ਹਨ ਕਿ ਉਹ ਆਪ ਹੀ ਆਪਣੀ ਸਹਾਇਤਾ ਕਰੇ। ਇਥੇ ਫੇਰ ਅਸੀਂ ਦੇਖਦੇ ਹਾਂ ਕਿ ਗੀਤਾ ਦੀ ਸਿਖਿਆ ਅੱਜ ਦੇ ਮਨੁੱਖ ਲਈ ਕਿਨਹੀ ਲਾਭਦਾਇਕ ਹੈ, ਕਿਉਂ ਜੋ ਅੱਜ ਦਾ ਮਨੁੱਖ ਸਦਾ ਹੀ ਆਪਣੇ ਅਧਿਆਪਕ ਤੇ ਨੇਤਾ ਤੇ ਉਪਦੇਸ਼ਕ ਤੇ ਨਿਰਭਰ ਹਨ। ਪੂਰਣਾ ਸੁਤੰਤਰਤਾ ਹਾਸਲ ਕਰਨ ਲਈ ਆਪਣਾ ਦੀਵਾ ਆਪ ਹੀ ਜਲਾਉਣਾ ਪੈਂਦਾ ਹੈ। ਕ੍ਰਿਸ਼ਨ ਜੀ ਅਰਜਨ

ਨੂੰ ਸਮੇਂ-ਸਮੇਂ ਸਿਰ ਜਦੋਂ ਵੀ ਉਸ ਨੂੰ ਲੋੜ ਹੋਵੇ, ਉਸ ਨੂੰ ਸਲਾਹ ਦੇਣ ਲਈ ਉਸ ਦੀ ਪ੍ਰੇਮ ਸਹਿਤ ਅਗਵਾਈ ਲਈ ਤਿਆਰ ਹੋ ਜਾਂਦੇ ਹਨ। ਉਹ ਯੁੱਧ ਦੇ ਮੈਦਾਨ ਵਿਚ ਵੀ ਆਪਣੇ ਪਿਆਰੇ ਸ਼ਿਸ਼ ਦੇ ਨਾਲ ਹੀ ਰਹਿੰਦੇ ਹਨ। ਉਸ ਦਾ ਮਾਰਗ ਦਰਸ਼ਨ ਕਰਦੇ ਹਨ ਉਸ ਨੂੰ ਸ਼ਤਰੂਆਂ ਦਾ ਮੁਕਾਬਲਾ ਕਰਨਾ ਅਤੇ ਉਨ੍ਹਾਂ ਤੋਂ ਛੁਟਕਾਰਾ ਪਾਉਣਾ ਦਸਦੇ ਹਨ। (ਉਹ ਸਾਰੇ ਸ਼ਤਰੂ ਜੋ ਮਨੁੱਖ ਦੇ ਮਨ ਚਿਤ ਵਿਚ ਵਸਦੇ ਹਨ) ਮਨੁੱਖ ਆਮ ਤੌਰ ਤੇ ਬਹੁਤ ਦੁਰਬਲ ਹੈ, ਨਖੇਦੀ ਦੇ ਸੁਝਾਅ ਬੜੀ ਛੇਤੀ ਮੰਨ ਲੈਂਦਾ ਹੈ, ਉਹ ਉਸ ਦੀ ਤਰੱਕੀ ਵਿਚ ਬਾਧਾ ਬਣ ਜਾਂਦੇ ਹਨ, ਪਰ ਦ੍ਰਿੜ੍ਹ ਇਰਾਦੇ ਨਾਲ, ਨਿਰਸੁਆਰਥੀ ਸਲਾਹ ਨਾਲ ਮਨੁੱਖ ਮਾਨਸਿਕ ਸੰਤੁਲਨ ਪ੍ਰਾਪਤ ਕਰ ਸਕਦਾ ਹੈ।

ਇਕ ਚੰਗੇ ਅਧਿਆਪਕ ਅਤੇ ਮਾਨਸਿਕ ਚਿਕਤਸਕ ਨੂੰ ਆਪਣੇ ਵਿਦਿਆਰਥੀ ਆਪਣੇ ਮਰੀਜ਼ ਦੇ ਧਰਮ ਸੰਕਟ ਨਾਲ ਹਮਦਰਦੀ ਹੋਣੀ ਚਾਹੀਦੀ ਹੈ ਉਸ ਨਾਲ ਆਪਣੇ ਆਪ ਨੂੰ ਜੋੜਨਾ ਨਹੀਂ ਚਾਹੀਦਾ। ਇਕ ਪੱਥ ਪ੍ਰਦਰਸ਼ਕ ਦਾ ਇਹ ਕਰੱਤਵ ਹੈ ਕਿ ਉਹ ਆਪਣੇ ਸ਼ਿਸ਼ ਨੂੰ ਗਿਆਨ ਦੇਵੇ, ਡੂੰਘਾ ਗਿਆਨ ਜੋ ਉਸ ਨੇ ਆਪਣੇ ਅਨੁਭਵ ਨਾਲ ਪ੍ਰਾਪਤ ਕੀਤਾ ਹੋਵੇ। ਆਧੁਨਿਕ ਮਨੋਵਿਗਿਆਨ ਅਨੁਸਾਰ ਕੇਵਲ ਪ੍ਰਤੱਖ ਸਮਸਿਆਵਾਂ ਦਾ ਹੀ ਸੋਧ ਕੀਤਾ ਜਾਂਦਾ ਹੈ। ਵੱਧ ਤੋਂ ਵੱਧ ਕੁਝ ਕੁ ਅਚੇਤ ਮਨ ਦੀਆਂ ਗੁੰਝਲਾਂ ਦਾ ਵਿਸ਼ਲੇਸ਼ਨ ਕੀਤਾ ਜਾਂਦਾ ਹੈ। ਚੇਤਨ ਮਨ ਅਚੇਤ ਮਨ ਤੋਂ ਅੱਗੇ ਹੋਰ ਕੁਝ ਵੀ ਨਹੀਂ ਦਸਿਆ ਜਾਂਦਾ ਤੇ ਜੋ ਮਨੁੱਖ ਬਾਰ-ਬਾਰ ਉਨ੍ਹਾਂ ਦੁਬਿਧਾ ਦਾ ਸ਼ਿਕਾਰ ਨਾ ਬਣੇ ਅਚੇਤ ਮਨ ਦੀਆਂ ਖਾਈਆਂ ਵਿਚ ਨਾ ਡਿੱਗੇ, ਆਪਣੇ ਸੰਵੇਗਾਂ ਵਿਚ, ਵਿਚਾਰਾਂ ਵਿਚ, ਪ੍ਰਤਿਕ੍ਰਿਆ ਵਿਚ, ਬਿਰਤੀ ਬਾਰ-ਬਾਰ ਨਾ ਉਲਝਣ ਦੇਵੇ। ਅੱਜ ਦੇ ਚਿਕਿਤਸਕਾਂ ਨੂੰ ਲਿਖਿਤ ਵਿਚ theory ਸਭ ਪਤਾ ਹੈ ਪਰ ਉਹ ਆਪਣੇ ਹੀ ਅਚੇਤ ਮਨ ਦੀਆਂ ਗੁਥੀਆਂ ਵਿਚ ਉਲਝੇ ਪਏ ਹਨ। ਉਨ੍ਹਾਂ ਨੂੰ ਕੋਈ ਇਹੋ ਜਿਹਾ ਗਿਆਨ ਹੀ ਨਹੀਂ ਦਿਤਾ ਗਿਆ ਜਿਸ ਨਾਲ ਉਨ੍ਹਾਂ ਨੂੰ ਸ਼ਾਂਤੀ, ਮਨ ਦੀ ਇਕਸਾਰਤਾ ਮਿਲ ਸਕਦੀ, ਆਤਮ ਸਮਰਪਣ ਕਰ ਸਕਦੇ, ਉਹ ਭਾਵੇਂ ਇਸ ਗੱਲ ਦਾ ਦਿਖਾਵਾ ਕਰਨ ਕਿ ਉਹ ਸ਼ਾਂਤ ਹਨ ਸਹਿਜ ਵਿਚ ਹਨ। ਬਹੁਤ ਸਾਰੇ ਚਿਕਤਸਿਕ ਆਪ ਹੀ ਉਨ੍ਹਾਂ ਸਮਸਿਆਵਾਂ ਦੇ ਸ਼ਿਕਾਰ ਹੁੰਦੇ ਹਨ ਜੋ ਉਨ੍ਹਾਂ ਦੇ ਮਰੀਜ਼ਾਂ ਦੀਆਂ ਹੁੰਦੀਆਂ ਹਨ। ਉਪਨਿਸ਼ਦਾਂ ਵਿਚ ਲਿਖਿਆ ਹੈ 'ਅੰਨਾ ਅੰਨੇ ਨੂੰ ਰਾਹ ਦਿਖਾਏਗਾ ਫੇਰ ਤਾਂ ਕੋਈ ਆਸ ਨਹੀਂ ਰੱਖੀ ਜਾ ਸਕਦੀ।" ਆਪਣੀਆਂ ਸਮਸਿਆਵਾਂ ਦਾ ਸਮਾਧਾਨ ਕਰਨ ਲਈ ਠੀਕ ਪੱਥ ਪ੍ਰਦਰਸ਼ਕ ਦੀ ਚੋਣ ਬਹੁਤ ਹੀ ਜ਼ਰੂਰੀ ਹੈ।

ਕ੍ਰਿਸ਼ਨ ਜੀ ਦੀ ਚਿਕਿਤਸਾ ਸੰਪੂਰਣ ਹੈ ਇਸ ਵਿਚ ਆਤਮ ਗਿਆਨ ਆਪਣੇ ਅੰਤਹਕਰਣ ਨੂੰ ਸੰਗਠਨ ਕਰਨਾ, ਸਾਧਨਾ ਕਰਨ ਦੇ ਵੱਖ-ਵੱਖ ਤਰੀਕੇ ਅਤੇ ਸੰਸਾਰ ਵਿਚ ਰਹਿੰਦਿਆਂ ਸੁਚੱਜੀ ਤਰ੍ਹਾਂ ਆਪਣੇ ਕਾਰਜ, ਸੁਆਰਥ ਹੀਨ ਹੋ ਕੇ ਕਰਨੇ ਇਹ ਸਭ ਕੁਝ ਸ਼ਾਮਲ ਹੈ। ਕ੍ਰਿਸ਼ਨ ਜੀ ਸਮਸਿਆ ਦਾ ਸਮਾਧਾਨ ਉਤੋਂ-ਉਤੋਂ ਨਹੀਂ ਕਰਦੇ ਜਾਂ ਕਹਿ ਲਓ ਕਿ ਕੇਵਲ

ਅਰਜਨ ਦੀ ਸਮਸਿਆ ਦੇ ਚਿੰਨ ਹੀ ਨਹੀਂ ਦੂਰ ਕਰਦੇ ਪਰ ਉਸ ਦੀ ਪੂਰੀ ਹੋਂਦ ਨੂੰ ਠੀਕ ਕਰਦੇ ਹਨ ਆਦਿ ਤੋਂ ਅੰਤ ਤਕ।

11. ਤੂੰ ਉਨ੍ਹਾਂ ਲਈ ਦੁਖੀ ਹੋ ਰਿਹਾ ਹੈ ਜਿਨ੍ਹਾਂ ਲਈ ਤੈਨੂੰ ਦੁਖੀ ਨਹੀਂ ਹੋਣਾ ਚਾਹੀਦਾ, ਦੁਖ ਵਿਚ ਤੂੰ ਗਿਆਨ ਦੇ ਸ਼ਬਦ ਉਚਾਰਣ ਕਰ ਰਿਹਾ ਹੈਂ ਜੋ ਵਾਸਤਵਿਕ ਗਿਆਨ ਨਹੀਂ। ਗਿਆਨੀ ਉਨ੍ਹਾਂ ਲਈ ਦੁਖ ਨਹੀਂ ਮਨਾਉਂਦੇ ਜੋ ਅਜੇ ਜੀਉਂਦੇ ਹਨ ਅਤੇ ਨਾ ਹੀ ਉਨ੍ਹਾਂ ਲਈ ਦੁਖੀ ਹੁੰਦੇ ਹਨ ਜੋ ਜੀਵਤ ਨਹੀਂ ਹਨ।

ਜਗਿਆਸੂ ਦੀ ਵੰਡ ਤਿੰਨ ਵਰਗਾਂ ਵਿਚ ਕੀਤੀ ਜਾ ਸਕਦੀ ਹੈ। ਇਨ੍ਹਾਂ ਤਿੰਨਾਂ ਵਰਗਾਂ ਦੇ ਵਿਦਿਆਰਥੀਆਂ ਦੇ ਵੱਖ-ਵੱਖ ਗੁਣ ਹੁੰਦੇ ਹਨ ਅਤੇ ਉਹ ਵੱਖ-ਵੱਖ ਪੱਧਰ ਤੇ ਹੁੰਦੇ ਹਨ। ਪਹਿਲਾ ਨੰਬਰ ਉਨ੍ਹਾਂ ਦਾ ਹੈ ਜੋ ਹਾਥੀ ਦੀ ਤਰ੍ਹਾਂ ਬਲਵਾਨ ਹੁੰਦੇ ਹਨ ਪਰ ਕੋਈ ਨਿਤਾਰਾ ਨਹੀਂ ਕਰ ਸਕਦੇ। ਚੀਨੀ ਵਿਚੋਂ ਚਾਵਲ ਵੱਖਰੇ ਨਹੀਂ ਕੱਢ ਸਕਦੇ, ਇਹੋ ਜਿਹੇ ਵਿਦਿਆਰਥੀ ਇਹ ਵੀ ਨਹੀਂ ਦੇਖ ਸਕਦੇ ਕਿ ਕੀ ਠੀਕ ਹੈ ਕੀ ਗਲਤ ਹੈ, ਉਸ ਵਾਸਤੇ ਕੀ ਲਾਭਦਾਇਕ ਹੈ ਕੀ ਹਾਨੀਕਾਰਕ ਹੈ, ਕੀ ਸਤਿ ਹੈ ਕੀ ਧੋਖਾ ਹੈ। ਦੂਸਰੀ ਕਿਸਮ ਦੇ ਵਿਦਿਆਰਥੀ ਉਹ ਹਨ ਜੋ ਕੀੜੀ ਦੀ ਭਾਂਤੀ ਬਹੁਤ ਮਿਹਨਤ ਕਰਦੇ ਹਨ ਚੀਨੀ ਵਿਚੋਂ ਚਾਵਲ ਵੀ ਵੱਖ ਕਰ ਲੈਂਦੇ ਹਨ ਪਰ ਉਨ੍ਹਾਂ ਕੋਲ ਐਨੀ ਸਮਰੱਥਾ ਹੀ ਨਹੀਂ ਕਿ ਜੋ ਉਨ੍ਹਾਂ ਨੇ ਮਿਹਨਤ ਕੀਤੀ ਹੈ ਉਸੇ ਦਾ ਉਹ ਉਚਿਤ ਪ੍ਰਯੋਗ ਕਰ ਸਕਣ ਸਾਂਭ ਸਕਣ ਨਤੀਜਾ ਹੁੰਦਾ ਹੈ ਕਿ ਉਹ ਬਾਰ-ਬਾਰ ਫਿਸਲ ਕੇ ਉਥੇ ਹੀ ਆ ਜਾਂਦਾ ਹੈ ਜਿਥੋਂ ਉਸ ਨੇ ਸ਼ੁਰੂ ਕੀਤਾ ਸੀ। ਤੀਸਰੇ ਵਿਦਿਆਰਥੀ ਉਹ ਹਨ ਜਿਨ੍ਹਾਂ ਦੀ ਤੁਲਨਾ ਮਧੂ ਮੱਖੀ ਨਾਲ ਕੀਤੀ ਜਾ ਸਕਦੀ ਹੈ ਜਿਹੜੀ ਸੁਘੜਤਾ ਨਾਲ ਮਿਠਾਸ ਇਕੱਠੀ ਕਰਕੇ ਉਸ ਦਾ ਸ਼ਹਿਦ ਬਣਾਉਂਦੀ ਹੈ। ਏਹੋ ਜਿਹਾ ਵਿਦਿਆਰਥੀ ਸੱਚ ਨੂੰ ਅੰਦਰ ਸਮੋਂਦਾ ਰਹਿੰਦਾ ਹੈ, ਇਕੱਠਾ ਕਰਦਾ ਰਹਿੰਦਾ ਹੈ ਅਤੇ ਆਪਣੇ ਨਿੱਜੀ ਜੀਵਨ ਵਿਚ ਉਸ ਨੂੰ ਵਰਤਦਾ ਵੀ ਰਹਿੰਦਾ ਹੈ। ਅਰਜਨ ਤੀਸਰੇ ਦਰਜੇ ਦਾ ਵਿਦਿਆਰਥੀ, ਜਗਿਆਸੂ ਹੈ। ਉਹ ਬ੍ਰਹਮ ਵਿਦਿਆ ਨੂੰ ਆਪਣੇ ਜੀਵਨ ਵਿਚ ਢਾਲਣਾ ਚਾਹੁੰਦਾ ਹੈ। ਇਸ ਕਰਕੇ ਕ੍ਰਿਸ਼ਨ ਜੀ ਉਸ ਨੂੰ ਸਥਾਈ ਗਿਆਨ ਬਖਸ਼ਦੇ ਹਨ ਅਤੇ ਉਸ ਨੂੰ ਗਿਆਨ ਕਰਾਉਂਦੇ ਹਨ ਕੇ ਉਸ ਦੀ ਉਪਰਾਮਤਾ ਉਦਾਸੀਨਤਾ ਉਸ ਦੇ ਮੋਹ ਕਰਕੇ ਅਤੇ ਉਸ ਦੀ ਹੋਂਦ ਕਰਕੇ ਹੈ।

ਕ੍ਰਿਸ਼ਨ ਜੀ ਬ੍ਰਹਮ ਵਿਦਿਆ ਦੇ ਗੁਰੂ ਸਭ ਤੋਂ ਪਹਿਲਾਂ ਅਰਜਨ ਨੂੰ ਉਸ ਦੀ ਚੇਤਨਤਾ ਦੇ ਬਿੰਦੂ ਬਾਰੇ ਜਾਣੂ ਕਰਾਉਂਦੇ ਹਨ: ਭਾਵ ਆਤਮਾ ਤੋਂ ਜਾਣੂ ਕਰਾਉਂਦੇ ਹਨ। ਉਹ ਅਰਜਨ ਨੂੰ ਦਸਦੇ ਹਨ ਕਿ ਜੇ ਉਹ ਆਪਣੀ ਆਤਮਾ ਤੋਂ ਸੁਚੇਤ ਰਹੇਗਾ ਤਾਂ ਉਹ ਮੁੜ ਆਪਣੀ ਆਦਤ ਅਨੁਸਾਰ ਉਦਾਸੀਨਤਾ ਵਿਚ ਨਹੀਂ ਜਾਵੇਗਾ। ਅਰਜਨ ਦਲੀਲ ਦੇਂਦਾ ਹੈ ਜਿਵੇਂ ਕਿ ਉਹ ਗਿਆਨੀ ਹੋਵੇ। ਵਾਸਤਵ ਵਿਚ ਉਹ ਉਦਾਸ, ਦੁੱਖੀ ਹੈ। ਸਿਆਣਾ ਉਹ ਹੈ ਜਿਹੜਾ ਸੱਚ ਅਤੇ ਝੂਠ ਦਾ ਨਿਤਾਰਾ ਕਰ ਸਕੇ, ਜਿਹੜਾ

ਆਪਣੇ ਭੂਤ ਕਾਲ ਨੂੰ ਯਾਦ ਕਰਕੇ ਦੁਖੀ ਨਾ ਹੋਵੇ, ਨਾ ਹੀ ਇਹ ਸੋਚ ਕੇ ਦੁੱਖੀ ਹੋਵੇ ਕੇ ਅੱਗੇ ਕੀ ਹੋਵੇਗਾ। ਏਹੋ ਜਿਹਾ ਮਨੁੱਖ ਇਹ ਜਾਣ ਲੈਂਦਾ ਹੈ ਕਿ ਭੂਤ, ਭਵਿੱਖ ਅਤੇ ਵਰਤਮਾਨ ਕੇਵਲ ਮਨ ਦੀ ਕਾਢ ਹਨ, ਉਹ ਮਨ ਜੋ ਕਮਜ਼ੋਰ ਹੈ। ਗਿਆਨੀ ਉਹ ਹੈ ਜਿਸ ਨੇ ਜੀਵਨ ਨੂੰ ਬੁੱਝ ਲਿਆ ਹੈ, ਜੀਵਨ ਦੇ ਸਾਰੇ ਪਹਿਲੂ ਜਾਣ ਲਏ ਹਨ, ਮਨ ਦੀ ਹਰ ਅਵਸਥਾ ਤੇ ਕਾਬੂ ਪਾ ਲਿਆ ਹੋਵੇ। ਉਹ ਜੀਵਨ ਮਰਨ ਦੇ ਰਹੱਸ ਨੂੰ ਜਾਣਦਾ ਹੈ। ਗਿਆਨੀ ਉਹ ਹੈ ਜਿਸ ਨੇ ਆਤਮਾ ਨੂੰ ਪਛਾਣ ਲਿਆ ਹੈ।

ਇਸ ਸਲੋਕ ਵਿਚ ਦੋ ਸ਼ਬਦ ਸਮਝਣ ਯੋਗ ਹਨ ਗਤਾਸੂ (gatasu) ਅਤੇ ਅਗਾਤਾਸੂ (agatasu)। ਗਤਾਸੂ ਤੋਂ ਭਾਵ ਹੈ ਮਿਰਤਕ ਇਹ ਦੋ ਸ਼ਬਦਾਂ ਦਾ ਮੇਲ ਹੈ, ਗਤਾ (ਬੀਤ ਗਿਆ) ਅਸੂ (ਸਾਹ)। ਅਗਾਤਾਸੂ ਨੂੰ ਮ੍ਰਿਤਕ ਨਾ ਕਹਿ ਕੇ ਅਸੀਂ ਕਹੀਏ ਜਿਸ ਨੂੰ ਸਾਹ ਨਾ ਆ ਰਿਹਾ ਹੋਵੇ ਜਿਸ ਦੇ ਸਾਹ ਖਤਮ ਹੋ ਗਏ ਹੋਣ। ਜੀਵਤ ਉਹ ਹਨ ਜਿਨ੍ਹਾਂ ਦਾ ਸਾਹ ਆ ਰਿਹਾ ਹੈ, ਮ੍ਰਿਤਕ ਉਹ ਹਨ ਜਿਨ੍ਹਾਂ ਦਾ ਸਾਹ, ਪ੍ਰਾਣ ਦੇਹ ਛੱਡ ਗਏ ਹਨ। ਮੌਤ ਉਸ ਤਰ੍ਹਾਂ ਹੈ ਜਿਸ ਤਰ੍ਹਾਂ ਇਕ ਹਿੱਸਾ ਛੱਡ ਦਿਤਾ ਜਾਵੇ ਉਹ ਹਿਸਾ ਜੋ ਮ੍ਰਿਤਕ ਯੋਗ ਹੈ ਨਾਸ਼ਵਾਨ ਹੈ। ਜੰਮਣਾ ਤੇ ਮਰਨਾ ਇਹ ਸਰੀਰ ਦੇ ਦੋ ਸੁਭਾਅ ਹਨ ਇਨ੍ਹਾਂ ਦਾ ਸਬੰਧ ਸਾਹ ਅੰਦਰ ਲੈਣ ਨਾਲ ਨਹੀਂ। ਮ੍ਰਿਤੂ ਆਤਮਾ ਦਾ ਨਾਸ਼ ਨਹੀਂ ਕਰ ਸਕਦੀ ਕੇਵਲ ਸਰੀਰ ਬਦਲ ਸਕਦੀ ਹੈ। ਦੂਸਰਾ ਸਰੀਰ ਧਾਰਨ ਕਰਨਾ ਜਨਮ ਹੈ, ਪੁਰਾਣਾ ਸਰੀਰ ਛੱਡਣਾ ਮ੍ਰਿਤੂ ਹੈ। ਆਤਮਾ ਲਈ ਕੋਈ ਮੌਤ ਨਹੀਂ ਕਿਉਂਕਿ-

1. ਆਤਮਾ ਅਮਰ ਹੈ, ਨਾ ਮਰਦੀ ਹੈ ਨਾ ਜੀਉਂਦੀ ਹੈ ਇਹ ਗਿਆਨ ਦਾ ਸਥਾਈ ਸੋਮਾ ਹੈ।

2. ਆਤਮਾ ਅਵੈਸੰਮਪੂਰਨ ਹਨ, ਇਸ ਨੂੰ ਕਿਸੇ ਵੀ ਸਹਾਰੇ ਦੀ ਲੋੜ ਨਹੀਂ, ਆਤਮਾ ਦਾ ਪਸਾਰਾ ਸਭ ਜਗ੍ਹਾ ਹੈ।

3. ਆਤਮਾ ਆਕਾਰ ਰਹਿਤ ਹੈ, ਭਾਵੇਂ ਇਹ ਆਕਾਰ ਬਣਾ ਲੈਂਦੀ ਹੈ ਛੱਡ ਦਿੰਦੀ ਹੈ ਪਰ ਉਸ ਦਾ ਪ੍ਰਭਾਵ ਇਸ ਦੀ ਹੋਂਦ ਉਤੇ ਨਹੀਂ ਪੈਂਦਾ।

ਸਿਆਣੇ ਗੁਰੂ ਆਪਣੇ ਸ਼ਿਸ਼ਾਂ ਨੂੰ ਸਭ ਤੋਂ ਪਹਿਲਾਂ ਦੋ ਤਰ੍ਹਾਂ ਦੀ ਵਾਸਤਵਿਕਤਾ ਤੋਂ ਜਾਣੂ ਕਰਾਉਂਦੇ ਸਨ- ਇਕ ਉਹ ਜੋ ਸਥਾਈ ਸੱਚ ਹੈ, ਇਕ ਉਹ ਜੋ ਦਿਸਣ ਵਿਚ ਸੱਚ ਪ੍ਰਤੀਤ ਹੁੰਦਾ ਹੈ। ਇਕ ਧੁਪ ਛਾਂ ਦੀ ਤਰ੍ਹਾਂ ਹਨ, ਗਿਆਨ ਦੀ ਸੋਝੀ ਨਾਲ ਸ਼ਿਸ਼ ਨਿਰਣਾ ਕਰਨ ਲੱਗ ਪੈਂਦਾ ਹੈ, ਨਿਰਭੈ ਹੋ ਜਾਂਦਾ ਹੈ ਅਤੇ ਅਗਿਆਨਤਾ ਦੀ ਕੰਧ ਤੋੜ ਲੈਂਦਾ ਹੈ।

ਸਭ ਤੋਂ ਪਹਿਲਾਂ ਕ੍ਰਿਸ਼ਨ ਜੀ ਅਰਜਨ ਨੂੰ ਮਨ ਸ਼ੁਧ ਕਰਨ ਲਈ ਕਹਿੰਦੇ ਹਨ, ਨਾਲ ਹੀ ਸੰਸਾਰ ਵਿਚ ਵਿਚਰਨ ਲਈ ਸੁਚੱਜਤਾ ਵਰਤਣ ਲਈ ਦੱਸਦੇ ਹਨ ਪਰ ਨਾਲ ਹੀ ਇਹ ਦਸਦੇ ਹਨ ਕਿ ਇਹ ਦਿਸਦਾ ਸੰਸਾਰ ਏਸ ਲਈ ਹੀ ਸਾਨੂੰ ਸੱਚ ਲਗਦਾ ਹੈ, ਦਿਸਦਾ ਤੇ ਨਾ ਦਿਸਦਾ ਦੋਨਾਂ ਨੂੰ ਜਾਣੇ ਬਿਨਾਂ ਉਨ੍ਹਾਂ ਦਾ ਅੰਤਰ ਅਤੇ ਕੰਮ ਜਾਨਣਾ ਬਹੁਤ ਕਠਿਨ ਹੈ,

ਸਾਡੀਆਂ ਆਦਤਾਂ ਸਾਨੂੰ ਮੁੜ ਮੁੜ ਕੇ ਬਾਹਰ ਵਲ ਖਿੱਚ ਲੈਂਦੀਆਂ ਹਨ।

ਭਾਰਤੀ ਮਨੋਵਿਗਿਆਨ ਅਨੁਸਾਰ ਵਿਦਿਆਰਥੀ ਨੂੰ ਮਾਨਸਿਕ ਜੀਵਨ ਤੋਂ ਪਰ੍ਹੇ ਲੈ ਜਾਇਆ ਜਾਂਦਾ ਹੈ। ਮਨ ਨੂੰ ਸਮਝਣ ਲਈ ਸੰਪੂਰਣ ਮਨ ਨੂੰ ਸਮਝਣਾ ਚਾਹੀਦਾ ਹੈ, ਇਸ ਤੋਂ ਵੀ ਵੱਧ ਜ਼ਰੂਰੀ ਹੈ, ਗਿਆਨ ਦੇ ਸਰੋਤ ਨੂੰ ਸਮਝਣਾ, ਆਤਮਾ ਨੂੰ ਸਮਝਣਾ, ਚੇਤਨਤਾ ਦੇ ਧੁਰੇ ਨੂੰ ਸਮਝਣਾ, ਬ੍ਰਹਮ ਵਿਦਿਆ ਨੂੰ ਜਾਨਣਾ, ਇਹ ਸਭ ਪੂਰਬੀ ਮਨੋਵਿਗਿਆਨ ਸਮਝਣ ਲਈ ਜ਼ਰੂਰੀ ਹੈ। ਕੇਵਲ ਸੁਚੇਤ ਅਚੇਤ ਮਨ ਨੂੰ ਸਮਝ ਕੇ ਉਸ ਦਾ ਵਿਸ਼ਲੇਸ਼ਨ ਕਰਕੇ ਸੁਪਨਿਆਂ ਦਾ ਵਿਸ਼ਲੇਸ਼ਨ ਕਰਕੇ ਕੋਈ ਵੀ ਭਗਵਤ ਗੀਤਾ ਦੀ ਸਥਾਈ ਮਨੋਵਿਗਿਆਨ ਨੂੰ ਨਹੀਂ ਜਾਣ ਸਕਦਾ।

ਪਹਿਲੇ ਮਨੋਵਿਗਿਆਨਕ, ਮਨੋਵਿਗਿਆਨ ਅਤੇ ਦਾਰਸ਼ਨ ਸ਼ਾਸਤ੍ਰ ਦੋਨੋਂ ਹੀ ਬੜੀ ਚੰਗੀ ਤਰ੍ਹਾਂ ਪੜ੍ਹਿਆ ਕਰਦੇ ਸੀ, ਭਾਵੇਂ ਦੋਨੋਂ ਵੱਖ-ਵੱਖ ਹਨ ਪਰ ਦੋਨਾਂ ਦਾ ਆਪਸ ਵਿਚ ਬੜਾ ਡੂੰਘਾ ਸਬੰਧ ਹੈ। ਗੀਤਾ ਦਾ ਦੂਸਰਾ ਅਧਿਆਏ ਗਿਆਰਵੇਂ ਸਲੋਕ ਤੋਂ ਲੈ ਕੇ ਅਠਤੀਵੇਂ ਸਲੋਕ ਤੱਕ ਸਾਮਖਿਆ ਫਿਲੋਸਫੀ ਵਿਸਤਾਰ ਨਾਲ ਦੱਸੀ ਗਈ ਹੈ, ਸਾਮਖਿਆ ਫਿਲੋਸਫੀ ਇਸ ਦਾ ਪੁਸ਼ਟੀਕਰਨ ਕਰਦੀ ਹੈ। ਸਾਮਖਿਆ ਵਿਚੋਂ ਹੀ ਹਿਸਾਬ ਨਿਕਲਿਆ ਹੈ ਜਿਹੜਾ ਸਾਰੇ ਹੀ ਵਿਗਿਆਨ ਦਾ ਆਧਾਰ ਹੈ। ਇਸ ਕਰਕੇ ਸਾਮਖਿਆ ਫਿਲੌਸਫੀ ਸਾਰੇ ਵਿਗਿਆਨਾਂ ਦਾ ਆਧਾਰ ਹੈ। ਸਾਰੇ ਵਿਗਿਆਨਾਂ ਦੀ ਜਨਨੀ ਹੈ ਅਤੇ ਯੋਗ ਵਿਗਿਆਨ ਇਸ ਦਾ ਪ੍ਰੈਕਟੀਕਲ ਪਾਸਾ ਹੈ। ਵਾਸਤਵ ਵਿਚ ਇਹ ਇਕੋ ਹੀ ਹੈ, ਇਕ ਸੂਤਰ ਦੱਸਦਾ ਹੈ, ਤਤ ਕੱਡ ਕੇ ਦੱਸਦਾ ਹੈ ਦੂਸਰਾ ਤਜਰਬੇ ਕਰਦਾ ਹੈ ਅਨੁਭਵ ਕਰਦਾ ਹੈ।

12. ਐਸਾ ਕੋਈ ਸਮਾਂ ਨਾ ਸੀ, ਨਾ ਹੈ, ਨਾ ਹੋਵੇਗਾ ਜਦੋਂ ਮੈਂ, ਤੂੰ, ਇਹ ਸਾਰੇ ਰਾਜੇ, ਲੋਕ ਨਹੀਂ ਸੀ ਜਾਂ ਨਹੀਂ ਹੋਵਾਂਗੇ।

13. ਜਿਵੇਂ ਇਸ ਸਰੀਰ ਵਿਚ ਬਚਪਨ, ਜਵਾਨੀ, ਬੁਢੇਪਾ ਆਉਂਦਾ ਹੈ, ਏਸੇ ਤਰ੍ਹਾਂ ਹੀ ਸਰੀਰ ਇਹ ਚੋਲਾ ਛੱਡ ਕੇ ਦੂਸਰੇ ਚੋਲੇ ਪਾ ਲੈਂਦਾ ਹੈ। ਸੋਝੀ ਵਾਲੇ ਇਸ ਗੱਲ ਨੂੰ ਜਾਣਦੇ ਹਨ ਅਤੇ ਪ੍ਰੇਸ਼ਾਨ ਨਹੀਂ ਹੁੰਦੇ।

ਕੋਈ ਵੀ ਵਸਤੂ ਏਹੋ ਜਿਹੀ ਨਹੀਂ ਹੈ ਜਿਹੜੀ ਆਪਣੀ ਹੋਂਦ ਛੱਡ ਦੇਵੇ। ਹੋਂਦ ਕਦੀ ਵੀ ਖਤਮ ਨਹੀਂ ਹੁੰਦੀ ਬਦਲਦੀ ਨਹੀਂ, ਨਾਸ਼ ਨਹੀਂ ਹੁੰਦੀ। ਜੋ ਬਦਲਦਾ ਹੈ ਉਹ ਆਕਾਰ। ਚੇਤਨਤਾ ਦੇ ਬਿੰਦੂ ਤੋਂ ਜਾਣੂ ਹੋ ਜਾਣ ਤੋਂ ਬਾਦ ਆਤਮਾ ਨੂੰ ਜਾਣ ਲੈਣ ਤੋਂ ਬਾਦ ਇਹ ਸੋਝੀ ਆ ਜਾਂਦੀ ਹੈ ਕਿ ਉਹ ਬਦਲਿਆ ਨਹੀਂ ਜਾ ਸਕਦਾ। ਨਾ ਹੀ ਨਾਸ਼ ਕੀਤਾ ਜਾ ਸਕਦਾ ਹੈ। ਜਦੋਂ ਕ੍ਰਿਸ਼ਨ ਜੀ ਅਰਜਨ ਨੂੰ ਕਹਿੰਦੇ ਹਨ ਕਿ ਤੂੰ ਦੁੱਖੀ ਨਾ ਹੋ, ਸ਼ੋਕ ਨਾ ਕਰ ਉਸ ਵੇਲੇ ਉਹ ਅਰਜਨ ਨੂੰ ਕਾਲ ਸੂਚਕ ਜਗਤ ਵਿਚੋਂ ਕੱਢ ਕੇ ਸਤਿ ਤੱਕ, ਵਾਹਿਗੁਰੂ ਤੱਕ ਲੈ ਜਾ ਰਹੇ ਹਨ।

ਕ੍ਰਿਸ਼ਨ ਜੀ ਅਰਜਨ ਨੂੰ ਦੱਸਦੇ ਹਨ ਕਿ ਉਹ ਆਪ ਅਤੇ ਅਰਜਨ ਦੋਨੋਂ ਪਹਿਲਾਂ ਵੀ ਸਨ, ਵਾਸਤਵ ਵਿਚ ਇਹੋ ਜਿਹਾ ਕੋਈ ਵੀ ਸਮਾਂ ਨਹੀਂ

ਸੀ ਜਦੋਂ ਉਹ ਨਹੀਂ ਸੀ, ਨਹੀਂ ਹੈਗੇ, ਨਹੀਂ ਹੋਣਗੇ। ਜੀਵਨ ਇਕ ਨਿਰੰਤਰ ਲਹਿਰ ਹੈ ਜੋ ਇਕ ਅਸੀਮ ਅਮਿਟ ਸਚਾਈ ਦਾ ਭਾਗ ਹੈ। ਜੇ ਅਸੀਂ ਉਸ ਨੂੰ ਜਾਣ ਲਈਏ ਤਾਂ ਕਦੀ ਉਦਾਸ ਨਹੀਂ ਹੁੰਦੇ, ਆਮ ਤੌਰ ਤੇ ਲੋਕਾਂ ਨੂੰ ਕੇਵਲ ਨਾਸ਼ਵਾਨ ਜੀਵਨ ਬਾਰੇ ਪਤਾ ਹੁੰਦਾ ਹੈ, ਉਹ ਕੇਵਲ ਜੰਮਣ ਤੇ ਮਰਨ ਦੀ ਗੱਲ ਹੀ ਕਰਦੇ ਹਨ। ਜਦੋਂ ਵਿਦਿਆਰਥੀ, ਸਥਿਰ, ਸਥਾਈ, ਕਾਲ ਤੋਂ ਪਰ੍ਹੇ ਦੇ ਤੱਤ ਤੋਂ ਜਾਣੂ ਹੋ ਜਾਂਦੇ ਹਨ ਉਹ ਮਰਨ ਜੰਮਣ ਤੋਂ ਡਰਦੇ ਨਹੀਂ, ਇਹ ਜੰਮਣ ਮਰਣ ਕੇਵਲ ਇਸ ਸੰਸਾਰ ਦੇ ਪ੍ਰਾਣੀਆਂ ਲਈ ਹੀ ਹੈ।

ਨਾਮ ਤੇ ਆਕਾਰ ਸਦਾ ਬਦਲਦੇ ਹੀ ਰਹਿੰਦੇ ਹਨ, ਜੰਮਣ ਮਰਨ ਨਾਮ ਤੇ ਆਕਾਰ ਦੇ ਬਦਲਣ ਦੇ ਦੋ ਨਾਮ ਹਨ ਜੋ ਇਸ ਸੰਸਾਰ ਦੀ ਰਵਾਇਤ ਹੈ। ਆਤਮਾ ਕਦੇ ਬਦਲਦੀ ਨਹੀਂ, ਇਹ ਜੰਮਣ ਮਰਣ, ਜੀਵਨ ਦੇ ਹਰ ਪੱਧਰ ਉਤੇ ਸਥਿਰ ਰਹਿੰਦੀ ਹੈ। ਸੂਝਵਾਨ ਕਦੀ ਵੀ ਮਰਨ ਤੋਂ ਘਬਰਾਉਂਦਾ ਨਹੀਂ, ਉਸ ਨੂੰ ਪਤਾ ਹੈ ਆਤਮਾ ਕਦੀ ਮਰਦੀ ਨਹੀਂ।

14. ਹੇ ਕੁੰਤੀ ਪੁੱਤਰ, ਤੱਤਾਂ ਦਾ ਆਪਸ ਵਿਚ ਮਿਲਣਾ ਹੀ ਗਰਮੀ ਸਰਦੀ ਦੁੱਖ, ਸੁਖ ਦਾ ਕਾਰਣ ਹੈ, ਨਾਸ਼ਵਰ ਹੋਣ ਕਰਕੇ ਇਹ ਆਵਣ ਜਾਣੇ ਹਨ; ਇਨਾਂ ਨੂੰ ਜਰਨਾ ਸਿੱਖ, ਹੇ ਭਰਤ ਦੀ ਅੰਸ।

15. ਜਿਸਨੂੰ ਇਹ ਪ੍ਰਭਾਵਿਤ ਨਹੀਂ ਕਰਦੀਆਂ, ਜਿਸ ਲਈ ਦੁੱਖ ਸੁੱਖ ਸਮਾਨ ਹੈ, ਸੋ ਗਿਆਨੀ ਹੈ, ਉਹ ਅਵਿਨਾਸ਼ੀ ਹੈ, ਉਹ ਸੂਰਾ ਹੈ।

ਜੰਮਣ ਤੇ ਮਰਣ ਬਹੁਤ ਸਾਰੇ ਵਿਪਰੀਤਾਂ ਵਿਚੋਂ ਦੋ ਹਨ ਜੋ ਇਸ ਸੰਸਾਰ ਵਿਚ ਵਾਪਰਦੇ ਹਨ। ਸਾਰੇ ਵਿਪਰੀਤ ਛਾਇਆ ਹਨ ਮਾਇਆ ਹਨ ਉਹ ਹੀ ਜਨਮ ਮਰਨ ਲਈ ਸਤਿ ਹਨ। ਸਾਰੀਆਂ ਇੰਦ੍ਰੀਆਂ ਦਾ ਗਿਆਨ ਵਿਪਰੀਤ ਹੀ ਦਸਦਾ ਹੈ – ਦਰਦ, ਸੁੱਖ, ਖੁਸ਼ੀ, ਗਰਮ, ਠੰਢਾ, ਜਦੋਂ ਕੋਈ ਚੀਜ਼ ਇੰਦ੍ਰੀਆਂ ਨੂੰ ਛੋਂਹਦੀ ਹੈ, ਇਕ ਝਰਨਾਹਟ ਪੈਦਾ ਹੁੰਦੀ ਹੈ, ਉਹ ਫੇਰ ਨਾੜੀਆਂ ਰਾਹੀਂ ਦਿਮਾਗ ਵਿਚ ਜਾਂਦੀ ਹੈ। ਉਸ ਤੋਂ ਬਾਦ ਸੁਚੇਤ ਮਨ ਕੋਲ ਆਉਂਦੀ ਹੈ, ਫੇਰ ਉਸ ਦੀ ਯਾਦ ਅਚੇਤ ਮਨ ਵਿਚ ਵਸ ਜਾਂਦੀ ਹੈ। ਸਾਰੀਆਂ ਇੰਦ੍ਰੀਆਂ ਦੀ ਝਰਨਾਹਟ ਸੰਕਲਪਵਾਦ ਵਿਚੋਂ ਛਾਣ ਕੇ ਆਉਂਦੀ ਹੈ ਗਿਆਨ ਇੰਦ੍ਰੀਆਂ ਦੁਆਰਾ ਮਨ ਨੂੰ ਸਾਰੀ ਸੂਚਨਾ, ਅਨੁਭਵ ਮਨ ਦੀ ਕਲਪਨਾ ਅਨੁਸਾਰ ਮਿਲਦੀ ਹੈ। ਝਰਨਾਹਟ ਅਤੇ ਅਨੁਭਵ ਮਿਲਕੇ ਇੱਕ ਮਹਲ ਬਣਾ ਦਿੰਦੇ ਹਨ ਜੋ ਅਸੀਂ ਦੇਖ ਸਕਦੇ ਹਾਂ। ਇਸ ਦਿਸਦੇ ਸੰਸਾਰ ਵਿਚ ਮਨ, ਗਿਆਨ ਇੰਦ੍ਰੀਆਂ ਰਾਹੀਂ ਹੀ ਕੰਮ ਕਰਦਾ ਹੈ। ਅਰਜਨ ਦੁਖੀ ਹੈ ਕਿਉਂਕਿ ਉਹ ਅਜੇ ਆਪਣੇ ਅਨੁਭਵ ਅਤੇ ਗਿਆਨ ਇੰਦ੍ਰੀਆਂ ਤੋਂ ਪ੍ਰਾਪਤ ਹੋਣ ਵਾਲੀ ਝਰਨਾਹਟ ਤੇ ਕਾਬੂ ਨਹੀਂ ਪਾ ਸਕਿਆ।

ਬਹੁਤ ਸਾਰੇ ਆਧੁਨਿਕ ਮਨੋਵਿਗਿਆਨਕ ਅਨੁਸ਼ਾਸਨ ਦਾ ਮਹੱਤਵ ਹੀ ਨਹੀਂ ਸਮਝਦੇ। ਉਹ ਅਨੁਸ਼ਾਸਨ ਨੂੰ ਦੰਡ ਨਾਲ ਜੋੜਦੇ ਹਨ, ਦੰਡ ਦਾ ਪ੍ਰਭਾਵ ਅਨੁਸ਼ਾਸਨ ਤੋਂ ਬਿਲਕੁਲ ਉਲਟ ਪੈਂਦਾ ਹੈ, ਦੰਡ ਮਾਨਸਿਕ ਦਬਾਅ ਪੈਦਾ ਕਰਦਾ ਹੈ ਜੋ ਅੰਤ ਵਿਚ ਸਰੀਰਕ ਖਿਚੋਤਾਣ ਪੈਦਾ ਕਰਦਾ ਹੈ। ਅਨੁਸ਼ਾਸਨ

ਆਪਣੇ ਆਪ ਤੇ ਆਪ ਲਾਗੂ ਕੀਤਾ ਜਾਂਦਾ ਹੈ, ਦੰਡ, ਦੂਸਰਾ ਤੁਹਾਡੇ ਉੱਤੇ ਲਗਾਉਂਦਾ ਹੈ।

ਅੱਜ ਦੇ ਵਿਦਿਆਰਥੀ ਤੇ ਅਧਿਆਪਕ ਸੋਚਦੇ ਹਨ ਉਹ ਬਿਨਾਂ ਅਨੁਸ਼ਾਸਨ ਦੇ ਕੋਈ ਪ੍ਰਾਪਤੀਆਂ ਕਰ ਸਕਦੇ ਹਨ, ਇਹ ਵਿਚਾਰ ਉਨ੍ਹਾਂ ਦਾ ਬਿਲਕੁਲ ਗਲਤ ਹੈ। ਅੱਜ ਦੇ ਵਿਦਿਆਰਥੀ ਆਪਣੇ ਆਪ ਨੂੰ ਨਿਯੰਤਤ ਕੀਤੇ ਬਿਨਾਂ, ਸੰਜਮ ਵਿਚ ਆਏ ਬਿਨਾਂ ਉਹ ਚਾਹੁੰਦੇ ਹਨ ਜੋ ਕੇਵਲ ਸ੍ਵੈ ਅਨੁਸ਼ਾਸਨ ਨਾਲ ਹੀ ਸਭ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ। ਅਨੁਸ਼ਾਸਨ ਵਿਦਿਆਰਥੀਆਂ ਉੱਤੇ ਥੋਪਿਆ ਨਹੀਂ ਜਾਣਾ ਚਾਹੀਦਾ, ਵਿਦਿਆਰਥੀ ਅਨੁਸ਼ਾਸਨ ਵਿਚ ਢਾਲਣੇ ਚਾਹੀਦੇ ਹਨ, ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਆਪਣੇ ਆਪ ਨੂੰ ਸੰਘਰਸ਼ ਕਰਨ ਲਈ ਅਨੁਸ਼ਾਸਨ ਅਤਿ ਜ਼ਰੂਰੀ ਹੈ। ਅਨੁਸ਼ਾਸਨ ਇਕ ਨੇਤਾ ਦੀ ਭਾਂਤੀ ਹੈ ਜੋ ਸੱਚ ਦਾ ਨਿਤਾਰਾ ਕਰਨ, ਵਿਸ਼ਲੇਸ਼ਣ ਕਰਨ ਅਤੇ ਜੀਵਨ ਦੀਆਂ ਸੂਖਸ਼ਮ ਤੈਹਾਂ ਜਾਨਣ ਵਿਚ ਸਹਾਇਤਾ ਕਰ ਸਕਦਾ ਹੈ।

ਦੂਰਬੀਨ ਨਾਲ ਬਾਹਰੀ ਸੰਸਾਰ ਦੇਖਿਆ ਜਾ ਸਕਦਾ ਹੈ। ਬਹੁਤ ਸਾਰੇ ਆਕਾਸ਼ ਗੰਗਾ, ਰਤਨ ਮੰਡਲ ਦੇਖ ਸਕਦੇ ਹਾਂ। ਪਰ ਜੇ ਤੁਸੀਂ ਆਪਣਾ ਅੰਦਰ ਜਾਨਣਾ ਚਾਹੋ। ਆਪਣੇ ਸੋਚ, ਹਿਤ, ਬਿਰਤੀਆਂ, ਇੱਛਾ ਨੂੰ ਦੇਖਣਾ ਚਾਹੋ ਤਾਂ ਦੂਰਬੀਨ ਤੁਹਾਡੇ ਕਿਸੇ ਕੰਮ ਨਹੀਂ ਆਵੇਗੀ। ਜਿਹੜਾ ਯੰਤਰ, ਔਜ਼ਾਰ ਜਿਸ ਚੀਜ਼ ਲਈ ਬਣਿਆ ਹੈ ਉਹ ਉਸ ਵਾਸਤੇ ਹੀ ਕੰਮ ਆ ਸਕਦਾ ਹੈ, ਉਸ ਨੂੰ ਉਸ ਲਈ ਹੀ ਵਰਤਣਾ ਚਾਹੀਦਾ ਹੈ। ਸ੍ਵੈ-ਅਨੁਸ਼ਾਸਨ ਇਕ ਇਹੋ ਜਿਹਾ ਹੀ ਯੰਤਰ ਹੈ ਜਿਸ ਨਾਲ ਤੁਸੀਂ ਆਪਣੇ ਆਪ ਤੋਂ ਜਾਣੂ ਹੋ ਸਕਦੇ ਹੋ ਅਤੇ ਆਪਣੇ ਆਪ ਉੱਤੇ ਨਿਯੰਤਰ ਕਰ ਸਕਦੇ ਹੋ। ਖਿੰਡੇ ਹੋਏ ਮਨ ਨੂੰ ਇਕਤ੍ਰ ਕਰਨ ਲਈ ਖਿਲਰੀ ਬਿਰਤੀ ਨੂੰ ਇਕੱਠਾ ਕਰਨ ਲਈ ਲਗਾਤਾਰ ਅਨੁਸ਼ਾਸਨ ਵਿਚ ਰਹਿਣਾ ਚਾਹੀਦਾ ਹੈ। ਅਨੁਸ਼ਾਸਨ ਤੋਂ ਬਿਨਾਂ ਮਨੁੱਖੀ ਮਨ ਆਪਣੇ ਵਿਸਤਾਰ ਤੋਂ ਜਾਣੂ ਨਹੀਂ ਹੋ ਸਕਦਾ, ਇਸ ਤੋਂ ਵਾਂਝਿਆ ਹੀ ਰਹਿ ਜਾਂਦਾ ਹੈ।

ਅਰਜਨ ਨੂੰ ਉਸ ਦੇ ਗੁਰੂ ਨੇ ਅਜੇ ਅਨੁਸ਼ਾਸਨ ਵਿਚ ਨਹੀਂ ਲਿਆਂਦਾ ਜਿਸ ਨਾਲ ਉਹ ਸਮ ਰਹਿ ਸਕੇ। ਇਥੇ ਕ੍ਰਿਸ਼ਨ ਜੀ ਗੁਰੂ ਰੂਪ ਵਿਚ ਅਰਜਨ ਨੂੰ ਇਹ ਸਮਝਾ ਰਹੇ ਹਨ ਕਿ ਜੋ ਪ੍ਰਤੱਖ ਹੈ ਜਿਹੜਾ ਅਸੀਂ ਗਿਆਨ ਇੰਦ੍ਰੀਆਂ ਰਾਹੀਂ ਦੇਖਦੇ ਹਾਂ ਜਿਸ ਦੀ ਝਰਨਾਹਟ ਸਾਨੂੰ ਛੋਂਹਦੀ ਹੈ, ਉਹ ਨਾਸ਼ਵਾਨ ਹੈ, ਉਹ ਮਾਇਆ ਹੈ, ਉਸ ਨੂੰ ਆਪਣੇ ਜੀਵਨ ਦੀ ਫਿਲੌਸਫੀ ਉਨ੍ਹਾਂ ਕੀਮਤਾਂ ਦੇ ਆਧਾਰ ਤੇ ਨਹੀਂ ਬਣਾਉਣੀ ਚਾਹੀਦੀ ਜਿਹੜੀਆਂ ਕੀਮਤਾਂ ਕਦਰਾਂ ਇਕ ਨਿਯੰਤਤ ਮਨ ਵਿਚੋਂ ਨਹੀਂ ਨਿਕਲ ਰਹੀਆਂ।

16. ਜੋ ਵਾਸਤਵਿਕ ਰੂਪ ਵਿਚ ਨਹੀਂ ਉਸ ਦੀ ਕੋਈ ਹਸਤੀ ਹੋ ਨਹੀਂ ਸਕਦੀ। ਜੋ ਵਾਸਤਵਿਕ ਹੈ ਜਿਸ ਦਾ ਅਸਤਿਤਵ ਹੈ ਉਸ ਦੀ ਹਸਤੀ ਕਦੇ ਮਿਟ ਨਹੀਂ ਸਕਦੀ। ਕੇਵਲ ਸਿਧ ਪੁਰਸ਼ ਹੀ ਦੋਨਾਂ ਦਾ ਅੰਤ ਪਾ ਸਕੇ ਹਨ।

17. ਉਸਨੂੰ ਜਾਣੋ, ਉਸ ਤੱਤ ਨੂੰ, ਉਸ ਸੱਚ ਨੂੰ ਜਿਸ ਨੇ ਇਹ ਭੌਤਿਕ ਸੰਸਾਰ ਦੀ ਰਚਨਾ ਕੀਤੀ ਹੈ, ਉਸ ਸੱਚ ਨੂੰ ਉਸ ਸ਼ਕਤੀ ਨੂੰ ਨਾਸ਼ ਨਹੀਂ ਕੀਤਾ ਜਾ ਸਕਦਾ।

ਅਸੀਂ ਇਕ ਸਮੇਂ ਦੋ ਸਚਾਈਆਂ ਵਿਚ ਰਹਿੰਦੇ ਹਾਂ। ਇਕ ਸਚਾਈ ਉਹ ਹੈ ਜੋ ਹਰ ਕੋਈ ਦੇਖ ਸਕਦਾ ਹੈ, ਹਰ ਇਕ ਦੇ ਚੇਤਨ ਵਿਚ ਹੈ, ਦੂਸਰੀ ਅਚੇਤ, ਉਸ ਤੋਂ ਵੀ ਪਰ੍ਹੇ ਹੈ। ਜੋ ਨਾਸ਼ਵਰ ਹੈ, ਭੌਤਿਕ ਰੂਪ ਬਦਲਣ ਵਾਲੀ ਹੈ, ਕੇਵਲ ਉਹ ਹੀ ਮਨੁੱਖ ਸਮਝ ਸਕਦਾ ਹੈ। ਜੋ ਸ੍ਵੈ ਜੀਵਿਤ ਹੈ, ਸ੍ਵੈ ਵਿਦਮਾਨ ਹੈ ਉਹ ਮਨ ਦੀ ਪਕੜ ਤੋਂ ਬਾਹਰ ਹੈ। ਜੋ ਸ੍ਵੈ ਜੀਵਿਤ ਹੈ ਅਟਲ ਹੈ ਉਹ ਸਦਾ ਹੀ ਰਹੇਗਾ, ਉਹ ਹੀ ਸੱਚ ਹੈ, ਅਜਰ ਹੈ, ਅਮਰ ਹੈ ਉਸ ਨੂੰ 'ਸਤਿ' ਕਹਿੰਦੇ ਹਨ। ਜੋ ਨਾਸ਼ਵਾਨ ਹੈ ਉਹ 'ਅਸਤਿ' ਹੈ ਝੂਠ ਹੈ। ਬ੍ਰਹਮ ਗਿਆਨੀ ਹੀ ਇਨ੍ਹਾਂ ਦੋ ਸਚਾਈਆਂ ਬਾਰੇ ਜਾਣਦੇ ਹਨ, ਉਹ ਇਹ ਜਾਣਦੇ ਹਨ ਕਿ ਨਾਸ਼ਵੰਤ ਦੀ ਕੋਈ ਹਸਤੀ ਨਹੀਂ, ਉਹ ਅਟਲ ਨਹੀਂ ਹੈ ਕਿਉਂਕਿ ਉਹ ਨਾਸ਼ਵੰਤ ਹੈ ਉਹ ਸਦਾ ਨਹੀਂ ਰਹਿਣ ਵਾਲਾ। ਇਸ ਕਰਕੇ ਅਰਜਨ ਨੂੰ ਕਿਹਾ ਜਾਂਦਾ ਹੈ ਕਿ ਉਹ ਦੁਖੀ ਨਾ ਹੋਵੇ ਸਗੋਂ ਉਹ ਸ੍ਵੈ ਜੀਵਿਤ ਤੋਂ ਸ੍ਵੈ ਵਿਦਮਾਨ ਨੂੰ ਜਾਣੇ।

ਜਗਿਆਸੂ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਵਾਸਤਵ ਵਿਚ ਇਥੇ ਦੋ ਵੱਖ ਵੱਖ ਵਾਸਵਿਕਤਾ ਹਨ, ਅਨੰਤ, ਅਸਥਾਈ। ਅਰਜਨ ਨੂੰ ਨਿਰਲਿਪਤ ਰਹਿਣ ਦੀ ਆਦਤ ਪਾਉਣੀ ਚਾਹੀਦੀ ਹੈ, ਸੰਸਾਰ ਵਿਚ ਰਹਿੰਦੇ ਹੋਏ ਵੀ ਇਸ ਤਰ੍ਹਾਂ ਰਹਿਣਾ ਸਿੱਖਣਾ ਚਾਹੀਦਾ ਹੈ ਜਿਵੇਂ ਇਹ ਸਭ ਕੁਝ ਸਾਡਾ ਨਾ ਹੋਵੇ, ਇਹ ਨਾਸ਼ਵੰਤ ਹੈ। ਸੰਸਾਰ ਨਾਲ ਸਮਰੂਪਤਾ ਮਨੁੱਖ ਨੂੰ ਆਤਮ ਚੀਨਣ ਤੋਂ ਵਾਂਝਿਆਂ ਕਰ ਦਿੰਦੀ ਹੈ। ਚੇਤਨਤਾ ਦਾ ਬਿੰਦੂ ਆਤਮਾ ਸੂਝ ਦਾ ਸੋਮਾਂ, ਖੁਸ਼ੀਆਂ ਮਿਹਰ ਸਭ ਅਜਰ ਅਮਰ ਹੈ, ਕੇਵਲ ਇਹ ਹੀ ਸਤਿ ਹੈ, ਅਵਿਨਾਸ਼ੀ ਹੈ।

ਅੱਜ ਦੇ ਵਿਦਿਆਰਥੀਆਂ ਦੇ ਮਨਾਂ ਵਿਚ ਇਨ੍ਹਾਂ ਦੋਨਾਂ ਸਚਾਈਆਂ ਦੇ ਭੇਦ ਦੀ ਸਮਝ ਨਹੀਂ ਹੈ, ਇਸੇ ਕਰਕੇ ਉਨ੍ਹਾਂ ਦੇ ਜੀਵਨ ਦਾ ਉਦੇਸ਼ ਕੋਈ ਨਹੀਂ, ਠੀਕ ਦਸ਼ਾ ਵਿਚ ਜਾਣ ਨਾਲੋਂ ਉਹ ਬਿਲਕੁਲ ਪੁਠੀ ਦਸ਼ਾ ਵਿਚ ਹੀ ਤੁਰੀ ਜਾ ਰਹੇ ਹਨ, ਉਸ ਦਿਸ਼ਾ ਵਿਚ ਜਿਥੇ ਨਾਮ ਤੇ ਸ਼ਾਨ ਹੈ ਪੈਸਾ ਹੈ, ਖੁਸ਼ ਹੋਣ ਦੀ ਥਾਂ ਉਹ ਦੁਖੀ ਹਨ ਬੌਂਦਲੇ ਪਏ ਹਨ। ਜਦੋਂ ਤੱਕ ਤੁਹਾਨੂੰ ਮੰਜ਼ਿਲ ਦਾ ਨਹੀਂ ਪਤਾ, ਲੰਬਾ ਰਸਤਾ ਤੁਰਨਾ, ਸਮਾਂ ਅਜਾਈਂ ਗੁਆਉਣਾ ਹੈ। ਪਰ ਜੇ ਕੋਈ ਆਪਣੇ ਆਪ ਨੂੰ ਘੋਰ ਸਹਿਜ ਅਤੇ ਸੰਜਮ ਨਾਲ ਤਿਆਰ ਕਰਦਾ ਰਿਹਾ ਹੋਵੇ, ਉਸਨੂੰ ਜੀਵਨ ਦੇ ਸਹੀ ਮਨੋਰਥ ਦਾ ਪਤਾ ਵੀ ਹੋਵੇ ਉਹ ਠੀਕ ਚਿੰਨ੍ਹ ਦੇਖ ਕੇ ਠੀਕ ਦਿਸ਼ਾ ਪਤਾ ਕਰਕੇ ਆਪਣੇ ਨਿਸ਼ਾਨੇ (goal) ਤੇ ਪਹੁੰਚ ਜਾਂਦਾ ਹੈ।

18. ਅਮਿਟ, ਅਵੀਨਾਸ਼ੀ, ਅਮਰ ਸ਼ਕਤੀ ਤੋਂ ਬਣੇਂ ਹੁੰਦਿਆਂ ਹੋਇਆਂ ਵੀ ਸਾਡੇ ਸਰੀਰ ਨਾਸ਼ਵਾਨ ਹਨ। ਇਸ ਲਈ, ਹੇ ਭਾਰਤ ਦੀ ਸੰਤਾਨ ਡਟੋ, ਲੜੋ।

ਕ੍ਰਿਸ਼ਨ ਜੀ ਅਰਜਨ ਨੂੰ ਆਤਮਾ ਬਾਰੇ ਦੱਸਦੇ ਹਨ, ਆਤਮਾ ਅਜਰ ਹੈ, ਅਮਰ ਹੈ, ਸਰੀਰ ਨਾਸ਼ਵਾਨ ਹੈ, ਸੰਸਾਰ ਨਾਸ਼ਵਾਨ ਹੈ। ਆਤਮਾ ਕੋਈ ਵੀ ਰੂਪ ਧਾਰਨ ਕਰ ਸਕਦੀ ਹੈ। ਉਹ ਸਾਰੇ ਰੂਪ ਵੀ ਨਾਸ਼ਵਾਨ ਹਨ, ਪਰ ਆਤਮਾ ਨਾਸ਼ਵਾਨ ਨਹੀਂ, ਕੋਈ ਵੀ ਰੂਪ ਧਾਰਨ ਕਰਕੇ ਇਸ ਦਾ ਆਪਣਾ ਕੋਈ ਵੀ ਰੂਪ ਨਹੀਂ ਹੈ, ਨਾ ਇਸਦਾ ਕੋਈ ਆਦਿ ਹੈ ਨਾ ਅੰਤ, ਇਹ ਨਿਤਅ ਹੈ ਸਰੀਰ ਅਨਿਤ ਹੈ। ਜਨਮ ਤੋਂ ਮਰਨ ਤੱਕ ਵੀ ਸਰੀਰ ਵਿਚ ਸਾਰੀਆਂ ਤਬਦੀਲੀਆਂ ਆਉਂਦੀਆਂ ਹਨ ਬਹੁਤ ਵਾਰੀ ਮਰਨ ਤੋਂ ਪਹਿਲਾਂ ਹੀ ਕਈ ਵਾਰੀ ਮੌਤ ਦਾ ਸਾਹਮਣਾ ਹੁੰਦਾ ਹੈ ਅਤੇ ਬਹੁਤ ਸਾਰੇ ਬਦਲਾਅ ਆਉਂਦੇ ਹਨ। ਬੀਜ ਨੂੰ ਬੂਟਾ ਬਣਨ ਵਾਸਤੇ ਮਰਨਾ ਪੈਂਦਾ ਹੈ, ਬੀਜ ਨੂੰ ਆਪਣਾ ਬੀਜ ਦਾ ਰੂਪ ਛੱਡਣਾ ਪੈਂਦਾ ਹੈ। ਤਾਂ ਹੀ ਉਹ ਬੂਟੇ ਦਾ ਰੂਪ ਧਾਰਣ ਕਰ ਸਕਦਾ ਹੈ। ਮਰਨ ਉਪਰੰਤ ਹੀ ਕੇਵਲ ਨਵੇਂ ਜੀਵਨ ਦੀ ਆਸ ਕੀਤੀ ਜਾ ਸਕਦੀ ਹੈ, ਮਰਨਾ ਸਾਨੂੰ ਸਦਾ ਯਾਦ ਹੀ ਨਹੀਂ ਰੱਖਣਾ ਚਾਹੀਦਾ, ਇਹ ਮੰਨ ਕੇ ਚੱਲਣਾ ਚਾਹੀਦਾ ਹੈ ਕਿ ਮਰਨਾ ਨਵਾਂ ਜੀਵਨ ਗ੍ਰਹਿਣ ਕਰਨ ਲਈ ਜ਼ਰੂਰੀ ਹੈ, ਇਹ ਗੱਲ ਅਸੀਂ ਆਮ ਤੌਰ ਤੇ ਮੰਨਦੇ ਨਹੀਂ ਅਸੀ ਇਹ ਤਾਂ ਮੰਨਦੇ ਹਾਂ ਕਿ ਸੰਸਾਰ, ਹੋਰ ਪਦਾਰਥ ਨਾਸ਼ਵਾਨ ਹਨ ਪਰ ਅਸੀਂ ਇਹ ਮੰਨਣ ਨੂੰ ਤਿਆਰ ਨਹੀਂ ਕਿ ਅਸੀਂ ਵੀ ਮਰਨਾ ਹੈ ਜਾਂ ਅਸੀਂ ਨਾਸ਼ਵਾਨ ਹਾਂ, ਅਸੀਂ ਇਹ ਵੀ ਨਹੀਂ ਸਮਝਦੇ ਕਿ ਆਤਮਾ ਅਜਰ ਅਮਰ ਹੈ।

ਅਰਜਨ ਇਕ ਨਿਪੁੰਨ ਯੋਧਾ ਹੈ, ਬਹੁਤ ਬਲਵਾਨ ਹੈ, ਉਹ ਆਪਣਾ ਕਰਤੱਵ ਆਪਣੀ ਪ੍ਰਮੁੱਖ ਡੀਊਟੀ ਜਾਨਣਾ ਚਾਹੁੰਦਾ ਹੈ, ਉਸ ਪ੍ਰਮੁੱਖ ਡੀਊਟੀ ਨੂੰ ਜਾਣ ਕੇ ਉਸ ਨੂੰ ਨਿਪੁੰਨਤਾ ਨਾਲ ਨਿਭਾਉਣਾ ਚਾਹੁੰਦਾ ਹੈ, "ਮੈਂ ਯੁੱਧ ਕਰਾਂ ਕਿ ਨਾ ਕਰਾਂ? ਕੀ ਮੈਂ ਆਪਣੇ ਕਰਤੱਵ ਆਪਣੀ ਡੀਊਟੀ ਕਰਾਂ ਜਾਂ ਤਿਆਗ ਲੈ ਲਵਾਂ।" ਇਹ ਅਰਜਨ ਦੀ ਦੁਬਿਧਾ ਹੈ। ਕ੍ਰਿਸ਼ਨ ਜੀ ਅਰਜਨ ਨੂੰ ਉਸ ਦੀ ਆਪਣੀ ਦੁਬਿਧਾ ਵਿਚੋਂ ਕੱਢਦੇ ਹਨ, ਉਸ ਨੂੰ ਉਪਰਾਮਤਾ ਵਿਚੋਂ, ਮੋਹ 'ਚੋਂ ਅਤੇ ਸ੍ਵੈ ਦੁੱਖ ਵਿਚੋਂ ਕੱਢਦੇ ਹਨ। ਕ੍ਰਿਸ਼ਨ ਜੀ ਅਰਜਨ ਨੂੰ ਇਸ ਗੱਲ ਤੋਂ ਜਾਣੂ ਕਰਾਉਂਦੇ ਹਨ ਕਿ ਲੜਨਾ ਉਸ ਦਾ ਧਰਮ ਹੈ। ਜੰਗਲਾਂ ਵਿਚ ਜਾਣਾ, ਤਿਆਗ, ਵਰਤਮਾਨ ਤੋਂ ਦੌੜਨਾ, ਵਾਸਤਵਿਕਤਾ ਤੋਂ ਦੌੜਨਾ ਹੈ ਇਹ ਉਸ ਦਾ ਧਰਮ ਨਹੀਂ, ਤਿਆਗ ਦੇ ਮਾਰਗ ਉੱਤੇ ਵੀ ਦੁਬਿਧਾ ਆ ਖੜ੍ਹੀ ਹੁੰਦੀ ਹੈ। ਕਈ ਵਾਰੀ ਦੁਬਿਧਾ ਸਭ ਤੋਂ ਉੱਚ ਕੋਟੀ ਦੇ ਕਰਤੱਵ ਲਈ ਵੀ ਹੁੰਦੀ ਹੈ ਮਨੁੱਖ ਧਰਮ ਸੰਕਟ ਵਿਚ ਫਸ ਜਾਂਦਾ ਹੈ। ਮਾਰਗ ਭਾਵੇਂ ਕਿਹੜਾ ਵੀ ਹੋਵੇ ਤਿਆਗ ਦਾ ਜਾਂ ਕਰਮ ਕਰਨ ਦਾ ਆਪਣੀਆਂ ਡੀਊਟੀਆਂ ਨੂੰ ਪਛਾਨਣਾ, ਜਾਨਣਾ ਚਾਹੀਦਾ ਹੈ।

ਇਹ ਪੰਗਤੀਆਂ ਪੜ੍ਹਕੇ ਮੂਰਖ ਜਾਂ ਦੁਰਾਚਾਰੀ ਇਹ ਸੋਚ ਸਕਦਾ ਹੈ ਕਿ ਗੀਤਾ ਤਾਂ ਮਨੁੱਖਾਂ ਦੇ ਮਾਰਨ ਨੂੰ ਉਚਿਤ ਦੱਸਦੀ ਹੈ, ਪਰ ਇਸ ਦਾ ਨਿਰਣਾ ਲੈਣਾ ਬੜੀ ਮੂਰਖਤਾ ਹੋਵੇਗੀ ਅਤੇ ਉਸ ਦਾ ਭਾਵ ਇਹ ਹੋਵੇਗਾ ਕਿ ਜਿਹੜਾ ਇਹ ਕਹਿ ਰਿਹਾ ਹੈ ਉਸ ਨੂੰ ਨਾ ਤਾਂ ਗੀਤਾ ਦੀ ਕੋਈ ਸਮਝ ਹੈ ਅਤੇ ਨਾ ਹੀ ਉਹ ਇਹ ਸਮਝ ਸਕਿਆ ਹੈ ਕਿ ਕਿਸ ਤਰ੍ਹਾਂ ਕਿਸ ਭਾਵ ਨਾਲ ਇਹ ਪ੍ਰਵਚਨ ਕੀਤੇ ਗਏ ਹਨ। ਅਰਜਨ ਦੀ ਸਥਿਤੀ ਵਿਚ ਬਿਲਕੁਲ

ਫਰਕ ਹੈ, ਉਹ ਕਿਸੇ ਜੋਸ਼ੀਲੇ ਸੰਵੇਗ ਦੇ ਪ੍ਰਭਾਵ ਥੱਲੇ ਨਹੀਂ ਸੋਚ ਰਿਹਾ ਅਤੇ ਨਾ ਹੀ ਉਹ ਕਿਸੇ ਗ੍ਰੰਥ ਦਾ ਸਹਾਰਾ ਲੈਣਾ ਚਾਹੁੰਦਾ ਹੈ। ਜੋਸ਼ੀਲਾਪਨ, ਹਿੰਸਾ ਬਿਲਕੁੱਲ ਵੀ ਗੀਤਾ ਦੇ ਅੰਦਰ ਨਹੀਂ ਹੈ, ਨਾ ਹੀ ਇਹ ਗੀਤਾ ਦਾ ਸਾਰ ਹਨ। ਗੀਤਾ ਕਿਤੇ ਨਹੀਂ ਕਹਿੰਦੀ ਕਿ ਜਿਹੜਾ ਤੁਹਾਨੂੰ ਚੰਗਾ ਨਹੀਂ ਲਗਦਾ ਉਸ ਨੂੰ ਮਾਰ ਦਿਓ, ਇਸ ਤੋਂ ਵਿਪਰੀਤ ਗੀਤਾ ਕਹਿੰਦੀ ਹੈ ਆਪਣੇ ਕਰਤੱਵ ਕਰਦੇ ਹੋਏ ਆਪਣੀ ਡੀਊਟੀ ਕਰਦੇ ਹੋਏ ਮਰਨ ਤੋਂ ਕਤਈ ਨਹੀਂ ਡਰਨਾ ਚਾਹੀਦਾ।

ਜਦੋਂ ਡਾਕਟਰ ਅਪਰੇਸ਼ਨ ਕਰਦਾ ਹੈ ਉਸ ਦਾ ਮਨੋਰਥ ਕੋਈ ਮਾਰਨ ਦਾ ਨਹੀਂ ਹੁੰਦਾ, ਉਹ ਤਾਂ ਕੇਵਲ ਰਸੌਲੀ ਜਾਂ ਕੋਈ ਹੋਰ ਫੋੜਾ ਜੋ ਸਰੀਰ ਵਿਚ ਹੈ ਉਸ ਨੂੰ ਕੱਟ ਕੇ ਕੱਢ ਦੇਵੇ, ਤਾਂ ਜੋ ਉਹ ਮਰੀਜ਼ ਦੇ ਸਾਰੇ ਸਰੀਰ ਨੂੰ ਨੁਕਸਾਨ ਨਾ ਦੇਵੇ। ਜਦੋਂ ਕਸਾਈ ਬੱਕਰੀ ਨੂੰ ਮਾਰਦਾ ਹੈ ਉਸ ਦਾ ਉਦੇਸ਼ ਆਪਣੀ ਇੱਛਾ ਪੂਰਤੀ ਹੁੰਦਾ ਹੈ। ਜਦੋਂ ਕੋਈ ਯੋਧਾ ਉੱਚੀ ਜੀਵਨ ਕਲਾ ਵਾਸਤੇ ਯੁੱਧ ਕਰਦਾ ਹੈ ਜਿਵੇਂ- ਨਿਆਂ, ਸਤਿ, ਇਕਤ੍ਰਤਾ ਉਦੋਂ ਮਾਰਨ ਦਾ ਉਦੇਸ਼ ਕੁਝ ਹੋਰ ਹੁੰਦਾ ਹੈ, ਉਸ ਹਾਲਤ ਵਿਚ ਯੁੱਧ ਕਰਨ ਤੋਂ ਮਨਾਂ ਕਰਨਾ ਮਾਨਸਿਕ ਅਸੰਤੁਲਨਤਾ ਕਾਰਣ ਕਰਕੇ ਹੈ। ਜਦੋਂ ਮਾਨਸਿਕ ਸੰਤੁਲਨਤਾ ਜਾਂਦੀ ਰਹਿੰਦੀ ਹੈ, ਜੀਵਨ ਜਾਂਦਾ ਰਹਿੰਦਾ ਹੈ।

19. ਜੋ ਇਹ ਸੋਚਦਾ ਹੈ ਕਿ ਉਸ ਸਰੀਰ ਨੂੰ ਮਾਰ ਕੇ ਆਤਮਾ ਨੂੰ ਮਾਰ ਸਕਦਾ ਹੈ, ਜਿਹੜਾ ਸੋਚਦਾ ਹੈ ਕਿ ਸਰੀਰ ਨਾਲ ਆਤਮਾ ਵੀ ਮਰਦੀ ਹੈ, ਦੋਵੇਂ ਹੀ ਅਣਜਾਣ ਹਨ, ਸੰਮਿਲਿਤ ਆਤਮਾ ਨਾ ਮਰਦੀ ਹੈ ਨਾ ਕੋਈ ਉਸ ਨੂੰ ਮਾਰ ਸਕਦਾ ਹੈ।

20. ਉਹ ਨਾ ਜੰਮਦਾ ਹੈ, ਨਾ ਮਰਦਾ ਹੈ, ਨਾ ਕੋਈ ਇਹੋ ਜਿਹਾ ਸਮਾਂ ਸੀ ਕਿ ਉਹ ਨਹੀਂ ਸੀ, ਨਾ ਕੋਈ ਉਹ ਸਮਾਂ ਹੋਵੇਗਾ ਜਦੋਂ ਉਹ ਨਹੀਂ ਹੋਵੇਗਾ। ਅਟਲ, ਅਮਰ, ਸਥਾਈ, ਉਹ ਸਦਾ ਸੀ, ਸਦਾ ਰਹੇਗਾ ਸਰੀਰ ਦੇ ਮਰਨ ਨਾਲ ਉਹ ਨਹੀਂ ਮਰਦਾ।

21. ਜਿਹੜਾ ਇਹ ਜਾਣਦਾ ਹੈ ਕਿ ਉਹ ਅਜਰ, ਅਮਰ ਹੈ, ਸਥਾਈ ਹੈ, ਬਦਲਿਆ ਨਹੀਂ ਜਾ ਸਕਦਾ ਉਹ 'ਪਰਿਥਾ' ਪੁੱਤਰ ਉਹ ਕਿਸ ਨੂੰ ਮਾਰ ਸਕਦਾ ਹੈ ਉਹ ਕਿਸ ਦੀ ਮੌਤ ਦਾ ਕਾਰਣ ਬਣ ਸਕਦਾ ਹੈ।

ਅਗਿਆਨੀ ਸੋਚਦਾ ਹੈ ਉਹ ਮਾਰ ਸਕਦਾ ਹੈ ਅਤੇ ਮਾਰਿਆ ਵੀ ਜਾ ਸਕਦਾ ਹੈ। ਇਹੋ ਜਿਹੇ ਵਿਚਾਰਾਂ ਨਾਲ ਅੰਦਰ ਦੀ ਤਾਕਤ ਜਾਂਦੀ ਰਹਿੰਦੀ ਹੈ, ਪਰ ਜਦੋਂ ਇਸ ਗੱਲ ਦਾ ਗਿਆਨ ਹੋ ਜਾਂਦਾ ਹੈ ਕਿ ਆਤਮਾ ਅਮਰ ਹੈ, ਉਸਨੂੰ ਮਾਰਿਆ ਨਹੀਂ ਜਾ ਸਕਦਾ, ਉਹ ਆਪਣੇ ਬੰਧਨ ਤੋਂ ਛੁਟਕਾਰਾ ਪਾ ਲੈਂਦਾ ਹੈ। ਬੰਧਨ ਕਿਵੇਂ ਬਣਦਾ ਹੈ ਉਸ ਦਾ ਪੂਰਨ ਗਿਆਨ ਕਾਲ ਬਾਰੇ ਇਕੀਵੇਂ ਅਧਿਆਇ ਵਿਚ ਦਿਤਾ ਹੋਇਆ ਹੈ, ਜਿਸ ਨੂੰ ਮਹਾਂ ਭਾਰਤ ਦਾ 'ਸ਼ਾਂਤੀ ਪਰਵ' ਕਹਿੰਦੇ ਹਨ। ਸਮਾਂ ਮਨੁੱਖੀ ਮਨ ਦਾ ਬਹੁਤ ਵੱਡਾ ਅੰਗ ਹੈ। ਜਗਿਆਸੂ ਲਈ ਇਹ ਜ਼ਰੂਰੀ ਹੈ ਕਿ ਉਹ ਇਸ ਸਮੇਂ ਦੇ ਸੰਕਲਪ ਤੋਂ

ਉੱਚੇ ਉਠਣ ਅਤੇ ਨਿਰਭੈ ਮੰਡਲ ਵਿਚ ਜਾਣ ਜਿਥੇ ਨਾ ਕੋਈ ਭੈ ਹੈ, ਨਾ ਮੌਤ। ਨਿਰਭੈ ਮੰਡਲ ਵਿਚ ਪਹੁੰਚਣ ਲਈ ਅੰਦਰ ਜਾਣ ਦੀ ਲੋੜ ਹੈ, ਜਿਸ ਨਾਲ ਅੰਦਰ ਦੇ ਸੋਮੇ ਤੱਕ ਪਹੁੰਚਿਆ ਜਾ ਸਕਦਾ ਹੈ, ਬਾਹਰ ਜਾਣ ਤੋਂ ਆਪਣੇ ਆਪ ਨੂੰ ਰੋਕੋ ਆਪਣਾ ਅੰਦਰ ਸੰਭਾਲੋ ਖਲਾਰੋ ਨਹੀਂ, ਅੰਦਰ ਪਹੁੰਚਣ ਦੇ ਤਿੰਨ ਤਰੀਕੇ ਦੱਸੇ ਹਨ - ਅਰਦਾਸ, ਧਿਆਨ, ਸਮਾਧੀ। ਬਾਹਰੀ ਗਿਆਨ ਦਾ ਇਕ ਤਰੀਕਾ ਹੈ ਉਹ ਹੈ ਅਗੰਮ ਗਿਆਨ, ਜਿਹੜਾ ਕੇਵਲ ਗੁਰ ਕ੍ਰਿਪਾ ਨਾਲ ਹੀ ਪ੍ਰਾਪਤ ਹੁੰਦਾ ਹੈ, ਜਿਸ ਨੂੰ ਅਸੀਂ ਕੋਈ ਨਾਮ ਨਹੀਂ ਦੇ ਸਕਦੇ, ਬਾਹਰ ਦਾ ਕੋਈ ਤਰੀਕਾ ਵੀ ਮਨੁੱਖ ਨੂੰ ਉਸ ਅਸੀਮ ਅਨੰਤ ਤਕ ਨਹੀਂ ਪਹੁੰਚਾ ਸਕਦਾ ਜਿਥੇ ਆਤਮ ਗਿਆਨ ਹੈ, ਉਸ ਆਤਮ ਮਾਰਗ ਤੇ ਚਲ ਕੇ ਹੀ ਤੱਤ ਤੱਕ ਵਾਹਿਗੁਰੂ ਤੱਕ ਪਹੁੰਚਿਆ ਜਾ ਸਕਦਾ ਹੈ, ਇਕ ਵਾਰੀ ਉਸ ਦੀ ਪ੍ਰਾਪਤੀ ਕੀਤੀ ਅਟਲ ਹੈ ਫੇਰ ਭਾਵੇਂ ਕੁਛ ਵੀ ਕਿਉਂ ਨਾ ਹੋਵੇ ਉਹ ਸਦੈਵ ਰਹਿੰਦੀ ਹੈ ਭਾਵੇਂ ਕਿੰਨੀ ਵਾਰੀ ਜਨਮ ਲਵੇ।

20-21 ਸਲੋਕ ਜੋ ਕਿ ਉਪਨਿਸ਼ਦ ਵਿਚ ਵੀ ਹਨ ਉਨ੍ਹਾਂ ਵਿਚ ਵੀ ਇਹੋ ਹੀ ਦਰਸਾਇਆ ਹੈ ਆਤਮਾ ਨਾ ਕਦੀ ਜੰਮਦੀ ਹੈ ਨਾ ਕਦੀ ਮਰਦੀ ਹੈ, ਭਾਵੇਂ ਲਗਦਾ ਜ਼ਰੂਰ ਇਸ ਤਰ੍ਹਾਂ ਹੈ ਕਿ ਆਤਮਾ ਜੰਮਦੀ ਮਰਦੀ ਹੈ ਪਰ ਵਾਸਤਵ ਵਿਚ ਇਸ ਤਰ੍ਹਾਂ ਨਹੀਂ ਹੈ। ਜੋ ਅਟਲ ਹੈ, ਅਮਰ ਹੈ, ਸਥਾਈ ਹੈ ਉਹ ਕਿਵੇਂ ਮਰ ਸਕਦਾ ਹੈ ਜੰਮ ਸਕਦਾ ਹੈ? ਉਹ ਪੁਰਾਤਨ ਲਗਦਾ ਹੈ ਪਰ ਨਵਾਂ ਹੈ ਕਿਉਂਕਿ ਸਰੀਰ ਤਾਂ ਚੋਲੇ ਬਦਲਦਾ ਰਹਿੰਦਾ ਹੈ, ਅਗਿਆਨੀ ਸਰੀਰ ਦੇ ਚੋਲੇ ਬਦਲਣ ਨੂੰ ਹੀ ਆਤਮਾ ਦਾ ਮਰਨ ਜੰਮਣ ਸਮਝਦੇ ਹਨ, ਪਰ ਸੱਚ ਤਾਂ ਇਹ ਹੈ ਕਿ ਆਤਮਾ ਸਥਾਈ ਹੈ।

22. ਜਿਵੇਂ ਪੁਰਾਣੇ ਕੱਪੜੇ ਲਾਹ ਕੇ ਨਵੇਂ ਪਾਈਦੇ ਹਨ। ਬਿਲਕੁਲ ਉਸ ਤਰ੍ਹਾਂ ਹੀ ਜਦੋਂ ਇਹ ਸਰੀਰ ਰੂਪੀ ਚੋਲਾ ਪੁਰਾਣਾ ਹੋ ਜਾਂਦਾ ਹੈ ਉਸ ਨੂੰ ਲਾਹ ਕੇ ਨਵਾਂ ਸਰੀਰ ਧਾਰਨ ਕਰ ਲਈਦਾ ਹੈ।

ਜੇ ਅਸੀਂ ਰੰਗੀਨ ਐਨਕ ਲਾ ਲਈ ਕਦੀ ਕੋਈ, ਕਦੀ ਕੋਈ ਅਸੀਂ ਵੱਖਰੇ-ਵੱਖਰੇ ਰੰਗਾਂ ਵਿਚ ਉਹ ਹੀ ਚੀਜ਼ ਨੂੰ ਦੇਖਾਂਗੇ, ਚੀਜ਼ ਤਾਂ ਉਹ ਹੀ ਹੋਵੇਗੀ ਰੰਗ ਵੱਖ-ਵੱਖ ਹੋਣਗੇ। ਜੇ ਰੰਗਾਂ ਦੇ ਨਾਲ ਨਾਲ ਅਸੀਂ ਵੱਖ-ਵੱਖ ਪਾਸਿਓਂ ਵੱਖ-ਵੱਖ ਐਂਗਲ ਤੋਂ ਦੇਖੀਏ ਤਾਂ ਜ਼ਰੂਰ ਚੀਜ਼ਾਂ ਵਿਚ ਫਰਕ ਲਗੇਗਾ। ਅਸਲ ਵਿਚ ਚੀਜ਼ਾਂ ਨੂੰ ਉਸ ਤਰ੍ਹਾਂ ਨਹੀਂ ਦੇਖਿਆ ਜਾਂਦਾ ਜਿਸ ਤਰ੍ਹਾਂ ਉਹ ਹਨ, ਇਸੇ ਕਰਕੇ ਉਹ ਉਸ ਤਰ੍ਹਾਂ ਨਹੀਂ ਲਗਦੀਆਂ ਜਿਸ ਤਰ੍ਹਾਂ ਹਨ ਜੇ ਸੰਸਾਰਿਕ ਵਸਤੂ ਨੂੰ ਚੰਗੀ ਤਰ੍ਹਾਂ ਦੇਖਿਆ ਪਰਖਿਆ ਨਾ ਜਾਵੇ ਤਾਂ ਉਸ ਪ੍ਰਤੀ ਵਿਚਾਰ ਬੜੇ ਹੀ ਓਪਰੇ ਤੇ ਬਿਖਰੇ ਹੋਣਗੇ। ਬਿਲਕੁਲ ਇਹ ਹੀ ਹਾਲਤ ਆਪਸੀ ਸਬੰਧਾਂ ਦੀ ਹੈ, ਜਿਹੜੇ ਮਨ ਵਿਚ ਬੰਧਨ ਬਣਾ ਦਿੰਦੇ ਹਨ, ਮਾਨਸਿਕ ਮਨ ਦਾ ਸੁਭਾਅ ਹੈ ਕਿ ਉਹ ਆਪਣੀ ਹੋਂਦ ਬਾਹਰੀ ਸੰਸਾਰ ਨਾਲ ਢੂੰਡਦਾ ਹੈ, ਜੋ ਸਮੇਂ ਨਾਲ ਬਦਲਦਾ ਰਹਿੰਦਾ ਹੈ ਇਹ ਸਭ ਕੁਝ ਹੁੰਦਿਆਂ ਹੋਇਆਂ ਮਨੁੱਖ ਮੋਹ ਦਾ ਭਰਿਆ ਪਿਆ ਹੈ। ਇਕ ਦੂਸਰੇ ਨਾਲ ਰਿਸ਼ਤੇ ਗੰਢਦਾ ਹੈ। ਇਹ ਰਿਸ਼ਤੇ ਭਾਵੇਂ ਪਿੱਛੋਂ ਦੁੱਖ, ਬੰਧਨ, ਡਰ ਦਾ ਕਾਰਣ

ਬਣਦੇ ਹਨ। ਮੋਹ ਮਨੁੱਖ ਨੂੰ ਸੱਚ ਤੋਂ ਪਰ੍ਹੇ ਰੱਖਦਾ ਹੈ।

ਡਰ ਜੋ ਕਿ ਸਾਡੇ ਸ੍ਵੈ ਸੰਭਾਲ ਲਈ ਜ਼ਰੂਰੀ ਹੈ, ਸਾਡੇ ਸੰਵੇਗਾਂ ਵਿਚੋਂ ਸਭ ਤੋਂ ਵੱਧ ਬਲਵਾਨ ਹੈ, ਇਸ ਦੀਆਂ ਜੜ੍ਹਾਂ ਅਚੇਤ ਮਨ ਵਿਚ ਬੜੀਆਂ ਹੀ ਡੂੰਘੀਆਂ ਹਨ, ਅਚੇਤ ਮਨ ਸੁਚੇਤ ਮਨ ਦੁਆਰਾ ਆਪਣਾ ਪ੍ਰਗਟਾਵਾ ਰੋਜ਼ਾਨਾ ਜੀਵਨ ਵਿਚ ਕਰਦਾ ਹੈ। ਮਰਨ ਦਾ ਡਰ ਹਰ ਮੁੱਖ ਦੇ ਮਨ ਵਿਚ ਰਹਿੰਦਾ ਹੈ, ਇਹ ਡਰ ਉਦੋਂ ਸਭ ਤੋਂ ਵੱਧ ਹੁੰਦਾ ਹੈ ਜਦੋਂ ਅਸੀਂ ਆਪਣੇ ਸਰੀਰ ਲਈ ਚੇਤਨ ਹੁੰਦੇ ਹਾਂ ਤਾਂ ਸਾਰਾ ਡਰ ਬਾਹਰੀ ਚੇਤਨਤਾ ਦਾ ਹੈ।

ਜਦੋਂ ਮਨੁੱਖ ਆਲੇ ਦੁਆਲੇ ਦੀ ਕੁਦਰਤ ਹੋਰ ਸੰਸਾਰਿਕ ਵਸਤਾਂ ਅਤੇ ਇਕ ਨਾਲ ਦੂਸਰੇ ਦੇ ਰਿਸ਼ਤੇ ਦਾ ਨਿਰੀਖਸ਼ਣ ਕਰ ਚੁੱਕਦਾ ਹੈ ਤਾਂ ਉਹ ਜਾਣੂ ਹੁੰਦਾ ਹੈ ਕਿ ਉਸ ਦਾ ਗਿਆਨ ਕਿੰਨਾ ਅਧੂਰਾ ਹੈ, ਉਸ ਨੂੰ ਲਗਦਾ ਹੈ ਬਾਹਰੀ ਗਿਆਨ ਤਾਂ ਕੋਈ ਗਿਆਨ ਹੀ ਨਹੀਂ ਉਸਦੇ ਅੰਦਰ ਸਮਰੱਥ, ਸਮੁੱਚੇ ਨੂੰ ਜਾਨਣ ਦੀ ਇੱਛਾ ਹੈ, ਉੱਚੀਆਂ ਉਡਾਰੀਆਂ ਮਾਰਣ ਲੋਚਦਾ ਹੈ, ਜੀਵਨ ਨੂੰ ਹਰ ਪੱਖ ਤੋਂ ਜਾਨਣਾ ਚਾਹੁੰਦਾ ਹੈ ਅਤੇ ਅੰਤਰਮੁਖੀ ਹੋਣਾ ਚਾਹੁੰਦਾ ਹੈ। ਅੰਤਰੀ ਰੂਪ ਬਿਲਕੁਲ ਵੱਖ ਹੈ, ਕਲਪਨਾ, ਚਿੰਨ੍ਹਾਂ, ਵਿਚਾਰਾਂ, ਸੁਪਨਿਆਂ ਦਾ ਸਜਿਆ ਹੋਇਆ ਪਰ ਕਦੀ-ਕਦੀ ਥੋੜ੍ਹਾ ਮੁੜਿਆ ਹੋਇਆ ਅਧੂਰਾ ਵੀ ਦਿਸਦਾ ਹੈ, ਜੇ ਉਸ ਸਮੇਂ ਠੀਕ ਰਸਤਾ ਨਾ ਮਿਲੇ ਤਾਂ ਭਟਕ ਸਕਦਾ ਹੈ, ਘਬਰਾ ਸਕਦਾ ਹੈ। ਬਾਹਰੀ ਸੰਸਾਰ ਨੂੰ ਜਾਨਣ ਲਈ ਸਮਝਣ ਲਈ ਅਸੀਂ ਕਈ ਤਰੀਕੇ ਵਰਤਦੇ ਹਾਂ, ਪਰ ਅੰਦਰ ਵੀ ਬਹੁਤ ਸਾਰੇ ਪੱਖ ਹਨ ਪਾਸੇ ਹਨ ਉਨ੍ਹਾਂ ਨੂੰ ਜਾਨਣ ਦੇ ਵੀ ਕਈ ਤਰੀਕੇ ਹਨ। ਸਿਆਣਾ ਆਗੂ, ਅਧਿਆਪਕ ਬਿਲਕੁਲ ਠੀਕ ਅਤੇ ਢੁੱਕਵਾਂ ਤਰੀਕਾ ਹੀ ਦੱਸਦੇ ਹਨ ਜਿਸ ਨਾਲ ਅੰਦਰ ਦੀ ਸੂਖਸ਼ਮਤਾ ਤੱਕ ਪਹੁੰਚਿਆ ਜਾ ਸਕਦਾ ਹੈ, ਬਾਹਰ ਦੀ ਕੋਈ ਵਸਤੂ ਵੀ ਅੰਦਰ ਜਾਣ ਲਈ ਸਹਾਇਕ ਨਹੀਂ ਹੁੰਦੀ, ਇਹ ਰਸਤਾ ਕਠਿਨ ਹੈ ਸੁਚੇਤ ਤੋਂ ਅਚੇਤ ਤੱਕ।

ਬਾਕੀਆਂ ਦੀ ਤਰ੍ਹਾਂ ਅਰਜਨ ਘਬਰਾਇਆ ਹੋਇਆ ਹੈ ਡਰਿਆ ਹੋਇਆ ਹੈ ਮੋਹ ਨਾਲ ਭਰਪੂਰ ਹੈ। ਉਹ ਯੁੱਧ ਭੂਮੀ ਵਿਚ ਖੜ੍ਹਾ ਕੰਬ ਰਿਹਾ ਹੈ। ਕ੍ਰਿਸ਼ਨ ਜੀ ਅਰਜਨ ਨੂੰ ਜੀਵਨ ਦੀਆਂ ਉੱਚੀਆਂ ਅਵਸਥਾਵਾਂ ਨਾਲ ਜਾਣੂੰ ਕਰਾਉਂਦੇ ਹਨ। ਵੱਖ-ਵੱਖ ਰੂਪ ਤੋਂ ਜਾਣੂ ਕਰਾਉਂਦੇ ਹਨ ਅਤੇ ਉਨ੍ਹਾਂ ਰੂਪਾਂ ਦਾ ਬਾਹਰੀ ਸੰਸਾਰ ਨਾਲ ਸਬੰਧ ਕੀ ਹੈ ਉਸ ਤੋਂ ਜਾਣੂੰ ਕਰਾਉਂਦੇ ਹਨ। ਸਰੀਰ ਦਾ ਕੀ ਮਹੱਤਵ ਹੈ? ਕੀ ਅਸੀਂ ਕੇਵਲ ਸਰੀਰ ਹਾਂ ਕਿ ਕੁਛ ਹੋਰ ਅੱਗੇ, ਸਰੀਰ ਤੋਂ ਡੂੰਘੇ ਕਿਸੇ ਹੋਰ ਡੂੰਘੇ ਦੀ ਭਾਲ ਵਿਚ ਹਾਂ। ਸਰੀਰ ਨੂੰ ਦੇਖੀਏ ਤਾਂ ਇਸ ਵਿਚ ਬਹੁਤ ਬਦਲਾਓ ਆਉਂਦੇ ਹਨ। ਕ੍ਰਿਸ਼ਨ ਜੀ ਕਹਿੰਦੇ ਹਨ ਕਿ ਸਰੀਰ ਕੱਪੜਿਆਂ ਦੀ ਭਾਂਤੀ ਹੈ ਜਿਵੇਂ ਅਸੀਂ ਪੁਰਾਣੇ ਕੱਪੜੇ ਤਿਆਗ ਕੇ ਨਵੇਂ ਪਾ ਲੈਂਦੇ ਹਾਂ ਬਿਲਕੁਲ ਉਸ ਤਰ੍ਹਾਂ ਹੀ ਅਸੀ ਪੁਰਾਣਾ ਸਰੀਰ ਤਿਆਗ ਕੇ ਨਵਾਂ ਧਾਰਣ ਕਰਦੇ ਹਨ, ਪਰ ਜਿਵੇਂ ਕੱਪੜੇ ਬਦਲ ਕੇ ਅਸੀਂ ਉਹ ਹੀ ਰਹਿੰਦੇ ਹਾਂ ਉਵੇਂ ਹੀ ਆਤਮਾ ਸਦਾ ਉਹ ਹੀ ਰਹਿੰਦੀ ਹੈ।

ਇਹ ਜ਼ਰੂਰ ਸਮਝਿਆ ਜਾ ਸਕਦਾ ਹੈ ਕਿ ਆਤਮਾ ਦੇ ਉੱਤੇ ਬਾਹਰੀ ਕੱਪੜੇ ਪਾਏ ਹੋਏ ਹਨ, ਜਗਿਆਸੂ ਨੂੰ ਠੀਕ ਗੁਰੂ ਧਾਰਣ ਕਰਕੇ ਠੀਕ ਵਿਗਿਆਨਕ ਤਰੀਕਾ ਅਪਣਾਅ ਕੇ ਜਿਹੜਾ ਧਾਰਮਿਕ ਪੋਥੀਆਂ ਵਿਚ ਦੱਸਿਆ ਗਿਆ ਹੈ ਹਰ ਇਕ ਪਰਤ ਨੂੰ, ਪੜਦੇ ਨੂੰ ਸਮਝਣਾ ਚਾਹੀਦਾ ਹੈ। ਇਨ੍ਹਾਂ ਤਰੀਕਿਆਂ ਨਾਲ ਸਰੀਰ, ਬਾਹਰੀ ਸਰੀਰ, ਪ੍ਰਾਣ ਇੰਦ੍ਰੀਆਂ ਨੂੰ ਮਨ ਦੀ ਹਰ ਦਸ਼ਾ ਨੂੰ ਸਮਝਿਆ ਜਾ ਸਕਦਾ ਹੈ ਅਤੇ ਆਤਮਾ ਤੱਕ ਪਹੁੰਚਿਆ ਜਾ ਸਕਦਾ ਹੈ। ਜੀਵਨ ਦੇ ਅੰਦਰ ਆਤਮਾ ਤੱਕ ਪਹੁੰਚਣ ਤੋਂ ਪਹਿਲਾਂ ਬਹੁਤ ਸਾਰੀਆਂ ਸਚਾਈਆਂ ਬਹੁਤ ਸਾਰੇ ਤੱਤਾਂ ਤੋਂ ਜਾਣੂ ਹੋਣਾ ਪਵੇਗਾ, ਫੇਰ ਮਨੁੱਖ ਨੂੰ ਪਤਾ ਲੱਗੇਗਾ ਕਿ ਮਨੁੱਖ ਦੇ ਕਈ ਸੂਖਸ਼ਮ ਸਰੀਰ ਹਨ ਜੋ ਇਸ ਬਾਹਰੀ ਸਰੀਰ ਦੇ ਅੰਦਰ ਹਨ।

ਬਾਹਰੀ ਸਰੀਰ ਦੇ ਅੰਦਰ ਜੋ ਵਸਦਾ ਹੈ ਉਹ ਹੀ ਬਾਹਰੀ ਸਰੀਰ ਤਿਆਗ ਕੇ ਹੋਰ ਸਰੀਰ ਧਾਰਣ ਕਰਦਾ ਹੈ। ਜਿਹੜਾ ਆਤਮਾ ਨੂੰ ਜਾਣਦਾ ਹੈ ਚੇਤਨਤਾ ਦੇ ਬਿੰਦੂ ਨੂੰ ਜਾਣਦਾ ਹੈ ਉਹ ਇਹ ਵੀ ਜਾਣਦਾ ਹੈ ਕਿ ਮਰਨਾ ਜੰਮਣਾ ਕੇਵਲ ਬਾਹਰੀ ਸਰੀਰ ਨਾਲ ਹੀ ਸਬੰਧਿਤ ਹਨ।

23. ਹਥਿਆਰ ਉਸ ਨੂੰ ਚੀਰ ਨਹੀਂ ਸਕਦੇ, ਅੱਗ ਉਸ ਨੂੰ ਸਾੜ ਨਹੀਂ ਸਕਦੀ ਪਾਣੀ ਉਸਨੂੰ ਗਿੱਲਾ ਨਹੀਂ ਕਰ ਸਕਦਾ, ਹਵਾ ਉਸਨੂੰ ਸੁਕਾ ਨਹੀਂ ਸਕਦੀ।

24. ਉਹ ਅਚੀਰ, ਅਟੁੱਟ ਅਗਨੀ ਰਹਿਤ ਹੈ, ਅਭਿੱਜ ਹੈ, ਸੁੱਕਣ ਤੋਂ ਰਹਿਤ ਹੈ, ਉਹ ਅਟੱਲ ਹੈ, ਅਜਰ ਹੈ, ਅਮਰ ਹੈ, ਵਿਆਪਕ, ਸੰਪੂਰਣ ਸਥਾਈ ਹੈ ਉਹ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਹੋਸੀ ਭੀ ਸਚੁ ਹੈ।

25. ਉਹ ਜ਼ਾਹਿਰ ਹੁੰਦਿਆਂ ਹੋਇਆਂ ਜ਼ਾਹਿਰ ਤੋਂ ਉੱਤੇ ਹੈ, ਸੋਚ ਤੋਂ ਉੱਪਰ ਹੈ ਨਿਹਕਲੰਕਤ ਹੈ ਇਹ ਸਭ ਕੁਛ ਜਾਣਦਿਆਂ ਹੋਇਆ ਤੈਨੂੰ ਇਹ ਸੋਭਦਾ ਨਹੀਂ ਕਿ ਤੂੰ ਮਰਣ ਵਾਲਿਆ ਦਾ ਦੁੱਖ ਮਨਾਏਂ।

ਆਤਮਾ, ਚੇਤਨਤਾ ਦਾ ਬਿੰਦੂ ਅਸੀਮ ਹੈ ਸਰਬ ਵਿਆਪੀ ਹੈ ਕੋਈ ਐਨਾ ਸ਼ਕਤੀਵਾਨ ਨਹੀਂ ਜੋ ਇਸ ਨੂੰ ਕੱਟ ਸਕੇ, ਅੱਗ ਵਿਚ ਉਸ ਨੂੰ ਭੁੰਨ ਦੇਣ ਦੀ ਸ਼ਕਤੀ ਨਹੀਂ ਅਤੇ ਪਾਣੀ ਅਤੇ ਹਵਾ ਤੋਂ ਉਹ ਅਪੋਹ ਮਨੁੱਖ ਹੈ। ਮਨੁੱਖ ਦੇ ਅੰਤਰੀਵ ਵਿਚ ਅਸੀਮ ਆਤਮਾ ਦਾ ਵਾਸਾ ਹੈ। ਅਟਲ ਸੱਚ ਨੂੰ ਜਾਣਦੇ ਹੋਏ ਗਿਆਨੀ ਕਦੀ ਦੁੱਖ ਨਹੀਂ ਮਨਾਉਂਦੇ। ਕ੍ਰਿਸ਼ਨ ਜੀ ਇਹ ਪਰਵਚਨ ਕਰਦੇ ਹੋਏ ਅਰਜਨ ਨੂੰ ਗਿਆਨ ਦੇ ਸਰੋਤ ਵੱਲ ਲਜਾ ਰਹੇ ਹਨ ਉਸ ਨੂੰ ਅਮਰ, ਅਜਰ ਅਟੱਲ ਆਤਮਾ ਦਾ ਗਿਆਨ ਦੇ ਕੇ ਉਸ ਨੂੰ ਨਿਰਭੈ ਕਰਦੇ ਹਨ।

ਗੀਤਾ ਦੇ ਬਹੁਤ ਸਾਰੇ ਸਲੋਕ ਉਪਨਿਸ਼ਦਾਂ ਵਿਚੋਂ ਹਨ। ਜਗਿਆਸੂ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਵੇਦਾਂ ਅਤੇ ਉਪਨਿਸ਼ਦਾਂ ਨੂੰ ਸੋਧ ਕੇ ਗੀਤਾ ਲਿਖੀ ਗਈ ਹੈ। ਗੀਤਾ ਦਾ ਗਿਆਨ ਸੋਧਿਆ ਹੋਇਆ ਹੈ। ਇਤਿਹਾਸ ਇਸ

ਗੱਲ ਦੀ ਗਵਾਹੀ ਦਿੰਦਾ ਹੈ ਕਿ ਸਮੇਂ-ਸਮੇਂ ਸਿਰ ਗੁਰੂ ਜਨ ਗਿਆਨ ਸੋਧ ਕੇ ਜਗਿਆਸੂਆਂ ਨੂੰ ਦਿੰਦੇ ਰਹੇ, ਫੁੱਲ ਉਹ ਪੁਰਾਣੇ ਹੀ ਹਨ, ਸਮੇਂ-ਸਮੇਂ ਸਿਰ ਫੂਲਦਾਨ ਬਦਲਦੇ ਰਹੇ ਹਨ, ਫੁੱਲਾਂ ਨੂੰ ਸਜਾਉਣ ਦਾ ਢੰਗ ਵੱਖਰਾ ਹੈ, ਅਨੋਖਾ ਹੈ ਅਤੇ ਗੁਰੂ ਜਨਾਂ ਦੀ ਆਪਣੀ ਕਮਾਈ ਅਨੁਸਾਰ ਹੈ। ਗਿਆਨ ਸਥਾਈ ਹੈ ਇਸ ਦਾ ਸਰੋਤ ਅਟੱਲ ਹੈ।

ਸੰਤਾਂ ਦੀ ਗਿਆਨੀਆਂ ਦੀ ਸੁਹਿਰਦਤਾ ਇਸੇ ਵਿਚ ਹੈ ਕਿ ਉਹ ਗਿਆਨ ਕਿਸ ਤਰ੍ਹਾਂ ਦਿੰਦੇ ਹਨ, ਗੁਰੂ ਦਾ ਉਪਰਾਲਾ ਤਾਂ ਕੇਵਲ 50% ਹੈ ਬਾਕੀ ਦਾ 50% ਸਾਧਕ ਦਾ ਹੈ। ਅਰਜਨ ਸਰੋਤਾ ਬਣਿਆ ਹੋਇਆ ਹੈ, ਧਿਆਨ ਇਕੱਤਰ ਕਰੀਂ ਬੈਠਾ ਹੈ, ਨਿਰਛਲ ਹੈ, ਕ੍ਰਿਸ਼ਨ ਜੀ ਵੱਲੋਂ ਦਿੱਤੇ ਜਾ ਰਹੇ ਸਥਾਈ ਗਿਆਨ ਨੂੰ ਸਮਝਣ ਦੀ ਸਮਰੱਥਾ ਰੱਖਦਾ ਹੈ। ਇਹ ਗੱਲ ਬਿਲਕੁਲ ਠੀਕ ਹੈ ਜਦੋਂ ਸਾਧਕ ਤਿਆਰ ਹੋਵੇ, ਗੁਰੂ ਪ੍ਰਗਟ ਹੋ ਹੀ ਜਾਂਦਾ ਹੈ, ਜੇ ਜਾਨਣ ਦੀ ਪ੍ਰਬਲ ਇੱਛਾ ਹੈ ਤਾਂ ਜਾਣ ਹੀ ਲਓਗੇ। ਸੱਚ ਅਤੇ ਗਿਆਨ ਇਕ ਸਿੱਕੇ ਦੇ ਹੀ ਦੋ ਪਾਸੇ ਹਨ। ਜਦੋਂ ਸਾਧਕ ਵਿਚ ਸੱਚ ਨੂੰ ਜਾਨਣ ਦੀ ਇੱਛਾ ਪ੍ਰਬਲ ਹੋ ਜਾਵੇ ਤਾਂ ਉਸ ਵਿਚ ਅਥਾਹ, ਵਚਿਤਰ, ਬੇਅੰਤ ਸ਼ਕਤੀ ਆ ਜਾਂਦੀ ਹੈ।

26. ਜੇ ਤੁਸੀਂ ਇਹ ਸਮਝਦੇ ਹੋ ਕਿ ਹਰ ਵਾਰੀ ਜਦੋਂ ਜੰਮਦੇ ਤੇ ਮਰਦੇ ਹਾਂ ਆਤਮਾ ਨਾਲ ਜੰਮਦੀ ਤੇ ਮਰਦੀ ਹੈ ਜਾਂ ਇਹ ਸਮਝਦੇ ਹੋ ਆਤਮਾ ਸਥਾਈ ਹੈ। ਜੋ ਵੀ ਤੁਸੀਂ ਸਮਝਦੇ ਹੋ, ਹੇ ਸ਼ਕਤੀਵਾਨ ਤੈਨੂੰ ਅਫਸੋਸ ਨਹੀਂ ਮਨਾਉਣਾ ਚਾਹੀਦਾ।

27. ਜੋ ਜੰਮਦਾ ਹੈ ਉਸ ਦਾ ਮਰਨਾ ਵੀ ਨਿਸ਼ਚਿਤ ਹੈ, ਉਸ ਦਾ ਮੁੜ ਜਨਮ ਵੀ ਨਿਸ਼ਚਿਤ ਹੈ, ਇਸ ਅਨਿਵਾਰੀ ਨੂੰ ਜਾਣਦੇ ਹੋਏ ਵੀ ਤੈਨੂੰ ਅਫਸੋਸ ਨਹੀਂ ਕਰਨਾ ਚਾਹੀਦਾ।

28. ਹੇ ਭਰਤ ਦੀ ਸੰਤਾਨ, ਮਨੁੱਖ ਦੀ ਹੋਂਦ ਅਪ੍ਰਤੱਖ ਤੋਂ ਹੁੰਦੀ ਹੈ, ਫੇਰ ਮਨੁੱਖ ਪ੍ਰਤੱਖ ਹੋ ਕੇ ਵਿਚਰਦਾ ਹੈ ਅਤੇ ਅੰਤ ਵਿਚ ਫੇਰ ਅਪ੍ਰਤੱਖ ਵਿਚ ਸਮਾਅ ਜਾਂਦਾ ਹੈ ਸੋ ਕਿਸ ਗੱਲ ਦਾ ਦੁਖ? ਕਿਸ ਗੱਲ ਦਾ ਅਫਸੋਸ?

ਆਤਮਕ ਬਲ ਲੈਣ ਲਈ ਮਨੁੱਖ ਬੇਅੰਤ ਕੋਸ਼ਿਸ਼ ਕਰਦਾ ਹੈ ਮਾਨਸਿਕ ਸਥਿਤੀ ਨੂੰ ਬਦਲਣ ਦੀ ਬਹੁਤ ਕੋਸ਼ਿਸ਼ ਕਰਦਾ ਹੈ ਇਸ ਤਰ੍ਹਾਂ ਕਰਨ ਨਾਲ ਉਸ ਨੂੰ ਆਤਮਾ ਦੀ ਹੋਂਦ ਦਾ ਗਿਆਨ ਵੀ ਹੋ ਜਾਂਦਾ ਹੈ। ਇਹ ਗੱਲ ਸਦਾ ਯਾਦ ਰੱਖਣੀ ਚਾਹੀਦੀ ਹੈ ਜੋ ਜਨਮਿਆ ਹੈ ਉਹ ਮਰੇਗਾ ਵੀ ਜ਼ਰੂਰ। ਮੌਤ ਇਕ ਸਚਾਈ ਹੈ ਜਿਸ ਨੂੰ ਟਾਲਿਆ ਨਹੀਂ ਜਾ ਸਕਦਾ। ਜਦੋਂ ਕੋਈ ਵੀ ਮਰਿਆਂ ਲਈ ਵਰਲਾਪ ਕਰਦਾ ਹੈ ਉਹ ਮੋਹ ਦਾ ਬੰਨ੍ਹਿਆ ਹੋਇਆ ਹੁੰਦਾ ਹੈ ਮੋਹ ਇਸ ਦੇਹ ਰੂਪ ਨਾਲ, ਇਸ ਕਰਕੇ ਹੈ ਕਿਉਂਕਿ ਉਸ ਨੂੰ ਉਸ ਅਟੱਲ ਦਾ ਗਿਆਨ ਹੀ ਨਹੀਂ। ਇਸ ਕਰਕੇ ਸਾਧਕ ਨੂੰ ਆਪਣੀ ਤਾਕਤ ਅੰਦਰ ਦੀ, ਬਾਹਰ ਦੀ ਸਮੁੱਚੀ, ਸੂਖਸ਼ਮ, ਸਾਰੀ ਦੀ ਸਾਰੀ ਆਪਾ ਢਾਲਣ ਵਿਚ ਲਾ ਦੇਣੀ ਚਾਹੀਦੀ ਹੈ ਤਾਂ ਜੋ ਦੇਹ ਅਧਿਆਸ ਤੋਂ ਛੁਟਕਾਰਾ ਪਾ

ਸਕੋ, ਅੰਦਰ ਜਾ ਕੇ ਆਪਾ ਜਾਣ ਕੇ ਆਪਾ ਚੀਨ ਸਕੋ, ਆਤਮ ਗਿਆਨ ਪ੍ਰਾਪਤ ਕਰਕੇ ਆਤਮ ਚੇਤਨਤਾ ਤਕ ਪਹੁੰਚ ਸਕੇ। ਸ੍ਵੈ-ਰੂਪ ਪਰਿਵਰਤਨ, ਕਾਇਆ ਕਲਪ ਕੇਵਲ ਜ਼ਰੂਰੀ ਹੀ ਨਹੀਂ ਇਹ ਇਕੋ ਇਕ ਜੀਵਨ ਮਨੋਰਥ ਹੋਣਾ ਚਾਹੀਦਾ ਹੈ। ਹਰ ਆਤਮ ਮਾਰਗ ਦਾ ਉਦੇਸ਼ ਉਸ ਇਕ ਤਕ ਪਹੁੰਚਣਾ ਹੀ ਹੁੰਦਾ ਹੈ, ਜੇ ਇਸ ਦੀ ਪ੍ਰਾਪਤੀ ਨਾ ਹੋਵੇ ਤਾਂ ਮਨੁੱਖ ਅਨੰਦ ਤੋਂ ਵਾਂਝਾ ਰਹਿ ਜਾਂਦਾ ਹੈ।

ਮਰਨ ਅਤੇ ਮੌਤ ਦੇ ਰਹੱਸ ਨੂੰ ਅਸੀਂ ਬੜੀ ਸੌਖੀ ਤਰ੍ਹਾਂ ਪ੍ਰਗਟ ਕਰ ਸਕਦੇ ਹਾਂ, ਰੋਜ਼ਾਨਾ ਜੀਵਨ ਵਿਚ ਅਸੀਂ ਕਹਿੰਦੇ ਹਾਂ ਸੂਰਜ ਚੜ੍ਹ ਪਿਆ, ਸੂਰਜ ਡੁੱਬ ਗਿਆ ਜਾਂ ਦਿਨ ਚੜ੍ਹ ਗਿਆ, ਦਿਨ ਲਥ ਗਿਆ। ਸੂਰਜ ਦਾ ਚੜ੍ਹਨਾ ਜਨਮ ਤੇ ਸੂਰਜ ਦਾ ਡੁਬਣਾ ਮਰਨਾ। ਸੂਰਜ ਚੜ੍ਹਨ ਅਤੇ ਸੂਰਜ ਡੁੱਬਣ ਦਾ ਗਿਆਨ ਸਾਰੇ ਸੰਸਾਰ ਵਿਚ ਕਰਾਇਆ ਜਾਂਦਾ ਹੈ, ਵਾਸਤਵ ਵਿਚ ਤਾਂ ਨਾ ਸੂਰਜ ਡੁਬਦਾ ਹੈ ਨਾ ਹੀ ਚੜ੍ਹਦਾ ਹੈ ਸੂਰਜ ਤਾਂ ਸਦਾ ਹੀ ਹੈ। ਕਮੀ ਤਾਂ ਸਾਡੇ ਅੰਦਰ ਹੈ ਸਾਡੇ ਕੋਲ ਉਹ ਨੇਤਰ ਨਹੀਂ, ਉਹ ਅਨੁਭਵ ਨਹੀਂ ਜਿਸ ਨਾਲ ਅਸੀਂ ਦੇਖ ਸਕੀਏ, ਬਿਲਕੁਲ ਇਹੋ ਹੀ ਹਾਲ ਜੰਮਣ ਮਰਨ ਦਾ ਹੈ, ਵਾਸਤਵ ਵਿਚ ਨਾ ਕੋਈ ਕਦੀ ਜੰਮਦਾ ਹੈ ਅਤੇ ਨਾ ਹੀ ਮਰਦਾ ਹੈ। ਜੰਮਣ ਅਤੇ ਮਰਨ ਦਾ ਅਹਿਸਾਸ ਸਾਡੇ ਅਨੁਭਵ ਦੀ ਘਾਟ ਦੇ ਕਾਰਣ ਹੈ। ਕ੍ਰਿਸ਼ਨ ਜੀ ਆਪਣਾ ਪ੍ਰਵਚਨ ਜਾਰੀ ਰਖਦੇ ਹਨ ਅਤੇ ਦਸਦੇ ਹਨ ਕਿ ਜਿਨ੍ਹਾਂ ਸਰੀਰਾਂ ਨਾਲ ਸਾਨੂੰ ਮੋਹ ਹੈ ਉਹ ਕੇਵਲ ਇਕ ਸਾਡਾ ਭਰਮ ਹੈ ਜੋ ਇਕ ਸਰਵਤਰ ਮਾਇਆ ਦਾ ਹੀ ਭਾਗ ਹੈ।

ਅਠਾਈਵੇਂ ਸਲੋਕ ਵਿਚ ਸ਼ਬਦ ਭੁਤਾ (bhuta) ਵਰਤਿਆ ਗਿਆ ਹੈ ਜਿਸਦਾ ਅਰਥ ਹੈ ਜੰਮਣਾ, ਸੰਸਾਰ ਵਿਚ ਆਉਣਾ, ਇਸ ਦਾ ਪ੍ਰਗਟਾਵਾ ਬਿਨਾਂ ਕਾਰਣ ਨਹੀਂ ਹੈ। ਇਹ ਕਹਿਣਾ, ਉਹ ਜੰਮਿਆ ਹੈ ਜਾਂ ਉਹ ਜੰਮ ਪਿਆ ਹੈ ਤੋਂ ਭਾਵ ਹੈ ਉਹ ਪਹਿਲਾਂ ਵੀ ਸੀ, ਹੁਣ ਉਸ ਨੇ ਨਵਾਂ ਰੂਪ ਧਾਰਣ ਕਰ ਲਿਆ ਹੈ, ਅਦਿੱਖ ਤੋਂ ਉਹ ਦਿਸਣ ਵਾਲਾ ਹੋ ਗਿਆ ਹੈ, ਨਾ ਜਾਨਣ ਤੋਂ ਜਾਣਿਆ ਜਾਣ ਵਾਲਾ ਹੋ ਗਿਆ ਹੈ, ਅਪਰਤੱਖ ਤੋਂ ਪਰਤੱਖ ਹੋ ਗਿਆ ਹੈ। ਜੋ ਪੜਦੇ ਦੇ ਪਿਛੇ ਸੀ ਉਹ ਅੱਗੇ ਆ ਗਿਆ ਹੈ ਉਸ ਨੂੰ ਜੰਮਿਆ ਆਖਦੇ ਹਨ। ਇਕ ਵਿਧੀ ਦਾ ਵਿਧਾਨ ਹੈ ਜਿਹੜਾ ਸਭ ਉਤੇ ਲਾਗੂ ਹੁੰਦਾ ਹੈ। ਜਿਹੜਾ ਜੀਵਨ ਦੇ ਸਾਰੇ ਪਹਿਲੂ, ਸਾਰੇ ਭੇਦ, ਜਾਣਦਾ ਹੈ ਉਸ ਲਈ ਮਰਨ ਜੰਮਣ ਕੋਈ ਰਹੱਸਮਈ ਨਹੀਂ ਹੈ।

ਜੋ ਵੀ ਇਸ ਦਿਸਦੇ ਸੰਸਾਰ ਵਿਚ ਹੈ ਉਹ ਅ-ਦਿਸਦੇ ਵਿਚ ਵੀ ਹੈ ਉਸ ਦੀਆਂ ਜੜ੍ਹਾਂ ਅਦਿਸਦੇ ਵਿਚ ਹਨ, ਜੀਵਨ, ਕੌਮਾ (comma), ਸੈਮੀ ਕੋਲਨ (semi colon) ਵਿਸ਼ਮਿਕ ਚਿੰਨ (sign of exclamation) ਭਰਪੂਰ ਹੈ ਪਰ ਇਸ ਦਾ ਕੋਈ ਪੂਰਨ ਵਿਰਾਮ ਨਹੀਂ ਹੈ। ਇਹ ਉਹ ਵਾਕ ਹੈ ਉਹ ਖਰੜਾ ਹੈ ਜਿਸਦਾ ਨਾ ਕੋਈ ਆਦਿ ਹੈ ਨਾ ਕੋਈ ਅੰਤ ਹੈ, ਦੋਨੋਂ ਹੀ ਗੁਆਚੇ ਹੋਏ ਹਨ, ਕੇਵਲ ਮੱਧ ਭਾਗ ਸਾਡੇ ਕੋਲ ਹੈ, ਮੱਧ ਨੂੰ ਚੰਗੀ ਤਰ੍ਹਾਂ ਜਾਣ ਕੇ ਹੀ ਤੁਸੀਂ ਆਦਿ ਅੰਤ ਦੀਆਂ ਤਾਰਾਂ ਨੂੰ ਹੱਥ ਪਾ ਸਕਦੇ

ਹੋ ਅਸੀਮ, ਅਟੱਲ ਨੂੰ ਜਾਣ ਸਕਦੇ ਹੋ।

29. ਅਸੀਂ ਇਸ ਨੂੰ ਇਕ ਅਚੰਭਾ ਦੇਖਦੇ ਹਾਂ, ਦੂਸਰਾ ਇਸ ਨੂੰ ਅਚੰਭਾ ਦਸਦਾ ਹੈ, ਤੀਸਰਾ ਇਸ ਅਚੰਭੇ ਤੋਂ ਡਰਦੇ ਹਨ, ਕਈ ਇਸ ਅਚੰਭੇ ਨੂੰ ਸੁਣਦੇ ਹਨ, ਜਿਹੜੇ ਇਸ ਨੂੰ ਸੁਣਦੇ ਵੀ ਹਨ, ਉਨ੍ਹਾਂ ਨੂੰ ਵੀ ਇਸ ਦਾ ਗਿਆਨ ਨਹੀਂ ਹੈ।

30. ਹੇ ਭਰਤ ਦੀ ਅੰਸ, ਇਨ੍ਹਾਂ ਸਰੀਰਾਂ ਦੇ ਅੰਦਰ ਜੋ ਹੈ, ਜੋ ਆਤਮਾ ਹੈ ਉਸ ਨੂੰ ਕਦੀ ਨਹੀਂ ਮਾਰਿਆ ਜਾ ਸਕਦਾ। ਉਸਦਾ ਅੰਤ ਕਦੇ ਨਹੀਂ ਹੋ ਸਕਦਾ ਸੋ ਕਿਸੇ ਦੇ ਜਾਣ ਪਿਛੋਂ ਰੋਣ ਦੀ, ਸੋਗ ਮਨਾਉਣ ਦੀ ਕੋਈ ਗੱਲ ਨਹੀਂ ਹੈ।

ਸਾਰਿਆਂ ਦੀ ਹੋਂਦ ਪਹਿਲਾਂ ਇਸ ਦਿਸਦੇ ਸੰਸਾਰ ਤੋਂ ਪਰ੍ਹੇ ਹੁੰਦੀ ਹੈ ਫੇਰ ਇਸ ਪ੍ਰਤੱਖ ਸੰਸਾਰ ਵਿਚ ਆਉਂਦੀ ਹੈ, ਜਿਹੜੇ ਬਦਲਾਓ ਆਉਂਦੇ ਹਨ ਉਹ ਕੇਵਲ ਉਪਰ ਦੀ ਸਤ੍ਹਾ (ਤੈਹਿ) ਉਤੇ ਹੀ ਹੁੰਦੇ ਹਨ, ਸ੍ਵੈ ਜੀਵਤ ਦੈਵੀ ਜੋਤ ਸਥਿਰ ਹੈ ਕਦੇ ਬਦਲਦੀ ਨਹੀਂ, ਜੋ ਵੀ ਨਾਸ਼ਵਾਨ ਹੈ ਆਤਮਾ ਸਾਰਿਆਂ ਵਿਚ ਹੈ, ਪਰ ਫੇਰ ਵੀ ਉਹ ਅਮਰ ਹੈ ਉਹ ਨਾਸ਼ਵਾਨ ਨਹੀਂ ਹੈ। ਕ੍ਰਿਸ਼ਨ ਜੀ ਇਸ ਦਾ ਗਿਆਨ ਅਰਜਨ ਨੂੰ ਦਿੰਦੇ ਹਨ ਅਤੇ ਉਸ ਨੂੰ ਆਤਮਾ ਬਾਰੇ, ਆਤਮਾ ਦੇ ਅਚੰਭੇ ਬਾਰੇ ਜਾਣੂੰ ਕਰਾਉਂਦੇ ਹਨ। ਜਿਹੜੇ ਆਤਮਾ ਨੂੰ ਜਾਣ ਜਾਂਦੇ ਹਨ ਉਥੇ ਤਕ ਪਹੁੰਚ ਜਾਂਦੇ ਹਨ ਉਹ ਬਾਹਰੀ ਸੰਸਾਰ ਤੋਂ ਆਪਣੇ ਆਪ ਨੂੰ ਸਮੇਟ ਲੈਂਦੇ ਹਨ ਅਤੇ ਉਨ੍ਹਾਂ ਦੀ ਲਿਵ ਡੂੰਘੀ ਲਗ ਜਾਂਦੀ ਹੈ। ਸ਼ਬਦਾਂ ਦੀ ਹੋਂਦ ਉਨ੍ਹਾਂ ਲਈ ਖਤਮ ਹੋ ਜਾਂਦੀ ਹੈ। ਢੁਕਵੇਂ ਅੱਖਰਾਂ ਦੀ ਉਨ੍ਹਾਂ ਨੂੰ ਘਾਟ ਮਹਿਸੂਸ ਹੁੰਦੀ ਹੈ ਅਤੇ ਉਹ ਆਤਮਾ ਦਾ ਵਰਨਣ ਨਹੀਂ ਕਰ ਸਕਦੇ।

ਗਿਆਨੀ ਦਿਸਦੇ ਅਣਦਿਸਦੇ ਦਾ ਅਫਸੋਸ ਨਹੀਂ ਕਰਦੇ, ਸ਼ਸਤਰ ਆਤਮਾ ਨੂੰ ਮਾਰ ਨਹੀਂ ਸਕਦੇ, ਉਸ ਦੀ ਹੋਂਦ ਮਿਟਾ ਨਹੀਂ ਸਕਦੇ, ਸੋ ਉਸ ਲਈ ਦੁਖੀ ਹੋਣ ਦਾ ਕੋਈ ਲਾਭ ਨਹੀਂ ਜਿਵੇਂ ਕਿ 'ਇਸ਼ੋ ਉਪਨਿਸ਼ਦ' ਵਿਚ ਦਸਿਆ ਗਿਆ ਹੈ ਜੋ ਅਜੇ ਜਨਮੇ ਨਹੀਂ, ਬਦਲੇ ਨਹੀਂ ਜਾਂਦੇ, ਕਿਸੇ ਤਰ੍ਹਾਂ ਵੀ ਨਾਸ਼ ਨਹੀਂ ਹੋ ਸਕਦੇ ਵਿਬੰਧਨ ਨਹੀਂ ਹੋ ਸਕਦੇ, ਸਰੀਰ ਦਾ ਮਾਲਕ ਅਜਰ, ਅਮਰ ਹੈ, ਪੁਰਸ਼ ਹੈ। ਜਿਸ ਨੂੰ ਮਾਰਿਆ ਨਹੀਂ ਜਾ ਸਕਦਾ ਹੈ ਇਹ ਛੋਟੇ ਤੋਂ ਛੋਟਾ ਹੈ ਵੱਡੇ ਤੋਂ ਵੱਡਾ ਹੈ। 'ਕਠ ਉਪਨਿਸ਼ਦ' ਵਿਚ ਇਸ ਤਰ੍ਹਾਂ ਲਿਖਿਆ ਹੈ ਬਹੁਤ ਸਾਰਿਆਂ ਨੂੰ ਆਤਮਾ ਬਾਰੇ ਸੁਨਣ ਦਾ ਅਵਸਰ ਹੀ ਨਹੀਂ ਮਿਲਦਾ, ਸੁਨਣ ਤੋਂ ਬਾਦ ਵੀ ਕਈਆਂ ਨੂੰ ਜਾਨਣ ਦਾ ਮੌਕਾ ਨਹੀਂ ਮਿਲਦਾ। ਇਹ ਬਹੁਤ ਘੱਟ ਹੈ ਕਿ ਅਧਿਆਤਮਕ ਨੂੰ ਇਹੋ ਜਿਹਾ ਗਿਆਨ ਦੇਣ ਦਾ ਮੌਕਾ ਮਿਲਦਾ ਹੈ, ਜੋ ਇਹੋ ਜਿਹੇ ਗਿਆਨ ਲਈ ਤਿਆਰ ਹੋਵੇ, ਕੋਈ ਵਿਰਲਾ ਹੀ ਜਗਿਆਸੂ ਇਸ ਨੂੰ ਜਾਨਣ ਦੀ ਇੱਛਾ ਰਖਦਾ ਹੈ ਅਤੇ ਤਿਆਰ ਹੈ।

ਬ੍ਰਹਮ ਵਿਦਿਆ ਦੇਣੀ ਸਭ ਤੋਂ ਔਖਾ ਕੰਮ ਹੈ। ਕਾਰਣ ? ਪਹਿਲਾਂ

ਸਾਧਕ ਆਪਣੀ ਚਿਤ ਬਿਰਤੀਆਂ ਹੀ ਇਕਾਗਰ ਨਹੀਂ ਕਰ ਸਕਦੇ, ਉਨ੍ਹਾਂ ਵਿਚ ਅਨੁਸ਼ਾਸ਼ਨ ਹੀ ਨਹੀਂ ਹੈ। ਸੋ ਉਨ੍ਹਾਂ ਦੀ ਮਾਨਸਿਕ ਤਾਕਤ ਖੇਰੂੰ-ਖੇਰੂੰ ਹੋਈ ਰਹਿੰਦੀ ਹੈ। ਦੂਸਰਾ, ਸਤਿ ਨੂੰ ਜਾਨਣ ਦੀ ਇੱਛਾ ਬਹੁਤ ਸਾਰੀਆਂ ਇਛਾਵਾਂ ਵਿਚੋਂ ਇਕ ਹੈ, ਜਦੋਂ ਤਕ ਬਾਕੀ ਦੀਆਂ ਇਛਾਵਾਂ ਛੱਡ ਕੇ ਕੇਵਲ ਇਕ ਸਤਿ ਦੀ ਭਾਲ ਦੀ ਇੱਛਾ ਨਾ ਰੱਖੀ ਜਾਵੇ ਉਦੋਂ ਤਕ ਇਹ ਜੀਵਨ ਮਨੋਰਥ ਪੂਰਾ ਨਹੀਂ ਹੋ ਸਕਦਾ। ਤੀਸਰਾ ਅੱਜ ਦਾ ਜੀਵਨ ਐਨਾ ਲੁਭਾਏਮਾਨ ਹੈ ਹਰ ਸਮੇਂ ਬਾਹਰ ਨੂੰ ਹੀ ਖਿਚਦਾ ਹੈ। ਚੌਥਾ ਸਾਧਨਾ ਕਰਨ ਲਈ, ਧਿਆਨ ਲਗਾਉਣ ਲਈ ਕੋਈ ਸ਼ਾਂਤਮਈ ਵਾਤਾਵਰਣ ਹੀ ਨਹੀਂ ਮਿਲਦਾ। ਪੰਜਵਾਂ ਐਨੇ ਵੱਖ-ਵੱਖ ਰਸਤੇ ਬਣ ਗਏ ਹਨ, ਸਾਧਕ ਬੌਂਦਲਾ ਗਿਆ ਹੈ, ਕਦੀ ਉਹ ਕਿਸੇ ਰਸਤੇ ਉਤੇ ਜਾਂਦਾ ਹੈ, ਕਦੀ ਕਿਸੇ। ਛੇਵਾਂ ਕਿਉਂਕਿ ਉਸ ਨੂੰ ਕਿਤੋਂ ਵੀ ਠੀਕ ਅਤੇ ਸੁਆਰਥਹੀਨ ਸੇਧ ਨਹੀਂ ਮਿਲਦੀ, ਗੁਰੂ ਨਹੀਂ ਮਿਲਦਾ, ਸਾਧਕ ਇਹ ਫੈਸਲਾ ਨਹੀਂ ਕਰ ਸਕਦਾ ਕਿ ਕੇਵਲ ਸਾਧਨਾ ਹੀ ਉਸਦੀ ਸਰਵੋਤਮ ਡੀਊਟੀ ਹੈ ਬਾਕੀ ਸਾਰੀਆਂ ਡੀਊਟੀਆਂ ਕੇਵਲ ਸਾਧਨਾ ਤਕ ਪਹੁੰਚਣ ਦੇ ਰਸਤੇ ਹਨ, ਸਾਧਨਾ ਦੇ ਮਹੱਤਵ ਨੂੰ ਪੂਰੀ ਤਰ੍ਹਾਂ ਸਮਝਣਾ ਚਾਹੀਦਾ ਹੈ, ਉਸਦਾ ਸਿਧਾਂਤ ਅਤੇ ਉਸਦਾ ਪ੍ਰੈਕਟੀਕਲ ਪਾਸਾ ਦੋਨੋਂ ਹੀ ਸਮਝਣੇ ਚਾਹੀਦੇ ਹਨ, ਉਸ ਤੋਂ ਬਾਦ ਇਸ ਰਸਤੇ ਉਤੇ ਚਲਣਾ ਚਾਹੀਦਾ ਹੈ। ਹੋ ਸਕਦਾ ਹੈ ਤੁਸੀਂ ਸੋਚਾਂ ਦੇ, ਅਨੁਭਵਾਂ ਦੇ ਅਤੇ ਭਾਵਕਤਾਂ ਦੇ ਜੰਗਲ ਵਿਚ ਗੁਆਚ ਜਾਓ। ਸਤਵਾਂ ਜਿਵੇਂ-ਜਿਵੇਂ ਸਾਧਕ ਅੰਦਰ ਦੇ ਅਨੁਭਵਾਂ ਨੂੰ ਮਹਿਸੂਸ ਕਰਦਾ ਹੈ, ਅੰਦਰ ਦੀਆਂ ਪਰਤਾਂ ਨੂੰ ਜਾਣਦਾ ਹੈ ਉਨੀਆਂ ਹੀ ਉਸ ਦੀਆਂ ਕਠਿਨਤਾ ਵਧਦੀਆਂ ਹਨ। ਸੋ ਇਸ ਰਸਤੇ ਤੇ ਚਲਣ ਲਈ ਬੜੇ ਧੀਰਜ ਦੀ ਲੋੜ ਹੈ।

ਜਦੋਂ ਤਕ ਜੀਵਨ ਦੇ ਸਾਰੇ ਪਧਰਾਂ ਤੇ ਸੰਜਮ ਨਾ ਲਿਆਂਦਾ ਜਾਵੇ ਜੀਵਨ ਨੂੰ ਖਾਣ, ਸੌਣ ਅਤੇ ਹੋਰ ਗੱਲਾਂ ਵਿਚ ਨਿਯਮਬੱਧ ਨਾ ਕੀਤਾ ਜਾਵੇ, ਸਾਧਨਾ ਹੋ ਹੀ ਨਹੀਂ ਸਕਦੀ, ਸਾਧਨਾ ਤੋਂ ਬਿਨਾਂ ਸ੍ਵੈ ਅਨੁਭਵ ਨਹੀਂ ਹੋ ਸਕਦਾ, ਪੰਜ, ਦਸ ਮਿੰਟ ਦੀ ਸਾਧਨਾ ਕੇਵਲ ਤੁਹਾਡੇ ਮਨ ਨੂੰ ਤਸੱਲੀ ਦੇ ਸਕਦੀ ਹੈ। ਜਿਹੜੀ ਸਾਧਨਾ ਦਾ ਮੰਤਵ ਚੇਤਨਾ ਨੂੰ ਜਾਗ ਰੂਪ ਕਰਨਾ ਨਹੀਂ ਹੈ ਉਹ ਤੁਹਾਨੂੰ ਅਨੁਭਵੀ ਗਿਆਨ ਨਹੀਂ ਦੇ ਸਕਦੀ, ਬਿਨਾਂ ਅਨੁਭਵ ਤੋਂ ਤੱਤ ਗਿਆਨ ਨਹੀਂ ਹੋ ਸਕਦਾ। ਉਪਨਿਸ਼ਦ ਦਸਦੇ ਹਨ, ਜੇ ਕੋਈ ਇਹ ਸੋਚਦਾ ਹੈ ਕਿ ਆਤਮਾ ਨੂੰ ਮਨ ਦੇ ਗਿਆਨ ਨਾਲ ਜਾਣਿਆ ਜਾ ਸਕਦਾ ਹੈ ਉਹ ਅਗਿਆਨ ਹੀ ਹੈ।

ਕਈ ਸਾਧਕ ਕਿਤਾਬਾਂ ਪੜ੍ਹ ਕੇ ਬੜਾ ਓਪਰਾ ਜਿਹਾ ਗਿਆਨ ਪ੍ਰਾਪਤ ਕਰ ਲੈਂਦੇ ਹਨ, ਫੇਰ ਉਹ ਬੈਹਸ ਕਰਦੇ ਹਨ ਕਿ ਉਨ੍ਹਾਂ ਦਾ ਗਿਆਨ ਬੜਾ ਡੂੰਘਾ ਗਿਆਨ ਹੈ, ਪਰ ਉਹ ਤਾਂ ਕੇਵਲ ਆਪਣੀ ਹੋਂਦ ਨੂੰ ਹੀ ਦਰਸਾ ਰਹੇ ਹੁੰਦੇ ਹਨ ਇਸ ਕਾਰਣ ਕਰਕੇ ਉਹ ਹੋਰ ਔਕੜਾਂ ਖੜ੍ਹੀਆਂ ਕਰ ਲੈਂਦੇ ਹਨ, ਔਕੜਾਂ ਘਟਦੀਆਂ ਨਹੀਂ। ਹਉਮੈ ਆਪਣੇ ਆਲੇ-ਦੁਆਲੇ ਕੰਧ ਖੜੀ ਕਰਕੇ ਰਖਦੀ ਹੈ, ਇਹ ਆਤਮ ਭਾਵ ਬਾਰੇ ਚੇਤਨਤਾ ਗੁਆ ਬੈਠਦੀ ਹੈ ਅਤੇ ਭੁੱਲ ਜਾਂਦੀ ਹੈ ਕਿ ਇਸ ਦਾ ਸਬੰਧ ਆਤਮਾ ਨਾਲ ਹੈ ਇਥੋਂ ਸਾਰੀ

ਮਾਇਆ ਉਤਪੰਨ ਹੁੰਦੀ ਹੈ।

ਮਨੁੱਖ ਨੂੰ ਕੇਵਲ ਬੋਧਿਕ ਗਿਆਨ ਦੀ ਪ੍ਰਾਪਤੀ ਨਹੀਂ ਕਰਨੀ ਚਾਹੀਦੀ, ਨਾਲ-ਨਾਲ ਸ੍ਵੈ ਅਨੁਸ਼ਾਸ਼ਨ ਸਹਿਜ ਅਤੇ ਸੰਜਮ ਦਾ ਅਨੁਭਵ ਵੀ ਕਰਨਾ ਚਾਹੀਦਾ ਹੈ, ਇਹ ਜ਼ਰੂਰੀ ਹੈ ਇਸ ਨਾਲ ਕੋਈ ਬੋਝ ਨਹੀਂ ਪੈਂਦਾ, ਕੋਈ ਕਸ਼ਟ ਨਹੀਂ ਹੁੰਦਾ, ਅਨੁਸ਼ਾਸ਼ਨ ਤੋਂ ਬਿਨਾਂ ਕਰਤਬ ਕਰਨਾ ਬੜਾ ਔਖਾ ਹੈ। ਅੱਜ ਦੇ ਸਮੇਂ ਨਾ ਤਾਂ ਸਾਡੇ ਆਗੂ, ਨਾ ਅਧਿਆਪਕ ਅਨੁਸ਼ਾਸ਼ਨ ਵਿਚ ਹਨ ਪਰ ਉਹ ਦੂਸਰਿਆਂ ਵਿਚ ਅਨੁਸ਼ਾਸ਼ਨ ਲਿਆਉਣਾ ਚਾਹੁੰਦੇ ਹਨ, ਇਸ ਕਰਕੇ ਹੀ ਉਹ ਕਾਮਯਾਬ ਨਹੀਂ ਹਨ, ਦੂਸਰਿਆਂ ਨੂੰ ਅਨੁਸ਼ਾਸ਼ਨ, ਸਹਿਜ, ਸੰਜਮ ਸਿਖਾਉਣ ਤੋਂ ਪਹਿਲਾਂ ਆਪਣੇ ਆਪ ਨੂੰ ਸਹਿਜ, ਸੰਜਮ ਵਿਚ ਲਿਆਉਣਾ ਬਹੁਤ ਲੋੜੀਂਦਾ ਹੈ।

31. ਤੈਨੂੰ ਯਥਾਰਥ ਦੇਖ ਕੇ ਕੰਬਣਾ ਨਹੀਂ ਚਾਹੀਦਾ ਕਿਉਂਕਿ ਇਕ ਯੋਧੇ ਲਈ ਨਿਆਂ ਦੀ ਲੜਾਈ ਤੋਂ ਉਚੀ ਕੋਈ ਚੀਜ਼ ਨਹੀਂ ਹੈ।

32. ਉਹ ਯੋਧੇ ਬੜੇ ਵਡਭਾਗੇ ਹਨ ਜਿਨ੍ਹਾਂ ਨੂੰ ਇਹੋ ਜਿਹਾ ਯੁੱਧ ਬਣਿਆ ਬਣਾਇਆ ਮਿਲ ਜਾਂਦਾ ਹੈ, ਇਹ ਸਵਰਗ ਦੇ ਰਸਤੇ ਉਤੇ ਇਕ ਖੁਲ੍ਹੇ ਦੁਆਰ ਦੀ ਤਰ੍ਹਾਂ ਹੈ।

ਕ੍ਰਿਸ਼ਨ ਜੀ ਅਰਜਨ ਨੂੰ ਸਮਝਾਉਂਦੇ ਹਨ ਕਿ ਡੀਊਟੀ ਸਭ ਤੋਂ ਉਚ ਹੈ, ਕਿਉਂਕਿ ਡੀਊਟੀ ਕਰਦਿਆਂ ਹੀ ਜੀਵਨ ਦੇ ਮਨੋਰਥ ਦੀ ਪੂਰਤੀ ਹੋ ਸਕਦੀ ਹੈ। ਡੀਊਟੀ ਦੀ ਪੂਰਨਤਾ ਹੀ ਧਰਮ ਹੈ। ਧਰਮ ਸ਼ਬਦ ਦੇ ਅਰਥ ਬੜੇ ਡੂੰਘੇ ਹਨ। ਧਰਮ ਮਜ਼ਹਬ ਨਹੀਂ ਹੈ, ਇਸ ਵਿਚ ਜੀਵਨ ਦਾ ਹਰ ਪਹਿਲੂ ਸ਼ਾਮਿਲ ਹੈ, ਅੰਦਰੋਂ ਵੀ ਤੇ ਬਾਹਰੋਂ ਵੀ। ਇਹ ਜੀਵਨ ਦੇ ਹਰ ਪੱਧਰ ਤੇ ਲਾਗੂ ਹੈ ਇਹ ਡਿਊਟੀਆਂ ਇਕਸਾਰਤਾ ਨਾਲ, ਨਿਪੁੰਨਤਾ ਨਾਲ, ਸੁਆਰਥਹੀਨ ਹੋ ਕੇ ਅਤੇ ਪਿਆਰ ਨਾਲ ਕਰਨ ਬਾਰੇ ਆਦੇਸ਼ ਹੈ। ਇਕ ਜੀਵਨ ਦਾ ਮਹੱਤਵ ਸੰਪੂਰਨ ਕਰਨ ਲਈ ਸਹਾਇਕ ਹੁੰਦਾ ਹੈ ਅਤੇ ਸਾਨੂੰ ਦੂਸਰਿਆਂ ਨਾਲ ਸਬੰਧ ਜੋੜਨ ਅਤੇ ਸਮਾਜ ਨਾਲ ਇਕਸਾਰਤਾ ਬਣਾਈ ਰੱਖਣ ਵਿਚ ਸਹਾਇਕ ਹੁੰਦਾ ਹੈ।

ਇਕ ਨਾ ਇਕ ਸਮੇਂ ਹਰ ਕੋਈ ਡੀਊਟੀ ਬਾਰੇ, ਧਰਮ ਬਾਰੇ ਘਬਰਾ ਜਾਂਦਾ ਹੈ। ਅਰਜਨ! ਇਕ ਯੋਧਾ ਲੜਾਈ ਦੇ ਵਿਗਿਆਨ ਅਤੇ ਕਲਾ ਵਿਚ ਪੂਰੀ ਤਰ੍ਹਾਂ ਨਿਪੁੰਨ ਹੈ ਉਸ ਨੂੰ ਆਪਣੀ ਡਿਊਟੀ ਕਰਨੀ ਚਾਹੀਦੀ ਹੈ, ਅਭਿਆਸ ਕਰਨਾ ਚਾਹੀਦਾ ਹੈ। ਕ੍ਰਿਸ਼ਨ ਜੀ ਕਹਿੰਦੇ ਹਨ ਤੂੰ ਤਿਆਗ ਬਾਰੇ ਨਾ ਸੋਚ, ਤਿਆਗ ਤੁਹਾਡਾ ਧਰਮ ਨਹੀਂ ਹੈ। ਕ੍ਰਿਸ਼ਨ ਜੀ ਉਸ ਦਾ ਪੱਥ ਪ੍ਰਦਰਸ਼ਨ ਕਰਦੇ ਹਨ ਤਾਂ ਜੋ ਉਹ ਆਪਣਾ ਧਰਮ ਨਿਭਾ ਸਕੇ। ਅਰਜਨ ਦਾ ਧਰਮ ਯੁੱਧ ਕਰਨਾ ਹੈ ਯੁੱਧ ਕਰਕੇ ਹੀ ਉਸ ਲਈ ਸਵਰਗ ਦੇ ਦਰਵਾਜ਼ੇ ਖੁਲ੍ਹ ਸਕਦੇ ਹਨ। ਸਵਰਗ ਦੇ ਬੂਹੇ ਸਾਰਿਆਂ ਲਈ ਹੀ ਖੁਲ੍ਹ ਸਕਦੇ ਹਨ ਜੇ ਸਾਰੇ ਆਪਣਾ ਧਰਮ ਸੁਚੱਜੀ ਤਰ੍ਹਾਂ ਨਿਭਾਉਣਾ ਸਿੱਖ ਲੈਣ। ਇਹ ਦਸਣਾ ਜ਼ਰੂਰੀ ਹੈ ਕਿ ਸਵਰਗ ਤੋਂ ਇਥੇ ਭਾਵ ਹੈ ਉਚੀ ਅਵਸਥਾ ਦਾ

ਗਿਆਨ। ਉਹ ਗਿਆਨ ਜਿਹੜਾ ਤੁਹਾਨੂੰ ਬਾਹਰੀ ਸੰਸਾਰ ਤੋਂ ਛੁਟਕਾਰਾ ਦੁਆ ਦਿੰਦਾ ਹੈ। ਸੰਸਾਰ ਦੀਆਂ ਸਾਰੀਆਂ ਪਰੰਪਰਾ ਅਨੁਸਾਰ ਸਵਰਗ ਦੀ ਪ੍ਰਾਪਤੀ ਮਰਨ ਉਪਰੰਤ ਹੀ ਹੁੰਦੀ ਹੈ ਪਰ ਜਿਹੜੇ ਮਰਨ ਦੀ ਕਲਾ ਅਤੇ ਵਿਗਿਆਨ ਨੂੰ ਜਾਣਦੇ ਹਨ ਉਹ ਮਰਨ ਉਪਰੰਤ ਦਾ ਜੀਵਨ ਪਹਿਲਾਂ ਹੀ ਦੇਖ ਸਕਦੇ ਹਨ। ਉਸ ਦੀ ਝਲਕ ਉਨ੍ਹਾਂ ਦੇ ਅੱਗੇ ਆ ਜਾਂਦੀ ਹੈ।

ਜਦੋਂ ਮਨੁੱਖ ਭੂਤਕਾਲ, ਭਵਿੱਖ ਅਤੇ ਵਰਤਮਾਨ ਨੂੰ ਜਾਨਣਾ ਸਿੱਖ ਲੈਂਦਾ ਹੈ ਅਤੇ ਜਾਣ ਜਾਂਦਾ ਹੈ ਕਿ ਇਹ ਸਮੁੱਚੇ ਦੇ ਹੀ ਹਿੱਸੇ ਹਨ ਉਸ ਲਈ ਅਗਲਾ ਜੀਵਨ ਦੇਖਣਾ ਕੋਈ ਔਖਾ ਨਹੀਂ ਰਹਿੰਦਾ, ਉਹ ਪਹਿਲਾਂ ਕੀ ਸੀ, ਹੁਣ ਕੀ ਹੈ? ਜਿਵੇਂ ਉਹ ਹੁਣ ਦਾ ਜੀਵਨ ਜੀਅ ਰਿਹਾ ਹੈ, ਉਸ ਦਾ ਅੱਗਾ ਕਿਵੇਂ ਹੋਵੇਗਾ। ਮਰਨ ਉਪਰੰਤ ਆਤਮਾ ਸਵਰਗ ਜਾਂ ਨਰਕ ਨਹੀਂ ਜਾਂਦੀ, ਉਹ ਤਾਂ ਉਸ ਦੀ ਆਦਤਾਂ ਦੇ ਬਣਾਏ ਹੋਏ ਵਾਤਵਰਣ ਵਿਚ ਹੀ ਰਹਿੰਦੀ ਹੈ। ਨਿਖੇਧੀ ਦੀਆਂ ਆਦਤਾਂ ਦੇ ਬਣਾਏ ਹੋਏ ਵਾਤਾਵਰਣ ਵਿਚ ਹੀ ਰਹਿੰਦੀ ਹੈ। ਨਿਖੇਧੀ ਦੀਆਂ ਆਦਤਾਂ ਦੁਖਦਾਈ ਅਨੁਭਵ ਦਿੰਦੀਆਂ ਹਨ ਉਸ ਨੂੰ ਨਰਕ ਕਿਹਾ ਜਾਂਦਾ ਹੈ, ਚੰਗੀਆਂ ਆਦਤਾਂ ਸੁਖਦਾਈ ਅਨੁਭਵ ਦਿੰਦੀਆਂ ਹਨ ਉਨ੍ਹਾਂ ਨੂੰ ਸਵਰਗ ਕਿਹਾ ਜਾਂਦਾ ਹੈ। ਸਵਰਗ ਅਚੇਤ ਮਨ ਵਿਚ ਬਣਾਇਆ ਹੋਇਆ ਇਕ ਖਿਆਲ ਹੈ ਜਿਥੇ ਚੰਗੀਆਂ ਮਾੜੀਆਂ ਆਦਤਾਂ ਦਾ ਖਾਤਾ ਜਮ੍ਹਾ ਹੁੰਦਾ ਰਹਿੰਦਾ ਹੈ ਬਾਹਰੀ ਕੋਈ ਵੀ ਚੀਜ਼ ਸਵਰਗ ਜਾਂ ਨਰਕ ਵਿਚ ਜਾਣ ਲਈ ਮਜ਼ਬੂਰ ਨਹੀਂ ਕਰ ਸਕਦੀ। ਸਵਰਗ, ਨਰਕ ਉਹ ਸਚਾਈਆਂ ਹਨ ਜਿਹੜੀਆਂ ਮਨੁੱਖ ਆਪਣੀ ਸੋਚ ਕਰਨੀ ਅਤੇ ਆਦਤਾਂ ਨਾਲ ਬਣਾਉਂਦਾ ਹੈ।

33. ਜੇ ਤੂੰ ਇਹ ਨਿਆਂ ਦਾ ਯੁੱਧ ਨਹੀਂ ਕਰੇਂਗਾ, ਆਪਣੀ ਡਿਊਟੀ ਤੋਂ ਪਰ੍ਹੇ ਹਟ ਜਾਏਂਗਾ। ਆਪਣੀ ਸ਼ਾਨ ਤੋਂ ਪਰ੍ਹੇ ਹਟ ਜਾਏਂਗਾ ਤੂੰ ਇਕ ਬਹੁਤ ਵੱਡਾ ਅਧਰਮ ਕਰੇਂਗਾ।

ਕ੍ਰਿਸ਼ਨ ਜੀ ਅਰਜਨ ਨੂੰ ਕਹਿੰਦੇ ਹਨ ਜੇ ਤੂੰ ਆਪਣੀ ਡਿਊਟੀ ਨਹੀਂ ਕਰੇਂਗਾ, ਤੂੰ ਅਧਰਮ ਕਰੇਂਗਾ। ਇਹ ਸ਼ਬਦ ਭਾਵੇਂ ਕੱਟੜ ਮਜ਼ਹਬਾਂ ਵਿਚ ਵਰਤਿਆ ਗਿਆ ਹੈ ਸੰਸਾਰ ਦੇ ਵੱਡੇ-ਵੱਡੇ ਅਧਿਆਤਮਵਾਦੀ ਬੜੇ ਹੈਰਾਨ ਹਨ ਇਸ ਸ਼ਬਦ ਦੀ ਵਰਤੋਂ ਤੇ। ਅਧਰਮ ਦਾ, ਪਾਪ ਦਾ ਡਰ ਮਨਾਂ ਵਿਚ ਕੁੱਟ, ਕੁੱਟ ਕੇ ਭਰਿਆ ਹੋਇਆ ਹੈ, ਭਾਵੇਂ ਕਿੰਨੇ ਹੀ ਸਾਧਨ ਕਿਉਂ ਨਾ ਕਰ ਲਉ, ਪਸ਼ਚਾਤਾਪ ਕਰ ਲਉ, ਆਪਣੇ ਪਾਪਾਂ ਨੂੰ ਮੰਨ ਲਵੋ, ਕਬੂਲ ਲਵੋ ਤਾਂ ਵੀ ਮਨ ਵਿਚ ਅਪਰਾਧੀ ਹੋਣ ਦਾ ਧੁੜਕੂ ਲੱਗਾ ਹੀ ਰਹਿੰਦਾ ਹੈ ਕਿਉਂਕਿ ਅਸੀਂ ਪਾਪ ਨੂੰ ਮੰਨਦੇ ਹਾਂ, ਪਾਪ ਨੂੰ ਮੰਨਣਾ ਹੀ ਅਪਰਾਧੀ ਬਣਾ ਦਿੰਦਾ ਹੈ ਅਤੇ ਨਾਲ ਹੀ ਸਜ਼ਾ ਦਾ ਡਰ ਲਗ ਜਾਂਦਾ ਹੈ।

ਯੋਗ ਦਾ ਵਿਗਿਆਨ ਪਾਪ ਨੂੰ ਹੋਰ ਤਰ੍ਹਾਂ ਲੈਂਦਾ ਹੈ। ਉਹ ਕਹਿੰਦੇ ਹਨ ਪਾਪ ਸਾਡੇ ਸਦਾਚਾਰ ਦਾ ਭਾਗ ਹੈ, ਕਰਨੀ ਦਾ ਭਾਗ ਹੈ, ਉਹ ਕਰਨੀ ਜਿਹੜੀ ਸਾਡੇ ਜੀਵਨ ਵਿਚ ਔਕੜਾਂ ਪਾਉਂਦੀ ਹੈ, ਇਹ ਸਦਾਚਾਰ, ਇਹ ਕਰਨੀ ਸੁਧਾਰੀ ਜਾ ਸਕਦੀ ਹੈ। ਮਿਸਾਲ ਵਜੋਂ ਜੇ ਮੈਂ ਪ੍ਰੇਮ ਨਾਲ ਨਹੀਂ

ਵਿਚਰਦਾ, ਮੈਂ ਪਾਪ ਤਾਂ ਨਹੀਂ ਕਰ ਰਿਹਾ, ਕੋਈ ਇਹੋ ਜਿਹਾ ਪਾਪ ਨਹੀਂ ਕਰ ਰਿਹਾ ਜਿਸ ਦੀ ਸਜ਼ਾ ਮੈਨੂੰ ਮਿਲ ਸਕੇ ਪਰ ਹਾਂ! ਮੈਂ ਆਪਣੇ ਅਤੇ ਦੂਸਰਿਆਂ ਦੇ ਵਿਚ ਇਕ ਕੰਧ ਜ਼ਰੂਰ ਖੜ੍ਹੀ ਕਰ ਰਿਹਾ ਹਾਂ, ਉਹ ਕੰਧ ਜਿਹੜੀ ਮੇਰਾ ਦੂਸਰਿਆਂ ਨਾਲ ਮਿਲਾਪ ਔਖਾ ਕਰ ਦੇਵੇਗੀ। ਉਹ ਆਪਣੇ ਆਪ ਵਿਚ ਇਕ ਸਜ਼ਾ ਹੈ। ਜਦੋਂ ਮੈਂ ਆਪਣਾ ਉਹ ਸਦਾਚਾਰ ਬਦਲਦਾ ਹਾਂ ਮੇਰਾ ਦੁਖ ਆਪਣੇ ਆਪ ਹੀ ਦੂਰ ਹੋ ਜਾਂਦਾ ਹੈ। ਮਨੁੱਖ ਨੂੰ ਆਪਣੇ ਆਪ ਨੂੰ ਸੋਧਣ ਦੀ ਕੋਸ਼ਿਸ਼ ਕਰਨੀ ਹੀ ਚਾਹੀਦੀ ਹੈ, ਸਜ਼ਾ ਦੇ ਬਾਰੇ ਨਹੀਂ ਸੋਚਣਾ ਚਾਹੀਦਾ। ਯੋਗ ਅਨੁਸਾਰ ਪਾਪ ਅਗਿਆਨ ਤੋਂ ਪੈਦਾ ਹੁੰਦਾ ਹੈ, ਸਾਰੀਆਂ ਸਮਸਿਆਵਾਂ ਦੀ ਜੜ੍ਹ ਅਗਿਆਨ ਹੀ ਹੈ। ਅਸੀਂ ਪਾਪ ਕਰਦੇ ਹਾਂ, ਔਕੜਾਂ ਪੈਦਾ ਕਰਦੇ ਹਾਂ, ਇਹ ਸਾਡੀਆਂ ਨਿਖੇਧੀ ਦੀਆਂ ਆਦਤਾਂ ਕਰਕੇ ਹੀ ਹੈ। ਜਦੋਂ ਜਾਣਦਿਆਂ ਹੋਇਆਂ ਅਸੀਂ ਭੈੜੇ ਕੰਮ ਕਰਦੇ ਹਾਂ ਸਾਨੂੰ ਪਤਾ ਹੈ ਕਿ ਇਨ੍ਹਾਂ ਦਾ ਨਤੀਜਾ ਚੰਗਾ ਨਹੀਂ ਹੋਵੇਗਾ, ਫੇਰ ਵੀ ਅਸੀਂ ਉਸ ਨੂੰ ਪਰ੍ਹੇ ਕਰ ਦਿੰਦੇ ਹਾਂ, ਉਸ ਸਮੇਂ ਅਸੀਂ ਆਪਣੀ ਆਦਤ ਦੇ ਬੱਧੇ ਉਹ ਕੰਮ ਕਰ ਰਹੇ ਹੁੰਦੇ ਹਾਂ, ਜੋ ਸਾਨੂੰ ਨਹੀਂ ਕਰਨਾ ਚਾਹੀਦਾ। ਗਿਆਨ ਤੋਂ ਭਾਵ ਹੈ ਜਾਨਣਾ, ਚੰਗੀ ਤਰ੍ਹਾਂ ਜਾਨਣਾ ਅਤੇ ਬੁੱਝਣਾ, ਆਪਣੀ ਸਾਰੀ ਕ੍ਰਿਆ ਬੁੱਝ ਕੇ ਕਰਨੀ, ਬੁੱਝ ਕੇ ਕੀਤੀ ਹੋਈ ਕ੍ਰਿਆ ਸਾਡੇ ਲਈ ਔਕੜਾਂ ਪੈਦਾ ਨਹੀਂ ਕਰਦੀ। ਕ੍ਰਿਸ਼ਨ ਜੀ ਅਰਜਨ ਨੂੰ ਦਸਦੇ ਹਨ ਜੇ ਉਸ ਨੇ ਆਪਣਾ ਧਰਮ ਨਾ ਨਿਭਾਇਆ ਤਾਂ ਉਹ ਆਪਣੇ ਲਈ ਔਕੜਾਂ ਖੜ੍ਹੀਆਂ ਕਰ ਲਵੇਗਾ ਅਤੇ ਉਹ ਔਕੜਾਂ ਉਸ ਨੂੰ ਜੀਵਨ ਮਨੋਰਥ ਨਹੀਂ ਪ੍ਰਾਪਤ ਹੋਣ ਦੇਣਗੀਆਂ।

34. ਲੋਕੀ ਤੇਰੇ ਲਈ ਸਦਾ ਅਪਮਾਨ ਵਾਲੇ ਸ਼ਬਦ ਵਰਤਣਗੇ। ਬਦਨਾਮੀ ਹੋਵੇਗੀ, ਇਹ ਬਦਨਾਮੀ ਉਸ ਲਈ, ਜਿਸ ਦਾ ਕਦੇ ਬਹੁਤ ਮਾਨ ਹੋਵੇ, ਮੌਤ ਤੋਂ ਵੀ ਮਾੜੀ ਹੈ।

35. ਵੱਡੇ-ਵੱਡੇ ਰਥਾਂ ਦੇ ਰਥਵਾਨ ਸੋਚਣਗੇ ਤੂੰ ਡਰ ਕੇ ਯੁੱਧ ਦਾ ਮੈਦਾਨ ਛੱਡ ਕੇ ਦੌੜ ਗਿਆ ਹੈਂ, ਐਡਾ ਬਲਵਾਨ ਹੋਣ ਉਪਰੰਤ ਤੇਰੀ ਬੜੀ ਹੇਠੀ ਹੋਵੇਗੀ।

36. ਜਿਹੜੇ ਪਹਿਲਾਂ ਤੇਰਾ ਬੁਰਾ ਸੋਚਦੇ ਸਨ ਉਹ ਹੁਣ ਬੁਰਾ ਕਹਿਣਗੇ ਵੀ, ਤੇਰੇ ਬਲ ਦੀ ਖਿੱਲੀ ਉਡਾਉਣਗੇ। ਏਸ ਤੋਂ ਵੱਧ ਦੁਖਦਾਈ ਕੀ ਹੋ ਸਕਦਾ ਹੈ।

37. ਜੇ ਮਾਰਿਆ ਜਾਏਂਗਾ ਤਾਂ ਸਵਰਗ ਜਾਏਂਗਾ, ਜੇ ਜਿੱਤ ਗਏ ਧਰਤੀ ਦੇ ਰਾਜ ਮਾਣੋਗੇ। ਸੋ ਉਠ! ਹੇ ਕੁੰਤੀ ਪੁੱਤਰ, ਯੁੱਧ ਕਰਨ ਲਈ ਉਠ ਖੜ੍ਹਾ ਹੋ।

ਜਿਹੜੇ ਆਪਣੀਆਂ ਡਿਊਟੀਆਂ ਨਹੀਂ ਕਰਦੇ, ਜਾਣ ਬੁਝ ਕੇ ਨਹੀਂ ਕਰਦੇ, ਸਮਾਜ ਉਨ੍ਹਾਂ ਦਾ ਕਦੀ ਮਾਣ ਨਹੀਂ ਕਰਦਾ। ਉਹ ਦੂਸਰਿਆਂ ਲਈ ਵੀ ਮਿਸਾਲ ਸਾਬਤ ਨਹੀਂ ਹੋ ਸਕਦੇ, ਉਹ ਸਮਾਜ ਨੂੰ ਤੋੜਦੇ ਹਨ। ਕ੍ਰਿਸ਼ਨ

ਜੀ ਅਰਜਨ ਨੂੰ ਅੰਦਰ ਤਕ ਦੀਆਂ ਪਧਰਾਂ ਤੇ ਲੈ ਜਾਂਦੇ ਹਨ ਅਤੇ ਨਾਲ ਹੀ ਉਸ ਨੂੰ ਇਹ ਚੇਤਾਵਨੀ ਦਿੰਦੇ ਹਨ ਕਿ ਸੰਸਾਰਕ ਧਰਮ ਨਹੀਂ ਛੱਡਣਾ। ਜਦੋਂ ਕੋਈ ਆਪਣੀ ਡਿਊਟੀ ਕਰਨ ਵਿਚ ਅਣਗਹਿਲੀ ਕਰਦਾ ਹੈ ਦੂਸਰੇ ਉਸ ਲਈ ਮੰਦਾ ਹੀ ਸੋਚਦੇ ਹਨ, ਬਦਨਾਮੀ ਹੁੰਦੀ ਹੈ, ਹੀਣ ਭਾਵਨਾ ਆ ਜਾਂਦੀ ਹੈ। ਜਦੋਂ ਇਹ ਮਹਿਸੂਸ ਕਰਦਾ ਹੈ ਕਿ ਬਦਨਾਮੀ ਮੇਰੀ ਹੀ ਗਲਤੀ ਕਰਕੇ ਹੋਈ ਹੈ ਅੰਦਰ ਦੀ ਤਾਕਤ ਕਮਜ਼ੋਰ ਪੈ ਜਾਂਦੀ ਹੈ। ਆਪਣੇ ਆਪ ਨੂੰ ਨਿਖੇਦਣ ਲਗ ਪੈਂਦਾ ਹੈ, ਆਤਮ ਘਾਤ ਦੇ ਵਿਚਾਰ ਆਉਣ ਲਗ ਪੈਂਦੇ ਹਨ। ਅਸੀਂ ਦੇਖਦੇ ਹਾਂ ਕਿ ਸਿਆਸੀ ਆਗੂ ਲੋਕਾਂ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੁੰਦੇ ਹਨ। ਜਿਨ੍ਹਾਂ ਨੂੰ ਲੋਕ ਨਿਖੇਧਾਤਮਕ ਸੁਝਾਅ ਦੇ ਦੇਣ, ਉਹ ਪਰੇਸ਼ਾਨ ਹੋ ਜਾਂਦੇ ਹਨ ਅਤੇ ਬੜੀ ਨਾਕਾਮਯਾਬੀ ਨਾਲ ਆਪਾ ਬਚਾਉਣ ਦੀ ਕੋਸ਼ਿਸ਼ ਕਰਦੇ ਹਨ।

ਹਰ ਹਾਲਤ ਵਿਚ ਸਾਧਕ ਨੂੰ ਆਪਣੀ ਅੰਦਰ ਦੀ ਤਾਕਤ ਨੂੰ ਸੁਰੱਖਿਅਤ ਰਖਣਾ ਚਾਹੀਦਾ ਹੈ। ਅੰਦਰ ਦੀ ਸ਼ਕਤੀ ਨੂੰ ਸਾਂਭ ਕੇ ਤਾਂ ਹੀ ਰੱਖਿਆ ਜਾ ਸਕਦਾ ਹੈ ਜੇ ਅੰਦਰ ਕੋਈ ਦ੍ਵੰਦ ਨਾ ਹੋਵੇ, ਮਨ ਸਾਫ ਹੋਵੇ। ਜਦੋਂ ਕੋਈ ਨਿਸ਼ਚੇਕਾਰੀ ਹੁੰਦਾ ਹੈ ਉਹ ਆਪਣੀ ਸ਼ਕਤੀ ਸਮੇਟ ਕੇ ਰਖਦਾ ਹੈ। ਕ੍ਰਿਸ਼ਨ ਜੀ ਅਰਜਨ ਨੂੰ ਉਪਦੇਸ਼ ਦਿੰਦੇ ਹਨ ਉਹ ਆਪਣੇ ਦ੍ਵੰਦ ਤੋਂ ਉਪਰ ਉਠੇ ਅਤੇ ਆਪਣਾ ਧਰਮ ਨਿਭਾਵੇ। ਉਹ ਅਰਜਨ ਨੂੰ ਸਮਝਾਉਂਦੇ ਹਨ ਕਿ ਯੁੱਧ ਭੂਮੀ ਵਿਚ ਮਰਨ ਤੋਂ ਡਰਨ ਦੀ ਲੋੜ ਨਹੀਂ ਹੈ, ਜੇ ਉਹ ਯੁੱਧ ਕਰਦਾ ਵੀਰ ਗਤੀ ਨੂੰ ਪ੍ਰਾਪਤ ਹੋ ਗਿਆ ਤਾਂ ਸਵਰਗ ਜਾਵੇਗਾ, ਜੇ ਯੁੱਧ ਜਿੱਤ ਗਏ ਤਾਂ ਧਰਤੀ ਦਾ ਰਾਜ ਮਾਨਣਗੇ। ਕ੍ਰਿਸ਼ਨ ਜੀ ਬਾਰ-ਬਾਰ ਅਰਜਨ ਨੂੰ ਇਹੋ ਹੀ ਸਮਝਾਉਂਦੇ ਹਨ ਕਿ ਲੜਨਾ ਤੇਰਾ ਧਰਮ ਹੈ, ਇਹ ਨਿਆਂ ਦਾ ਯੁੱਧ ਹੈ, ਯੁੱਧ ਕਰਨਾ ਵੀ ਨਿਆਂ ਹੈ। ਅਰਜਨ ਖਤਰੀ ਹੈ, ਯੋਧਾ ਹੈ, ਖਤਰੀ ਸ਼ਬਦ ਦੇ ਅਰਥ ਹਨ ਜੋ ਨਿਆਂ ਲਈ ਸੱਚ ਲਈ ਲੜਦਾ ਹੈ, ਦੂਸਰਿਆਂ ਨੂੰ ਦੁਖ ਤੋਂ ਬਚਾਉਂਦਾ ਹੈ। ਕ੍ਰਿਸ਼ਨ ਦੇ ਪੱਥ ਪਰਦਰਸ਼ਨ ਨਾਲ ਪ੍ਰਵਚਨਾਂ ਨਾਲ ਅਰਜਨ ਦੀ ਅੰਦਰ ਦੀ ਸੁਚੇਤਨਾ ਉਸ ਨੂੰ ਡਿਊਟੀ ਕਰਨ ਲਈ ਮਜ਼ਬੂਰ ਕਰਦੀ ਹੈ ਅਤੇ ਇਸ ਤਰ੍ਹਾਂ ਹੋਣ ਨਾਲ ਇਹ ਬੜਿਆਂ ਲਈ ਇਕ ਮਿਸਾਲ ਦਾ ਕੰਮ ਦਿੰਦਾ ਹੈ। ਖਾਸ ਤੌਰ ਤੇ ਉਨ੍ਹਾਂ ਲਈ ਜੋ ਭਟਕ ਚੁੱਕੇ ਹਨ ਜੋ ਮਰਨ ਤੋਂ ਡਰਦੇ ਹਨ ਅਤੇ ਮਾਰਨ ਤੋਂ ਡਰਦੇ ਹਨ।

ਗੁਰਬਾਣੀ ਵਿਚੋਂ -

***ਖਤ੍ਰੀ ਸੋ ਜੁ ਕਰਮਾ ਕਾ ਸੂਰੁ॥ ਪੁੰਨ ਦਾਨ ਕਾ ਕਰੈ ਸਰੀਰੁ॥***
***ਖੇਤੁ ਪਛਾਣੈ ਬੀਜੈ ਦਾਨੁ॥ ਸੋ ਖਤ੍ਰੀ ਦਰਗਹ ਪਰਵਾਣੁ॥***
***ਪੰਨਾ - 1411***

ਖਤ੍ਰੀ ਦੇ ਚਾਰ ਧਰਮ ਹਨ -

1. ਵੇਦ ਪੜ੍ਹਨਾ, 2. ਦਾਨ ਕਰਨਾ, 3. ਯੱਗ ਕਰਨਾ, 4. ਦੇਸ਼ ਦੀ

ਰਾਖੀ ਅਤੇ ਨਿਆਂ ਦੀ ਪਾਲਣਾ ਕਰਦਿਆਂ ਆਪਣੇ ਪ੍ਰਾਣਾਂ ਦੀ ਅਹੂਤੀ ਦੇ ਦੇਣੀ, ਪਰ ਗੁਰੂ ਜੀ ਤੋਂ ਪਹਿਲਾਂ ਹੀ ਖਤ੍ਰੀ ਨੇ ਆਪਣਾ ਧਰਮ ਛੱਡ ਦਿਤਾ ਸੀ –

*ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥*
*ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥*
*ਪੰਨਾ – 663*

*(ਚੇਅਰਮੈਨ, ਆਤਮ ਮਾਰਗ)*

38. ਦੁਖ-ਸੁਖ ਨੂੰ, ਹਾਨੀ ਨੂੰ, ਹਾਰ-ਜਿੱਤ ਨੂੰ ਸਮ ਜਾਣਦਿਆਂ, ਯੁੱਧ ਦੀ ਤਿਆਰੀ ਕਰੋ ਇਸ ਤਰ੍ਹਾਂ ਕਰਨ ਨਾਲ ਕੋਈ ਪਾਪ ਨਹੀਂ ਲਗੇਗਾ।

ਸੁੱਖ ਦੁਖ ਵਿਪਰੀਤ ਹਨ ਜੋ ਰੋਜ਼ ਦੇ ਜੀਵਨ ਵਿਚ ਅਸੀਂ ਅਨੁਭਵ ਕਰਦੇ ਹਾਂ ਪਰ ਇਹ ਸਾਪੇਖ ਹਨ ਸ਼ਬਦ ਹਨ। ਜਦੋਂ ਖਿੜਕੀ ਵਿਚੋਂ ਅਸੀਂ ਦਿਗ-ਮੰਡਲ ਦੇਖਦੇ ਹਾਂ ਬਹੁਤ ਛੋਟਾ ਪ੍ਰਤੀਤ ਹੁੰਦਾ ਹੈ, ਜੇ ਛੱਤ ਉਤੇ ਚੜ੍ਹ ਕੇ ਦੇਖੀਏ ਤਾਂ ਉਹ ਦਿਗ-ਮੰਡਲ ਚੁਫੇਰੇ ਫੈਲਿਆ ਦਿਸਦਾ ਹੈ। ਬਿਲਕੁਲ ਇਸ ਤਰ੍ਹਾਂ ਹੀ ਜਦੋਂ ਕੋਈ ਆਪਣੀ ਦ੍ਰਿਸ਼ਟ ਸ਼ਕਤੀ ਵਧਾਉਣਾ ਚਾਹੁੰਦਾ ਹੈ ਤਾਂ ਸੁੱਖ-ਦੁਖ ਦਾ ਭਾਵ ਵੀ ਬਦਲ ਜਾਇਆ ਕਰਦਾ ਹੈ। ਸੁਖ-ਦੁਖ ਮਨ ਇੰਦ੍ਰੀਆਂ ਦੇ ਉਲੀਕੇ ਹੋਏ ਹਨ ਜਦੋਂ ਉਹ ਬਾਹਰੀ ਸੰਸਾਰ ਦੇ ਸਪਰਸ਼ ਵਿਚ ਆਉਂਦੇ ਹਨ। ਪਰ ਜਦੋਂ ਨਿਰਣੇ ਨਾਲ ਦੇਖਿਆ ਜਾਵੇ ਤਾਂ ਇਹ ਖਤਮ ਹੋ ਜਾਂਦੀਆਂ ਹਨ ਕਿਉਂਕਿ ਸਾਡੀਆਂ ਬਿਰਤੀਆਂ ਬਦਲ ਜਾਂਦੀਆਂ ਹਨ। ਜਦੋਂ ਉਚੇ ਪੱਧਰ ਉਤੇ ਪਹੁੰਚ ਜਾਈਦਾ ਹੈ ਸੁਖ-ਦੁਖ ਦਾ ਮਤਲਬ ਖਤਮ ਹੋ ਜਾਂਦਾ ਹੈ। ਸੁੱਖ-ਦੁਖ ਤਾਂ ਅੰਦਰ ਦੀ ਸ਼ਕਤੀ ਬਰਦਾਸ਼ਤ, ਧੀਰਜ ਅਤੇ ਜੀਵਨ ਮਨੋਰਥ ਦਾ ਪ੍ਰਤੀਕ ਹਨ। ਸੁੱਖ-ਦੁਖ ਦਾ ਅਨੁਭਵ ਜੀਵਨ ਦੀ ਆਵਸ਼ਕਤਾ ਤੇ ਜੀਵਨ ਦੀ ਮਹੱਤਵਪੂਰਨਤਾ ਤੇ ਨਿਰਭਰ ਹੈ। ਮਿਸਾਲ ਵਜੋਂ ਮਾਂ ਬੱਚੇ ਨੂੰ ਜਨਮ ਦੇਣ ਲੱਗਿਆਂ ਬਹੁਤ ਦੁਖ, ਪੀੜਾ ਝੇਲਦੀ ਹੈ ਪਰ ਉਹ ਇਹ ਸਭ ਕੁਝ ਮਾਂ ਬਣਨ ਦੇ ਮਨੋਰਥ ਨੂੰ ਪੂਰਾ ਕਰਨ ਲਈ ਹੀ ਕਰਦੀ ਹੈ, ਉਸ ਲਈ ਮਾਂ ਬਣਨਾ ਬੜਾ ਮਹੱਤਵਪੂਰਨ ਹੈ ਉਹ ਇਹ ਪ੍ਰਾਪਤ ਕਰਨਾ ਚਾਹੁੰਦੀ ਹੈ।

ਸੁੱਖ-ਦੁੱਖ ਦੀ ਜੜ੍ਹ ਇਕ ਹੀ ਹੈ, ਜਦੋਂ ਇਕ ਨਹੀਂ ਹੁੰਦਾ ਦੂਸਰਾ ਹੁੰਦਾ ਹੈ ਮਿਸਾਲ ਵਜੋਂ ਪੈਨ ਗੁਆਚ ਜਾਂਦਾ ਹੈ, ਬੜਾ ਦੁਖ ਹੁੰਦਾ ਹੈ, ਸੰਵੇਗਕ ਦੁਖ ਹੁੰਦਾ ਹੈ, ਭਾਵਕ ਦੁਖ ਹੁੰਦਾ ਹੈ, ਜਦੋਂ ਲੱਭ ਜਾਂਦਾ ਹੈ ਤਾਂ ਖੁਸ਼ੀ ਹੁੰਦੀ ਹੈ। ਉਹ ਜੋ ਅੱਜ ਦੁੱਖ ਦਾ ਕਾਰਨ ਹੈ ਕੱਲ੍ਹ ਸੁਖ ਦਾ ਕਾਰਣ ਹੋ ਸਕਦਾ ਹੈ।

ਕ੍ਰਿਸ਼ਨ ਜੀ ਅਰਜਨ ਨੂੰ ਦਸਦੇ ਹਨ ਕਿ ਤੈਨੂੰ ਦੋਨਾਂ ਤੋਂ ਹੀ ਉਪਰ ਉਠਣਾ ਚਾਹੀਦਾ ਹੈ ਅਤੇ ਸਮਾਨ ਅਵਸਥਾ ਵਿਚ ਆਉਣਾ ਚਾਹੀਦਾ ਹੈ। ਉਹ ਅਰਜਨ ਨੂੰ ਪ੍ਰੇਰਨਾ ਕਰਦੇ ਹਨ ਉਹ ਦੁੱਖ ਦਾ ਅਨੁਭਵ ਛੱਡ ਦੇਵੇ,

ਉਹ ਦੁੱਖ ਜੋ ਉਸਦੀ ਸੰਗਦ੍ਰਿਸ਼ਟੀ ਕਾਰਨ ਹੈ। ਸੁੱਖ-ਦੁਖ, ਜਿੱਤ ਅਤੇ ਹਾਰ, ਲਾਭ ਅਤੇ ਹਾਨ ਸਭ ਨੂੰ ਬੜੀ ਨਿਰਲੇਪਤਾ ਅਤੇ ਸਮਚਿਤਤਾ ਨਾਲ ਦੇਖਣਾ ਚਾਹੀਦਾ ਹੈ। ਕ੍ਰਿਸ਼ਨ ਜੀ ਅਰਜਨ ਨੂੰ ਲੜਨ ਲਈ ਪ੍ਰੇਰਦੇ ਹਨ, ਸ਼ਾਂਤ ਮਨ ਨਾਲ ਯੁੱਧ ਕਰਨ ਲਈ ਪ੍ਰਵਚਨ ਕਰ ਰਹੇ ਹਨ।

ਅੱਜ ਦੇ ਸਮੇਂ ਲੋਕੀ ਘਬਰਾਏ ਪਏ ਹਨ ਕੋਈ ਸਮਝ ਨਹੀਂ ਆਉਂਦੀ, ਕੀ ਠੀਕ ਹੈ ਕੀ ਗਲਤ ਹੈ, ਉਨ੍ਹਾਂ ਨੂੰ ਇਹ ਵੀ ਸਮਝ ਨਹੀਂ ਕਿ ਕਿਹੜੀ ਡਿਊਟੀ ਨੂੰ ਸਰਵੋਤਮ ਸਮਝਿਆ ਜਾਵੇ ਪਰ ਭਾਵ ਇਹ ਹੈ ਕਿ ਮਹੱਤਵਪੂਰਨ ਤਾਂ ਸਦਾ ਹੀ ਮਹੱਤਵਪੂਰਨ ਰਹਿੰਦਾ ਹੈ, ਉਸ ਨੂੰ ਸਭ ਤੋਂ ਪਹਿਲਾਂ ਹੀ ਕਰਨਾ ਚਾਹੀਦਾ ਹੈ ਭਾਵੇਂ ਉਹ ਕਿੰਨਾਂ ਵੀ ਦੁਖਦਾਈ ਕਿਉਂ ਨਾ ਹੋਵੇ, ਡਿਊਟੀ ਕਰਦਿਆਂ ਸਾਨੂੰ ਤਦਆਤਮੀਕਰਨ ਤੋਂ ਪਰ੍ਹੇ ਜਾਣਾ ਚਾਹੀਦਾ ਹੈ। ਸੁੱਖ-ਦੁੱਖ ਤੋਂ, ਹਾਨੀ ਲਾਭ ਤੋਂ ਸਭ ਵਿਪਰੀਤਾਂ ਤੋਂ ਉਪਰ ਉਠਣਾ ਚਾਹੀਦਾ ਹੈ।

39. ਇਹ ਜੋ ਮੈਂ ਹੁਣ ਤਕ ਦਸਿਆ ਹੈ ਇਹ ਸਾਂਖਯ ਫਿਲੌਸਫੀ ਅਨੁਸਾਰ ਸੀ - ਹੁਣ ਇਹੀ ਸਭ ਕੁਝ ਮੈਂ ਯੋਗ ਦੇ ਗਿਆਨ ਅਨੁਸਾਰ ਦਸਦਾ ਹਾਂ ਜਿਸ ਨੂੰ ਜਾਣ ਕੇ ਤੂੰ ਕਰਮਾਂ ਦੇ ਬੰਧਨਾਂ ਤੋਂ ਛੁਟਕਾਰਾ ਪਾ ਸਕੇਂਗਾ।

40. ਇਸ ਪੱਥ ਤੇ ਨੇਤ੍ਰਿਤਵ ਦੀ ਕੋਈ ਘਾਟ ਨਹੀਂ, ਨਾ ਹੀ ਕਿਸੇ ਹਾਰ ਦਾ ਡਰ ਹੈ। ਥੋੜ੍ਹਾ ਜਿਹਾ ਯੋਗ ਕੀਤਾ ਵੀ ਤੁਹਾਨੂੰ ਬੜੇ-ਬੜੇ ਖਤਰਿਆਂ ਤੋਂ, ਡਰ ਤੋਂ ਬਚਾਅ ਸਕਦਾ ਹੈ। ਕ੍ਰਿਸ਼ਨ ਜੀ ਨੇ ਅਰਜਨ ਨੂੰ ਸਾਂਖਯ ਦੀ ਫਿਲੌਸਫੀ ਦਸੀ ਹੈ ਜਿਹੜੀ ਸ੍ਵੈ ਦਾ ਗਿਆਨ ਕਰਾਉਣ ਵਿਚ ਸਹਾਇਕ ਹੁੰਦੀ ਹੈ, ਇਹ ਹੀ ਨਹੀਂ ਉਹ ਆਪੇ ਅਤੇ ਆਪੇ ਤੋਂ ਬਾਹਰ ਦੇ ਮੰਡਲ ਦਾ ਅੰਤਰ ਦਸਦੀ ਹੈ। ਹੁਣ ਉਹ ਯੋਗ ਅਨੁਸਾਰ ਆਪਣਾ ਪ੍ਰਵਚਨ ਸ਼ੁਰੂ ਕਰਦੇ ਹਨ। ਸਾਂਖਯ ਫਿਲੌਸਫੀ ਅਨੁਸਾਰ ਸਾਰਿਆਂ ਦੀ ਆਤਮਾ ਅਜਰ ਅਮਰ ਹੈ, ਸੰਸਾਰ ਅਸਥਿਰ ਹੈ, ਛਿਨ ਭੰਗਰ ਹੈ, ਸਾਂਖਯ ਫਿਲੌਸਫੀ ਹੈ, ਯੋਗ ਇਕ ਡੂੰਘਾ ਵਿਗਿਆਨ ਹੈ, ਸਾਧਨਾ ਹੈ, ਜੋ ਸਾਂਖਯ ਦੀ ਫਿਲੌਸਫੀ ਨੂੰ ਪ੍ਰੈਕਟੀਕਲ ਵਿਚ ਬਦਲ ਦਿੰਦੀ ਹੈ ਇਹ ਦੋਨੋਂ ਨਾਲ-ਨਾਲ ਹੀ ਚਲਦੇ ਹਨ, ਸਾਧਨਾ ਤੋਂ ਬਿਨਾਂ ਫਿਲੌਸਫੀ ਇਕ ਸਿਧਾਂਤ ਬਣ ਕੇ, ਹੀ ਸਾਂਖਯ ਰਹਿ ਜਾਂਦੀ ਹੈ ਅਤੇ ਮੰਤਵ ਰਹਿਤ ਰਹਿ ਜਾਂਦੀ ਹੈ। ਜਦੋਂ ਸਾਂਖਯ ਅਤੇ ਯੋਗ ਨੂੰ ਜੋੜ ਦਿਤਾ ਜਾਵੇ ਤਾਂ ਤੱਤ ਦਾ ਅਨੁਭਵ ਹੁੰਦਾ ਹੈ, ਫੇਰ ਉਹ ਕੇਵਲ ਬੌਧਿਕ ਸਚਾਈ ਨਹੀਂ ਰਹਿੰਦੀ। ਯੋਗ ਸਾਧਨਾ ਕਰਦਿਆਂ ਦਾਰਸ਼ਨਿਕ ਸਤਿ ਨੂੰ ਜੀਵਨ ਵਿਚ ਢਾਲਿਆ ਜਾ ਸਕਦਾ ਹੈ।

ਯੋਗ ਦਾ ਮਾਰਗ ਸਾਧਕ ਨੂੰ ਸਾਧਨਾ ਰਾਹੀਂ ਆਤਮ ਪਸਾਰੇ ਵਿਚ ਸਹਾਇਕ ਹੁੰਦਾ ਹੈ, ਯੋਗ ਕਰਨੀ ਤੋਂ ਭਾਵ ਹੈ ਸਹਿਜ ਸੰਜਮ ਕਲਾ ਭਰਪੂਰ ਜੀਵਨ ਕਰਨੀ, ਨਿਰਲਿਪਤ ਹੋ ਕੇ ਕਰਨੀ ਕਿਸੇ ਚੀਜ਼ ਦੇ ਫਲ ਦੀ ਕੋਈ ਆਸ਼ਾ ਨਾ ਕਰਨੀ - ਨਾ ਚੰਗਾ ਨਾ ਮੰਦਾ। ਕ੍ਰਿਸ਼ਨ ਜੀ ਜੋ ਯੋਗ ਦੇ ਉਤਮ ਗੁਰੂ ਹਨ ਦਸਦੇ ਹਨ ਕਿ ਸਮਚਿਤਤਾ ਲਿਆਂਦੀ ਜਾ ਸਕਦੀ ਹੈ, ਸੰਪੂਰਨਤਾ

ਨਾਲ ਕਿਵੇਂ ਕਰਨੀ ਕੀਤੀ ਜਾ ਸਕਦੀ ਹੈ। ਈਸ਼ੋ ਉਪਨਿਸ਼ਦ ਵਿਚ ਵੈਦਕ ਸਮੇਂ ਦੇ ਮਹਾਤਮਾ ਨੇ ਵੀ ਉਹ ਹੀ ਤਰੀਕੇ ਦਸੇ ਹਨ, ਫਲ ਦੀ ਇੱਛਾ ਨੂੰ ਤਿਆਗੋ, ਲੋਭੀ ਨਾ ਬਣੋ, ਈਸ਼ ਜੇ ਲੰਮੀ ਆਯੂ ਜੀਉਣਾ ਚਾਹੁੰਦੇ ਹੋ ਮੋਹ ਤੋਂ ਉਚੇ ਉਠ ਕੇ ਕਰਮ ਕਰੋ।

ਧਰਮ ਅਤੇ ਸੱਚ ਦੇ ਮਾਰਗ ਤੇ ਚਲਦਿਆਂ ਜੇ ਥੋੜ੍ਹੀ ਦੇਰ ਲਈ ਕੋਈ ਘਬਰਾ ਜਾਏ, ਕੋਈ ਗਲਤੀ ਵੀ ਕਰ ਲਵੇ, ਸੱਚ ਦੀ ਖੋਜ ਧਰਮ ਦਾ ਮਾਰਗ ਉਸ ਨੂੰ ਛੇਤੀਂ ਹੀ ਠੀਕ ਰਸਤੇ ਉਤੇ ਲੈ ਆਵੇਗਾ। ਧਰਮ ਦੇ ਮਾਰਗ ਤੇ ਰਹਿੰਦਿਆਂ ਤੁਸੀਂ ਇਕ ਧੁਰੇ ਤੇ ਕੇਂਦਰਿਤ ਰਹਿੰਦੇ ਹੋ, ਤੁਹਾਡੀ ਸੋਚ ਕਰਨੀ ਸਭ ਸੰਗਠਤ ਰਹਿੰਦੇ ਹਨ, ਦੂਸਰਿਆਂ ਦੇ, ਜਿਹੜੇ ਧਰਮ ਦੇ ਮਾਰਗ ਤੇ ਨਹੀਂ ਚਲਦੇ ਉਹ ਡਾਵਾਂਡੋਲ ਬੇਹਿੰਮਤੇ ਰਹਿੰਦੇ ਹਨ ਉਨ੍ਹਾਂ ਦੀ ਸੋਚਣੀ ਕਰਨੀ ਖਿੰਡੀ ਰਹਿੰਦੀ ਹੈ। ਜਦੋਂ ਚੇਤਨ ਹੋ ਕੇ ਤੁਸੀਂ ਧਰਮ ਦੇ ਮਾਰਗ ਤੇ ਚਲਦੇ ਹੋ, ਉਸ ਦਾ ਬੜਾ ਡੂੰਘਾ ਪ੍ਰਭਾਵ ਪੈਂਦਾ ਹੈ। ਸਭ ਤੋਂ ਜ਼ਰੂਰੀ ਹੈ ਪ੍ਰੇਰਨਾ, ਪ੍ਰੇਰਨਾ ਨਾਲ ਤੁਸੀਂ ਆਪਣੀ ਡਿਊਟੀ ਸੁਚੱਜੀ ਤਰ੍ਹਾਂ ਨਿਭਾਹ ਲੈਂਦੇ ਹੋ।

ਸਾਧਨਾ ਦੇ ਮਾਰਗ ਤੇ ਕੋਈ ਕੋਸ਼ਿਸ਼ ਅਜਾਈਂ ਨਹੀਂ ਜਾਂਦੀ, ਸੱਚਾ ਜਤਨ ਸੱਚੀ ਘਾਲ ਦੇ ਚਿੰਨ ਅਚੇਤ ਮਨ ਵਿਚ ਵਸ ਕੇ ਫਲ ਜ਼ਰੂਰ ਦੇਣਗੇ ਇਹ ਕਰਮਾਂ ਦੀ ਗਤੀ ਹੈ। ਅਚੇਤ ਮਨ ਵਿਚ ਚਿੰਨ ਰਹਿੰਦੇ ਹਨ, ਇਹੀ ਯਾਦ ਬਣਦੇ ਰਹਿੰਦੇ ਹਨ। ਥੋੜ੍ਹੀ ਜਿਹੀ ਕੀਤੀ ਗਈ ਸਾਧਨਾ ਵੀ ਅਚੇਤ ਮਨ ਉਤੇ ਡੂੰਘਾ ਪ੍ਰਭਾਵ ਛੱਡ ਦਿੰਦੀ ਹੈ ਉਹੋ ਹੀ ਚਿੰਨ ਸਾਧਕ ਦੇ ਸਹਾਈ ਹੁੰਦੇ ਹਨ ਜਦੋਂ ਉਹ ਰਸਤੇ ਉਤੇ ਭਟਕ ਜਾਂਦਾ ਹੈ। ਚੇਤਨ ਮਨ ਤਾਂ ਪੂਰੇ ਮਨ ਦਾ ਇਕ ਚੌਥਾਈ ਭਾਗ ਹੀ ਹੈ, ਇਹ ਕੇਵਲ ਬਾਹਰੀ ਸੰਸਾਰ ਨਾਲ ਕਾਰਵਿਹਾਰ ਕਰਨ ਵਿਚ ਹੀ ਸਹਾਇਕ ਹੁੰਦਾ ਹੈ, ਅੰਦਰ ਦੀ ਖੋਜ ਵਿਚ ਇਸ ਦਾ ਕੋਈ ਯੋਗਦਾਨ ਨਹੀਂ। ਜੇ ਇਸ ਚੇਤਨ ਮਨ ਨੂੰ ਸਾਧ ਲਿਆ ਜਾਵੇ ਕਿ ਉਹ ਸਮਸਿਆਵਾਂ ਨਾ ਖੜ੍ਹੀਆਂ ਕਰੇ, ਕੰਧਾਂ ਨਾ ਉਸਾਰੇ ਫੇਰ ਸਾਧਨਾ ਬਹੁਤ ਲਾਭਦਾਇਕ ਹੋ ਸਕਦੀ ਹੈ।

ਕੇਵਲ ਯੋਗ ਸਾਧਨਾ ਨਾਲ ਹੀ ਮਨ ਦੀਆਂ ਅੰਦਰ ਦੀਆਂ ਤਰੰਗਾਂ ਦੀ ਖੋਜ ਹੋਈ ਹੈ ਉਸ ਦੁਆਰਾ ਹੀ ਮਨ ਦੀਆਂ ਅਵਸਥਾ ਦਾ ਪਤਾ ਲਗ ਸਕਿਆ ਹੈ ਜੋ ਮਨ ਨੂੰ ਕਾਬੂ ਕਰਨ ਵਿਚ ਸਹਾਇਕ ਹੋਇਆ ਹੈ। ਭਾਵੇਂ ਅੱਜ ਦੇ ਮਨੋਵਿਗਿਆਨ ਨੇ ਪਿਛਲੇ ਸੌ ਸਾਲਾਂ ਵਿਚ ਬਹੁਤ ਤਰੱਕੀ ਕੀਤੀ ਹੈ ਅਤੇ ਇਹ ਜਾਨਣ ਦਾ ਅਤੇ ਖੋਜਣ ਦਾ ਜਤਨ ਕੀਤਾ ਹੈ, ਅਚੇਤ ਮਨ ਕੀ ਹੈ ਉਸ ਦੀਆਂ ਕੁਝ ਕੁ ਪਰਤਾਂ ਦਾ ਪਤਾ ਵੀ ਲਗਾ ਹੈ ਪਰ ਇਨ੍ਹਾਂ ਦਾ ਕੋਈ ਨਿਰਧਾਰਿਤ ਤਰੀਕਾ ਨਹੀਂ ਹੈ ਜਿਸ ਨਾਲ ਖੋਜ ਕੀਤੀ ਜਾਵੇ, ਨਾ ਹੀ ਕੋਈ ਚਿਕਿਤਸਾ ਦਾ ਠੀਕ ਤਰੀਕਾ ਹੈ ਜਿਸ ਨਾਲ ਅਚੇਤ ਮਨ ਦੀਆਂ ਡੂੰਘਾਈਆਂ ਦਾ ਪਤਾ ਲਗ ਸਕੇ। ਕੇਵਲ ਯੋਗ ਹੀ ਇਕ ਇਹੋ ਜਿਹਾ ਵਿਗਿਆਨ ਹੈ ਜਿਸ ਰਾਹੀਂ ਅਚੇਤ ਮਨ ਦਾ ਪਤਾ ਲਗ ਸਕਦਾ ਹੈ। ਜੇ ਮਨੁੱਖ ਨੂੰ ਆਪਣੇ ਅੰਦਰ ਦੀਆਂ ਪਰਵਿਰਤੀਆਂ ਅਚੇਤ ਮਨ ਦੀਆਂ ਪਰਤਾਂ ਦਾ, ਤੈਹਾਂ ਦਾ ਹੀ ਨਾ ਪਤਾ

ਲੱਗੇ ਉਦੋਂ ਤਕ ਬਾਹਰੀ ਸੰਸਾਰ ਨਾਲ ਕਿਵੇਂ ਠੀਕ ਸਬੰਧ ਰਖੇ ਜਾ ਸਕਦੇ ਹਨ। ਕੇਵਲ ਸਾਧਨਾ ਹੀ ਇਕ ਇਹੋ ਜਿਹਾ ਸਾਧਨ ਹੈ ਜਿਸ ਨਾਲ ਆਪਾ ਅਤੇ ਬਾਹਰੀ ਸੰਸਾਰ ਨੂੰ ਜਾਣਿਆ, ਸਮਝਿਆ, ਪਰਖਿਆ ਜਾ ਸਕਦਾ ਹੈ।

ਅੰਦਰ ਦਾ ਸਫਰ ਕਰਦਿਆਂ ਸਾਧਕ ਨੂੰ ਇਹੋ ਜਿਹੀਆਂ ਯੋਗਤਾਵਾਂ ਆ ਜਾਂਦੀਆਂ ਹਨ ਜਿਹੜੀਆਂ ਸਾਧਕ ਨੂੰ ਅਚੇਤ ਹੀ ਸਹਾਇਕ ਹੁੰਦੀਆਂ ਹਨ ਜਾਂ ਸੁਪਨਿਆਂ ਰਾਹੀਂ ਜਾਂ ਕਿਸੇ ਹੋਰ ਤਰੀਕੇ ਨਾਲ ਸਾਧਕ ਦੀ ਸਹਾਇਤਾ ਕਰਦੀਆਂ ਹਨ। ਨਿਰਭੈਤਾ ਆਉਂਦੀ ਹੈ, ਆਤਮ ਨਿਰਭਰਤਾ ਸੰਗਠਨ ਹੁੰਦੀ ਹੈ। ਅੰਦਰ ਦੀਆਂ ਸੂਕਸ਼ਮ ਤਾਕਤਾਂ ਉਸ ਦੀ ਸਹਾਇਤਾ ਕਰਦੀਆਂ ਹਨ, ਉਹ ਭਾਵੇਂ ਉਨ੍ਹਾਂ ਤਾਕਤਾਂ ਤੋਂ, ਆਪਣੇ ਬਾਹਰੀ ਸੁਭਾਅ ਕਾਰਨ ਜਾਣੂੰ ਨਹੀਂ ਹੈ। ਸਾਧਕ ਨੂੰ ਆਪਾ ਚੀਨਦੇ ਕਦੀ ਵੀ ਕੋਈ ਔਖ ਕੋਈ ਖਤਰਾ ਨਹੀਂ ਹੋ ਸਕਦਾ ਜੇ ਸਾਧਕ ਆਤਮ ਵਿਧੀ ਪ੍ਰਾਪਤ ਕਰਨਾ ਚਾਹੁੰਦਾ ਹੈ ਆਪਣੇ ਨਿਸ਼ਾਨੇ ਉਤੇ ਅਟੱਲ ਹੈ, ਉਹ ਪੂਰੀ ਤਰ੍ਹਾਂ ਸੁਰਖਸ਼ਿਤ ਹੈ।

41. ਹੇ ਕੌਰਵ ਯੁਵਰਾਜ! ਕੋਈ ਵਿਰਲਾ ਹੀ ਨਿਰਣਾਇਕ ਗਿਆਨੀ ਹੋਇਆ ਕਰਦਾ ਹੈ ਬਾਕੀ ਆਮ ਬੁੱਧੀ ਵਾਲੇ ਤਾਂ ਅਨੇਕਾਂ ਹੀ ਹਨ ਉਨ੍ਹਾਂ ਕੋਲ ਉਹ ਆਤਮ ਵਿਸ਼ਾਇਣੀ ਬੁੱਧੀ ਨਹੀਂ ਹੈ।

ਇਕਸੁਰਤਾ ਤੋਂ ਬਿਨਾਂ ਇਹ ਜਾਣ ਲੈਣਾ ਕਿ ਕੀ ਕਰਨਾ ਹੈ ਲਾਭਕਾਰੀ ਨਹੀਂ ਹੋ ਸਕਦਾ, ਉਹ ਡਿਊਟੀ ਕਰਨ ਵਿਚ ਵੀ ਸਹਾਇਕ ਨਹੀਂ ਹੋ ਸਕਦਾ ਇਸ ਕਰਕੇ ਨਤੀਜਾ ਵੀ ਇੱਛਾ ਅਨੁਸਾਰ ਨਹੀਂ ਹੋ ਸਕਦਾ। ਜਿੰਨੇ ਡੂੰਘੇ ਗਿਆਨ ਦੀ ਲੋੜ ਹੈ ਉਸ ਤਰ੍ਹਾਂ ਓਨੇ ਹੀ ਆਵਸ਼ਕ ਕੇਂਦਰਤ ਮਨ ਦੀ ਲੋੜ ਹੈ। ਮਨ ਕੇਂਦਰਤ ਨਾ ਹੋਵੇ ਤਾਂ ਸੋਚ ਅਤੇ ਕਰਨੀ ਖਿੰਡੀ ਰਹਿੰਦੀ ਹੈ ਅਤੇ ਨਿਰਾਸਤਾ ਹੁੰਦੀ ਹੈ। ਮਨ ਇਕ ਮਾਰਗ ਤੇ ਕੇਂਦਰਤ ਨਾ ਹੋਣ ਕਾਰਨ ਅੱਜ ਦਾ ਵਿਦਿਆਰਥੀ ਭਟਕਦਾ ਫਿਰਦਾ ਹੈ, ਇਕ ਮਾਰਗ ਤੋਂ ਦੂਸਰੇ, ਦੂਸਰੇ ਤੋਂ ਤੀਸਰੇ, ਉਹ ਸਮਝਣ ਦੀ ਕੋਸ਼ਿਸ਼ ਨਹੀਂ ਕਰਦਾ ਕਿ ਉਸ ਦਾ ਖਿੰਡਿਆ ਮਨ ਹੀ ਉਸਦੀ ਸਭ ਤੋਂ ਵੱਡੀ ਸਮਸਿਆ ਹੈ ਉਹ ਹੀ ਉਸ ਲਈ ਕੰਧਾਂ ਉਸਾਰ ਰਿਹਾ ਹੈ, ਉਹ ਸਮਝਦਾ ਹੈ ਔਕੜਾਂ ਬਾਹਰੋਂ ਹਨ। ਦੂਸਰਾ ਮਾਰਗ ਚੰਗਾ ਹੋਵੇਗਾ ਇਹ ਵੀ ਮਨ ਦੀ ਹੀ ਖੜ੍ਹੀ ਕੀਤੀ ਗਈ ਸ਼ੈਤਾਨੀ ਹੈ। ਪਤਾ ਹੁੰਦਿਆਂ 'ਕੀ ਠੀਕ ਹੈ,' ਅਸੀਂ ਬਹੁਤ ਵਾਰੀ ਉਸ ਨੂੰ ਅਨੁਭਵ ਵਿਚ ਨਹੀਂ ਢਾਲ ਸਕਦੇ। ਬਚਪਨ ਵਿਚ ਸਾਰੇ ਮੂਲ ਤੱਤ ਦਸੇ ਜਾਂਦੇ ਹਨ, ਫੇਰ ਅਸੀਂ ਉਨ੍ਹਾਂ ਤੱਤਾਂ ਨੂੰ ਵਰਤਣ ਦੀ ਕੋਸ਼ਿਸ਼ ਕਰਦੇ ਹਾਂ। ਜਦੋਂ ਅਸੀਂ ਨਾਕਾਮਯਾਬ ਹੋ ਜਾਂਦੇ ਹਾਂ ਅਸੀਂ ਇਹ ਨਹੀਂ ਸਮਝਦੇ ਕਿ ਤਰਤੀਬ ਨਾਲ ਠੀਕ ਢੰਗ ਨਾਲ ਕੀਤਾ ਗਿਆ ਅਭਿਆਸ ਸਾਨੂੰ ਕਾਮਯਾਬ ਕਰ ਦੇਵੇਗਾ। ਸਫਲਤਾ ਦੀ ਕੁੰਜੀ, ਇਕ ਬਿੰਦੂ ਕੇਂਦਰਤ ਮਨ ਹੈ, ਧਿਆਨ ਇਕ ਬਿੰਦੂ ਕੇਂਦਰਤ ਮਨ ਦੀ ਪੌੜੀ ਦਾ ਪਹਿਲਾ ਡੰਡਾ ਹੈ। ਜੋ ਵੀ ਸਵੇਰ ਤੋਂ ਸ਼ਾਮ ਤਕ ਕਰੋ ਪੂਰੇ ਧਿਆਨ ਨਾਲ ਕਰੋ। ਸਾਧਕ ਨੂੰ ਇਹ ਵੀ ਜਾਣ ਲੈਣਾ ਚਾਹੀਦਾ ਹੈ ਕਿ ਜੋ ਮੈਂ ਕਰ ਰਿਹਾ ਹਾਂ ਉਹ ਕਿਉਂ ਕਰ ਰਿਹਾ ਹਾਂ,

ਕੋਈ ਵੀ ਕਰਨੀ, ਬਿਨਾਂ ਸਮਝ ਤੋਂ ਨਹੀਂ ਕਰਨੀ ਚਾਹੀਦੀ। ਮਾਨਵ ਮਨ ਪ੍ਰਤੀਕ੍ਰਿਆਵਾਦੀ ਹੈ, ਜੇ ਇਸ ਨੂੰ ਸੋਧਿਆ ਨਾ ਜਾਵੇ ਇਹ ਰੋਗੀ ਹੋ ਸਕਦਾ ਹੈ, ਹਲਚਲ ਮਚਾ ਸਕਦਾ ਹੈ, ਘਬਰਾ ਸਕਦਾ ਹੈ। ਜੇ ਤੁਸੀਂ ਪੂਰੇ ਧਿਆਨ ਨਾਲ ਕੰਮ ਕਰੋਂਗੇ, ਤੁਹਾਡੀ ਜਾਣਕਾਰੀ ਵਧੇਗੀ, ਡਿਊਟੀ ਚੰਗੀ ਤਰ੍ਹਾਂ ਕਰ ਸਕੋਂਗੇ। ਜੇ ਇਹ ਸਿੱਖ ਲਿਆ ਜਾਵੇ ਜੋ ਕਰਨਾ ਹੈ, ਪੂਰਾ ਧਿਆਨ ਲਾ ਕੇ ਕਰਨਾ ਹੈ ਤਾਂ ਮਨ ਸੋਧਿਆ ਜਾਵੇਗਾ ਫੇਰ ਇਕਾਗਰਤਾ ਸਹਿਜ ਹੋ ਜਾਵੇਗੀ। ਗਿਆਨ ਨੂੰ ਸ਼ਬਦਾਂ ਰਾਹੀਂ, ਕਰਨੀ ਰਾਹੀਂ ਪ੍ਰਗਟਾ ਸਕਣਾ, ਇਹ ਕੇਂਦਰਤ ਮਨ ਦਾ ਸਭ ਤੋਂ ਵੱਡਾ ਗੁਣ ਹੈ। ਅਨੇਕਾਂ ਵਿਚਾਰ ਸੁਚੇਤ ਮਨ ਵਿਚ ਦਾਖਲ ਹੋਣ ਲਈ ਉਡੀਕਦੇ ਰਹਿੰਦੇ ਹਨ, ਸਾਧਨਾ ਰਾਹੀਂ ਤੁਸੀਂ ਕੇਵਲ ਉਹ ਵਿਚਾਰ ਹੀ ਆਉਣ ਦਿਓਗੇ ਜਿਹੜਾ ਤੁਹਾਡੇ ਅੰਦਰ ਅਸ਼ਾਂਤੀ ਨਾ ਪੈਦਾ ਕਰੇ। ਅਰਜਨ ਨੂੰ ਆਪਣੇ ਮਨ ਨੂੰ ਕੇਂਦਰਤ ਕਰਨ ਲਈ ਉਪਦੇਸ਼ ਦਿਤਾ ਜਾ ਰਿਹਾ ਹੈ। ਮਨ ਕੇਂਦਰਤ ਕਰਕੇ ਹੀ ਆਪਣੀ ਡੀਊਟੀ ਸੁਚੱਜੀ ਤਰ੍ਹਾਂ ਨਿਭਾਹੀ ਜਾ ਸਕਦੀ ਹੈ।

42. ਵੇਦਾਂ ਦੇ ਵਿਵੇਚਨ ਵਿਚ ਲੀਨ ਹੋ ਕੇ ਇਹ ਕਹਿ ਦੇਣਾ, 'ਹੋਰ ਕੁਝ ਹੈ ਹੀ ਨਹੀਂ" ਕੇਵਲ ਬੋਲਣ ਅਤੇ ਸੁਣਨ ਵਿਚ ਹੀ ਰੌਚਕ ਲਗਦਾ ਹੈ, ਕੇਵਲ ਅਗਿਆਨੀ ਹੀ ਇਹ ਕਹਿ ਸਕਦੇ ਹਨ।

43. ਪੂਰੀ ਤਰ੍ਹਾਂ ਇਛਾਵਾਂ ਵਿਚ ਨਿਰਲਿਪਤ, ਸਵਰਗ ਦੀ ਕਲਪਨਾ ਕਰਦੇ ਹੋਏ, ਬਚਨਾਂ ਰਾਹੀਂ, ਕਰਮਗਤੀ, ਆਵਾਗਵਣ ਦੀ ਗਤੀ ਵਿਚ ਪੈਂਦੇ ਹੋਏ ਰਸਮੋ ਰਿਵਾਜ ਪੂਰੇ ਕਰਦੇ ਖੁਸ਼ੀਆਂ ਮਾਣਦੇ, ਪ੍ਰਤਿਭਾ ਮਾਣਦੇ, ਉਨ੍ਹਾਂ ਦੀ ਬੁੱਧੀ ਸਥਿਰ ਨਹੀਂ ਹੁੰਦੀ।

44. ਕਿਉਂਕਿ ਉਹ ਖੁਸ਼ੀਆਂ ਨਾਲ, ਪ੍ਰਤਿਭਾ ਨਾਲ ਜੁੜੇ ਹੋਏ ਹਨ, ਉਨ੍ਹਾਂ ਦਾ ਮਨ ਉਨ੍ਹਾਂ ਦੇ ਬੋਲਾਂ ਨਾਲ ਅਪਹਰਨ ਕੀਤਾ ਹੋਇਆ ਹੈ, ਉਨ੍ਹਾਂ ਕੋਲ ਨਿਰਣਾਇਕ ਬੁੱਧੀ ਨਹੀਂ ਜਿਹੜੀ ਉਨ੍ਹਾਂ ਨੂੰ ਸਮਾਧੀ ਲਗਾਉਣ ਲਈ ਸਹਾਇਕ ਹੋਵੇ।

ਅਧਿਆਤਮਵਾਦੀ, ਵਿਦਵਾਨ, ਪ੍ਰਚਾਰਕ, ਵੇਦਾਂ ਤੇ ਸਾਸ਼ਤਰਾਂ ਤੇ ਸਿਧਾਂਤ ਦਿੰਦੇ ਹਨ, ਵਿਆਖਿਆ ਕਰਦੇ ਹਨ ਭਾਵੇਂ ਕਿੰਨਾ ਡੂੰਘਾ ਗਿਆਨ ਉਨ੍ਹਾਂ ਦਾ ਕਿਉਂ ਨਾ ਹੋਵੇ, ਉਹ ਇਸ ਗਿਆਨ ਨੂੰ ਅੰਦਰ ਨਹੀਂ ਸਮੋ ਸਕਦੇ ਜਦੋਂ ਤਕ ਉਹ ਸਾਧਨਾ ਨਾ ਕਰਦੇ ਹੋਣ। ਬੁੱਧੀਵਾਦ ਦੀ ਹੋਰ ਗਲ ਹੈ, ਸਾਧਨਾ ਇਕ ਕਠਿਨ ਰਸਤਾ ਹੈ, ਬਹੁਤ ਸਾਰੇ ਵਿਦਵਾਨ, ਬੜੀਆਂ ਵਿਦਵਤਾ ਭਰੇ ਪ੍ਰਵਚਨ ਕਰਦੇ ਹਨ, ਵੇਦਾਂ ਵਿਚੋਂ ਪੰਗਤੀਆਂ ਵੀ ਬੋਲਦੇ ਹਨ ਪਰ ਉਨ੍ਹਾਂ ਨੂੰ ਆਪ ਨੂੰ ਸਹੀ ਅਰਥ ਨਹੀਂ ਪਤਾ ਹੁੰਦੇ, ਉਸ ਕਰਕੇ ਕ੍ਰਿਸ਼ਨ ਜੀ ਅਰਜਨ ਨੂੰ ਅਭਿਆਸ ਕਰਨ ਲਈ ਅਤੇ ਗਿਆਨ ਅੰਦਰ ਉਤਾਰਨ ਦਾ ਵਿਖਿਆਨ ਕਰਦੇ ਹਨ, ਕ੍ਰਿਸ਼ਨ ਜੀ ਦਸਦੇ ਹਨ ਹੇ ਅਰਜਨ! ਤੂੰ ਉਨ੍ਹਾਂ ਦੀ ਤਰ੍ਹਾਂ ਮੂਰਖ ਨਾ ਬਣ ਜਿਹੜੇ ਵੇਦਾਂ ਦੀ ਗੱਲ ਕਰਦੇ ਹਨ ਪਰ ਵੇਦਾਂ ਦੇ ਗਿਆਨ ਦਾ ਅਭਿਆਸ ਨਹੀਂ ਕਰਦੇ, ਇਹੋ ਜਿਹੇ ਵਿਦਵਾਨ ਸੁਆਰਥ ਵਿਚ ਲਿਪਟੇ ਪਏ ਹਨ, ਉਨ੍ਹਾਂ ਦੀਆਂ ਕ੍ਰਿਆਵਾਂ ਸੰਸਾਰਕ ਹਨ,

ਸੰਸਾਰਕ ਸੁੱਖਾਂ ਲਈ ਹਨ ਜਾਂ ਸਵਰਗ ਦੇ ਸੁਖਾਂ ਲਈ ਹਨ, ਇਸ ਕਾਰਣ ਉਹ ਮਰਨ, ਜੰਮਣ ਦੇ ਗੇੜ ਵਿਚ ਫਸ ਜਾਂਦੇ ਹਨ।

ਬਹੁਤ ਸਾਰੇ ਮਜ਼ਹਬਾਂ ਦੇ ਆਗੂ ਧਾਰਮਿਕ ਗ੍ਰੰਥਾਂ ਦੇ ਡੂੰਘੇ ਅਰਥ ਭੁੱਲ ਚੁੱਕੇ ਹਨ। ਉਹ ਇਹ ਗ੍ਰੰਥ ਕੇਵਲ ਆਪਣੀ ਸਹੂਲਤ ਲਈ ਵਰਤਦੇ ਹਨ। ਆਪਣੇ ਸੁਆਰਥ ਦੇ ਬੱਧੇ ਉਹ ਭੋਲੇ ਲੋਕਾਂ ਨੂੰ ਆਪਣੇ ਰਸਮੋਂ ਰਿਵਾਜਾਂ ਵਿਚ ਉਲਝਾ ਲੈਂਦੇ ਹਨ। ਸਮਾਜ ਦਾ ਬਹੁਤ ਸਾਰਾ ਸੰਤਾਪ ਇਨ੍ਹਾਂ ਵਿਦਵਾਨਾਂ ਦੇ ਉਪਦੇਸ਼ਾਂ ਕਾਰਨ ਹੀ ਹੈ। ਇਹ ਮਾਨਵਤਾ ਦੇ ਇਤਿਹਾਸ ਦਾ ਇਕ ਵਿਅੰਗ ਹੈ ਕਿ ਮਜ਼ਹਬੀ ਆਗੂਆਂ ਨੇ ਮਜ਼ਹਬ ਨੂੰ ਆਪਣੇ ਸੁਆਰਥਾਂ ਲਈ ਵਰਤਿਆ। ਸੱਚ ਪੁਛੋ, ਇਹ ਇਕ ਰਿਵਾਇਤ ਹੀ ਬਣ ਗਈ ਹੈ ਜਿਹੜੀ ਬਹੁਤ ਸਾਰਿਆਂ ਨੂੰ ਕੁਰਾਹੇ ਪਾਈ ਜਾ ਰਹੀ ਹੈ।

ਕੋਈ ਵਿਰਲੇ ਹੀ ਹਨ ਜਿਹੜੇ ਇਨ੍ਹਾਂ ਭ੍ਰਾਂਤੀਆਂ, ਮੂਰਖਤਾਵਾਂ ਤੋਂ ਜਾਣੂੰ ਹਨ ਅਤੇ ਆਪਣੇ ਆਪ ਨੂੰ ਇਨ੍ਹਾਂ ਸੁਆਰਥੀ ਆਗੂਆਂ ਤੋਂ ਵਖਰੇ ਰਹਿ ਕੇ ਸਾਧਨਾ ਕਰਦੇ ਹਨ ਪਰ ਇਹੋ ਜਿਹੇ ਕਿੰਨੇ ਹਨ ਸੰਸਾਰ ਵਿਚ? ਉਹ ਆਪਣੀਆਂ ਲਿਖਤਾਂ ਰਾਹੀਂ ਕਿੰਨਿਆਂ ਨੂੰ ਚੰਗਾ ਬਣਾ ਸਕਦੇ ਹਨ? ਆਪਣੇ ਪ੍ਰਵਚਨਾਂ ਰਾਹੀਂ, ਕਦੋਂ ਤਕ ਕੁਰੀਤੀਆਂ ਦਾ ਨਾਸ਼ ਕਰ ਸਕਦੇ ਹਨ ਜਦੋਂ ਕਿ ਮਜ਼ਹਬੀ ਆਗੂ ਧਾਰਮਿਕ ਗ੍ਰੰਥ ਦੇ ਗਿਆਨ ਨੂੰ ਹੀ ਖਤਮ ਕਰੀ ਜਾ ਰਹੇ ਹਨ? ਬ੍ਰਹਮਗਿਆਨੀ ਜਿਨ੍ਹਾਂ ਨੇ ਸੱਚ ਨੂੰ ਜਾਣਿਆ ਹੈ, ਅਨੁਭਵ ਕੀਤਾ ਹੈ ਉਸ ਇਕ ਤਕ, ਸੀਮਾ ਤਕ ਪਹੁੰਚੇ ਹਨ, ਸਦਾ ਹੀ ਸਾਧਕਾਂ ਨੂੰ ਇਹ ਚੇਤਾਵਨੀ ਦਿੰਦੇ ਆਏ ਹਨ ਕਿ ਤੱਤ ਗਿਆਨ ਕੇਵਲ ਸਾਧਨਾ ਨਾਲ ਹੀ ਆਉਂਦਾ ਹੈ ਜਿਸ ਨਾਲ ਪ੍ਰਤੱਖ ਅਨੁਭਵ ਗਿਆਨ ਹੁੰਦਾ ਹੈ ਜਿਹੜਾ ਗ੍ਰੰਥ ਪੜ੍ਹ ਕੇ ਨਹੀਂ ਹੁੰਦਾ। ਜਦੋਂ ਕਿ ਬੋਧਿਕ ਗਿਆਨ ਸੁਆਰਥ ਲਈ ਵਰਤਿਆ ਜਾਂਦਾ ਹੈ ਉਨ੍ਹਾਂ ਬ੍ਰਹਮਗਿਆਨੀਆਂ ਨੂੰ ਪਤਾ ਸੀ ਕਿ ਨਿਰਸੁਆਰਥ ਅਤੇ ਸੱਚ ਇਕੋ ਹੀ ਚੀਜ਼ ਦੇ ਦੋ ਨਾਮ ਹਨ। ਨਿਰਸੁਆਰਥ ਪੈਦਾ ਕਰਨਾ ਪੈਂਦਾ ਹੈ ਜਦੋਂ ਨਿਸੁਆਰਥੀ ਹੋ ਕੇ ਉਸ ਦਾ ਅਨੰਦ ਮਾਨਣਾ ਸਿੱਖ ਜਾਂਦਾ ਹੈ ਤਾਂ ਉਹ ਆਗੂ ਹੋ ਸਕਦਾ ਹੈ, ਸੇਵਾ ਕਰ ਸਕਦਾ ਹੈ, ਪ੍ਰੇਮ ਕਰ ਸਕਦਾ ਹੈ ਅਤੇ ਇਸ ਸਭ ਕੁਝ ਨਾਲ ਉਹ ਦੂਸਰਿਆਂ ਦੀ ਕਿਸਮਤ ਬਦਲ ਸਕਦਾ ਹੈ, ਕੌਮਾਂ ਦਾ ਇਤਿਹਾਸ ਬਦਲ ਸਕਦਾ ਹੈ। ਸੁਆਰਥੀ ਹਉਮੈ ਵਿਚ ਰਹਿੰਦਾ ਹੈ, ਨਿਸੁਆਰਥੀ ਆਪਣੇ ਆਪ ਨੂੰ ਚੇਤਨਤਾ ਦੇ ਉਚੇਰੇ ਪੱਧਰ ਉਤੇ ਲੈ ਜਾਂਦਾ ਹੈ।

45. ਹੇ ਅਰਜਨ, ਵੇਦਾਂ ਵਿਚ ਤ੍ਰੈ ਗੁਣੀ ਸੰਸਾਰ ਦਾ ਵਰਨਣ ਹੈ, ਤੂੰ ਇਨ੍ਹਾਂ ਗੁਣਾਂ ਤੋਂ ਉਪਰ ਉਠ, ਵਿਪਰੀਤਾਂ ਤੋਂ ਉਪਰ ਉਠ ਉਸ ਇਕ ਦਾ ਜੋ ਸੀ, ਹੈ ਅਤੇ ਹੋਵੇਗਾ ਉਸ ਵਿਚ ਵਸ, ਸੰਸਾਰ ਨਾਲ ਸੰਸਾਰਕ ਸਭਿਅਤਾ ਨਾਲ ਨਿਰਲਿਪਤ ਹੋ ਕੇ ਆਪਾ ਸੰਭਾਲ।

46. ਸਮੁੰਦਰ ਰੂਪੀ ਗਿਆਨ ਇਕ ਖੂਹ ਵਿਚ, ਵੇਦਾਂ ਦੇ ਰੂਪ ਵਿਚ ਪਾਇਆ ਗਿਆ ਹੈ, ਹਰ ਤਰ੍ਹਾਂ ਦੇ ਨਿਯਮ ਉਨ੍ਹਾਂ ਵਿਚ ਦੱਸੇ ਗਏ ਹਨ, ਪਰ ਇਹ ਸਭ ਕੁਝ ਉਸ ਵਾਸਤੇ ਹੀ ਹੈ ਜਿਸ ਨੂੰ ਗਿਆਨ ਹੈ, ਹੇ

ਪਰਮਾਤਮਾ ਪੁੱਤਰ।

ਕ੍ਰਿਸ਼ਨ ਜੀ ਵੇਦਾਂ ਦੀ ਨਿਖੇਧੀ ਨਹੀਂ ਕਰ ਰਹੇ, ਉਹ ਤਾਂ ਅਰਜਨ ਨੂੰ ਤ੍ਰੈ ਗੁਣੀ ਮਨ ਤੋਂ ਉਪਰ ਉਠਣ ਲਈ ਕਹਿ ਰਹੇ ਹਨ ਅਤੇ ਸਮਚਿਤਤਾ ਦੀ ਅਵਸਥਾ ਤੇ ਪਹੁੰਚਣ ਲਈ ਕਹਿ ਰਹੇ ਹਨ। ਮਨ ਤਿੰਨ ਗੁਣਾਂ ਦਾ ਬਣਿਆ ਹੋਇਆ ਹੈ, ਸਾਤਵਿਕ, ਰਾਜਸਿਕ ਅਤੇ ਤਾਮਸਿਕ। ਵੇਦ ਦਸਦੇ ਹਨ ਸਾਰਾ ਸੰਸਾਰ ਹੀ ਇਨ੍ਹਾਂ ਤਿੰਨਾਂ ਗੁਣਾਂ ਦਾ ਬਣਿਆ ਹੋਇਆ ਹੈ। ਮਨੁੱਖਾਂ ਵਿਚ ਵੀ ਇਹੀ ਤਿੰਨ ਗੁਣ ਹਨ। ਹਾਂ ਇਹ ਜ਼ਰੂਰ ਹੈ ਕਿਸੇ ਵਿਚ ਕੋਈ ਗੁਣ ਬਹੁਤ ਹੈ ਕਿਸੇ ਵਿਚ ਕੋਈ, ਜਦੋਂ ਸਾਧਕ ਇਹ ਜਾਣ ਜਾਂਦਾ ਹੈ, ਪਸ਼ੂ ਬ੍ਰਿਤੀ ਵਿਨਾਸ਼ਕਾਰੀ ਹੈ ਸਾਡੇ ਲਈ ਸਹਾਇਕ ਨਹੀਂ, ਤਾਮਸਿਕ ਹੈ, ਤਾਂ ਮਨੁੱਖ ਆਪਣੇ ਮਨੁੱਖੀ ਗੁਣ ਵਧਾਉਂਦਾ ਹੈ। ਚੇਤਨਤਾ ਦੇ ਅਗਲੇ ਪੱਧਰ ਉਤੇ ਉਸ ਨੂੰ ਅਸਚਰਜਤਾ ਦਾ ਅਹਿਸਾਸ ਹੁੰਦਾ ਹੈ ਕਿ ਉਹ ਵਾਹਿਗੁਰੂ ਦੀ ਅੰਸ ਹੈ, ਫੇਰ ਉਹ ਆਪਣੀ ਆਤਮ ਮਾਰਗ ਦੀ ਯਾਤਰਾ ਸ਼ੁਰੂ ਕਰਦਾ ਹੈ। ਆਤਮ ਮਾਰਗ ਉਤੇ ਚੱਲੇ ਬਿਨਾਂ ਕੋਈ ਸੰਸਾਰ ਵਿਚ ਤਾਂ ਕਾਮਯਾਬ ਹੋ ਸਕਦਾ ਹੈ ਪਰ ਉਸਦਾ ਮਨ ਕਦੀ ਸ਼ਾਂਤ ਨਹੀਂ ਹੋ ਸਕਦਾ, ਸ਼ਾਂਤ ਮਨ ਤੋਂ ਬਿਨਾਂ ਉਸ ਅਸੀਮ ਨੂੰ ਪਕੜਿਆ ਨਹੀਂ ਜਾ ਸਕਦਾ, ਮਨੁੱਖ ਪ੍ਰਸੰਨ ਹੋਣਾ ਚਾਹੁੰਦਾ ਹੈ, ਇਹ ਪ੍ਰਸੰਨਤਾ ਉਸ ਨੂੰ ਮਿਲ ਨਹੀਂ ਸਕਦੀ।

ਮਨੁੱਖ ਦਾ ਇਲਾਹੀ ਸੁਭਾਅ ਵਾਸਤਵ ਵਿਚ ਸਾਤਵਿਕ ਹੈ ਜੋ ਮਨੁੱਖ ਨੂੰ ਵਿਰੋਧਤਾ ਤੋਂ ਸੁਤੰਤਰ ਰਖਦਾ ਹੈ। ਮਾਨਸਿਕ ਸਤੁੰਲਨ ਬਹੁਤ ਘਾਲਣਾ ਨਾਲ ਆਉਂਦਾ ਹੈ ਜਿਹੜਾ ਇੱਛਾਵਾਨ ਇਨ੍ਹਾਂ ਤਿੰਨਾਂ ਗੁਣਾਂ ਨੂੰ ਜਾਣ ਲੈਂਦਾ ਹੈ ਉਹ ਆਪਣੇ ਸਾਤਵਿਕ ਗੁਣ ਵਧਾਉਂਦਾ ਚਲਾ ਜਾਂਦਾ ਹੈ, ਸਤਰਕ ਰਹਿੰਦਾ ਹੈ, ਸਾਤਵਿਕ ਮਨ ਦੀ ਸਭ ਤੋਂ ਵੱਡੀ ਨਿਸ਼ਾਨੀ ਹੈ ਉਹ ਹਮੇਸ਼ਾ ਵਿਸਥਾਰ ਕਰਨਾ ਚਾਹੁੰਦਾ ਹੈ। ਮਨ, ਬਚ, ਕ੍ਰਮ ਇਹ ਤਿੰਨੋਂ ਸਾਤਵਿਕ ਇੱਛਾਵਾਂ ਦਾ ਵਿਸਥਾਰ ਵਿਚ ਜਾਂਣਾ ਹੈ, ਸੰਕੋਚ ਵਿਚ ਨਹੀਂ। ਸੰਕੋਚ ਨਾਲ ਤੁਸੀਂ ਵੱਖਰੇ ਤੇ ਛੋਟੇ ਮਹਿਸੂਸ ਕਰਦੇ ਹੋ ਜਦੋਂ ਕਿ ਵਿਸਥਾਰ ਨਾਲ ਤੁਸੀਂ ਮਹਿਸੂਸ ਕਰਦੇ ਹੋ ਕਿ ਸਭ ਦਾ ਆਪਾ ਉਸ ਇਕ ਦਾ ਹੀ ਪਸਾਰਾ ਹੈ।

ਪਸ਼ੂ ਪੂਰੀ ਤਰ੍ਹਾਂ ਪ੍ਰਕਿਰਤੀ ਦੇ ਨਿਯਮਬਧ ਹੁੰਦੇ ਹਨ ਪਰ ਮਨੁੱਖ ਨਿਯਮਾਂ ਦਾ ਉਲੰਘਣ ਕਰਕੇ, ਚੇਤਨਤਾ ਦੀ ਅਵਸਥਾ ਪ੍ਰਾਪਤ ਕਰ ਸਕਦਾ ਹੈ। ਮਨੁੱਖ ਬਹੁਤ ਤਰ੍ਹਾਂ ਨਾਲ ਸੁਤੰਤਰ ਹੈ, ਉਹ ਨਿਯਮ ਨੂੰ ਤੋੜ ਕੇ ਉਨ੍ਹਾਂ ਦਾ ਉਲੰਘਣ ਕਰਕੇ ਉਨ੍ਹਾਂ ਨੂੰ ਆਪਣੇ ਸੁਆਰਥ ਲਈ ਵਰਤ ਸਕਦਾ ਹੈ। ਕੇਵਲ ਮਨੁੱਖ ਕੋਲ ਹੀ ਇਹੋ ਜਿਹੀ ਸਮਰਥਾ ਹੈ ਕਿ ਉਹ ਜੀਵਨ ਵੱਖ-ਵੱਖ ਪਧਰਾਂ ਤੇ ਦੇਖ ਸਕੇ, ਜਿੰਨੇ ਵੀ ਇਸ ਵਿਸ਼ਵ ਵਿਚ ਹਨ। ਮਨੁੱਖ ਰੱਬ ਦਾ ਰੂਪ ਹੈ, ਪਸ਼ੂ ਹੈ, ਸਭ ਕੁਝ ਹੈ, ਉਸ ਦਾ ਵਿਹਾਰ ਕਿਸ ਤਰ੍ਹਾਂ ਦਾ ਹੈ, ਇਹ ਨਿਰਭਰ ਹੈ ਕਿ ਉਸ ਦਾ ਕਿਹੜਾ ਪਾਸਾ ਸਭ ਤੋਂ ਵੱਧ ਵਿਕਸਿਤ ਹੈ।

ਪ੍ਰਤੱਖ ਅਨੁਭਵ ਨਾਲ ਬ੍ਰਹਮਗਿਆਨੀ ਵੇਦਾਂ ਦਾ ਮੂਲ ਗਿਆਨ ਪ੍ਰਾਪਤ ਕਰਦੇ ਹਨ, ਉਹ ਵੇਦਾਂ ਦੇ ਸਰੋਤ ਤਕ ਪਹੁੰਚਦੇ ਹਨ, ਸਾਧਨ ਕਰਕੇ ਉਹ

ਅਸੀਮ ਤਕ ਪੁੱਜ ਕੇ, ਸਾਰੇ ਪੱਧਰਾਂ ਦਾ ਡੂੰਘਾ ਗਿਆਨ ਪ੍ਰਾਪਤ ਕਰਦੇ ਹਨ। ਉਹ ਗਿਆਨ ਦਾ ਅੰਦਰ ਅਤੇ ਬਾਹਰ ਨਿਰੰਤਰ ਪ੍ਰਵਾਹ ਖੋਜ ਲੈਂਦੇ ਹਨ, ਜਿਸ ਨੂੰ ਪਿਆਸ ਲੱਗੀ ਹੈ ਉਹ ਪਾਣੀ ਪੀ ਲੈਂਦਾ ਹੈ ਜੋ ਪਿਆਸ ਬੁਝਾ ਚੁੱਕਾ ਹੈ ਉਹ ਹਰ ਨਦੀ ਤੇ ਝੁਕ ਕੇ ਪਾਣੀ ਨਹੀਂ ਪੀਵੇਗਾ। ਜਿਹੜਾ ਬ੍ਰਹਮਗਿਆਨੀ ਪਰਮ ਸਤਿ ਵਿਚ ਲੀਨ ਹੋ ਚੁੱਕਾ ਹੈ ਉਸ ਨੂੰ ਅਧੂਰੇ ਗਿਆਨ ਦੀ ਲੋੜ ਨਹੀਂ, ਉਸ ਨੂੰ ਪੁਸਤਕਾਂ ਪੜ੍ਹ ਕੇ ਗਿਆਨ ਪ੍ਰਾਪਤ ਕਰਨ ਦੀ ਲੋੜ ਨਹੀਂ।

47. ਤੁਸੀਂ ਕਰਮ ਕਰੋ, ਪਰ ਉਸਦੇ ਫਲ ਦੀ ਆਸ ਨਾ ਰੱਖੋ। ਕਦੀ ਇਹ ਨਾ ਸਮਝੋ ਕਿ ਫਲ ਤੁਹਾਡੇ ਕਰਮਾਂ ਕਰਕੇ ਮਿਲਿਆ ਹੈ। ਨਾ ਹੀ ਕਰਮ ਕਰਕੇ ਉਸ ਨਾਲ ਮੋਹ ਕਰੋ।

ਜੀਵਨ ਨੂੰ ਸਾਰੇ ਪੱਧਰਾਂ ਤੇ ਦੇਖ ਕੇ ਸਾਰੇ ਪੱਧਰਾਂ ਦਾ ਗਿਆਨ ਪ੍ਰਾਪਤ ਕਰਕੇ ਉਸ ਗਿਆਨ ਰਾਹੀਂ ਤੁਸੀਂ ਆਪਣਾ ਜੀਵਨ ਕਿਵੇਂ ਸੰਪੂਰਨ ਅਤੇ ਮਨੋਰਥ ਭਰਪੂਰ ਬਣਾ ਸਕਦੇ ਹੋ? ਕ੍ਰਿਸ਼ਨ ਜੀ ਅਰਜਨ ਨੂੰ ਕਹਿੰਦੇ ਹਨ ਜੋ ਤੇਰਾ ਹੈ ਉਸ ਪ੍ਰਤੀ ਸਤਰਕ ਹੋ, ਜੋ ਤੇਰਾ ਨਹੀਂ ਉਸ ਲਈ ਵੀ ਸਤਰਕ ਹੋ ਜਾ। ਉਹ ਸਮਝਾਉਂਦੇ ਹਨ ਕਿ ਡਿਊਟੀ ਕਰਨੀ ਤੁਹਾਡਾ ਫਰਜ਼ ਹੈ, ਤੁਹਾਡਾ ਅਧਿਕਾਰ ਹੈ ਪਰ ਫਲ ਦੀ ਆਸ, ਫਲ ਦੀ ਪ੍ਰਾਪਤੀ ਤੁਹਾਡਾ ਅਧਿਕਾਰ ਨਹੀਂ, ਨਾ ਤਾਂ ਫਲ ਦੀ ਪ੍ਰਾਪਤੀ ਲਈ ਕੀਤਾ ਗਿਆ ਕਰਮ, ਨਾ ਮੋਹ ਵਿਚ ਲਿਪਤ ਹੋ ਕੇ ਕੀਤਾ ਕਰਮ ਸਹਾਇਕ ਹੋ ਸਕਦਾ ਹੈ। ਦੋਨੋਂ ਹੀ ਹਾਨੀਕਾਰਕ ਹਨ। ਜੇ ਕਰਮ ਗਤੀ ਨੂੰ ਠੀਕ ਤਰ੍ਹਾਂ ਨਾ ਸਮਝਿਆ ਜਾਵੇ, ਤੁਸੀਂ ਲਾਚਾਰ ਅਤੇ ਆਲਸੀ ਹੋ ਜਾਂਦੇ ਹੋ ਜਾਂ ਫੇਰ ਮੋਹ ਵਿਚ ਲਿਪਤ ਹੋ ਕੇ ਤੁਸੀਂ ਕਰਮ ਕਰਦੇ ਹੋ, ਫੇਰ ਨਿਰਾਸ ਹੋ ਜਾਂਦੇ ਹੋ। ਨਿਰਾਸਤਾ ਆਤਮ ਨਿਰਭਰਤਾ ਦਾ ਸਭ ਤੋਂ ਵੱਡਾ ਦੁਸ਼ਮਨ ਹੈ, ਇਹ ਵਿਵੇਕ, ਨਿਰਣਾ ਅਤੇ ਨਿਸ਼ਚੇ ਵਿਚ ਬਾਧਾ ਪਾਉਂਦੀ ਹੈ, ਜੋ ਕਿ ਸਾਡੇ ਅੰਦਰ ਦੇ ਆਗੂ ਹਨ।

ਕਰਮ ਕਰਦਿਆਂ ਦੋ ਵੱਡੀਆਂ ਗੱਲਾਂ ਦਾ ਧਿਆਨ ਰੱਖਣ ਯੋਗ ਹੈ ਕਦੀ ਵੀ ਕੋਈ ਕਰਮ ਮਨੋਵੇਗ ਵਿਚ ਆ ਕੇ ਨਾ ਕਰੋ, ਆਪਣੇ ਅੰਦਰ ਝਾਕੋ, ਆਪਣੇ ਆਪ ਨੂੰ ਪੁਛੋ ਕਿ ਮੈਂ ਠੀਕ ਕਰ ਰਿਹਾ? ਦੂਸਰਾ ਕਦੀ ਕੋਈ ਕਰਮ ਸੁਆਰਥ ਵਸ ਹੋ ਕੇ ਨਾ ਕਰੋ। ਠੀਕ ਕਰਮ, ਕਰਮ ਨਾ ਕਰਨ ਨਾਲੋਂ ਕਿਤੇ ਚੰਗਾ ਹੈ, ਕਰਮ ਨਾ ਕਰਨਾ ਬੰਦੇ ਨੂੰ ਸੁਸਤ ਆਲਸੀ ਬਣਾ ਦਿੰਦਾ ਹੈ। ਜਿਹੜਾ ਆਲਸੀ ਬਣ ਜਾਂਦਾ ਹੈ ਉਹ ਆਪਣੀ ਡਿਊਟੀ ਪਿਛੇ ਪਾ ਦਿੰਦਾ ਹੈ, ਖੁਸ਼ੀਆਂ ਪਿਛੇ ਪਾ ਦਿੰਦਾ ਹੈ, ਸਾਰਾ ਕੁਝ ਭਵਿੱਖਤ ਉਤੇ ਸੁੱਟ ਦਿੰਦਾ ਹੈ, ਕਿਸਮਤ ਉਤੇ ਪਾ ਦਿੰਦਾ ਹੈ। ਵਿਦਿਆਰਥੀਆਂ ਨੂੰ ਸਦਾ ਹੀ ਚਿਤਾਵਨੀ ਦਿਤੀ ਜਾਂਦੀ ਹੈ, ਆਲਸੀ ਨਾ ਬਣੋ, ਸੁਸਤ ਨਾ ਬਣੋ ਕਿਉਂਕਿ ਮਨੁੱਖ ਦਾ ਜੀਵਨ ਸੋਚਣੀ ਅਤੇ ਕ੍ਰਿਆ ਦਾ ਜੀਵਨ ਹੈ।

ਪੂਰਨ ਤੌਰ ਤੇ ਠੀਕ ਅਗਵਾਈ ਨਾ ਮਿਲਣ ਕਰਕੇ, ਕਈ ਲੋਕਾਂ ਨੇ ਦਵਾਈਆਂ ਖਾਣੀਆਂ ਸ਼ੁਰੂ ਕਰ ਦਿਤੀਆਂ, ਦਵਾਈਆਂ ਖਾਣ ਨਾਲ ਸਾਧਨਾ ਨਹੀਂ ਹੋ ਸਕਦੀ, ਮਨ ਇਕਾਗਰ ਨਹੀਂ ਹੋ ਸਕਦਾ, ਨਾ ਹੀ ਅੰਤਰਮੁਖੀ ਹੋ

ਸਕਦਾ ਹੈ। ਦਵਾਈ ਦੀ ਵਰਤੋਂ ਨਾਲ ਸੁਸਤੀ ਆਉਂਦੀ ਹੈ, ਸਥਿਲਤਾ ਆਉਂਦੀ ਹੈ, ਫੇਰ ਸਾਰੀ ਕ੍ਰਿਆ ਤਾਮਸਿਕ ਹੋ ਜਾਂਦੀ ਹੈ। ਤਾਮਸਿਕ ਕ੍ਰਿਆ ਬੜੀ ਭਰਮਾਉਣ ਵਾਲੀ ਹੋ ਜਾਂਦੀ ਹੈ, ਉਹਨੂੰ ਇਹ ਲੱਗਣ ਲਗ ਜਾਂਦਾ ਹੈ ਕਿ ਉਹ ਸਭ ਕੁਝ ਜਾਣਦਾ ਹੈ, ਉਸ ਨੂੰ ਸਿੱਖਣ ਦੀ ਕੋਈ ਲੋੜ ਨਹੀਂ, ਬਦਲਣ ਦੀ ਕੋਈ ਲੋੜ ਨਹੀਂ, ਸਾਧਨਾ ਦੀ ਵੀ ਉਸ ਨੂੰ ਲੋੜ ਨਹੀਂ। ਉਸ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਇਹ ਉਸ ਦਾ ਤਾਮਸਿਕ ਮਨ ਹੀ ਹੈ ਜਿਹੜਾ ਉਸ ਨੂੰ ਸਾਧਨਾ ਕਰਨ ਦੀ ਪ੍ਰੇਰਨਾ ਤੋਂ ਰੋਕ ਰਿਹਾ ਹੈ। ਪ੍ਰੇਰਨਾ ਲਈ ਸੰਗਠਨ ਦੀ ਲੋੜ ਹੈ, ਉਹ ਸੰਗਠਨ ਸਾਧਨਾ ਨਾਲ ਹੀ ਆਉਂਦਾ ਹੈ ਅਤੇ ਚੰਗੇ ਪੱਥ ਪਰਦਰਸ਼ਕ ਤੋਂ ਮਿਲਦਾ ਹੈ। ਪ੍ਰੇਰਨਾ ਸੂਕਸ਼ਮ ਕ੍ਰਿਆ ਹੈ ਜੋ ਕਿ ਪ੍ਰੇਰਦੀ ਹੈ, ਇਹ ਜਾਨਣਾ ਵਧੇਰੇ ਜ਼ਰੂਰੀ ਹੈ ਕਿਉਂ, ਜੋ ਪ੍ਰੇਰਨਾ ਹੀ ਵਿਚਾਰਾਂ ਦਾ ਆਧਾਰ ਹੈ ਅਤੇ ਕ੍ਰਿਆ ਦਾ ਸਾਧਨ ਹੈ, ਇਹ ਪੱਥ ਪਰਦਰਸ਼ਕ ਹੈ। ਜੇ ਉਸਦੀ ਠੀਕ ਵਰਤੋਂ ਕੀਤੀ ਜਾਵੇ ਤਾਂ ਮਨੁੱਖ ਨੂੰ ਸੰਸਾਰ ਵਿਚ ਜੇਤੂ ਬਣਾ ਦੇਵੇਗੀ ਅਤੇ ਆਪਾ ਪ੍ਰਗਟਾਵੇ ਅਤੇ ਅੰਤਰੀਵ ਗੁਣ ਪ੍ਰਗਟ ਕਰਨ ਵਿਚ ਵੀ ਸਹਾਇਕ ਹੋਵੇਗੀ। ਪ੍ਰੇਰਨਾ ਦੋ ਪ੍ਰਕਾਰ ਦੀ ਹੁੰਦੀ ਹੈ ਇਕ ਉਹ ਜਿਹੜੀ ਬਾਹਰੀ ਸੰਸਾਰ ਲਈ ਪ੍ਰੇਰਨਾ ਦਿੰਦੀ ਹੈ, ਦੂਸਰੀ ਮਨ ਨੂੰ ਇਕਾਗਰ ਕਰਨ ਅਤੇ ਅੰਦਰ ਜਾਣ ਵਾਸਤੇ ਸਹਾਈ ਹੁੰਦੀ ਹੈ। ਉਹ ਪ੍ਰੇਰਨਾ ਜਿਹੜੀ ਫਲ ਨੂੰ ਅੱਗੇ ਰੱਖ ਕੇ ਕ੍ਰਿਆ ਕਰਾਉਂਦੀ ਹੈ ਉਹ ਪਸ਼ੂ ਬਿਰਤੀ ਦੇ ਅਧੀਨ ਹੈ। ਸੋ ਇਨਾਮ ਅਤੇ ਸਜ਼ਾ, ਇਹ ਤਰੀਕੇ ਪਸ਼ੂਆਂ ਨੂੰ ਸਿਖਿਆ ਦੇਣ ਲਈ ਵਰਤੇ ਜਾਂਦੇ ਹਨ। ਮਨੁੱਖ ਭਾਵੇਂ ਪਸ਼ੂਆਂ ਤੋਂ ਉਚੀ ਪ੍ਰਵਿਰਤੀ ਰਖਦੇ ਹਨ ਇਨਾਮ ਅਤੇ ਸਜ਼ਾ ਉਨ੍ਹਾਂ ਲਈ ਵੀ ਵਰਤਿਆ ਜਾਂਦਾ ਹੈ ਪਰ ਮਨੁੱਖ ਇਸ ਤੋਂ ਪਰ੍ਹੇ ਜਾਣ ਦੇ ਕਾਬਲ ਹੈ। ਕ੍ਰਿਸ਼ਨ ਜੀ ਅਰਜਨ ਨੂੰ ਸਲਾਹ ਦਿੰਦੇ ਹਨ ਕਿ ਉਹ ਇਸ ਤੋਂ ਅੱਗੇ ਜਾਏ, ਆਸਾ ਦੇ ਅਧਾਰ ਤੋਂ ਪਰ੍ਹੇ ਜਾਏ ਕਿਉਂ ਜੋ ਆਸ ਹੀ ਨਿਰਾਸਤਾ ਦਾ ਕਾਰਨ ਹੈ। ਕੇਵਲ ਮਨੁੱਖ ਹੀ ਨਿਰਣੇ ਦੇ, ਵਿਵੇਕ ਦੇ ਅਤੇ ਨਿਸ਼ਚੇ ਦੇ ਕਾਬਲ ਹੈ। ਹਰ ਕਰਮ ਦਾ ਪ੍ਰਭਾਵ ਹੈ ਹਰ ਫਲ ਨੂੰ ਜਾਂ ਤਾਂ ਇਨਾਮ ਜਾਂ ਦੋਸ਼ ਅਤੇ ਦੰਡ ਮੰਨਿਆ ਜਾਂਦਾ ਹੈ। ਪਰ ਅਸੀਂ ਫਲ ਦਾ ਪਾਤਰ ਦੂਸਰਿਆਂ ਦੇ ਲਾਭ ਲਈ ਅਰਪਣ ਕਰੀਏ। ਆਪਣਾ ਕਰਮ ਸੁਚੱਜੀ ਤਰ੍ਹਾਂ, ਨਿਸੁਆਰਥ ਹੋ ਕੇ ਪਿਆਰ ਸਹਿਤ ਕਰਦੇ ਹੋਏ ਫਲ ਮਾਨਵਤਾ ਨੂੰ ਅਰਪਣ ਕਰਦੇ ਰਹੀਏ। ਸੋ ਹਰ ਸਮੇਂ ਅਰਦਾਸ ਕਰਦੇ ਰਹੋ, ਮੈਂ ਭਾਵ ਵਿਚ ਆ ਕੇ ਅਰਦਾਸ ਨਾ ਕਰੋ, ਜਨ ਬਣ ਕੇ ਕਰੋ।

ਬਹੁਤ ਸਾਰੇ ਲੋਕੀ ਇਨਾਮ ਲਈ, ਸ਼ਾਬਾਸ਼ ਲਈ, ਆਪਣੀ ਉਸਤਤ ਕਰਾਉਣ ਲਈ ਕਰਮ ਕਰਦੇ ਹਨ। ਇਨਾਮ ਨਾਲ ਮੋਹ ਬਹੁਤ ਡੂੰਘੀ ਆਦਤ ਹੈ ਬਹੁਤ ਸਾਰੇ ਇਹ ਨਹੀਂ ਸਮਝਦੇ ਕਿ ਨਿਸੁਆਰਥੀ ਕਿਵੇਂ ਹੋਈਏ? ਇਹ ਰਾਜਸਿਕ ਗੁਣ ਦੇ ਲੋਕ ਹਨ, ਸੁਆਰਥੀ ਲੋਕ ਹਨ, ਉਹ ਆਪ ਵੀ ਭੁਗਤਦੇ ਹਨ ਦੂਸਰਿਆਂ ਨੂੰ ਭੁਗਤਾਉਂਦੇ ਹਨ, ਸ਼ਾਇਦ ਤਾਂ ਹੀ ਉਤਮ ਵਿਅਕਤੀ ਜੰਗਲਾਂ ਵਿਚ ਜਾ ਕੇ ਭਟਕਦੇ ਰਹੇ ਅਤੇ ਇਹ ਜਾਨਣ ਦੀ ਖੋਜ ਕਰਦੇ ਰਹੇ। ਮਨੁੱਖ ਪਸ਼ੂਆਂ ਦੀ ਤਰ੍ਹਾਂ ਕਿਉਂ ਵਰਤਾਵ ਕਰਦੇ ਰਹੇ। ਆਪਾ ਚੀਨਣ ਪਿਛੋਂ ਉਨ੍ਹਾਂ ਨੇ ਪ੍ਰੈਕਟੀਕਲ ਤਰੀਕੇ ਮਾਨਵਤਾ ਨੂੰ ਸੁਧਾਰਨ ਦੇ

ਦਿਤੇ ਹਨ ਅਤੇ ਉਨ੍ਹਾਂ ਨੇ ਆਪਣਾ ਗਿਆਨ ਸਾਨੂੰ ਗ੍ਰੰਥ ਰਾਹੀਂ ਦਿਤਾ।

ਦੁਖ ਤਾਂ ਹੀ ਆਉਂਦਾ ਹੈ ਜਦੋਂ ਅਸੀਂ ਇਨਾਮ ਦੀ ਆਸ ਰੱਖੀਏ, ਇਨਾਮ ਦੀ ਆਸ ਰੱਖ ਕੇ ਕੀਤੇ ਗਏ ਕਰਮ, ਚੰਗਾ ਜਾਂ ਮੰਦਾ ਫਲ ਦੇਣਗੇ ਹੀ। ਫਲ ਉਸ ਨੂੰ ਹੋਰ ਕਰਮ ਕਰਨ ਲਈ ਪ੍ਰੇਰਨਾ ਕਰਦਾ ਹੈ। ਸੋ ਇਸ ਤਰ੍ਹਾਂ ਉਹ ਕਰਮਾਂ ਦੇ ਜਾਲ ਵਿਚ ਫਸ ਜਾਂਦਾ ਹੈ। ਕਦੀ ਤ੍ਰਿਪਤਦਾ ਨਹੀਂ, ਹੋਰ-ਹੋਰ ਦੀ ਭੁੱਖ ਲੱਗੀ ਰਹਿੰਦੀ ਹੈ, ਇਸ ਹੋਰ-ਹੋਰ ਵਿਚ ਉਹ ਦੂਸਰਿਆਂ ਦੀ ਵਰਤੋਂ ਆਪਣੇ ਸੁਆਰਥ ਲਈ ਕਰਦਾ ਹੈ, ਫਲ ਦੀ ਆਸ ਰੱਖ ਕੇ ਕੀਤਾ ਗਿਆ ਕਰਮ ਬੰਧਨ ਬਣ ਜਾਇਆ ਕਰਦਾ ਹੈ, ਇਹ ਬਿਲਕੁਲ ਉਸ ਤਰ੍ਹਾਂ ਹੀ ਹੈ ਜਿਸ ਤਰ੍ਹਾਂ ਲੈਬੋਰਟਰੀ ਵਿਚ ਭੁੱਖੇ ਚੂਹੇ ਨੂੰ ਰੋਟੀ ਦਾ ਟੁਕੜਾ ਤਾਂ ਹੀ ਮਿਲਣਾ ਹੈ ਜੇ ਉਹ ਠੀਕ ਸਵਿਚ ਦਬਾਵੇਗਾ, ਬਿਲਕੁਲ ਇਸ ਤਰ੍ਹਾਂ ਹੀ ਮਨੁੱਖ ਕਰਮ ਕਾਂਡ ਵਿਚ ਫਸ ਜਾਂਦਾ ਹੈ। ਪਰ ਇਸ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ, ਆਪਣੀ ਡਿਊਟੀ ਸੁਚੱਜੀ ਤਰ੍ਹਾਂ ਕਰੋ, ਨਿਸੁਆਰਥ ਹੋ ਕੇ ਕਰੋ, ਨਿਰਲਿਪਤ ਹੋ ਕੇ ਕਰੋ, ਫੇਰ ਤੁਸੀਂ ਮੁਕਤ ਹੋ ਜਾਂਦੇ ਹੋ, ਹਰ ਪ੍ਰਕਾਰ ਦੇ ਡਰ ਤੋਂ ਹਰ ਪ੍ਰਕਾਰ ਦੇ ਭੈ ਤੋਂ।

48. ਯੋਗ ਅਨੁਸਾਰ ਕਰਮ ਕਰੋ, ਮੋਹ ਰਹਿਤ ਹੋ ਕੇ, ਹੇ ਲੱਛਮੀ ਨੂੰ ਜਿੱਤਣ ਵਾਲੇ, ਸਫਲਤਾ, ਅਸਫਲਤਾ ਨੂੰ ਸਮ ਕਰਕੇ ਜਾਨਣ ਵਾਲੇ, ਸਮਚਿਤਤਾ ਹੀ ਯੋਗ ਹੈ।

48ਵੇਂ ਸਲੋਕ ਵਿਚ ਦਸਿਆ ਗਿਆ ਹੈ ਕਿ ਕਰਮ ਕਿਸ ਤਰ੍ਹਾਂ ਕੀਤਾ ਜਾਵੇ, ਬਿਨਾਂ ਕਿਸੇ ਵਿਰੋਧ ਦੇ, ਬਿਨਾਂ ਆਪ ਨੂੰ ਅਤੇ ਦੂਸਰਿਆਂ ਨੂੰ ਕਸ਼ਟ ਦਿਤਿਆਂ। ਸਾਨੂੰ ਸਮਚਿਤਤਾ ਰੱਖਣੀ ਚਾਹੀਦੀ ਹੈ ਅਤੇ ਦੂਸਰਿਆਂ ਨਾਲ ਇਕ ਸੁਰਤਾ ਰੱਖਣੀ ਚਾਹੀਦੀ ਹੈ। ਇਕਸੁਰਤਾ, ਇਕਸਾਰਤਾ ਆਪਣੇ ਆਪ ਨੂੰ ਜਾਣ ਕੇ ਹੀ ਰੱਖੀ ਜਾ ਸਕਦੀ ਹੈ, ਆਪਾ ਭਾਵ ਦਾ ਮੂਲ ਹੈ ਸਤਿ, ਚਿਤ ਅਤੇ ਅਨੰਦ। ਜਦੋਂ ਤਕ ਵਿਪਰੀਤ ਦੀ ਸਮਝ ਨਹੀਂ ਪੈਂਦੀ, ਉਸ ਨੂੰ ਜਾਣ ਨਹੀਂ ਲੈਂਦੇ ਦੁੱਖ, ਸੁੱਖ, ਗਮੀ, ਖੁਸ਼ੀ, ਸਾਧਨਾ ਕਰਕੇ ਇਨ੍ਹਾਂ ਤੋਂ ਉਚੇ ਨਹੀਂ ਉਠਿਆ ਜਾ ਸਕਦਾ।

ਪਾਤੰਜਲ ਜਿਸ ਨੇ ਯੋਗ ਦੇ ਵਿਗਿਆਨ ਨੂੰ ਨਿਯਮਬੱਧ ਕੀਤਾ, ਜਿਨ੍ਹਾਂ ਤਰੀਕਿਆਂ ਨਾਲ ਮਨ ਉਤੇ ਕਾਬੂ ਕੀਤਾ ਜਾਂਦਾ ਹੈ ਅਤੇ ਉਸ ਦਾ ਸੰਸ਼ੋਧਨ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ, ਉਨ੍ਹਾਂ ਨੂੰ ਖੋਲ੍ਹ ਕੇ ਦਸਿਆ ਹੈ। ਯੋਗੀ ਜਿਸ ਦਾ ਮਨ ਉਤੇ ਪੂਰਾ ਕਾਬੂ ਹੈ, ਮਨ ਨੂੰ ਸੰਸ਼ੋਧ ਕੇ ਰਖਦਾ ਹੈ ਉਸ ਦਾ ਅੰਤਰ ਹਰ ਹਾਲਤ ਵਿਚ ਸਥਿਰ ਰਹਿੰਦਾ ਹੈ। ਜਿਹੜੇ ਆਪਣੇ ਮਨ ਉਤੇ ਕਾਬੂ ਨਹੀਂ ਪਾ ਸਕਦੇ, ਉਹ ਗੁਆਚੇ ਹੀ ਰਹਿੰਦੇ ਹਨ, ਉਹ ਬਾਹਰੀ ਵਾਤਾਵਰਣ ਦੇ ਅਧੀਨ ਹੋ ਜਾਂਦੇ ਹਨ।

ਅੱਜ ਦਾ ਮਨੁੱਖ ਮਨ ਉਤੇ ਕਾਬੂ ਪਾਉਣ ਦੀ ਮਹੱਤਤਾ ਨਹੀਂ ਜਾਣਦਾ, ਉਹ ਨਹੀਂ ਸਮਝਦਾ ਕਿ ਕੋਈ ਐਸੀ ਚੀਜ਼ ਵੀ ਹੈ ਜਿਸ ਨੂੰ ਸਾਡੀਆਂ ਅੱਖਾਂ ਦੇਖ ਨਹੀਂ ਸਕਦੀਆਂ, ਹੱਥ ਮਹਿਸੂਸ ਨਹੀਂ ਕਰ ਸਕਦੇ।

ਇਹ ਸਿੱਧ ਹੋ ਚੁੱਕਾ ਹੈ ਕਿ ਇਹ ਸੋਚਣਾ ਕਿ ਜੋ ਅੱਖਾਂ ਨਹੀਂ ਦੇਖ ਸਕਦੀਆਂ ਉਹ ਹੈ ਹੀ ਨਹੀਂ ਜੋ ਅਸੀਂ ਛੋਹ ਨਹੀਂ ਸਕਦੇ ਉਹ ਹੈ ਹੀ ਨਹੀਂ, ਇਹ ਬਹੁਤ ਸਾਰੇ ਮਨੋ-ਸਰੀਰਕ ਰੋਗ ਦਾ ਕਾਰਣ ਹਨ, ਜੇ ਅੱਜ ਦਾ ਮਨੁੱਖ ਕੁਝ ਕੁ ਯੋਗਿਕ ਕ੍ਰਿਆਵਾਂ ਸਿੱਖ ਲਵੇ ਉਸ ਨੂੰ ਆਪਣੇ ਅੰਤਰ ਦੀ ਸਮਝ ਪੈ ਜਾਵੇਗੀ, ਉਹ ਆਪਣੇ ਅੰਤਰ ਨੂੰ ਕਰਮਬੱਧ ਕਰਕੇ ਸੰਗਠਨ ਕਰ ਸਕਦਾ ਹੈ, ਇਸ ਤਰ੍ਹਾਂ ਕਰਕੇ ਉਹ ਸੰਤਾਪ ਅਤੇ ਦੁੱਖ ਤੋਂ ਬਚ ਸਕਦਾ ਹੈ। ਇਸ ਤਰ੍ਹਾਂ ਕਰਨ ਨਾਲ ਉਹ ਮਾਨਸਿਕ ਸੰਵੇਗਕ ਅਸ਼ਾਂਤੀ ਅਤੇ ਮਨੋਸਰੀਰਕ ਰੋਗਾਂ ਤੋਂ ਛੁਟਕਾਰਾ ਪਾ ਸਕਦਾ ਹੈ। ਅਸੀਂ ਬਹੁਤ ਵਾਰੀ ਬੜੇ ਅਮੀਰਾਂ ਤੋਂ ਤੇ ਬਹੁਤ ਪਤਵੰਤੇ ਸਜਣਾਂ ਨੂੰ ਕਹਿੰਦਿਆਂ ਸੁਣਦੇ ਹਾਂ ਜੀਵਨ ਬੜਾ ਬੋਰ ਲੱਗ ਰਿਹਾ ਹੈ, ਅਮੀਰ ਲੋਕੀ ਆਮ ਤੌਰ ਤੇ ਕਹਿੰਦੇ ਹਨ, "ਸਾਡੇ ਕੋਲ ਸਾਰੇ ਆਰਾਮ ਦੇ ਸਾਧਨ ਹਨ, ਅੱਜ ਦੇ ਜੀਵਨ ਦੀਆਂ ਸਹੂਲਤਾਂ ਹਨ, ਪਰ ਮਨ ਦੀ ਸ਼ਾਂਤੀ ਨਹੀਂ ਹੈ, ਜਦੋਂ ਅਸੀਂ ਅੰਤਰ ਅਤੇ ਬਾਹਰ ਦੇ ਜੀਵਨ ਨੂੰ ਚੰਗੀ ਤਰ੍ਹਾਂ ਨਾ ਸਮਝ ਲਈਏ ਇਨ੍ਹਾਂ ਨੂੰ ਜੋੜਨਾ ਨਾ ਸਿੱਖ ਲਈਏ, ਕਦੀ ਮਨ ਦੀ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ ਭਾਵੇਂ ਕਿੰਨੀ ਵੀ ਦੌਲਤ ਕਿਉਂ ਨਾ ਹੋਵੇ। ਕਿਉਂ ਨਹੀਂ ਅਸੀਂ ਰੋਜ਼ ਕੁਝ ਸਮੇਂ ਉਹ ਨਹੀਂ ਕਰਦੇ ਜਿਸ ਨਾਲ ਅਸੀਂ ਆਪਾ ਚੀਨ ਸਕੀਏ। ਸੋਚਣੀ ਉਤੇ, ਭਾਵਨਾਵਾਂ ਉਤੇ, ਮਨੋਵਿਰਤੀਆਂ ਤੇ ਹੋਰ ਸਭ ਕਿਸਮ ਦੀ ਭੁੱਖ ਉਤੇ ਕਾਬੂ ਪਾ ਸਕੀਏ?

ਜਿਹੜੇ ਵੀ ਲੋਕੀ ਅੱਜ ਦੇ ਸਮੇਂ ਵਿਚ ਰਹਿ ਰਹੇ ਹਨ ਉਹ ਕਹਿੰਦੇ ਹਨ, ਉਹ ਖੁਸ਼ ਨਹੀਂ ਹਨ ਪਰ ਫੇਰ ਵੀ ਉਹ ਉਨ੍ਹਾਂ ਹਾਲਤਾਂ ਵਿਚ ਰਹਿਣ ਲਈ ਮਜ਼ਬੂਰ ਹਨ, ਉਹ ਹਾਲਾਤ ਕੀ ਹਨ? ਉਹ ਕਿਸ ਦੇ ਬਣਾਏ ਹੋਏ ਹਨ? ਜੇ ਬੰਦਾ ਵਿਚਾਰ ਕੇ ਦੇਖੇ, ਉਸ ਨੂੰ ਦਿਸੇਗਾ ਉਹ ਹਾਲਾਤ ਉਸ ਦੇ ਆਪਣੇ ਹੀ ਬਣਾਏ ਹੋਏ ਹਨ, ਜੇ ਉਹ ਕੋਈ ਦੁਬਿਧਾ ਵਿਚ ਹੈ ਉਹ ਉਨ੍ਹਾਂ ਦੇ ਆਪਣੇ ਮਨ ਦੇ ਕਾਰਣ ਕਰਕੇ ਹੈ, ਉਨ੍ਹਾਂ ਦਾ ਮਨ ਉਨ੍ਹਾਂ ਨੂੰ ਬਾਕੀ ਰਿਸ਼ਤਿਆਂ ਨਾਲ ਹੋਰ ਆਲੇ-ਦੁਆਲੇ ਨਾਲ ਸਮਝੌਤਾ ਨਹੀਂ ਕਰਨ ਦੇ ਰਿਹਾ। ਸਾਰੇ ਸੰਤਾਪ ਆਪਣੇ ਹੀ ਖਲੇਰੇ ਹੋਏ ਹਨ। ਆਪਣੀ ਅਸਫਲਤਾ ਲਈ ਵਾਹਿਗੁਰੂ ਨੂੰ ਉਲਾਂਭਾ ਨਹੀਂ ਦੇਣਾ ਚਾਹੀਦਾ। ਅੱਜ ਦਾ ਮਨੁੱਖ ਦੂਸਰਿਆਂ ਨੂੰ ਹੀ ਦੋਸ਼ੀ ਦਸਦਾ ਹੈ ਅਤੇ ਇਸ ਤਰ੍ਹਾਂ ਕਰਨ ਵਿਚ ਖੁਸ਼ ਹੁੰਦਾ ਹੈ ਭਾਵੇਂ ਇਹ ਇਕ ਭਾਵਾਤਮਕ ਪਲਾਇਨ ਹੀ ਹੈ - ਉਹ ਵੀ ਥੋੜ੍ਹੀ ਦੇਰ ਲਈ। ਇਹੋ ਜਿਹੇ ਪਲਾਇਨ ਦੇਰ ਤਕ ਕੰਮ ਨਹੀਂ ਕਰਦੇ। ਅਸਲੀਅਤ, ਯਥਾਰਥ ਜੀਵਨ ਦੇ ਤੱਤ ਦਾ ਸਾਮ੍ਹਣਾ ਕਰਨ ਲਈ ਮਜ਼ਬੂਰ ਕਰ ਦਿੰਦਾ ਹੈ। ਸਾਰੇ ਪੂਰਬ ਅਤੇ ਪੱਛਮ ਵਿਚ ਲੋਕੀ ਜਿਹੜੇ ਮੋਹ, ਲਾਲਚ ਵਿਚ ਉਲਝੇ ਪਏ ਹਨ ਦੂਸਰਿਆਂ ਨੂੰ ਅਤੇ ਪ੍ਰਮਾਤਮਾ ਨੂੰ ਦੋਸ਼ ਦਿੰਦੇ ਹਨ। ਲੋਕੀ ਆਪਣੀਆਂ ਡਿਊਟੀਆਂ ਆਪਣੇ ਕੰਮ ਕਰ ਰਹੇ ਹਨ ਪਰ ਫੇਰ ਕਰਨਾ ਵੀ ਨਹੀਂ ਚਾਹੁੰਦੇ ਉਸ ਨਾਲ ਬੜਾ ਦੁਵੰਧ ਪੈਦਾ ਹੋ ਜਾਂਦਾ ਹੈ, ਜਿਸ ਨਾਲ ਬਹੁਤ ਸਾਰੇ ਰੋਗ ਉਤਪੰਨ ਹੋ ਜਾਂਦੇ ਹਨ।

ਜਦੋਂ ਆਪਣੀਆਂ ਡਿਊਟੀਆਂ ਅਤੇ ਇਛਾਵਾਂ ਵਿਚ ਟਕਰਾਅ ਹੁੰਦਾ ਹੈ, ਤਾਂ ਕਈ ਕਿਸਮ ਦੇ ਤੰਤੂ ਵਿਕਾਰ ਅਤੇ ਮਨੋਸਰੀਰਕ ਰੋਗ ਪੈਦਾ ਕਰਦੇ

ਹਨ। ਜਿਹੜਾ ਕੋਈ ਖਿਝ ਕੇ ਕ੍ਰਿਝ ਕੇ ਆਪਣੀ ਡਿਊਟੀ ਕਰਦਾ ਹੈ ਉਹ ਕਦੀ ਪ੍ਰਸੰਨ ਨਹੀਂ ਰਹਿ ਸਕਦਾ, ਜਾਂ ਕੋਈ ਆਪਣੀਆਂ ਡਿਊਟੀਆਂ ਤੋਂ ਪਿੱਠ ਮੋੜ ਲਵੇ ਫੇਰ ਉਸ ਦਾ ਜੀਵਨ ਅਨੁਸ਼ਾਸ਼ਨ ਰਹਿਤ ਅਤੇ ਸੁਆਰਥੀ ਹੋ ਜਾਵੇਗਾ। ਬਹੁਤ ਸਾਰੇ ਲੋਕੀ ਬੜੇ ਦੁਖੀ ਅਤੇ ਬੇਚੈਨ ਰਹਿੰਦੇ ਹਨ ਆਪਣੇ ਆਪ ਵਿਚ ਦੋਸ਼ੀ ਮਹਿਸੂਸ ਕਰਦੇ ਹਨ ਕਿਉਂਕਿ ਉਹ ਆਪਣੀਆਂ ਡਿਊਟੀਆਂ ਨਹੀਂ ਕਰਦੇ, ਫੇਰ ਉਨ੍ਹਾਂ ਨੂੰ ਚਿੰਤਾ ਹੁੰਦੀ ਹੈ, ਉਹ ਚਿੰਤਾ ਫੇਰ ਸਰੀਰਕ ਰੋਗਾਂ ਵਿਚ ਪ੍ਰਗਟ ਹੁੰਦੀ ਹੈ।

ਅੱਜ ਦੇ ਮਨੋਵਿਗਿਆਨਕ ਬੇਅਰਥ ਇਨ੍ਹਾਂ ਰੋਗਾਂ ਨੂੰ ਜਾਚਣ ਦੀ ਕੋਸ਼ਿਸ਼ ਕਰ ਰਹੇ ਹਨ। ਅਜੇ ਤਕ ਉਨ੍ਹਾਂ ਨੂੰ ਖੋਜਣ ਦਾ ਕੋਈ ਠੀਕ ਤਰੀਕਾ ਲੱਭਿਆ ਵੀ ਨਹੀਂ, ਉਨ੍ਹਾਂ ਦੇ ਨਤੀਜੇ ਬੜੇ ਲੰਮੇ ਅਤੇ ਬੜੀ ਦੇਰ ਨਾਲ ਆਉਂਦੇ ਹਨ। ਗੀਤਾ ਇਹੋ ਜਿਹੇ ਸਾਰੇ ਰੋਗਾਂ ਦਾ ਹੱਲ ਦਸਦੀ ਹੈ, ਉਹ ਹੈ ਆਪਣੇ ਆਪ ਨੂੰ ਸਮੇਟ ਕੇ ਅੰਤਰਮੁਖੀ ਹੋਣ ਦਾ ਢੰਗ। ਜਿਥੋਂ ਤੁਸੀਂ ਬੜੇ ਸੁਚੱਜੇ ਢੰਗ ਨਾਲ ਬਿਨਾਂ ਨਿਖੇਧੀ ਦੀਆਂ ਸੋਚਾਂ ਆਪਣਾ ਕਰਮ ਕਰ ਸਕਦੇ ਹੋ। ਇਸ ਤਰੀਕੇ ਨੂੰ ਪੂਰੀ ਤਰ੍ਹਾਂ ਅਪਣਾਉਣ ਲਈ ਤੁਹਾਨੂੰ ਸਾਧਨਾ ਨਾਲ ਆਪਣੇ ਆਪ ਨੂੰ ਪੂਰੀ ਤਰ੍ਹਾਂ ਬਦਲਣਾ ਪਵੇਗਾ, ਸੁਚੱਜੇ ਢੰਗ ਨਾਲ ਕਰਮ ਕਰਨੇ, ਇਕਸੁਰਤਾ ਨਾਲ, ਸਮਾਨਤਾ ਨਾਲ ਰਹਿਣਾ ਆਪ ਹੀ ਆ ਜਾਵੇਗਾ, ਸਾਧਨਾ ਤੋਂ ਬਿਨਾਂ ਸ਼ਾਂਤਮਈ ਜੀਵਨ ਨਹੀਂ ਜੀਵਿਆ ਜਾ ਸਕਦਾ।

ਕੀਤੇ ਕਰਮਾਂ ਦੀ ਸਫਲਤਾ ਲਈ, ਮਨ ਬਿਲਕੁਲ ਸੰਤੁਲਿਤ ਚਾਹੀਦਾ ਹੈ, ਜਦੋਂ ਸਾਧਕ ਅੰਦਰ ਦੀਆਂ ਸੂਖਸ਼ਮ ਸ਼ਕਤੀਆਂ ਦਾ ਜਾਣੂੰ ਹੋ ਜਾਂਦਾ ਹੈ ਤਾਂ ਉਹ ਆਪਣਾ ਅੰਦਰ ਸੰਗਠਨ ਕਰਨ ਲਗ ਪੈਂਦਾ ਹੈ ਅਤੇ ਮਨ ਦੀ ਸੁਚਿਤਤਾ ਜਾਣ ਜਾਂਦਾ ਹੈ ਜੋ ਵੀ ਅੰਦਰ ਪਿਆ ਹੈ, ਬਹੁਤ ਛੇਤੀ ਹੀ ਪਕੜ ਵਿਚ ਆ ਸਕਦਾ ਹੈ ਜੇ ਅਸੀਂ ਸਾਧਨਾ ਦਾ ਰਸਤਾ ਆਪਣਾਈਏ। ਜਿਹੜੇ ਵੀ ਮਾਰਗ ਉਤੇ ਚਲੋ, ਅਟੱਲ ਰਹੋ, ਹਿੰਮਤ ਕਰਕੇ ਚਲੋ, ਮਨ ਦੀ ਸਥਿਰਤਾ ਜ਼ਰੂਰ ਆਵੇਗੀ, ਸਥਿਰਤਾ ਆਉਣ ਨਾਲ ਕੋਈ ਗਲਤੀ ਨਹੀਂ ਹੋਵੇਗੀ ਡਿਊਟੀ ਚੰਗੀ ਤਰ੍ਹਾਂ ਕਰ ਸਕੋਗੇ।

ਜਦੋਂ ਮੋਹ ਤੋਂ ਮੁਕਤ ਹੋਣ ਦੀ ਮਹਾਨਤਾ ਦਾ ਅਹਿਸਾਸ ਹੋ ਜਾਂਦਾ ਹੈ ਤਾਂ ਤੁਸੀਂ ਆਪਣੀ ਡਿਊਟੀ ਨੂੰ ਪਿਆਰ ਕਰਨ ਲੱਗ ਪੈਂਦੇ ਹੋ ਅਤੇ ਫੇਰ ਜੋ ਕੀਤੇ ਕਰਮ ਦਾ ਫਲ ਮਿਲੇ ਉਸ ਨੂੰ ਪ੍ਰਮਾਤਮਾ ਦੀ ਬਖਸ਼ਿਸ਼ ਕਹਿ ਕੇ ਮਾਣਦੇ ਹੋ। ਮੋਹ ਤੋਂ ਮੁਕਤ ਹੋਣਾ ਜੀਵਨ ਦੀ ਬਹੁਤ ਵੱਡੀ ਖੁਸ਼ੀ ਤੇ ਪਿਆਰ ਬਣ ਜਾਂਦਾ ਹੈ। ਪਿਆਰ ਅਤੇ ਮੋਹ ਤੋਂ ਮੁਕਤ ਇਕੋ ਹੀ ਗੱਲ ਹੈ ਕੋਈ ਭਾਵੇਂ ਇਹ ਸੋਚੇ ਕਿ ਮੋਹ ਤੋਂ ਮੁਕਤ ਤੋਂ ਭਾਵ ਹੈ ਕੰਮ ਨਾ ਕਰਨਾ, ਬੇਪਰਵਾਹ ਹੋ ਜਾਣਾ, ਬਿਲਕੁਲ ਉਲਟ ਜਿਹੜਾ ਆਪਣੀ ਡਿਊਟੀ ਮੋਹ ਤੋਂ ਮੁਕਤ ਜਾਂ ਨਿਰਲਿਪਤ ਹੋ ਕੇ ਕਰਨਾ ਸਿੱਖ ਲੈਂਦਾ ਹੈ ਉਹ ਆਪਣਾ ਧਰਮ ਪਿਆਰ ਨਾਲ ਨਿਭਾ ਰਿਹਾ ਹੈ, ਇਹੋ ਜਿਹੇ ਯੋਗੀ ਨੂੰ ਮੁਕਤੀ ਦੀ ਲੋੜ ਨਹੀਂ ਰਹਿੰਦੀ, ਉਹ ਤਾਂ ਮੁਕਤ ਹੋ ਚੁਕਾ ਹੈ, ਉਹ ਤਾਂ ਸਭ ਬੰਧਨਾਂ ਤੋਂ ਛੁਟ ਚੁਕਾ ਹੈ, ਉਹ ਸੰਸਾਰ ਵਿਚ ਰਹਿੰਦਿਆਂ ਸਭ ਬੰਧਨਾਂ ਤੋਂ ਮੁਕਤ ਹੈ।

ਜਿਹੜਾ ਕਰਮ ਕਰਕੇ ਸਾਰੇ ਫਲ ਮਾਨਵਤਾ ਨੂੰ ਚੜ੍ਹਾ ਰਿਹਾ ਹੈ, ਉਹ ਹਰ ਸਮੇਂ ਭਗਤੀ ਕਰ ਰਿਹਾ ਹੈ, ਅਰਦਾਸ ਕਰ ਰਿਹਾ ਹੈ, ਉਹ ਆਪਣੇ ਲਈ ਰੁਕਾਵਟਾਂ ਨਹੀਂ ਪਾ ਰਿਹਾ। ਕਿੰਨਾ ਵਿਅੰਗ ਹੈ ਬਹੁਤ ਸਾਰੇ ਲੋਕੀ ਪਹਿਲਾਂ ਰੁਕਾਵਟਾਂ ਪਾਉਂਦੇ ਹਨ ਫੇਰ ਉਨ੍ਹਾਂ ਨੂੰ ਹਟਾਉਣ ਦੀ ਕੋਸ਼ਿਸ਼ ਕਰਦੇ ਹਨ, ਕੀ ਇਹ ਗਿਆਨ ਦਾ ਰਸਤਾ ਹੈ? ਅੱਜ ਦੇ ਬਹੁਤ ਸਾਰੇ ਵਿਦਿਆਰਥੀ ਆਪਣਾ ਸਮਾਂ ਅਤੇ ਸ਼ਕਤੀ ਇਹੋ ਜਿਹੀਆਂ ਮੂਰਖਤਾਵਾਂ ਵਿਚ ਬਿਤਾ ਰਹੇ ਹਨ। ਮਿਹਨਤ ਤਾਂ ਭਾਵੇਂ ਉਹ ਬਹੁਤ ਕਰਦੇ ਹਨ ਪਰ ਲੱਭਦਾ ਕੁਝ ਨਹੀਂ। ਅੱਛਾ ਸਾਧਕ ਸਦਾ ਹੀ ਸਤਰਕ ਰਹਿੰਦਾ ਹੈ, ਉਹ ਮੁੜ-ਮੁੜ ਕੇ ਆਪਣੀ ਪੁਰਾਣੀਆਂ ਆਦਤਾਂ ਵਿਚ ਨਹੀਂ ਫਸਦਾ, ਉਹ ਸਦਾ ਅਗਲੀ ਪਉੜੀ ਤੇ ਚੜ੍ਹ ਕੇ ਉਚੇਰੇ ਜਾਂਦਾ ਹੈ।

ਯੋਗੀ ਨੂੰ ਦੋ ਚਿੰਨ ਸਦਾ ਯਾਦ ਰੱਖਣੇ ਚਾਹੀਦੇ ਹਨ। ਕਮਲ ਦਾ ਫੁੱਲ ਜੋ ਪਾਣੀ ਵਿਚ ਉਗਦਾ ਹੈ, ਉਸਦੀਆਂ ਪੱਤੀਆਂ ਪਾਣੀ ਤੋਂ ਅਭਿੱਜ ਰਹਿੰਦੀਆਂ ਹਨ। ਸੂਰਜ ਜੋ ਸਦਾ ਚਮਕਦਾ ਹੈ, ਸਭ ਨੂੰ ਇਕੋ ਜਿਹਾ ਨਿੱਘ ਅਤੇ ਗਰਮੀ ਦਿੰਦਾ ਹੈ, ਪਰ ਸਭ ਤੋਂ ਉਚਾ ਅਤੇ ਦੂਰ ਰਹਿੰਦਾ ਹੈ, ਸੰਸਾਰ ਵਿਚ ਹੋਰਾਂ ਦਾ ਬਦਲਾਵ ਅਤੇ ਹੋਰ ਚੀਜ਼ਾਂ ਦਾ ਉਸ ਉਤੇ ਪ੍ਰਭਾਵ ਨਹੀਂ ਪੈਂਦਾ, ਇਹ ਯੋਗ ਦੀ ਸੁਚਿਤਤਾ ਦੇ ਚਿੰਨ ਹਨ, ਜਿਹੜੇ ਸੰਪੂਰਨਤਾ ਵਲ ਲਿਜਾਂਦੇ ਹਨ।

49. ਇਸ ਸਮਤਬ ਰੂਪ ਬੁਧਿ ਯੋਗ ਤੋਂ ਸਕਾਮ ਕਰਮ ਅਤਿਅੰਤ ਤੁਛ ਹੈ ਇਸ ਲਈ ਹੇ ਧਨੰਜਯ! ਸਮਤਬ ਬੁਧਿ ਯੋਗ ਦਾ ਆਸਰਾ ਗ੍ਰਹਿਣ ਕਰ ਕਿਉਂਕਿ ਫਲ ਦੀ ਵਾਸ਼ਨਾ ਵਾਲੇ ਅਤਿਅੰਤ ਦੀਨ ਹਨ।

50. ਅਤੇ ਸਮਤਬ ਬੁਧਿ ਯੁਕਤ ਪੁਰਸ਼ ਪਾਪ ਪੁੰਨ ਦੋਨਾਂ ਨੂੰ ਇਸ ਲੋਕ ਵਿਚ ਹੀ ਤਿਆਗ ਦਿੰਦਾ ਹੈ ਅਰਥਾਤ ਉਨ੍ਹਾਂ ਨਾਲ ਲਿਪਾਇਮਾਨ ਨਹੀਂ ਹੁੰਦਾ ਇਸ ਤੋਂ ਸਮਤਬਯ ਬੁਧ ਯੋਗ ਵਾਸਤੇ ਹੀ ਚੇਸ਼ਟਾ ਕਰ ਇਹ ਸਮਤਬ ਬੁਧ ਰੂਪ ਯੋਗ ਹੀ ਕਰਮਾਂ ਵਿਚ ਚਤਰਤਾ ਹੈ ਅਰਥਾਤ ਕਰਮ ਬੰਧਨ ਤੋਂ ਛੁਟਣ ਦਾ ਉਪਾਉ ਹੈ।

51. ਕਿਉਂਕਿ ਬੁਧ ਯੋਗ ਉਕਤ ਗਿਆਨੀ ਪੁਰਸ਼ ਕਰਮਾਂ ਤੋਂ ਉਤਪੰਨ ਹੋਣ ਵਾਲੇ ਫਲ ਨੂੰ ਤਿਆਗ ਕੇ ਜਨਮ ਰੂਪ ਬੰਧਨ ਤੋਂ ਛੁਟੇ ਹੋਏ ਨਿਰਦੋਸ਼ ਅਰਥਾਤ ਅੰਮ੍ਰਿਤਮਈ ਪਰਮਪਦ ਨੂੰ ਪ੍ਰਾਪਤ ਹੁੰਦੇ ਹਨ।

ਫਲ ਦੇ ਨਿਖੇਦਮਈ ਨਤੀਜੇ ਦੱਸਣ ਤੋਂ ਬਾਦ, ਕ੍ਰਿਸ਼ਨ ਜੀ ਅਨੁਸ਼ਾਸ਼ਕ ਬੱਧ ਨਿਰਲਿਪਤ ਹੋ ਕੇ ਕੀਤੇ ਗਏ ਕਰਮਾਂ ਦੀ ਮਹੱਤਤਾ ਦਸਦੇ ਹਨ। ਬੁੱਧੀ ਯੋਗ ਮਾਨਸਿਕ ਰੁਚੀ ਅਨੁਸਾਰ ਨਿਰਲਿਪਤ ਹੋ ਕੇ ਕੀਤੇ ਗਏ ਕਰਮਾਂ ਦੇ ਫਲ ਨੂੰ ਕਿਹਾ ਗਿਆ ਹੈ। ਬੁੱਧੀ ਆਤਮਾ ਅਤੇ ਆਪੇ ਵਿਚ ਨਿਰਣਾ ਕਰ ਸਕਦੀ ਹੈ, ਇਸ ਨਿਰਣਾਇਕ ਬੁੱਧੀ ਤੋਂ ਮੋਹ ਰਹਿਤ ਆਪਾ ਸਿਰਜਿਆ ਜਾ ਸਕਦਾ ਹੈ।

ਖਿੰਡੀ ਹੋਈ ਬਿਰਤੀ ਵਾਲਾ ਕਦੇ ਸੋਚ ਹੀ ਨਹੀਂ ਸਕਦਾ ਉਹ ਖੁਸ਼ੀ

ਜਿਹੜੀ ਇਕ ਸ਼ਾਂਤ ਮਨ ਆਪਣੀ ਡਿਊਟੀ ਸੁਚੱਜਤਾ ਨਾਲ ਕਰਦਿਆਂ ਪ੍ਰਾਪਤ ਕਰ ਰਿਹਾ ਹੈ। ਜਦੋਂ ਮਨ ਸ਼ਾਂਤ ਹੋਵੇ ਤਾਂ ਬੁੱਧੀ ਕੰਮ ਕਰਦੀ ਹੈ। ਕੇਵਲ ਸ਼ਾਂਤ ਮਨ ਹੀ ਅੰਤਰ ਸ਼ਾਂਤ ਰਖ ਸਕਦਾ ਹੈ, ਸ਼ਾਂਤ ਮਨ ਸੁੱਚਜੀ ਤਰ੍ਹਾਂ ਕੰਮ ਕਰਨ ਲਈ ਉਤਸ਼ਾਹ ਦਿੰਦੇ। ਫਲ ਦੀ ਇੱਛਾ ਤੋਂ ਮੁਕਤ ਕਰਦਾ ਹੈ। ਇਹੋ ਜਿਹੇ ਕਰਮ ਜੀਵਨ ਦੇ ਉਦੇਸ਼ ਦੀ ਪੂਰਤੀ ਕਰਦੇ ਹਨ, ਸੁਆਰਥ ਨਾਲ ਕੀਤੇ ਗਏ ਕਰਮ ਸੰਸਾਰ ਨਾਲ ਬੰਧਨ ਪਾਉਂਦੇ ਹਨ, ਨਿਰਇਛੁਕ ਹੋ ਕੇ ਕੀਤੇ ਗਏ ਕਰਮ ਸੰਸਾਰ ਤੋਂ ਛੁਟਕਾਰਾ ਦਿਵਾਉਂਦੇ ਹਨ।

ਸੁਚੱਜੀ ਤਰ੍ਹਾਂ ਕਰਮ ਲਈ ਮਨ ਦਾ ਪੂਰੀ ਤਰ੍ਹਾਂ ਅਨੁਸ਼ਾਸ਼ਤ ਅਤੇ ਮੋਹ ਰਹਿਤ ਹੋਣਾ ਬਹੁਤ ਹੀ ਆਵਸ਼ਕ ਹੈ। ਜੇ ਇਹ ਦੋਵੇਂ ਨਾ ਹੋਣ ਤਾਂ ਮਨ ਲਾਭ, ਹਾਨੀ, ਸਫਲਤਾ, ਅਸਫਲਤਾ ਵਿਚ ਭਟਕਦਾ ਰਹਿੰਦਾ ਹੈ, ਇਹੋ ਜਿਹਾ ਉਖੜਿਆ ਮਨ ਬਿਲਕੁਲ ਵੀ ਸਹਾਇਕ ਨਹੀਂ ਹੋ ਸਕਦਾ, ਇਸ ਤੋਂ ਉਲਟ ਇਹੋ ਜਿਹਾ ਮਨ ਨਿਰਾਸਤਾ, ਸੰਤਾਪ, ਦੁਖ ਵਲ ਘੜੀ-ਘੜੀ ਖਿਚਦਾ ਰਹੇਗਾ।

ਸੁਚੱਜੇ ਕਰਮ ਕੇਵਲ ਸੋਧੇ ਹੋਏ ਮਨ ਤੋਂ ਹੀ ਪੈਦਾ ਹੋ ਸਕਦੇ ਹਨ, ਨਿਰਲੇਪਤਾ ਬੁੱਧ ਯੋਗ ਦੀ ਬਖਸ਼ਿਸ਼ ਹੈ, ਗਿਆਨ ਯੋਗ ਅਤੇ ਨਿਸ਼ਕਾਮ ਕਰਮਾਂ ਵਾਰੇ ਇਥੇ ਵੱਖ-ਵੱਖ ਦੱਸਿਆ ਗਿਆ ਹੈ, ਕੇਵਲ ਇਹ ਸਮਝਾਉਣ ਲਈ ਕਿ ਦੋਨਾਂ ਦਾ ਵਿਕਾਸ, ਦੋਨਾਂ ਦਾ ਨਾਲ-ਨਾਲ ਹੋਣਾ ਬਹੁਤ ਹੀ ਅਵੱਸ਼ਕ ਹੈ। ਸੋਧ ਕੇ ਕੀਤੇ ਗਏ ਕੰਮ, ਅਣਢੁਕਵੇਂ, ਹਾਨੀਕਾਰਕ ਕੰਮ ਨਾਲੋਂ ਕਿਤੇ ਵਧ ਉਤਮ ਹੁੰਦੇ ਹਨ। ਇਹ ਗੱਲ ਉਦੋਂ ਚੰਗੀ ਤਰ੍ਹਾਂ ਪਰਤੱਖ ਹੁੰਦੀ ਹੈ ਜਦੋਂ ਅਸੀਂ ਫਲ ਦੇਖਦੇ ਹਾਂ ਭਾਵੇਂ ਚੰਗੇ ਕੀਤੇ ਕੰਮ ਚੰਗੇ ਫਲ ਦਿੰਦੇ ਹਨ ਪਰ ਇਸ ਤੋਂ ਇਹ ਭਾਵ ਨਹੀਂ ਕਿ ਤੁਸੀਂ ਛੁਟ ਗਏ, ਮੁਕਤ ਹੋ ਗਏ ਕਿਉਂਕਿ ਚੰਗੇ ਫਲ ਤੁਹਾਨੂੰ ਹੋਰ ਚੰਗਾ ਕੰਮ ਕਰਨ ਲਈ ਪ੍ਰੇਰਿਤ ਕਰਨਗੇ। ਕੇਵਲ ਸੋਧ ਕੇ ਕੀਤੇ ਗਏ ਅਨੁਸ਼ਾਸ਼ਕ-ਮਨ ਦੇ ਕੰਮ ਹੀ ਜਨਮ ਮਰਨ ਦੇ ਗੇੜ ਤੋਂ ਛੁਟਕਾਰਾ ਨਹੀਂ ਕਰਾ ਸਕਦੇ, ਕੇਵਲ ਅਤੇ ਕੇਵਲ, ਜਦੋਂ ਸੋਧ ਕੇ ਕੀਤੇ ਗਏ ਕੰਮ ਨਿਸ਼ਕਾਮ ਹੋ ਕੇ ਕੀਤੇ ਜਾਂਦੇ ਹਨ, ਮੋਹ ਨੂੰ ਤਿਆਗ ਕੇ ਕੀਤੇ ਜਾਣ ਉਦੋਂ ਹੀ ਕਰਮਾਂ ਤੋਂ ਛੁਟਕਾਰਾ ਮਿਲਦਾ ਹੈ।

ਸੁਆਰਥ ਵਸ ਹੋ ਕੇ ਕੀਤੇ ਗਏ ਕਰਮ ਉਨ੍ਹਾਂ ਤੋਂ ਬਿਲਕੁਲ ਵੱਖਰੇ ਤੇ ਨਿਆਰੇ ਹੁੰਦੇ ਹਨ ਜਿਹੜੇ ਸ਼ਾਂਤ ਮਨ ਨਾਲ ਕੀਤੇ ਜਾਂਦੇ ਹਨ। ਸੁਆਰਥੀ ਲੋਕ ਫਲ ਦੀ ਉਡੀਕ ਵਿਚ ਰਹਿੰਦੇ ਹਨ। ਜਦੋਂ ਫਲ ਨੂੰ ਸਮਰਪਣ ਕਰਨ ਦੀ ਇੱਛਾ, ਫਲ ਨੂੰ ਤਿਆਗਣ ਦੀ ਇੱਛਾ ਤੁਹਾਡੇ ਵਿਚ ਹੋਵੇ ਤਾਂ ਹੀ ਤੁਸੀਂ ਨਿਰਸੁਆਰਥੀ ਹੁੰਦੇ ਹੋ। ਨਿਰਸੁਆਰਥੀ ਸਦਾ ਦੂਸਰਿਆਂ ਦੀਆਂ ਲੋੜਾਂ ਹੀ ਦੇਖਦਾ ਹੈ, ਉਹ ਕੇਵਲ ਦੇਣ ਲਈ ਤਤਪਰ ਰਹਿੰਦਾ ਹੈ ਲੈਣ ਲਈ ਨਹੀਂ। ਪਰਿਵਾਰ ਦੀ ਸੰਸਥਾ ਨੂੰ ਜੇ ਚੰਗੀ ਤਰ੍ਹਾਂ ਖੋਜਿਆ ਜਾਵੇ ਤਾਂ ਇਹ ਗੱਲ ਚੰਗੀ ਤਰ੍ਹਾਂ ਨਿਤਰ ਕੇ ਅੱਗੇ ਆਵੇਗੀ ਕਿ ਪਰਿਵਾਰ ਕੇਵਲ ਦੇਣ ਦੀ ਫਿਲੌਸਫੀ ਉਤੇ ਹੀ ਸਥਿਰ ਹੈ। ਜਦੋਂ ਮਨੁੱਖ ਆਪਣੀ ਪਤਨੀ, ਬੱਚਿਆਂ ਨੂੰ ਕਮਾ ਕੇ ਦਿੰਦਾ ਹੈ ਉਹ ਦੇਣ ਦਾ ਪਹਿਲਾ ਪਾਠ ਪੜ੍ਹ ਰਿਹਾ ਹੈ, ਫੇਰ

ਉਹ ਇਹ ਚੇਤਨਤਾ ਗੁਆਂਢੀ ਤਕ ਲੈ ਜਾ ਸਕਦਾ ਹੈ, ਫੇਰ ਸਮਾਜ, ਪੂਰੀ ਕੌਮ, ਦੇਸ਼, ਕੋਈ ਅੰਤ ਨਹੀਂ ਏਸ ਦੇ ਪਸਾਰੇ ਦਾ, ਜਿੰਨਾਂ ਚਾਹੋ ਕਰੋ, ਸਾਰਾ ਸੰਸਾਰ ਤੁਸੀਂ ਪਾਤਰ ਬਣਾ ਸਕਦੇ ਹੋ। ਇਹੋ ਹੀ ਸੱਚ ਪਿਆਰ ਲਈ ਹੈ। ਜੀਵਨ ਦਾ ਦੂਸਰਾ ਨਾਮ ਪਿਆਰ ਹੈ ਪਿਆਰ ਤੋਂ ਬਿਨਾਂ ਜੀਵਨ ਸੰਭਵ ਹੀ ਨਹੀਂ, ਜੀਵਨ ਤੋਂ ਬਿਨਾਂ ਪਿਆਰ ਸੰਭਵ ਨਹੀਂ, ਪਿਆਰ ਅਤੇ ਜੀਵਨ ਇਕੋ ਹੀ ਸਿੱਕੇ ਦੇ ਦੋ ਪਾਸੇ ਹਨ ਜਿਹੜੇ ਨਿਖੇੜੇ ਨਹੀਂ ਜਾ ਸਕਦੇ, ਵਾਸਤਵ ਵਿਚ ਇਹ ਇਕੋ ਹੀ ਹਨ।

ਅੱਜ ਦਾ ਜੀਵਨ ਦੇਣ ਦੀ ਥਾਂ ਲੈਣ ਭਰਪੂਰ ਹੈ, ਪਰਿਵਾਰ ਵਿਚ ਵੀ ਹਰ ਇਕ ਦੂਸਰੇ ਤੋਂ ਲੈਣਾ ਹੀ ਚਾਹੁੰਦਾ ਹੈ, ਦੇਣਾ ਨਿਸੁਆਰਥ ਦਾ ਪ੍ਰਤੀਕ ਹੈ, ਆਸ ਰੱਖਣੀ ਲੈਣ ਦਾ ਫੁਰਨਾ ਰਖਣਾ ਸੁਆਰਥ ਹੈ। ਇਕ ਸੁਆਰਥੀ ਪਤੀ, ਪਤਨੀ ਅਤੇ ਬੱਚਿਆਂ ਨੂੰ ਆਪਣੀ ਹੋਂਦ ਦੇ, ਸੁਆਰਥ ਦੀ ਤ੍ਰਿਪਤੀ ਲਈ ਵਰਤਦਾ ਹੈ। ਉਸ ਨੂੰ ਦੇਣ ਦਾ ਨਿਯਮ ਹੀ ਨਹੀਂ ਪਤਾ, ਜਦੋਂ ਇਨ੍ਹਾਂ ਨਿਯਮਾਂ ਦੀ ਉਲੰਘਣਾ ਕੀਤੀ ਜਾਂਦੀ ਹੈ, ਜਦੋਂ ਮਨੁੱਖ ਆਪਣਾ ਆਪ ਭੁੱਲ ਜਾਂਦਾ ਹੈ ਤਾਂ ਪਰਿਵਾਰ ਵਿਚ ਨਫਰਤ, ਘ੍ਰਿਣਾ ਵੀ ਪੈਦਾ ਹੋਣ ਲਗ ਪੈਂਦੀ ਹੈ, ਸਮਾਜ ਵਿਚ ਉਥਲ ਪੁਥਲ ਮਚ ਜਾਂਦੀ ਹੈ।

ਜਦੋਂ ਤਕ ਤੁਸੀਂ ਆਸ ਰੱਖੋਗੇ ਤੁਸੀਂ ਕਦੀ ਭਰਪੂਰ ਨਹੀਂ ਹੋ ਸਕਦੇ, ਦੇ ਕੇ ਸਦਾ ਭਰਪੂਰ ਹੋ, ਕਰਮ ਕਰੋ ਫਲ ਮਿਲੇ ਇਹ ਤਾਂ ਸਾਰੇ ਹੀ ਜਾਣਦੇ ਹਨ, ਸਾਰੇ ਦਾਰਸ਼ਨਿਕ, ਸਾਰੇ ਵਿਗਿਆਨੀ ਦਸਦੇ ਹਨ। ਵਾਸ਼ਨਾਵਾਂ ਅਤੇ ਨਿਜ ਹਿਤ ਮੁੜ-ਮੁੜ ਕੇ ਮਨੁੱਖ ਨੂੰ ਬੰਨ੍ਹਦੇ ਹਨ। ਜਦੋਂ ਤੁਸੀਂ ਆਸ ਰਖਦੇ ਹੋ ਤਾਂ ਇਸ ਦਾ ਫਲ ਨਿਰਾਸਤਾ, ਨਿਰਾਸ਼ਾ, ਦੁਖ ਅਤੇ ਪੀੜਾ ਵਿਚ ਨਿਕਲਦਾ ਹੈ ਪਰ ਜਦੋਂ ਤੁਸੀਂ ਦਿੰਦੇ ਹੋ ਤੁਸੀਂ ਪੂਰਨ, ਭਰਪੂਰ ਮਹਿਸੂਸ ਕਰਦੇ ਹੋ, ਦੇ ਕੇ ਪੂਰਤੀ ਦਾ ਅਹਿਸਾਸ ਹੁੰਦਾ ਹੈ। ਸਿਆਣੇ ਬੰਦੇ ਹੋਰ ਕਾਰਨ ਕਰਕੇ ਵੀ ਦਿੰਦੇ ਹਨ ਉਹ ਜਾਣਦਾ ਹੈ ਕਿ ਦੇ ਕੇ ਤੁਸੀਂ ਫਲ ਦੀ ਆਸ ਰਖਦੇ ਹੋ, ਫਲ ਦੀ ਆਸ ਰੱਖ ਕੇ ਤੁਸੀਂ ਬੰਧਨ ਵਿਚ ਬੰਨੇ ਜਾਂਦੇ ਹੋ, ਉਹ ਬਿਲਕੁਲ ਆਤਮਘਾਤੀ ਸਾਬਤ ਹੁੰਦਾ ਹੈ, ਮਨੁੱਖ ਆਪਣੇ ਬੰਧਨਾਂ ਵਿਚ ਜਕੜਿਆ ਜਾਂਦਾ ਹੈ।

ਉਪਨਿਸ਼ਦ ਦਸਦੇ ਹਨ, ਤਿਆਗ ਰਾਹੀਂ ਅਨੰਦ ਮਾਣੋ, ਇਹ ਹੀ ਮੁਕਤ ਹੋਣ ਦਾ ਇਕ ਤਰੀਕਾ ਹੈ, ਪਰ ਪ੍ਰਸ਼ਨ ਉਠਦਾ ਹੈ ਸੰਸਾਰ ਵਿਚ ਰਹਿ ਕੇ ਡਿਊਟੀਆਂ ਕਰਦੇ ਨਿਰਲਿਪਤ ਰਹਿਣਾ, ਕਿਵੇਂ ਹੋ ਸਕਦਾ ਹੈ? ਗੀਤਾ ਦਸਦੀ ਹੈ ਜੋ ਸੰਸਾਰ ਵਿਚ, ਜੜ੍ਹ ਚੇਤਨ ਜੋ ਵੀ ਹੈ ਉਹ ਸਾਡਾ ਹੈ ਹੀ ਨਹੀਂ, ਸਾਨੂੰ ਇਹ ਹੱਕ ਮਿਲਿਆ ਹੋਇਆ ਹੈ ਅਸਾਡਾ ਅਧਿਕਾਰ ਹੈ ਕਿ ਅਸੀਂ ਇਨ੍ਹਾਂ ਦਾਤਾਂ ਨੂੰ ਵਰਤੀਏ ਪਰ ਇਨ੍ਹਾਂ ਤੇ ਕਬਜ਼ਾ ਨਾ ਕਰੀਏ। ਇਹ ਗੱਲ ਇਕ ਝੂਠੀ ਹੋਂਦ ਦੇ ਕਬਜ਼ੇ ਦਾ ਪੜਦਾ ਫਾੜਨ ਲਈ ਬੜੀ ਲਾਭਦਾਇਕ ਗੱਲ ਹੈ। ਜੋ ਸਦਾ ਹੀ ਸੰਤਾਪ ਦਾ ਕਾਰਨ ਬਣਦੀ ਹੈ। ਨਹੀਂ ਤਾਂ ਦੇਣ ਅਤੇ ਪਿਆਰ ਕਰਨ ਦੀ ਖੁਸ਼ੀ ਦੁਖ ਸੰਤਾਪ ਵਿਚ ਬਦਲ ਜਾਂਦੀ ਹੈ। ਇਹ ਸਮਝਣ ਦੀ ਬਜਾਏ, ਅੱਜ ਦਾ ਮਨੁੱਖ ਮਲਕੀਅਤ ਦੇ ਚੱਕਰ ਵਿਚ

ਪੈ ਜਾਂਦਾ ਹੈ ਅਤੇ ਜਦੋਂ ਉਸ ਨੂੰ ਉਹ ਮਿਲ ਜਾਂਦਾ ਹੈ ਜੋ ਉਸ ਦਾ ਆਪਣਾ ਨਹੀਂ ਹੈ, ਉਹ ਚੋਰ ਦੀ ਤਰ੍ਹਾਂ ਰਹਿੰਦਾ ਹੈ, ਨਾ ਕਿ ਇਕ ਸੁਤੰਤਰ ਮਨੁੱਖ ਦੀ ਤਰ੍ਹਾਂ। ਬੁੱਧੀ ਜੀਵ ਇਹ ਪ੍ਰਸ਼ਨ ਕਰਦੇ ਹਨ ਜੇ ਅਸੀਂ ਫਲ ਦੀ ਆਸ ਨਹੀਂ ਰਖਾਂਗੇ, ਕੀ ਅਸੀਂ ਕਰਮ ਕਰ ਸਕਾਂਗੇ? ਇਸ ਜਵਾਬ ਵਿਚ ਇਹ ਕਹਿਣਾ ਹੀ ਠੀਕ ਹੋਵੇਗਾ ਕਿ ਸਦੀਆ ਤੋਂ ਵਿਦਵਾਨ, ਸਾਧੂ, ਸੰਤ ਬ੍ਰਹਮਗਿਆਨੀ ਤਿਆਗ ਮਾਰਗ ਤੇ ਚਲਦੇ ਆਏ ਹਨ, ਸਾਡੇ ਲਈ ਆਪਣੇ ਪਦ ਚਿੰਨ ਵੀ ਛੱਡ ਗਏ ਹਨ, ਉਹ ਕਹਿ ਗਏ ਹਨ, ਕਰਮ ਕਰਨ ਦੀ ਇੱਛਾ ਰੱਖੋ, ਪਰ ਇੱਛਾ ਵਿਚ ਸੁਆਰਥ ਨਾ ਹੋਵੇ। ਸੁਆਰਥੀ ਇੱਛਾ ਸੰਤਾਪ ਦਾ ਸਭ ਤੋਂ ਵੱਡਾ ਕਾਰਨ ਹੈ, ਨਿਰ-ਸੁਆਰਥੀ ਇੱਛਾ ਪ੍ਰਸੰਨਤਾ ਦਿੰਦੀ ਹੈ, ਬੰਧਨਾਂ ਤੋਂ ਮੁਕਤ ਕਰਦੀ ਹੈ। ਜਦੋਂ ਫਲ ਅਰਪਿਤ ਕਰ ਦੇਣਾ ਇਕ ਸੁਭਾਅ ਬਣ ਜਾਂਦਾ ਹੈ, ਉਹ ਕੇਵਲ ਦਿੰਦਾ ਹੀ ਹੈ, ਫੇਰ ਉਸ ਤੋਂ ਅੱਗੇ ਕਿਸੇ ਗਿਆਨ ਦੀ ਲੋੜ ਰਹਿੰਦੀ ਨਹੀਂ, ਜੀਵਨ ਦੇ ਮਨੋਰਥ ਦੀ ਪ੍ਰਾਪਤੀ ਹੋ ਗਈ। ਉਹ ਸਭ ਨਾਲ ਇਕ ਹੋ ਜਾਂਦਾ ਹੈ ਅਤੇ ਉਸ ਨੂੰ ਪ੍ਰਾਪਤੀ ਹੋ ਜਾਂਦੀ ਹੈ। ਸੋ ਫਲ ਦੂਸਰਿਆਂ ਨੂੰ ਦੇਣੇ ਸਿਖੋ ਅਤੇ ਸਥਾਈ ਅਨੰਦ ਮਾਣੋ।

52. ਜਦੋਂ ਤੁਸੀਂ ਬੁੱਧੀ ਨਾਲ, ਮਾਇਆ ਵਿਚ ਲਿਪਤ ਘਬਰਾਏ ਹੋਏ ਮਨ ਉਤੇ ਕਾਬੂ ਪਾ ਲੈਂਦੇ ਹੋ, ਤਾਂ ਤੁਸੀਂ ਹਰ ਪੱਖੋਂ - ਸੁਣਨ, ਦੇਖਣ, ਕਰਨ ਪੱਖੋਂ ਸ਼ਾਂਤ ਚਿਤ ਨਿਰਪੱਖ ਹੋ ਜਾਂਦੇ ਹੋ।

53. ਜਦੋਂ ਤੁਹਾਡੀ ਚੰਚਲ ਬੁੱਧੀ ਪਿਛਲੇ ਸਿੱਖੇ ਹੋਏ ਨੂੰ ਛੱਡ ਕੇ ਸਮਾਧੀ ਸਥਿਤ ਹੋ ਜਾਂਦੀ ਹੈ, ਫੇਰ ਤੁਸੀਂ ਯੋਗ ਦੀ ਪ੍ਰਾਪਤੀ ਕਰ ਸਕਦੇ ਹੋ।

ਇਨ੍ਹਾਂ ਸ਼ਲੋਕਾਂ ਵਿਚ ਬੁੱਧੀ ਦੀ ਸਥਿਤੀ ਨੂੰ ਦਸਿਆ ਗਿਆ ਹੈ, ਜਦੋਂ ਬੁੱਧੀ ਸਿਖਰ ਤੇ ਪਹੁੰਚੇ ਕੇ ਸਾਰੇ ਭਰਮਾਂ ਦਾ, ਪ੍ਰਪੰਚਾਂ ਦਾ ਪੜਦਾ ਫਾੜ ਦਿੰਦੀ ਹੈ, ਮਨੁੱਖ ਸਾਰੀ ਬੁੱਧੀਮਾਨਤਾ ਤੋਂ ਉਪਰ ਉਠ ਜਾਂਦਾ ਹੈ, ਜੋ ਬਾਹਰ ਹੈ ਉਹ ਤਾਂ ਬੁੱਧੀ ਸਿੱਖ ਹੀ ਲੈਂਦੀ ਹੈ, ਪਰ ਬੁੱਧੀ ਤੋਂ ਉਪਰ ਉਠ ਕੇ ਸਾਰੇ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ, ਯੋਗ ਦੀ ਉਚੀ ਸਥਿਤੀ ਨੂੰ ਛੋਹ ਲੈਂਦਾ ਹੈ। ਜਦੋਂ ਬੁੱਧੀ ਪੂਰੀ ਤਰ੍ਹਾਂ ਵਿਸਤਰਿਤ ਹੋਵੇ, ਮਨੁਖ ਨੂੰ ਮ੍ਰਿਗ ਤ੍ਰਿਸ਼ਨਾ ਦੇ ਛਲਾਵੇ ਤੋਂ ਛੁਟਕਾਰਾ ਮਿਲ ਜਾਂਦਾ ਹੈ ਕਿਉਂਕਿ ਉਸਦਾ ਗਿਆਨ ਇਕ ਪਵਿੱਤਰ ਗਿਆਨ ਹੋ ਜਾਂਦਾ ਹੈ। ਪਵਿੱਤਰ ਬੁੱਧੀ ਸੰਸਾਰ ਦੇ ਸਾਰੇ ਭੇਦ, ਪੜਦੇ ਖੋਲ੍ਹ ਦਿੰਦੀ ਹੈ, ਮਨ ਦੀਆਂ ਸਾਰੀਆਂ ਕਮਜ਼ੋਰੀਆਂ, ਦਵੰਦ ਦੂਰ ਹੋ ਜਾਂਦੇ ਹਨ।

ਪਸ਼ੂ ਬਿਰਤੀ ਮਨ, ਮਨ ਦਾ ਉਹ ਛੋਟਾ ਹਿੱਸਾ ਹੈ ਜਿਹੜਾ ਇੰਦ੍ਰੀਆਂ ਰਾਹੀਂ ਬਾਹਰੀ ਸੰਸਾਰ ਦਾ ਗਿਆਨ ਪ੍ਰਾਪਤ ਕਰਕੇ ਉਸ ਦੇ ਅਨੁਸਾਰ ਕ੍ਰਿਆ ਕਰਦਾ ਹੈ। ਸਾਰਾ ਪ੍ਰਤੱਖ ਗਿਆਨ ਪੁਣ ਕੇ ਸੰਕਲਪ ਵਿਚ ਚਲਾ ਜਾਂਦਾ ਹੈ। ਉਖੜਿਆ ਹੋਇਆ, ਖਿਲਰਿਆ ਹੋਇਆ ਮਨ ਸਹੀ ਸੰਕਲਪੀਕਰਣ ਨਹੀਂ ਕਰ ਸਕਦਾ। ਧੁੰਧਲਾ ਮਨ ਜਦੋਂ ਉਲਝੀਆਂ ਇੰਦ੍ਰੀਆਂ ਰਾਹੀਂ ਸੂਚਨਾ ਗਿਆਨ ਪ੍ਰਾਪਤ ਕਰਦਾ ਹੈ ਉਹ ਸੰਕਲਪ ਵੀ ਇਕ ਸੌਖਾ ਹੀ ਹੁੰਦਾ ਹੈ ਪਰ ਉਹ

ਮਨ ਜਿਹੜਾ ਬੁੱਧੀ ਨਾਲ ਵਿਚਾਰਨ ਦੀ ਆਦਤ ਬਣਾ ਲੈਂਦਾ ਹੈ ਅਤੇ ਉਸ ਤੋਂ ਬਿਨਾਂ ਕੋਈ ਕੰਮ ਨਹੀਂ ਕਰਦਾ, ਉਹ ਮਨ ਸੋਧਿਆ ਹੋਇਆ ਸੰਜਮ ਵਾਲਾ ਕਿਹਾ ਜਾ ਸਕਦਾ ਹੈ। ਇਹੋ ਜਿਹਾ ਮਨ ਸੰਕਲਪੀਕਰਣ ਕਰਕੇ ਲਾਭਕਾਰੀ, ਸਮਰੱਥ ਅਤੇ ਇਕਸਾਰਤਾ ਨਾਲ ਕੰਮ ਕਰਦਾ ਹੈ। ਪਸ਼ੂ ਬਿਰਤੀ ਮਨ ਜਦੋਂ ਇਕ ਸਾਰ ਹੋ ਕੇ ਸਾਧਨਾ ਅਤੇ ਬੁੱਧੀ ਨਾਲ ਵਿਚਾਰਦਾ ਹੈ, ਫੇਰ ਗਲਤੀ ਦਾ ਕੋਈ ਥਾਂ ਨਹੀਂ ਰਹਿ ਜਾਂਦਾ।

ਬੁੱਧੀ ਦੇ ਦੋ ਪੱਧਰ ਹਨ - ਹੇਠਲਾ, ਉਪਰਲਾ। ਹੇਠਲੀ ਬੁੱਧੀ ਕਦੇ ਕੁਝ ਕਹਿੰਦੀ ਹੈ, ਕਦੇ ਕੁਝ ਕਹਿੰਦੀ ਹੈ ਪਰ ਉਤਲੀ ਬੁੱਧੀ ਆਪਣੀ ਸੁੱਚੀ ਦਲੀਲ ਨਾਲ ਬਹੁਤ ਪੱਕੀਆਂ ਸਿਖਿਆਵਾਂ ਦਿੰਦੀ ਹੈ ਜੋ ਮਨੁੱਖ ਨੂੰ ਬੜੀਆਂ ਲਾਭਦਾਇਕ ਹੁੰਦੀਆਂ ਹਨ।

ਉਚੇਰੀ ਬੁੱਧੀ ਚੇਤਨਤਾ ਦੇ ਸਰੋਤ ਤੋਂ ਜਾਣੂੰ ਹੁੰਦੀ ਹੈ ਅਤੇ ਵਿਵੇਕੀ ਹੋਣ ਕਰਕੇ ਬਾਹਰੀ ਸੰਸਾਰ ਨੂੰ ਚੰਗੀ ਤਰ੍ਹਾਂ ਜਾਣਦੀ ਹੈ। ਸੰਸਾਰ ਦੇ ਸਾਰੇ ਅਧਿਆਤਮਕ ਆਗੂ ਬੁੱਧ  ਜੀ, ਕ੍ਰਿਸ਼ਨ ਜੀ, ਈਸਾ ਜੀ ਮੂਸਾ ਜੀ ਸਭ ਨੇ ਉਚੇਰੀ ਬੁੱਧੀ ਅਤੇ ਚਿੰਤਨਤਾ ਸ਼ਕਤੀ ਨਾਲ ਕਰਮ ਕੀਤੇ। ਚਿੰਤਨ ਸ਼ਕਤੀ ਜਾਂ ਉਚੇਰੀ ਬੁੱਧੀ ਬਿਲਕੁਲ ਸਾਤਵਿਕ ਹੁੰਦੀ ਹੈ ਉਸ ਵਿਚ ਰਾਜਸਵਿਕ ਜਾਂ ਤਾਮਸਿਕਤਾ ਦਾ ਭੋਰਾ ਅੰਸ ਵੀ ਨਹੀਂ ਹੁੰਦਾ। ਜਿਨ੍ਹਾਂ ਨੇ ਆਪਣੇ ਅੰਤਰ ਉਤੇ ਵਿਜੈ ਪਾ ਲਈ ਹੈ ਉਸ ਨੂੰ ਕਾਬੂ ਕਰ ਲਿਆ ਹੈ ਉਹ ਚਿੰਤਨਸ਼ੀਲ ਹੋ ਹੀ ਜਾਂਦੇ ਹਨ ਫੇਰ ਕੋਈ ਵੀ ਉਨ੍ਹਾਂ ਨੂੰ ਕਦੀ ਬਦਲ ਨਹੀਂ ਸਕਦਾ। ਸੁਕਰਾਤ ਨੇ ਧਤੂਰੇ ਦਾ ਕੋਲਾ ਪੀਂਦੇ ਸਮੇਂ ਵੀ ਆਪਣਾ ਨਿਸ਼ਚਾ ਨਹੀਂ ਬਦਲਿਆ, ਈਸਾ ਜੀ ਨੇ ਸੂਲੀ ਤੇ ਚੜ੍ਹ ਕੇ ਵੀ ਇਹ ਨਹੀਂ ਕਿਹਾ, "ਮੈਨੂੰ ਖਿਮਾ ਕਰ ਦਿਓ, ਮੈਨੂੰ ਮਾਰੋ ਨਾ। ਇਸ ਤਰ੍ਹਾਂ ਦੇ ਚਿੰਤਨ ਸ਼ਕਤੀ ਨਾਲ ਮੂਸਾ ਜੀ ਨੇ ਸਾਗਰ ਨੂੰ ਰਾਹ ਦੇਣ ਲਈ ਬੇਨਤੀ ਕੀਤੀ। ਪਵਿੱਤਰ ਚਿੰਤਨ ਸ਼ਕਤੀ, ਅਟੱਲ ਭਰੋਸਾ ਅਤੇ ਇੱਛਾ ਸ਼ਕਤੀ, ਇਕੱਠੀਆਂ ਬਹੁਤ ਵੱਡੀਆਂ ਸ਼ਕਤੀਆਂ ਬਣ ਜਾਂਦੀਆਂ ਹਨ ਜਿਸ ਨਾਲ ਕੁਝ ਵੀ ਕੀਤਾ ਜਾ ਸਕਦਾ ਹੈ, ਇਸ ਤਰ੍ਹਾਂ ਇਕੱਠੀਆਂ ਹੋਈਆਂ ਸ਼ਕਤੀਆਂ ਇਕ ਸਾਰ ਹੋ ਕੇ ਕੰਮ ਕਰਦੀਆਂ ਹਨ।

ਪੂਰਬੀ ਮਨੋਵਿਗਿਆਨ ਅਨੁਸਾਰ ਮੈਂ ਭਾਵ, ਹਉਮੈ ਇਕ ਵੱਡੀ ਚਟਾਨ ਦੀ ਭਾਂਤੀ ਬਣ ਜਾਂਦਾ ਹੈ, ਜੇ ਬੁੱਧੀ ਨਾ ਹੋਵੇ ਤਾਂ ਇਹ ਗੂੰਗਾ ਅਤੇ ਬੋਲਾ ਵੀ ਹੋ ਜਾਂਦਾ ਹੈ। ਪਰ ਪੱਛਮੀ ਮਨੋਵਿਗਿਆਨਕ ਬੁੱਧੀ ਦੇ ਸਾਰੇ ਗੁਣ ਹਉਮੈ ਤੋਂ ਉਤਪੰਨ ਹੋਏ ਦਸਦੇ ਹਨ ਕਿਉਂਕਿ ਉਨ੍ਹਾਂ ਕੋਲ ਵੱਖ-ਵੱਖ ਮਨੋਬਿਰਤੀਆਂ ਦਾ ਗਿਆਨ ਹੀ ਨਹੀਂ ਹੈ। ਉਨ੍ਹਾਂ ਦਾ ਵਿਸ਼ਲੇਸ਼ਨ ਕੇਵਲ ਬੁੱਧੀ, ਤਰਕ ਦੁਆਰਾ ਬਾਹਰੀ ਸੰਸਾਰ ਨੂੰ ਜਾਨਣਾ ਹੈ। ਜਦੋਂ ਕਿ ਪੂਰਬੀ ਸਥਾਈ ਮਨੋਵਿਗਿਆਨ ਨੇ ਮਨ ਦੇ ਵੱਖ-ਵੱਖ ਭੇਦਾਂ ਨੂੰ ਸਮਝਿਆ ਹੈ, ਜਾਣਿਆ ਹੈ, ਜਾਨਣ ਲਈ ਸਹਿਜ ਸੰਜਮ ਸਾਧਨਾ, ਅੰਤਰ ਧਿਆਨ ਦੀ ਵਰਤੋਂ ਕੀਤੀ ਹੈ। ਇਹ ਪ੍ਰਤੱਖ ਗਿਆਨ ਹੈ, ਜਦੋਂ ਕਿ ਅੱਜ ਦੇ ਮਨੋਵਿਗਿਆਨੀ ਬਾਹਰੀ ਅੰਕੜਿਆਂ ਤੇ ਬਹੁਤਾ ਵਿਸ਼ਵਾਸ਼ ਕਰਦੇ ਹਨ, ਪੱਛਮੀ ਮਨੋਵਿਗਿਆਨਕਾਂ ਨੇ

ਐਨਾ ਜਾਣ ਲਿਆ ਹੈ ਕਿ ਸੁਚੇਤ ਮਨ ਦਾ ਜਾਣ ਲੈਣਾ ਜਾਂ ਜਾਗਦੀ ਅਵਸਥਾ ਨੂੰ ਜਾਚਣਾ ਹੀ ਕਾਫੀ ਨਹੀਂ ਹੈ, ਉਹ ਹੁਣ ਅਚੇਤ ਮਨ ਦੀਆਂ ਪਰਤਾਂ ਨੂੰ ਖੋਲ੍ਹਣ ਦੀ ਕੋਸ਼ਿਸ਼ ਵਿਚ ਹਨ, ਸੁਪਨਿਆਂ ਰਾਹੀਂ ਅਤੇ ਹੋਰ ਤਰੀਕਿਆਂ ਰਾਹੀਂ। ਪਰ ਚੇਤਨ ਮਨ ਦੀਆਂ ਹੋਰ ਵੀ ਸੂਖਸ਼ਮ ਪਰਤਾਂ ਹਨ ਜਿਹੜੀਆਂ ਅੱਜ ਦੇ ਮਨੋਵਿਗਿਆਨਕਾਂ ਤੋਂ ਪਰ੍ਹੇ ਹਨ ਉਨ੍ਹਾਂ ਦੇ ਤਰੀਕਿਆਂ ਨਾਲ ਜਾਣੀਆਂ ਨਹੀਂ ਜਾ ਸਕਦੀਆਂ। ਅੱਜ ਦੇ ਮਨੋਵਿਗਿਆਨਕ ਜੋ ਪਰਤੱਖ ਨਹੀਂ, ਜੋ ਦੇਖਿਆ ਨਹੀਂ ਜਾ ਸਕਦਾ, ਜਿਸ ਦਾ ਵਿਸ਼ਲੇਸ਼ਨ ਨਹੀਂ ਹੋ ਸਕਦਾ ਜਿਸ ਦੇ ਚਿੰਤਨ ਦਾ ਵਿਸ਼ਲੇਸ਼ਨ ਨਹੀਂ ਹੋ ਸਕਦਾ, ਭਾਵ ਨਹੀਂ ਪ੍ਰਗਟਾਏ ਜਾ ਸਕਦੇ ਉਸ ਨੂੰ ਸਮਝਦੇ ਹੀ ਨਹੀਂ।

ਪੂਰਬੀ ਮਨੋਵਿਗਿਆਨ ਅਨੁਸਾਰ ਜੀਵਨ ਦੇ ਸੂਖਸ਼ਮ ਭਾਗ ਹਾਲੇ ਪਛਮੀ ਮਨੋਵਿਗਿਆਨਕਾਂ ਨੇ ਖੋਜੇ ਹੀ ਨਹੀਂ। ਉਦਾਹਰਣ ਵਜੋਂ ਜਦੋਂ ਰਾਤ ਨੂੰ ਗੂੜ੍ਹੀ ਨੀਂਦ ਵਿਚ ਵੀ ਮੱਛਰ ਕਟਦਾ ਹੈ, ਸੁਤੇ ਹੀ ਹੱਥ ਉਥੇ ਲਿਆ ਜਾਂਦਾ ਹੈ ਪਰ ਮਨੁੱਖ ਨੂੰ ਏਸ ਚੀਜ਼ ਦੀ ਚੇਤਨਾ ਨਹੀਂ ਹੁੰਦੀ। ਉਹ ਜਿਹੜੀ ਅਵਸਥਾ ਹੈ ਜਿਹੜੀ ਗੂੜ੍ਹੀ ਨੀਂਦ ਵਿਚ ਵੀ ਜਾਗਦੀ ਹੈ ਅਤੇ ਉਸ ਨੂੰ ਪਤਾ ਲਗਦਾ ਹੈ ਕਿ ਮੱਛਰ ਨੇ ਕੱਟਿਆ ਹੈ। ਪੂਰਬੀ ਸਥਾਈ ਮਨੋਵਿਗਿਆਨ ਕੋਲ ਇਸ ਦਾ ਉਤਰ ਹੈ, ਉਨ੍ਹਾਂ ਅਨੁਸਾਰ ਮਨ ਦੀਆਂ ਅਵਸਥਾਵਾਂ – ਸੌਣਾ, ਜਾਗਣਾ, ਸੁਪਨੇ ਲੈਣਾ ਨਹੀਂ। ਮਨ ਨੂੰ ਪਤਾ ਭਾਵੇਂ ਹੈ ਪਰ ਵਾਸਤਵ ਵਿਚ ਇਹ ਜੀਵ ਹੈ, ਜੀਵ ਜਿਹੜਾ ਹਉਮੈ ਤੋਂ ਬਿਲਕੁਲ ਵੱਖਰਾ ਹੈ ਜਿਹੜਾ ਸੌਣਾ, ਜਾਗਣਾ, ਸੁਪਨੇ ਦਾ ਅਨੁਭਵ ਕਰਦਾ ਹੈ। ਜੀਵ ਦਾ ਆਪਣਾ ਵਿਅਕਤਿਤ੍ਵ ਹੈ ਉਸ ਦਾ ਅਚੇਤਨ ਮਨ ਜੋ ਕਿ ਯਾਦਾਂ ਦੇ ਕੀਤੇ ਗਏ ਕਰਮਾਂ ਦਾ, ਬੋਲਾਂ ਦਾ ਭੰਡਾਰ ਹੈ ਜਦੋਂ ਤਕ ਜੀਵ ਅਚੇਤਨ ਮਨ ਰਾਹੀਂ ਵਿਚਰਦਾ ਹੈ ਉਹ ਜੀਵ ਹੈ ਪਰ ਜਦੋਂ ਹੀ ਉਹ ਅਚੇਤਨ ਨੂੰ ਛੱਡ ਦੇਵੇ ਉਸ ਦੀ ਸਵਾਰੀ ਤਿਆਗ ਦੇਵੇ, ਉਹ ਨਿਰੋਲ ਚੇਤਨਤਾ ਬਣ ਜਾਂਦੀ ਹੈ।

ਜਦੋਂ ਤਕ ਬੁੱਧੀ ਧੁੰਦਲੀ ਹੈ ਮਨੁੱਖ ਸੁਆਰਥੀ ਰਹਿੰਦਾ ਹੈ, ਸੁਆਰਥੀ ਮਨ ਕਦੀ ਵੀ ਪਵਿੱਤਰ ਨਹੀਂ ਹੋ ਸਕਦਾ, ਮਨੁੱਖ ਦੂਸਰਿਆਂ ਤੇ ਨਿਰਭਰ ਰਹਿੰਦਾ ਹੈ ਅਤੇ ਆਤਮ ਨਿਰਭਰਤਾ ਗੁਆ ਬੈਠਦਾ ਹੈ। ਉਹ ਖਿਡੌਣੇ ਇਕੱਠੇ ਕਰਦਾ ਰਹਿੰਦਾ ਹੈ, ਧੋਖੇ ਵਿਚ ਰਹਿੰਦਾ ਹੈ, ਬਾਹਰੀ ਸੰਸਾਰ ਦੇ ਲੋਭ ਵਿਚ ਫਸਿਆ ਰਹਿੰਦਾ ਹੈ, ਉਸ ਦੀਆਂ ਮੁਸੀਬਤਾਂ ਦਿਨ ਪ੍ਰਤੀਦਿਨ ਵਧਦੀਆਂ ਜਾਂਦੀਆਂ ਹਨ, ਉਹ ਦੁਖਾਂ ਵਿਚ ਡੁਬਦਾ ਜਾਂਦਾ ਹੈ ਅਤੇ ਉਹ ਸ਼ਾਂਤੀ ਲਈ ਸੰਘਰਸ਼ ਕਰਦਾ ਰਹਿੰਦਾ ਹੈ। ਸੱਚ ਦੀ ਭਾਲ ਵਿਚ ਉਸ ਨੂੰ ਕੋਈ ਸਾਧਕ ਜਾਂ ਅਧਿਆਤਮਕ ਆਗੂ ਭਾਵੇਂ ਲੱਭ ਜਾਵੇ ਤਦ ਹੀ ਉਹ ਸੁਆਰਥੀ ਮ੍ਰਿਗ ਤ੍ਰਿਸ਼ਨਾ ਵਿਚੋਂ ਨਿਕਲ ਸਕਦਾ ਹੈ। ਫੇਰ ਉਹ ਆਪਣੀਆਂ ਪਾਗਲਪਨੇ ਦੀਆਂ ਹਰਕਤਾਂ ਛੱਡ ਕੇ ਮਨ ਦੀਆਂ ਮੂਰਖਤਾਂਵਾਂ ਛੱਡ ਕੇ ਕੁਛ ਪ੍ਰੈਕਟੀਕਲ ਕਰਨਾ ਚਾਹੁੰਦਾ ਹੈ।

ਸਾਸ਼ਤਰਾਂ ਦਾ ਗਿਆਨ ਜ਼ਰੂਰੀ ਹੈ ਉਸ ਦਾ ਆਪਣਾ ਸਥਾਨ ਹੈ,

ਇਹ ਸਾਧਕ ਨੂੰ ਪ੍ਰੇਰਨਾ ਦਿੰਦਾ ਹੈ, ਸਾਧਨਾ ਕਰਾਉਂਦਾ ਹੈ, ਗ੍ਰੰਥ ਸਦਾ ਹੀ ਸਾਧਕ ਨੂੰ ਉਸ ਦੇ ਮਨੋਰਥ ਬਾਰੇ, ਨਿਸ਼ਾਨੇ ਬਾਰੇ ਦਰਸਾਉਂਦੇ ਰਹਿੰਦੇ ਹਨ ਪਰ ਪ੍ਰਸ਼ਨ ਉਠਦਾ ਹੈ, ਇਹ ਸ਼ਾਸਤਰ ਸੰਸਾਰ ਵਿਚ ਆਏ ਕਿਸ ਤਰ੍ਹਾਂ ਰਚੇ? ਕਿਸ ਤਰ੍ਹਾਂ ਗਏ ਅਤੇ ਇਹ ਕਿਸ ਕਰਕੇ ਸਾਧਕ ਦਾ ਪੱਥ ਪਰਦਰਸ਼ਕ ਕਰਨ ਲਈ ਇਕ ਮੁੱਖ ਸਾਥੀ ਮੰਨੇ ਜਾਂਦੇ ਹਨ? ਸਵੇਤ ਉਪਨਿਸ਼ਦ ਵਿਚ ਲਿਖਿਆ ਹੈ ਕਿ ਵੱਡੇ-ਵੱਡੇ ਬ੍ਰਹਮਗਿਆਨੀਆਂ ਨੇ ਜਦੋਂ ਤਪਸਿਆ ਕੀਤੀ, ਉਚੀ ਸ਼ਾਂਤਮਈ ਸਥਿਤੀ ਵਿਚ ਆ ਕੇ ਬ੍ਰਹਮਲੀਨ ਹੋ ਕੇ ਜੋ ਉਨ੍ਹਾਂ ਨੇ ਅਨੁਭਵ ਕੀਤਾ ਉਹ ਗੂੜ੍ਹ ਗਿਆਨ, ਉਹ ਵਿਦਵਤਾ, ਸਥਾਈ ਅਟੱਲ ਸੱਚ ਉਹ ਸ਼ਾਸਤਰਾਂ ਵਿਚ ਲਿਖਿਆ ਗਿਆ ਹੈ। ਜੇ ਸਾਧਕ ਆਪ ਵੀ ਤਰਤੀਬਵਾਰ ਠੀਕ ਤਰ੍ਹਾਂ ਅਭਿਆਸ ਕਰਦਾ ਰਹੇ, ਜੀਵਨ ਦੇ ਸਾਰੇ ਪੱਧਰ ਲੰਘ ਜਾਵੇ, ਉਹ ਉਸ ਵਿਦਿਆ ਦੇ ਸਰੋਤ ਤੇ ਆਪ ਵੀ ਪਹੁੰਚ ਸਕਦਾ ਹੈ, ਭਾਵੇਂ ਉਹ ਉਸ ਤੋਂ ਉਚਾ ਵੀ ਪਹੁੰਚ ਜਾਵੇ, ਜਿਹੜੀ ਉਹ ਸ਼ਾਸਤਰਾਂ ਤੋਂ ਸੁਣਦਾ ਹੈ।

ਸਾਧਨਾ ਰਾਹੀਂ ਪ੍ਰਾਪਤ ਗਿਆਨ ਸਭ ਤੋਂ ਉਚਾ ਹੁੰਦਾ ਹੈ ਇਸ ਗਿਆਨ ਨੂੰ ਹਾਸਲ ਕਰਨ ਦੇ ਤਿੰਨ ਤਰੀਕੇ ਹਨ, ਤਿੰਨ ਚੀਜ਼ਾਂ ਦਾ ਸੰਜਮ ਲੋੜੀਦਾ ਹੈ, ਬਹੁਤ ਸਾਰੀਆਂ ਪ੍ਰਣਾਲੀਆਂ ਬਹੁਤ ਸਾਰੇ ਤਰੀਕੇ ਦਸੇ ਗਏ ਹਨ ਪਰ ਭਗਤੀ ਸਾਧਨਾ, ਆਪਾ ਚੀਨਣਾ, ਸੰਪੂਰਨ ਮੰਨੇ ਗਏ ਹਨ। ਮਨ, ਚਿਤ, ਕਥਨੀ ਅਤੇ ਕਰਨੀ ਉਤੇ ਪੂਰਾ ਸੰਜਮ ਸਭ ਤੋਂ ਪਹਿਲਾਂ ਲੋੜੀਂਦੇ ਹਨ। ਆਓ, ਇਨ੍ਹਾਂ ਤਿੰਨਾਂ ਨੂੰ ਜਾਣੀਏ ਅਤੇ ਸਮਝੀਏ।

ਅਰਾਧਨਾ, ਉਪਾਸਨਾ, ਅੰਤਹਕਰਣ ਸਾਫ ਕਰਦੀ ਹੈ, ਇਸ ਨਾਲ ਚੇਤਨਤਾ ਦਾ ਪਸਾਰਾ ਹੁੰਦਾ ਹੈ, ਇਹ ਕੇਵਲ ਇਕ ਅਰਦਾਸ, ਇਕ ਜੋਦੜੀ ਹੀ ਨਹੀਂ ਹੁੰਦੀ, ਇਹ ਮਨ ਨੂੰ ਉਸ ਦੇ ਵੱਖ-ਵੱਖ ਪਹਿਲੂਆਂ ਤੋਂ ਜਾਣੂੰ ਕਰਵਾਉਂਦੀ ਹੈ, ਜਿਹੜੇ ਪਹਿਲੂ ਮਨ ਦੇ ਸਰੋਤ ਹਨ, ਅਰਾਧਨਾ ਵਿਚ ਅਥਾਹ ਸ਼ਕਤੀ ਹੈ, ਇਹ ਤੁਹਾਨੂੰ ਮਹਾਂ ਅਨੰਦ ਦੀ ਅਵਸਥਾ ਤੇ ਪਹੁੰਚਾ ਸਕਦੀ ਹੈ। ਇਹ ਭਾਵਨਾ ਨੂੰ ਜਗਾ ਕੇ ਉਸ ਦਾ ਰੂਪ ਪਰੀਵਰਤਨ ਕਰਨਾ ਹੈ। ਇਤਿਹਾਸ ਸਾਖਸ਼ੀ ਹੈ ਕਿ ਨਿਰੰਤਰ ਅਰਾਧਨਾ, ਅਰਦਾਸ ਜੀਵਨ ਬਦਲ ਸਕਦੀ ਹੈ, ਇਸ ਗੱਲ ਵਿਚ ਜ਼ਰਾ ਜਿੰਨਾਂ ਵੀ ਸ਼ੱਕ ਨਹੀਂ ਜੇ ਅਰਾਧਨਾ, ਅਰਚਨਾ ਅਰਦਾਸ ਪੂਜਾ ਦਾ ਅਭਿਆਸ ਮਰਿਆਦਾ ਅਨੁਸਾਰ ਕੀਤਾ ਜਾਵੇ, ਨਤੀਜਾ ਨਿਰਸੰਦੇਹ ਫਲਦੇਹ ਹੋਵੇਗਾ।

ਅਰਾਧਨਾ ਦੋ ਪ੍ਰਕਾਰ ਦੀ ਹੁੰਦੀ ਹੈ, ਇਕ ਹੈ ਹਉਮੈ ਕੇਂਦਰਕ ਇਹ ਕੇਵਲ ਸੁਆਰਥੀ ਲੋਕ ਆਪਣੇ ਸੁਆਰਥ ਲਈ ਹੀ ਕਰਦੇ ਹਨ, ਆਪਣੀ ਇੱਛਾ ਪੂਰਤੀ ਲਈ ਹੀ ਕਰਦੇ ਹਨ, ਇਸ ਵਿਚ ਮੈਂ ਭਾਵ ਸਭ ਤੋਂ ਉਪਰ ਰਹਿੰਦਾ ਹੈ, ਹੇ ਵਾਹਿਗੁਰੂ! ਮੈਨੂੰ ਇਹ ਦੇ ਦੇ, ਮੈਨੂੰ ਉਹ ਦੇ ਦੇ, ਮੇਰਾ ਇਹ ਕਾਰਜ ਸਿੱਧ ਕਰ ਦੇ, ਮੇਰਾ ਉਹ ਕਾਰਜ ਸਿੱਧ ਕਰ ਦੇ। ਇਹੋ ਜਿਹੀ ਪੂਜਾ ਕੇਵਲ ਆਪਣੇ ਸੁਆਰਥ ਲਈ ਕੀਤੀ ਜਾਂਦੀ ਹੈ, ਇਹ ਕਾਰਜ ਤਾਂ ਸਿੱਧ ਕਰ ਦਿੰਦੀ ਹੈ ਪਰ ਤੁਹਾਨੂੰ ਸੱਚ ਦੇ ਨੇੜੇ ਨਹੀਂ ਲਿਜਾ ਸਕਦੀ, ਇਹੋ

ਜਿਹੀਆਂ ਅਰਦਾਸਾਂ ਰੋਜ਼ ਮੰਦਰਾਂ, ਗੁਰਦੁਆਰਿਆਂ ਵਿਚ ਹੁੰਦੀਆਂ ਹਨ, ਇਹ ਭਾਵਨਾ ਅਰਦਾਸ ਦੀ ਵਿਸ਼ਾਲਤਾ ਨੂੰ ਸੁਆਰਥੀ ਦਰਖਾਸਤ ਬਣਾ ਦਿੰਦੀ ਹੈ ਇਹ ਕਦੀ ਵੀ ਮੈਂ ਦੀ ਮ੍ਰਿਗ ਤ੍ਰਿਸ਼ਨਾ ਤੋਂ ਉਪਰ ਨਹੀਂ ਉਠਣ ਦਿੰਦੀ।

ਜਦੋਂ ਜਗਿਆਸੂ ਨੂੰ ਪਤਾ ਲਗਦਾ ਹੈ ਕਿ ਸੰਸਾਰਕ ਵਸਤੂਆਂ ਬਿਲਕੁਲ ਬੇਅਰਥ ਹਨ, ਇਹ ਮਨੁੱਖ ਨੂੰ ਪ੍ਰਸੰਨ ਨਹੀਂ ਕਰ ਸਕਦੀਆਂ, ਉਸ ਨੂੰ ਪਤਾ ਲੱਗਣ ਲਗਦਾ ਹੈ ਕਿ ਹਉਮੈ ਕੇਂਦਰਤ ਅਰਾਧਨਾ ਬਹੁਤ ਹੀ ਕੇਂਦਰਤ ਹੈ ਇਸ ਦਾ ਲਾਭ ਵੀ ਸੀਮਤ ਹੈ, ਉਹ ਸੋਚਣ ਲਗ ਪੈਂਦਾ ਹੈ, ਮੈਂ ਜ਼ਰੂਰ ਕਿਤੇ ਨਾ ਕਿਤੇ ਕੋਈ ਗਲਤੀ ਕਰ ਰਿਹਾ ਹਾਂ, ਜਾਂ ਤਾਂ ਮੇਰਾ ਪੂਜਾ ਦਾ ਤਰੀਕਾ ਠੀਕ ਨਹੀਂ ਜਾਂ ਮੇਰਾ ਮਨੋਰਥ ਠੀਕ ਨਹੀਂ, ਸੱਚਾ ਸਾਧਕ ਫਿਰ ਹਉਮੈ ਕੇਂਦਰਤ ਅਰਾਧਨਾ ਤਿਆਗ ਦਿੰਦਾ ਹੈ, ਉਹ ਉਚੇਰੇ ਤਰੀਕੇ ਦੀ ਖੋਜ ਕਰਦਾ ਹੈ, ਪਰਮਾਤਮਾ ਕੇਂਦਰਤ ਪੂਜਾ ਸ਼ੁਰੂ ਕਰਦਾ ਹੈ, ਇਸ ਪ੍ਰਭੂ ਸੀਮਤ ਪੂਜਾ ਵਿਚੋਂ ਉਸ ਨੂੰ ਬਹੁਤ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ, ਜਿਹੜੇ ਇਸ ਮਨੋਰਥ ਨੂੰ ਲੈ ਕੇ ਅਰਾਧਨਾ ਕਰਦੇ ਹਨ, ਉਨ੍ਹਾਂ ਨੂੰ ਸ਼ਕਤੀ ਗਿਆਨ ਅਤੇ ਕਰਮ ਕਰਨ ਦੀ ਸੁਚੱਜਤਾ ਦੇ ਨਾਲ-ਨਾਲ ਜੀਵਨ ਮਨੋਰਥ ਵੀ ਪ੍ਰਗਟ ਹੋ ਜਾਂਦਾ ਹੈ। ਪ੍ਰਭੂ ਕੇਂਦਰਤ ਭਗਤੀ ਵਿਚ ਤੁਸੀਂ ਸਭ ਕੁਝ ਪ੍ਰਮਾਤਮਾ ਉਤੇ ਨਹੀਂ ਛਡਦੇ, ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਪ੍ਰਮਾਤਮਾ ਉਤੇ ਨਹੀਂ ਛਡਦੇ ਪਰ ਅਰਦਾਸ ਕਰਦੇ ਹੋ ਕਿ ਤੁਹਾਨੂੰ ਯਥਾਸ਼ਕਤ ਬਣਾਵੇ ਤੁਸੀਂ ਆਪਣੀਆਂ ਜ਼ਿੰਮੇਵਾਰੀਆਂ ਨਿਭਾਹ ਸਕੋ, ਨ੍ਰਿਸੁਆਰਥੀ ਹੋ ਕੇ ਦੂਸਰਿਆਂ ਦੀ ਸੇਵਾ ਕਰ ਸਕੋ, ਇਹੋ ਜਿਹੀ ਅਰਾਧਨਾ ਨਾਲ ਚੇਤਨਤਾ ਦਾ ਪਸਾਰਾ ਹੁੰਦਾ ਹੈ, ਹਉਮੈਂ ਕੇਦਰਿਤ ਅਰਾਧਨਾ ਨਾਲ ਮਨੁੱਖ ਸੁਆਰਥੀ ਹੋ ਕੇ, ਛੋਟਾ ਹੁੰਦਾ ਜਾਂਦਾ ਹੈ, ਲੋਭੀ ਬਣਦਾ ਹੈ, ਨੀਚ ਬਣਦਾ ਹੈ, ਲਾਪਰਵਾਹ ਹੁੰਦਾ ਜਾਂਦਾ ਹੈ। ਪਰਮਾਤਮਾ ਦੀ ਉਸਤਤੀ ਪ੍ਰਭੂ ਕੇਂਦ੍ਰਿਤ ਪੂਜਾ ਦੀ ਮਿਸਾਲ ਹੈ, ਇਹ ਪ੍ਰਮਾਤਮਾ ਦੀ ਮਹਿਮਾ ਹੈ ਇਸ ਵਿਚ ਕੋਈ ਸੁਆਰਥ ਨਹੀਂ। ਇਹ ਇਕ ਨਦੀ ਦੀ ਪੁਕਾਰ ਦੀ ਤਰ੍ਹਾਂ ਹੈ ਜੋ ਸਾਗਰ ਨੂੰ ਮਿਲਣ ਜਾ ਰਹੀ ਹੈ। ਪ੍ਰਭੂ ਕੇਂਦਰਤ ਭਗਤੀ ਮਾਨਵ ਪ੍ਰਭੂ ਨੂੰ ਆਪਣੀ ਸੋਚਣੀ, ਕਥਨੀ, ਕਰਨੀ ਦਾ ਪੱਥ ਪਰਦਰਸ਼ਕ, ਆਗੂ, ਨਿਆਈ ਕਰਕੇ ਮੰਨਦਾ ਹੈ।

ਪ੍ਰਾਥਨਾ ਅਤੀ ਲਾਭਦਾਇਕ ਹੈ ਪਰ ਦਵੰਦ ਵੀ ਪੈਦਾ ਕਰਦੀ ਹੈ ਕਿਉਂਕਿ ਇਹ ਪਰਮਾਤਮਾ ਅਤੇ ਆਤਮਾ ਨੂੰ ਵੱਖ ਕਰਦੀ ਹੈ, ਇਹ ਦੋਨੋਂ ਵੱਖ ਹੀ ਰਹਿੰਦੇ ਹਨ। ਮਨੁੱਖ, ਮਨੁੱਖ ਹੀ ਰਹਿ ਕੇ ਉਸਦਾ ਕੋਈ ਪਰਮਾਤਮਾ ਨਾਲ ਮੇਲ ਨਹੀਂ ਹੁੰਦਾ, ਉਹ ਕੇਵਲ ਪਰਮਾਤਮਾ ਦੇ ਨੇੜੇ ਮਹਿਸੂਸ ਕਰਦਾ ਹੈ। ਦਵੰਦ ਦਾ ਭਾਵ ਹੈ ਦੋ, ਦੋ ਨੂੰ ਹੀ ਮੰਨ ਕੇ ਚਲਣਾ, ਇਸ ਗੱਲ ਤੇ ਵਿਦਵਾਨਾਂ ਦਾ ਬੜਾ ਵਾਦ ਵਿਵਾਦ ਹੋਇਆ ਹੈ, ਕੀ ਦਵੰਦ ਨੂੰ ਇਕ ਫਿਲੋਸਫੀ ਮੰਨਣਾ ਚਾਹੀਦਾ ਹੈ? ਦਵੰਦ ਦੀ ਪ੍ਰਮਾਣਿਕਤਾ ਤਰਕ ਗੋਚਰ ਨਹੀਂ ਹੈ, ਦਵੰਦ ਨੂੰ ਸਾਧਨਾ ਦੀ ਇਕ ਮੰਜ਼ਲ, ਇਕ ਪੜਾਅ ਸਮਝਣਾ ਚਾਹੀਦਾ ਹੈ, ਜਿਹੜਾ ਜਗਿਆਸੂ ਨੂੰ ਅਤਿ ਉਚੇ ਗਿਆਨ ਅਤੇ ਪਰਮਾਤਮਾ ਨਾਲ ਮਿਲਾਪ ਕਰਾਉਂਦਾ ਹੈ। ਸ਼ੁਰੂ-ਸ਼ੁਰੂ ਵਿਚ ਦਵੰਦ ਠੀਕ ਹੈ ਪ੍ਰਵਾਨ ਹੈ ਇਕ ਅਨੁਭਵ ਵਜੋਂ ਜੋ ਆਤਮ ਮਾਰਗ ਤੇ ਉਸ ਇਕ ਦੇ ਮਿਲਾਪ ਲਈ ਜ਼ਰੂਰੀ

ਹੈ। (ਭਗਤੀ ਦੋ ਤੋਂ ਸ਼ੁਰੂ ਹੋ ਕੇ ਇਕ ਹੋ ਕੇ ਨਿਬੜਦੀ ਹੈ)

ਦੂਸਰਾ ਰਸਤਾ ਡੂੰਘਾ ਹੈ, ਗੂੜ੍ਹ ਅਤੇ ਵਿਵਸਥਿਤ ਹੈ, ਜਗਿਆਸੂਆਂ ਅਤੇ ਯੋਗੀਆਂ ਲਈ ਠੀਕ ਹੈ, ਇਸ ਨੂੰ ਸਮਾਧੀ ਲਾਉਣੀ, ਸਿਮਰਨ ਕਰਨਾ ਕਿਹਾ ਜਾਂਦਾ ਹੈ, ਸਿਮਰਨ ਕਰਕੇ ਸਮਾਧੀ ਲਾ ਕੇ ਅੰਤਰਮੁਖੀ ਹੋ ਕੇ ਵਿਵਸਥਿਤ ਤਰੀਕੇ ਨਾਲ ਉਸ ਇਕ ਦਾ ਪੂਰਨ ਗਿਆਨ ਪ੍ਰਾਪਤ ਹੁੰਦਾ ਹੈ, ਇਹ ਪੂਜਾ, ਅਰਾਧਾਨਾ ਤੋਂ ਕਿਤੇ ਅੱਗੇ ਜਾਂਦਾ ਹੈ ਇਸ ਨਾਲ ਜੀਵਨ ਦੀਆਂ ਪਰਤਾਂ, ਵੱਖ-ਵੱਖ ਤੈਹਾਂ ਦਾ ਪਤਾ ਲਗਦਾ ਹੈ, ਇਸ ਮਾਰਗ ਤੋਂ ਇਹ ਪਤਾ ਲਗਦਾ ਹੈ ਕਿ ਮਨੁੱਖ ਦੋ ਸੰਸਾਰਾਂ ਦਾ ਵਸਨੀਕ ਹੈ, ਇਕ ਆਪਣੇ ਅੰਦਰ, ਦੂਸਰਾ ਬਾਹਰ। ਇਸ ਨਾਲ ਆਪਣੇ ਆਪ ਉਤੇ ਪੂਰਾ ਕਾਬੂ ਪਾ ਕੇ, ਚੇਤਨਤਾ ਦੇ ਸਰੋਤ ਤਕ ਪਹੁੰਚ ਕੇ ਸੰਸਾਰਕ ਡੀਊਟੀਆਂ ਸੁਚੱਜੀ ਤਰ੍ਹਾਂ, ਨਿਰਸੁਆਰਥੀ ਹੋ ਕੇ ਪਿਆਰ ਨਾਲ ਕਰ ਸਕਦਾ ਹੈ। ਧਿਆਨ ਦੇ ਦੋ ਪੱਖ ਹਨ, ਚੁੱਪ ਕਰਕੇ ਧਿਆਨ ਲਗਾਉਣਾ ਅਤੇ ਧਿਆਨ ਨਾਲ ਸੋਚ ਕੇ ਕਰਮ ਕਰਨੇ। ਗੀਤਾ ਦੋਨੋਂ ਹੀ ਦਸਦੀ ਹੈ, ਬਹੁਤ ਸਾਰੇ ਵਿਦਵਾਨ ਇਹ ਨਹੀਂ ਸਮਝਦੇ ਕਿ ਧਿਆਨ ਕਿਵੇਂ ਲਗਾਇਆ ਜਾਵੇ, ਕਿਵੇਂ ਅਭਿਆਸ ਕੀਤਾ ਜਾਵੇ, ਉਹ ਇਹ ਵੀ ਨਹੀਂ ਜਾਣਦੇ ਕਿ ਸਾਧਨਾ ਨਾਲ ਸੋਧਿਆ ਮਨ ਕਿਵੇਂ ਸੁਚੱਜੇ ਢੰਗ ਨਾਲ ਕਰਮ ਕਰਦਾ ਹੈ ਪਰ ਕਰਮ ਯੋਗ ਅਤੇ ਧਿਆਨ ਯੋਗ ਨੂੰ ਨਖੇੜਿਆ ਨਹੀਂ ਜਾ ਸਕਦਾ। ਜਿਹੜਾ ਚੁੱਪ ਕਰਕੇ ਧਿਆਨ ਲਗਾ ਸਕਦਾ ਹੈ ਜਿਸ ਵਿਚ ਇਹ ਕਰਨ ਦੀ ਸਮਰਥਾ ਹੈ ਉਸ ਵਿਚ ਕਰਮ, ਕ੍ਰਿਆ ਸੁਚੱਜੀ ਤਰ੍ਹਾਂ ਡਿਊਟੀਆਂ ਜ਼ਿੰਮੇਵਾਰੀਆਂ ਨਿਭਾਉਣ ਦੀ ਸਮਰੱਥਾ ਵੀ ਹੈ। ਸੁਹਿਰਦਤਾ, ਸਚਾਈ, ਮਨ ਦੀ ਪਵਿੱਤਰਤਾ, ਅਰਾਧਨਾ ਲਈ ਅਤਿ ਲੋੜੀਂਦੇ ਹਨ ਪਰ ਧਿਆਨ ਲਈ, ਚੁੱਪ, ਸਾਹ ਨੂੰ ਨਿਅੰਤਰ ਰੱਖਣਾ, ਇੰਦ੍ਰੀਆਂ ਤੇ ਕਾਬੂ ਰਖਣਾ, ਮਨ ਨੂੰ ਸ਼ਾਂਤ ਰੱਖਣਾ, ਅਚੇਤ ਮਨ ਤੋਂ ਪਰ੍ਹੇ ਉਚੇ ਜਾਣਾ, ਅੰਤ ਵਿਚ ਸ਼ਾਂਤੀ ਦੀ ਸਥਿਤੀ ਸਮਾਧੀ ਵਿਚ ਪਹੁੰਚਣਾ ਬੜੇ ਨਿਯਮ ਬਧ ਪਉੜੀ ਦੇ ਡੰਡੇ ਹਨ।

ਅੱਜਕਲ੍ਹ ਬਹੁਤ ਸਾਰੇ ਅਧੂਰੇ ਤਰੀਕੇ ਦੱਸੇ ਜਾ ਰਹੇ ਹਨ, ਵਰਤੇ ਜਾ ਰਹੇ ਹਨ, ਉਨ੍ਹਾਂ ਦੇ ਸੰਚਾਲਕਾਂ ਅਨੁਸਾਰ ਕੇਵਲ ਉਹ ਹੀ ਠੀਕ ਤਰੀਕੇ ਹਨ। ਇਹ ਸਭ ਬੜੇ ਹੀ ਹਾਸੋਹੀਣੇ ਹਨ। ਕੇਵਲ ਪਾਤੰਜਲ ਦਾ ਦਸਿਆ ਗਿਆ ਧਿਆਨ ਲਾਉਣ ਦਾ ਤਰੀਕਾ ਹੀ ਨਿਯਮਬਧ ਹੈ, ਜਿਹੜਾ ਪਉੜੀ ਦਰ ਪਉੜੀ ਸਮਾਧੀ ਤਕ ਪਹੁੰਚਾ ਦਿੰਦਾ ਹੈ, ਇਸ ਵਿਚ ਕੋਈ ਮਜ਼ਹਬ ਨਹੀਂ ਹੈ, ਇਸ ਨੂੰ ਕਿਸੇ ਵੀ ਮਜ਼ਹਬ ਨਾਲ ਜੋੜਨ ਤੋਂ ਭਾਵ ਹੈ ਉਸ ਨੂੰ ਸਾਧਾਰਨ ਬਣਾਉਣਾ, ਇਹ ਕੇਵਲ ਸਮਾਧੀ ਤਕ ਹੀ ਨਹੀਂ ਪਹੁੰਚਾਉਂਦਾ ਤੁਹਾਡੇ ਸਾਰੇ ਪ੍ਰਸ਼ਨ ਵੀ ਹੱਲ ਕਰਦਾ ਹੈ। ਸਮਾਧੀ ਧਿਆਨ ਦਾ ਮਨੋਰਥ ਹੈ ਪਰ ਉਸ ਉਚ ਅਵਸਥਾ ਵਿਚ ਤੁਹਾਨੂੰ ਕੇਵਲ ਸ਼ਾਂਤੀ ਹੀ ਨਹੀਂ ਮਿਲਦੀ ਤੁਸੀਂ ਉਸ ਵਿਚ ਲੀਨ ਭੀ ਹੋ ਜਾਂਦੇ ਹੋ, ਇਸ ਤਕ ਪਹੁੰਚਣ ਲਈ ਕੋਈ ਪਗਡੰਡੀਆਂ ਨਹੀਂ ਹਨ। ਧਿਆਨ ਇਕ ਸੰਜਮ ਹੈ, ਅਨੁਸ਼ਾਸ਼ਨ ਹੈ ਜਿਸ ਦਾ ਅਭਿਆਸ ਪੂਰੇ ਦ੍ਰਿੜ੍ਹ ਸੰਕਲਪ ਨਾਲ ਕਰਨਾ ਚਾਹੀਦਾ ਹੈ। ਜੇ ਕੋਈ ਵੀ ਇਸ ਭੌਤਿਕ ਸੰਸਾਰ ਤੋਂ ਉਠ ਕੇ ਸੂਖਸ਼ਮ ਦੀ ਉਡਾਰੀ ਮਾਰਨ ਦਾ ਸ਼ੌਕ ਰਖਦਾ ਹੋਵੇ ਅਤੇ ਜੀਵਨ ਦੇ ਸ੍ਰੋਤ ਤੇ ਪੁਜਣਾ ਚਾਹੁੰਦਾ ਹੋਵੇ ਉਹ

ਸਰੋਤ ਜਿਥੋਂ ਪਵਿੱਤਰ ਚੇਤਨਤਾ ਦਾ ਸਥਾਈ ਤੇਜ ਆਉਂਦਾ ਹੈ, ਉਸ ਲਈ ਧਿਆਨ ਜ਼ਰੂਰੀ ਹੈ।

ਕਮਾਲ ਹੋ ਜਾਂਦਾ ਹੈ ਜਦੋਂ ਧਿਆਨ ਲਾ ਕੇ ਪਉੜੀ ਦਰ ਪਉੜੀ ਤੁਸੀਂ ਉਤੇ ਜਾਂਦੇ ਹੋ, ਧਿਆਨ ਚਿਕਿਤਸਾ ਸਭ ਤੋਂ ਉਤਮ ਚਿਕਿਤਸਾ ਹੈ। ਹਾਂ, ਚਿਕਤਸਕ ਨੂੰ ਪਤਾ ਹੋਵੇ ਉਸ ਨੇ ਆਪਣੀ ਚਿਕਿਤਿਸਾ ਕਿਵੇਂ ਨਿਯਮਬੱਧ ਕਰਕੇ ਵਰਤਣੀ ਹੈ, ਬਾਕੀ ਚਿਕਿਤਸਾ ਤਾਂ ਬਹੁਤ ਥੋੜ੍ਹੀ ਦੇਰ ਲਈ ਆਰਾਮਦਾਇਕ ਹੁੰਦੀਆਂ ਹਨ, ਤੁਸੀਂ ਉਨ੍ਹਾਂ ਉਤੇ ਸਦਾ ਲਈ ਨਿਰਭਰ ਹੋ ਜਾਂਦੇ ਹੋ, ਧਿਆਨ ਵਾਲੀ ਚਿਕਿਤਸਾ ਤੁਹਾਨੂੰ ਆਤਮ ਨਿਰਭਰ, ਆਤਮ ਪਰਖੀ, ਆਤਮ ਪੜਤਾਲੀ, ਆਤਮ ਵਿਸ਼ਲੇਸ਼ੀ ਅਤੇ ਆਤਮ ਉਪਲਬਧੀ ਕਾਰਕ ਬਣਾ ਦਿੰਦੀ ਹੈ।

ਅੱਜ ਦੇ ਵਿਦਿਆਰਥੀ ਪੁਛਦੇ ਹਨ, ਕਿੰਨੇ ਦਿਨ, ਕਿੰਨੇ ਮਹੀਨੇ, ਕਿੰਨੇ ਸਾਲ ਸਾਨੂੰ ਇਹ ਸਿਖਿਆ ਲੈਣੀ ਪਵੇਗੀ? ਇਹ ਸਾਰੀਆਂ ਗੱਲਾਂ ਇਸ ਤੇ ਨਿਰਭਰ ਹਨ, ਜਗਿਆਸੂ ਕਿੰਨਾਂ ਸੁਹਿਰਦ ਹੈ, ਦ੍ਰਿੜ੍ਹ ਵਿਸ਼ਵਾਸ਼ੀ ਹੈ, ਕਿੰਨੀ ਉਸ ਦੀ ਇਕਸੁਰਤਾ ਇਕਸਾਰਤਾ ਹੈ ਅਤੇ ਕਿੰਨਾ ਨਿਯਮਬਧ ਹੈ, ਆਪਣੇ ਅਭਿਆਸ ਵਿਚ, ਗੀਤਾ ਕਰਮ ਕਰਨ ਲਈ ਵੀ ਧਿਆਨ ਤੇ ਜ਼ੋਰ ਦਿੰਦੀ ਹੈ। ਜੀਵਨ ਵਿਚ ਵੀ ਧਿਆਨ ਸਮਾਧੀ ਦੀ ਲੋੜ ਦਸਦੀ ਹੈ। ਅਰਜਨ ਇਹ ਸਿੱਖ ਕੇ ਹੀ ਗਿਆਨ ਦੀ ਪ੍ਰਾਪਤੀ ਕਰਦਾ ਹੈ। ਗੀਤਾ ਦਾ ਗਿਆਨ ਕੇਵਲ ਅਠਾਰ੍ਹਾਂ ਦਿਨ ਚਲਦਾ ਹੈ, ਇਨ੍ਹਾਂ ਅਠਾਰ੍ਹਾਂ ਦਿਨਾਂ ਦੀ ਸਿਖਿਆ ਵਿਚ ਉਹ ਆਤਮ ਗਿਆਨ ਦਿਤਾ ਗਿਆ ਹੈ। ਉਹ ਆਤਮਾ ਜੋ ਸਰਬਵਿਆਪਕ ਹੈ। ਧਿਆਨ ਸਮੇਂ ਨੂੰ ਸ਼ੂਨਕਾਰੀ ਬਣਾ ਦਿੰਦਾ ਹੈ ਕਿਉਂਕਿ ਸਮਾਧੀ ਸਮੇਂ, ਸਥਾਨ ਅਤੇ ਕਾਰਨ (three dimensions) ਤੋਂ ਬਹੁਤ ਉਪਰ ਹੈ, ਸਭ ਤੋਂ ਪਹਿਲਾਂ ਜਗਿਆਸੂ ਨੂੰ ਪੁਰਾਣੀਆਂ ਆਦਤਾਂ ਛੱਡਣੀਆਂ ਪੈਣਗੀਆਂ ਆਪਣੇ ਸੰਸਕਾਰਾਂ ਤੋਂ ਉਨ੍ਹਾਂ ਦੇ ਪ੍ਰਭਾਵ ਤੋਂ ਛੁਟਕਾਰਾ ਪਾਉਣਾ ਪਵੇਗਾ, ਕਿਉਂ ਜੋ ਇਹ ਸਭ ਇਸ ਰਸਤੇ ਦੇ ਰੋੜੇ ਹਨ। ਸਮਾਂ ਕਿੰਨਾ ਲਗੇਗਾ? ਇਹ ਜਗਿਆਸੂ ਦੇ ਆਪਣੇ ਵਸ ਹੈ। ਜੇ ਜਗਿਆਸੂ ਅਰਜਨ ਹੋਵੇ, ਗੁਰੂ ਸ੍ਰੀ ਕ੍ਰਿਸ਼ਨ ਹੋਣ ਗਿਆਨ ਤੁਰੰਤ ਹੋਣਾ ਅਵਸ਼ਕ ਹੈ, ਪਰ ਜੇ ਲਗਾਤਾਰ ਧਿਆਨ ਨਾ ਲਗਾਇਆ ਜਾਵੇ, ਹੋਰ ਕਿਸਮ ਦੇ ਅਭਿਆਸ ਕੀਤੇ ਜਾਣ, ਤਰੱਕੀ ਵਿਚ ਫਰਕ ਪੈ ਸਕਦਾ ਹੈ।

ਤੀਸਰਾ ਰਸਤਾ ਹੈ ਚਿੰਤਨ ਦਾ, ਇਸ ਨੂੰ ਕੋਈ ਵਿਰਲਾ ਹੀ ਪ੍ਰਾਪਤ ਕਰਦਾ ਹੈ, ਨਿਰਸੁਆਰਥੀ ਹੋ ਕੇ ਸੁਚੱਜੀ ਤਰ੍ਹਾਂ ਕਰਮ ਕਰਨ ਲਈ ਆਪਣੀ ਰਚਨ ਸ਼ਕਤੀ ਨੂੰ, ਵਿਵੇਕ ਨੂੰ, ਨਿਰਣਾ ਸ਼ਕਤੀ ਨੂੰ ਅਤੇ ਨਿਸ਼ਚੇ ਨੂੰ ਤੀਖਣ ਕਰਨਾ ਪੈਂਦਾ ਹੈ, ਗਿਆਨ ਅੰਦਰੋਂ ਆਉਂਦਾ ਹੈ, ਜਿਹੜਾ ਤੁਸੀਂ ਸੰਸਾਰ ਨੂੰ ਵੰਡਦੇ ਹੋ, ਸੋਚਣੀ, ਕਰਨੀ ਅਤੇ ਕਥਨੀ ਰਾਹੀਂ, ਚਿੰਤਨ ਕੋਈ ਖਿਲਰੀ ਹੋਈ ਸੋਚ ਨਹੀਂ, ਇਹ ਇਕ ਬਹੁਤ ਹੀ ਸ਼ੁਧ ਅਤੇ ਨਿਸਚਿਤ ਹੁੰਦਾ ਹੈ, ਚਿੰਤਨ ਲਈ ਬੁੱਧੀ ਨੂੰ ਹਰ ਪਾਸਿਓ ਤੀਖਣ ਕਰਨਾ ਪੈਂਦਾ ਹੈ। ਸਿਖਿਅਤ ਬੁੱਧੀ ਨਿਰੋਲ ਚਿੰਤਨ ਹੈ ਅਤੇ ਨਿਰੋਲ ਚਿੰਤਨ ਹੀ ਜਗਿਆਸੂ ਨੂੰ ਸੁਤੰਤਰਤਾ

ਤਕ ਪਹੁੰਚਾ ਸਕਦਾ ਹੈ। ਪਹਿਲਾ ਜਗਿਆਸੂ ਸ਼ਾਸਤਰ ਪੜ੍ਹਦਾ ਸੁਣਦਾ ਹੈ, ਗੁਰੂ ਦੀ ਦੇਖ ਰੇਖ ਬ੍ਰਹਮਗਿਆਨੀ ਜੋ ਅਨੁਭਵੀ ਹੈ, ਤੱਤ ਬੇਤਾ ਮਹਾਂਪੁਰਖ ਜਿਹੜਾ ਸਾਰੇ ਤੱਤ ਜਾਣਦਾ ਹੈ, ਜਗਿਆਸੂ ਫੇਰ ਉਸ ਦੀ ਸ਼ਰਣ ਵਿਚ ਜਾਏ। ਮਧੂ ਮੱਖੀ ਦੀ ਤਰ੍ਹਾਂ ਹਰ ਫੁੱਲ ਦੀ ਖ਼ੁਸ਼ਬੂ ਲਵੇ, ਸ਼ਹਿਦ ਇਕੱਠਾ ਕਰੇ ਭਾਵ ਜਿਥੋਂ ਜੋ ਤੱਤ ਮਿਲੇ ਉਸ ਨੂੰ ਇਕੱਠਾ ਕਰੇ, ਪਹਿਲਾਂ ਸਰਵਣ ਕਰੇ ਫੇਰ ਮੰਨਨ ਕਰੇ। ਤੀਸਰੀ ਪਉੜੀ ਫੇਰ ਹੈ ਨਿਧਿਆਸਨ ਦੀ ਜਿਸ ਤੋਂ ਭਾਵ ਹੈ ਗਿਆਨ ਨੂੰ ਅੰਦਰ ਆਤਮ ਸਾਖਸ਼ਾਤ ਕਰ ਲੈਣਾ, ਉਸ ਅਨੁਸਾਰ ਜੀਵਨ ਢਾਲ ਲੈਣਾ, ਇਸ ਪਿਛੋਂ ਸਾਖਸ਼ਾਤਕਾਰ ਦੀ ਪਉੜੀ ਹੈ ਭਾਵ ਸਾਰਾ ਬ੍ਰਹਮਗਿਆਨ ਸਿਮਟ ਕੇ ਤੁਹਾਡੀ ਝੋਲੀ ਵਿਚ ਆ ਜਾਂਦਾ ਹੈ।

ਅਸੀਂ ਸੰਖੇਪ ਵਿਚ ਤਿੰਨ ਮਾਰਗ ਦਸੇ ਹਨ ਹੁਣ ਅਸੀਂ ਅਨੁਸ਼ਾਸਕ ਸੰਜਮ ਦੀ ਮਹਿਤਤਾ ਦਸਦੇ ਹਾਂ। ਸੰਜਮ ਤੋਂ ਬਿਨਾਂ ਕਿਸੇ ਖੇਤਰ ਵਿਚ ਵੀ ਸਫਲਤਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ, ਸੰਜਮ ਤਿੰਨ ਪਧਰਾਂ ਤੇ ਹੋਣਾ ਚਾਹੀਦਾ ਹੈ, ਸੋਚਣੀ, ਕਥਨੀ ਅਤੇ ਕਰਨੀ, ਮਨੁੱਖ ਸਭ ਕੁਝ ਜਾਣਦਾ ਹੈ ਜੋ ਉਸ ਨੂੰ ਜਾਨਣਾ ਚਾਹੀਦਾ ਹੈ। ਸੰਸਾਰ ਵਿਚ ਕਿਵੇਂ ਰਹਿਣਾ ਹੈ, ਦੂਸਰਿਆਂ ਨਾਲ ਕਿਵੇਂ ਵਰਤਣਾ ਹੈ, ਇਹ ਸਭ ਕੁਝ ਉਸ ਨੂੰ ਸਿਖਾ ਦਿਤਾ ਗਿਆ ਹੈ। ਮਿਸਾਲ ਵਜੋਂ ਕੁਲੀਨ, ਦਿਆਲੂ ਹੋਣਾ ਕਿੰਨਾ ਆਵਸ਼ਕ ਹੈ, ਪਰ ਬਹੁਤ ਵਾਰੀ ਇਹ ਪਤਾ ਨਹੀਂ ਹੁੰਦਾ ਕਿਸ ਤਰ੍ਹਾਂ ਦਿਆਲਤਾ ਕਰਨੀ ਹੈ ਕਿਸ ਤਰ੍ਹਾਂ ਕੁਲੀਨ ਹੋਣਾ ਹੈ, ਭਾਵ ਇਨ੍ਹਾਂ ਨੂੰ ਜੀਵਨ ਵਿਚ ਕਿਵੇਂ ਢਾਲਣਾ ਹੈ, ਕਿਵੇਂ ਇਸ ਦਾ ਅਭਿਆਸ ਕਰਨਾ ਹੈ। ਇਸ ਹੱਥ ਵਾਲੀ ਵਿਆਖਿਆ ਦਾ ਮੰਤਵ ਇਹ ਹੈ ਕਿ ਇਨ੍ਹਾਂ ਮੁੱਖ ਸਿਧਾਂਤਾਂ ਨੂੰ ਕਿਵੇਂ ਜੀਵਨ ਵਿਚ ਢਾਲ ਕੇ ਅਭਿਆਸ ਕਰਨਾ ਹੈ ਜਿਵੇਂ ਕਿ ਮੇਰੇ ਗੁਰੂਦੇਵ ਕਹਿੰਦੇ ਸਨ, "ਸਮਾਂ ਵਿਅਰਥ ਨਾ ਗੁਆਓ, ਇਹ ਨਾ ਸੋਚੋ ਮੈਂ ਕਿਹੜਾ ਮਾਰਗ ਚੁਣਾਂ, ਕਿਹੜਾ ਮਾਰਗ ਮੇਰੇ ਲਈ ਠੀਕ ਹੋਵੇਗਾ, ਛੇਤੀ ਨਿਰਣਾ ਲਵੋ ਅਤੇ ਚਲ ਪਵੋ ਸ਼ੁਰੂ ਹੋ ਜਾਓ।

ਅਧਿਆਤਮਕ ਸਾਧਨਾ ਲਈ ਮਨ ਤੇ ਅਨੁਸ਼ਾਸ਼ਨ ਦੀ ਲੋੜ ਹੈ, ਕਥਨੀ ਅਤੇ ਕਰਨੀ ਦੇ ਅਨੁਸ਼ਾਸ਼ਨ ਦੀ ਲੋੜ ਹੈ, ਕਥਨੀ, ਕਰਨੀ ਸੋਚ ਵਿਚ ਪ੍ਰਾਰੰਭਕ ਸੰਜਮ ਨਾਲ ਵੀ ਬਹੁਤ ਵਾਰੀ ਅਲੌਕਿਕ ਅਨੁਭਵ ਹੋ ਜਾਂਦੇ ਹਨ ਜਿਹੜੇ ਕਿ ਆਮ ਲੋਕ ਜਿਹੜੇ ਪੜ੍ਹਦੇ ਰਹਿੰਦੇ ਹਨ, ਗਿਆਨ ਸਾਂਭਦੇ ਰਹਿੰਦੇ ਹਨ ਪਰ ਅਭਿਆਸ ਨਹੀਂ ਕਰਦੇ ਉਨ੍ਹਾਂ ਨੂੰ ਇਹ ਅਨੁਭਵ ਨਹੀਂ ਹੁੰਦੇ। ਬਹੁਤ ਵਾਰੀ ਸੰਤ ਮਹਾਤਮਾ, ਸਵਾਮੀ, ਯੋਗੀ ਜੋ ਬਚਨ ਕਰਨ ਉਹ ਪੂਰੇ ਹੋ ਜਾਂਦੇ ਹਨ, ਉਹ ਪੂਰੇ ਨਿਸ਼ਚੇ ਨਾਲ ਕਹਿੰਦੇ ਹਨ, ਉਹ ਬਹਿਸ ਵਿਚ ਨਹੀਂ ਪੈਂਦੇ, ਉਹ ਕੇਵਲ ਬਚਨ ਕਰਦੇ ਹਨ, ਉਨ੍ਹਾਂ ਨੇ ਤੱਤ ਸਤਿ ਦਾ ਜੀਵਨ ਢਾਲਿਆ ਹੋਇਆ ਹੈ। ਕਈ ਵਾਰੀ ਦੇਖਿਆ ਹੈ ਜਦੋਂ ਮਹਾਂਪੁਰਖ ਬਚਨ ਕਰਦੇ ਹਨ ਲਗਦਾ ਹੈ ਇਹ ਤਾਂ ਬਹੁਤ ਕਠਿਨ ਹੈ, ਹੋ ਹੀ ਨਹੀਂ ਸਕਦਾ ਪਰ ਥੋੜ੍ਹੀ ਦੇਰ ਪਾ ਕੇ ਦੇਖਿਆ ਹੈ, ਬਿਲਕੁਲ ਉਸ ਤਰ੍ਹਾਂ ਹੀ ਹੁੰਦਾ ਹੈ ਜਿਵੇਂ ਉਨ੍ਹਾਂ ਨੇ ਕਿਹਾ ਹੋਵੇ। ਸੰਜਮ ਵਿਚ ਰਹਿ ਕੇ ਇਹੋ ਜਿਹੇ ਕੌਤਕ ਹੋ ਜਾਣੇ ਕੋਈ ਵੱਡੀ ਗੱਲ ਨਹੀਂ, ਚਮਤਕਾਰ ਓਦੋਂ ਤਕ ਹੀ ਚਮਤਕਾਰ

ਹੈ ਜਦੋਂ ਤਕ ਇਹ ਨਾ ਪਤਾ ਲੱਗੇ ਕਿ ਇਹ ਕਿਸ ਤਰ੍ਹਾਂ ਹੋਇਆ, ਤਾਂ ਉਹ ਚਮਤਕਾਰ ਨਹੀਂ ਰਹਿੰਦਾ ਜੇ ਕੋਈ ਆਪਣੀ ਕਥਨੀ ਅਜਾਈਂ ਗਵਾਈ ਜਾਵੇ, ਬਹਿਸ ਕਰੇ, ਬੇਮਤਲਬ ਬੋਲੇ, ਝੂਠ ਬੋਲੇ, ਚੁਭਵੇਂ ਸ਼ਬਦ ਬੋਲੇ, ਬੁਰਾ ਕਹੇ ਕਿਸੇ ਦੇ ਮਜ਼ਹਬ ਦੇ ਵਿਰੁੱਧ ਬੋਲੇ ਤਾਂ ਵਾਕ ਸ਼ਕਤੀ ਦਾ ਪ੍ਰਭਾਵ ਜਾਂਦਾ ਰਹਿੰਦਾ ਹੈ। ਇਸ ਤੋਂ ਉਲਟ ਜੇ ਕੋਈ ਝੂਠ ਨਾ ਬੋਲੇ, ਵਾਕ ਸ਼ਕਤੀ ਵਿਚ ਐਨੀ ਦ੍ਰਿੜ੍ਹਤਾ ਆ ਜਾਵੇਗੀ ਜੋ ਕਹਿਣਗੇ ਸੱਚ ਹੋ ਜਾਵੇਗਾ।

ਇਸ ਤਰ੍ਹਾਂ ਹੀ ਜੇ ਕੋਈ ਆਪਣੀ ਕਰਨੀ ਸੋਧ ਲਵੇ ਉਹ ਨਾ ਕਰੇ ਜੋ ਨਹੀਂ ਕਰਨਾ ਚਾਹੀਦਾ, ਉਹ ਦੇਖੇਗਾ ਕਿ ਕਿਹੜੇ ਕੰਮ ਉਹ ਕਰ ਰਿਹਾ ਹੈ ਉਹ ਬੜੀ ਸੁਚੱਜੀ ਤਰ੍ਹਾਂ ਹੋ ਰਹੇ ਹਨ, ਠੀਕ ਹੋ ਰਹੇ ਹਨ। ਪ੍ਰਸ਼ਨ ਉਠਦਾ ਹੈ ਇਹ ਕਿਵੇਂ ਪਤਾ ਲੱਗੇ ਠੀਕ ਕੀ ਹੈ? ਜਵਾਬ ਹੈ ਕਿ ਆਤਮਾ ਜਾਣਦੀ ਹੈ ਕਿ ਠੀਕ ਕੀ ਹੈ ਗਲਤ ਕੀ ਹੈ, ਚੰਗਾ ਕੀ ਹੈ, ਮੰਦਾ ਕੀ ਹੈ, ਸਹਾਇਕ ਜਾਂ ਹਾਨੀਕਾਰਕ ਕੀ ਹੈ, ਤੁਸੀਂ ਕੇਵਲ ਆਤਮਾ ਨਾਲ ਇਕ ਸੁਰ ਹੋਣਾ ਹੈ ਜਿਹੜੀ ਤੁਹਾਡੀ ਆਗੂ ਹੋ ਕੇ ਪੱਥ ਪਰਦਰਸ਼ਕ ਬਣੀ ਰਹੇ, ਇਸੇ ਨੂੰ ਹੀ ਅੰਤਰ ਝਾਕ ਕੇ ਪ੍ਰਵਾਨਗੀ ਲੈਣੀ ਕਹਿੰਦੇ ਹਨ, ਕੁਝ ਵੀ ਕਰਨ ਤੋਂ ਪਹਿਲਾਂ, ਸਭ ਨੂੰ ਪਤਾ ਹੈ, ਸਭ ਜਾਣਦੇ ਹਨ, ਕੇਵਲ ਅਭਿਆਸ ਦੀ ਲੋੜ ਹੈ, ਅਭਿਆਸ ਕਰਦਿਆਂ ਉਹ ਨਾ ਕਰਨਾ, ਜੋ ਨਹੀਂ ਕਰਨਾ ਚਾਹੀਦਾ, ਉਸ ਲਈ ਅੰਦਰੋਂ ਸੰਕੇਤ ਮਿਲਦੇ ਰਹਿੰਦੇ ਹਨ, ਫੇਰ ਤੁਸੀਂ ਆਤਮਾ ਨਾਲ ਗੱਲਬਾਤ ਕਰ ਸਕਦੇ ਹੋ ਜਿਸ ਨੂੰ ਮਨ ਦੀ ਚੰਚਲਤਾ ਛੋਹ ਨਹੀਂ ਸਕਦੀ। ਇਸ ਤਰ੍ਹਾਂ ਅਭਿਆਸ ਕਰਦਿਆਂ ਤੁਸੀਂ ਜਾਣ ਜਾਓਗੇ ਕਿ ਠੀਕ ਸਲਾਹ ਦੇਣ ਵਾਲਾ ਅੰਦਰ ਹੀ ਹੈ ਹਰ ਇਕ ਦੇ ਅੰਦਰ ਹੈ।

ਸਭ ਤੋਂ ਪਹਿਲਾ ਚੰਗੇ ਅਧਿਆਪਕ ਦਾ ਇਹ ਕਰਤੱਵ ਹੈ ਕਿ ਉਹ ਆਪਣੇ ਸ਼ਿਸ਼ ਨੂੰ ਉਸ ਅੰਦਰ ਬੈਠੇ ਦੀ ਸੋਝੀ ਕਰਾਵੇ ਜਿਹੜਾ ਸੁਤਿਆਂ, ਜਾਗਦਿਆਂ, ਸੁਪਨੇ ਦੇਖਦਿਆਂ ਹਰ ਸਮੇਂ ਨਾਲ ਹੈ। ਜਦੋਂ ਵੀ ਤੁਸੀਂ ਰੋਜ਼ ਦੇ ਝਮੇਲਿਆਂ ਵਿਚੋਂ ਸਮਾਂ ਕੱਢ ਕੇ ਨਵੇਕਲੇ ਹੋ ਕੇ ਥੋੜ੍ਹੀ ਦੇਰ ਬੈਠੋਂਗੇ, ਸ਼ਾਂਤੀ ਨਾਲ ਅੰਤਰ ਝਾਤੀ ਮਾਰੋਗੇ, ਅੰਦਰ ਵਾਲਾ ਉਪਦੇਸ਼ਕ ਉਪਦੇਸ਼ ਦੇਣ ਲਗ ਪਵੇਗਾ। ਕਿੰਨਾ ਹੀ ਚੰਗਾ ਹੋਵੇ ਜੇ ਅੱਜ ਦੇ ਚਿਕਿਤਸਕ ਮਨੋਵਿਗਿਆਨਕ ਅਧਿਆਤਮਕ ਆਗੂ, ਪ੍ਰਚਾਰਕ ਇਸ ਅੰਦਰ ਦੇ ਉਪਦੇਸ਼ਕ ਨੂੰ ਜਾਣ ਲੈਣ, ਫੇਰ ਸਿਕਸ਼ਕਾਂ ਨੂੰ, ਜਗਿਆਸੂਆਂ ਨੂੰ, ਮਰੀਜ਼ਾਂ ਨੂੰ ਉਸ ਬਾਰੇ ਦਸ ਕੇ ਉਸ ਤਕ ਪਹੁੰਚਣਾ ਸਿਖਾਉਣ।

ਕਥਨੀ, ਕਰਨੀ ਉਤੇ ਸੰਜਮ ਕਰਕੇ ਉਨ੍ਹਾਂ ਦੀ ਅਸਚਰਜਤਾ ਦੇਖ ਕੇ ਮਾਨਸਿਕ ਸੰਜਮ ਨੂੰ ਸਮਝਣਾ ਚਾਹੀਦਾ ਹੈ। ਜਦੋਂ ਤੁਸੀਂ ਮਨ ਨੂੰ ਕੋਈ ਨਖੇਧੀ ਵਾਲੀ ਗੱਲ ਨਹੀਂ ਸੋਚਣ ਦਿੰਦੇ, ਉਦਾਸ ਨਹੀਂ ਹੋਣ ਦਿੰਦੇ, ਢਹਿੰਦੀ ਕਲਾ ਵਿਚ ਨਹੀਂ ਜਾਣ ਦਿੰਦੇ, ਫੇਰ ਮਨ ਨੂੰ ਖੁਸ਼ੀ ਪ੍ਰਸੰਨ ਰਹਿਣ ਦੀ ਆਦਤ ਪੈ ਜਾਂਦੀ ਹੈ। ਹੌਲੀ-ਹੌਲੀ ਉਹ ਸਹਾਇਕ ਅਤੇ ਹਾਨੀਕਾਰਕ ਸੋਚਾਂ ਵਿਚ ਨਿਖੇੜ ਕਰਨ ਲਗ ਪੈਂਦਾ ਹੈ। ਉਸ ਨੂੰ ਪਤਾ ਲਗ ਜਾਂਦਾ ਹੈ ਕਿ ਹਾਨੀਕਾਰਕ ਸੋਚਾਂ ਕਿੰਨਾਂ ਸਮਾਂ ਅਜਾਈਂ ਗੁਆ ਦਿੰਦੀਆਂ ਹਨ, ਕਿੰਨੀ

ਤਾਕਤ ਵਿਅਰਥ ਚਲੀ ਜਾਂਦੀ ਹੈ। ਇਸ ਤਰੀਕੇ ਨਾਲ ਕੀਤਾ ਗਿਆ ਆਤਮ ਚਿੰਤਨ ਤੁਹਾਨੂੰ ਅਗਲੀ ਪਉੜੀ ਤੇ ਲੈ ਜਾਂਦਾ ਹੈ। ਉਹ ਪ੍ਰਮਾਣ ਦੀ ਪਉੜੀ ਹੈ, ਇਥੇ ਤੁਸੀਂ ਸਾਖਸ਼ੀ ਹੋ ਕੇ ਸਭ ਕੁਝ ਦੇਖਦੇ ਹੋ, ਅੰਦਰ ਵੀ ਬਾਹਰ ਵੀ, ਪਰ ਤੁਸੀਂ ਨਿਰਲੇਪ ਰਹਿੰਦੇ ਹੋ। ਪਹਿਲਾਂ-ਪਹਿਲਾਂ ਕਈ ਵਾਰੀ ਭਾਵਕ ਹੋ ਕੇ ਤੁਸੀਂ ਨਿਰਲੇਪ ਰਹਿਣ ਦੀ ਥਾਂ ਲਿਪਤ ਵੀ ਹੋ ਜਾਂਦੇ ਹੋ, ਬਹਿਸ ਕਰਨ ਲਗ ਪੈਂਦੇ ਹੋ, ਪਰ ਇਸ ਵਿਚ ਕੋਈ ਘਬਰਾਉਣ ਦੀ ਗੱਲ ਨਹੀਂ, ਧੀਰਜ ਰੱਖਣ ਦੀ ਲੋੜ ਹੈ। ਇਸ ਰਸਤੇ ਉਤੇ ਚੱਲਣ ਲਈ ਦ੍ਰਿੜ੍ਹ ਸੰਕਲਪ ਕਰੋ ਕਿ ਕੁਝ ਵੀ ਕਿਉਂ ਨਾ ਹੋਵੇ, ਤੁਸੀਂ ਲਗਾਤਾਰ ਨਿਰੰਤਰ ਅਭਿਆਸ ਕਰੋਗੇ, ਤੁਹਾਡੀ ਤਰੱਕੀ ਲਈ ਇਹ ਬਹੁਤ ਜ਼ਰੂਰੀ ਹੈ। ਇਹ ਅੰਧ ਵਿਸ਼ਵਾਸ਼ ਨਹੀਂ ਹੈ, ਬਹੁਤ ਸਾਰੇ ਕੋਈ ਵੀ ਵਚਨਬੱਧਤਾ ਨਹੀਂ ਕਰਦੇ, ਉਹ ਸੋਚਦੇ ਹਨ ਕਿ ਇਸ ਤਰ੍ਹਾਂ ਨਾ ਕਰਨ ਤੋਂ ਭਾਵ ਹੈ ਗੈਰ ਜ਼ਿੰਮੇਵਾਰ ਹੋਣਾ, ਲਾਪਰਵਾਹ ਹੋਣਾ। ਜਦੋਂ ਤੁਸੀਂ ਬੰਧਨ ਨਹੀਂ ਲਗਾਉਂਦੇ ਇਸ ਤੋਂ ਭਾਵ ਹੈ ਤੁਸੀਂ ਜ਼ਿੰਮੇਵਾਰੀ ਤੋਂ ਡਰਦੇ ਹੋਂ, ਪਰ ਵਾਸਤਵ ਵਿਚ ਅਸਲੀ ਅਜ਼ਾਦੀ ਉਦੋਂ ਹੀ ਆਉਂਦੀ ਹੈ ਜਦੋਂ ਤੁਸੀਂ ਭਾਵਾਂ ਤੋਂ, ਸੰਵੇਗਾਂ ਤੋਂ ਮੁਕਤ ਹੋ ਜਾਂਦੇ ਹੋ, ਜ਼ਿੰਮੇਵਾਰੀ ਸ਼ਕਤੀ ਦਿੰਦੀ ਹੈ, ਮਾਨਸਿਕ ਸੰਜਮ ਨਾਲ ਅੰਤਰ ਨੂੰ ਸੰਗਠਨ ਕਰਕੇ ਸੰਵੇਗਿਕ, ਭਾਵੁਕ ਉਥਲ-ਪੁਥਲ ਅਤੇ ਸਰੀਰਕ ਵਿਕਾਰਾਂ ਨੂੰ ਰੋਕਿਆ ਜਾ ਸਕਦਾ ਹੈ। ਮਾਨਸਿਕ ਅਨੁਸ਼ਾਸ਼ਨ ਦੀ, ਮਾਨਸਿਕ ਸੰਜਮ ਦੀ ਮਹੱਤਤਾ ਸਮਝਣ ਤੋਂ ਬਾਦ, ਕਥਨੀ ਅਤੇ ਕਰਨੀ ਦੇ ਸੰਜਮ ਦਾ ਅਭਿਆਸ ਕਰਨ ਮਗਰੋਂ, ਇਹੋ ਜਿਹੇ ਅਨੁਭਵ ਹੁੰਦੇ ਹਨ ਜੋ ਬਿਲਕੁਲ ਸੱਚ ਹੁੰਦੇ ਹਨ, ਆਤਮਾ ਸਾਕਸ਼ੀ ਹੁੰਦੀ ਹੈ ਪਰ ਇਸ ਨੂੰ ਚੇਤਨ ਮਨ ਨਹੀਂ ਸਮਝ ਸਕਦਾ। ਮਾਰਗ ਭਾਵੇਂ ਕੋਈ ਵੀ ਹੋਵੇ, ਭਗਤੀ, ਧਿਆਨ, ਚਿੰਤਨ ਸੰਜਮ ਅਤਿ ਲੋੜੀਂਦਾ ਹੈ, ਇਹ ਉਸ ਤਰ੍ਹਾਂ ਹੈ ਜਿਵੇਂ ਇਕ ਪਿਤਾ ਬੱਚੇ ਨੂੰ ਬੜੇ ਪਿਆਰ ਨਾਲ ਆਪਣੀਆਂ ਬਾਹਾਂ ਵਿਚ ਲੈ ਕੇ ਰੱਖਿਆ (ਰਾਖੀ) ਕਰਦਾ ਹੈ ਅਤੇ ਪ੍ਰੇਮ ਸੰਦੇਸ਼ ਦਿੰਦਾ ਹੈ।

54. ਇਸ ਪ੍ਰਕਾਰ ਦੇ ਬਚਨ ਸੁਣ ਕੇ, ਅਰਜਨ ਨੇ ਪੁਛਿਆ, "ਹੇ ਕੇਸ਼ਵ! ਸਮਾਧੀ ਵਿਚ ਸਥਿਤ ਸਥਿਰ ਬੁਧ ਵਾਲੇ ਪੁਰਸ਼ ਦਾ ਕੀ ਲੱਛਣ ਹੈ ਅਤੇ ਸਥਿਰ ਬੁਧ ਵਾਲਾ ਪੁਰਸ਼ ਕਿਵੇਂ ਬੋਲਦਾ ਹੈ? ਕਿਵੇਂ ਬੈਠਦਾ ਹੈ? ਕਿਵੇਂ ਚਲਦਾ ਹੈ?

ਸੁਚਿਤਤਾ ਦਾ ਮਾਰਗ ਵਾਹਿਗੁਰੂ ਦੀ ਪ੍ਰਾਪਤੀ ਲਈ ਵਚਨਬਧ ਨਹੀਂ ਹੈ। ਹਾਂ, ਸ਼ਾਂਤੀ ਲਈ, ਸੰਤਾਪ ਤੋਂ ਛੁਟਕਾਰੇ ਲਈ, ਦੁਖ ਨਿਵਾਰਣ ਲਈ ਜ਼ਰੂਰ ਬਚਨਬੱਧ ਹੈ। ਇਸ ਸਲੋਕ ਵਿਚ ਸਥਿਰ ਅੰਤਰ ਦ੍ਰਿਸ਼ਟੀ ਦਾ ਬੜਾ ਡੂੰਘਾ ਅਰਥ ਹੈ। ਅਰਜਨ ਆਪਣੇ ਸਤਿਕਾਰਯੋਗ ਗੁਰੂ ਨੂੰ ਪੁਛਦੇ ਹਨ ਕਿ ਉਸ ਮਨੁੱਖ ਬਾਰੇ ਚੰਗੀ ਤਰ੍ਹਾਂ ਖੋਲ੍ਹ ਕੇ ਦੱਸੋ ਜਿਹੜਾ ਅਡੋਲ ਵਿਵੇਕੀ ਹੋ ਕੇ ਵਿਚਰਦਾ ਹੈ, ਉਹ ਕਿਵੇਂ ਬੋਲਦਾ ਹੈ? ਉਹ ਕਿਵੇਂ ਬੈਠਦਾ ਹੈ? ਉਹ ਕਿਵੇਂ ਤੁਰਦਾ ਫਿਰਦਾ ਹੈ? ਉਹ ਆਪਣੇ ਕੰਮ ਕਾਜ ਕਿਵੇਂ ਕਰਦਾ ਹੈ? ਇਹ ਕਿਵੇਂ ਪਤਾ ਲਗਦਾ ਹੈ ਕਿ ਸਮਤਾ ਅਤੇ ਪੂਰਨਤਾ ਪ੍ਰਾਪਤ ਹੋ ਗਈ ਹੈ।

ਅਰਜਨ ਦੇ ਪ੍ਰਸ਼ਨ ਦਾ ਬੜਾ ਡੂੰਘਾ ਅਰਥ ਹੈ। ਇਹ ਅੱਜ ਦੇ ਮਨੁੱਖ ਲਈ ਵੀ ਉਨੀਂ ਹੀ ਮਹੱਤਤਾ ਰਖਦਾ ਹੈ ਜਿੰਨੀ ਉਦੋਂ ਅਰਜਨ ਲਈ ਸੀ। ਅਰਜਨ ਇਹੋ ਜਿਹੇ ਮਨੁੱਖ ਦੇ ਚਿੰਨ ਜਾਣਨਾ ਚਾਹੁੰਦਾ ਹੈ ਜਿਸ ਤੋਂ ਇਹ ਪਤਾ ਲਗ ਸਕੇ ਕਿ ਸੁਚਿਤਤਾ ਆ ਗਈ ਹੈ। ਸਾਰੇ ਹੀ ਕਥਨੀ ਕਰਨੀ ਨਾਲ ਆਪਣੇ ਆਪ ਨੂੰ ਦਰਸਾਉਂਦੇ ਹਾਂ, ਲਗਭਗ ਬਹੁਤ ਸਾਰਿਆਂ ਦਾ ਆਚਾਰ ਵਿਹਾਰ ਇਕੋ ਜਿਹਾ ਹੀ ਹੁੰਦਾ ਹੈ ਪਰ ਟਿਕੇ ਹੋਏ ਪਹੁੰਚੇ ਹੋਏ ਮਹਾਂਪੁਰਖ ਆਪਣੀ ਸੋਚ, ਸੰਵੇਗ ਅਤੇ ਇਛਾਵਾਂ ਕਿਵੇਂ ਪ੍ਰਗਟ ਕਰਦੇ ਹਨ? ਉਨ੍ਹਾਂ ਦੇ ਮਨ ਦੀ ਸੋਚਣੀ ਕਥਨੀ ਅਤੇ ਕਰਨੀ ਕਿਵੇਂ ਦੂਸਰਿਆਂ ਨਾਲੋਂ ਵੱਖਰੀ ਹੁੰਦੀ ਹੈ ਅਤੇ ਕਿਸ ਤਰ੍ਹਾਂ ਅੰਦਰੋਂ ਉਨ੍ਹਾਂ ਨੂੰ ਆਦੇਸ਼ ਮਿਲਦੇ ਹਨ? ਪੁਰਾਤਨ ਲੋਕਾਂ ਨੇ ਬੜਾ ਡੂੰਘਾ ਵਿਵਹਾਰਕ ਮਨੋਵਿਗਿਆਨ ਚਲਾਇਆ ਸੀ। ਨਾ ਕੇਵਲ ਉਨ੍ਹਾਂ ਨੇ ਵਿਵਹਾਰ ਦੀ ਪ੍ਰੇਰਨਾ ਬਾਰੇ ਹੀ ਖੋਜ ਕੀਤੀ ਸੀ, ਉਨ੍ਹਾਂ ਨੇ ਵੱਖ-ਵੱਖ ਮਾਨਸਿਕ ਸਥਿਤੀ ਦੇ ਵਿਵਹਾਰਿਕ ਚਿੰਨ, ਲੱਛਣ ਵੀ ਦੱਸੇ ਹਨ, ਉਨ੍ਹਾਂ ਨੂੰ ਸੋਧਣ ਦਾ ਤਰੀਕਾ ਵੀ ਦਸਿਆ ਹੈ। ਬਹੁਤ ਵਾਰੀ ਇਹ ਚਿੰਨ, ਲੱਛਣ ਮਾਨਸਿਕ ਸਥਿਤੀ ਪਰਖਣ ਵਿਚ ਸਹਾਇਤਾ ਕਰਦੇ ਹਨ ਪਰ ਹਰ ਕਿਸੇ ਤੇ ਸ਼ਾਇਦ ਇਹ ਲਾਗੂ ਨਾ ਹੋਣ। ਮਿਸਾਲ ਵਜੋਂ ਕੋਈ ਰੋ ਪੈਂਦਾ ਹੈ, ਰੋਣ ਦਾ ਕਾਰਨ, ਬੇਅੰਤ ਪ੍ਰਸੰਨਤਾ ਹੋ ਸਕਦਾ ਹੈ, ਉਹ ਪਿਆਰ ਨਾਲ ਟੁੰਬਿਆ ਗਿਆ ਹੋਵੇ। ਹੋ ਸਕਦਾ ਹੈ ਉਹ ਕਿਸੇ ਦਾ ਦੁਖ ਦੇਖ ਕੇ ਰੋ ਰਿਹਾ ਹੈ, ਸਾਨੂੰ ਉਸ ਦੇ ਰੋਣ ਦਾ ਠੀਕ ਕਾਰਣ ਨਹੀਂ ਪਤਾ ਲਗ ਸਕਦਾ, ਉਸ ਦਾ ਵਿਵਹਾਰ ਦੇਖ ਕੇ ਵੀ ਪਤਾ ਨਹੀਂ ਲਗ ਸਕਦਾ, ਵਿਹਾਰ ਪਰਖਣ ਲਈ ਤੁਹਾਨੂੰ ਸੰਵੇਗਾਂ ਦੇ ਸੋਮੇ ਦੀ ਸਤਾ ਤਕ ਜਾਣਾ ਪਵੇਗਾ।

ਟਿਕੀ ਹੋਈ ਸਥਿਰ ਅਵਸਥਾ ਵਾਲੇ ਦੇ ਕਥਨੀ, ਕਰਨੀ, ਉਠਣੀ ਬੈਠਣੀ ਸਭ ਦੇ ਲੱਛਣ ਅਲੱਗ ਹਨ, ਉਸ ਦਾ ਅੰਤਰ ਸਥਿਰ ਹੈ, ਉਸ ਦੇ ਅੰਦਰ ਸੰਜਮ ਹੈ, ਸੁਚਿਤਤਾ ਹੈ। ਜਿਨ੍ਹਾਂ ਦਾ ਅੰਦਰ ਹਾਲੇ ਟਿਕਿਆ ਨਹੀਂ, ਉਨ੍ਹਾਂ ਦੇ ਲੱਛਣ ਬਿਲਕੁਲ ਵੱਖਰੇ ਹੁੰਦੇ ਹਨ। ਸ਼ਾਂਤ ਮਨ ਸੁਚਿਤ ਹੋਣ ਕਰਕੇ ਇਹੋ ਜਿਹੇ ਮਹਾਂਪੁਰਖ ਬਿਲਕੁਲ ਸਥਿਰ ਬੈਠਦੇ ਹਨ, ਪੂਰੇ ਵਿਸ਼ਵਾਸ਼ ਨਾਲ ਤੁਰਦੇ ਹਨ, ਨਿਰਭੈ ਹੋ ਕੇ, ਬਿਲਕੁਲ ਇਕਾਗਰ ਹੋ ਕੇ ਸਪਸ਼ਟ ਤਰੀਕੇ ਨਾਲ ਬੋਲਦੇ ਹਨ।

ਸਾਰੇ ਮਨੁੱਖਾਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਇਕ ਉਹ ਜਿਹੜੇ ਸੁਚਿਤਤਾ ਵਾਲੇ ਹਨ, ਦੂਸਰੇ ਜਿਹੜੇ ਬੇਸੁਰੇ ਖਿਲਰੇ ਹੋਏ। ਸੁਚਿਤਤਾ ਵਾਲਾ ਮਨੁੱਖ ਗੀਤਾ ਅਨੁਸਾਰ ਇਕ ਆਦਰਸ਼ਕ ਮਨੁੱਖ ਹੈ। ਉਹ ਹਰ ਸਥਿਤੀ ਵਿਚ ਸ਼ਾਂਤ, ਨਿਰਲਿਪਤ, ਖੁਸ਼ ਖਿੜਿਆ ਰਹਿੰਦਾ ਹੈ, ਬੇਸੁਰਾ ਖਿਲਰਿਆ ਮਨੁੱਖ ਅਨੁਸਾਸ਼ਨ ਹੀਣ, ਸੋਝੀਹੀਣ ਹੁੰਦਾ ਹੈ। ਅੱਜ ਦੇ ਸਮਾਜ ਵਿਚ ਬਹੁਤ ਸਾਰੇ ਲੋਕ ਦੂਸਰੀ ਕਿਸਮ ਦੇ ਹੀ ਹਨ, ਉਹ ਸੰਜਮੀ ਨਹੀਂ ਹਨ, ਸੰਜਮ ਦਾ ਅਭਿਆਸ ਹੀ ਨਹੀਂ ਕਰਦੇ, ਉਨ੍ਹਾਂ ਦਾ ਵਿਵਹਾਰ ਵੀ ਬੇਸੁਰਾ ਹੁੰਦਾ ਹੈ। ਇਸ ਕਰਕੇ ਇਕਸੁਰਤਾ ਆਉਂਦੀ ਹੀ ਨਹੀਂ, ਇਹੋ ਜਿਹੀ ਘਬਰਾਹਟ ਪੂਰਬ ਪੱਛਮ ਦੋਨਾਂ ਵਿਚ ਹੈ। ਸਿਖਿਆ ਦਾ ਸਭ ਤੋਂ ਉਤਮ ਤਰੀਕਾ ਸਵੈ ਸਿਖਿਆ ਹੈ, ਸਵੈ-ਸੋਧ ਹੈ ਪਰ ਅਨੁਸ਼ਾਸ਼ਨ ਸੰਜਮ ਤੋਂ ਬਿਨਾਂ

ਸਵੈ-ਸੋਧ ਹੋ ਹੀ ਨਹੀਂ ਸਕਦੀ।

ਭਗਵਤ ਗੀਤਾ ਦਾ ਇਹ ਸ਼ਲੋਕ 'ਮੰਡੂਕ ਉਪਨਿਸ਼ਦ' ਨਾਲ ਸਬੰਧ ਰਖਦਾ ਹੈ 'ਮੰਡੂਕ ਉਪਨਿਸ਼ਦ' ਸੰਸਾਰ ਦੀਆਂ ਬਹੁਤ ਉਤਮ ਪੁਸਤਕਾਂ ਵਿਚੋਂ ਸੋਚਣੀ ਨੂੰ ਹਿਲਾ ਦੇਣ ਵਾਲੀ ਪੁਸਤਕ ਹੈ, ਇਸ ਵਿਚ ਮਨ ਦੀਆਂ ਤਿੰਨ ਸਥਿਤੀਆਂ ਦੱਸੀਆਂ ਗਈਆਂ ਹਨ - ਜਾਗਦਾ ਮਨ, ਸੁਪਨੇ ਲੈਂਦਾ ਮਨ ਅਤੇ ਸੁੱਤਾ ਮਨ। ਇਨ੍ਹਾਂ ਤਿੰਨਾਂ ਦੀ ਵਿਆਖਿਆ 'ਮੰਡੂਕ ਕਾਰਿਕਾ' ਗੋੜਪਦ ਜੋ ਸ਼ੰਕਰਾਚਾਰੀਆ ਦੇ ਗੁਰੂ ਹੋਏ ਹਨ, ਨੇ ਕੀਤੀ ਹੈ। ਸੁਚਿਤਤਾ ਪ੍ਰਾਪਤ ਮਨੁੱਖ ਇਨ੍ਹਾਂ ਤਿੰਨਾਂ ਸਥਿਤੀਆਂ ਨੂੰ ਝਟ ਹੀ ਦੇਖ ਲੈਂਦਾ ਹੈ, ਪਰ ਉਹ ਆਪਣੀ ਤੁਰੀਆ ਅਵਸਥਾ ਓਵੇਂ ਹੀ ਬਣਾਈ ਰਖਦਾ ਹੈ, ਗਾੜ੍ਹੀ ਨੀਂਦ ਤੁਰੀਆ ਅਵਸਥਾ ਦੇ ਬਹੁਤ ਨੇੜੇ ਹੈ, ਫਰਕ ਐਨਾ ਹੈ ਕਿ ਗਾੜ੍ਹੀ ਨੀਂਦ ਵਿਚ ਤੁਹਾਨੂੰ ਕੁਝ ਪਤਾ ਨਹੀਂ ਹੁੰਦਾ ਪਰ ਤੁਰੀਆ ਵਿਚ ਅਭੰਗ ਚੇਤਨਤਾ ਹੁੰਦੀ ਹੈ। ਭਗਵਤ ਗੀਤਾ ਦਾ ਮਨੋਰਥ ਅਰਜਨ ਨੂੰ, ਤੁਰੀਆ ਅਵਸਥਾ ਵਿਚ ਪਹੁੰਚਾਉਣਾ ਹੈ, ਤੁਰੀਆ ਅਵਸਥਾ ਪ੍ਰਾਪਤ ਨੂੰ ਹੀ ਸੁਚਿਤਤਾ ਪ੍ਰਾਪਤ ਕਿਹਾ ਜਾਂਦਾ ਹੈ।

ਅਵਸਥਾਵਾਂ ਆਮ ਆਦਮੀ ਲਈ ਜਾਗਦੇ, ਸੁਪਨੇ ਲੈਂਦੇ ਅਤੇ ਸੁੱਤੇ ਵੱਖ-ਵੱਖ ਸਚਾਈਆਂ ਹਨ। ਚੌਥੀ ਦਾ ਤਾਂ ਉਸ ਨੂੰ ਪਤਾ ਹੀ ਨਹੀਂ ਜਿਸ ਨੇ ਸਮੇਂ ਰਹਿਤ ਸੁਚਿਤਤਾ ਸਥਿਤੀ ਪ੍ਰਾਪਤ ਕਰ ਲਈ, ਉਹ ਸਮੇਂ ਤੋਂ, ਭੂਤ, ਭਵਿੱਖ ਵਰਤਮਾਨ ਤੋਂ ਪਰ੍ਹੇ ਚਲਿਆ ਗਿਆ। ਉਸ ਵਾਸਤੇ ਸਭ ਕੁਝ ਵਰਤਮਾਨ ਹੀ ਹੈ, ਉਹ ਭੂਤ ਭਵਿੱਖ ਵਿਚ ਇਸ ਤਰ੍ਹਾਂ ਵਿਚਰਦੇ ਹਨ ਜਿਵੇਂ ਕੋਈ ਵਰਤਮਾਨ ਵਿਚ ਵਿਚਰਦਾ ਹੈ। ਉਨ੍ਹਾਂ ਵਾਸਤੇ ਸਭ ਕੁਝ ਹੁਣੇ, ਐਥੇ ਹੀ ਹੈ ਪਰ ਬਹੁਤ ਵਿਰਲੇ ਹੀ ਹਨ ਜੋ ਇਸ ਸਥਿਤੀ ਨੂੰ ਪ੍ਰਾਪਤ ਹੁੰਦੇ ਹਨ ਕਿਉਂਕਿ ਇਹ ਅਭੇਦ ਹੋਣ ਦਾ ਹੀ ਭਾਗ ਹੈ। ਜਦੋਂ ਭੂਤ ਭਵਿੱਖ ਵਿਚ ਵਿਚਰਨਾ ਸੁਭਾਵਿਕ ਹੋ ਜਾਵੇ ਉਸ ਇਕ ਨਾਲ ਅਭੇਦਤਾ ਹੋ, ਜਾਵੇ ਫੇਰ ਬ੍ਰਹਿਮੰਡ ਦਾ ਗਿਆਨ ਉਸ ਦੀ ਝੋਲੀ ਵਿਚ ਹੈ।

ਆਮ ਬੰਦੇ ਜਾਗਣ, ਸੌਣ ਅਤੇ ਸੁਪਨਿਆਂ ਨੂੰ ਵੱਖ-ਵੱਖ ਦੇਖਦੇ ਹਨ ਪਰ ਜਿਹੜੇ ਵਡਭਾਗੇ ਸਥਿਰ ਤੇ ਤੁਰੀਆ ਅਵਸਥਾ ਨੂੰ ਪਹੁੰਚੇ ਹੋਏ ਹਨ ਉਨ੍ਹਾਂ ਲਈ ਇਹ ਤਿੰਨ ਅਵਸਥਾਵਾਂ - ਜਾਗਣਾ, ਸੌਣਾ ਸੁਪਨੇ ਚੇਤਨਤਾ ਦਾ ਲਗਾਤਾਰ ਪਸਾਰਾ ਹੈ। ਸੁਚਿਤਤਾ ਪ੍ਰਾਪਤ ਲਈ ਇਹ ਤਿੰਨੇ ਦਸ਼ਾ ਇਕੋ ਚੇਤਨਤਾ ਦੀ ਪਰਸਪਰ ਸਚਾਈ ਹੈ ਬਿਲਕੁਲ ਉਸ ਤਰ੍ਹਾਂ ਜਿਸ ਤਰ੍ਹਾਂ ਸਵੇਰ, ਦੁਪਹਿਰ ਅਤੇ ਸ਼ਾਮ ਇਕ ਪੂਰੇ ਦਿਨ ਦੇ ਹਿੱਸੇ ਹਨ। ਤੁਛ ਬੁੱਧੀ ਵਾਲੇ, ਸੀਮਤ ਗਿਆਨ ਵਾਲੇ ਤਾਂ ਘਬਰਾਏ ਰਹਿੰਦੇ ਹਨ, ਸੰਸਿਆਂ ਵਿਚ ਪਏ ਰਹਿੰਦੇ ਹਨ, ਉਨ੍ਹਾਂ ਨੂੰ ਜੀਵਨ ਮਨੋਰਥ ਸਮਝ ਹੀ ਨਹੀਂ ਆਉਂਦਾ, ਕਿਉਂਕਿ ਉਹ ਸੰਪੂਰਨ ਜੀਵਨ ਨੂੰ ਜਾਣਦੇ ਹੀ ਨਹੀਂ, ਉਹ ਤਾਂ ਜੀਵਨ ਦੇ ਇਕ ਭਾਗ ਨੂੰ ਹੀ ਜਾਣਦੇ ਹਨ, ਉਨ੍ਹਾਂ ਨੂੰ ਸੰਪੂਰਨਤਾ ਦਾ ਪੂਰਨ ਗਿਆਨ ਹੀ ਨਹੀਂ। ਮਹਾਂਪੁਰਖ ਯੁੱਧ ਦੇ ਮੈਦਾਨ ਵਿਚ ਵੀ ਸ਼ਾਂਤ ਸਥਿਰ ਰਹਿੰਦੇ ਹਨ, ਉਨ੍ਹਾਂ ਨੇ ਜੀਵਨ ਰਹੱਸ ਨੂੰ ਅੰਦਰੋਂ ਬਾਹਰੋਂ ਜਾਣ ਲਿਆ ਹੈ, ਅਟੱਲ,

ਨਾਸ਼ਵਾਦੀ ਨੂੰ ਜਾਣ ਲਿਆ ਹੈ, ਇਹੋ ਜਿਹਾ ਯੋਗੀ ਸਦਾ ਹੀ, ਹਰ ਹਾਲਾਤ, ਹਰ ਦਸ਼ਾ ਵਿਚ ਵਿਜੈਤਾ ਹੀ ਹੁੰਦਾ ਹੈ।

ਸੁਪਨੇ ਦੀ ਦਸ਼ਾ ਅਸੰਤੁਸ਼ਟੀ ਦੀ ਦਸ਼ਾ ਹੈ, ਪਰ ਇਸ ਦਸ਼ਾ ਦਾ ਚਿਕਿਤਸਕ ਪੱਖੋਂ ਲਾਭ ਹੈ ਕਿਉਂਕਿ ਇਸ ਵਿਚ ਸਾਰੀਆਂ ਅਪੂਰਨ ਇਛਾਵਾਂ ਪੂਰਨ ਹੋ ਜਾਂਦੀਆਂ ਹਨ, ਦਬੀਆਂ ਹੋਈਆਂ ਭਾਵਨਾ ਨੂੰ ਨਿਕਲ ਕੇ ਪ੍ਰਗਟ ਹੋਣ ਦਾ ਅਵਸਰ ਮਿਲ ਜਾਂਦਾ ਹੈ। ਸੁਪਨਿਆਂ ਨੂੰ ਪਰਖ ਕੇ ਅਸੀਂ ਦੋਨੋਂ ਜੀਵਨ ਜਾਣ ਸਕਦੇ ਹਾਂ, ਇਕ ਸੁਚੇਤ ਜੀਵਨ ਜਿਹੜਾ ਅਸੀਂ ਜੀਉਂਦੇ ਹਾਂ ਦੂਸਰਾ ਅਚੇਤ ਭੁਲਿਆ ਹੋਇਆ ਜੀਵਨ। ਅਸੀਂ ਸੋਚਦੇ ਹਾਂ ਕਿ ਸਾਡੀ ਭੁੱਲੀ ਹੋਈ ਜ਼ਿੰਦਗੀ, ਅਚੇਤ, ਸਾਡੇ ਸੁਚੇਤ ਉਤੇ ਪ੍ਰਭਾਵ ਨਹੀਂ ਪਾਉਂਦੀ, ਇਹ ਗਲਤ ਹੈ, ਸੁਪਨੇ ਸਾਡੇ ਭੁੱਲੇ ਹੋਏ, ਪਾਸੇ ਕੀਤੇ ਹੋਏ, ਅਧੂਰੇ ਕੰਮ ਇਛਾਵਾਂ, ਸਾਡੇ ਅਚੇਤ ਵਿਚ ਸੁੱਤੀਆਂ ਰਹਿੰਦੀਆਂ ਹਨ, ਪਰ ਜਦੋਂ ਹੀ ਅਵਸਰ ਮਿਲੇ ਬਾਹਰ ਆ ਜਾਂਦੀਆਂ ਹਨ।

ਸੁਚੇਤ ਮਨ ਸੰਪੂਰਨ ਮਨ ਦਾ ਕੇਵਲ ਇਕ ਚੌਥਾਈ ਭਾਗ ਹੀ ਹੁੰਦਾ ਹੈ। ਸੋ ਇਹ ਸਮੁੱਚੇ ਮਨ ਨੂੰ ਨਹੀਂ ਸਮਝ ਸਕਦਾ। ਸਾਡੇ ਅੱਜ ਦੇ ਸਿਖਿਆ ਦੇ ਤਰੀਕੇ ਬੜੇ ਅਧੂਰੇ ਹਨ ਉਹ ਕੇਵਲ ਕੁਝ ਹਿੱਸਿਆਂ ਬਾਰੇ ਹੀ ਦਸਦੇ ਹਨ। ਸਮੁੱਚੇ ਅੰਤਰ ਬਾਰੇ ਉਨ੍ਹਾਂ ਕੋਲ ਦੱਸਣ ਨੂੰ ਕੁਝ ਵੀ ਨਹੀਂ ਹੈ। ਇਹ ਹੀ ਅੱਜ ਦੀ ਸਿਖਿਆ ਪ੍ਰਣਾਲੀ ਦਾ ਖੋਖਲਾਪਨ ਅਤੇ ਦੁਖਾਂਤ ਹੈ ਇਹੋ ਹੀ ਅੱਜ ਦੇ ਸੰਸਾਰ ਦੇ ਸੰਤਾਪ ਦਾ ਕਾਰਨ ਹੈ। ਅਸੀਂ ਆਪਾ ਚੀਨਣ ਦੇ ਤਰੀਕੇ ਕਿਉਂ ਨਹੀਂ ਕੱਢੇ? ਕਿਉਂ ਅਸੀਂ ਅੰਦਰ ਜਾਨਣ ਦੇ ਤਰੀਕੇ ਨਹੀਂ ਬਣਾਏ? ਤਾਂ ਜੋ ਹਰ ਕੋਈ ਅੰਦਰ ਝਾਕ ਸਕੇ, ਆਪਾ ਚੀਨ ਸਕੇ। ਇਹੋ ਜਿਹੀ ਸਿਖਿਆ ਪੁਰਾਣੇ ਸਮਿਆਂ ਵਿਚ ਉਪਲਬਧ ਸੀ ਪਰ ਉਹ ਭੁੱਲੀ ਜਾ ਚੁਕੀ ਹੈ। ਅੱਜ ਦੇ ਮਨੋਵਿਗਿਆਨਕ ਸੁਪਨੇ ਦੀ ਸਥਿਤੀ ਦੀ ਜਾਂਚ ਤਾਂ ਕਰਨ ਲਗ ਪਏ ਹਨ ਪਰ ਉਨ੍ਹਾਂ ਦੀਆਂ ਖੋਜਾਂ ਹਾਲੇ ਬਹੁਤ ਹੀ ਪ੍ਰਾਰੰਭਿਕ ਪੱਧਰ ਉਤੇ ਹਨ, ਇਸ ਲਈ ਹੋਰ ਤਰ੍ਹਾਂ ਦੇ ਤਰੀਕਿਆਂ ਦੀ ਲੋੜ ਹੈ। ਉਨ੍ਹਾਂ ਕੋਲ ਕੋਈ ਵਿਦਿਆ ਨਹੀਂ, ਕੋਈ ਪ੍ਰੈਕਟੀਕਲ ਸਿਖਿਆ ਨਹੀਂ ਜਿਸ ਨਾਲ ਉਹ ਅਚੇਤ ਮਨ ਨੂੰ ਖੋਜ ਸਕਣ। ਭਗਵਤ ਗੀਤਾ ਇਕ ਐਸਾ ਗ੍ਰੰਥ ਹੈ ਜਿਹੜਾ ਅੱਜ ਦੀ ਚਿਕਿਤਸਾ ਨੂੰ ਉਸ ਅਗਿਆਤ ਬਾਰੇ ਜਾਣੂ ਕਰਾ ਸਕਦਾ ਹੈ।

ਅਰਜਨ ਦੇ ਪ੍ਰਸ਼ਨ ਤੋਂ ਪਤਾ ਲਗਦਾ ਹੈ ਕਿ ਉਹ ਆਪਣੀ ਉਪਰਾਮਤਾ ਤੋਂ ਨਿਕਲ ਆਇਆ ਹੈ, ਛੁਟਕਾਰਾ ਪਾ ਚੁੱਕਾ ਹੈ, ਉਹ ਸ੍ਰੀ ਕ੍ਰਿਸ਼ਨ ਜੀ ਦੀ ਸਿਖਿਆ ਲੈ ਕੇ ਮੰਨਣ ਨੂੰ ਤਿਆਰ ਹੈ, ਅੰਤਰ ਦੀਆਂ ਦਸ਼ਾਵਾਂ ਨੂੰ ਦੇਖਣ ਨੂੰ ਨਰੀਖਣ ਕਰਨ ਨੂੰ ਤਿਆਰ ਹੈ। ਕ੍ਰਿਸ਼ਨ ਜੀ ਨੇ ਅਰਜਨ ਨੂੰ ਬਿਲਕੁਲ ਢਹਿੰਦੀ ਕਲਾ ਤੋਂ ਉਪਰਾਮਤਾ ਤੋਂ ਸਥਿਰਤਾ, ਸਤੁੰਲਨਤਾ ਵਿਚ ਲੈ ਆਂਦਾ ਹੈ। ਅਰਜਨ ਦੀ ਸੋਚਣੀ, ਕਥਨੀ ਅਤੇ ਕਰਨੀ ਨੂੰ ਜਾਂਚ ਕੇ ਇਹ ਕਿਹਾ, ਦੇਖਿਆ ਜਾ ਸਕਦਾ ਹੈ ਕਿ ਦੋ ਅਵਸਥਾਵਾਂ ਕਿੰਨੀਆਂ ਫਰਕ ਵਾਲੀਆਂ ਹਨ, ਪਹਿਲੀ ਅਵਸਥਾ ਵਿਚ ਅਰਜਨ ਅਗਿਆਨੀ

ਸੀ, ਉਦਾਸ ਸੀ, ਦੁਰਬਲ ਸੀ, ਭੈ ਭੀਤ ਸੀ, ਵਿਆਕੁਲ ਸੀ ਪਰ ਉਸ ਦਾ ਪ੍ਰਸ਼ਨ ਹੁਣ ਇਹ ਦਸਦਾ ਹੈ ਕਿ ਉਹ ਗਿਆਨ ਦੇ ਮਾਰਗ ਉਤੇ ਆ ਗਿਆ ਹੈ ਅਤੇ ਆਤਮ ਰੂਪਾਂਤਰਣ ਲਈ ਤਿਆਰ ਹੈ, ਉਹ ਬਿਲਕੁਲ ਬਦਲਿਆ ਹੋਇਆ ਹੈ।

ਜਦੋਂ ਤੁਸੀਂ ਸਾਧਨਾ ਕਰਦੇ ਹੋ, ਕਾਇਆ ਕਲਪ ਹੋ ਜਾਂਦਾ ਹੈ, ਜਗਿਆਸੂ ਦਾ ਵਿਵਹਾਰ ਬਦਲ ਜਾਂਦਾ ਹੈ, ਕਾਇਆ ਕਲਪ ਸਾਡਾ ਸਭ ਤੋਂ ਮਹੱਤਵਪੂਰਨ ਮਾਨਵੀ ਸਾਧਨ ਹੈ, ਸਰੋਤ ਹੈ ਜੇ ਇਕ ਵੀ ਮਨੁੱਖ ਦਾ ਰੂਪਾਂਤਰਣ ਹੋ ਸਕਦਾ ਹੈ ਤਾਂ ਸਾਰੀ ਮਾਨਵਤਾ ਦਾ ਕਾਇਆ ਕਲਪ ਹੋ ਜਾਵੇਗਾ? ਇਹ ਉਦੋਂ ਹੀ ਸੰਭਵ ਹੋਵੇਗਾ ਜਦੋਂ ਸਿਖਿਆ ਪ੍ਰਣਾਲੀ ਵਿਚ ਸਵੈ ਅਨੁਸ਼ਾਸ਼ਨ, ਸੰਜਮ ਦੇ ਤਰੀਕਿਆਂ ਨਾਲ ਆਤਮਾ ਨੂੰ ਸੁਤੰਤਰ ਕਰਕੇ ਸੁਚਿਤਤਾ ਪ੍ਰਾਪਤ ਕਰਨੀ ਦੱਸੀ ਜਾਵੇਗੀ।

55. ਹੇ ਅਰਜਨ! ਜਿਸ ਸਮੇਂ ਇਹ ਪੁਰਸ਼ ਮਨ ਵਿਚ ਸਥਿਤ ਸੰਪੂਰਨ ਵਾਸ਼ਨਾਵਾਂ ਨੂੰ ਤਿਆਗ ਦਿੰਦਾ ਹੈ, ਉਸ ਸਮੇਂ ਅੰਦਰੋਂ ਹੀ ਆਤਮਾ ਤੋਂ ਹੀ ਆਤਮਾ ਵਿਚ ਸੰਤੁਸ਼ਟ ਹੋਇਆ ਸਥਿਰ ਬੁੱਧੀ ਵਾਲਾ ਕਿਹਾ ਜਾਂਦਾ ਹੈ।

56. ਦੁਖ ਵਿਚ ਜੋ ਦੁਖ ਨਹੀਂ ਮੰਨਦਾ ਅਤੇ ਸੁਖ ਪ੍ਰਾਪਤੀ ਨਾਲ ਸਨੇਹ ਨਹੀਂ ਹੈ ਜਿਸਦਾ, ਅਤੇ ਨਸ਼ਟ ਹੋ ਗਏ ਹਨ ਰਾਗ, ਭੈ ਅਤੇ ਕ੍ਰੋਧ ਜਿਸਦੇ, ਐਸਾ ਪੁਰਸ਼ ਸਥਿਰ ਬੁੱਧੀ ਵਾਲਾ ਕਿਹਾ ਜਾਂਦਾ ਹੈ।

57. ਜਿਹੜਾ ਪੁਰਸ਼ ਸਨੇਹ ਰਹਿਤ ਹੋ ਗਿਆ, ਜੋ ਸੁਭ ਅਤੇ ਅਸ਼ੁਭ ਵਸਤੂਆਂ ਨੂੰ ਪ੍ਰਾਪਤ ਹੋ ਕੇ ਨਾ ਹੀ ਪ੍ਰਸੰਨ ਹੁੰਦਾ ਹੈ ਅਤੇ ਨਾ ਹੀ ਦ੍ਵੈਸ਼ ਕਰਦਾ ਹੈ, ਉਸ ਦੀ ਬੁੱਧੀ ਸਥਿਰ ਹੈ।

ਜਦੋਂ ਜਗਿਆਸੂ ਇਹ ਮਹਿਸੂਸ ਕਰਦਾ ਹੈ ਕਿ ਸੰਸਾਰ ਪ੍ਰਮਾਤਮਾ ਦਾ ਹੀ ਪਸਾਰਾ ਹੈ ਇਹ ਭਾਵੇਂ ਸੱਚ ਪ੍ਰਤੀਤ ਹੁੰਦਾ ਹੈ, ਪਰ ਹੈ ਨਹੀਂ। ਸੋ ਸੰਸਾਰਕ ਪਦਾਰਥ ਉਸ ਲਈ ਕੋਈ ਮਹੱਤਵ ਨਹੀਂ ਰਖਦੇ, ਉਸ ਨੂੰ ਪਹਿਲੀ ਵਾਰੀ 'ਆਤਮ ਮਾਰਗ' ਤੇ ਤੁਰਦਿਆਂ ਸੁਤੰਤਰਤਾ ਦਾ ਅਭਿਆਸ ਹੁੰਦਾ ਹੈ, ਇਹੋ ਜਿਹਾ ਮਨੁੱਖ ਆਪਾ ਚੀਨਦਿਆਂ ਸੰਜਮ, ਸਬਰ, ਸੰਤੋਖ ਤਕ ਪਹੁੰਚ ਕੇ ਸਵੈ ਨੂੰ ਪਹਿਚਾਣ ਜਾਂਦਾ ਹੈ। ਸ੍ਵੈ ਨੂੰ ਸ੍ਵੈ ਹੀ ਜਾਣ ਸਕਦਾ ਹੈ, ਸ੍ਵੈ ਨੂੰ ਜਾਨਣ ਦਾ ਹੋਰ ਕੋਈ ਤਰੀਕਾ ਨਹੀਂ। ਜਦੋਂ ਕੋਈ ਇਸ ਸ੍ਵੈ ਗਿਆਨ ਦੀ ਪ੍ਰੈਕਟੀਕਲ ਵਰਤੋਂ ਕਰਦਾ ਹੈ, ਉਹ ਪੂਰੀ ਤਰ੍ਹਾਂ ਨਿਰਲਿਪਤ ਹੋ ਜਾਂਦਾ ਹੈ। ਉਸ ਨੂੰ ਚੰਗਾ, ਮੰਦਾ, ਲੋਭ, ਘ੍ਰਿਣਾ ਕੁਝ ਵੀ ਬੰਨ੍ਹ ਨਹੀਂ ਸਕਦਾ, ਉਹ ਸਾਰੇ ਭਾਵਾਂ ਤੋਂ, ਇਛਾਵਾਂ ਤੋਂ, ਲੋਭ ਤੋਂ ਮੁਕਤ ਹੋ ਜਾਂਦਾ ਹੈ ਇਹੋ ਜਿਹੀ ਸਮਤਾ ਇਸ ਰਸਤੇ ਲਈ ਬੜੀ ਜ਼ਰੂਰੀ ਹੈ, ਕੋਈ ਤਾਕਤ ਇਸ ਨੂੰ ਤੁਹਾਡੇ ਕੋਲੋਂ ਖੋਹ ਨਹੀਂ ਸਕਦੀ।

ਇਕ ਸੂਝਵਾਨ ਜਗਿਆਸੂ ਹੀ ਪਹੁੰਚਿਆ ਹੋਇਆਂ ਦੇ ਹਾਵ ਭਾਵ, ਵਿਚਾਰ, ਕਥਨੀ ਅਤੇ ਕਰਨੀ ਸਮਝ ਸਕਦਾ ਹੈ। ਸਭ ਤੋਂ ਵੱਡਾ ਚਿੰਨ ਇਹੋ ਜਿਹੇ ਮਹਾਂਪੁਰਖਾਂ ਦਾ ਹੁੰਦਾ ਹੈ - ਮਨ ਦੀ ਸ਼ਾਂਤੀ ਅਤੇ ਬਿਲਕੁਲ ਇੱਛਾ

ਰਹਿਤ ਹੋਣਾ। ਇਹੋ ਜਿਹੇ ਮਹਾਂਪੁਰਖ ਇਕ ਮਿਸਾਲ ਹੁੰਦੇ ਹਨ, ਉਹ ਇਸ ਤਰ੍ਹਾਂ ਰਹਿੰਦੇ ਹਨ ਜਿਵੇਂ ਸ਼ੀਸ਼ੇ ਦੇ ਘਰ ਵਿਚ ਰਹਿੰਦੇ ਹੋਣ ਜਿਸ ਵਿਚੋਂ ਉਹ ਸਾਰਿਆਂ ਨੂੰ ਦੇਖ ਸਕਦੇ ਹਨ, ਸਾਰੇ ਉਨ੍ਹਾਂ ਨੂੰ ਦੇਖਦੇ ਹਨ। ਇਹ ਸਥਿਤੀ ਹੌਲੀ-ਹੌਲੀ ਸਾਧਨਾ ਕਰਨ ਨਾਲ ਆਉਂਦੀ ਹੈ ਜਿਸ ਵਿਚ ਜਗਿਆਸੂ ਆਪਣੀ ਸੋਚਣੀ ਸੰਵੇਗ, ਇਛਾਵਾਂ ਨੂੰ ਠੀਕ ਤਰ੍ਹਾਂ ਵਰਤਦਾ ਹੈ, ਕੇਵਲ ਉਹ ਇਛਾਵਾਂ ਹੀ ਰਖਦਾ ਹੈ, ਉਹ ਸੋਚਣੀ ਸੰਵੇਗ ਹੀ ਵਰਤਦਾ ਹੈ ਜਿਹੜੇ ਉਸ ਲਈ ਸਹਾਇਕ ਹੋਣ, ਬਾਕੀ ਉਹ ਛੱਡ ਦਿੰਦਾ ਹੈ। ਇਸ ਤੋਂ ਅਗਲੀ ਸਥਿਤੀ ਉਤੇ ਉਹ ਚੰਗਾ ਮੰਦਾ ਦੋਨੋਂ ਹੀ ਛੱਡ ਦਿੰਦਾ ਹੈ। ਫੇਰ ਉਹ ਕੇਵਲ ਇਹ ਦ੍ਰਿਸ਼ ਹੀ ਦੇਖ ਰਿਹਾ ਹੁੰਦਾ ਹੈ ਭਾਵੇਂ ਉਹ ਸੰਸਾਰ ਵਿਚ ਹੋਵੇ ਭਾਵੇਂ ਕੁਦਰਤ ਵਿਚ ਭਾਵੇਂ ਸਮਾਜ ਦਾ ਹੋਵੇ।

ਇਛਾਵਾਂ ਦਾ ਮੁੱਢ ਪ੍ਰਾਰੰਭਕ ਜ਼ਰੂਰਤਾਂ ਜਿਵੇਂ ਭੁੱਖ, ਸੌਣਾ, ਲਿੰਗ ਵਾਸ਼ਨਾ, ਜਦੋਂ ਮਨੁੱਖ ਇਨ੍ਹਾਂ ਪ੍ਰਾਕ੍ਰਿਤਕ ਜ਼ਰੂਰਤਾਂ ਨੂੰ ਸੋਧ ਲੈਂਦਾ ਹੈ, ਇਛਾਵਾਂ ਆਪਣਾ ਬਲ ਉਸ ਮਨੁੱਖ ਉਤੇ ਛੱਡ ਦਿੰਦੀਆਂ ਹਨ, ਫੇਰ ਇਛਾਵਾਂ ਉਸ ਦੀਆਂ ਦਾਸੀਆਂ ਬਣ ਜਾਂਦੀਆਂ ਹਨ, ਉਸ ਦੀਆਂ ਮਾਲਕ ਨਹੀਂ ਰਹਿੰਦੀਆਂ। ਬਹੁਤ ਸਾਰੇ ਨਵੇਂ-ਨਵੇਂ ਸ਼ਿਸ਼ ਇਹ ਸੋਚਦੇ ਹਨ ਕਿ ਸੰਸਾਰਕ ਪਦਾਰਥ ਤਿਆਗ ਦੇਣੇ ਚਾਹੀਦੇ ਹਨ, ਛੱਡ ਦੇਣੇ ਚਾਹੀਦੇ ਹਨ ਪਰ ਇਥੇ ਭਾਵ ਕੁਝ ਹੋਰ ਹੈ। ਸੰਸਾਰਕ ਪਦਾਰਥ ਦਾ ਭਾਵ ਤਿਆਗ ਤੋਂ ਨਹੀਂ, ਇਛਾਵਾਂ ਤੋਂ ਹੈ। ਇਹ ਇਛਾਵਾਂ ਬੰਧਨ ਰੂਪ ਹਨ ਅਤੇ ਮਨ ਨੂੰ ਬਾਰ-ਬਾਰ ਉਧਰ ਖਿਚਦੀਆਂ ਹਨ।

ਇਹ ਇਛਾਵਾਂ ਦਾ ਖਿਲਵਾੜ ਕੇਵਲ ਜਾਗਦੀ ਅਤੇ ਸੁਪਨਿਆਂ ਦੀ ਹਾਲਤ ਵਿਚ ਹੀ ਹੁੰਦਾ ਹੈ, ਇਛਾਵਾਂ ਵੀ ਨੀਂਦ ਦੇ ਦੌਰਾਨ ਸੁੱਤੀਆਂ ਰਹਿੰਦੀਆਂ ਹਨ ਪਰ ਸਾਨੂੰ ਪਤਾ ਨਹੀਂ ਹੁੰਦਾ। ਜਦੋਂ ਤੁਸੀਂ ਸਮਾਧੀ ਵਿਚ ਹੁੰਦੇ ਹੋ, ਤਾਂ ਤੁਸੀਂ ਜਾਗਣ ਦੀ, ਸੁਪਨਿਆਂ ਦੀ, ਨੀਂਦ ਦੀ ਸਥਿਤੀ ਤੋਂ ਬਹੁਤ ਉਚੇ ਹੁੰਦੇ ਹੋ, ਤੁਸੀਂ ਪੂਰੀ ਤਰ੍ਹਾਂ ਸੁਚੇਤ ਹੁੰਦੇ ਹੋ, ਜਿਸ ਵਿਚ ਇਛਾਵਾਂ ਪੂਰੀ ਤਰ੍ਹਾਂ ਨਾਲ ਗੈਰਹਾਜ਼ਰ ਹੁੰਦੀਆਂ ਹਨ। ਸਮਾਧੀ ਦੀ ਚੇਤਨਤਾ, ਸਾਡੇ ਜਾਗਣ ਦੀ ਚੇਤਨਤਾ ਤੋਂ ਬਹੁਤ ਫਰਕ ਹੈ, ਜਾਗਦੀ ਚੇਤਨਾ ਸੰਪੂਰਨ ਚੇਤਨਾ ਦੀ ਕੇਵਲ ਇਕ ਚੌਥਾਈ ਹੈ। ਸਮਾਧੀ ਦੀ ਚੇਤਨਾ ਤਾਂ ਅਨੰਤ ਹੈ, ਸਮਾਂ, ਸਥਾਨ ਸਭ ਤੋਂ ਉਚੇ ਸਭ ਤੋਂ ਪਰ੍ਹੇ ਗਿਆਨ ਦੀ ਸਥਾਈ ਸੀਮਾ ਹੈ। ਹੇਠਾਂ ਦੀਆਂ ਤਿੰਨ ਦਸ਼ਾ, ਜਾਗਦੀ, ਸੁਪਨਿਆਂ ਦੀ ਅਤੇ ਸੌਣ ਦੀ ਇਹ ਤਾਂ ਸਾਰਿਆਂ ਦੀਆਂ ਸਾਂਝੀਆਂ ਹਨ। ਚੌਥੀ ਉਪਰਲੀ ਦਸ਼ਾ ਸ਼ਾਂਤੀ ਦੀ ਸਥਿਤੀ ਕੇਵਲ ਸੱਚਾ ਜਗਿਆਸੂ ਹੀ ਪ੍ਰਾਪਤ ਕਰ ਸਕਦਾ ਹੈ।

58. ਕੱਛੂ ਆਪਣੇ ਅੰਗਾਂ ਨੂੰ ਜਿਵੇਂ ਸਮੇਟ ਲੈਂਦਾ ਹੈ, ਏਵੇਂ ਹੀ ਇਹ ਪੁਰਸ਼ ਜਦੋਂ ਸਾਰਿਆਂ ਪਾਸਿਆਂ ਤੋਂ ਆਪਣੀਆਂ ਇੰਦ੍ਰੀਆਂ ਨੂੰ ਇਹਨਾਂ ਦੇ ਵਿਸ਼ਿਆਂ ਤੋਂ ਸਮੇਟ ਲੈਂਦਾ ਹੈ ਤਦੋਂ ਉਸਦੀ ਬੁੱਧੀ ਸਥਿਰ ਹੁੰਦੀ ਹੈ।

ਜਦੋਂ ਤੁਸੀਂ ਇਛਾਵਾਂ ਛੱਡ ਦਿਓ ਤਾਂ ਸੁਚੇਤਨਤਾ ਦੀ ਇਕ ਨਵੀਂ ਸੀਮਾ ਦਿਸਣ ਲਗ ਪੈਂਦੀ ਹੈ ਪਰ ਜਿਹੜੇ ਇਛਾਵਾਂ ਦੇ ਵਸ ਹੋ ਕੇ ਬੱਝੇ

ਰਹਿੰਦੇ ਹਨ ਉਹ ਉਚੀਆਂ ਉਡਾਰੀਆਂ ਤੋਂ ਵਾਂਝੇ ਰਹਿ ਜਾਂਦੇ ਹਨ, ਇਛਾਵਾਂ ਦੀ ਪੂਰਤੀ ਹੋਰ ਇਛਾਵਾਂ ਨੂੰ ਜਨਮ ਦਿੰਦੀ ਹੈ, ਇਹ ਇਕ ਉਹ ਚੱਕਰ ਹੈ ਜਿਹੜਾ ਕਦੀ ਖਤਮ ਨਹੀਂ ਹੋ ਸਕਦਾ, ਜਦੋਂ ਇਛਾਵਾਂ ਤਿਆਗ ਦੇਵੋ, ਤੁਸੀਂ ਉਚੇ ਉਠ ਜਾਂਦੇ ਹੋ, ਅਗਲੀ ਪਉੜੀ ਚੜ੍ਹ ਜਾਂਦੇ ਹੋ, ਇਹ ਇਕ ਮਾਨਸਿਕ ਅਸੂਲ ਹੈ ਜੋ ਤੁਹਾਡੇ ਕੋਲ ਹੈ ਜੇ ਤੁਸੀਂ ਉਹ ਛੱਡ ਦਿਓ, ਤੁਹਾਨੂੰ ਕੁਛ ਨਵਾਂ ਮਿਲ ਜਾਏਗਾ, ਇਹ ਅਸੂਲ ਜੀਵਨ ਆਧਾਰ ਹੈ ਜੇ ਅਸੀਂ ਸਾਹ ਲੈਂਦੇ ਕਾਰਬਨ ਡਾਇਆਕਸਾਈਡ (carbon dioxide) ਨਾ ਛੱਡੀਏ ਤਾਂ ਕਿਸ ਤਰ੍ਹਾਂ ਅਸੀਂ ਜੀ ਸਕਦੇ ਹਾਂ, ਆਕਸੀਜਨ ਅੰਦਰ ਲੈਣ ਲਈ ਕਾਰਬਨ ਡਾਇਆਕਸਾਈਡ ਛੱਡਣੀ ਹੀ ਪਵੇਗੀ, ਜੀਉਣ ਲਈ, ਪਹਿਲਾ ਦੇਓ, ਛੱਡੋ ਫੇਰ ਹੀ ਮਿਲੇਗਾ। ਇਹ ਇਕ ਐਸਾ ਅਸੂਲ ਹੈ ਜਿਹੜਾ ਅੰਤ ਤਕ ਤੁਹਾਡੀ ਸਹਾਇਤਾ ਕਰਦਾ ਹੈ ਸ਼ਿਸ਼ ਸਦਾ ਦੇਣ ਤੋਂ, ਛੱਡਣ ਤੋਂ ਡਰਦਾ ਹੀ ਰਹਿੰਦਾ ਹੈ ਉਹ ਸਾਰੀਆਂ ਚੀਜ਼ਾਂ ਨਾਲ ਲਿਪਤ ਹੀ ਰਹਿੰਦਾ ਹੈ, ਸਮਝਦਾ ਹੈ ਇਹ ਸਭ ਕੁਝ ਮੇਰਾ ਹੀ ਹੈ, ਲੋਭ 'ਆਤਮ ਮਾਰਗ' ਦਾ ਇਕ ਬਹੁਤ ਵੱਡਾ ਰੋੜਾ ਹੈ, ਦੇਣ ਦਾ ਛੱਡਣ ਦਾ ਸਾਹਸ ਹੋਣਾ ਆਵਸ਼ਕ ਹੈ, ਤਾਂ ਹੀ ਸੋਹਣੀ, ਅਸੀਮ ਪ੍ਰਾਪਤੀ ਹੋ ਸਕਦੀ ਹੈ।

ਸਭ ਤੋਂ ਪਹਿਲੀ ਤਿਆਗਣ ਦੀ ਚੀਜ਼ ਹੈ ਮੋਹ, ਇੰਦ੍ਰੀਆਂ ਦੇ ਅਧਿਆਸ ਦਾ ਮੋਹ, ਮਨ ਨੂੰ ਇੰਦ੍ਰੀਆਂ ਤੋਂ ਮੁਕਤ ਕਰਨਾ ਇਕ ਸਭ ਤੋਂ ਪਹਿਲਾ ਉਦੇਸ਼ ਹੈ ਸਾਧਨ ਕਰਨ ਲਈ, ਪਰ ਕਿਸੇ ਵੀ ਕਿਤਾਬ ਵਿਚ ਇਨ੍ਹਾਂ ਨੂੰ ਵਸ ਕਰਨ ਬਾਰੇ ਨਹੀਂ ਲਿਖਿਆ ਹੋਇਆ। ਵਿਦਿਆਰਥੀ ਸੋਚਦਾ ਹੈ ਕਿ ਉਹ ਸੁਸਤ ਹੋ ਜਾਵੇਗਾ। ਪਰ ਇਹ ਗਲਤ ਹੈ, ਇੰਦ੍ਰੀਆਂ ਉਤੇ ਕਾਬੂ ਪਾਉਣਾ ਇਕ ਕਲਾ ਹੈ ਉਨ੍ਹਾਂ ਦੇ ਸੰਚਾਲਕ ਬਣਨਾ ਇਕ ਸੂਝ ਦਾ ਕੰਮ ਹੈ, ਇੰਦ੍ਰੀਆਂ ਦਾ ਕੰਮ ਕੇਵਲ ਬਾਹਰੀ ਸੰਸਾਰ ਨੂੰ ਜਾਨਣ ਦਾ ਹੈ, ਇਹ ਬਹੁਤ ਅਸ਼ਾਂਤੀ ਪੈਦਾ ਕਰਦੀਆਂ ਹਨ, ਇਨ੍ਹਾਂ ਦਾ ਸੁਭਾਅ ਹੈ ਇਕ ਤੋਂ ਦੂਜੀ ਚੀਜ਼ ਤੇ ਦੂਸਰੀ ਤੋਂ ਤੀਸਰੀ ਦੇ ਉਤੇ ਛੜੱਪੇ ਮਾਰਨਾ, ਬਾਹਰੀ ਸੁਹਾਵਣੇ ਦ੍ਰਿਸ਼ ਦੇਖ ਕੇ ਲੁਭਾਇਮਾਨ ਹੋ ਜਾਣਾ। ਮਨ ਇਹੋ ਜਿਹੀਆਂ ਚੀਜ਼ਾਂ ਨਾਲ ਅਸ਼ਾਂਤ ਹੋ ਜਾਂਦਾ ਹੈ। ਮਨ ਦੀ ਸ਼ਕਤੀ ਖੇਰੂੰ-ਖੇਰੂੰ ਹੋ ਜਾਂਦੀ ਹੈ, ਮਨ ਠੀਕ ਕੰਮ ਨਹੀਂ ਕਰ ਸਕਦਾ, ਦਿਸਦੀਆਂ ਚੀਜ਼ਾਂ ਅਸ਼ਾਂਤੀ ਦਿੰਦੀਆਂ ਹਨ, ਰੁਕਾਵਟ ਪੈਦਾ ਕਰਦੀਆਂ ਹਨ, ਇਹ ਸਾਧਕ ਲਈ ਦੀਵਾਰ ਬਣ ਕੇ ਖੜ੍ਹੀਆਂ ਹੋ ਜਾਂਦੀਆਂ ਹਨ, ਉਸ ਨੂੰ ਉਚੀ ਉਡਾਰੀ ਨਹੀਂ ਮਾਰਨ ਦਿੰਦੀਆਂ। ਇਨ੍ਹਾਂ ਕਾਰਨਾਂ ਕਰਕੇ ਇੰਦ੍ਰੀਆਂ ਨੂੰ ਸੰਸਾਰ ਤੋਂ ਸਮੇਟਣਾ ਬੜਾ ਜ਼ਰੂਰੀ ਹੈ ਜਾਂ ਸੰਸਾਰ ਤੋਂ ਪਰ੍ਹੇ ਹਟਣਾ ਹੈ, ਇਹ ਤਾਂ ਕੇਵਲ ਇਹ ਸਿਖਣਾ ਹੈ ਕਿ ਸ਼ਕਤੀ ਕਿਸ ਤਰ੍ਹਾਂ ਸਮੇਟਣੀ ਹੈ, ਇੰਦ੍ਰੀਆਂ ਦਾ ਸਮੇਟਣਾ ਸਾਧਨਾ ਕਰਨ ਲਈ ਅਤੀ ਅਵਸ਼ਕ ਹੈ।

ਸਾਡੇ ਗਿਆਨ ਇੰਦ੍ਰਿਆਂ ਵਿਚ ਬਹੁਤ ਖਰਾਬੀ ਹੈ। ਕਿਉਂ ਅਸੀਂ ਇਕ ਖਾਸ ਤਰ੍ਹਾਂ ਦੇਖਣ ਦੇ ਆਦੀ ਹੋ ਚੁੱਕੇ ਹਾਂ, ਅਸਲੀ ਰੂਪ ਵਿਚ ਦੇਖਣ ਦੀ ਸਾਡੀ ਸਮਰੱਥਾ ਹੀ ਨਹੀਂ। ਅਸੀਂ ਤਾਂ ਅਧੂਰੇ ਹੀ ਦੇਖ ਸਕਦੇ ਹਾਂ, ਉਹ ਅਧੂਰਾ ਦ੍ਰਿਸ਼ ਬਹੁਤ ਲੁਭਾਇਮਾਨ ਹੈ, ਮੋਹਣਾ ਹੈ, ਪਰ ਉਹ ਮਨ ਨੂੰ ਖੇਰੂੰ-

ਖੇਰੂੰ ਕਰਨ ਵਾਲਾ ਹੈ। ਗਿਆਨ ਇੰਦ੍ਰੀਆਂ ਦਾ ਰਸ ਛਿਨ-ਭੰਗਰ ਦਾ ਹੈ ਸਦਾ ਰਹਿਣ ਵਾਲਾ ਨਹੀਂ। ਇਨ੍ਹਾਂ ਰਾਹੀਂ ਅਸੀਂ ਸੀਮਤ ਹੀ ਜਾਣ ਸਕਦੇ ਹਾਂ।

ਸਾਡੇ ਰਸਤੇ ਉਤੇ ਤਿੰਨ ਵੱਡੀਆਂ ਔਕੜਾਂ ਆਉਂਦੀਆਂ ਹਨ ਜਦੋਂ ਅਸੀਂ ਸੰਸਾਰ ਨੂੰ ਸੰਪੂਰਨ ਰੂਪ ਵਿਚ ਜਾਨਣਾ ਚਾਹੁੰਦੇ ਹਾਂ - 1. ਮਨ ਧੁੰਧਲਾਇਆ ਰਹਿੰਦਾ ਹੈ 2. ਧੁੰਧਲੇ ਮਨ ਦੀਆਂ ਅਸਮਰਥ ਗਿਆਨ ਇੰਦ੍ਰੀਆਂ ਸੰਸਾਰ ਵਿਚ ਵਿਚਰ ਰਹੇ ਨੂੰ ਨਹੀਂ ਦੇਖ ਸਕਦੀਆਂ 3. ਸੰਸਾਰ ਦੇ ਪਦਾਰਥ ਸਦਾ ਹੀ ਬਦਲਦੇ ਰਹਿੰਦੇ ਹਨ। ਇਨ੍ਹਾਂ ਤਿੰਨਾਂ ਸਮੱਸਿਆਵਾਂ ਦੇ ਕਾਰਨ ਸੰਸੇ ਪਏ ਰਹਿੰਦੇ ਹਨ, ਮਨ ਛਲ ਕਪਟ ਵਿਚ ਪਿਆ ਰਹਿੰਦਾ ਹੈ ਅਤੇ ਸੰਸਾਰ ਅਗਿਆਨਤਾ ਵਿਚ ਹੀ ਪਿਆ ਰਹਿੰਦਾ ਹੈ। ਇਹ ਮਨ ਅਤੇ ਦਿਮਾਗ ਦੀ ਵੱਡੀ ਇੱਛਾ ਰਹਿੰਦੀ ਹੈ ਕਿ ਅਸਲ ਨੂੰ ਜਾਣਿਆ ਜਾਵੇ ਅਤੇ ਭੁਲੇਖੇ ਦੂਰ ਕੀਤੇ ਜਾਣ ਪਰ ਮਨ ਨੂੰ ਇਹ ਪਤਾ ਨਹੀਂ ਹੁੰਦਾ ਇਹ ਕਿਵੇਂ ਕੀਤਾ ਜਾਵੇ, ਭਾਵੇਂ ਅਸੀਂ ਗਿਆਨ ਇੰਦ੍ਰੀਆਂ ਨੂੰ ਕਿੰਨਾ ਹੀ ਕਿਉਂ ਨਾ ਸਿਖਾ ਲਈਏ ਇਹ ਸਿਖਣ ਦੇ ਸਮਰੱਥ ਹੀ ਨਹੀਂ ਕਿਉਂਕਿ ਅੰਦਰ ਚਾਹ ਹੈ, ਇੱਛਾ ਹੈ ਜਾਨਣ ਦੀ। ਮਨ ਹੋਰ-ਹੋਰ ਰਸਤੇ ਲਭਦਾ ਹੈ, ਉਹ ਲੱਭਣ ਦੀ ਕੋਸ਼ਿਸ਼ ਕਰਦਾ ਹੈ ਕਿ ਉਸ ਨੂੰ ਗਿਆਨ ਇੰਦ੍ਰੀਆਂ ਉਤੇ ਭਰੋਸਾ ਨਾ ਕਰਨਾ ਪਵੇ। ਕੇਵਲ ਚਿੰਤਨ ਸ਼ਕਤੀ ਨਾਲ ਹੀ ਸੰਸਾਰ ਦੇ ਪਸਾਰੇ ਨੂੰ ਜਾਣਿਆ ਜਾ ਸਕਦਾ ਹੈ, ਗਿਆਨ ਇੰਦ੍ਰੀਆਂ ਗੁਝੇ ਭੇਦ ਜਾਨਣ ਦੇ ਅਸਮਰਥ ਹਨ, ਭਾਵੇਂ ਕਿੰਨੇ ਡੂੰਘੇ ਜਾਣ ਦੀ ਕੋਸ਼ਿਸ਼ ਕਿਉਂ ਨਾ ਕਰੀਏ ਪਰ ਕੁਦਰਤ ਨੂੰ ਗਿਆਨ ਇੰਦ੍ਰੀਆਂ ਰਾਹੀਂ ਨਹੀਂ ਜਾਣਿਆ ਜਾ ਸਕਦਾ।

ਮਨ ਨੂੰ ਜਾਨਣ ਦਾ ਲੜੀਵਾਰ ਤਰੀਕਾ ਹੈ ਜਿਹੜਾ ਮਨ ਨੂੰ ਪਵਿੱਤਰ ਕਰਕੇ ਨਿਰਮਲ ਕਰਦਾ ਹੈ, ਫੇਰ ਉਸ ਨੂੰ ਅਸੀਂ ਕੇਂਦਰਤ ਕਰ ਸਕਦੇ ਹਾਂ, ਚਾਹੀਏ ਤਾਂ ਸਥੂਲ ਤੇ ਚਾਹੀਏ ਤਾਂ ਸੂਖਸ਼ਮ ਤੇ ਛੋਟੀ ਤੋਂ ਛੋਟੀ ਚੀਜ਼ ਅਤੇ ਵੱਡੀ ਤੋਂ ਵੱਡੀ ਚੀਜ਼ ਤੇ ਮਨ ਨੂੰ ਇੰਦ੍ਰੀਆਂ ਤੋਂ ਸਮੇਟਿਆ ਜਾ ਸਕਦਾ ਹੈ। ਜਦੋਂ ਇਸ ਤਰ੍ਹਾਂ ਮਨ ਨੂੰ ਕਾਬੂ ਕੀਤਾ ਜਾਵੇ ਉਸ ਵਿਚ ਇਕਸਾਰਤਾ ਅਤੇ ਇਕਸੁਰਤਾ ਆ ਜਾਂਦੀ ਹੈ ਜੇ ਉਸ ਇਕਸੁਰਤਾ ਅਤੇ ਇਕਸਾਰਤਾ ਨੂੰ ਅੰਤਰਮੁਖੀ ਕਰ ਲਿਆ ਜਾਵੇ ਤਾਂ ਇਹ ਆਪਾ ਚੀਨਣਾ ਲਈ ਬਹੁਤ ਹੀ ਲਾਭਦਾਇਕ, ਸਿੱਧ ਹੋ ਸਕਦਾ ਹੈ। ਮਨੁੱਖ ਬ੍ਰਹਿਮੰਡ ਦਾ ਇਕ ਛੋਟਾ ਅਕਾਰ ਹੈ, ਆਪਾ ਚੀਨਣ ਨਾਲ ਸਾਰੇ ਬ੍ਰਹਿਮੰਡ ਦਾ ਪਤਾ ਲਗ ਜਾਂਦਾ ਹੈ। ਗਿਆਨ ਇੰਦ੍ਰੀਆਂ ਸਾਨੂੰ ਬਾਹਰ ਵਲ ਧਕਦੀਆਂ ਹਨ, ਜਿਹੜਾ ਤਰੀਕਾ ਅਸੀਂ ਦਸ ਰਹੇ ਹਾਂ ਉਹ ਆਪਾ ਚੀਨਣ ਲਈ, ਆਪਣੇ ਆਪ ਨੂੰ ਸੋਧਣ ਲਈ ਹੀ ਨਹੀਂ ਲਾਭਦਾਇਕ ਇਸ ਨਾਲ ਤੁਸੀਂ ਸੰਸਾਰਕ ਪਦਾਰਥ ਵੀ ਦੇਖ ਸਕਦੇ ਹੋ, ਬੁੱਝ ਸਕਦੇ ਹੋ, ਸਿੱਧ ਕਰ ਸਕਦੇ ਹੋ, ਨਾਲ ਹੀ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਸੰਸਾਰਕ ਪਦਾਰਥ ਵਿਅਰਥ ਹਨ, ਇਨ੍ਹਾਂ ਵਿਚ ਉਲਝਣਾਂ ਮੋਹੇ ਜਾਣਾ ਬੇਅਰਥ ਹੈ।

ਇਕਾਗਰ ਕੀਤਾ ਮਨ ਗਿਆਨ ਇੰਦ੍ਰੀਆਂ ਦੀ ਵਰਤੋਂ ਤੋਂ ਬਿਨਾਂ ਜਾਨਣ

ਦੀ ਸਮਰਥਾ ਰਖਦਾ ਹੈ, ਅੰਦਰ ਮਨ ਨੂੰ ਦਿਮਾਗ ਦੀ ਸਹਾਇਤਾ ਦੀ ਵੀ ਲੋੜ ਨਹੀਂ। ਦਿਮਾਗ ਕੇਵਲ ਇਕ ਸ਼ਕਤੀ ਦਾ ਸਾਧਨ ਹੈ ਜਿਸ ਨੂੰ ਮਨ ਕਹਿੰਦੇ ਹਨ, ਇਹ ਚਾਨਣ ਮੁਨਾਰਾ ਹੈ ਚਾਨਣ ਨਹੀਂ। ਇਹ ਇਕ ਵਿਸਤ੍ਰਿਤ ਕੇਂਦਰ ਹੈ, ਸ਼ਕਤੀ ਨਹੀਂ। ਅੱਜ ਦੇ ਬਹੁਤ ਸਾਰੇ ਵਿਗਿਆਨੀ ਇਸ ਗੱਲ ਨੂੰ ਨਹੀਂ ਮੰਨਦੇ, ਉਹ ਤਾਂ ਅੱਜ ਇਹ ਜਾਣਦੇ ਹਨ ਕਿ ਕਿਵੇਂ ਵੱਡੇ ਯੰਤਰਾਂ ਨਾਲ, ਇੰਦ੍ਰੀਆਂ ਨਾਲ ਗਿਆਨ ਨੂੰ ਪ੍ਰਗਟਾਇਆ ਜਾ ਸਕਦਾ ਹੈ। ਜਦੋਂ ਇਹ ਯੰਤਰ ਮਨ ਦੀਆਂ ਕ੍ਰਿਆਵਾਂ ਜਾਨਣ ਲਈ ਵਰਤੇ ਜਾਂਦੇ ਹਨ ਉਹ ਕੰਮ ਨਹੀਂ ਕਰਦੇ, ਕਿਉਂ ਜੋ ਇਹ ਯੰਤਰ ਕੇਵਲ ਓਪਰੀ ਓਪਰੀ ਜਾਣਕਾਰੀ ਦੇ ਸਕਦੇ ਹਨ। ਜਿਹੜੇ ਇਹ ਤਰੀਕੇ ਵਰਤਦੇ ਹਨ ਉਹ ਦਸਦੇ ਹਨ ਕਿ ਦਿਮਾਗ ਮਨ ਹੈ, ਜੇ ਉਹ ਦਿਮਾਗ ਨੂੰ ਜਾਨਣ ਦਾ ਯੰਤਰ ਬਣਾ ਲੈਣ, ਉਹ ਮਨ ਨੂੰ ਵੀ ਸਮਝ ਲੈਣਗੇ। ਉਹ ਬਿਲਕੁਲ ਇਕ ਅੰਨ੍ਹੇ ਦੇ ਹੱਥ ਆਈ ਹੋਈ ਹਾਥੀ ਦੀ ਪੂਛ ਦੀ ਤਰ੍ਹਾਂ ਕਰ ਰਹੇ ਹਨ ਜਿਵੇਂ ਅੰਨਾ ਸਮਝਦਾ ਹੈ ਕਿ ਹਾਥੀ ਤਾਂ ਕੇਵਲ ਸੱਪ ਵਰਗਾ ਹੀ ਹੈ ਕਿਉਂਕਿ ਉਹ ਦੇਖ ਤਾਂ ਸਕਦਾ ਨਹੀਂ ਉਸ ਦੇ ਹੱਥ ਵਿਚ ਕੇਵਲ ਪੂਛ ਹੀ ਹੈ।

ਅੱਜ ਦੀ ਤਕਨੀਕ ਅਤੇ ਵਿਗਿਆਨਕ ਗਿਆਨ ਕੇਵਲ ਬਾਹਰੀ ਸੰਸਾਰ ਨੂੰ ਹੀ ਜਾਨਣ ਤਕ ਸੀਮਤ ਹੈ। ਪਰ ਇਕ ਹੋਰ ਵਿਗਿਆਨ ਹੈ ਜਿਹੜਾ ਤੁਹਾਨੂੰ ਅਣਜਾਣੇ ਬਾਰੇ ਦਸਦਾ ਹੈ। ਜੀਵਨ ਦੀਆਂ ਹੋਰ ਪੱਧਰਾਂ ਬਾਰੇ ਦਸਦਾ ਹੈ, ਸਾਂਖਯ ਫਿਲੋਸਫੀ ਨੇ ਯੋਗ ਵਿਗਿਆਨ ਨੂੰ ਜਨਮ ਦਿਤਾ ਹੈ। ਇਹ ਅੱਜ ਦੇ ਵਿਗਿਆਨ ਨਾਲੋਂ ਕਿਤੇ ਵੱਧ ਵਿਕਸਿਤ ਹੈ, ਨਿਯਮਬੱਧ ਹੈ, ਅੱਜ ਦੇ ਤਰੀਕੇ ਤਾਂ ਬਹੁਤ ਥੋੜ੍ਹਾ ਜਿਹਾ ਬਹੁਤ ਥੋੜ੍ਹੇ ਬਾਰੇ ਜਾਣ ਸਕਦੇ ਹਨ।

ਕਿਉਂਕਿ ਗਿਆਨ ਇੰਦ੍ਰੀਆਂ ਬੜੀਆਂ ਸੀਮਤ ਹਨ, ਬਹੁਤ ਥੋੜ੍ਹਾ ਜਾਨਣ ਦੇ ਸਮਰੱਥ ਹਨ। ਸੋ ਮਨੁੱਖ ਆਪਣੇ ਹੀ ਵਿਚਾਰ ਬਣਾ ਲੈਂਦਾ ਹੈ, ਜਿਹੜਾ ਕਿ ਸੰਸਾਰ ਦੀ ਬੜੀ ਟੇਢੀ-ਮੇਢੀ ਤਸਵੀਰ ਹੀ ਦਸਦਾ ਹੈ, ਮਨ ਤਾਂ ਧਾਰਨਾਵਾਂ ਦਾ ਭੰਡਾਰ ਹੈ ਅਤੇ ਇਨ੍ਹਾਂ ਦੇ ਭਰੋਸੇ ਮਨ ਆਪਣੀ ਫਿਲੋਸਫੀ ਘੜਦਾ ਹੈ ਜਿਹੜੀ ਨਾ ਤਾਂ ਭਰੋਸੇਯੋਗ ਹੈ, ਨਾ ਹੀ ਠੋਸ। ਸ੍ਵੈ ਛਲ ਤੋਂ ਬਚਣ ਲਈ ਸਾਧਕ ਨੂੰ ਆਪਣੇ ਆਪ ਉਤੇ ਕਾਬੂ ਦੀ ਮਹੱਤਤਾ ਪਤਾ ਹੋਣੀ ਚਾਹੀਦੀ ਹੈ, ਇੰਦ੍ਰੀਆਂ ਤੇ ਕਾਬੂ ਪਾਉਣ ਦਾ ਮਹੱਤਵ ਪਤਾ ਹੋਣਾ ਚਾਹੀਦਾ ਹੈ, ਫੇਰ ਉਸ ਨੂੰ ਮਨ ਇਕਾਗਰ ਤੇ ਕੇਂਦਰਤ ਕਰਨਾ ਚਾਹੀਦਾ ਹੈ ਅਤੇ ਅੰਤਰਮੁਖੀ ਹੋਣਾ ਚਾਹੀਦਾ ਹੈ, ਉਥੇ ਉਸ ਨੂੰ ਉਚਾ ਗਿਆਨ ਪ੍ਰਾਪਤ ਹੋਵੇਗਾ, ਜੋ ਨਿਰੋਲ ਬਿਨਾਂ ਕਿਸੇ ਦੂਸ਼ਿਤ ਤੋਂ ਉਪਰ ਹੋਵੇਗਾ।

ਯੋਗ ਦਰਸ਼ਨ ਅਤੇ ਮਨੋਵਿਗਿਆਨ ਅਨੁਸਾਰ ਮਨੁੱਖ ਆਤਮ ਮਾਰਗ, ਸ੍ਵੈ ਜਾਗਰਣ ਦੇ ਮਾਰਗ ਤੇ ਪੁੱਜਣ ਤੋਂ ਪਹਿਲਾਂ ਦੋ ਪੱਧਰਾਂ ਤੋਂ ਲੰਘਦਾ ਹੈ। ਪਹਿਲੀ ਪਉੜੀ ਨੂੰ ਸਵੈ ਮੁਲਾਂਕਣ ਕਿਹਾ ਜਾਂਦਾ ਹੈ ਇਸ ਵਿਚ

ਚੇਤਨਤਾ ਮੂਲ ਰੂਪ ਤੋਂ ਸੂਖਸ਼ਮ ਤਕ ਜਾਂਦੀ ਹੈ। ਅਸਪਸ਼ਟਤਾ ਤੋਂ ਚੇਤਨਤਾ ਤਕ ਅੰਤ ਵਿਚ ਮਨੁੱਖ ਪੂਰੀ ਤਰ੍ਹਾਂ ਬਾਹਰੀ ਸੰਸਾਰ ਨਾਲ ਜੁੜ ਜਾਂਦਾ ਹੈ। ਦੂਸਰੀ ਪਉੜੀ ਹੈ ਜਿਸ ਨੂੰ ਮਰਿਆਦਾ ਅਨੁਸਾਰ ਮੰਝਦਾਰ ਕਹਿ ਸਕਦੇ ਹਾਂ, ਇਸ ਵਿਚ ਤੁਸੀਂ ਦਿਸ਼ਾ ਬਦਲਦੇ ਹੋ, ਅੰਤਰ ਮੁਖੀ ਹੋ ਕੇ ਆਪਾ ਚੀਨਦੇ ਹੋ ਅਤੇ ਪੂਰਨ ਚੇਤਨਤਾ ਤਕ ਪਹੁੰਚਦੇ ਹੋ। ਇੰਦ੍ਰੀਆਂ ਉਤੇ ਕਾਬੂ ਬਹੁਤ ਆਵਸ਼ਕ ਅਤੇ ਪ੍ਰਾਰੰਭਿਕ ਹੈ ਅੰਤਰ ਮੁਖੀ ਹੋਣ ਲਈ, ਸਾਧਕ ਵਿਕਾਸ ਦੇ ਰਸਤੇ ਤੋਂ ਉਲਟ ਚਲਦਾ ਹੈ ਉਹ ਬਿਲਕੁਲ ਉਸ ਤਰ੍ਹਾਂ ਹੋ ਜਾਂਦਾ ਹੈ ਜਿਵੇਂ ਤੁਸੀਂ ਪਾਣੀ ਦੇ ਬਹਾਅ ਤੋਂ ਉਲਟ ਚਲ ਰਹੇ ਹੋਵੋਂ, ਇਸ ਵਾਸਤੇ ਤੁਹਾਨੂੰ ਪੂਰੀ ਤਰ੍ਹਾਂ ਤਿਆਰ ਹੋਣਾ ਪੈਂਦਾ ਹੈ ਕਿਉਂਕਿ ਇਸ ਵਿਚ ਤੁਹਾਡੇ ਸੰਸਕਾਰ ਅਤੇ ਅਨੁਭਵ ਤੁਹਾਨੂੰ ਖਿਚਦੇ ਹਨ, ਮਨ ਇਕਾਗਰ ਕਰਨ ਦਾ ਕੋਈ ਤਰੀਕਾ ਕੱਢਣਾ ਚਾਹੀਦਾ ਹੈ ਜਿਹੜਾ ਧਿਆਨ ਲਾਉਣ ਵਿਚ ਸਹਾਈ ਹੋਵੇ। ਅੰਤ ਵਿਚ ਚੇਤਨਤਾ ਦੇ ਸੋਮੇ ਤਕ ਪੁਜਣ ਵਿਚ ਸਹਾਇਕ ਹੋਵੇ। ਇੰਦ੍ਰੀਆਂ ਤੇ ਕਾਬੂ ਪਾਉਣਾ ਧਿਆਨ ਦੇ ਮਾਰਗ ਤੇ ਇਕ ਪਉੜੀ ਉਪਰ ਚੜ੍ਹਨਾ ਹੈ, ਇਸ ਤੋਂ ਬਿਨਾਂ ਅਣਜਾਣਿਆ ਜੀਵਨ ਕਦੀ ਜਾਣਿਆ ਨਹੀਂ ਜਾ ਸਕਦਾ। ਅੱਧਾ ਤਾਂ ਸਾਨੂੰ ਪਤਾ, ਹੈ ਪਰ ਜੋ ਸਾਨੂੰ ਨਹੀਂ ਪਤਾ, ਉਹ ਹੀ ਤੇਜਸਵੀ ਹੈ, ਸੰਪੂਰਨ ਹੈ।

59. ਭਾਵੇਂ ਇੰਦ੍ਰੀਆਂ ਦੁਆਰਾ ਵਿਸ਼ਿਆਂ ਨੂੰ ਨ ਗ੍ਰਹਿਣ ਕਰਨ ਵਾਲੇ ਪੁਰਸ਼ ਦੇ ਵਿਸ਼ੇ ਤਾਂ ਨਵਿਰਤ ਹੋ ਜਾਂਦੇ ਹਨ ਪਰ ਰਾਗ (ਪਕੜ) ਨਹੀਂ ਨਵਿਰਤ ਹੁੰਦਾ ਅਤੇ ਇਸ ਪੁਰਸ਼ ਦਾ ਤਾਂ ਰਾਗ ਭੀ ਪਰਮਾਤਮਾ ਨੂੰ ਸਾਖਸ਼ਾਤ ਕਰਕੇ ਨਵਿਰਤ ਹੋ ਜਾਂਦਾ ਹੈ।

60. ਅਤੇ ਹੇ ਅਰਜਨ! ਗਿਆਨੀ ਭਾਵੇਂ ਯਤਨ ਕਰਦਾ ਰਹਿੰਦਾ ਹੈ, ਪਰ ਜੋਸ਼ੀਲੀਆਂ ਇੰਦ੍ਰੀਆਂ ਉਸ ਦੇ ਮਨ ਨੂੰ ਵੀ ਖਿੱਚ ਲੈਂਦੀਆਂ ਹਨ।

61. ਇਸ ਕਰਕੇ ਇੰਦ੍ਰੀਆਂ ਨੂੰ ਕਾਬੂ ਕਰਕੇ, ਇਕ ਚਿੱਤ ਹੋ ਕੇ, ਮੇਰਾ ਧਿਆਨ ਕਰ! ਕਿਉਂਕਿ ਇੰਦ੍ਰੀਆਂ ਕਾਬੂ ਕਰਕੇ ਹੀ ਬੁੱਧੀ ਸਥਿਰ ਹੁੰਦੀ ਹੈ।

ਇੰਦ੍ਰੀਆਂ ਦਾ ਸੁਭਾਅ ਹੈ ਬਾਹਰ ਜਾਣਾ, ਸੰਸਾਰ ਵਿਚ ਖਿਚੇ ਰਹਿਣਾ, ਇੰਦ੍ਰੀਆਂ ਵਿਚ ਬਹੁਤ ਸ਼ਕਤੀ ਹੁੰਦੀ ਹੈ, ਇਹ ਕੇਵਲ ਉਹ ਹੀ ਜਾਣਦੇ ਹਨ ਜਿਹੜੇ ਇੰਦ੍ਰੀਆਂ ਨੂੰ ਕਾਬੂ ਕਰਦੇ ਹਨ। ਇੰਦ੍ਰੀਆਂ ਨੂੰ ਕਾਬੂ ਕਰਨ ਲਈ ਕੋਈ ਥੋੜ੍ਹੀ ਬਹੁਤ ਕੋਸ਼ਿਸ਼ ਦੀ ਲੋੜ ਨਹੀਂ। ਜਗਿਆਸੂ ਕਈ ਵਾਰੀ ਸੋਚਦਾ ਹੈ, ਕਿਸੇ ਵਸਤੂ ਤੋਂ ਦੂਰ ਰਹਿਣਾ, ਉਸ ਨੂੰ ਨਾ ਮਾਨਣਾ, ਇਸ ਕਰਕੇ ਇੰਦ੍ਰੀਆਂ ਉਤੇ ਕਾਬੂ ਕੀਤਾ ਜਾ ਸਕਦਾ ਹੈ, ਪਰ ਇਹ ਸੱਚ ਨਹੀਂ ਹੈ। ਪ੍ਰਸ਼ਾਦਾ ਛਕਣਾ ਵੀ ਇੰਦ੍ਰੀਆਂ ਦਾ ਅਨੁਭਵ ਹੈ, ਜੇ ਕੁਛ ਦੇਰ ਭੁੱਖੇ ਰਹੋ ਤਾਂ ਖਾਣ ਦੀ ਇੱਛਾ ਹੋਰ ਵੀ ਪ੍ਰਬਲ ਹੋ ਜਾਂਦੀ ਹੈ, ਮਨ ਹਰ ਤਰ੍ਹਾਂ

ਦੇ ਭੋਜਨ ਦੀ ਕਲਪਣਾ ਕਰਨ ਲਗ ਪੈਂਦਾ ਹੈ। ਇੰਦ੍ਰੀਆਂ ਨੂੰ ਵਾਂਝੇ ਰਖਣ ਨਾਲ ਉਨ੍ਹਾਂ ਦੀ ਲਾਲਸਾ ਵਧਦੀ ਹੀ ਹੈ, ਵਰਤ ਰੱਖ ਕੇ ਖਾਣ ਦੀ ਲਾਲਸਾ, ਵਾਸ਼ਨਾ ਵਧਦੀ ਹੀ ਹੈ ਜਦੋਂ ਜਗਿਆਸੂ ਨੂੰ ਆਤਮ ਗਿਆਨ ਹੋ ਜਾਂਦਾ ਹੈ ਉਥੇ ਅਨੰਦ ਮਾਣਦਾ ਹੈ ਤਾਂ ਹੀ ਉਹ ਵਾਸ਼ਨਾ ਤੋਂ ਛੁਟਕਾਰਾ ਪਾ ਸਕਦਾ ਹੈ। ਜਗਿਆਸੂ ਨੂੰ ਆਤਮ ਗਿਆਨ ਉਦੋਂ ਤਕ ਨਹੀਂ ਹੋ ਸਕਦਾ ਜਦੋਂ ਤਕ ਮਨ ਲੋਭ ਮੋਹ ਵਿਚ ਲਿਪਤ ਹੈ।

ਜੇ ਮਨੁੱਖ ਇੰਦ੍ਰੀਆਂ ਦੇ ਸੁਭਾਅ ਦੇ ਮਗਰ ਲੱਗਿਆ ਰਹੇ, ਇਹ ਸਮਝਣ ਦੀ ਕੋਸ਼ਿਸ਼ ਨਾ ਕਰੇ ਕਿ ਇੰਦ੍ਰੀਆਂ ਦਾ ਸੁਭਾਅ ਤਾਂ ਮਨ ਨੂੰ ਖਿਚਣਾ ਹੀ ਹੈ ਉਦੋਂ ਤਕ ਮਨ ਦੀਆਂ ਸ਼ਕਤੀਆਂ ਖਿੰਡਦੀਆਂ ਹੀ ਰਹਿਣਗੀਆਂ, ਸਾਧਕ ਨੂੰ ਹਰ ਸਮੇਂ ਜਤਨ ਕਰਨਾ ਚਾਹੀਦਾ ਹੈ, ਲਗਾਤਾਰ ਅਭਿਆਸ ਕਰਨਾ ਚਾਹੀਦਾ ਹੈ। ਪਾਤੰਜਲ ਜਿਨ੍ਹਾਂ ਨੇ ਯੋਗ ਨੂੰ ਨਿਯਮ ਬੱਧ ਕੀਤਾ, ਉਹ ਆਪਣੇ ਯੋਗ ਸੂਤਰ 1:14 ਵਿਚ ਦਸਦੇ ਹਨ ਕਿ ਸਾਧਕ ਨੂੰ ਨਿਰੰਤਰ ਅਭਿਆਸ ਕਰਨਾ ਚਾਹੀਦਾ ਹੈ, ਪੂਰਾ ਜਨਮ ਲਗਾਉਣਾ ਚਾਹੀਦਾ ਹੈ, ਲੰਬੇ ਸਮੇਂ ਤਕ ਅਭਿਆਸ ਕਰਦੇ ਰਹਿਣਾ ਚਾਹੀਦਾ ਹੈ, ਪੂਰੇ ਭਰੋਸੇ ਨਾਲ ਕਰਨਾ ਚਾਹੀਦਾ ਹੈ, ਨਹੀਂ ਤਾਂ ਸਾਧਨਾ ਦਾ ਕੋਈ ਫਲ ਨਹੀਂ ਹੋਵੇਗਾ, ਸਥਿਰਤਾ ਉਦੋਂ ਹੀ ਆਉਂਦੀ ਹੈ ਜਦੋਂ ਇੰਦ੍ਰੀਆਂ ਉਤੇ ਪੂਰਾ ਕਾਬੂ ਪਾ ਲਿਆ ਜਾਵੇ।

62. ਵਿਸ਼ਿਆਂ ਦੀ ਸਿਮ੍ਰਤੀ ਅਤੇ ਚਿੰਤਨ ਤੋਂ ਵਿਸ਼ਿਆਂ ਨਾਲ ਮੋਹ ਪੈਂਦਾ ਹੈ ਮੋਹ ਤੋਂ ਕਾਮਨਾ, ਇੱਛਾ ਪੈਦਾ ਹੁੰਦੀ ਹੈ ਅਤੇ ਇੱਛਾ ਤੋਂ ਕ੍ਰੋਧ ਉਤਪੰਨ ਹੁੰਦਾ ਹੈ।

63. ਕ੍ਰੋਧ ਤੋਂ ਭਰਮ ਪੈਦਾ ਹੁੰਦਾ ਹੈ, ਭਰਮ ਤੋਂ ਘਬਰਾਹਟ, ਘਬਰਾਹਟ ਤੋਂ ਯਾਦ ਸ਼ਕਤੀ ਦਾ ਘਟਨਾ ਅਤੇ ਹੁਸ਼ਿਆਰੀ ਜਾਂਦੀ ਰਹਿੰਦੀ ਹੈ, ਯਾਦ ਸ਼ਕਤੀ ਘਟਣ ਨਾਲ ਹੁਸ਼ਿਆਰੀ ਘਟਣ ਨਾਲ, ਵਿਵੇਕ ਜਾਂਦਾ ਰਹਿੰਦਾ ਹੈ, ਵਿਵੇਕਮਈ ਬੁੱਧੀ ਦੇ ਨਾਸ਼ ਨਾਲ ਮਨੁੱਖ ਖਤਮ ਹੋ ਜਾਂਦਾ ਹੈ।

ਜਿਹੜਾ ਮਨੁੱਖ ਹਰ ਵੇਲੇ ਵਾਸ਼ਨਾਵਾਂ ਦੀ ਤ੍ਰਿਪਤੀ ਹੀ ਸੋਚਦਾ ਰਹੇਗਾ, ਉਸ ਵਿਚ ਆਉਣ ਵਾਲੇ ਬਾਧਿਆਂ (ਰੁਕਾਵਟਾਂ) ਬਾਰੇ ਸੋਚਦਾ ਰਹੇਗਾ, ਉਹ ਛੇਤੀ ਹੀ ਢਹਿੰਦੀ ਕਲਾ ਵਿਚ ਚਲਾ ਜਾਵੇਗਾ, ਢਹਿੰਦੀ ਕਲਾ ਕ੍ਰੋਧ ਉਤਪੰਨ ਕਰਦੀ ਹੈ, ਅਪੂਰਤ ਇਛਾਵਾਂ ਅਤੇ ਤ੍ਰਿਪਤ ਰਹਿਤ ਵਾਸ਼ਨਾਵਾਂ ਕ੍ਰੋਧ ਉਤਪੰਨ ਕਰਦੀਆਂ ਹਨ। ਕ੍ਰੋਧ ਵਿਚ ਵਿਵੇਕ ਅਤੇ ਬੁੱਧੀ ਦੋਨਾਂ ਦੀ ਵਰਤੋਂ ਮਨੁੱਖ ਭੁੱਲ ਜਾਂਦਾ ਹੈ, ਉਸ ਨਾਲ ਚਿੰਤਨ ਸ਼ਕਤੀ ਵੀ ਜਾਂਦੀ ਰਹਿੰਦੀ ਹੈ ਅਤੇ ਮਨ ਬਿਲਕੁਲ ਅਸਥਿਰ ਹੋ ਜਾਂਦਾ ਹੈ।

ਮਨੁੱਖ ਦਾ ਪਤਨ ਉਦੋਂ ਸ਼ੁਰੂ ਹੁੰਦਾ ਹੈ ਜਦੋਂ ਉਹ ਬਿਲਕੁਲ ਵਿਸ਼ੇ ਵਿਕਾਰਾਂ ਵਿਚ ਲਿਪਤ ਹੋ ਜਾਂਦਾ ਹੈ, ਆਪਣੇ ਆਪ ਨੂੰ ਭੁੱਲ ਜਾਂਦਾ ਹੈ,

ਇਹੋ ਜਿਹਾ ਘਬਰਾਇਆ ਹੋਇਆ ਮਨੁੱਖ ਹੋਰ ਤੋਂ ਹੋਰ, ਵਧ ਤੋਂ ਵੱਧ ਵਿਸ਼ੇ ਵਿਕਾਰਾਂ ਦੀ ਸਮੱਗਰੀ ਇਕੱਠੀ ਕਰਦਾ ਹੈ, ਅੰਤ ਵਿਚ ਪੂਰੀ ਤਰ੍ਹਾਂ ਉਨ੍ਹਾਂ ਜੋਗਾ ਹੀ ਹੋ ਜਾਂਦਾ ਹੈ, ਉਨ੍ਹਾਂ ਵਿਚ ਡੁੱਬੇ ਰਹਿਣਾ ਹੀ ਉਸ ਦਾ ਮਨੋਰਥ ਹੋ ਜਾਂਦਾ ਹੈ, ਇਸ ਤਰ੍ਹਾਂ ਮੌਜ ਉਡਾਉਣਾ ਉਸ ਦੀ ਬਰਬਾਦੀ ਦਾ ਕਾਰਨ ਬਣ ਜਾਂਦਾ ਹੈ, ਸਵੈ ਅਪਮਾਨਤਾ ਦਾ ਕਾਰਨ ਬਣ ਜਾਂਦੀ ਹੈ, ਇਹੋ ਜਿਹੇ ਮਨੁੱਖ ਨੂੰ ਸੁਖਵਾਦੀ ਕਿਹਾ ਜਾਂਦਾ ਹੈ। ਜਦੋਂ ਕਿਸੇ ਕਾਰਨਵਸ ਵਾਸ਼ਨਾ ਦੀ ਪੂਰਤੀ ਨਾ ਹੋਵੇ, ਪਦਾਰਥ ਨਾ ਪ੍ਰਾਪਤ ਹੋਣ ਉਹ ਨਿਰਾਸ ਹੋ ਕੇ ਕ੍ਰੋਧਿਤ ਹੋ ਜਾਂਦਾ ਹੈ।

ਜੇ ਦੋ ਮਨੁੱਖ ਇਕੋ ਹੀ ਵਸਤੂ ਦੀ ਵਾਸ਼ਨਾ ਰਖਦੇ ਹੋਣ, ਉਹ ਦੁਸ਼ਮਣ ਬਣ ਜਾਂਦੇ ਹਨ। ਮਿਸਾਲ ਵਜੋਂ ਜੇ ਦੋ ਬੰਦੇ ਇਕੋ ਹੀ ਇਸਤ੍ਰੀ ਨੂੰ ਚਾਹੁੰਦੇ ਹੋਣ, ਉਹ ਮਰਨ ਮਾਰਨ ਤੇ ਤਿਆਰ ਹੋ ਜਾਣਗੇ, ਪਰ ਜੇ ਦੋ ਮਿੱਤਰ 'ਆਤਮ ਮਾਰਗ' ਤੇ ਤੁਰਦੇ ਹੋਣ, ਉਨ੍ਹਾਂ ਦਾ ਨਿਸ਼ਾਨਾ ਵਾਹਿਗੁਰੂ ਦੀ ਪ੍ਰਾਪਤੀ ਹੋਵੇ, ਉਹ ਹੋਰ ਪੱਕੇ ਗੂੜ੍ਹੇ ਦੋਸਤ ਬਣ ਜਾਣਗੇ। ਵਿਸ਼ੇ ਵਿਕਾਰਾਂ ਦਾ ਪਿਆਰ ਸਵੈ ਗਿਆਨ ਅਤੇ ਆਤਮ ਗਿਆਨ ਦੇ ਪਿਆਰ ਨਾਲੋਂ ਬਹੁਤ ਵਖਰਾ ਹੈ, ਵਿਸ਼ੇ ਵਿਕਾਰਾਂ ਦਾ ਪਿਆਰ ਸੁਆਰਥੀ ਹੁੰਦਾ ਹੈ, ਇਹ ਇਕ ਨੀਵੇਂ ਕਿਸਮ ਦੀ ਖਿੱਚ ਹੁੰਦੀ ਹੈ। ਆਤਮ ਮਾਰਗ ਦਾ ਪਿਆਰ ਨਿਸੁਆਰਥੀ ਹੁੰਦਾ ਹੈ, ਕੇਵਲ ਇਹ ਪਿਆਰ ਹੀ ਸਰਬ ਵਿਆਪਕ ਪਿਆਰ ਹੁੰਦਾ ਹੈ। ਜਦੋਂ ਅਸੀਂ ਮਹਾਂਪੁਰਖਾਂ ਦੀਆਂ ਜੀਵਨੀਆਂ ਪੜ੍ਹਦੇ ਹਾਂ ਸਾਨੂੰ ਉਨ੍ਹਾਂ ਵਿਚ ਨਿਰਸੁਆਰਥ ਹੋਣ ਦੀ ਭਾਵਨਾ ਲੱਭਦੀ ਹੈ, ਸੁਆਰਥੀ ਜੀਵਨ ਕਦੀ ਉਹ ਸੋਚ ਵੀ ਨਹੀਂ ਸਕਦਾ, ਮਹਾਂਪੁਰਖ ਕਦੇ ਕਿਸੇ ਮਜ਼ਹਬ ਦੇ ਨਹੀਂ ਹੋਇਆ ਕਰਦੇ, ਕਿਥੋਂ ਦੇ ਵੀ ਕਿਉਂ ਨਾ ਹੋਣ ਉਨ੍ਹਾਂ ਦਾ ਸਾਰਾ ਜੀਵਨ ਨਿਸੁਆਰਥੀ ਹੁੰਦਾ ਹੈ। ਅਹਿੰਸਾ, ਨਿਸੁਆਰਥ ਇਹ ਦੋ ਬਹੁਤ ਵੱਡੇ ਗੁਣ ਹਨ ਜੋ ਸਾਨੂੰ ਮਿਲਦੇ ਹਨ। ਜੀਵਨ ਵਿਚ ਸੁਆਰਛ ਅਤੇ ਹਿੰਸਾ ਉਨ੍ਹਾਂ ਪੁਰਸ਼ਾਂ ਦੇ ਚਿੰਨ ਹਨ ਜਿਹੜੇ ਆਤਮਾ ਨੂੰ ਨਹੀਂ ਪਛਾਣਦੇ, ਜਿਹੜੇ ਵਿਸ਼ੇ ਵਿਕਾਰਾਂ ਵਿਚ ਪਏ ਹਨ।

64. ਮਨ ਉਤੇ ਕਾਬੂ ਪਾ ਕੇ, ਵਿਸ਼ੇ ਵਿਕਾਰਾਂ ਤੋਂ ਮੁਕਤ ਹੋ ਕੇ, ਜੇ ਮਨੁੱਖ ਸੰਵੇਦਨਾਵਾਂ ਨੂੰ ਭੋਗ ਰਿਹਾ ਹੁੰਦਾ ਹੈ ਪ੍ਰੰਤੂ ਉਸ ਦਾ ਮਨ ਤੇ ਪੂਰਾ ਕਾਬੂ ਹੋਵੇ ਤਾਂ ਉਹ ਸ਼ਾਂਤੀ ਪ੍ਰਾਪਤ ਲੈਂਦਾ ਹੈ।

65. ਸ਼ਾਂਤੀ ਪ੍ਰਾਪਤ ਕਰਕੇ ਸਾਰੇ ਦੁਖ ਦੂਰ ਹੋ ਜਾਂਦੇ ਹਨ, ਸ਼ਾਂਤ ਮਨੁੱਖ ਦੀ ਬੁੱਧੀ ਛੇਤੀ ਹੀ ਸਥਿਰ ਹੋ ਜਾਂਦੀ ਹੈ।

ਸੰਯਮ, ਸਵੈ ਅਨੁਸ਼ਾਸ਼ਨ ਸਦਾ ਹੀ ਸਾਧਕ ਦੀ ਸਹਾਇਤਾ ਕਰਦਾ ਹੈ। ਜਿਹੜਾ ਸਵੈ ਅਨੁਸ਼ਾਸ਼ਨ ਤੇ ਭਰੋਸਾ ਹੀ ਨਹੀਂ ਰਖਦਾ, ਉਹ ਗੂੜ੍ਹ ਗਿਆਨ ਪ੍ਰਾਪਤ ਹੀ ਨਹੀਂ ਕਰ ਸਕਦਾ। ਇੰਦ੍ਰੀਆਂ ਦੀ ਇੱਛਾ ਪੂਰਤੀ ਕੇਵਲ ਛਿਨ

ਭਰ ਲਈ ਹੀ ਹੁੰਦੀ ਹੈ। ਜਦੋਂ ਮਨਮੋਹਕ ਵਸਤੂਆਂ ਖਤਮ ਹੋ ਜਾਂਦੀਆਂ ਹਨ ਤਾਂ ਮੌਜ ਵੀ ਖਤਮ। ਜਦੋਂ ਉਹ ਮਨ ਮੋਹਕ ਵਸਤਾਂ ਨਹੀਂ ਹੁੰਦੀਆਂ, ਮਨ ਦੁਖੀ ਹੁੰਦਾ ਹੈ, ਸੰਸਾਰਕ ਵਸਤਾਂ ਦਾ ਮੋਹ ਸੁਖ ਅਤੇ ਦੁਖ ਦਿੰਦਾ ਹੈ, ਸ਼ਾਂਤੀ ਉਸ ਮਨ ਵਿਚ ਆਉਂਦੀ ਹੈ ਜਿਹੜਾ ਇੰਦ੍ਰੀਆਂ ਦੀ ਇੱਛਾ ਪੂਰਤੀ ਤੋਂ ਮੁਕਤ ਹੈ। ਆਮ ਤੌਰ ਤੇ ਮਨ ਇਛਾਵਾਂ ਦਾ ਦਾਸ ਹੈ, ਗੁਲਾਮ ਹੈ ਪਰ ਜਦੋਂ ਮਨ ਇਛਾਵਾਂ ਤੇ ਕਾਬੂ ਪਾ ਲੈਂਦਾ ਹੈ, ਉਹ ਵਿਵੇਕੀ ਬਣ ਜਾਂਦਾ ਹੈ, ਠੀਕ ਅਤੇ ਗਲਤ ਦੀ ਪਛਾਣ ਕਰ ਸਕਦਾ ਹੈ ਟਿਕਿਆ ਹੋਇਆ ਅਡੋਲ, ਇਕਾਗਰ, ਸਥਿਰ ਮਨ ਹੀ ਸ਼ਾਂਤ ਮਨ ਹੋ ਸਕਦਾ ਹੈ, ਸ਼ਾਂਤ ਮਨ ਹੀ ਉਦਾਸੀਨਤਾ ਰਹਿਤ ਹੋ ਸਕਦਾ ਹੈ।

ਜਿਹੜਾ ਮਨ ਦੁਖ ਅਤੇ ਉਦਾਸੀ ਤੋਂ ਮੁਕਤ ਹੈ, ਵਿਘਨ ਰਹਿਤ ਹੈ, ਉਹ ਖੇਰੂੰ-ਖੇਰੂੰ ਨਹੀਂ ਹੁੰਦਾ, ਉਸ ਦੀ ਸ਼ਕਤੀ ਬਣੀ ਰਹਿੰਦੀ ਹੈ, ਉਹ ਇਕ ਇੱਛਾ ਸ਼ਕਤੀ ਬਣ ਜਾਂਦੀ ਹੈ, ਉਸ ਇੱਛਾ ਸ਼ਕਤੀ ਨਾਲ ਆਪਣੇ ਧੇਅ ਦੀ ਪ੍ਰਾਪਤੀ ਵਿਚ ਕਾਮਯਾਬੀ ਹਾਸਲ ਹੁੰਦੀ ਹੈ, ਖਿੰਡੇ ਹੋਏ ਮਨ ਦੀ ਕੋਈ ਇੱਛਾ ਸ਼ਕਤੀ ਨਹੀਂ ਹੁੰਦੀ, ਇਕਾਗਰ ਅਤੇ ਸਥਿਰ ਮਨ ਇੱਛਾ ਸ਼ਕਤੀ ਪੈਦਾ ਕਰਦਾ ਹੈ। ਕਮਜ਼ੋਰ ਮਨ, ਦੁਰਬਲ ਮਨ ਦਾ ਸਾਧਕ ਕਾਮਯਾਬ ਸਾਧਕ ਨਹੀਂ ਹੋ ਸਕਦਾ ਕਿਉਂਕਿ ਉਸਦਾ ਮਨ ਛੇਤੀ ਹੀ ਦੂਸਰੇ ਪਦਾਰਥਾਂ ਵਲ ਖਿਚਿਆ ਜਾਵੇਗਾ ਪਰ ਉਹ ਜਗਿਆਸੂ ਜਿਸ ਦਾ ਮਨ ਸਥਿਰ ਹੈ ਇਕਾਗਰ ਹੈ, ਇੱਛਾ ਸ਼ਕਤੀ ਵਾਲਾ ਹੈ, ਉਹ ਉਸ ਨੂੰ ਨਿਰਭੈਤਾ ਅਤੇ ਹਿੰਮਤ ਦੇ ਕੇ ਉਸ ਦੀਆਂ ਸਾਰੀਆਂ ਔਕੜਾਂ ਦੂਰ ਕਰ ਦੇਵੇਗਾ।

ਅੱਜ ਦਾ ਵਿਦਿਆਰਥੀ ਅਨੁਸ਼ਾਸ਼ਨ ਤੋਂ ਡਰਦਾ ਹੈ, ਉਹ ਇਸ ਦਾ ਅਰਥ, ਭਾਵ ਨਹੀਂ ਸਮਝਦਾ, ਉਹ ਅਨੁਸ਼ਾਸ਼ਨ ਇਕ ਦੰਡ ਰੂਪ ਵਿਚ ਲੈਂਦੇ ਹਨ, ਦੰਡ ਜਿਹੜੇ ਵੱਡੇ ਆਦਮੀ ਛੋਟਿਆਂ ਨੂੰ ਦਿੰਦੇ ਹਨ। ਜਦੋਂ ਹੀ ਉਹ ਅਨੁਸ਼ਾਸ਼ਨ ਦਾ ਸ਼ਬਦ ਸੁਣਦੇ ਹਨ, ਦੌੜ ਜਾਂਦੇ ਹਨ ਪਰ ਅਨੁਸ਼ਾਸ਼ਨ ਤੋਂ ਬਿਨਾਂ ਮਨ ਨੂੰ ਕਾਬੂ ਕੀਤਾ ਹੀ ਨਹੀਂ ਜਾ ਸਕਦਾ, ਮਨ ਨੂੰ ਕਾਬੂ ਕੀਤੇ ਬਿਨਾਂ ਮਨ ਨੂੰ ਸਥਿਰ, ਇਕਾਗਰ ਕਰਕੇ ਇਕ ਬਿੰਦੂ ਕੇਂਦਰਤ ਕਰਨਾ ਅਤੀ ਕਠਿਨ ਹੈ। ਇਸ ਕਰਕੇ ਇੱਛਾ ਸ਼ਕਤੀ ਤੋਂ ਬਿਨਾਂ, ਹਿੰਮਤ ਤੋਂ ਬਿਨਾਂ, ਅਨੁਸ਼ਾਸ਼ਨ ਨਹੀਂ, ਅਨੁਸ਼ਾਸ਼ਨ ਤੋਂ ਬਿਨਾਂ ਮਨ ਤੇ ਕਾਬੂ ਨਹੀਂ ਪਾਇਆ ਜਾ ਸਕਦਾ।

ਅੱਜ ਦਾ ਜਗਿਆਸੂ ਜਾਨਣ ਦੀ ਇੱਛਾ ਰਖਦਾ ਹੈ ਪਰ ਉਹ ਰਹਿੰਦਾ ਸਦਾ ਸੰਸਾਰਕ ਮਾਇਆ ਵਿਚ ਹੈ, ਹਰ ਸੁੱਖ ਨੂੰ ਮਾਨਣਾ ਉਸ ਲਈ ਅਨੰਦਮਈ ਹੈ, ਵਿਸ਼ੇ ਵਿਕਾਰਾਂ ਵਿਚ ਪਿਆ ਸੱਚ ਨੂੰ ਜਾਨਣ ਦੀ ਚਾਹ ਭੀ ਰਖਦਾ ਹੈ। ਸਾਧਕ ਨੂੰ ਇਹ ਸਮਝ ਲੈਣ ਦੀ ਲੋੜ ਹੈ ਕਿ ਮਨ ਕਥਨੀ ਅਤੇ ਕਰਨੀ ਨੂੰ ਇਕਾਗਰ ਕਰਕੇ ਇਕ ਪਾਸੇ ਹੀ ਲਾਉਣਾ ਪਵੇਗਾ, ਦੁਚਿਤੇ ਰਹਿ ਕੇ ਕੰਮ ਨਹੀਂ ਹੋਣਾ ਭਾਵ ਮਨ ਵਿਚ ਇੱਛਾ ਰੱਖੇ ਕਿ ਸੱਚ ਦੀ ਖੋਜ

ਕਰਨੀ ਹੈ। ਹਰ ਵੇਲੇ ਵਿਸ਼ੇ ਵਿਕਾਰਾਂ ਵਿਚ ਪਏ ਰਹਿਣ ਨਾਲ ਸੱਚ ਦੀ ਖੋਜ ਨਹੀਂ ਹੋ ਸਕਦੀ। ਜੋ ਚਾਹੁੰਦੇ ਹੋ ਉਸ ਅਨੁਸਾਰ ਹੀ ਕਰਨੀ ਕਰੋ, ਜੋ ਸੋਚਦੇ ਹੋ ਉਹ ਹੀ ਕਰੋ, ਨਹੀਂ ਤਾਂ ਅੰਤਰ ਵਿਚ ਬਹੁਤ ਭਾਰੀ ਦਵੈਤ ਪੈ ਜਾਵੇਗਾ।

66. ਯੋਗ ਵਿਚ ਜੁੜੇ ਬਿਨਾਂ ਵਿਵੇਕ ਬੁੱਧੀ ਨਹੀਂ ਆ ਸਕਦੀ, ਨਾ ਹੀ ਚਿੰਤਨ ਹੋ ਸਕਦਾ ਹੈ, ਵਿਵੇਕ ਅਤੇ ਚਿੰਤਨ ਤੋਂ ਬਿਨਾਂ ਸ਼ਾਂਤੀ ਨਹੀਂ ਹੋ ਸਕਦੀ, ਸ਼ਾਂਤੀ ਤੋਂ ਬਿਨਾਂ ਸੁੱਖ ਕਿਸ ਤਰ੍ਹਾਂ ਹੋ ਸਕਦਾ ਹੈ।

67. ਜਿਹੜਾ ਮਨ ਵਿਸ਼ੇ ਵਿਕਾਰਾਂ ਪਿਛੇ ਦੌੜਦਾ ਰਹੇਗਾ, ਉਸ ਮਨ ਵਿਚੋਂ ਬੁੱਧੀ ਇਸ ਤਰ੍ਹਾਂ ਲੁੱਟੀ ਜਾਵੇਗੀ ਜਿਵੇਂ ਹਨ੍ਹੇਰੀ ਕਿਸ਼ਤੀ ਨੂੰ ਉਡਾ ਕੇ ਲੈ ਜਾਂਦੀ ਹੈ।

68. ਇਸ ਕਰਕੇ ਹੇ ਯੋਧੇ! ਜਿਸ ਦੀਆਂ ਇੰਦ੍ਰੀਆਂ, ਵਾਸ਼ਨਾਵਾਂ, ਉਸ ਦੇ ਵਸ ਹਨ ਵਿਸ਼ੇ ਵਿਕਾਰਾਂ ਵਿਚ ਨਹੀਂ ਡੁਬਿਆ ਹੋਇਆ, ਉਸ ਦੀ ਬੁੱਧੀ ਸਥਿਰ ਹੈ।

ਨਿਰੋਲ ਵਿਵੇਕ ਵਿਚਾਰ ਦਾ ਧਾਰਨੀ ਹੋ ਕੇ ਸੱਚ ਅਤੇ ਝੂਠ ਦਾ ਨਿਤਾਰਾ ਕਰ ਸਕਦਾ ਹੈ, ਅਟੱਲ ਅਤੇ ਨਾਸ਼ਵਾਨ ਵਿਚ ਭੇਦ ਦਸ ਸਕਦਾ ਹੈ। ਇਹ ਵਿਵੇਕ ਹੀ ਬੈਰਾਗ ਪੈਦਾ ਕਰ ਸਕਦਾ ਹੈ, ਨਿਰੰਤਰ ਸਾਧਨਾ ਕਰਕੇ ਵਿਵੇਕ ਦੀ ਪ੍ਰਾਪਤੀ ਹੁੰਦੀ ਹੈ। ਜਿਹੜਾ ਨਿਰਲੇਪ ਹੈ, ਉਹ ਪੂਰੀ ਤਰ੍ਹਾਂ ਇਕਾਗਰ ਹੈ। ਪੂਰਾ ਇਕਾਗਰ ਮਨ ਆਪਣੇ ਆਪ ਵਿਚ ਸੰਪੂਰਨ ਰੂਪ ਵਿਚ ਲਾਭਕਾਰੀ ਹੋ ਸਕਦਾ ਹੈ। ਉਹ ਸ਼ਾਂਤੀ ਮਹਿਸੂਸ ਕਰ ਸਕਦਾ ਹੈ ਅਤੇ ਸ਼ਾਂਤੀ ਨਾਲ ਸੁੱਖ ਅਤੇ ਖੁਸ਼ੀ ਦੀ ਪ੍ਰਾਪਤੀ ਹੋ ਸਕਦੀ ਹੈ। ਉਹ ਸੁੱਖ ਵਿਸ਼ੇ ਵਿਕਾਰਾਂ ਦੇ ਸੁੱਖ ਨਾਲੋਂ ਕਿਤੇ ਹੋਰ ਹੁੰਦਾ ਹੈ, ਵਿਸ਼ੇ ਵਿਕਾਰ ਭੋਗ ਕੇ ਖਿੰਨ ਭੰਗਰ ਖੁਸ਼ੀ ਮਹਿਸੂਸ ਕਰਦਾ ਹੈ ਪ੍ਰੰਤੂ ਸੰਤੁਸ਼ਟੀ ਕੇਵਲ ਸ਼ਾਂਤ ਮਨ ਤੋਂ ਹੀ ਪ੍ਰਾਪਤ ਹੁੰਦੀ ਹੈ।

ਮਨੁੱਖੀ ਸਰੀਰ ਇਕ ਰੱਥ ਦੀ ਤਰ੍ਹਾਂ ਹੈ ਜਿਸ ਵਿਚ ਆਤਮਾ ਦਾ ਵਾਸਾ ਹੈ, ਮਨੁੱਖੀ ਬੁੱਧੀ ਰਥਵਾਨ ਹੈ, ਮਨ ਇਸ ਦੀ ਲਗਾਮ ਹੈ, ਇੰਦ੍ਰੀਆਂ ਘੋੜੇ ਹਨ ਜਿਹੜੇ ਰਥ ਨੂੰ ਵਿਸ਼ੇ ਵਿਕਾਰਾਂ ਵਲ ਖਿੱਚ ਰਹੇ ਹਨ। ਬੁਧੀਮਾਨ ਆਪਣੇ ਮਨ ਨੂੰ ਸ਼ਾਂਤ ਕਰਕੇ, ਸਥਿਰ ਹੋ ਕੇ ਆਪਣੇ ਰਥ ਨੂੰ ਗਿਆਨ ਪ੍ਰਕਾਸ਼ ਵਲ ਲੈ ਜਾਂਦਾ ਹੈ। ਅਗਿਆਨੀ, ਬੁੱਧਹੀਨ, ਯੋਗਹੀਣ, ਇੰਦ੍ਰੀਆਂ ਨੂੰ ਕਾਬੂ ਨਹੀਂ ਕਰ ਸਕਦੇ। ਅਣਸਿੱਖੇ ਘੋੜਿਆਂ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ, ਸਿੱਖੇ ਹੋਏ ਘੋੜੇ ਰਥ ਨੂੰ ਗਿਆਨ ਪਥ ਤੇ ਲੈ ਜਾਣਗੇ। ਇਸ ਤਰ੍ਹਾਂ ਗਿਆਨੀ ਆਪਣੀਆਂ ਇੰਦ੍ਰੀਆਂ ਤੇ ਕਾਬੂ ਪਾ ਲੈਂਦੇ ਹਨ, ਮੁਕਤ ਹੋ ਜਾਂਦੇ ਹਨ ਪਰ ਅਗਿਆਨੀ ਮੂਰਖ ਜਿਹੜੇ ਆਪਣੇ ਆਪ ਤੇ ਕਾਬੂ ਨਹੀਂ ਪਾ ਸਕਦੇ, ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ।

69. ਆਮ ਆਦਮੀ ਵਾਸਤੇ ਜਿਹੜੀ ਰਾਤ ਹੈ, ਗਿਆਨੀਆਂ ਲਈ ਉਹ ਦਿਨ ਹੈ, ਜਿਸ ਸਮੇਂ ਆਮ ਆਦਮੀ ਜਾਗਦੇ ਹਨ ਗਿਆਨੀਆਂ ਲਈ ਰਾਤ ਹੈ, ਉਨ੍ਹਾਂ ਨੂੰ ਉਸ ਸਮੇਂ ਦਿਸਦਾ ਹੈ।

ਇਸ ਸਲੋਕ ਵਿਚ ਬੜੀ ਅਦੁੱਤੀ ਵਿਦਵਤਾ ਹੈ, ਯੋਗੀ ਅਤੇ ਸਾਧਕ ਦਾ ਵਿਵਹਾਰ ਦਸਿਆ ਗਿਆ ਹੈ। ਇਹ ਦੱਸ ਕੇ ਕਿ ਜਿਹੜਾ ਆਮ ਆਦਮੀ ਵਾਸਤੇ ਰਾਤ ਹੈ, ਉਹ ਗਿਆਨੀਆਂ ਲਈ ਦਿਨ ਹੈ, ਜੀਵਨ ਦਾ ਉਦੇਸ਼ ਇਸ ਸਲੋਕ ਵਿਚ ਬਹੁਤ ਸਪਸ਼ਟ ਕਰਕੇ ਦਸਿਆ ਗਿਆ ਹੈ, ਜੀਵਨ ਦਾ ਸਾਰ ਇਕ ਆਰੰਭਿਕ ਗੀਤ ਹੈ ਅਤੇ ਸਾਰਾ ਬ੍ਰਹਿਮੰਡ ਉਸ ਦੀ ਗਾਣ ਦੀ ਮੰਡਲੀ ਹੈ ਜੋ ਇਕੋ ਹੀ ਗੀਤ ਵੱਖ-ਵੱਖ ਧੁਨ ਵਿਚ ਵਜਾਉਂਦੀ ਹੈ। ਗਿਆਨੀ, ਸਿਆਣਾ ਉਸ ਸਾਰੇ ਗੀਤ ਨੂੰ ਸੁਣਨ ਲਈ ਸਾਰਾ ਸਰੀਰ ਹੀ ਕੰਨ ਬਣਾ ਲੈਂਦਾ ਹੈ, ਉਹ ਗੀਤ ਅਗਿਆਨੀ ਨਹੀਂ ਸੁਣ ਸਕਦਾ ਕਿਉਂਕਿ ਉਹ ਤਾਂ ਕੰਨ ਪਾੜਨ ਵਾਲੇ, ਨਸਾਂ ਤੋੜਨ ਵਾਲੇ, ਵਿਘਨ ਪਾਉਣ ਵਾਲੀਆਂ ਸਮਾਜ ਦੀਆਂ ਅਵਾਜ਼ਾਂ ਵਿਚ ਉਲਝਿਆ ਹੋਇਆ ਹੈ।

ਜਿਹੜਾ ਸਾਧਕ ਜੀਵਨ ਦੇ ਉਚੇਰੇ ਪੱਧਰ ਤੇ ਪਹੁੰਚ ਜਾਂਦਾ ਹੈ ਅੰਦਰ ਝਾਤੀ ਮਾਰਨ ਦੇ ਕਾਬਲ ਹੋ ਜਾਂਦਾ ਹੈ, ਅਸੀਮ ਤਕ ਪਹੁੰਚ ਜਾਂਦਾ ਹੈ, ਉਹ ਸਤਿ ਨਾਲ ਇਕ ਹੋ ਜਾਂਦਾ ਹੈ। ਦੂਸਰੇ ਤਾਂ ਸੁੱਤੇ ਹੀ ਰਹਿੰਦੇ ਹਨ, ਸਤਿ ਤੋਂ ਵਾਂਝੇ ਰਹਿ ਜਾਂਦੇ ਹਨ, ਜਦੋਂ ਕਿ ਆਮ ਆਦਮੀ ਆਪਣੇ ਆਪ ਨੂੰ ਸੰਸਾਰਕ ਵਸਤਾਂ ਨਾਲ ਮਿਲਾਈ ਰਖਦਾ ਹੈ, ਸੰਤ ਸੰਸਾਰ ਤੋਂ ਬਿਲਕੁਲ ਬੇਪਰਵਾਹ ਰਹਿੰਦੇ ਹਨ, ਉਹ ਆਪਣਾ ਅਨੰਦ ਅੰਮ੍ਰਿਤ ਵੇਲੇ ਉਠ ਕੇ ਉਸ ਸ਼ਾਂਤ ਵਾਤਾਵਰਣ ਵਿਚ ਲਭਦੇ ਹਨ, ਆਮ ਬੰਦਾ ਰਾਤ ਦੀ ਸ਼ਾਂਤੀ, ਚੁਪ, ਨਿਰਮਲਤਾ ਨਹੀਂ ਮਾਨਣੀ ਜਾਣਦਾ, ਪਰ ਯੋਗੀ ਆਪਣੀ ਸਮਾਧੀ ਲਈ ਇਸ ਨੂੰ ਬਹੁਤ ਪਸੰਦ ਕਰਦੇ ਹਨ, ਉਨ੍ਹਾਂ ਲਈ ਰਾਤ ਉਨ੍ਹਾਂ ਦੀ ਸਾਧਨਾ ਤੇ ਫੁੱਲ ਬਰਸਾਉਂਦੀ ਹੈ, ਉਹ ਉਨ੍ਹਾਂ ਫੁਲਾਂ ਨੂੰ ਸਮੇਟਦੇ ਹਨ, ਇਹੋ ਜਿਹੇ ਸਾਧਕ ਹੀ ਵਡਭਾਗੇ ਹਨ। ਵਿਰਲੇ ਹੀ ਦਿਨ ਨੂੰ ਸੌਂਦੇ ਅਤੇ ਰਾਤ ਨੂੰ ਜਾਗਦੇ ਹਨ, ਆਮ ਬੰਦੇ ਲਈ ਇਹ ਸੰਭਵ ਨਹੀਂ। ਜਿਹੜੇ ਗਿਆਨ ਮਾਰਗ ਤੇ ਚਲਦੇ ਹਨ ਉਨ੍ਹਾਂ ਦੀ ਤੋਰ ਕੋਈ ਹੋਰ ਹੀ ਹੁੰਦੀ ਹੈ ਪਰ ਉਨ੍ਹਾਂ ਦੀ ਜੀਵਨ ਵਰਤੋਂ ਬਿਲਕੁਲ ਵੱਖਰੀ ਹੀ ਹੁੰਦੀ ਹੈ ਜੋ ਆਮ ਬੰਦਾ ਨਹੀਂ ਸਮਝ ਸਕਦਾ। ਜਦੋਂ ਸਾਰੇ ਸੌਂਦੇ ਹਨ, ਸਾਧਕ ਜਾਗਦੇ ਹਨ। ਜਦੋਂ ਸਾਰਾ ਸੰਸਾਰ ਜਾਗਦਾ ਹੈ, ਰੁਝਾ ਹੋਇਆ ਹੈ, ਵਿਸ਼ੇ ਵਿਕਾਰਾਂ ਵਿਚ ਉਲਝਿਆ ਹੋਇਆ ਹੈ, ਸਾਧਕ ਸੁੱਤਾ ਪਿਆ ਹੁੰਦਾ ਹੈ, ਉਹ ਸੰਸਾਰ ਦੇ ਸ਼ੋਰ ਸ਼ਰਾਬੇ ਤੋਂ, ਵਿਘਨਾਂ ਤੋਂ ਬਿਲਕੁਲ ਬੇਸੁਰਤ ਹੁੰਦਾ ਹੈ।

ਸ੍ਰੀ ਕ੍ਰਿਸ਼ਨ ਜੀ ਇਨ੍ਹਾਂ ਦੋਹਾਂ ਦੀ ਸੋਚਣੀ ਅਤੇ ਵਿਵਹਾਰ ਵਿਚ ਅੰਤਰ ਦਸਦੇ ਹਨ। ਗਿਆਨੀ ਸੱਚੇ ਖੋਜੀ ਅਤੇ ਸਾਧਕ ਹਨ। ਜੋ ਸਤਿ ਤੋਂ ਜਾਣੂੰ

ਹਨ। ਅਗਿਆਨੀ ਜੋ ਬਿਲਕੁਲ ਨਹੀਂ ਜਾਣਦੇ, ਜਿਹੜੇ ਪਾਣੀ ਨਹੀਂ ਪੀਂਦੇ ਸਗੋਂ ਪਾਣੀ ਵਿਚ ਉਗੀ ਘਾਹ ਨੂੰ ਚਬ ਕੇ ਪਿਆਸ ਬੁਝਾਉਂਦੇ ਹਨ। ਬਾਹਰੀ ਸੰਸਾਰ ਲੁਭਾਇਮਾਨ ਹੈ, ਇਸ ਵਿਚ ਕਸ਼ਿਸ਼ ਹੈ, ਪਰ ਇਹ ਆਤਮਾ ਦੀ ਪਿਆਸ ਨਹੀਂ ਬੁਝਾ ਸਕਦੇ, ਸੁਖ ਦੀ ਲਾਲਸਾ ਮਨੁੱਖ ਵਿਚ ਸਥਾਈ ਹੈ, ਇਹ ਕੇਵਲ ਆਤਮ ਗਿਆਨ ਨਾਲ ਹੀ ਬੁਝਦੀ ਹੈ।

70. ਜਿਵੇਂ ਸਾਰੀਆਂ ਨਦੀਆਂ ਦੇ ਪਾਣੀ ਪੈਣ ਤੋਂ ਬਾਦ ਵੀ ਸਮੁੰਦਰ ਸ਼ਾਂਤ ਹੀ ਰਹਿੰਦਾ ਹੈ, ਇਸੇ ਤਰ੍ਹਾਂ ਹੀ ਜਿਸ ਵਿਚ ਸਾਰੀਆਂ ਇੱਛਾ ਲੀਨ ਹੋ ਚੁਕੀਆਂ ਹਨ, ਉਹ ਸਥਿਰ ਹੈ। ਉਹ ਜਿਹੜਾ ਇਛਾਵਾਂ ਦੀ ਲਾਲਸਾ ਰਖਦਾ ਹੈ, ਉਹ ਸ਼ਾਂਤ ਜਾਂ ਸਥਿਰ ਨਹੀਂ ਹੋ ਸਕਦਾ।

71. ਜਿਹੜਾ ਨਿਰਲੇਪ ਹੈ, ਸਾਰੀਆਂ ਇਛਾਵਾਂ ਦਾ ਤਿਆਗ ਕਰ ਚੁਕਾ ਹੈ, ਹਉਮੈ ਰਹਿਤ ਹੈ, ਉਹ ਸ਼ਾਂਤ ਹੈ ਜਿਹੜਾ ਮੈਂ ਨੂੰ ਭੀ ਮਿਟਾ ਚੁਕਾ ਹੈ।

72. ਹੇ ਪਰਿਥਾ ਪੁੱਤਰ! ਇਹ ਸਥਿਤੀ ਬ੍ਰਹਮ ਅਵਸਥਾ ਹੈ ਇਸ ਨੂੰ ਪ੍ਰਾਪਤ ਕਰਕੇ ਕੋਈ ਘਬਰਾਉਂਦਾ ਨਹੀਂ। ਜਿਹੜਾ ਮਰਨ ਸਮੇਂ ਵੀ ਇਸੇ ਸਥਿਤੀ ਵਿਚ ਰਹੇ, ਉਹ ਬ੍ਰਹਮਲੀਨ ਹੋ ਜਾਂਦਾ ਹੈ।

ਇਹੋ ਜਿਹੇ ਜਗਿਆਸੂ ਨੇ ਜਿਸ ਨੇ ਸ਼ਾਂਤੀ ਅਤੇ ਸਥਿਰਤਾ ਦੀ ਪ੍ਰਾਪਤੀ ਕਰ ਲਈ ਹੈ, ਉਹ ਇਸ ਤਰ੍ਹਾਂ ਹੋ ਜਾਂਦਾ ਹੈ ਜਿਵੇਂ ਅਕਾਸ਼ ਵਿਚ ਤੁਫਾਨ ਚਲਦੇ ਰਹਿਣ, ਬਿਜਲੀ ਗਰਜਦੀ ਰਹੇ ਪਰ ਉਹ ਅਕਾਸ਼ ਉਤੇ ਕੋਈ ਅਸਰ ਨਹੀਂ ਪਾ ਸਕਦੇ, ਬ੍ਰਹਿਮੰਡ ਦੀ ਸਥਿਰਤਾ ਨੂੰ ਨਹੀਂ ਹਿਲਾ ਸਕਦੇ, ਉਸੇ ਤਰ੍ਹਾਂ ਇਛਾਵਾਂ ਅਤੇ ਸੰਵੇਗਾਂ ਦੇ ਤੂਫਾਨ ਇਕ ਯੋਗੀ ਦੇ ਮਨ ਦੀ ਸ਼ਾਂਤੀ ਅਤੇ ਸਥਿਰਤਾ ਨੂੰ ਅਸ਼ਾਂਤ ਨਹੀਂ ਕਰ ਸਕਦੇ। ਵਿਅੰਗਮਈ ਗੱਲ ਇਹ ਹੈ ਜਿਹੜਾ ਵੀ ਵਿਸ਼ੇ ਵਿਕਾਰਾਂ ਵਾਲਾ ਜੀਵਨ ਬਿਤਾਉਂਦਾ ਹੈ ਕਿ ਉਹ ਸੰਤਾਪ ਵਿਚ ਹੀ ਰਹਿੰਦਾ ਹੈ, ਜਦੋਂ ਕਿ ਯੋਗੀ ਜਿਸ ਨੂੰ ਪੂਰਾ ਸੰਜਮ ਹੈ, ਸ਼ਾਂਤ ਹੈ, ਉਹ ਜੀਉਣ ਦੀ ਪੂਰੀ ਜਾਚ ਜਾਣਦਾ ਹੈ, ਜਿਸ ਨਾਲ ਉਹ ਧਰਤੀ ਉਪਰ ਬਿਨਾਂ ਕਿਸੇ ਸੰਸਾਰਕ ਚਮਕ ਦਮਕ ਵਿਚ ਉਲਝਿਆ ਰਹਿ ਸਕਦਾ ਹੈ। ਸ੍ਰੀ ਕ੍ਰਿਸ਼ਨ ਜੀ ਅਰਜਨ ਨੂੰ ਦਸਦੇ ਹਨ, ਇਹ ਉਸ ਮਨੁੱਖ ਦੀ ਹਾਲਤ ਹੁੰਦੀ ਹੈ ਜੋ ਆਤਮ ਸਿੱਧ ਹੋ ਗਿਆ ਹੈ, ਇਹੋ ਜਿਹਾ ਮਨੁੱਖ ਕਿਸੇ ਭਰਮ, ਉਪਰਾਮਤਾ ਅਤੇ ਇੰਦ੍ਰੀ ਕਲਾ ਦਾ ਸ਼ਿਕਾਰ ਨਹੀਂ ਹੁੰਦਾ। ਵੱਧ ਤੋਂ ਵੱਧ ਮਹੱਤਵਪੂਰਨ ਸਮੇਂ ਵੀ ਉਹ ਸ਼ਾਂਤ ਸਥਿਰ ਰਹਿੰਦਾ ਹੈ, ਆਪਣੇ ਆਪ ਨੂੰ ਪ੍ਰਭੂ ਵਿਚ ਲੀਨ ਰਖਦਾ ਹੈ। ਬ੍ਰਹਮਲੀਨ ਰਹਿੰਦਾ ਹੈ, ਹਉਮੈ ਅਤੇ ਸੰਸਾਰਕ ਪਦਾਰਥਾਂ ਤੋਂ ਪਰ੍ਹੇ ਰਹਿੰਦਾ ਹੈ, ਹੰਗਤਾ ਤੇ ਮਮਤਾ ਤੋਂ ਉਚੇ ਉਠ ਕੇ ਉਹ ਸੰਸਾਰਕ ਡੀਊਟੀਆਂ ਕਲਾਤਮਕ ਤਰੀਕੇ ਅਤੇ ਸੋਝੀ ਨਾਲ ਕਰਦਾ ਹੈ।

ਇਹੋ ਜਿਹੇ ਗਿਆਨੀ ਜਾਗ੍ਰਿਤ ਜੀਵਨ ਲਈ ਵਖਰਾ ਹੀ ਰਵੱਈਆ ਰਖਦੇ ਹਨ, ਰਿਸ਼ਤਿਆਂ ਨੂੰ, ਸੰਸਾਰਕ ਪਦਾਰਥਾਂ ਨੂੰ, ਬਿਲਕੁਲ ਅਲੱਗ ਤਰ੍ਹਾਂ ਹੀ ਦੇਖਦੇ ਹਨ। ਇਹ ਆਪਣੇ ਆਪ ਨੂੰ ਸੰਸਾਰਕ ਪਦਾਰਥਾਂ ਨਾਲ ਸਮਾਨ ਨਹੀਂ ਸਮਝਦੇ, ਸਭ ਕੁਝ ਵਿਚ ਰਹਿੰਦੇ ਹੋਏ ਵੀ ਨਿਆਰੇ ਰਹਿੰਦੇ ਹਨ, ਜਦੋਂ ਕਿ ਇਕ ਸਾਧਾਰਣ ਮਨੁਖ ਨੂੰ ਆਪਣੇ ਆਪ ਨੂੰ ਸੰਸਾਰ ਨਾਲ ਸਮਰੂਪ ਕਰਨ ਦੀ ਆਦਤ ਹੈ, ਆਪਣੇ ਪਦਾਰਥਾਂ ਨਾਲ ਚੰਬੜਨ ਦੀ ਆਦਤ ਹੈ, ਮੋਹ ਪਾਉਣ ਦੀ ਆਦਤ ਹੈ, ਉਸ ਨੂੰ ਕਦੀ ਵੀ ਭਰੋਸਾ ਨਹੀਂ ਹੋਇਆ ਕਿ ਜੋ ਉਹ ਚਾਹੁੰਦਾ ਹੈ ਉਸ ਨੂੰ ਮਿਲ ਜਾਏਗਾ ਕਿ ਨਹੀਂ, ਇਹ ਵੀ ਡਰ ਲਗਾ ਰਹਿੰਦਾ ਹੈ ਕਿ ਜੋ ਹੈ ਉਹ ਵੀ ਰਹੇਗਾ ਕਿ ਖੁਸ ਜਾਏਗਾ ਪਰ ਇਕ ਯੋਗੀ ਜਿਹੜਾ ਸਮਚਿਤ ਹੈ, ਸ਼ਾਂਤ ਹੈ, ਸਥਿਰ ਹੈ, ਜਾਣਦਾ ਹੈ ਕਿ ਸੰਸਾਰਕ ਪਦਾਰਥ ਕੇਵਲ ਇਕ ਸਾਧਨ ਦੀ ਤਰ੍ਹਾਂ ਵਰਤਣੇ ਚਾਹੀਦੇ ਹਨ, ਉਨ੍ਹਾਂ ਨਾਲ ਮੋਹ ਨਹੀਂ ਪਾਉਣਾ ਚਾਹੀਦਾ, ਨਿਰਲਿਪਤ ਰਹਿਣਾ ਚਾਹੀਦਾ ਹੈ। ਕਦੀ ਵੀ ਇਨ੍ਹਾਂ ਪਦਾਰਥਾਂ ਨਾਲ ਮਨ ਨੂੰ ਖੇਰੂੰ-ਖੇਰੂੰ ਨਹੀ ਹੋਣ ਦੇਣਾ ਚਾਹੀਦਾ, ਕਿਸੇ ਚੀਜ਼ ਦੀ ਮਲਕੀਅਤ ਜੋ ਅਸੀਂ ਰਖਣੀ ਚਾਹੀਏ ਉਹ ਅਸਾਡੀ ਇੱਛਾ ਸ਼ਕਤੀ ਅਤੇ ਮਾਨਸਿਕ ਪਕੜ ਨੂੰ ਵਧਾਉਂਦੀ ਹੈ ਠੀਕ ਰਾਹ ਇਹ ਹੈ ਕਿ ਕਿਸੇ ਚੀਜ਼ ਨਾਲ ਰਾਗ ਨਾ ਰਖਦੇ ਹੋਏ ਮਲਕੀਅਤ ਦੀ ਭਾਵਨਾ ਨੂੰ ਜਿੱਤ ਸਕੀਏ। ਇਨ੍ਹਾਂ ਚੀਜ਼ਾਂ ਦੀ ਜੀਵਨ ਵਿਚ ਕੋਈ ਕੀਮਤ ਨਾ ਰਹੇ, ਇਹ ਰੁਚੀ ਕੇਵਲ ਰੁਪਾਂਤਰਣ ਤੋਂ ਹੀ ਆਉਂਦੀ ਹੈ, ਫੇਰ ਉਹ ਮਨੁੱਖੀ ਜੀਵਨ ਦੀਆਂ ਸਾਧਾਰਣ ਡੀਊਟੀਆਂ ਕਰਦੇ ਹੋਏ ਸੰਸਾਰ ਤੋਂ ਨਿਰਲਿਪਤ ਰਹਿੰਦਾ ਹੈ।

ਇਹੋ ਜਿਹਾ ਮਨੁੱਖ ਜਾਣਦਾ ਹੈ ਕਿ ਉਹ ਸੰਸਾਰ ਵਿਚ ਇਕ ਮੁਸਾਫਰ ਦੀ ਭਾਂਤੀ ਹੀ ਵਿਚਰ ਰਿਹਾ ਹੈ, ਸਫਰ ਉਸ ਦਾ ਲੰਬਾ ਹੈ, ਉਹ ਇਕ ਅਥਿਤੀ ਦੀ ਤਰ੍ਹਾਂ ਹੈ। ਇਹੋ ਜਿਹਾ ਮੁਸਾਫਰ ਆਪਣੀ ਪਿੱਠ ਤੇ ਬੋਝਾ ਨਹੀਂ ਚੁਕਦਾ ਕਿਉਂਕਿ ਫੇਰ ਸਫਰ ਕਰਨਾ ਔਖਾ ਹੋ ਜਾਵੇਗਾ। ਦੁਖਦਾਈ ਅਨੁਭਵ ਹੋ ਜਾਵੇਗਾ, ਉਸ ਨੇ ਇਹ ਬੁਝ ਲਿਆ ਹੈ ਕਿ ਸੰਸਾਰ ਇਕ ਭੀੜ ਭੜੱਕੇ ਵਾਲਾ ਬਜ਼ਾਰ ਹੈ ਪਰ ਉਹ ਆਪਣੇ ਇਹੋ ਜਿਹੇ ਤਰੀਕੇ ਬਣਾ ਲੈਂਦਾ ਹੈ ਕਿ ਉਹ ਉਸ ਭੀੜ ਵਾਲੇ ਬਜ਼ਾਰ ਵਿਚੋਂ ਬਿਨਾਂ ਚੋਟ ਪਹੰਚਾਇਆਂ, ਬਿਨਾਂ ਚੋਟ ਖਾਧਿਆਂ ਲੰਘ ਸਕੇ। ਜਿਵੇਂ ਕਿ ਅਥਿਤੀ ਕਿਸੇ ਦੇ ਘਰ ਜਦੋਂ ਰਹਿੰਦਾ ਹੈ, ਉਹ ਪਰਿਵਾਰ ਦੇ ਬੰਦਿਆਂ ਲਈ ਵਿਘਨ ਨਹੀਂ ਬਣਦਾ, ਮੁਸਾਫਰ ਸੋਚਦਾ ਹੈ ਮੈਂ ਤਾਂ ਇਥੇ ਅਥਿਤੀ ਹਾਂ, ਥੋੜ੍ਹੇ ਸਮੇਂ ਲਈ, ਮੇਰਾ ਤਾਂ ਇਥੇ ਕੁਝ ਹੈ ਨਹੀਂ। ਇਹੋ ਜਿਹੀ ਰੁਚੀ ਨਾਲ ਉਹ ਕਿਸੇ ਨਾਲ ਮੋਹ ਨਹੀਂ ਪਾਉਂਦਾ, ਨਾ ਪਦਾਰਥਾਂ ਨਾਲ, ਨਾ ਰਿਸ਼ਤਿਆਂ ਨਾਲ। ਇਕ ਮੁਸਾਫਰ ਦੀ ਤਰ੍ਹਾਂ ਉਹ ਇਸ ਧਰਤੀ ਨੂੰ, ਸੰਸਾਰ ਨੂੰ, ਇਕ ਸਰ੍ਹਾਂ, ਇਕ ਕੈਂਪ ਸਮਝਦਾ ਹੈ, ਜਿਥੇ ਉਹ ਆਪਣੇ ਅੱਗੇ ਜਾਣ ਲਈ ਸਮਾਨ ਇਕੱਠਾ ਕਰਦਾ ਹੈ, ਵਾਸਤਵ ਵਿਚ ਅਸੀਂ ਸਾਰੇ ਹੀ ਮੁਸਾਫਰ ਹਾਂ, ਅਸੀਂ ਇਸ ਨਾਲ ਮੋਹ ਨਾ ਹੀ ਪਾਈਏ ਤਾਂ ਠੀਕ ਹੈ ਜਿਵੇਂ ਕਿ ਪਹਾੜ ਤੇ ਚੜ੍ਹਨ ਵਾਲਾ, ਪਹਾੜ ਤੇ

ਚੜ੍ਹਣ ਤੋਂ ਪਹਿਲਾਂ ਕੈਂਪ ਵਿਚ ਰਹਿ ਕੇ ਤਿਆਰੀ ਕਰਦਾ ਹੈ ਕਿ ਕਿਵੇਂ ਉਹ ਉਤੇ ਚੜ੍ਹੇਗਾ, ਸਮਾਨ ਇਕੱਠਾ ਕਰਦਾ ਹੈ। ਬਿਲਕੁਲ ਇਸੇ ਤਰ੍ਹਾਂ ਇਸ ਸੰਸਾਰ ਵਿਚ ਸਾਨੂੰ ਰਹਿਣਾ ਚਾਹੀਦਾ ਹੈ। ਆਓ ਅਸੀਂ ਆਪਣਾ ਸਫਰ ਸੌਖਾ ਬਣਾ ਲਈਏ, ਸੋਹਣਾ ਬਣਾ ਲਈਏ, ਸਹੂਲਤਾਂ ਇਕੱਠੀਆਂ ਕਰ ਲਈਏ, ਅਸੀਂ ਇਥੇ ਗੁਆਚੀਏ ਨਾ।

ਜਿਸ ਸਾਧਕ ਨੇ ਸਥਿਰਤਾ ਦੀ ਪ੍ਰਾਪਤੀ ਕਰ ਲਈ, ਉਸ ਨੇ ਮਰਨ ਨੂੰ ਪਛਾਣ ਲਿਆ ਹੈ, ਉਹ ਮਰਨ ਜਿਹੜਾ ਆਮ ਬੰਦੇ ਲਈ ਭਿਆਨਕ ਹੈ, ਪਰ ਸਾਧਕ ਲਈ ਇਕ ਬੜਾ ਹੀ ਅਨੌਖਾ ਤੇ ਰੌਚਕ ਹੈ, ਬਿਲਕੁਲ ਉਸ ਤਰ੍ਹਾਂ ਜਿਸ ਤਰ੍ਹਾਂ ਮਾਂ ਥੱਕੇ ਹੋਏ ਬੱਚੇ ਨੂੰ ਲੋਰੀ ਸੁਣਾ ਕੇ ਸੁਆ ਦਿੰਦੀ ਹੈ, ਜਿਵੇਂ ਉਹ ਉਨੀਂਦੇ ਥੱਕੇ ਹੋਏ ਬੱਚੇ ਨੂੰ ਅਰਾਮ ਦਿੰਦੀ ਹੈ, ਬੱਚਾ ਬਿਲਕੁਲ ਨਰੋਆ ਹੋ ਕੇ ਜਾਗਦਾ ਹੈ। ਬਿਲਕੁਲ ਇਸ ਤਰ੍ਹਾਂ ਹੀ ਮੌਤ ਥੱਕੇ ਟੁੱਟੇ ਮੁਸਾਫਰ ਨੂੰ ਨਵੇਂ ਕਪੜੇ ਪਾ ਕੇ ਨਵਾਂ ਜੀਵਨ ਦੇ ਕੇ ਮੁੜ ਰਸਤੇ ਉਤੇ ਪਾ ਦਿੰਦੀ ਹੈ। ਮਹਾਤਮਾ ਵਾਸਤੇ ਮੌਤ ਕੇਵਲ ਇਕ ਪਰੀਵਰਤਨ ਹੈ, ਉਹ ਮੁੜ ਆ ਕੇ ਆਪਣੇ ਮਾਰਗ ਤੇ ਤੁਰ ਪੈਂਦਾ ਹੈ, ਉਹ ਮਾਰਗ ਜਿਹੜਾ ਉਸ ਨੂੰ ਅਸੀਮ ਤਕ ਲੈ ਜਾਂਦਾ ਹੈ, ਮਰਨ ਨਾਲ ਮਾਰਗ ਨਹੀਂ ਬਦਲ ਸਕਦਾ। ਮੌਤ ਦੀ ਕੋਈ ਸ਼ਕਤੀ ਨਹੀਂ ਕਿ ਉਹ ਸਾਧਕ ਦਾ ਮਾਰਗ ਬਦਲ ਦੇਵੇ, ਸਾਧਕ ਦੀ ਬ੍ਰਹਮ ਚੇਤਨਤਾ ਜਿਹੜੀ ਇਥੇ ਹੈ, ਉਹ ਹੀ ਪਿਛੋਂ ਵੀ ਹਰ ਜਗ੍ਹਾ ਰਹਿੰਦੀ ਹੈ।

ਇਹ ਦੂਸਰੇ ਅਧਿਆਏ ਦਾ ਅੰਤ ਹੈ। ਇਸ ਵਿਚ ਸ੍ਰੀ ਕਿਸ਼ਨ ਜੀ ਅਰਜਨ ਨੂੰ ਉਸ ਦੀ ਉਦਾਸੀਨਤਾ, ਸੰਤਾਪ ਵਿਚੋਂ ਕੱਢਦੇ ਹਨ, ਉਸ ਨੂੰ ਜਗਾਉਂਦੇ ਹਨ, ਇਸ ਅਧਿਆਏ ਦਾ ਵਾਰਤਾਲਾਪ ਜਿਹੜਾ ਸ੍ਰੀ ਕ੍ਰਿਸ਼ਨ ਅਤੇ ਅਰਜਨ ਵਿਚ ਹੋਇਆ ਉਹ ਸਾਂਖ ਫਿਲੋਸਫੀ ਹੈ ਅਤੇ ਯੋਗਾ ਅਭਿਆਸ ਵਿਗਿਆਨਕ ਰੂਪ ਵਿਚ ਹੈ।

# ਤੀਸਰਾ ਅਧਿਆਏ, ਕਰਮਯੋਗ

1. ਇਸ ਪਰ ਅਰਜਨ ਨੇ ਪ੍ਰਸ਼ਨ ਕੀਤਾ ਕਿ ਹੇ ਜਨਾਰਦਨ! ਜੇ ਕਰਮਾਂ ਦੀ ਉਪੇਕਸ਼ਾ ਗਿਆਨ ਨੂੰ ਆਪ ਨੇ ਸ੍ਰੇਸ਼ਟ ਮੰਨਿਆ ਹੈ ਤਾਂ ਫਿਰ ਹੇ ਕੇਸ਼ਵ! ਮੈਨੂੰ ਭਿਅੰਕਰ ਕਰਮਾਂ ਵਿਚ ਕਿਉਂ ਲਗਾਉਂਦੇ ਹੋ।

2. ਤਥਾ ਆਪ ਮਿਲੇ ਹੋਏ ਜਹੇ ਬਚਨ ਸੇ ਮੇਰੀ ਬੁੱਧੀ ਨੂੰ ਮੋਹਤ ਸੀ ਕਰਦੇ ਹੋ, ਇਸ ਲੀਏ ਇਕ ਗੱਲ ਨੂੰ ਨਿਸ਼ਚੇਪੂਰਵਕ ਕਹੋ ਜਿਸ ਤੋਂ ਮੈਂ ਕਲਿਆਣ ਦੀ ਪ੍ਰਾਪਤੀ ਕਰ ਸਕਾਂ।

ਭਗਵਤ ਗੀਤਾ ਦੇ ਦੂਸਰੇ ਅਧਿਆਏ ਵਿਚ ਸ੍ਰੀ ਕ੍ਰਿਸ਼ਨ ਅਰਜਨ ਦਾ ਵਿਵੇਕ ਨਿਰਣਾ ਅਤੇ ਨਿਸ਼ਚਾ ਤੀਖਣ ਕਰਕੇ ਉਸ ਦੀ ਆਤਮਾ ਨੂੰ ਜਾਗਰਣ ਕਰਦੇ ਹਨ ਅਤੇ ਉਸ ਨੂੰ ਸਮਝਾਉਂਦੇ ਹਨ ਕਿ ਆਤਮਾ ਅਜਰ ਹੈ, ਅਮਰ ਹੈ, ਆਕਾਰ ਅਤੇ ਨਾਮ ਤੋਂ ਪਰ੍ਹੇ ਹੈ। ਉਨ੍ਹਾਂ ਨੇ ਅਰਜਨ ਨੂੰ ਸਮਝਾਇਆ ਕਿ ਆਤਮਾ ਬਦਲਦੀ ਨਹੀਂ, ਮਰਦੀ ਨਹੀਂ, ਖਤਮ ਨਹੀਂ ਹੁੰਦੀ, ਆਤਮਾ ਅਜਰ ਹੈ, ਅਮਰ ਹੈ, ਅਨੰਤ ਹੈ, ਉਨ੍ਹਾਂ ਨੇ ਅਰਜਨ ਨੂੰ ਸੰਸਾਰ ਵਿਚ ਵਿਚਰ ਰਹੀ ਮਾਇਆ ਬਾਰੇ ਵੀ ਗਿਆਨ ਕਰਾਇਆ ਜੋ ਕਿ ਇਕ ਛਿੰਨਭੰਗਰ ਹੈ, ਭਾਵੇਂ ਕਿੰਨੀ ਵੀ ਕੋਸ਼ਿਸ਼ ਕਿਉਂ ਨਾ ਕਰੇ ਕਿ ਬਾਹਰੀ ਪਦਾਰਥਾਂ ਨੂੰ ਸਥਿਰ ਰੱਖਿਆ ਜਾਵੇ ਉਨ੍ਹਾਂ ਨੂੰ ਬਦਲਣ ਨਾ ਦਿਤਾ ਜਾਵੇ ਪਰ ਇਹ ਹੋ ਨਹੀਂ ਸਕਦਾ।

ਅਰਜਨ ਨੂੰ ਦੁੱਖ ਲੱਗਾ ਕਿਉਂਕਿ ਉਸ ਨੇ ਇਕ ਸਾਧਾਰਣ ਵਿਅਕਤੀ ਦੀ ਤਰ੍ਹਾਂ ਵਿਵਹਾਰ ਕੀਤਾ, ਜਿਸ ਨੂੰ ਉਸ ਇਕ ਦੀ ਅਨੰਤਤਾ ਦਾ ਹੀ ਨਹੀਂ ਪਤਾ, ਜਿਸ ਦਾ ਮਨ ਹੀ ਨਹੀਂ ਸੋਧਿਆ ਹੋਇਆ, ਘਬਰਾਹਟ ਨਾਲ, ਬੇਤਰਤੀਬੀ ਦਾ ਜੀਵਨ ਜੀਅ ਰਿਹਾ ਹੈ। ਇਸ ਤੱਤ ਨੂੰ ਭੁੱਲੀ ਬੈਠਾ ਹੈ ਕਿ ਆਤਮਾ ਅਨੰਤ ਹੈ, ਸੰਸਾਰ ਕਾਲਵਾਚੀ ਹੈ, ਬਦਲਦੇ ਰਹਿਣ ਵਾਲਾ ਹੈ, ਉਹ ਮਨੁੱਖ ਪਦਾਰਥਾਂ ਵਲ ਮੋਹਿਆ ਜਾਂਦਾ ਹੈ, ਰਿਸ਼ਤਿਆਂ ਵਲ ਮੋਹਿਆ ਜਾਂਦਾ ਹੈ, ਲਿਪਤ ਹੋ ਜਾਂਦਾ ਹੈ ਪਰ ਸੰਜਮ ਨਾਲ ਹੀ ਉਸ ਨੂੰ ਆਤਮ ਅਤੇ ਅਨਾਤਮ ਦਾ ਗਿਆਨ ਹੁੰਦਾ ਹੈ, ਸਾਧਨਾ ਅਤੇ ਸੰਜਮ ਨਾਲ ਹੀ ਉਹ ਆਪਣੇ ਮੂਲ ਰੂਪ ਦੇ, ਸਦੀਵ ਤੱਤ ਦੀ ਪ੍ਰਾਪਤੀ ਕਰ ਸਕਦਾ ਹੈ। ਇਸ ਪਿਛੋਂ ਹੀ ਉਹ ਆਪਣੀਆਂ ਡਿਊਟੀਆਂ ਨਿਰਸੁਆਰਥੀ ਹੋ ਕੇ, ਸੋਝੀ ਨਾਲ ਪਿਆਰ ਨਾਲ ਕਰ ਸਕਦਾ ਹੈ। ਉਹ ਜਾਣ ਜਾਂਦਾ ਹੈ ਕਿ ਸਦੀਵੀ ਸੱਚ ਅਸੀਮ ਹੈ, ਸਰਬ ਵਿਆਪਕ ਹੈ। ਇਹ ਗਿਆਨ ਪ੍ਰਾਪਤ ਕਰਕੇ ਉਹ ਨਿਰਭੈ ਹੋ ਜਾਂਦਾ ਹੈ, ਮਾਇਆ ਦੇ ਭਰਮ ਵਿਚੋਂ ਨਿਕਲ ਜਾਂਦਾ ਹੈ, ਮਨ ਦੀ ਘਬਰਾਹਟ ਤੋਂ ਨਿਕਲ ਜਾਂਦਾ ਹੈ, ਫੇਰ ਉਸਦਾ ਮਨ ਸ਼ਾਂਤ ਸਮਾਚਿਤ ਹੋ ਜਾਂਦਾ ਹੈ।

ਸ੍ਰੀ ਕ੍ਰਿਸ਼ਨ ਨੇ ਸਾਂਖ ਫਿਲੌਸਫੀ ਅਤੇ ਮਨੋਵਿਗਿਆਨ ਤੋਂ ਸ਼ੁਰੂ ਕੀਤਾ ਜਿਸ ਵਿਚ ਨਾਸ਼ ਅਤੇ ਅਵਿਨਾਸ਼ ਬਾਰੇ ਬੜੀ ਚੰਗੀ ਤਰ੍ਹਾਂ ਦਸਿਆ ਗਿਆ ਹੈ, ਸੱਚ, ਝੂਠ ਦਾ ਨਿਤਾਰਾ ਕੀਤਾ ਗਿਆ ਹੈ। ਸੱਚ ਕੀ ਹੈ, ਅੰਤਮ ਸੱਚ ਕੀ ਹੈ? ਖੋਲ੍ਹ ਕੇ ਦਸਿਆ ਗਿਆ ਹੈ। ਦਿਸਦਾ ਕੀ ਹੈ? ਫੇਰ ਉਨ੍ਹਾਂ ਨੇ

ਡਿਊਟੀ ਕਰਨ ਬਾਰੇ, ਕਰਮ ਕਰਨ ਬਾਰੇ ਦਸਿਆ ਅੰਤ ਵਿਚ ਉਨ੍ਹਾਂ ਨੇ ਯੋਗ ਬਾਰੇ ਦਸਿਆ ਜਿਸ ਵਿਚ ਬੁੱਧੀ (ਗਿਆਨ) ਦਾ ਵਿਕਾਸ ਕਰਮ ਤੋਂ ਉਚਾ ਜਾਪਦਾ ਹੈ। ਇਹ ਬੜਾ ਸੁਭਾਵਿਕ ਹੈ ਕਿ ਅਰਜਨ ਦਾ ਮਨ ਇਸ ਸਮੇਂ ਘਬਰਾਇਆ ਹੋਇਆ ਹੈ ਉਹ ਇਹ ਨਹੀਂ ਸਮਝ ਰਿਹਾ ਕਿ ਕ੍ਰਿਸ਼ਨ ਜੀ ਵਿਪਰੀਤ ਉਪਦੇਸ਼ ਨਹੀਂ ਦੇ ਰਹੇ। ਉਹ ਉਨ੍ਹਾਂ ਸਹਾਇਕ ਪੱਖਾਂ ਬਾਰੇ ਦਸ ਰਹੇ ਹਨ ਜਿਹੜੇ ਕਾਇਆ ਕਲਪ ਕਰਨ ਲਈ ਜ਼ਰੂਰੀ ਹਨ। ਅਰਜਨ ਦੀ ਘਬਰਾਹਟ ਹੌਲੀ-ਹੌਲੀ ਦੂਰ ਹੋ ਜਾਵੇਗੀ ਜਿਵੇਂ ਉਹ ਕ੍ਰਿਸ਼ਨ ਜੀ ਦੇ ਪ੍ਰਵਚਨ ਹੋਰ ਸੁਣੇਗਾ।

ਸਾਂਖ ਫਿਲੌਸਫੀ ਦਾ ਗਿਆਨ ਅਰਜਨ ਨੂੰ ਆਪਣੇ ਕਰਮ ਸਮਝਣ ਲਈ ਕਾਫੀ ਨਹੀਂ ਸੀ, ਉਹ ਨਹੀਂ ਸਮਝ ਸਕਿਆ ਕਿ ਯੁੱਧ ਉਸ ਲਈ ਅਤੇ ਸਮਾਜ ਲਈ ਆਵਸ਼ਕ ਹੈ। ਉਹ ਹਾਲੇ ਹੁਣੇ ਤਾਂ ਉਪਰਾਮਤਾ ਤੋਂ ਬਾਹਰ ਨਿਕਲਿਆ ਹੈ, ਆਪਣੀ ਵੇਦਨਾ ਤੋਂ ਬਾਹਰ ਆ ਰਿਹਾ ਹੈ, ਹੁਣ ਉਹ ਕਿਸੇ ਕਿਸਮ ਦੇ ਭਰਮ ਵਿਚ ਨਹੀਂ ਰਹਿਣਾ ਚਾਹੁੰਦਾ ਕਿ ਉਸ ਦਾ ਕੀ ਕਰਮ ਹੋਣਾ ਚਾਹੀਦਾ ਹੈ, ਉਸ ਨੇ ਗਿਆਨ ਤਾਂ ਪ੍ਰਾਪਤ ਕਰ ਲਿਆ ਹੈ ਪਰ ਉਸ ਗਿਆਨ ਦੀ ਕਿਵੇਂ ਵਰਤੋਂ ਕਰੇ ਇਹ ਹਾਲੇ ਉਸ ਨੂੰ ਸਮਝ ਨਹੀਂ ਆਈ, ਅਰਜਨ ਨੂੰ ਉਨ੍ਹਾਂ ਤਰੀਕਿਆਂ ਦੀ ਵੀ ਲੋੜ ਹੈ ਜਿਸ ਨਾਲ ਉਸ ਦਾ ਮਨ ਸੋਧਿਆ ਜਾਵੇ, ਉਸ ਦੇ ਬਜਰ ਕਪਾਟ ਖੁਲ੍ਹ-ਜਾਣ ਅਤੇ ਸਿੱਧਾ ਗਿਆਨ ਪ੍ਰਾਪਤ ਹੋ ਸਕੇ ਅਤੇ ਉਹ ਸਮਾਚਿਤਤਾ ਦੀ ਸਥਿਤੀ ਨੂੰ ਪ੍ਰਾਪਤ ਹੋ ਜਾਵੇ।

ਸਾਧਿਕ ਨੂੰ ਕਈ ਪ੍ਰਕਾਰ ਦੀਆਂ ਔਕੜਾਂ ਆਉਂਦੀਆਂ ਹਨ। 1. ਉਸ ਨੇ ਗਿਆਨ ਪ੍ਰਾਪਤ ਕਰ ਲਿਆ ਹੈ ਪਰ ਉਸ ਨੂੰ ਬੁੱਧੀ ਨਾਲ ਵਿਚਾਰ ਕੇ ਹਿਰਦੇ ਵਿਚ ਨਹੀਂ ਵਸਾਇਆ 2. ਤਰੀਕੇ ਨਾਲ ਕੀਤੀ ਗਈ ਸਾਧਨਾ, ਮਨ ਇੰਦ੍ਰੀਆਂ ਨੂੰ ਸੋਧੇ ਬਿਨਾਂ ਉਹ ਆਪਣੀਆਂ ਸ਼ਕਤੀਆਂ ਨੂੰ ਅੰਤਰਰੂਪੀ ਨਹੀਂ ਕਰ ਸਕਦਾ, ਨਾ ਹੀ ਮਨ ਨੂੰ ਇਕਾਗਰ ਕਰ ਸਕਦਾ ਹੈ। 3. ਰੰਗ ਰਲੀਆਂ ਦਾ ਸਮਾਨ ਇਕੱਠਾ ਕਰਨ ਦਾ ਲਾਲਚ ਮੋਹ ਵਿਚ ਫਸਾਉਂਦਾ ਹੈ, ਮੋਹ ਸਾਰੇ ਦੁਖਾਂ ਦੀ ਜੜ੍ਹ ਹੈ। 4. ਮੋਹ ਕਾਰਣ ਚਿੰਤਨ ਸ਼ਕਤੀ ਕੰਮ ਨਹੀਂ ਕਰਦੀ ਪਰ ਜਦੋਂ ਮਨ ਸੋਧ ਕੇ ਸਾਧਨਾ ਕੀਤੀ ਜਾਵੇ, ਫੇਰ ਇੱਛਾ ਸ਼ਕਤੀ ਆਤਮ ਬਲ ਦੇ ਕੇ ਆਤਮ ਨਿਰਭਰਤਾ ਦੇ ਦਿੰਦੀ ਹੈ। ਇੱਛਾ ਸ਼ਕਤੀ ਉਸ ਨੂੰ ਪੁਰਾਣੀਆਂ ਆਦਤਾਂ ਛੱਡਣ ਦਾ ਬਲ ਦਿੰਦੀ ਹੈ। ਉਹ ਇਹ ਸਮਝਣ ਦੇ ਸਮਰੱਥ ਹੋ ਜਾਂਦਾ ਹੈ ਕਿ ਮੋਹ ਵਿਚ ਫਸਣਾ ਅਤੇ ਮੋਹ ਤੋਂ ਮੁਕਤ ਹੋਣਾ ਹੀ ਮੰਨ ਦੀ ਉਚੀ ਤੇ ਢਹਿੰਦੀ ਅਵਸਥਾ ਦਾ ਕਾਰਣ ਹੈ। ਮੋਹ ਤੋਂ ਮੁਕਤ ਹੋ ਕੇ ਤੁਸੀਂ ਪਰਮ ਸੱਤ ਨਾਲ ਜੁੜਦੇ ਹੋ, ਮੋਹ ਵਿਚ ਫਸ ਕੇ ਤੁਸੀਂ ਨਾਸ਼ਵਾਨ ਨਾਲ ਜੁੜਦੇ ਹੋ।

ਗੀਤਾ ਦੇ ਦੂਸਰੇ ਅਧਿਆਏ ਵਿਚ ਗਿਆਨ ਯੋਗ ਅਤੇ ਕਰਮ ਯੋਗ ਵਿਸਥਾਰ ਨਾਲ ਵੱਖ-ਵੱਖ ਕਰਕੇ ਦੱਸੇ ਗਏ ਹਨ, ਵਾਸਤਵ ਵਿਚ ਭਾਵੇਂ ਉਹ ਇਕ ਹੀ ਹਨ, ਕੀਤਾ ਕਰਮ ਪ੍ਰਤੱਖ ਦਿਸਦਾ ਹੈ, ਗੂੜ੍ਹਾ ਗਿਆਨ ਜਿਹੜਾ ਸੁਘੜ ਤਰੀਕੇ ਨਾਲ ਕਰਮ ਕਰਨ ਲਈ ਸਹਾਈ ਹੁੰਦਾ ਹੈ ਉਹ ਅਪ੍ਰਤੱਖ ਹੁੰਦਾ ਹੈ, ਪ੍ਰਤੱਖ ਕਰਮ ਕਰਨ ਤੋਂ ਕਿਤੇ ਪਹਿਲਾਂ ਉਹ ਕਰਮ ਸੂਖਸ਼ਮ ਤਰੀਕੇ ਨਾਲ ਅੰਦਰ ਕੀਤਾ ਜਾਂਦਾ ਹੈ। ਕਰਮ ਦਾ ਅੰਤਰੀਵ ਸਰੋਤ ਚਿੰਤਨ

ਹੈ, ਇਸ ਲਈ ਸੂਖਸ਼ਮ ਕਰਮ ਤੇ ਕਾਬੂ ਪਾਉਣ ਨੂੰ ਗਿਆਨ ਯੋਗ ਕਹਿੰਦੇ ਹਨ, ਸੁਚੱਜੇ ਢੰਗ ਨਾਲ ਕੀਤੇ ਕਰਮਾਂ ਨੂੰ ਕਰਮ ਯੋਗ ਕਹਿੰਦੇ ਹਨ, ਹੱਥ ਵਿਚ ਫੜੇ ਬੀਜ ਵਿਚ ਪ੍ਰਫੁਲਤ ਹੋਣ ਦੇ ਪੂਰੇ ਗੁਣ ਹਨ ਪਰ ਉਹ ਗੁਣ ਪੂਰੀ ਤਰ੍ਹਾਂ ਤਾਂ ਹੀ ਪ੍ਰਗਟ ਹੁੰਦੇ ਹਨ ਜਦੋਂ ਉਸ ਬੀਜ ਨੂੰ ਮਿੱਟੀ ਵਿਚ ਬੀਜਿਆ ਜਾਂਦਾ ਹੈ ਉਹ ਪੌਦਾ ਬਣਦਾ ਹੈ ਫੇਰ ਉਸ ਉਤੇ ਫਲ ਲਗਦੇ ਹਨ। ਇਕ ਅਪ੍ਰਤੱਖ ਸੱਚ ਹੈ, ਬੀਜ, ਦੂਸਰਾ ਦਿਸਦਾ ਸੱਚ ਹੈ ਪੌਦਾ ਅਤੇ ਫਲ ਗਿਆਨ ਯੋਗ ਅਤੇ ਕਰਮ ਯੋਗ ਇਕੋ ਹੀ ਤੱਤ ਦੇ ਦੋ ਰੂਪ ਹਨ।

ਤੀਸਰੇ ਅਧਿਆਏ ਦੇ ਇਹ ਦੋ ਸ਼ਲੋਕ ਦਸਦੇ ਹਨ ਕਿ ਅਰਜਨ ਬਿਨਾਂ ਸਮਝੇ ਕ੍ਰਿਸ਼ਨ ਜੀ ਦੀ ਸਿਖਿਆ ਨਹੀਂ ਲੈਣਾ ਚਾਹੁੰਦਾ, ਉਸ ਨੂੰ ਸਮਝਣਾ ਚਾਹੁੰਦਾ ਹੈ, ਚੰਗੀ ਤਰ੍ਹਾਂ ਜਾਣ ਲੈਣਾ ਚਾਹੁੰਦਾ ਹੈ ਫੇਰ ਉਸ ਉਤੇ ਅਮਲ ਕਰਨਾ ਠੀਕ ਸਮਝਦਾ ਹੈ, ਇਸ ਸਿਖਿਆ ਨੂੰ ਉਹ ਪੂਰੀ ਤਰ੍ਹਾਂ ਆਪਣੇ ਅੰਦਰ ਉਤਾਰਨਾ ਹੀ ਉਚਿਤ ਸਮਝਦਾ ਹੈ। ਜਗਿਆਸੂ ਭਾਵੇਂ ਗੁਰੂ ਦੀ ਸਿਖਿਆ ਮੰਨਣ ਦਾ ਪ੍ਰਣ ਕਰ ਵੀ ਲਵੇ ਪਰ ਉਸ ਦਾ ਮਨ ਬਹੁਤ ਵਾਰੀ ਉਸ ਗਿਆਨ ਨੂੰ ਪਕੜ ਨਹੀਂ ਸਕਦਾ ਕਿਉਂਕਿ ਉਸ ਦਾ ਆਪਣਾ (ਅਨੁਭਵ ਕੀਤਾ ਹੋਇਆ) ਪ੍ਰਤੱਖ ਗਿਆਨ ਨਹੀਂ ਹੁੰਦਾ। ਅਰਜਨ ਦੇ ਸਵਾਲ ਬਿਲਕੁਲ ਯਥਾਰਥਿਕ ਹਨ ਅਤੇ ਉਹ ਐਸੀਆਂ ਸਮਸਿਆਵਾਂ ਦਰਸਾਉਂਦੇ ਹਨ ਜਿਹੜੀਆਂ ਹਰ ਜਗਿਆਸੂ ਨੂੰ ਆਉਂਦੀਆਂ ਹਨ। ਹਰ ਜਗਿਆਸੂ ਨੂੰ ਅਰਜਨ ਹੀ ਬਣਨਾ ਚਾਹੀਦਾ ਹੈ, ਆਪਣੇ ਸ਼ੰਕੇ ਗੁਰੂ ਅੱਗੇ ਰੱਖ ਕੇ ਨਵਿਰਤ ਕਰਾਉਣੇ ਚਾਹੀਦੇ ਹਨ, ਬਿਨਾਂ ਸਮਝੇ ਬੁੱਝੇ ਸਿਖਿਆ ਗ੍ਰਹਿਣ ਨਹੀਂ ਕਰਨੀ ਚਾਹੀਦੀ। ਸ੍ਰੀ ਕ੍ਰਿਸ਼ਨ ਜੀ ਵੀ ਅਰਜਨ ਤੋਂ ਪੁਛਦੇ ਹਨ, ਉਸ ਨੂੰ ਉਤਸ਼ਾਹ ਦਿੰਦੇ ਹਨ ਤਾਂ ਜੋ ਉਹ ਆਪਣੇ ਸ਼ੰਕੇ ਨਵਿਰਤ ਕਰ ਸਕੇ ਚੰਗਾ ਗੁਰੂ ਆਪਣੇ ਸ਼ਿਸ਼ ਦੇ ਪ੍ਰਸ਼ਨਾਂ ਤੋਂ ਕਦੇ ਥਕਦਾ ਨਹੀਂ। ਬਹੁਤ ਸਾਰੇ ਜਗਿਆਸੂ ਜਾਂ ਤਾਂ ਸਿਖਿਆ ਮੰਨ ਲੈਂਦੇ ਹਨ ਬਿਨਾਂ ਸੋਚੇ ਸਮਝੇ ਲੈ ਲੈਂਦੇ ਹਨ, ਜਾਂ ਫੇਰ ਉਸ ਸਿਖਿਆ ਨੂੰ ਬੁੱਧੀ ਦੇ ਪੱਧਰ ਤੇ ਧਾਰਨ ਕਰਦੇ ਹਨ ਪਰ ਉਹ ਉਸ ਸਿਖਿਆ ਦਾ ਅਭਿਆਸ ਨਹੀਂ ਕਰਦੇ, ਉਸ ਦਾ ਪ੍ਰਯੋਗ ਨਹੀਂ ਕਰਦੇ, ਉਸ ਤੇ ਤਜਰਬਾ ਨਹੀਂ ਕਰਦੇ, ਉਸ ਨੂੰ ਆਪਣੇ ਅੰਦਰ ਨਹੀਂ ਉਤਾਰਦੇ ਪਰ ਅਰਜਨ ਬੁੱਧੀ ਦੇ ਪੱਧਰ ਤੇ ਗਿਆਨ ਨਹੀਂ ਲੈ ਰਿਹਾ, ਉਸ ਦੇ ਪ੍ਰਸ਼ਨ ਉਸ ਦੇ ਸ਼ੰਕੇ ਨਵਿਰਤ ਕਰਨ ਲਈ ਹਨ, ਉਸ ਦੇ ਮਾਰਗ ਦਰਸ਼ਨ ਲਈ ਹਨ ਤਾਂ ਜੋ ਉਹ ਆਪਣੇ ਚੁਣੇ ਹੋਏ ਮਾਰਗ ਤੇ ਪੂਰੇ ਭਰੋਸੇ ਨਾਲ ਚਲ ਸਕੇ, ਉਸ ਨੂੰ ਚੰਗੀ ਤਰ੍ਹਾਂ ਸਮਝ ਸਕੇ। ਸ਼ੰਕੇ ਹੋਣੇ ਬੜੇ ਹੀ ਸੁਭਾਵਿਕ ਹਨ, ਕੁਝ ਵੀ ਕਰਨ ਤੋਂ ਪਹਿਲਾਂ ਸ਼ੰਕੇ ਉਠਦੇ ਹੀ ਹਨ, ਮੈਂ ਕਰਾਂ ਜਾਂ ਨਾ ਕਰਾਂ? ਇਥੇ ਅਰਜਨ ਇਕ ਮਨ ਰੂਪ ਹੈ, ਕ੍ਰਿਸ਼ਨ ਜੀ ਇਕ ਪੂਰਨ ਯੋਗੀ, ਮਹਾਤਮਾ, ਜਿਹੜੇ ਆਪਣੀ ਨਿਰਲ ਚਿੰਤਨ ਨਾਲ ਸ਼ੰਕੇ ਨਵਿਰਤ ਕਰਕੇ ਕਰਮ ਕਰਨ ਲਈ ਪ੍ਰੇਰਦੇ ਹਨ। ਮਨ ਦੇ ਉਸ ਹਿੱਸੇ ਵਿਚ ਜਿਥੇ ਸ਼ੰਕੇ ਉਠਦੇ ਹਨ ਉਹ ਮਾਨਸ ਮਨ ਹੈ ਜਿਹੜਾ ਹਿੱਸਾ ਨਿਰਣਾ ਕਰਦਾ ਹੈ, ਉਹ ਬੁੱਧੀ ਹੈ।

3. ਸ੍ਰੀ ਕ੍ਰਿਸ਼ਨ ਬਚਨ ਕਰਦੇ ਹਨ, ਹੇ ਪਾਪ ਰਹਿਤ, ਮੈਂ ਇਸ ਸੰਸਾਰ ਵਿਚ ਦੋ ਤਰ੍ਹਾਂ ਦੇ ਅਨੁਸ਼ਾਸ਼ਨ ਸੰਜਮ ਦੱਸੇ ਹਨ, ਗਿਆਨ ਯੋਗ ਉਨ੍ਹਾਂ

ਲਈ ਜਿਨ੍ਹਾਂ ਦਾ ਮਾਰਗ ਵਿਵੇਕ, ਗਿਆਨ ਹੈ ਦੂਸਰੇ ਕਰਮ ਯੋਗ ਯੋਗੀਆਂ ਲਈ।

4. ਮਨੁੱਖ ਕਰਮ ਨਾ ਕਰਨ ਨਾਲ ਨਹਿਕਰਮੀ ਨਹੀਂ ਹੁੰਦਾ ਅਤੇ ਨਾ ਹੀ ਕੇਵਲ ਤਿਆਗ ਨਾਲ ਪੂਰਨਤਾ ਮਿਲਦੀ ਹੈ।

ਤੀਸਰਾ ਅਤੇ ਚੌਥਾ ਸਲੋਕ ਸਾਨੂੰ ਗਿਆਨ ਯੋਗ ਅਤੇ ਕਰਮ ਯੋਗ ਦੀ ਸੂਖਸ਼ਮਤਾ ਸਮਝਾਉਂਦੇ ਹਨ। ਤੀਸਰੇ ਸਲੋਕ ਵਿਚ ਸ਼ਾਂਤੀ ਪ੍ਰਾਪਤ ਕਰਨ ਦੇ ਦੋ ਤਰੀਕੇ ਦੱਸੇ ਗਏ ਹਨ, ਦੋਨੋਂ ਹੀ ਇਕੋ ਜਿਹੇ ਹਨ, ਦੋਨਾਂ ਵਿਚੋਂ ਕੋਈ ਵੀ ਇਕ ਤੋਂ ਵਧੀਆ ਨਹੀਂ ਹੈ, ਨਿਸ਼ਟਾ ਸ਼ਬਦ ਦਾ ਅਰਥ ਹੈ ਪੂਰਨ ਨਿਸ਼ਚਾ ਜਾਂ ਪੂਰੀ ਤਰ੍ਹਾਂ ਸੋਚ ਕੇ ਕੀਤਾ ਗਿਆ ਨਿਰਣਾ, ਫੈਸਲਾ ਜਿਸ ਵਿਚ ਕੋਈ ਭਰਮ ਨਾ ਹੋਵੇ, ਸ਼ੱਕ ਨਾ ਹੋਵੇ। ਗਿਆਨ ਮਾਰਗ ਤੇ ਪੂਰੀ ਦ੍ਰਿੜ੍ਹਤਾ ਰੱਖਣ ਨੂੰ ਗਿਆਨ ਨਿਸ਼ਠਾ ਕਹਿੰਦੇ ਹਨ, ਪੂਰੀ ਤਰ੍ਹਾਂ ਵਚਨ ਬੱਧ ਹੋ ਕੇ ਕਰਮ ਕਰਨ ਨੂੰ ਕਰਮ ਨਿਸ਼ਠਾ ਕਹਿੰਦੇ ਹਨ। ਗਿਆਨ ਮਾਰਗ ਤੇ ਚੱਲਣ ਵਾਲਿਆਂ ਦਾ ਦ੍ਰਿੜ੍ਹ ਨਿਸ਼ਚਾ ਹੈ ਕਿ ਗਿਆਨ ਨਾਲ ਹੀ ਸ਼ਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਕਰਮ ਯੋਗ ਤੇ ਚੱਲਣ ਵਾਲੇ ਸੋਚਦੇ ਹਨ ਕਿ ਮੋਹ ਤਿਆਗ ਕੇ ਕੀਤੇ ਗਏ ਕਰਮ ਹੀ ਕੇਵਲ ਆਤਮ ਪਸਾਰ ਕਰ ਸਕਦੇ ਹਨ। ਗਿਆਨ ਮਾਰਗ ਤੇ ਚੱਲਣ ਲਈ ਵੀ ਗਿਆਨ ਮੋਹ ਰਹਿਤ ਤੇ ਤਿਆਗ ਅਤਿ ਲੋੜੀਂਦੇ ਹਨ। ਕਰਮ ਯੋਗ ਦੇ ਮਾਰਗ ਤੇ ਚਲਦਿਆਂ ਆਪਣੇ ਕਰਮ ਸੁਚੱਜੀ ਤਰ੍ਹਾਂ ਨ੍ਰਿਸੁਆਰਥੀ ਹੋ ਕੇ ਮੋਹ ਤੋਂ ਮੁਕਤ ਹੋ ਕੇ ਕਰਨੇ ਓਨੇ ਹੀ ਜ਼ਰੂਰੀ ਹਨ। ਇਹ ਜਾਣ ਲੈਣਾ ਬੜਾ ਰੌਚਿਕ ਹੈ ਕਿ ਪੰਜ ਗਿਆਨ ਇੰਦ੍ਰੀਆਂ ਰਾਹੀਂ ਅਸੀਂ ਗਿਆਨ ਪ੍ਰਾਪਤ ਕਰਦੇ ਹਾਂ ਅਤੇ ਪੰਜ ਅੰਗ (ਮੂੰਹ, ਹੱਥ, ਪੈਰ, ਕਿਰਿਆ ਕਰਨ ਅਤੇ ਪੈਦਾ ਕਰਨ) ਇਹ ਸਾਨੂੰ ਕਰਮ ਕਰਨ ਵਿਚ ਸਹਾਇਕ ਹਨ ਇਹ ਦੋਨੋਂ ਹੀ ਇੰਦ੍ਰੀਆਂ ਅਤੇ ਅੰਗ ਇਕ ਦੂਸਰੇ ਦੇ ਸਹਾਇਕ ਹਨ, ਜੀਵਨ ਸੌਖਾ ਕਰਦੇ ਹਨ। ਇਹ ਵੀ ਜਾਣ ਕੇ ਬੜਾ ਰੌਚਕ ਲਗਦਾ ਹੈ ਕਿ ਅੱਜ ਦੇ ਇਕ ਪ੍ਰਸਿੱਧ ਮਨੋਵਿਗਿਆਨਕ ਕਾਰਲ ਜੰਗ ਨੇ ਮਨੁੱਖਾਂ ਨੂੰ ਦੋ ਧੜ੍ਹਿਆਂ ਵਿਚ ਵੰਡਿਆ ਹੈ ਇਕ ਅੰਤਰਮੁਖੀ, ਦੂਸਰੇ ਬਾਹਰ ਮੁਖੀ। ਜਿਹੜੇ ਅੰਦਰ ਦੇਖ ਕੇ ਆਪਾ ਚੀਨਦੇ ਹਨ ਉਹ ਗਿਆਨ ਮਾਰਗ ਵਲ ਵਧੇਰੇ ਝੁਕੇ ਹੋਣਗੇ, ਜਿਹੜੇ ਬਾਹਰਮੁਖੀ ਹਨ ਕਰਮ ਕਰਨ ਵਿਚ ਵਿਸ਼ਵਾਸ਼ ਰੱਖਦੇ ਹਨ ਉਨ੍ਹਾਂ ਨੂੰ ਕਰਮਯੋਗੀ ਕਹਿੰਦੇ ਹਨ।

ਗਿਆਨ ਦਾ ਮਾਰਗ ਤਿਆਗ ਦੇ ਨਾਲ ਬਹੁਤ ਕੁਝ ਹੋਰ ਵੀ ਹੈ, ਪੁਰਾਤਨ ਤੌਰ ਤੇ ਇਸ ਦੇ ਚਾਰ ਅਸੂਲ ਹਨ - ਵਿਵੇਕ, ਨਿਰਲੇਪਤਾ, ਮੁਕਤੀ ਦੀ ਲੋਚਾ ਅਤੇ ਛੇ ਗੁਣ (ਮਨ ਤੇ ਕਾਬੂ, ਇੰਦ੍ਰੀਆਂ ਤੇ ਕਾਬੂ, ਧੀਰਜ, ਸੰਸਾਰਕ ਪਦਾਰਥਾਂ ਤੋਂ ਦੂਰੀ, ਵਿਸ਼ਵਾਸ਼, ਸ਼ਾਂਤੀ) ਇਨ੍ਹਾਂ ਗੁਣਾਂ ਦਾ ਵਰਨਣ ਅਗਲੇ ਸਲੋਕਾਂ ਵਿਚ ਕੀਤਾ ਗਿਆ ਹੈ। ਚੌਥੇ ਸ਼ਲੋਕ ਵਿਚ ਦਸਿਆ ਗਿਆ ਹੈ ਕੇਵਲ ਤਿਆਗ ਨਾਲ ਹੀ ਪੂਰਨਤਾ ਨਹੀਂ ਆਉਂਦੀ। ਮਿਸਾਲ ਵਜੋਂ ਜੇ ਇਕ ਦਮ ਕੋਈ ਜਾਗਿਆਸੂ ਤਿਆਗ ਮਾਰਗ ਤੇ ਚਲਣਾ ਚਾਹੇ, ਇਹ ਫੈਸਲਾ ਉਹ ਇਕ ਦਮ ਹੀ ਕਰ ਲਵੇ, ਬਿਨਾਂ ਸੋਚੇ ਸਮਝੇ, ਉਹ ਘਰ ਬਾਹਰ ਛੱਡ ਦੇਵੇ, ਸਭ ਕੁਝ ਜੋ ਉਸ ਕੋਲ ਹੈ ਤਿਆਗ ਦੇਵੇ ਕਿਉਂਕਿ ਆਮ ਮਨੁੱਖ ਲਈ ਤਿਆਗ ਤੋਂ ਭਾਵ ਹੈ ਸੰਸਾਰਕ ਪਦਾਰਥਾਂ ਦਾ

ਤਿਆਗ, ਉਨ੍ਹਾਂ ਤੋਂ ਦੂਰ ਹੋਣਾ ਪਰ ਵਾਸਤਵ ਵਿਚ ਜਦੋਂ ਤਕ ਇਨ੍ਹਾਂ ਪਦਾਰਥਾਂ ਦੇ ਮੋਹ ਦਾ ਤਿਆਗ ਨਾ ਕੀਤਾ ਜਾਵੇ ਇਨ੍ਹਾਂ ਤੋਂ ਨਿਰਲਿਪਤ ਨਾ ਹੋਇਆ ਜਾਵੇ ਉਸ ਨੂੰ ਆਪਣਾ ਪਿਛੋਕੜ ਯਾਦ ਆਉਂਦਾ ਰਹੇਗਾ, ਉਸ ਨੂੰ ਖਿੱਚ ਰਹੇਗੀ ਜੋ ਵੀ ਉਹ ਛੱਡ ਕੇ ਆਇਆ ਹੈ, ਇਸ ਤਰ੍ਹਾਂ ਤਾਂ ਪੂਰਨ ਤਿਆਗ ਨਹੀਂ ਹੈ, ਇਹ ਹਾਲੇ ਪੂਰਨ ਗਿਆਨ ਵੀ ਨਹੀਂ ਜਿਹੜਾ ਗਿਆਨ ਮਾਰਗ ਲਈ ਲੋੜੀਂਦਾ ਹੈ, ਜਦੋਂ ਤਕ ਮੋਹ ਨੂੰ ਫੂਕ ਕੇ ਤਿਆਗ ਮਾਰਗ ਤੇ ਨਹੀਂ ਆਉਂਦਾ ਉਦੋਂ ਤਕ ਅਗਿਆਨ ਦਾ ਹਨ੍ਹੇਰਾ ਦੂਰ ਨਹੀਂ ਹੋ ਸਕਦਾ। ਮੋਹ ਤੋਂ ਮੁਕਤੀ ਅਤੇ ਤਿਆਗ ਇਕ ਦੂਸਰੇ ਦਾ ਹੱਥ ਫੜ ਕੇ ਹੀ ਤੁਰ ਸਕਦੇ ਹਨ, ਕਰਮ ਯੋਗ ਲਈ ਵੀ ਮੌਤ ਤੋਂ ਛੁਟਕਾਰਾ ਬਹੁਤ ਜ਼ਰੂਰੀ ਹੈ, ਇਸ ਦਾ ਸਿੱਧਾ ਸਬੰਧ ਕਰਮ ਦੇ ਫਲ ਨਾਲ ਵੀ ਹੈ। ਕਈ ਵਿਆਖਿਆ ਕਰਨ ਵਾਲਿਆਂ ਨੇ ਬੈਰਾਗ ਦਾ ਉਲਥਾ ਵਿਰਕਤੱਤਾ ਕੀਤਾ ਹੈ, ਮੋਹ ਤੋਂ ਮੁਕਤੀ ਦੀ ਬਜਾਏ, ਪਰ ਵਿਰਕਤੱਤਾ ਬੈਰਾਗ ਦੇ ਸਹੀ ਅਰਥ ਨਹੀਂ ਦਰਸਾਉਂਦਾ, ਮੋਹ ਤੋਂ ਮੁਕਤੀ ਦਾ ਭਾਵ ਹੈ ਕਰਮ ਕਰਨਾ, ਪਿਆਰ ਨਾਲ ਕਰਨਾ, ਵਿਰਕਤ ਹੋ ਕੇ, ਲਾਪਰਵਾਹੀ ਨਾਲ ਨਹੀਂ, ਕਰਮ ਨਾ ਕਰਕੇ ਮੁਕਤੀ ਨਹੀਂ ਮਿਲਦੀ।

ਮੋਹ ਤੋਂ ਮੁਕਤੀ ਸਭ ਤੋਂ ਉਚਾ ਗੁਣ ਹੈ, ਇਹ ਕਰਮ ਕਰਨ ਵਾਲੇ ਨੂੰ ਵੀ ਮੁਕਤ ਰਖਦਾ ਹੈ। ਕਿਉਂ ਉਹ ਕਰਮ ਕਰ ਰਿਹਾ ਹੈ ਪਰ ਸੰਸਾਰ ਦੀ ਅਸ਼ਾਂਤੀ ਤੋਂ ਉਹ ਬਿਲਕੁਲ ਵਖਰਾ ਹੈ ਅਤੇ ਆਪਣੀ ਡਿਊਟੀ ਆਪਣਾ ਕਰਮ ਆਪ ਆਪਣੇ ਤੇ ਥੋਪਦਾ ਹੈ, ਤਿਆਗ ਨੂੰ ਕਰਮ ਤੋਂ ਉਚਾ ਸਮਝਦਾ ਹੈ। ਮੋਹ ਦਾ ਤਿਆਗ ਦੋਨੋਂ ਮਾਰਗਾਂ ਤੇ ਸਹਾਇਕ ਹੈ ਇਕ ਤਿਆਗੀ ਆਪਣੇ ਕਰਮ ਸੱਚੇ ਮਨ ਨਾਲ ਕਰਦਾ ਹੈ ਅਤੇ ਪੂਰੀ ਤਰ੍ਹਾਂ ਸੁਤੰਤਰ ਹੋ ਕੇ ਕਰਦਾ ਹੈ। ਕਰਮ ਮਾਰਗ ਤੇ ਮਨੁੱਖ ਆਪਣੇ ਕਰਮ ਸੁਚੱਜੀ ਤਰ੍ਹਾਂ ਕਰਦਾ ਹੈ, ਸੁਆਰਥੀ ਹੋ ਕੇ ਕਰਦਾ ਹੈ, ਮੋਹ ਤਿਆਗ ਕੇ ਕਰਦਾ ਹੈ, ਇਸ ਤਰ੍ਹਾਂ ਕਰਦਿਆਂ ਉਹ ਪੂਰੀ ਤਰ੍ਹਾਂ ਸੁਤੰਤਰ ਹੋ ਜਾਂਦਾ ਹੈ।

ਭਾਵੇਂ ਤਿਆਗ ਅਤੇ ਕਰਮ ਦੇ ਮਾਰਗ ਵੱਖ-ਵੱਖ ਹਨ, ਦੋਨਾਂ ਦਾ ਆਦਰਸ਼ ਟੀਚਾ ਇਕ ਹੀ ਹੈ ਤਿਆਗੀ ਦੇ ਜੀਵਨ ਵਿਚ ਤਿਆਗ ਹੈ, ਭਾਵ ਸੰਸਾਰਕ ਪਦਾਰਥਾਂ ਦਾ ਤਿਆਗ। ਉਨ੍ਹਾਂ ਦੀ ਇੱਛਾ ਦਾ ਤਿਆਗ। ਤਿਆਗੀ ਹਰ ਸੰਸਾਰਕ ਪਦਾਰਥ ਦਾ ਤਿਆਗ ਕਰਦਾ ਹੈ। ਉਸ ਦੀ ਇਕ ਹੀ ਲੋਚਾ ਹੁੰਦੀ ਹੈ ਸੁਤੰਤਰ ਹੋਣਾ, ਮੁਕਤ ਹੋਣਾ। ਉਸਦੀ ਕੇਵਲ ਇਕ ਹੀ ਇੱਛਾ ਹੁੰਦੀ ਹੈ ਉਸ ਪ੍ਰਮ ਸਤਿ ਨਾਲ ਇਕ ਹੋਣ ਦੀ, ਉਸ ਦੇ ਜੀਵਨ ਦਾ ਪਹੀਆ ਘੁੰਮ ਤਾਂ ਰਿਹਾ ਹੈ ਪਰ ਬਿਨਾਂ ਕਿਸੇ ਅਰਥ ਦੇ ਫਲ ਦੇ। ਤਿਆਗ ਦੇ ਜੀਵਨ ਵਿਚ ਤਿਆਗ ਤੇ ਨਿਰਲੇਪਤਾ ਅਵੱਸ਼ਕ ਹੈ। ਕਰਮ ਦੇ ਮਾਰਗ ਤੇ ਕੋਈ ਤਿਆਗ ਨਹੀਂ ਪਰ ਮਨੁੱਖ ਆਪਣੇ ਕਰਮ ਸੰਸਾਰ ਵਿਚ ਵਿਚਰਦਿਆਂ ਸਭ ਕੁਛ ਨਿਭਾਉਂਦਿਆਂ ਹੀ ਕਰਦਾ ਹੈ, ਫਲ ਦੀ ਇੱਛਾ ਵੀ ਨਹੀਂ ਰਖਦਾ। ਕਰਮ ਦਾ ਮਾਰਗ ਪਿਆਰ ਤੇ ਵਿਜੈ ਦਾ ਮਾਰਗ ਹੈ, ਤਿਆਗ ਦਾ ਮਾਰਗ ਕੁਰਬਾਨੀ ਦਾ ਮਾਰਗ ਹੈ।

ਕਰਮ ਦੇ ਮਾਰਗ ਤੇ ਤੁਸੀਂ ਕਰਮਾਂ ਦਾ ਫਲ ਦੂਸਰਿਆਂ ਨੂੰ ਅਰਪਿਤ ਕਰਦੇ ਹੋ, ਪਰਮ ਸਤਿ ਨੂੰ ਮੰਨਦੇ ਹੋ, ਉਸ ਨੂੰ ਸਭ ਵਿਚ ਦੇਖਦੇ ਹੋ, ਉਹ

ਹੀ ਪੂਜਾ ਹੈ, ਅਰਦਾਸ ਹੈ। ਜੇ ਕੋਈ ਕੇਵਲ ਅਰਦਾਸ ਹੀ ਕਰਦਾ ਹੈ ਪਰ ਉਸ ਅਰਦਾਸ ਦਾ ਮਹੱਤਵ ਨਹੀਂ ਸਮਝਦਾ, ਅਰਥ ਨਹੀਂ ਸਮਝਦਾ, ਉਸ ਦਾ ਅਭਿਆਸ ਆਪਣੇ ਰੋਜ਼ ਦੇ ਜੀਵਨ ਵਿਚ ਨਹੀਂ ਕਰਦਾ, ਉਸ ਨੂੰ ਅੰਤਰ ਮਨ ਦੀ ਸ਼ਾਂਤੀ ਨਹੀਂ ਮਿਲ ਸਕਦੀ, ਸੰਤੋਖ ਨਹੀਂ ਆ ਸਕਦਾ ਅਤੇ ਬਿਨਾਂ ਸੰਤੋਖ ਸਦਾ ਵਿਆਕੁਲ ਹੀ ਰਹੇਗਾ।

5. ਤਥਾ ਸਰਬਤਰ ਕਰਮਾਂ ਦੇ ਸਰੂਪ ਤੋਂ ਤਿਆਗ ਹੋ ਹੀ ਨਹੀਂ ਸਕਦਾ ਕਿਉਂਕਿ ਕੋਈ ਭੀ ਪੁਰਸ਼ ਕਿਸੇ ਸਮੇਂ ਵਿਚ ਖਿਨ ਮਾਤਰ ਭੀ ਕਰਮ ਕੀਤੇ ਬਿਨਾਂ ਨਹੀਂ ਰਹਿੰਦਾ। ਨਿਰਸੰਦੇਹ ਸਾਰੇ ਹੀ ਪੁਰਸ਼ ਪ੍ਰਕ੍ਰਿਤੀ ਤੋਂ ਉਤਪੰਨ ਹੋਏ ਰਜ, ਤਮ, ਸਤ ਗੁਣਾਂ ਦੁਆਰਾ ਪ੍ਰੇਰਿਤ ਹੋਏ ਕਰਮ ਕਰਦੇ ਹਨ।

ਹਰ ਇਕ ਜੀਵ ਨੂੰ ਕਰਮ ਕਰਨੇ ਪੈਂਦੇ ਹਨ ਜਦੋਂ ਤਕ ਸਾਹ ਆਉਣੇ ਹਨ, ਕਰਮ ਕਰਨੇ ਹੀ ਪੈਣਗੇ ਭਾਵੇਂ ਕੋਈ ਨਾ ਵੀ ਚਾਹੇ। ਸਥਿਰ ਹੋ ਕੇ ਬੈਠਣਾ, ਸੌਣਾ ਵੀ ਕਰਮ ਹੈ ਕਿਉਂਕਿ ਕਰਮ ਕਰਨੇ ਹੀ ਪੈਣੇ ਹਨ ਤੇ ਕਿਉਂ ਨਾ ਸੁਚੱਜੀ ਤਰ੍ਹਾਂ ਕੀਤੇ ਜਾਣ। ਮਾਨਸ ਆਪਣੇ ਸਾਰੇ ਕਰਮਾਂ ਲਈ ਉਤਰਦਾਈ ਹੈ ਅਤੇ ਕੀਤੇ ਗਏ ਕਰਮਾਂ ਦੇ ਫਲ ਦਾ ਵੀ ਉਤਰਦਾਈ ਹੈ, ਜੇ ਉਹ ਕਰਮ ਤੋਂ ਟਲਦਾ ਹੈ ਤਾਂ ਉਹ ਆਪਣੇ ਲਈ ਤੇ ਦੂਸਰਿਆਂ ਲਈ ਦੂੰਦ ਪੈਦਾ ਕਰਦਾ ਹੈ, ਪਰ ਜੇ ਉਹ ਸੁਚੱਜੀ ਤਰ੍ਹਾਂ ਕਰਮ ਕਰਦਾ ਹੈ, ਉਹ ਵੀ ਖੁਸ਼ ਤੇ ਠੀਕ ਦੂਸਰੇ ਵੀ, ਕਈ ਵਾਰੀ ਵਿਰੋਧ ਵੀ ਠੀਕ ਹੋ ਸਕਦਾ ਹੈ। ਮਿਸਾਲ ਵਜੋ ਜੇ ਕਿਸੇ ਨੂੰ ਕੁਝ ਕਰਨ ਨੂੰ ਕਿਹਾ ਜਾਏ ਜਿਹੜਾ ਉਸਦੀ ਆਤਮਾ ਨਾ ਮੰਨਦੀ ਹੋਵੇ, ਵਿਰੋਧ ਨਾਲ ਉਹ ਆਪਣੇ ਅੰਦਰ ਦੀ ਅਵਾਜ਼ ਸੁਣ ਕੇ ਉਸ ਦੇ ਮੁਤਾਬਿਕ ਕਰਮ ਕਰੇਗਾ। ਕਰਮ ਜਾਂ ਡਿਊਟੀ ਨਾ ਕਰਨੀ ਤਾਂ ਸੰਤਾਪ ਹੈ। ਰਜੋ ਗੁਣ, ਤਮੋ ਗੁਣ, ਸਤੋ ਗੁਣ ਇਹ ਤਿੰਨ ਗੁਣ ਮਨੁੱਖ ਨੂੰ ਕਰਮ ਕਰਨ ਲਈ ਪ੍ਰੇਰਦੇ ਹਨ ਅੱਗੇ ਚੱਲ ਕੇ ਇਨ੍ਹਾਂ ਨੂੰ ਵਿਸਤਾਰ ਨਾਲ ਦਸਿਆ ਜਾਵੇਗਾ।

6. ਇਸ ਲਈ ਜੋ ਮੂੜ੍ਹ ਬੁਧਿ ਪੁਰਸ਼ ਕਰਮ ਇੰਦ੍ਰੀਆਂ ਨੂੰ ਹੱਠ ਕਰਕੇ ਰੋਕ ਕੇ, ਇੰਦ੍ਰੀਆਂ ਦੇ ਭੋਗਾਂ ਨੂੰ ਮਨ ਵਿਚ ਚਿੰਤਨ ਕਰਦਾ ਰਹਿੰਦਾ ਹੈ ਉਹ ਮਿਥਿਆ ਚਾਰੀ ਯਥਾ ਪਾਖੰਡੀ ਕਿਹਾ ਜਾਂਦਾ ਹੈ। ਜਿਸ ਦਾ ਮਨ ਭਰਮਿਆ ਹੋਇਆ ਹੈ ਉਹ ਕਰਮ ਇੰਦ੍ਰੀਆਂ ਨੂੰ ਰੋਕਦਾ ਤਾਂ ਹੈ ਪਰ ਮਨ ਨਾਲ ਇੰਦ੍ਰੀਆਂ ਨੂੰ ਚਿਤਵਦਾ ਰਹਿੰਦਾ ਹੈ, ਉਹ ਪਾਖੰਡੀ ਹੈ। ਤਿਆਗ ਦੇ ਮਾਰਗ ਤੇ ਕਾਫੀ ਗੜਬੜ ਹੈ, ਬਹੁਤ ਸਾਰੇ ਤਿਆਗੀ ਪਾਖੰਡੀ ਹਨ ਬਾਹਰੋਂ ਦੇਖਣ ਨੂੰ ਉਹ ਤਿਆਗੀ ਲਗਦੇ ਹਨ, ਨਿਰਲਿਪਤ ਲਗਦੇ ਹਨ ਪਰ ਉਨ੍ਹਾਂ ਦੇ ਮਨ ਲੋਭ, ਮੋਹ ਵਿਚ ਫਸੇ ਰਹਿੰਦੇ ਹਨ ਇਹ ਤਿਆਗੀ ਦਾ ਭੇਖ ਇਕ ਪਾਖੰਡ ਹੈ, ਇਹੋ ਜਿਹੇ ਦੰਭੀ ਘਬਰਾਏ ਰਹਿੰਦੇ ਹਨ, ਇਹੋ ਜਿਹੀ ਸਰਲਤਾ, ਤਪਸਿਆ ਕੋਈ ਫਲ ਨਹੀਂ ਦਿਆ ਕਰਦੀ ਇਹੋ ਜਿਹਾ ਵਤੀਰਾ ਮਾਨਵ ਪਰਿਆਸ ਨੂੰ ਕਮਜ਼ੋਰ ਕਰ ਦਿੰਦਾ ਹੈ ਤੇ ਆਪਣੇ ਆਪ ਨਾਲ ਵੀ ਵਧੀਕੀ ਹੈ। ਜੇ ਇਸ ਤਰ੍ਹਾਂ ਹੀ ਰਹਿੰਦੇ ਰਹੋ ਮਨੁੱਖ ਆਪਣੇ ਆਪ ਨੂੰ ਅੰਦਰ ਅਪਰਾਧੀ ਸਮਝਣ ਲਗ ਪੈਂਦਾ ਹੈ ਨਾ ਤਾਂ ਉਸ ਦੇ ਮਨ ਨੂੰ ਸ਼ਾਂਤੀ ਮਿਲਦੀ ਹੈ, ਨਾ ਹੀ ਉਹ ਆਪਣੇ ਕਾਰਜ ਠੀਕ ਤਰ੍ਹਾਂ ਕਰ ਸਕਦਾ ਹੈ ਪਾਖੰਡੀ ਕੇਵਲ ਬਾਹਰੀ ਪ੍ਰਗਟਾਵੇ ਦਾ ਹੀ ਸੋਚਦਾ ਹੈ ਜਾਂ ਕਾਨੂੰਨੀ ਤੌਰ ਤੇ ਸੋਚਦਾ

ਹੈ ਜਿਥੇ ਕਿ ਜਦੋਂ ਤੁਸੀਂ ਠੀਕ ਹੁੰਦੇ ਹੋ ਸੱਚੇ ਹੁੰਦੇ ਹੋ ਤਾਂ ਤੁਸੀਂ ਅੰਦਰ ਦੇ ਅਨੁਭਵ ਲਈ ਬਹੁਤੀ ਰੁਚੀ ਰਖਦੇ ਹੋ।

ਬਾਹਰ ਦੇ ਦਿਖਾਵੇ ਤੇ ਅੰਦਰ ਦੇ ਅਨੁਭਵ ਵਿਚ ਬਹੁਤ ਮਹੱਤਵਪੂਰਨ ਫਰਕ ਹੈ। ਬਾਹਰੀ ਵਿਖਾਵੇ ਦਾ ਕੋਈ ਲਾਭ ਨਹੀਂ ਬਲਕਿ ਵਿਸਤਾਰ ਲਈ ਹਾਨੀਕਾਰਕ ਹੈ, ਜੇ ਉਹ ਅੰਦਰੋਂ ਨਹੀਂ ਆਉਂਦਾ। ਬਾਹਰੀ ਦਿਖਾਵਾ ਕਰਨਾ ਬਹੁਤ ਸੌਖਾ ਹੈ, ਸੁਆਂਗ ਕਰਨਾ ਸੌਖਾ ਹੈ, ਮਾਣ ਲੈਣਾ ਸੌਖਾ ਹੈ, ਥਾਪੜਾ ਲੈਣਾ ਸੌਖਾ ਹੈ, ਸੋਚ ਅਤੇ ਭਾਵ ਭਾਵੇਂ ਬਿਲਕੁਲ ਵਿਪਰੀਤ ਹੀ ਹੋਣ। ਈਸਾ ਜੀ ਨੇ ਕਿਹਾ ਸੀ ਅਰਦਾਸ ਇਕੱਲੇ ਕਰਨੀ ਚਾਹੀਦੀ ਹੈ, ਪਾਖੰਡੀ ਦੀ ਤਰ੍ਹਾਂ ਨਹੀਂ, ਜੇ ਤੁਸੀਂ ਆਪਣੀ ਭਾਵਨਾ ਦਾ ਪ੍ਰਗਟਾਵਾ ਨਹੀਂ ਕਰੋਗੇ, ਉਨ੍ਹਾਂ ਨੂੰ ਦਿਖਾਓਗੇ ਨਹੀਂ ਤਾਂ ਤੁਹਾਡੀ ਹਉਮੈ ਤੁਹਾਨੂੰ ਘੱਟ ਤੰਗ ਕਰੇਗੀ।

ਬਾਹਰੀ ਤਿਆਗ ਆਤਮ ਸਾਧਨਾ ਦੀ ਪਉੜੀ ਦਾ ਪਹਿਲਾ ਡੰਡਾ ਹੈ, ਪਰ ਜੇ ਅੰਦਰ ਦਾ ਤਿਆਗ ਨਾ ਆਵੇ ਤਾਂ ਬਹੁਤ ਸਾਰੀ ਸਮਸਿਆ ਖੜੀ ਹੋ ਜਾਂਦੀ ਹੈ, ਉਹ ਫੇਰ ਇਕ ਸੱਚੇ ਤਿਆਗੀ ਦੀ ਤਰ੍ਹਾਂ ਨਹੀਂ ਰਹਿ ਸਕਦਾ। ਭਾਵੁਕ ਹੋ ਕੇ ਹਜ਼ਾਰਾਂ ਹੀ ਲੋਕੀ ਬੁੱਧ ਦੇ ਸ਼ਰਧਾਲੂ ਬਣ ਗਏ, ਤਿਆਗੀ ਬਣਨ ਨੂੰ ਤਿਆਰ ਹੋ ਗਏ ਪਰ ਛੇਤੀ ਹੀ ਉਨ੍ਹਾਂ ਨੂੰ ਪਤਾ ਲਗ ਗਿਆ ਕਿ ਇਛਾਵਾਂ ਉਨ੍ਹਾਂ ਦੇ ਨਾਲ ਹੀ ਹਨ, ਉਹ ਫੇਰ ਇਸੇ ਡਰ ਵਿਚ ਰਹੇ ਕਿ ਸੰਸਾਰ ਉਨ੍ਹਾਂ ਨੂੰ ਵਾਪਸ ਮਨਜ਼ੂਰ ਕਰੇਗਾ ਕਿ ਨਹੀਂ ਉਨ੍ਹਾਂ ਨੇ ਇਸ ਮਾਰਗ ਨੂੰ ਖਰਾਬ ਕਰ ਦਿਤਾ, ਉਹ ਭੋਗ ਵੀ ਭੋਗਦੇ ਰਹੇ ਤੇ ਤਿਆਗੀ ਵੀ ਕਹਾਉਂਦੇ ਰਹੇ ਬਿਲਕੁਲ ਇਸ ਤਰ੍ਹਾਂ ਹੀ ਪੱਛਮ ਵਿਚ ਵੀ ਹੋਇਆ ਹੈ।

ਗੁਰੂ ਮਹਾਰਾਜ ਜੀ ਭੀ ਫੁਰਮਾਉਂਦੇ ਹਨ –

***ਊਂਅਰ ਤਾਪ ਗੇਰੀ ਕੇ ਬਸਤ੍ਰਾ॥***
***ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ॥***
***ਦੇਸੁ ਛੋਡਿ ਪਰਦੇਸਹਿ ਧਾਇਆ॥***
***ਪੰਚ ਚੰਡਾਲ ਨਾਲੇ ਲੈ ਆਇਆ॥ (ਗੁਰਬਾਣੀ ਪੰਨਾ – 1348***

***(ਨੋਟ – ਚੇਅਰਮੈਨ ਆਤਮ ਮਾਰਗ)***

ਕੁਝ ਲੋਕਾਂ ਦਾ ਪਾਖੰਡ ਤਿਆਗ ਨੂੰ ਅਯੋਗ ਨਹੀਂ ਕਰ ਸਕਦਾ ਕਿਉਂਕਿ ਪਖੰਡੀ ਤਿਆਗੀ ਨਹੀਂ ਹਨ, ਉਹ ਕਪੜੇ ਭਾਵੇਂ ਤਿਆਗੀਆਂ ਵਾਲੇ ਪਾ ਲੈਣ ਪਰ ਉਨ੍ਹਾਂ ਦੇ ਮਨ ਮੁੜ ਮੁੜ ਕੇ ਪੁਰਾਣੀਆਂ ਆਦਤਾਂ ਤੇ ਜਾਂਦੇ ਹਨ, ਉਹ ਆਪਣੇ ਆਪ ਨਾਲ ਹੀ ਸੱਚੇ ਨਹੀਂ, ਦੂਸਰੇ ਨਾਲ ਕਿਸ ਤਰ੍ਹਾਂ ਸੱਚੇ ਹੋ ਸਕਦੇ ਹਨ? ਅਸਲੀ ਤਿਆਗੀ ਬਹੁਤ ਹੀ ਸਾਹਸੀ ਹੁੰਦੇ ਹਨ, ਉਹ ਧਰਤੀ ਤੇ ਰਹਿੰਦੇ ਵੀ ਸਵਰਗ ਵਿਚ ਹੀ ਵਿਚਰ ਰਹੇ ਹੁੰਦੇ ਹਨ।

ਪਖੰਡੀ ਵਤੀਰਾ ਅੰਦਰ ਦੇ ਵਿਅਕਤੀਤਵ ਦੀ ਕਿਸੇ ਦਰਾੜ ਦਾ ਪ੍ਰਗਟਾਵਾ ਹੈ ਸੋਚਣੀ, ਕਥਨੀ ਤੇ ਕਰਨੀ ਵਿਚ ਤਾਲ ਮੇਲ ਨਹੀਂ ਹੈ। ਪਖੰਡੀ ਸੋਚਦਾ ਹੈ ਜਿਸ ਤਰ੍ਹਾਂ ਦਾ ਉਹ ਹੈ ਉਸ ਨੂੰ ਲੋਕੀ ਮਨਜ਼ੂਰ ਨਹੀਂ ਕਰਨਗੇ। ਸੋ ਉਹ ਇਕ ਮਖੌਟਾ ਲਗਾ ਲੈਂਦਾ ਹੈ, ਇਹ ਸੋਚ ਕੇ। ਇਹ ਝੂਠਾ ਮਖੌਟਾ

ਦੇਖ ਕੇ ਲੋਕੀ ਉਸ ਤੋਂ ਪ੍ਰਭਾਵਿਤ ਹੋ ਕੇ ਉਸ ਨੂੰ ਮਨਜ਼ੂਰ ਕਰ ਲੈਣਗੇ ਉਸ ਨੂੰ ਇਜ਼ਤ ਮਾਣ ਦੇਣਗੇ, ਉਹ ਆਪਣੀ ਨਖੇਦੀ ਤੋਂ ਡਰਦਾ ਝੂਠੇ ਵਿਕਾਰ ਝੂਠੇ ਕਿਲੇ ਬਣਾਉਂਦਾ ਰਹਿੰਦਾ ਹੈ ਵਿਚੋਂ-ਵਿਚੋਂ ਉਹ ਆਪਣੇ ਆਪ ਨੂੰ ਨਖੇਦਦਾ ਵੀ ਹੈ, ਡਰਦਾ ਹੈ ਕਿ ਦੂਸਰਿਆਂ ਨੂੰ ਉਸ ਦੀ ਅਸਲੀਅਤ ਦਾ ਪਤਾ ਨਾ ਲਗ ਜਾਵੇ। ਪਖੰਡੀ ਭਾਵੇਂ ਇਹ ਪੂਰੀ ਕੋਸ਼ਿਸ਼ ਕਰਦਾ ਹੈ ਕਿ ਉਹ ਕਿਸੇ ਨੂੰ ਆਪਣੇ ਆਪ ਦਾ ਪਤਾ ਨਾ ਲਗਣ ਦੇਵੇ, ਬਹੁਤ ਵਾਰੀ ਉਸ ਨੂੰ ਆਪ ਨੂੰ ਵੀ ਨਹੀਂ ਪਤਾ ਹੁੰਦਾ ਉਹ ਕੀ ਸੋਚ ਰਿਹਾ ਹੈ, ਕੀ ਕਰ ਰਿਹਾ ਹੈ, ਉਹ ਆਪਣੇ ਆਪ ਕੋਲੋਂ ਵੀ ਆਪਣਾ ਆਪਾ ਲੁਕੋ ਕੇ ਰਖਦਾ ਹੈ, ਬਹੁਤ ਵਾਰੀ ਇਹ ਗੱਲ ਉਸ ਨੂੰ ਪਤਾ ਵੀ ਨਹੀਂ ਹੁੰਦੀ, ਉਹ ਆਪਣੇ ਆਪ ਨੂੰ ਕਪਟੀ ਨਾਲ ਮਿਲਾਉਂਦਾ ਹੈ। ਜੇ ਉਸ ਦੀ ਸਚਾਈ ਨੂੰ ਵੰਗਾਰਿਆ ਜਾਵੇ ਉਹ ਹਰ ਕਿਸਮ ਦੇ ਬਹਾਨੇ, ਬਚਾਓ, ਮੁਕਰ ਜਾਣ ਦੇ ਤਰੀਕੇ, ਇਥੇ ਤਕ ਕਿ ਬੁਰਾ ਭਲਾ ਵੀ ਕਹੇਗਾ ਤੇ ਆਪਣੀ ਸਫਾਈ ਦੇਵੇਗਾ। ਇਹੋ ਜਿਹਾ ਬੰਦਾ ਗੁਆਚਿਆ ਹੀ ਰਹਿੰਦਾ ਹੈ ਤੇ ਸਮਾਜ ਨੂੰ ਵੀ ਕੁਝ ਨਹੀਂ ਦੇ ਸਕਦਾ, ਜੇ ਬੰਦਾ ਆਪਣੀਆਂ ਭਾਵਨਾਵਾਂ ਨਹੀਂ ਕਬੂਲੇਗਾ ਉਹ ਡੂੰਘਾ ਕਿਸ ਤਰ੍ਹਾਂ ਜਾ ਸਕਦਾ ਹੈ, ਆਪਾ ਕਿਸ ਤਰ੍ਹਾਂ ਚੀਨ ਸਕਦਾ ਹੈ? ਆਪਾ ਚੀਨਣ ਦੇ ਰਸਤੇ ਤੇ ਆਪਣੇ ਆਪ ਨੂੰ ਪ੍ਰਗਟਾਉਣਾ, ਆਪਣਾ ਨਰੀਖਣ ਕਰਨਾ, ਆਪਣੇ ਆਪ ਤੇ ਹਰ ਪੱਖੋਂ ਕਾਬੂ ਪਾਉਣਾ ਅਤਿ ਜ਼ਰੂਰੀ ਹੈ, ਸਭ ਤੋਂ ਪਹਿਲੀ ਪਰਤ ਜਿਸ ਦਾ ਸਾਮ੍ਹਣਾ ਕਰਨਾ ਪੈਂਦਾ ਹੈ ਉਹ ਹੈ ਸਾਡੇ ਅਵਗੁਣ, ਜਿਹੜੇ ਦਬੇ ਪਏ ਰਹਿੰਦੇ ਹਨ ਕਿਉਂਕਿ ਅਸੀਂ ਤਾਂ ਸਦਾ ਹੀ ਇਕ ਮਖੌਟਾ (ਬੁਰਕਾ) ਪਾ ਕੇ ਸੰਸਾਰ ਦੇ ਸਾਮ੍ਹਣੇ ਆਉਂਦੇ ਹਾਂ, ਉਨ੍ਹਾਂ ਅਵਗੁਣਾਂ ਤੋਂ ਜਾਣੂੰ ਹੋ ਕੇ ਹੀ ਆਪਾ ਸੁਧਾਰਿਆ ਜਾ ਸਕਦਾ ਹੈ।

ਅੱਜ ਦੇ ਮਨੋਵਿਗਿਆਨਕਾਂ ਦਾ ਕਹਿਣਾ ਹੈ ਦਵੰਦ ਦਾ ਜੀਵਨ ਹੀ ਤੰਤੂ ਵਿਕਾਰ ਦਾ ਕਾਰਨ ਹੈ ਦਵੰਦ ਤੰਤੂ ਵਿਕਾਰ ਦਾ ਕਾਰਣ ਹੈ ਜਦੋਂ ਅੰਦਰ ਦੀਆਂ ਭਾਵਨਾਵਾਂ ਅਤੇ ਸੋਚਣੀ ਦਾ ਬਾਹਰ ਦੇ ਪ੍ਰਗਟਾਵੇ ਨਾਲ ਠੀਕ ਤਾਲਮੇਲ ਹੋ ਜਾਂਦਾ ਹੈ ਤਾਂ ਤੰਤੂ ਵਿਕਾਰ ਅਤੇ ਪ੍ਰਸਪਰ ਭਾਵਕ ਭਰਪੂਰ ਨਾਟਕ ਖਤਮ ਹੋ ਜਾਂਦਾ ਹੈ ਇਹੋ ਜਿਹੇ ਚਿਕਿਤਸਕ ਰੋਗੀ ਨੂੰ ਸਪਸ਼ਟ ਤਰੀਕੇ ਨਾਲ ਆਪਾ ਪ੍ਰਗਟਾਉਣ ਲਈ ਮਦਦ ਕਰਦੇ ਹਨ, ਜਦੋਂ ਇਹ ਹੋ ਜਾਂਦਾ ਹੈ ਭਾਵ ਮਨੁੱਖ ਆਪਣੇ ਆਪ ਨੂੰ ਸਹੀ ਤਰੀਕੇ ਨਾਲ ਪ੍ਰਗਟਾ ਲੈਂਦਾ ਹੈ ਤਾਂ ਉਸ ਦੀ ਬਹੁਤ ਸਾਰੀ ਸ਼ਕਤੀ ਜਿਹੜੀ ਭਾਵਨਾਵਾਂ ਨੂੰ ਦਬਣ ਵਿਚ ਲੱਗੀ ਹੋਈ ਸੀ ਉਹ ਵਿਹਲੀ ਹੋ ਜਾਂਦੀ ਹੈ, ਤਾਂ ਮਨੁੱਖ ਸ਼ਕਤੀਸ਼ਾਲੀ ਤੇ ਗਤੀਸ਼ੀਲ ਹੋ ਜਾਂਦਾ ਹੈ।

7. ਅਤੇ ਹੇ ਅਰਜਨ! ਜੋ ਵਿਸ਼ਵਾਸ਼ੀ ਪੁਰਸ਼ ਮਨ ਨਾਲ, ਇੰਦ੍ਰੀਆਂ ਨੂੰ ਵਸ ਵਿਚ ਕਰਕੇ, ਕਰਮ ਇੰਦ੍ਰੀਆਂ ਨਾਲ ਕਰਮਯੋਗ ਦਾ ਆਚਰਣ ਕਰਦਾ ਹੈ, ਉਹ ਸ੍ਰੇਸ਼ਠ ਹੈ।

8. ਇਸ ਲਈ ਸਾਸ਼ਤਰ ਵਿਧੀ ਨਾਲ ਨੀਅਤ ਕੀਤੇ ਹੋਏ ਸਰਬ ਰੂਪ ਕਰਮਾਂ ਨੂੰ ਕਰ ਕਿਉਂਕਿ ਕਰਮ ਨ ਕਰਨ ਦੀ ਅਪੇਕਸ਼ਾ ਕਰਮ ਕਰਨਾ ਸ੍ਰੇਸ਼ਟ ਹੈ ਤਥਾ ਕਰਮ ਨਾ ਕਰਨ ਤੋਂ ਤੇਰਾ ਸਰੀਰ ਨਿਰਬਾਹ ਭੀ ਸਿੱਧ ਨਹੀਂ ਹੋਵੇਗਾ।

9. ਅਤੇ ਹੇ ਅਰਜਨ! ਬੰਧਨ ਦੇ ਭੈ ਕਰਕੇ ਭੀ ਕਰਮਾਂ ਦਾ ਤਿਆਗ ਕਰਨਾ ਯੋਗ ਨਹੀਂ ਹੈ ਕਿਉਂਕਿ ਯੱਗ ਅਰਥਾਤ ਪ੍ਰਮੇਸ਼ਰ ਦੇ ਨਮਿਤ ਕੀਤੇ ਹੋਏ ਕਰਮਾਂ ਨੂੰ ਸਿਵਾਏ, ਅਨੰਯ ਕਰਮਾਂ ਵਿਚ ਲੱਗਿਆ ਹੋਇਆ ਹੀ ਇਹ ਪ੍ਰਾਣੀ ਕਰਮਾਂ ਰਾਹੀਂ ਬੰਨ੍ਹਿਆ ਜਾਂਦਾ ਹੈ ਇਸ ਲਈ ਹੇ ਅਰਜਨ! ਆਸਤਕ ਤੋਂ ਰਹਿਤ ਹੁੰਦਾ, ਉਸ ਪ੍ਰਮੇਸ਼ਰ ਦੇ ਨਮਿਤ ਕਰਮਾਂ ਨੂੰ ਭਲੀ ਪ੍ਰਕਾਰ ਆਚਰਣ ਕਰ।

ਕ੍ਰਿਸ਼ਨ ਜੀ ਅਰਜਨ ਨੂੰ ਦਸਦੇ ਹਨ ਕਿ ਉਸ ਦੇ ਤਿਆਗ ਦੇ ਵਿਚਾਰ ਨਿਰਾ ਪਖੰਡ ਹਨ ਕਿਉਂਕਿ ਇਹ ਵਿਚਾਰ ਉਪਰਾਮਤਾ ਤੇ ਘਬਰਾਹਟ ਤੇ ਮੋਹ ਤੋਂ ਉਤਪੰਨ ਹੋਏ ਹਨ। ਸੱਚਾ ਤਿਆਗ ਵੈਰਾਗ ਤੋਂ ਹੀ ਆਉਂਦਾ ਹੈ, ਨਿਸ਼ਕਾਮ ਹੋ ਕੇ ਕਰਮ ਕਰਨੇ ਵੀ ਓਨੇ ਹੀ ਜ਼ਰੂਰੀ ਹਨ, ਨਿਸ਼ਕਾਮ ਕਰਮ, ਕਰਮ ਨਾ ਕਰਨ ਨਾਲੋਂ ਕਿਤੇ ਵਧ ਉਚਾ ਸੁੱਚਾ ਹੈ ਜਿਸ ਨੇ ਸੱਚਾ ਸੁੱਚਾ ਅਭਿਆਸ ਕੀਤਾ ਹੈ, ਪੂਰੀ ਮਿਹਨਤ ਲਗਾਈ ਹੈ ਉਹ ਨਿਸ਼ਕਾਮਤਾ ਦਾ ਗਿਆਨ ਪ੍ਰਾਪਤ ਕਰ ਸਕਦਾ ਹੈ। ਉਹ ਆਪਣੀਆਂ ਇੰਦ੍ਰੀਆਂ ਤੇ ਕਾਬੂ ਕਰਕੇ ਸੰਜਮ ਵਿਚ ਆ ਕੇ ਆਪਣੀਆਂ ਡਿਊਟੀਆਂ ਆਪਣੇ ਕਰਮ ਕਰ ਸਕਦਾ ਹੈ।

ਕੋਈ ਵੀ ਮਾਨਵ ਬਿਨਾਂ ਕਰਮ ਕੀਤੇ ਨਹੀਂ ਰਹਿ ਸਕਦਾ। ਤਿੰਨ ਪ੍ਰਕਾਰ ਦੇ ਕਰਮ ਅਸੀਂ ਕਰਦੇ ਹਾਂ, ਖਾਣਾ ਪੀਣਾ ਹੋਰ ਨਿਜੀ ਸਰੀਰਕ ਕਿਰਿਆ, ਉਹ ਅਸੀਂ ਆਪਣੇ ਲਈ ਕਰਦੇ ਹਾਂ, ਇਹ ਕਿਰਿਆਵਾਂ ਠੀਕ ਤਰ੍ਹਾਂ ਕਰਨ ਨਾਲ ਸਰੀਰ ਠੀਕ ਰਹਿੰਦਾ ਹੈ। ਦੂਸਰੇ ਕਰਮ ਅਸੀਂ ਆਪਣੇ ਲਈ ਤੇ ਦੂਸਰਿਆਂ ਲਈ ਅਤੇ ਪਰਸਪਰ ਸਬੰਧਾਂ ਲਈ ਕਰਦੇ ਹਾਂ, ਰਲ ਕੇ ਖਾਣਾ ਰਲ ਕੇ ਬਜ਼ਾਰ ਜਾਣਾ। ਤੀਸਰੇ ਹਨ ਉਚੇ ਕਰਮ ਜਿਹੜੇ ਸਾਨੂੰ ਮੁਕਤ ਕਰਦੇ ਹਨ ਇਨ੍ਹਾਂ ਕਰਮਾਂ ਦੇ ਸਾਰੇ ਫਲ ਉਸ ਪ੍ਰਭੂ ਨੂੰ ਹੀ ਸਮਰਪਿਤ ਹੁੰਦੇ ਹਨ।

ਅੱਠਵਾਂ ਸਲੋਕ ਦੋ ਤਰੀਕਿਆਂ ਨਾਲ ਸਮਝਿਆ ਜਾ ਸਕਦਾ ਹੈ। ਪਹਿਲਾ ਅਰਥ ਹੈ ਉਹ ਕਰਮ ਕਰੋ ਜਿਹੜੇ ਸਵੈ ਭਰੋਸੇ, ਸੰਜਮ, ਨਿਰਲੇਪਤਾ ਅਤੇ ਇੱਛਾ ਸ਼ਕਤੀ ਨੂੰ ਸਮਾਨ ਕਰਕੇ ਅਤੇ ਮਾਨਸਿਕ ਸ਼ਕਤੀ ਨੂੰ ਸਮਾਨ ਕਰਕੇ ਦ੍ਰਿੜ੍ਹ ਕੀਤਾ ਹੋਵੇ। ਇਹੋ ਹੀ ਸਭ ਤੋਂ ਉਚਾ ਕਰਮ ਹੈ ਇਸ ਦਾ ਵਿਸਥਾਰ ਅੱਗੇ ਕਰਕੇ ਦਿਤਾ ਗਿਆ ਹੈ। ਦੂਸਰਾ ਅਰਥ ਹੈ ਕਿ ਹਰ ਇਕ ਕਰਮ ਆਪਣੇ ਸੁਭਾਅ ਅਨੁਸਾਰ ਕਰਨਾ ਚਾਹੀਦਾ ਹੈ। ਤਿੰਨ ਗੁਣ ਤੁਹਾਡੇ ਸੁਭਾਅ ਨੂੰ ਪ੍ਰੇਰਿਤ ਕਰਦੇ ਹਨ, ਅਸਭਿਅ ਕਰਮ ਨਿਖੇਦੀ ਦੇ ਹੋਣਗੇ ਬਜਾਏ ਸਵੈਦ੍ਰਿੜ੍ਹਤਾ ਨਾਲ ਕੀਤੇ ਗਏ ਕਰਮ ਤੋਂ।

ਗੀਤਾ ਦਾ ਸੰਦੇਸ਼ ਹੈ - ਤੁਹਾਨੂੰ ਆਪਣੇ ਕਰਮ ਆਪਣੇ ਪ੍ਰਤੀ ਜ਼ਿੰਮੇਵਾਰੀ ਸਮਝ ਕੇ ਕਰਨੇ ਚਾਹੀਦੇ ਹਨ, ਤੁਹਾਨੂੰ ਆਪਣੇ ਗੁਣ ਤੇ ਸਮਰਥਾ ਸਮਝਣੀ ਚਾਹੀਦੀ ਹੈ ਤਾਂ ਜੋ ਤੁਸੀਂ ਆਪਣੇ ਕਰਮ ਸਮਝ ਕੇ ਸੁਚੱਜੀ ਤਰ੍ਹਾਂ ਕਰ ਸਕੋ। ਜਦੋਂ ਅਸੀਂ ਜਨਤਾ ਦੀਆਂ ਯੋਗਤਾਵਾਂ ਦਾ ਵਿਸ਼ਲੇਸ਼ਨ ਕਰਦੇ ਹਾਂ ਅਸੀਂ ਦੇਖਦੇ ਹਾਂ ਚਾਰ ਕਿਸਮ ਦੇ ਮਨੁੱਖ ਹਨ - ਪਹਿਲੇ ਉਹ ਹਨ ਜਿਹੜੇ ਮਾਨਸਿਕ ਪੱਖੋਂ ਅਤਿ ਤੀਬਰ ਬੁੱਧੀ ਵਾਲੇ ਤੇ

ਉਨ੍ਹਾਂ ਦਾ ਬੜਾ ਦ੍ਰਿੜ ਕਾਬੂ ਹੈ ਆਪਣੀਆਂ ਇੰਦ੍ਰੀਆਂ ਤੇ ਮਨ ਤੇ। ਉਨ੍ਹਾਂ ਨੂੰ ਚਾਹੀਦਾ ਹੈ ਉਹ ਆਪਣੇ ਆਪ ਨੂੰ ਹੋਰ ਵਿਸਤਾਰ ਨਾਲ ਜਾਨਣ ਅਤੇ ਆਪਣੀ ਬੁੱਧੀ ਦੀ ਵਰਤੋਂ ਸਮਾਜ ਦੀ ਸੇਵਾ ਵਿਚ ਲਾਉਣ, ਉਨ੍ਹਾਂ ਦਾ ਧਰਮ ਦੂਸਰਿਆਂ ਦੀ ਸੇਵਾ ਹੋਣੀ ਚਾਹੀਦੀ ਹੈ, ਉਨ੍ਹਾਂ ਦੀ ਬੁੱਧੀ ਦਾ ਉਪਯੋਗ ਸਮਾਜ ਲਈ ਸਮਾਜ ਨੂੰ ਗਿਆਨ ਦੇਣ ਲਈ ਹੋਣਾ ਚਾਹੀਦਾ ਹੈ। ਦੂਸਰੀ ਕਿਸਮ ਹੁੰਦੀ ਹੈ ਜਿਨ੍ਹਾਂ ਦਾ ਝੁਕਾਅ ਬਹੁਤ ਗਿਆਨ ਵਲ ਨਹੀਂ ਹੁੰਦਾ ਪਰ ਉਹ ਸਰੀਰਕ ਪੱਖੋਂ ਬੜੇ ਸ਼ਕਤੀਸ਼ਾਲੀ ਹੁੰਦੇ ਹਨ ਉਨ੍ਹਾਂ ਨੂੰ ਆਪਣੀਆਂ ਸਰੀਰਕ ਸ਼ਕਤੀਆਂ ਸਮਾਜ ਸੇਵਾ ਵਿਚ ਲਗਾਉਣੀਆਂ ਚਾਹੀਦੀਆਂ ਹਨ। ਤੀਸਰੇ ਉਹ ਹਨ ਜਿਨ੍ਹਾਂ ਨੂੰ ਸੰਸਾਰ ਵਿਚ ਰਹਿਣ ਦਾ ਵਿਵਾਹਰਿਕ ਗਿਆਨ ਹੈ ਉਹ ਕਮਾ ਸਕਦੇ ਹਨ ਤੇ ਕਮਾ ਕੇ ਸਮਾਜ ਦੀ ਸੇਵਾ ਕਰ ਸਕਦੇ ਹਨ। ਚੌਥੇ ਉਹ ਹਨ ਜਿਹੜੇ ਦੂਸਰਿਆਂ ਦੀਆਂ ਜ਼ਰੂਰਤਾਂ ਪੂਰੀਆਂ ਕਰ ਸਕਦੇ ਹਨ, ਦੂਸਰਿਆਂ ਦੀ ਸੇਵਾ ਕਰ ਸਕਦੇ ਹਨ, ਫੇਰ ਉਹ ਆਪਣੀ ਜੀਵਕਾ ਕਮਾ ਸਕਦੇ ਹਨ।

ਇਹ ਚਾਰ ਵਰਨ ਸਮਾਜ ਦੀ ਭਲਾਈ ਲਈ ਹੀ ਬਣਾਏ ਗਏ ਸਨ। ਨਾਲ ਹੀ ਕੰਮ ਦੀ ਵੰਡ ਲਈ ਬਣਾਏ ਗਏ ਹਨ, ਸਮਾਂ ਪਾ ਕੇ ਇਹ ਵੰਡ ਜਾਤ ਪਾਤ ਵਿਚ ਬਦਲ ਗਈ ਜੋ ਕਿ ਭਾਰਤੀ ਸਮਾਜ ਦਾ ਕਲੰਕ ਬਣ ਕੇ ਰਹਿ ਗਈ। ਪ੍ਰਾਚੀਨ ਸਮੇਂ ਵਿਚ ਇਹ ਵੰਡ ਇਕ ਸਫਲ ਸੰਗਠਨ ਸਮਾਜ ਲਈ ਲੋੜੀਂਦਾ ਸੀ ਤਾਂ ਜੋ ਸਾਰਾ ਸਮਾਜ ਆਪਣਾ ਕਰਮ ਸਮਾਜ ਦੀ ਭਲਾਈ ਲਈ ਕਰਦਾ ਰਹੇ ਜਿਵੇਂ ਜਿਵੇਂ ਸਮਾਂ ਬੀਤਦਾ ਗਿਆ ਸੁਆਰਥੀ ਆਗੂ ਅਤੇ ਪ੍ਰਚਾਰਕਾਂ ਨੇ ਇਸ ਵੰਡ ਨੂੰ ਬਹੁਤ ਕੱਟੜ ਤਰੀਕੇ ਨਾਲ ਲਾਗੂ ਕੀਤਾ ਜਿਸ ਨਾਲ ਬਹੁਤ ਡੂੰਘੀਆਂ ਦਰਾੜਾਂ ਪੈ ਗਈਆਂ ਤੇ ਵਿਤਕਰੇ ਵਧ ਗਏ, ਉਨ੍ਹਾਂ ਨੇ ਸੁਆਰਥੀ ਹੋ ਕੇ ਇਸ ਵੰਡ ਨੂੰ ਜਾਤਾਂ ਦੀ ਵੰਡ ਬਣਾ ਦਿਤਾ, ਉਸ ਨਾਲ ਉਨ੍ਹਾਂ ਦਾ ਦੂਸਰਿਆਂ ਉਤੇ ਕਬਜ਼ਾ ਹੋ ਗਿਆ।

ਅੱਜ ਮਨੋਵਿਗਿਆਨ ਤੇ ਸਲਾਹਕਾਰ ਸਕੂਲਾਂ ਅਤੇ ਕਾਲਜਾਂ ਵਿਚ ਬੱਚਿਆਂ ਦੇ ਵਿਵਹਾਰ ਦੇਖਦੇ ਹਨ ਉਨ੍ਹਾਂ ਦੀ ਬੁੱਧੀ ਦਾ ਪੱਧਰ ਦੇਖਦੇ ਹਨ, ਆਦਤਾਂ, ਸੁਭਾਅ ਦੇਖਦੇ ਹਨ ਤਾਂ ਜੋ ਉਨ੍ਹਾਂ ਦੀ ਸਹਾਇਤਾ ਕੀਤੀ ਜਾ ਸਕੇ, ਅੱਗੇ ਪੜ੍ਹਨ ਲਈ ਇਹ ਦਸਿਆ ਜਾ ਸਕੇ, ਕਿਹੜੇ ਵਿਸ਼ੇ ਲੈ ਸਕਦਾ ਹੈ, ਕਿਹੜੇ ਵਿਸ਼ੇ ਉਹ ਚੰਗੀ ਤਰ੍ਹਾਂ ਕਰ ਸਕਦਾ ਹੈ ਉਸ ਦੀ ਸਮਰਥਾ ਕੀ ਹੈ, ਉਸ ਦੀ ਯੋਗਤਾ ਕੀ ਹੈ, ਜੋ ਮਜ਼ਮੂਨ ਯੋਗਤਾ ਸਮਰਥਾ ਅਨੁਸਾਰ ਨਾ ਲਏ ਜਾਣ ਤਾਂ ਸਫਲਤਾ ਦੇ ਮੌਕੇ ਘਟ ਸਕਦੇ ਹਨ। ਅੱਜ ਭਾਵੇਂ ਸਲਾਹਕਾਰ ਹਨ, ਰੁਚੀ ਦੱਸਣ ਵਾਲੇ ਹਨ, ਵਿਅਕਤਿਤ੍ਵ ਦੱਸਣ ਵਾਲੇ ਹਨ ਤਾਂ ਵੀ ਬਹੁਤ ਸਾਰੇ ਨੌਜਵਾਨ ਘਬਰਾਏ ਹੀ ਰਹਿੰਦੇ ਹਨ, ਬੌਂਦਲੇ ਹੀ ਰਹਿੰਦੇ ਹਨ ਕਿ ਉਹ ਕੀ ਕਰਨ, ਉਨ੍ਹਾਂ ਦੇ ਸੰਸੇ ਜਾਤ ਦੀ ਵੰਡ ਤੋਂ ਬਿਲਕੁਲ ਉਲਟ ਹਨ। ਅੱਜ ਐਨੀ ਖੁਲ੍ਹ ਹੈ ਕੋਈ ਕੁਝ ਵੀ ਕਰ ਸਕਦਾ ਹੈ। ਸੋ ਹੁੰਦਾ ਇਹ ਹੈ ਕਿ ਉਹ ਉਤਸਾਹਿਤ ਹੋ ਕੇ ਇਕ ਪਾਸੇ ਜਾਂਦੇ ਹਨ, ਛੇਤੀ ਹੀ ਅੱਕ ਕੇ ਦੂਸਰੇ ਪਾਸੇ, ਤੀਸਰੇ ਇਸ ਤਰ੍ਹਾਂ ਕਰਦੇ ਰਹਿੰਦੇ ਹਨ। ਇਹੋ ਜਿਹੇ ਤਜਰਬਿਆਂ ਦੇ ਲਾਭ ਹੋ ਸਕਦੇ ਹਨ ਪਰ ਜੇ ਇਹ ਤਜਰਬੇ ਸਮਝਣ ਲਈ ਕੀਤੇ ਜਾਣ, ਇਹ ਦੇਖਣ ਲਈ ਕੀਤੇ ਜਾਣ ਕਿ ਮੇਰੀਆਂ ਯੋਗਤਾਵਾਂ ਕੀ

ਹਨ? ਮੇਰੀ ਸਮਰਥਾ ਕੀ ਹੈ, ਮੇਰੇ ਕੀ ਗੁਣ ਹਨ, ਕੀ ਕਮੀਆਂ ਹਨ? ਇਸ ਸ਼ਲੋਕ ਵਿਚ ਸੁਭਾਅ ਅਨੁਸਾਰ ਕਰਮ ਕਰਨ ਤੋਂ ਭਾਵ ਹੈ ਆਪਣੀ ਸਮਰਥਾ ਤੇ ਯੋਗਤਾ ਅਨੁਸਾਰ ਇਥੇ ਜਾਤ ਤੋਂ ਭਾਵ ਨਹੀਂ ਹੈ। ਹਰ ਇਕ ਨੂੰ ਆਪਣੇ ਜੀਵਨ ਨੂੰ ਸੇਧ ਦੇਣੀ ਚਾਹੀਦੀ ਹੈ ਤਾਂ ਜੋ ਉਹ ਆਪਣੇ ਗੁਣ ਅਵਗੁਣ ਜਾਣ ਕੇ ਉਨ੍ਹਾਂ ਨੂੰ ਆਪਣੀ ਸ਼ਕਤੀ ਬਣਾਵੇ।

ਅਰਜਨ ਜੋ ਕਿ ਸਰੀਰਕ ਪੱਖੋਂ ਤਕੜਾ ਹੈ, ਸਿਹਤਮੰਦ ਹੈ ਯੁੱਧ ਦੀ ਕਲਾ ਵਿਚ ਨਿਪੁੰਨ ਹੈ, ਉਹ ਤਿਆਗ ਦੀ ਗੱਲ ਕਰ ਰਿਹਾ ਹੈ, ਆਪਣਾ ਧਰਮ ਆਪਣੀ ਡਿਊਟੀ ਨੂੰ ਭੁੱਲ ਰਿਹਾ ਹੈ, ਉਹ ਆਪਣਾ ਧਰਮ ਭੁੱਲ ਕੇ ਦੂਸਰਿਆਂ ਦਾ ਧਰਮ ਨਿਭਾਉਣ ਜਾ ਰਿਹਾ ਹੈ, ਇਹ ਸੰਤਾਪ ਦਾ ਕਾਰਨ ਹੋ ਜਾਂਦਾ ਹੈ। ਸ੍ਰੀ ਕ੍ਰਿਸ਼ਨ ਜੀ ਜੋ ਕਿ ਇਕ ਮਹਾਨ ਯੋਗੀ ਹਨ ਉਹ ਅਰਜਨ ਦੀ ਯੋਗਤਾ ਨੂੰ ਜਾਣਦੇ ਹਨ ਅਤੇ ਉਸ ਨੂੰ ਕਰਮਯੋਗ ਲਈ ਆਦੇਸ਼ ਦੇ ਰਹੇ ਹਨ ਅਤੇ ਉਸ ਨੂੰ ਤਿਆਗ ਦੇ ਮਾਰਗ ਦਾ ਤਿਆਗ ਕਰਨ ਲਈ ਪਰੇਰ ਰਹੇ ਹਨ। ਇਹ ਜਾਣ ਲੈਣ ਅਤੇ ਸਮਝ ਲੈਣ ਤੋਂ ਬਾਦ ਵੀ ਉਸ ਨੂੰ ਇਹ ਸਮਝਣ ਦੀ ਲੋੜ ਹੈ ਕਿ ਉਸ ਨੇ ਕਰਮ ਕਿਸ ਤਰ੍ਹਾਂ ਕਰਨਾ ਹੈ, ਕ੍ਰਿਸ਼ਨ ਜੀ ਅਰਜਨ ਨੂੰ ਦਸਦੇ ਹਨ ਕਿ ਸਭ ਤੋਂ ਉਚੇ ਕਰਮ ਉਹ ਹਨ ਜਿਹੜੇ ਨਿਰਲਿਪਤ ਹੋ ਕੇ ਕੀਤੇ ਜਾਣ ਜਿਨ੍ਹਾਂ ਦੇ ਫਲ ਦਾ ਵੀ ਤਿਆਗ ਕੀਤਾ ਜਾਵੇ, ਫਲ ਵੀ ਅਰਪਣ ਕਰ ਦਿਤਾ ਜਾਵੇ।

ਬਹੁਤ ਸਾਰੇ ਸੱਜਣ ਫਲ ਤਿਆਗਣ ਜਾਂ ਅਰਪਣ ਕਰਨ ਦੇ ਅਰਥ ਨੂੰ ਬਹੁਤ ਗਲਤ ਸਮਝਦੇ ਹਨ, ਬੜਾ ਮੋੜ ਤੋੜ ਕੇ ਗਲਤ ਅਰਥ ਕੱਢਦੇ ਹਨ, ਬੱਕਰੇ ਦੀ ਬਲੀ ਦੇਣੀ, ਹੋਰ ਕਿਸੇ ਜਾਨਵਰ ਦੀ ਬਲੀ ਦੇਣੀ ਰੱਬ ਨੂੰ ਪ੍ਰਸੰਨ ਕਰਨਾ ਇਹੋ ਜਿਹੇ ਅਰਥ ਕਰਦੇ ਹਨ, ਉਹ ਮੰਨਦੇ ਹਨ ਕਿ ਜੀਵ ਹੱਤਿਆ ਇਕ ਸ਼ਰਮਨਾਕ ਕਿਰਿਆ ਹੈ, ਪਰ ਹਾਲੇ ਵੀ ਕਈ ਇਹੋ ਜਿਹੀਆਂ ਪ੍ਰਾਚੀਨ ਕਿਸਮ ਦੀਆਂ ਥਾਵਾਂ ਹਨ ਜਿਥੇ ਹਾਲੇ ਵੀ ਜੀਵ ਹੱਤਿਆ ਕੀਤੀ ਜਾਂਦੀ ਹੈ, ਬਲੀ ਦਿਤੀ ਜਾਂਦੀ ਹੈ ਹਾਲਾਂਕਿ ਕੋਈ ਤਰਕ ਨਹੀਂ ਹੈ, ਜਿਸ ਨਾਲ ਇਹ ਸਿੱਧ ਕੀਤਾ ਜਾਵੇ ਕਿ ਬਲੀ ਦੇਣ ਨਾਲ ਰੱਬ ਖੁਸ਼ ਹੋ ਜਾਵੇਗਾ। ਇਹ ਕਿਸ ਤਰ੍ਹਾਂ ਹੋ ਸਕਦਾ ਹੈ ਜੋ ਸਰਬਤਰ ਪ੍ਰੇਮ ਹੈ, ਸ਼ਾਂਤੀ ਹੈ, ਸਮਾਨਤਾ ਹੈ, ਉਹ ਇਹੋ ਜਿਹੇ ਕਰਮਕਾਂਡਾਂ ਨਾਲ ਖੁਸ਼ ਹੋ ਜਾਵੇਗਾ? ਠੀਕ ਸਮਝਣ ਲਈ ਬਲੀ ਸ਼ਬਦ ਦੇ ਅਰਥ ਨੂੰ ਠੀਕ ਤਰ੍ਹਾਂ ਸਮਝਣਾ ਹੈ ਉਹ ਹੈ ਤਿਆਗ, ਆਪਣੇ ਹੱਕਾਂ ਦਾ ਵੀ ਤਿਆਗ ਕਰਨਾ, ਦੂਸਰਿਆਂ ਲਈ ਖੁਸ਼ੀ-ਖੁਸ਼ੀ ਕਰਨਾ, ਬੜੀ ਇੱਛਾ ਪੂਰਵਕ ਕਰਨਾ ਜੇ ਤੁਸੀਂ ਦੂਸਰਿਆਂ ਨੂੰ ਉਹ ਦੇ ਸਕੋ ਜੋ ਤੁਹਾਡੇ ਕੋਲ ਹੈ ਇੱਛਾ ਨਾਲ ਦੇਣਾ, ਖੁਸ਼ ਹੋ ਕੇ ਦੇਣਾ, ਇਹ ਹੈ ਤਿਆਗ।

10. ਤਥਾ ਕਰਮ ਨ ਕਰਨ ਤੋਂ ਤੂੰ ਪਾਪ ਨੂੰ ਪ੍ਰਾਪਤ ਹੋਵੇਂਗਾ ਕਿਉਂਕਿ ਪਰਜਾਪਤਿ ਬ੍ਰਹਮਾ ਨੇ ਆਦਿ ਵਿਚ ਯੱਗ ਸਹਿਤ ਪ੍ਰਜਾ ਨੂੰ ਰਚ ਕੇ ਕਿਹਾ ਕਿ ਇਸ ਯੱਗ ਦੁਆਰਾ ਤੁਮ ਲੋਕ ਵਾਧੇ ਨੂੰ ਪ੍ਰਾਪਤ ਹੋਵੋਂਗੇ। ਏਹ ਯੱਗ ਤੁਹਾਨੂੰ ਮਨਇਛਤ ਕਾਮਨਾਵਾਂ ਦੇਣ ਵਾਲਾ ਹੋਵੇਗਾ।

11. ਤਥਾ ਤੁਸੀਂ ਲੋਕ ਇਸ ਯੱਗ ਦੁਆਰਾ ਦੇਵਤਿਆਂ ਨੂੰ ਉਨਤ

ਕਰੋ ਅਤੇ ਉਹ ਦੇਵਤਾ ਲੋਕ ਤੁਹਾਡੀ ਉਨਤੀ ਕਰਨਗੇ, ਇਸ ਪ੍ਰਕਾਰ ਆਪਸ ਵਿਚ ਕਰਤੱਵ ਸਮਝ ਕੇ ਉਨਤੀ ਕਰਦੇ ਹੋਏ ਪਰਮ ਕਲਿਆਣ ਨੂੰ ਪ੍ਰਾਪਤ ਹੋਵੋਂਗੇ।

12. ਯੱਗ ਨਾਲ ਪ੍ਰਸੰਨ ਹੋਏ ਦੇਵਤੇ ਤੁਹਾਨੂੰ ਬਿਨਾਂ ਮੰਗਿਆਂ ਹੀ ਮੂੰਹ ਮੰਗਿਆ ਫਲ ਦੇਣਗੇ ਜਿਹੜੇ ਇਹ ਫਲ ਭੋਗਣਗੇ ਅਤੇ ਦੇਵਤਿਆਂ ਨੂੰ ਕੁਝ ਭੇਟਾ ਨਹੀਂ ਕਰਨਗੇ ਉਹ ਚੋਰ ਹੋਣਗੇ।

ਸ੍ਰੀ ਕ੍ਰਿਸ਼ਨ ਜੀ ਧਰਮ ਕਰਨ ਦੇ ਵੱਖ-ਵੱਖ ਤਰੀਕੇ ਦਸਦੇ ਹਨ ਉਹ ਦਸਦੇ ਹਨ ਤਿਆਗ ਨਾਲ ਕੀਤੀਆਂ ਡਿਊਟੀਆਂ ਕਰਮ ਬੰਧਨ ਨਹੀਂ ਬਣਦੀਆਂ ਪਰ ਸੁਆਰਥ ਨਾਲ ਕੀਤੀਆਂ ਡਿਊਟੀਆਂ ਬੰਧਨ ਬਣਦੀਆਂ ਹਨ, ਕਰਮ ਕਰਕੇ ਫਲ ਨਾਲ ਬੰਨ੍ਹ ਦਿੰਦੀਆਂ ਹਨ। ਮੋਹ ਤਿਆਗ ਕੇ ਕਰਮ ਕਰਨਾ ਇਹ ਹੀ ਇਨ੍ਹਾਂ ਸ਼ਲੋਕਾਂ ਵਿਚ ਦਸਿਆ ਗਿਆ ਹੈ। ਸ਼ਬਦ ਗਿਆਨ ਯੱਗ ਇਥੇ ਸੀਮਤ ਤਰੀਕੇ ਨਾਲ ਬਲੀ ਨਹੀਂ ਹੈ ਇਹ ਪੂਜਾ ਦੀ ਇਕ ਰਸਮ ਹੈ। ਗ੍ਰੰਥਾਂ ਵਿਚ ਕਈ ਕਿਸਮ ਦੇ ਯੱਗ ਦੱਸੇ ਗਏ ਹਨ ਕਈ ਕਿਸਮ ਦੇ ਯੱਗ ਗ੍ਰਹਿਸਤੀ ਕਰਦੇ ਹਨ ਕਈ ਵੱਖ-ਵੱਖ ਪ੍ਰਾਪਤੀਆਂ ਲਈ ਕਰਦੇ ਹਨ। ਕਈ ਬਲੀ ਦਿੰਦੇ ਹਨ, ਕਈ ਬਹੁਤ ਸਾਦਗੀ ਨਾਲ ਕਰਦੇ ਹਨ, ਕਈ ਸੋਚਦੇ ਹਨ ਗ੍ਰੰਥਾਂ ਨੂੰ ਕਰਮਕਾਂਡ ਨਾਲ ਪੜ੍ਹਨਾ ਵੀ ਯੱਗ ਹੈ, ਇੰਦ੍ਰੀਆਂ ਤੇ ਕਾਬੂ ਵੀ ਯੱਗ ਹੈ ਨਿਰਲਿਪਤ ਹੋ ਕੇ ਯੋਗ ਅਭਿਆਸ ਕਰਨਾ, ਇੰਦ੍ਰੀਆਂ ਤੇ ਕਾਬੂ ਕਰਨਾ, ਮਨ ਨੂੰ ਕਾਬੂ ਕਰਨਾ, ਸਾਰੇ ਫਲਾਂ ਦਾ ਤਿਆਗ ਕਰਨਾ ਇਸ ਨੂੰ ਅਨਾਸਕਤੀ ਯੱਗ ਕਹਿੰਦੇ ਹਨ ਸੱਚ ਪੁਛੋ ਤਾਂ ਮਨੁੱਖੀ ਜੀਵਨ ਹੀ ਇਕ ਯੱਗ ਹੈ, ਸਵੇਰ ਤੋਂ ਸ਼ਾਮ ਤਕ ਸਾਰੇ ਕਰਮ, ਖਾਣਾ ਪੀਣਾ, ਬੋਲਣਾ, ਤੁਰਨਾ ਸੌਣਾ ਸਾਰੇ ਹੀ ਯੱਗ ਹਨ, ਭਾਵੇਂ ਬਹੁਤ ਘੱਟ ਲੋਕੀ ਇਸ ਗੱਲ ਨੂੰ ਜਾਣਦੇ ਹਨ। ਯੱਗ ਸ਼ਬਦ ਤਿੰਨ ਕਿਸਮ ਦੇ ਕਰਮ ਦਸਦਾ ਹੈ, ਪ੍ਰਭੂ ਪੂਜਾ, ਦਾਨ, ਮਨ ਇੰਦ੍ਰੀਆਂ ਤੇ ਕਾਬੂ ਪਾ ਕੇ ਸੁਤੰਤਰ ਹੋਣਾ, ਸਾਸ਼ਤਰ ਪੜ੍ਹਨੇ ਸੱਚ, ਸ਼ਾਂਤੀ ਅਤੇ ਦਇਆ ਕਰਨਾ। ਤਿੰਨ ਪ੍ਰਕਾਰ ਦੇ ਯੱਗ ਕੀਤੇ ਸੁਤੰਤਰ ਹੋਣਾ, ਸਾਸ਼ਤਰ ਪੜ੍ਹਨੇ ਸੱਚ, ਸ਼ਾਂਤੀ ਅਤੇ ਦਯਾ ਕਰਨਾ। ਤਿੰਨ ਪ੍ਰਕਾਰ ਦੇ ਯੱਗ ਕੀਤੇ ਜਾਂਦੇ ਹਨ, ਤਿਆਗ ਨੂੰ ਮੁੱਖ ਰੱਖ ਕੇ ਫਲ ਨੂੰ ਤਿਆਗ ਕੇ ਜਿਹੜੇ ਕਰਮ ਸਮਾਜ ਸੁਧਾਰ ਲਈ ਕੀਤੇ ਜਾਂਦੇ ਹਨ, ਸਮਾਜ ਨੂੰ ਸੰਗਠਨ ਕਰਦੇ ਹਨ, ਉਨ੍ਹਾਂ ਨੂੰ ਵੀ ਯੱਗ ਕਹਿੰਦੇ ਹਨ। ਯੱਗ ਅੰਦਰ ਵੀ ਹੋ ਸਕਦਾ ਹੈ ਬਾਹਰ ਵੀ ਆਮ ਸੱਜਣ ਸੰਸਾਰਕ ਪਦਾਰਥਾਂ ਦੀ ਹੀ ਬਲੀ ਦਿੰਦੇ ਹਨ ਪਰ ਅੰਤਰਮੁਖੀ ਯੱਗ ਤਾਂ ਬੜੀ ਸਾਦਗੀ ਦੇ ਹੁੰਦੇ ਹਨ ਤੇ ਸੰਜਮ ਲਿਆਉਣ ਲਈ ਕੀਤੇ ਜਾਂਦੇ ਹਨ।

ਜਦੋਂ ਕੋਈ ਯੱਗ ਕਰ ਚੁਕਦਾ ਹੈ ਜੋ ਉਸਦੇ ਫਲ ਮਿਲਣ ਉਹ ਦੂਸਰਿਆਂ ਨੂੰ ਅਰਪਣ ਕਰ ਦੇਣੇ ਚਾਹੀਦੇ ਹਨ, ਇਹੋ ਜਿਹਾ ਯੱਗ ਸਭ ਤੋਂ ਉਤਮ ਧਰਮ ਹੁੰਦਾ ਹੈ। ਗਰੀਬ ਲਈ ਕੀਤੇ ਗਏ ਕਰਮ ਨਿਸੁਆਰਥ ਹੋ ਕੇ ਕੀਤੇ ਗਏ ਕਰਮ ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਨੀਆਂ, ਇਹ ਹੋਰ ਲਾਭਦਾਇਕ ਯੱਗ ਹੈ ਜਦੋਂ ਤੁਸੀਂ ਆਪਣੇ ਕਰਮਾਂ ਦੇ ਫਲ ਨਿਸੁਆਰਥੀ ਹੋ ਕੇ ਦੂਸਰਿਆਂ ਨੂੰ ਵੰਡਦੇ ਹੋ ਤਾਂ ਤੁਸੀਂ ਕਰਮ ਬੰਧਨ ਤੋਂ ਛੁਟ ਜਾਂਦੇ ਹੋ। ਇਹੋ ਜਿਹਾ ਤਿਆਗ ਸਮਾਜ ਵਿਚ ਮਾਣ ਪ੍ਰਾਪਤੀ ਦਾ ਪਾਤਰ ਬਣਦਾ ਹੈ

ਪ੍ਰਸੰਨਤਾ ਦਿੰਦਾ ਹੈ ਜਿਹੜੇ ਕਰਮ ਕਰਦੇ ਹਨ ਉਹ ਸੁਤੰਤਰ ਹੋ ਜਾਂਦੇ ਹਨ। ਸੰਸਾਰ ਦੇ ਸਾਰੇ ਵੱਡੇ ਬੰਦਿਆਂ ਨੇ ਤਿਆਗ ਕੀਤਾ ਹੈ, ਸਮਾਜ ਲਈ ਸਮਾਜ ਸੇਵਾ ਲਈ ਸਭ ਕੁਝ ਛੱਡਿਆ ਹੈ। ਤਿਆਗ ਜੀਵਨ ਦਾ ਇਕ ਬਹੁਤ ਸੋਹਣਾ ਗੁਣ ਹੈ, ਸੱਚੇ ਸੁਚੇ ਜੀਵਨ ਦਾ ਪ੍ਰਗਟਾਵਾ ਹੈ ਸ੍ਰੀ ਕ੍ਰਿਸ਼ਨ ਜੀ ਅਰਜਨ ਨੂੰ ਯੱਗ ਦੀ ਮਹੱਤਤਾ ਦਸਦੇ ਹਨ ਇਹ ਧਰਮ ਹੈ ਡਿਊਟੀ ਹੈ ਇਹ ਨਿਸੁਆਰਥ ਹੋ ਕੇ ਕਰਨਾ ਚਾਹੀਦਾ ਹੈ, ਕਿਸੇ ਸੁਆਰਥ ਲਈ ਨਹੀਂ ਕਰਨਾ ਚਾਹੀਦਾ।

ਗ੍ਰਹਿਸਤੀ ਯੱਗ ਕਰਦੇ ਹਨ ਉਨ੍ਹਾਂ ਲਈ ਇਹ ਡਿਊਟੀਆਂ ਕਰਨੀਆਂ ਬੜੀਆਂ ਜ਼ਰੂਰੀ ਹਨ ਤਾਂ ਜੋ ਉਹ ਸੰਸਾਰ ਦੀਆਂ ਪ੍ਰਾਪਤੀਆਂ ਕਰ ਸਕਣ। ਨਿਸੁਆਰਥ ਹੋ ਕੇ ਕੀਤੀ ਗਈ ਸੇਵਾ ਯੱਗ ਹੀ ਹੋਇਆ ਕਰਦੀ ਹੈ ਪਰ ਤਿਆਗੀ ਲਈ ਯੱਗ ਦਾ ਹੋਰ ਅਰਥ ਹੈ ਕਿਉਂਕਿ ਤਿਆਗੀ ਦੀਆਂ ਕੋਈ ਸੰਸਾਰਕ ਡਿਊਟੀਆਂ ਨਹੀਂ ਉਹ ਜਿਹੜੀਆਂ ਵੀ ਡਿਊਟੀਆਂ ਕਰਦਾ ਹੈ ਉਹ ਅੰਤਰ ਯੱਗ ਹੁੰਦਾ ਹੈ। ਉਹ ਗਿਆਨ ਦੀ ਜੋਤ ਜਗਾ ਕੇ ਆਪਣੇ ਸਾਰੇ ਸੰਸਕਾਰ ਫੂਕ ਦਿੰਦਾ ਹੈ। ਜਦੋਂ ਵੀ ਕੋਈ ਜਗਿਆਸੂ ਆਪਣੇ ਸਾਰੇ ਭਾਵ ਰੁਚੀਆਂ ਦਾ ਤਿਆਗ ਕਰਦਾ ਹੈ ਅਤੇ ਉਸ ਇਕ ਦੀ ਭਾਲ ਵਿਚ ਨਿਕਲਦਾ ਹੈ, ਗਿਆਨ ਦੇ ਮਾਰਗ ਤੇ ਚੱਲਣ ਦਾ ਦ੍ਰਿੜ ਇਰਾਦਾ ਕਰਦਾ ਹੈ ਤਦ ਉਹ ਯੱਗ ਕਰਕੇ ਆਪਣੀਆਂ ਸਾਰੀਆਂ ਇੱਛਾਵਾਂ ਦੀ ਅਹੂਤੀ ਉਸ ਵਿਚ ਪਾ ਦਿੰਦਾ ਹੈ। ਫੇਰ ਉਹ ਸੁਤੰਤਰ ਹੋ ਕੇ ਤਿਆਗ ਦੇ ਮਾਰਗ ਤੇ ਚਲਦਾ ਹੈ।

ਗਿਆਰਾਂ ਤੇ ਬਾਰਾਂ ਸ਼ਲੋਕ ਦੇਵਤਿਆਂ ਤੇ ਹੈ। ਅਗਿਆਨੀ ਸੋਚਦੇ ਹਨ ਕਿ ਦੇਵਤੇ ਅਕਾਸ਼ ਵਿਚ ਰਹਿੰਦੇ ਹਨ ਤੇ ਉਹ ਮਨੁੱਖਾਂ ਦੇ ਪ੍ਰਾਲਬਧ ਦੇ ਮਾਲਕ ਹਨ, ਇਹੋ ਜਿਹੇ ਦੇਵਤੇ ਕੇਵਲ ਆਪਣੇ ਅੰਦਰ ਦੀ ਹੀ ਭਾਵਨਾ ਦਾ ਪ੍ਰਗਟਾਵਾ ਹੁੰਦੇ ਹਨ ਸਾਡੇ ਅਚੇਤ ਮਨ ਦਾ ਪ੍ਰਗਟਾਵਾ ਹੁੰਦੇ ਹਨ, ਦੇਵਤਿਆਂ ਤੇ ਵਿਸ਼ਵਾਸ਼ ਉਨ੍ਹਾਂ ਨੇ ਬਣਾਇਆ ਜਿਹੜੇ ਆਪਣੇ ਅੰਦਰ ਦੇ ਸਰੋਤ ਤੋਂ ਜਾਣੂੰ ਨਹੀਂ ਸਨ, ਜਿਨ੍ਹਾਂ ਨੂੰ ਬਾਹਰ ਦਿਸਦਾ ਕੋਈ ਅਲੌਕਿਕ ਸ਼ਕਤੀ ਦੀ ਲੋੜ ਸੀ, ਉਨ੍ਹਾਂ ਨੂੰ ਇਛਾਵਾਂ ਦੀ ਪੂਰਤੀ ਲਈ ਦੇਵਤੇ ਦੀ ਲੋੜ ਪਈ ਜਿਹੜੀਆਂ ਉਹ ਆਪ ਨਹੀਂ ਸੀ ਪੂਰਨ ਕਰ ਸਕਦਾ। ਕਿਹਾ ਜਾਂਦਾ ਹੈ ਜਿਸ ਨੇ ਦੇਵਤੇ ਦੇਖੇ ਹਨ ਉਹ ਮੂਰਖ ਹੀ ਹੋਵੇਗਾ, ਜ਼ਰੂਰ ਉਨ੍ਹਾਂ ਨੇ ਆਪਣਾ ਹੀ ਕੋਈ ਪਾਸਾ ਦੇਖਿਆ ਹੋਵੇਗਾ ਤਾਂ ਗਲਤੀ ਨਾਲ ਉਨ੍ਹਾਂ ਨੂੰ ਉਹ ਦੇਵਤੇ ਦਾ ਭੁਲੇਖਾ ਪੈ ਗਿਆ। ਬਾਹਰਮੁਖੀ ਲੋਕਾਂ ਨੇ ਆਪਣੀ ਸੌਖ ਲਈ ਦੇਵਤੇ ਰਚ ਲਏ, ਅਸਲ ਵਿਚ ਇਹ ਦੇਵਤੇ ਗੁੱਝੇ ਸੰਸਾਰ ਦੇ ਪ੍ਰਤੀਕ ਹਨ ਉਸ ਬਾਰੇ ਦਰਸਾਉਂਦੇ ਹਨ।

ਉਹ ਜਗਿਆਸੂ ਜਿਹੜੇ ਨਿਰਾਕਾਰ ਨੂੰ ਨਹੀਂ ਅਨੁਭਵ ਕਰ ਸਕਦੇ ਉਨ੍ਹਾਂ ਲਈ ਕੁਝ ਚਿੰਨ ਹੋਣੇ ਬੜੇ ਅਵਸ਼ਕ ਹਨ, ਧਿਆਨ ਲਗਾਉਣ ਲਈ ਕੁਝ ਚਿੰਨਾਂ ਦੀ ਵਰਤੋਂ ਬਹੁਤ ਜ਼ਰੂਰੀ ਹੈ ਬਾਦ ਵਿਚ ਜਗਿਆਸੂ ਨੂੰ ਚਿੰਨ ਤੋਂ ਅੱਗੇ ਜਾਣ ਲਈ ਕਿਹਾ ਜਾਂਦਾ ਹੈ ਕੇਵਲ ਚਿੰਨ ਉਤੇ ਹੀ ਨਹੀਂ ਰਹਿਣਾ ਹੁੰਦਾ, ਸੋ ਧਿਆਨ ਲਗਾਉਂਦਿਆਂ ਚਿੰਨ ਨੂੰ ਕਿਤੇ ਪਿਛੇ ਛੱਡ ਕੇ ਜਗਿਆਸੂ ਅੱਗੇ ਨਿਕਲ ਜਾਂਦਾ ਹੈ।

ਅਗਿਆਨੀ ਕੇਵਲ ਚਿੰਨ ਨੂੰ ਹੀ ਪੂਜਦੇ ਰਹਿੰਦੇ ਹਨ ਬਿਨਾਂ ਜਾਣੇ ਬਿਨਾਂ ਬੁਝੇ ਉਹ ਚਿੰਨ ਤੋਂ ਪਰ੍ਹੇ ਚਿੰਨ ਤੋਂ ਅੱਗੇ ਜਾਂਦੇ ਹੀ ਨਹੀਂ, ਪਰ ਜੇ ਕੋਈ ਇਹ ਬੁਝ ਲਵੇ ਕਿ ਚਿੰਨ ਕਿਸ ਦਾ ਪ੍ਰਤੀਕ ਹੈ ਉਹ ਨਿਰਾਕਾਰ ਤਕ ਪਹੁੰਚ ਜਾਂਦਾ ਹੈ, ਇਹ ਜਾਣ ਜਾਂਦਾ ਹੈ ਇਹ ਚਿੰਨ ਇਕ ਪਰਾਰੰਭਕ ਹੈ ਨਿਰਾਕਾਰ ਦੀ ਪਹਿਲੀ ਪਉੜੀ ਹੈ, ਹੌਲੀ ਹੌਲੀ ਉਸ ਨੂੰ ਪਰਾਰੰਭ ਦਾ ਪ੍ਰਤੱਖ ਅਨੁਭਵ ਹੋ ਜਾਏ, ਉਹ ਆਪ ਹੀ ਉਸ ਚਿੰਨ ਨਾਲ ਇਕਮਿਕ ਹੋ ਜਾਵੇ।

13. ਯੱਗ ਦਾ ਬਚਿਆ ਹੋਇਆ ਖਾਣ ਨਾਲ ਸਾਰੇ ਪਾਪ ਧੁਲ ਜਾਂਦੇ ਹਨ, ਜਿਹੜੇ ਆਪ ਬਣਾ ਕੇ ਆਪ ਹੀ ਖਾ ਲੈਂਦੇ ਹਨ ਉਹ ਪਾਪ ਦੇ ਭਾਗੀਦਾਰ ਹਨ।

ਤਿਆਗ ਦਾ ਗੁਣ ਸਾਡੇ ਅੰਦਰ ਹੈ, ਦਿਲ ਖੋਲ੍ਹ ਕੇ ਦੇਣਾ ਤੇ ਕਿਸੇ ਚੀਜ਼ ਦੀ ਆਸ ਨਾ ਰਖਣੀ ਆਤਮ ਸੰਭਾਲ ਵੀ ਸਾਡੇ ਅੰਦਰ ਦਾ ਗੁਣ ਹੈ, ਇਹ ਕੇਵਲ ਮਨੁੱਖਾਂ ਦਾ ਹੀ ਨਹੀਂ ਸਾਰੇ ਜੀਵਾਂ ਦਾ ਹੈ, ਤੁਸੀਂ ਆਪਣਾ ਜੀਵਨ ਤਿਆਗ ਨੂੰ ਸਮਰਪਿਤ ਕਰਦੇ ਹੋ ਕਿ ਆਤਮ ਸੰਭਾਲ ਵਿਚ ਲਗਾਉਂਦੇ ਹੋ ਇਹ ਤੁਹਾਡੇ ਵਾਤਾਵਰਣ ਤੇ ਸਿਖਿਆ ਤੇ ਨਿਰਭਰ ਹੈ। ਜਿਨ੍ਹਾਂ ਨਾਲ ਤੁਸੀਂ ਜੰਮੇ ਪਲੇ ਹੋ ਜਿਨ੍ਹਾਂ ਨਾਲ ਤੁਸੀਂ ਆਪਣਾ ਸਮਾਂ ਬਿਤਾ ਰਹੇ ਹੋ ਉਸ ਦਾ ਪ੍ਰਭਾਵ ਤੁਹਾਡੇ ਆਤਮ ਸੰਭਾਲ ਤੇ ਪੈਂਦਾ ਹੈ।

ਮਿਸਾਲ ਵਜੋਂ ਆਰੀਆ ਸਭਿਆਚਾਰ ਵਿਚ ਜਦੋਂ ਖਾਣਾ ਬਣਦਾ ਹੈ ਪਹਿਲਾਂ ਅਤਿਥੀ ਨੂੰ ਪਰੋਸਿਆ ਜਾਂਦਾ ਹੈ ਬਾਕੀ ਸਾਰੇ ਬਾਦ ਵਿਚ ਖਾਂਦੇ ਹਨ ਜੋ ਬਚ ਜਾਏ, ਇਹ ਇਕ ਪਉੜੀ ਹੈ ਪਿਆਰ ਦੀ ਤੇ ਦੇਣ ਦੀ, ਜਿਸ ਨਾਲ ਤੁਸੀਂ ਨਿਸੁਆਰਥੀ ਹੋ ਜਾਂਦੇ ਹੋ ਜੋ ਨਿਰਾ ਪਿਆਰ ਹੈ, ਏਸ ਤੋਂ ਉਲਟ ਅੱਜ ਦਾ ਸਮਾਜ ਸਾਨੂੰ ਸ਼ੰਕੇ ਭਰਿਆ ਬਣਾਉਂਦਾ ਹੈ, ਅਸੁਰਖਿਅਤ ਇਨਸਾਨ, ਆਪਣੀਆਂ ਜ਼ਰੂਰਤਾਂ ਨੂੰ ਪਹਿਲਾਂ ਦੇਖਦਾ ਹੈ ਤੇ ਆਪਣੇ ਲਈ ਸਭ ਤੋਂ ਚੰਗੀ ਚੀਜ਼ ਰਖਦਾ ਹੈ।

ਪੱਛਮੀ ਸਭਿਆਚਾਰ ਅਤੇ ਮਨੋਵਿਗਿਆਨ ਹਉਮੈ (ego) ਨੂੰ ਚੇਤਨਤਾ ਦਾ ਬਿੰਦੂ ਸਮਝਦੇ ਹਨ ਪਰ ਪੂਰਬ ਦਾ ਸਥਾਈ ਮਨੋਵਿਗਿਆਨ ਇਸ ਨਾਲ ਸਹਿਮਤ ਨਹੀਂ ਇਹ ਬੁੱਧੀ ਨੂੰ ਨਿਰੋਲ ਚਿੰਤਨ ਨੂੰ ਅੰਦਰ ਦੀ ਅਵਸਥਾ ਦਾ ਇਕ ਹਿੱਸਾ ਮੰਨਦੇ ਹਨ ਦੂਸਰਾ ਅੰਤਹਕਰਨ, ਚਿਤ ਸਤਿ ਅਤੇ ਹਉਮੈ ਹੈ। ਪੱਛਮ ਵਿਚ ਮਨੁੱਖ ਦੀਆਂ ਸਾਰੀਆਂ ਕਿਰਿਆ ਹਉਮੈ ਨੂੰ ਸ਼ਕਤੀਸ਼ਾਲ ਬਣਾਉਣ ਵਿਚ ਲੱਗੀਆਂ ਰਹਿੰਦੀਆਂ, ਇਹੋ ਜਿਹੀ ਵਿਚਾਰਧਾਰਾ ਵਿਚ ਤਿਆਗ ਕਦੀ ਆ ਹੀ ਨਹੀਂ ਸਕਦਾ, ਆਪਾ ਦੇਣਾ ਸਭ ਤੋਂ ਅੱਛੀ ਚੀਜ਼, ਵਧੀਆਂ ਚੀਜ਼ ਦੇਣੀ ਉਹ ਕੇਵਲ ਨਿਸੁਆਰਥ ਨਾਲ ਹੀ ਆ ਸਕਦੀ ਹੈ। ਨਿਰਲੇਪਤਾ ਸਮਝਾਉਣ ਲਈ ਵੀ ਸਾਨੂੰ ਹੀ ਸਮਸਿਆ ਆਈ ਹੈ ਉਹ ਵੀ ਪੱਛਮੀ ਸਭਿਆਚਾਰ ਨੂੰ ਨਹੀਂ ਦਸਿਆ ਸਮਝਾਇਆ ਜਾ ਸਕਦਾ ਕਿਉਂਕਿ ਪੱਛਮ ਹਉਮੈ ਨੂੰ ਹੀ ਗਿਆਨ ਦਾ ਕੇਂਦਰ ਸਮਝਦਾ ਹੈ, ਦੇਣਾ ਉਨ੍ਹਾਂ ਲਈ ਕਾਫੀ ਡਰਾਉਣਾ ਹੈ, ਤਿਆਗ ਬਹੁਤ ਭਿਆਨਕ ਹੈ, ਹਉਮੈ ਐਨਾ ਬਲਵਾਨ ਹੈ ਮੈਂ ਭਾਵ ਐਨਾ ਵੱਧ ਹੈ ਕਿ ਉਹ ਕੁਝ ਵੀ ਦੇਣ ਨੂੰ ਤਿਆਰ ਨਹੀਂ ਜੋ ਕੁਝ ਵੀ ਉਨ੍ਹਾਂ ਕੋਲ ਹੈ, ਉਹ ਦੇ ਨਹੀਂ ਸਕਦੇ, ਉਹ ਬਹੁਤ ਛੇਤੀ

ਅਸੁਰਖਿਅਤ ਮਹਿਸੂਸ ਕਰਨ ਲਗ ਪੈਂਦੇ ਹਨ, ਉਨ੍ਹਾਂ ਨੂੰ ਇਹ ਮਹਿਸੂਸ ਹੋਣ ਲਗ ਪੈਂਦਾ ਹੈ ਜੇ ਮੈਂ ਦਿਤਾ ਤਾਂ ਮੇਰੇ ਕੋਲ ਘੱਟ ਜਾਵੇਗਾ। ਉਹ ਸੋਚਦਾ ਹੈ ਤਿਆਗ ਜਾਂ ਦੇਣਾ ਘਾਟੇ ਦਾ ਕੰਮ ਹੈ ਕਿਉਂਕਿ ਉਸ ਦਾ ਮੋਹ ਹੈ ਉਨ੍ਹਾਂ ਪਦਾਰਥਾਂ ਨਾਲ, ਉਹ ਉਨ੍ਹਾਂ ਨੂੰ ਤਿਆਗਣ ਤੋਂ ਡਰਦਾ ਹੈ, ਅਸਲ ਵਿਚ ਤੁਸੀਂ ਤਿਆਗ ਵਿਚ ਜੋ ਛਡਦੇ ਹੋ, ਉਹ ਹੈ ਹੰਗਤਾ ਤੇ ਮਮਤਾ, ਜੇ ਤੁਹਾਡਾ ਮੋਹ ਨਾ ਹੋਵੇ ਪਦਾਰਥਾਂ ਨਾਲ ਫੇਰ ਤਾਂ ਕੋਈ ਤਿਆਗ ਹੈ ਹੀ ਨਾ, ਉਹ ਤਿਆਗ ਤੋਂ ਡਰਦਾ ਹੈ ਸਵੈ ਕੇਂਦਰਿਤ ਮਨੁੱਖ ਸੋਚਦਾ ਹੈ ਤਿਆਗ ਤੋਂ ਭਾਵ ਹੈ ਨਸ਼ਟ ਹੋ ਜਾਣਾ, ਮਰ ਜਾਣਾ, ਅਸਲੀ ਭਾਵ ਤਾਂ ਇਸ ਤੋਂ ਉਲਟ ਹੈ ਸਵੈ ਕੇਂਦਰਿਤ ਮਨੁੱਖ ਦਾ ਸਵੈ ਕੇਂਦਰ ਹੀ ਮਰਦਾ ਹੈ ਤਿਆਗ ਨਾਲ ਇਹ ਸਮਝਦਾ ਨਹੀਂ। ਸਾਗਰ ਵਿਚੋਂ ਜਦੋਂ ਪਾਣੀ ਦੀ ਭਾਫ ਬਣ ਕੇ ਉਠਦੀ ਹੈ ਉਸ ਦੇ ਨਾਲ ਸਾਗਰ ਤਾਂ ਖਤਮ ਨਹੀਂ ਹੋ ਜਾਂਦਾ, ਬਲਕਿ ਮਾਨਵ ਭੰਡਾਰ ਦਾਨ-ਤਿਆਗ ਨਾਲ ਕਦੀ ਖਤਮ ਨਹੀਂ ਹੋ ਸਕਦੇ, ਸੱਚ ਪੁਛੋ ਜਿੰਨਾ ਤੁਸੀਂ ਦਿਓਗੇ ਦੁਗਣਾ ਆਵੇਗਾ, ਦੁਗਣਾ ਮਿਲੇਗਾ, ਤਿਆਗ ਵਿਚ ਤੁਸੀਂ ਉਹ ਛਡਦੇ ਹੋ ਜਿਸਨੂੰ ਤੁਸੀਂ ਜੱਫੀ ਪਾਈ ਰੱਖੀ ਹੈ, ਉਸ ਨੂੰ ਛੱਡ ਕੇ ਹੀ ਤੁਸੀਂ ਲੈਣ ਵਾਲੇ ਬਣੋਗੇ, ਜਦੋਂ ਤਕ ਤੁਸੀਂ ਪਦਾਰਥਾਂ ਨੂੰ ਸਾਂਭੀ ਬੈਠੇ ਰਹੋਗੇ, ਉਦੋਂ ਤਕ ਵਾਹਿਗੁਰੂ ਦੀ ਮਿਹਰ ਤੋਂ ਤੁਸੀਂ ਵਾਂਝੇ ਰਹੋਗੇ। ਜਿਸਨੂੰ ਸਵੈ ਕੇਂਦਰਤਿ ਮਨੁੱਖ ਮਰਨ ਸਮਝਦੇ ਹਨ ਵਾਸਤਵ ਵਿਚ ਦੂਸਰੇ ਪੱਖੋਂ ਇਹ ਨਿਰੋਲ ਜੀਵਨ ਹੀ ਹੈ ਇਸ ਕਰਕੇ ਹੀ ਅਸੀਂ ਤਿਆਗ ਨੂੰ ਜੀਵਨ ਆਖਦੇ ਹਾਂ, ਪੂਰਬ ਵਿਚ ਤਿਆਗ ਇਕ ਗੁਣ ਹੈ, ਸਵੈ ਸਮਾਪਤੀ ਨਹੀਂ, ਡਰ ਕੇ ਦੇਣਾ ਨਹੀਂ ਪੂਰਬ ਵਿਚ ਤਿਆਗ ਕਰਨ ਵਾਲਿਆਂ ਨੂੰ ਬਹੁਤ ਮਹਾਨ ਮੰਨਿਆ ਜਾਂਦਾ ਹੈ ਜੇ ਤੁਸੀਂ ਆਪਣੇ ਸਾਰੇ ਸੁਖ ਤਿਆਗਦੇ ਹੋ ਨਿਸੁਆਰਥ ਹੋ ਕੇ ਸੇਵਾ ਕਰਕੇ ਅਨੰਤ ਗਿਆਨ ਪ੍ਰਾਪਤ ਕਰ ਲੈਂਦੇ ਹਨ।

ਦੇਣ ਵਾਲਾ ਤਿਆਗ ਵਾਲਾ ਸਭ ਤੋਂ ਸੋਹਣੀ ਚੀਜ਼ ਹੀ ਆਪਣੇ ਪਿਆਰੇ ਨੂੰ ਦਿੰਦਾ ਹੈ ਪਰ ਸੁਆਰਥੀ ਸਭ ਨੂੰ ਪਿਆਰੇ ਨੂੰ ਵੀ ਆਪਣੇ ਸੁਖ ਲਈ ਵਰਤਦਾ ਹੈ ਜਿਹੜੇ ਵਿਸਥਾਰ ਦਾ ਨਿਯਮ ਨਹੀਂ ਜਾਣਦੇ ਉਹ ਤਿਆਗ ਦੇ ਅਨੁਭਵ ਦੀ ਖੁਸ਼ੀ ਨੂੰ ਨਹੀਂ ਮਾਣ ਸਕਦੇ। ਜਿਨ੍ਹਾਂ ਨੇ ਇਹ ਤਿਆਗ ਦਾ ਅਭਿਆਸ ਕਰ ਲਿਆ ਹੈ ਉਹ ਛੱਡ ਨਹੀਂ ਸਕਦੇ, ਦੇਣ ਨਾਲ ਤਿਆਗ ਨਾਲ ਜੋ ਸੰਪੂਰਨਤਾ ਮਹਿਸੂਸ ਹੁੰਦੀ ਹੈ ਉਹ ਸਥਾਈ ਹੁੰਦੀ ਹੈ ਲੈਣਾ ਲੈ ਕੇ ਜੋ ਖੁਸ਼ੀ ਮਿਲਦੀ ਹੈ ਉਹ ਬਹੁਤ ਥੋੜ੍ਹੀ ਦੇਰ ਲਈ ਹੁੰਦੀ ਹੈ, ਬਾਦ ਵਿਚ ਉਹ ਭਾਵੇਂ, ਨਿਰਾਸਤਾ, ਦੁਖ ਵਿਚ ਹੀ ਕਿਉਂ ਨਾ ਬਦਲ ਜਾਵੇ ਜਿਹੜੇ ਦੇਣਾ ਨਹੀਂ ਸਿਖਦੇ ਕਰਮਾਂ ਦੇ ਫਲ ਦਾ ਤਿਆਗ ਨਹੀਂ ਸਿਖਦੇ ਉਨ੍ਹਾਂ ਨੂੰ ਜੀਵਨ ਜਾਚ ਆ ਨਹੀਂ ਸਕਦੀ।

ਜੀਵਨ ਦਾ ਰਹੱਸ ਨਿਸੁਆਰਥ ਹੋ ਕੇ ਦੇਣ ਵਿਚ ਹੀ ਹੈ, ਇਹ ਸਹੀ ਅਰਥਾਂ ਵਿਚ ਪਿਆਰ ਦਾ ਪ੍ਰਗਟਾਵਾ ਹੈ, ਜਿਹੜੇ ਆਪਣੀਆਂ ਜ਼ਰੂਰਤਾਂ ਨਾਲ ਹੀ ਭਰਪੂਰ ਰਹਿੰਦੇ ਹਨ ਉਹ ਸੱਚਮੁਚ ਹੀ ਖੁਸ਼ ਹਨ ਉਹ ਆਪਣੇ ਸਾਰੇ ਸਾਧਨ ਦੂਸਰਿਆਂ ਨੂੰ ਪਿਆਰ ਕਰਨ ਅਤੇ ਸੇਵਾ ਵਿਚ ਲਾ ਦਿੰਦੇ ਹਨ, ਜਿਹੜਾ ਥੋੜ੍ਹਾ ਬਹੁਤ ਰਹਿ ਜਾਂਦਾ ਹੈ, ਉਹ ਆਪਣੇ ਆਪ ਨੂੰ ਚਲਾਉਣ ਲਈ ਜੀਉਂਦੇ ਰਹਿਣ ਲਈ ਜ਼ਰੂਰੀ ਹੁੰਦਾ ਹੈ, ਇਸ ਲਈ ਵੀ ਕਿ ਉਹ ਦਿੰਦੇ

ਰਹਿਣ, ਇਹੋ ਜਿਹੇ ਮਨੁੱਖ ਦੂਸਰਿਆਂ ਲਈ ਜੀਊਂਦੇ ਹਨ, ਪਰ ਸੁਆਰਥੀ ਦੇਣ ਦੇ ਤਿਆਗ ਦੇ ਨਿਯਮ ਨਹੀਂ ਜਾਣਦੇ ਉਹ ਡੁੱਬੇ ਪਏ ਹਨ।

14. ਕਿਉਂਕਿ ਸੰਪੂਰਨ ਪ੍ਰਾਣੀ ਅੰਨ ਤੋਂ ਉਤਪਤਿ ਹੁੰਦੇ ਹਨ, ਅੰਨ ਦੀ ਉਤਪਤੀ ਖੇਤੀ ਤੋਂ ਹੁੰਦੀ ਹੈ, ਖੇਤੀ ਯੱਗ ਨਾਲ ਹੁੰਦੀ ਹੈ ਅਤੇ ਇਹ ਯੱਗ ਕਰਮਾਂ ਤੋਂ ਉਤਪੰਨ ਹੋਣ ਵਾਲਾ ਹੈ।

15. ਕਰਮ ਵੇਦਾਂ ਤੋਂ, ਵੇਦ ਅਬੀਨਾਸ਼ੀ ਪ੍ਰਮਾਤਮਾ ਤੋਂ ਉਤਪੰਨ ਹੋਏ ਹਨ, ਇਸ ਨਾਲ ਸਰਬ ਵਿਆਪੀ ਪਰਮ ਅਖਸ਼ਰ ਪ੍ਰਮਾਤਮਾ ਸਦਾ ਹੀ ਯੱਗ ਵਿਚ ਪ੍ਰਤਿਸ਼ਦਤ ਹੈ।

ਸੰਸਾਰ ਵਿਚ ਹਰ ਕਰਮ ਹੀ ਕਰਮਕਾਂਡ ਹੈ, ਕਰਮਕਾਂਡ ਤਿਆਗ ਲਈ ਕੀਤੇ ਜਾਂਦੇ ਹਨ। ਬਾਰਸ਼ ਦੀ ਬੂੰਦ ਆਪਾ ਖਤਮ ਕਰਕੇ ਹੀ ਪੌਦੇ ਦਾ ਹਿੱਸਾ ਬਣਦੀ ਹੈ, ਸੂਰਜ ਆਪਣੀ ਸ਼ਕਤੀ ਤਿਆਗ ਕੇ ਚਾਨਣ ਤੇ ਜੀਵਨ ਦਾਨ ਕਰਦਾ ਹੈ, ਬਾਰਸ਼ ਬੂਟਿਆਂ ਨੂੰ, ਝਾੜੀਆਂ ਨੂੰ ਹਰ ਖਾਣ ਵਾਲੀ ਪਦਾਰਥ ਜਿਹੜੀ ਮਨੁੱਖ ਨੇ ਵਰਤਣੀ ਹੈ ਮੁਫਤ ਹੈ ਵਾਹਿਗੁਰੂ ਦੀ ਦੇਣ ਹੈ ਇਹ ਉਪਹਾਰ ਤਿਆਗ ਹੈ, ਵਿਸ਼ਵ ਸਾਰਾ ਦੇਣ ਨਾਲ ਤਿਆਗ ਨਾਲ ਭਰਿਆ ਪਿਆ ਹੈ ਬ੍ਰਹਿਮੰਡ ਦਾ ਸੁਭਾਅ ਹੈ ਦੇਣਾ, ਇਹ ਬ੍ਰਹਿਮੰਡ ਉਸ ਇਕ ਦਾ ਤੋਹਫਾ ਹੈ, ਉਹ ਇਕ ਹਰ ਇਕ ਕਣ ਕਣ ਵਿਚ ਵਿਚਰ ਰਿਹਾ ਹੈ।

ਭੋਜਨ ਸਰੀਰ ਦੀ ਸੰਭਾਲ ਲਈ ਜ਼ਰੂਰੀ ਹੈ, ਸਰੀਰ ਕਰਮ ਕਰਨ ਲਈ ਇਕ ਯੰਤਰ ਹੈ ਸਾਰਾ ਸਰੀਰ ਆਪਣੀ ਤਾਕਤ ਭੋਜਨ ਤੋਂ ਲੈਂਦਾ ਹੈ, ਖਾਣ ਤੋਂ ਬਿਨਾਂ ਜੀਵਨ ਹੋ ਨਹੀਂ ਸਕਦਾ ਸਾਰੇ ਜੀਵ ਜੰਤੂ ਖਾਣੇ ਤੇ ਹੀ ਨਿਰਭਰ ਹਨ, ਖਾਣਾ ਹੀ ਸਰੀਰ ਨੂੰ ਜੀਵਤ ਰਖਦਾ ਹੈ, ਬਾਰਸ਼ ਅੰਨ ਪੈਦਾ ਕਰਨ ਲਈ ਅਵਸ਼ਕ ਹੈ, ਅੰਨ ਬਾਰਸ਼ ਤੋਂ ਪੈਦਾ ਹੁੰਦਾ ਹੈ। ਬ੍ਰਹਮਗਿਆਨੀ ਜਾਣਦੇ ਹਨ ਮੀਂਹ ਦੀਆਂ ਬੂੰਦਾਂ ਉਸ ਦੀ ਬੜੀ ਵੱਡੀ ਕ੍ਰਿਪਾ ਹੈ ਮੀਂਹ ਦੇ ਦੇਵਤੇ ਤੋਂ ਇਹ ਭਾਵ ਨਹੀਂ ਕਿ ਮੀਂਹ ਦੇ ਦੇਵਤੇ ਦੀ ਪੂਜਾ ਕੀਤੀ ਜਾਵੇ ਪਰ ਇਸ ਨੂੰ ਕ੍ਰਿਪਾ ਦਾ ਇਕ ਸਾਧਨ ਸਮਝਿਆ ਜਾਵੇ ਜਿਸ ਦੁਆਰਾ ਸਾਰੇ ਵਿਸ਼ਵ ਵਿਚ ਹਰਿਆਵਲ ਹੁੰਦੀ ਹੈ, ਅੰਨ ਉਪਜਦਾ ਹੈ ਤੇ ਅਧਾਰ ਮਿਲਦਾ ਹੈ। ਮੀਂਹ ਤੋਂ ਬਿਨਾਂ ਅੰਨ ਨਹੀਂ ਉਪਜਾਇਆ ਜਾ ਸਕਦਾ, ਅੰਨ ਤੋਂ ਬਿਨਾਂ ਸਰੀਰ ਨਹੀਂ ਚਲ ਸਕਦੇ, ਮੀਂਹ ਯੱਗ ਤੋਂ ਬਿਨਾਂ ਨਹੀਂ ਪੈਂਦਾ। ਭਾਵ ਧਰਤੀ ਦੇ ਪਿਆਰ ਦਾ ਪ੍ਰਵਾਹ ਸਾਰੀਆਂ ਝਾੜੀਆਂ, ਦਰਖਤ ਫੁੱਲ ਪੱਤੇ ਤੇ ਅੰਨ੍ਹ ਪੈਦਾ ਕਰਦਾ ਹੈ ਉਹ ਪਿਆਰ ਜਗ ਕਿਹਾ ਜਾਂਦਾ ਹੈ ਤਿਆਗ ਕਿਹਾ ਜਾਂਦਾ ਹੈ, ਬਲੀਦਾਨ ਕਿਹਾ ਜਾਂਦਾ ਹੈ।

ਲੋਕੀ ਬਹੁਤ ਵਾਰੀ ਇਸ ਦੀ ਵਿਆਖਿਆ ਕਰਦੇ ਹਨ ਤੇ ਕਹਿੰਦੇ ਹਨ ਕਿ ਸਾਨੂੰ ਬਾਰਿਸ਼ ਦੇ ਦੇਵਤੇ ਨੂੰ ਬਲੀ ਦੇਣੀ ਚਾਹੀਦੀ ਹੈ ਪਰ ਯਥਾਰਥ ਵਿਚ ਇਸ ਨੂੰ ਦੂਸਰੀ ਤਰ੍ਹਾਂ ਸਮਝਣਾ ਚਾਹੀਦਾ ਹੈ, ਵਰਖਾ ਆਪਣੇ ਆਪ ਵਿਚ ਉਸ ਇਕ ਵਲੋਂ ਕੀਤੀ ਗਈ ਮੇਹਰ ਹੈ ਇਹ ਸਲੋਕ ਸਾਨੂੰ ਇਹ ਸਿਖਾਉਂਦਾ ਹੈ ਕਿ ਮਨੁੱਖ ਨਿਸੁਆਰਥ ਨਿਰੋਲ ਪਿਆਰ ਤੋਂ ਪੈਦਾ ਹੋਇਆ ਹੈ ਤਿਆਗ ਤੋਂ ਪੈਦਾ ਹੋਇਆ ਹੈ, ਜੇ ਤੁਸੀਂ ਇਕਸਾਰਤਾ ਨਾਲ ਇਸ ਬ੍ਰਹਿਮੰਡ ਵਿਚ ਰਹਿਣਾ ਹੈ ਤਾਂ ਤੁਹਾਨੂੰ ਨਿਸੁਆਰਥ ਹੋ ਕੇ ਪਿਆਰ ਕਰਨਾ

ਹੀ ਪਵੇਗਾ।

16. ਹੇ ਪਰਿਥਾ ਪੁਤਰ! ਜੋ ਪੁਰਸ਼ ਇਸ ਲੋਕ ਵਿਚ ਇਸ ਪ੍ਰਕਾਰ ਚਲਾਏ ਹੋਏ ਸ੍ਰਿਸ਼ਟੀ ਚੱਕਰ ਦੇ ਅਨੁਸਾਰ ਨਹੀਂ ਵਰਤਦਾ, ਅਰਥਾਤ ਸਾਸ਼ਤਰ ਅਨੁਸਾਰ ਕਰਮ ਨਹੀਂ ਕਰਦਾ, ਉਹ ਇੰਦ੍ਰੀਆਂ ਦੇ ਸੁਖ ਨੂੰ ਭੋਗਣ ਵਾਲਾ ਪਾਪ-ਆਯੂ ਪੁਰਸ਼ ਵਿਅਰਥ ਹੀ ਜਿਉਂਦਾ ਹੈ।

ਜੀਵਨ ਦਾ ਚੱਕਰ ਕੇਵਲ ਤਿਆਗ ਤੇ ਘੁੰਮਦਾ ਹੈ ਇਸ ਤੋਂ ਬਿਨਾਂ ਜੀਵਨ ਅੱਗੇ ਵੱਧ ਹੀ ਨਹੀਂ ਸਕਦਾ, ਇਹ ਸਾਰੀ ਪ੍ਰਕ੍ਰਿਆ ਇਕ ਵਿਸ਼ਵ ਇਕ ਪ੍ਰਮਾਤਮਾ ਦੀ ਕ੍ਰਿਪਾ ਉਸ ਦੀ ਇੱਛਾ ਦਾ ਪਸਾਰਾ ਹੈ, ਹਰ ਇਕ ਨੂੰ ਪ੍ਰਮਾਤਮਾ ਦੀ ਬਖਸ਼ਿਸ਼ ਹੈ ਕਿ ਉਹ ਨਿਸੁਆਰਥ ਕਰਮ ਕਰ ਸਕੇ ਨਿਰਲੇਪ ਰਹਿ ਸਕੇ, ਆਪਣੇ ਆਪ ਦੀ ਸੰਭਾਲ ਕਰ ਸਕੇ ਜਿਹੜੇ ਇੰਦ੍ਰੀਆਂ ਦੇ ਅਧੀਨ ਹਨ ਵਿਸ਼ੇ ਵਿਕਾਰਾਂ ਵਿਚ ਡੁੱਬੇ ਪਏ ਹਨ ਉਹ ਆਪਣੇ ਆਪ ਲਈ ਔਕੜਾਂ ਪੈਦਾ ਕਰ ਲੈਂਦੇ ਹਨ, ਉਹ ਆਪਣਾ ਜੀਵਨ ਮਨੋਰਥ ਪੂਰਾ ਨਹੀਂ ਕਰਦੇ, ਉਹ ਆਪਣੇ ਕਰਮਾਂ ਕਾਰਣ ਹੀ ਦੁੱਖ ਭੋਗਦੇ ਹਨ।

17. ਉਹ ਮਾਨਵ ਜਿਹੜਾ ਆਪਣੇ ਆਪ ਵਿਚ ਪ੍ਰਸੰਨ ਹੈ, ਆਤਮਾ ਪਛਾਣਦਾ ਹੈ ਆਤਮਾ ਵਿਚ ਤ੍ਰਿਪਤ ਹੈ, ਆਤਮਾ ਵਿਚ ਸੰਤੁਸ਼ਟ ਹੈ ਉਸ ਲਈ ਕਰਮ ਕਰਨਾ ਜ਼ਰੂਰੀ ਨਹੀਂ।

18. ਕਿਉਂਕਿ ਇਸ ਸੰਸਾਰ ਵਿਚ ਉਸ ਪੁਰਸ਼ ਕਾ ਕੀਏ ਜਾਣੇ ਨਾਲ ਕੋਈ ਪ੍ਰਯੋਜਨ ਨਹੀਂ ਹੈ, ਤਥਾ ਉਸਦਾ ਸੰਪੂਰਨ ਭੂਤਾਂ ਵਿਚ ਕੁਛ ਭੀ ਸਵਾਰਥ ਦਾ ਸਬੰਧ ਨਹੀਂ ਹੈ। ਤਾਂ ਭੀ ਉਸ ਦੁਆਰਾ ਕਰਮ ਲੋਕ ਹਿਤ ਲਈ ਹੁੰਦਾ ਹੈ।

19. ਨਿਰੰਤਰ ਮੋਹ ਤੋਂ ਮੁਕਤ ਹੋ ਕੇ ਕਰਮ ਕਰਦੇ ਰਹੋ, ਜਿਹੜੇ ਵੀ ਮੋਹ ਤੋਂ ਮੁਕਤ ਹੋ ਕੇ ਹਉਮੈ ਤਿਆਗ ਕੇ ਕਰਮ ਕਰਦਾ ਹੈ ਉਹ ਉਸ ਪ੍ਰਮਾਤਮਾ ਨੂੰ ਪਾ ਲੈਂਦਾ ਹੈ।

ਜਿਸ ਨੇ ਆਤਮ ਸਿੱਧੀ ਕਰ ਲਈ ਉਹ ਸਦਾ ਆਨੰਦਿਤ ਹੋ ਗਿਆ, ਸੰਤੋਖ ਵਿਚ ਆ ਗਿਆ। ਉਸ ਨੇ ਜੀਵਨ ਮਨੋਰਥ ਪਾ ਲਿਆ, ਕੁਝ ਕਰਨ ਨੂੰ ਬਾਕੀ ਹੀ ਨਹੀਂ ਰਿਹਾ, ਉਸ ਨੂੰ ਕਰਮ ਕਰਨ ਵਿਚ ਕੋਈ ਸੁਆਰਥ ਹੀ ਨਹੀਂ ਰਿਹਾ, ਜਿਨ੍ਹਾਂ ਨੇ ਆਪਣੇ ਆਪ ਨੂੰ ਨਿਸੁਆਰਥ ਕਰਮ ਕਰਨ ਨਿਰਲਿਪਤ ਹੋ ਕੇ ਕਰਮ ਕਰਨਾ ਸਿੱਖ ਲਏ ਹਨ ਉਹ ਨਾ ਕਰਮ ਕਰਨ ਵਿਚ ਰੁਚੀ ਰਖਦੇ ਹਨ ਅਤੇ ਨਾ ਹੀ ਕਰਮ ਨਾ ਕਰਨ ਵਿਚ ਰੁਚੀ ਰਖਦੇ ਹਨ। ਇਹੋ ਜਿਹਿਆਂ ਲਈ ਕੋਈ ਬੰਧਨ ਨਹੀਂ, ਫੇਰ ਭਾਵੇਂ ਸੰਸਾਰ ਵਿਚ ਰਹੋ, ਸੰਸਾਰ ਤਿਆਗੋ ਕੋਈ ਫਰਕ ਨਹੀਂ ਪੈਂਦਾ, ਅਵਸ਼ਕ ਹੈ ਸ਼ਾਂਤੀ ਪ੍ਰਾਪਤ ਕਰਨੀ ਮੋਹ ਤੋਂ ਮੁਕਤ ਹੋਣਾ ਇਨ੍ਹਾਂ ਸ਼ਲੋਕਾਂ ਰਾਹੀਂ ਅਰਜਨ ਦਾ ਮਨੋਬਲ ਬੰਨ੍ਹਿਆ ਗਿਆ ਹੈ ਤਾਂ ਜੋ ਉਹ ਆਪਣਾ ਕਰਮ ਕਰ ਸਕੇ, ਸਥਿਰ ਹੋ ਕੇ, ਮੋਹ ਤੋਂ ਮੁਕਤ ਹੋ ਕੇ।

ਮਨੁੱਖ ਕਰਮ ਕੀਤੇ ਬਿਨਾਂ ਨਹੀਂ ਰਹਿ ਸਕਦਾ, ਜਦੋਂ ਉਹ ਕਰਮ ਕਰਦਾ

ਹੈ ਤਾਂ ਉਹ ਫਲ ਵੀ ਲੈਂਦਾ ਹੈ। ਇਹ ਇਕ ਚੱਕਰ ਬਣ ਜਾਂਦਾ ਹੈ ਕਰਮ ਕਰੋ ਫਲ ਭੋਗੋ, ਫਲ ਭੋਗੋ ਕਰਮ ਕਰੋ, ਜਨਮ ਤੋਂ ਬਾਦ ਜਨਮ ਇਸ ਤਰ੍ਹਾਂ ਹੀ ਚਲਦਾ ਰਹਿੰਦਾ ਹੈ, ਉਹ ਕਰਮਾਂ ਦੇ ਬੰਨਣ ਵਿਚ ਫਸ ਜਾਂਦਾ ਹੈ, ਇਸ ਕਰਮਗਤੀ ਤੋਂ ਕਿਵੇਂ ਛੁਟਕਾਰਾ ਮਿਲੇ। ਛੁਟਕਾਰਾ ਪਾਉਣ ਲਈ ਕਰਮ ਕਰਨੇ ਬੰਦ ਕਰਨ ਦੀ ਲੋੜ ਨਹੀਂ, ਜਾਂ ਕਰਮ ਕਰਦੇ ਹੀ ਰਹਿਣ ਦੀ ਲੋੜ ਨਹੀਂ, ਲੋੜ ਹੈ ਕਰਮ ਕਰਕੇ ਉਸਦੇ ਫਲ ਨੂੰ ਤਿਆਗਣ ਦੀ, ਫਲ ਨੂੰ ਅਰਪਿਤ ਕਰਨ ਦੀ। ਕਰਮ ਕਦੀ ਬੰਨਣ ਨਹੀਂ ਹੁੰਦੇ, ਕਰਮ ਦਾ ਫਲ ਬੰਨਣ ਬਣਦੇ ਹਨ, ਫਲ ਭੋਗਣ ਦੀ ਇੱਛਾ ਬੰਨਣ ਬਣਦੀ ਹੈ, ਗੀਤਾ ਦਾ ਸੰਦੇਸ਼ ਹੈ, ਕਰਮ ਕਰੋ ਪਿਆਰ ਨਾਲ ਕਰੋ, ਸੁਚੱਜੀ ਤਰ੍ਹਾਂ ਕਰੋ, ਨਿਸੁਆਰਥ ਹੋ ਕੇ ਕਰੋ, ਹਉਮੈ ਤਿਆਗ ਕੇ ਕਰੋ ਤਾਂ ਹੀ ਤੁਸੀਂ ਕਰਮਾਂ ਦੇ ਗੇੜ ਤੋਂ ਛੁਟਕਾਰਾ ਪਾ ਸਕੋਗੇ।

ਕਰਮ ਕਰਨ ਲਈ ਪ੍ਰੇਰਨਾ ਬਹੁਤ ਜ਼ਰੂਰੀ ਹੈ ਮਿਸਾਲ ਵਜੋਂ ਜੇ ਕੋਈ ਦਾਨ ਦਿੰਦਾ ਹੈ ਕਿਸ ਚੀਜ਼ ਨੇ ਕਿਸ ਨੇ ਉਸ ਨੂੰ ਪਰੇਰਿਆ ਹੈ? ਕਈ ਲੋਕੀ ਦਾਨ ਦਿੰਦੇ ਹਨ ਆਪਣਾ ਨਾਮ ਕਰਨ ਲਈ ਆਪਣੀ ਵਾਹ-ਵਾਹ ਕਰਾਉਣ ਲਈ ਤਾਂ ਜੋ ਲੋਕੀ ਕਹਿਣ ਉਹ ਬਹੁਤ ਵੱਡਾ ਹੈ, ਕਈ ਇਸ ਕਰਕੇ ਦਾਨ ਕਰਦੇ ਹਨ ਉਨ੍ਹਾਂ ਦਾ ਵਿਸ਼ਵਾਸ਼ ਹੈ ਜੇ ਉਹ ਦਾਨ ਕਰਨਗੇ ਉਨ੍ਹਾਂ ਨੂੰ ਅੱਗੇ ਜਾ ਕੇ ਮਿਲੇਗਾ, ਨੇਕ ਨੀਤੀ ਵਾਲੇ, ਸਮਝਦਾਰ ਦਾਨ ਇਸ ਲਈ ਦਿੰਦੇ ਹਨ, ਉਹ ਜਾਣਦੇ ਹਨ ਫਲ ਤੋਂ ਮੁਕਤ ਹੋਣਾ ਬਹੁਤ ਜ਼ਰੂਰੀ ਹੈ, ਫਲ ਤੋਂ ਮੋਹ ਤੋੜਨਾ ਹੀ ਕਰਮ ਕਰਨ ਦੀ ਪ੍ਰੇਰਨਾ ਤੋਂ ਛੁਟਕਾਰਾ ਹੈ। ਇਨ੍ਹਾਂ ਮਿਸਾਲਾਂ ਵਿਚ ਇਕੋ ਜਿਹੇ ਕਰਮ ਕੀਤੇ ਗਏ ਹਨ ਪਰ ਉਹ ਵੱਖ-ਵੱਖ ਪ੍ਰੇਰਨਾ ਤੋਂ ਉਪਜੇ ਹਨ। ਨਿਰਸੁਆਰਥ ਹੋ ਕੇ ਕਰਮ ਕਰਨ ਨਾਲ ਸ਼ਾਂਤੀ ਮਿਲਦੀ ਹੈ, ਮਨੁੱਖ ਸੰਪੂਰਨਤਾ ਪ੍ਰਾਪਤ ਕਰਦਾ ਹੈ ਜਿਥੇ ਉਸ ਨੂੰ ਕੁਝ ਨਹੀਂ ਕਰਨਾ ਪੈਂਦਾ ਕਿਉਂਕਿ ਉਸ ਨੇ ਜੀਵਨ ਮਨੋਰਥ ਪੂਰਾ ਕਰ ਲਿਆ ਹੈ।

20. ਜਨਕ ਆਦਿ ਨੇ ਵੀ ਨਿਸ਼ਕਾਮ ਕਰਮ ਕਰਕੇ ਹੀ ਮੁਕਤੀ ਪ੍ਰਾਪਤ ਕੀਤੀ ਸੰਸਾਰ ਦੇ ਲਾਭ ਨੂੰ ਦੇਖਦਿਆਂ ਵੀ ਤੈਨੂੰ ਕਰਮ ਕਰਨਾ ਹੀ ਚਾਹੀਦਾ ਹੈ।

ਪੁਰਾਣੇ ਸਮਿਆਂ ਵਿਚ ਬਹੁਤ ਸਾਰੇ ਵਿਦਵਾਨ ਸਨ ਜਿਨ੍ਹਾਂ ਨੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਕਰਮ ਨਾਲੋਂ ਤਿਆਗ ਦਾ ਪਥ ਉਚਾ ਹੈ, ਕੁਝ ਵਿਦਵਾਨ ਮੰਨਦੇ ਹਨ ਕਿ ਕਰਮ ਦਾ ਮਾਰਗ ਤਿਆਗ ਦੇ ਮਾਰਗ ਤੋਂ ਉਚਾ ਹੈ ਇਹੋ ਜਿਹੀਆਂ ਸਮਾਨਤਾਵਾਂ ਉਚਿਤ ਨਹੀਂ ਇਹ ਤਾਂ ਤੁਹਾਡੀ ਸਮਰਥਾ ਤੇ ਰੁਚੀ ਤੇ ਨਿਰਭਰ ਹੈ। ਦੋਨੋਂ ਮਾਰਗਾਂ ਤੇ ਕਰਮ ਕਰਨੇ ਅਵਸ਼ਕ ਹਨ, ਸ੍ਰੀ ਕ੍ਰਿਸ਼ਨ ਜੀ ਦਸਦੇ ਹਨ ਕਿ ਪਿਛੋਕੜ ਵਿਚ ਬਹੁਤ ਵੱਡੇ ਵੱਡੇ ਮਹਾਂਪੁਰਖ ਹੋਏ ਹਨ ਜਿਨ੍ਹਾਂ ਨੇ ਪੂਰਨਤਾ ਪ੍ਰਾਪਤ ਕੀਤੀ ਹੈ ਕੇਵਲ ਕਰਮ ਕਰਕੇ। ਉਹ ਅਰਜਨ ਨੂੰ ਦਸਦੇ ਹਨ ਕਿ ਬਿਨਾਂ ਕਰਮ ਕੀਤੇ ਪੂਰਨਤਾ ਪ੍ਰਾਪਤ ਨਹੀਂ ਹੋ ਸਕਦੀ।

ਆਪਣੇ ਆਪ ਦਾ ਅੰਦਰੋਂ ਨਰੀਖਣ ਕਰਨਾ ਚਾਹੀਦਾ ਹੈ ਆਪਣੇ ਗੁਣਾਂ ਦਾ ਪਤਾ ਹੋਣਾ ਚਾਹੀਦਾ ਹੈ ਤਾਂ ਜੋ ਗੁਣ ਸਮਝ ਕੇ ਤੁਸੀਂ ਕਰਮ

ਕਰ ਸਕੋ ਤਿਆਗ ਮਾਰਗ ਤੇ ਚੱਲਣ ਵਾਲਿਆਂ ਨੂੰ ਚਾਹੀਦਾ ਹੈ ਕਿ ਇਸ ਮਾਰਗ ਤੇ ਚੱਲ ਕੇ ਪੂਰਨਤਾ ਪ੍ਰਾਪਤ ਕਰਨ। ਪਰ ਸੰਸਾਰ ਦੇ ਬਹੁਤ ਸਾਰੇ ਲੋਕੀ ਕਰਮ ਯੋਗ ਦਾ ਮਾਰਗ ਚੁਣਦੇ ਹਨ, ਕਰਮ ਕਰਦੇ ਹੋਏ ਵੀ ਤੁਸੀਂ ਪੂਰਨਤਾ ਪ੍ਰਾਪਤ ਕਰ ਸਕਦੇ ਹੋ, ਸ੍ਰੀ ਕ੍ਰਿਸ਼ਨ ਜੀ ਦਸਦੇ ਹਨ, ਅਰਜਨ ਯੋਧਾ ਹੁੰਦੇ ਹੋਏ ਤੈਨੂੰ ਕਰਮ ਕਰਨਾ ਹੀ ਪਵੇਗਾ, ਤੈਨੂੰ ਆਪਣਾ ਧਰਮ ਨਿਭਾਉਣਾ ਹੀ ਪਵੇਗਾ ਧਰਮ ਦਾ ਤਿਆਗ ਕਰਕੇ ਤੁਸੀਂ ਕਦੀ ਪੂਰਨ ਨਹੀਂ ਹੋ ਸਕਦੇ, ਡਰੋ ਨਾ ਪੂਰਾ ਜ਼ੋਰ ਲਾ ਕੇ ਯੁੱਧ ਕਰੋ, ਮਨ ਇਕਾਗਰ ਕਰਕੇ ਯੁੱਧ ਕਰੋ, ਮੋਹ ਤੋਂ ਮੁਕਤ ਹੋ ਕੇ ਹਉਮੈ ਦਾ ਤਿਆਗ ਕਰਕੇ, ਸ਼ਾਂਤ ਰਹਿ ਕੇ ਜੀਵਨ ਦਾ ਸੰਤੁਲਨ ਰੱਖ ਕੇ ਯੁੱਧ ਕਰੋ।

ਸ੍ਰੀ ਕ੍ਰਿਸ਼ਨ ਜੀ ਕਹਿੰਦੇ ਹਨ ਅਰਜਨ! ਕਰਮ ਕਰਨ ਵੇਲੇ ਟਾਲੇ ਟੋਲੇ ਨਾ ਕਰੋ, ਅਕ੍ਰਿਆਸ਼ੀਲ ਨਾ ਹੋ, ਢਿੱਲਾ ਨਾ ਪੈ  ਕਰਮ ਕਰਨਾ ਧਰਮ ਹੈ ਧਰਮ ਨਾਲ ਸਮਾਜ ਵਿਚ ਏਕਤਾ ਆਉਂਦੀ ਹੈ ਜੇ ਸਮਾਜ ਦੇ ਸਿਆਣੇ ਤੇ ਹੋਰ ਆਗੂ ਆਪਣਾ ਧਰਮ ਛੱਡ ਦੇਣ ਤਿਆਗੀ ਬਣ ਜਾਣ ਸਮਾਜ ਵਿਚ ਭਗਦੜ ਮਚ ਜਾਵੇਗੀ। ਸਮਾਜ ਖੇਰੂੰ ਖੇਰੂੰ ਹੋ ਜਾਵੇਗਾ ਰਾਜਾ ਜਨਕ ਇਕ ਮਹਾਤਮਾ ਦੀ ਮਿਸਾਲ ਹਮੇਸ਼ਾ ਦਿਤੀ ਜਾਂਦੀ ਹੈ ਜਿਸ ਨੇ ਬੜੀ ਸੋਝੀ ਨਾਲ ਗਿਆਨ ਨਾਲ, ਪੂਰਨ ਸੰਤੁਲਨ ਰਖਦੇ ਹੋਏ ਨਿਸ਼ਕਾਮ ਹੋ ਕੇ ਕਰਮ ਕੀਤੇ ਆਪਣੀਆਂ ਡਿਊਟੀਆਂ ਕੀਤੀਆਂ।

21. ਜੋ ਕੁਝ ਵੀ ਮੋਢੀ ਸਿਆਣੇ ਕਰਦੇ ਹਨ ਉਹ ਹੀ ਲੋਕੀ ਕਰਦੇ ਹਨ ਜਿਸ ਤਰ੍ਹਾਂ ਦੇ ਅਦੇਸ਼ ਉਹ ਸਥਾਪਤ ਕਰਦੇ ਹਨ ਸੰਸਾਰ ਉਸੇ ਤਰ੍ਹਾਂ ਹੀ ਆਪਣੇ ਆਪ ਨੂੰ ਚਲਾਉਂਦਾ ਹੈ।

22. ਹੇ ਅਰਜਨ! ਮੈਨੂੰ ਤਿੰਨਾਂ ਲੋਕਾਂ ਵਿਚ ਕੋਈ ਕਰਤੱਬ ਨਹੀਂ ਹੈ ਤਥਾ ਕਿੰਚਤ ਭੀ ਪ੍ਰਾਪਤ ਹੋਣੇ ਯੋਗ ਵਸਤੂ ਅਪ੍ਰਾਪਤ ਨਹੀਂ ਹੈ ਤਾਂ ਭੀ ਮੈਂ ਕਰਮਾਂ ਵਿਚ ਹੀ ਵਰਤਦਾ ਹਾਂ।

23. ਜੇ ਮੈਂ ਸਾਵਧਾਨ ਹੋਇਆ ਕਦਾਚਿਤ ਕਰਮਾਂ ਵਿਚ ਨਾ ਵਰਤਾਂ ਹੇ ਅਰਜਨ! ਸਭ ਪ੍ਰਕਾਰ ਸੇ ਮਨੁੱਖ ਮੇਰੇ ਕਰਤੱਵ ਦੇ ਅਨੁਸਾਰ ਵਰਤਨੇ ਲਗ ਜਾਣਗੇ।

24. ਜੇ ਮੈਂ ਕਰਮ ਨਾ ਕਰਾਂ ਸਭ ਕੁਝ ਨਸ਼ਟ ਹੋ ਜਾਵੇ, ਹਲਚਲ ਮਚ ਜਾਵੇ, ਮੈਂ ਹੀ ਮਾਰਣ ਵਾਲਾ ਹੋ ਜਾਵਾਂ। ਸੰਸਾਰ ਦੀਆਂ ਸਾਰੀਆਂ ਵੱਡੀਆਂ ਸਭਿਅਤਾਵਾਂ ਵਿਚ ਵੱਡੇ ਵਡੇਰਿਆਂ ਦੇ ਪਦ ਚਿੰਨਾਂ ਤੇ ਤੁਰਨ ਦੀ ਪ੍ਰਥਾ ਰਹੀ ਹੈ। ਉਨ੍ਹਾਂ ਨੂੰ ਮਹਾਨ ਮੰਨਿਆ ਗਿਆ ਹੈ, ਉਨ੍ਹਾਂ ਨੇ ਜੋ ਕੀਤਾ ਨਿਸੁਆਰਥੀ ਹੋ ਕੇ ਕੀਤਾ, ਤਿਆਗ ਕਰਕੇ ਕੀਤਾ, ਨਿਸ਼ਕਾਮ ਹੋ ਕੇ ਕੀਤਾ। ਇਸ ਤਰ੍ਹਾਂ ਉਹ ਲੋਕਾਂ ਲਈ ਮਿਸਾਲ ਬਣ ਗਏ। ਲੋਕਾਂ ਦੇ ਆਦਰਸ਼ ਬਣ ਗਏ। ਵੱਡੇ ਆਦਮੀਆਂ ਦੇ ਕਈ ਚਿੰਨ੍ਹ ਹੁੰਦੇ ਹਨ ਜਿਹੜੇ ਆਮ ਲੋਕਾਂ ਵਿਚ ਨਹੀਂ ਹੁੰਦੇ, ਆਮ ਬੰਦੇ ਸੁਆਰਥੀ ਹੁੰਦੇ ਹਨ, ਮਹਾਨ ਮਨੁੱਖ ਨਿਸੁਆਰਥੀ ਹੁੰਦੇ ਹਨ। ਆਮ ਲੋਕਾਂ ਦੇ ਮਨ ਖਿੰਡੇ ਹੁੰਦੇ ਹਨ, ਘਬਰਾਏ ਹੁੰਦੇ ਹਨ, ਮਹਾਨ ਮਨੁੱਖਾਂ ਦੇ ਮਨਾਂ ਤੇ ਉਨ੍ਹਾਂ ਦਾ ਕਾਬੂ ਹੁੰਦਾ ਹੈ ਉਨ੍ਹਾਂ ਦੇ ਮਨ ਸ਼ਾਂਤ ਹੁੰਦੇ ਹਨ, ਆਮ ਬੰਦੇ ਆਉਣ ਵਾਲੀਆਂ ਘਟਨਾਵਾਂ

ਨੂੰ ਨਹੀਂ ਜਾਣ ਸਕਦੇ, ਮਹਾਨ ਪੁਰਖਾਂ ਨੂੰ ਸਭ ਪਤਾ ਹੁੰਦਾ ਹੈ।

ਦੋ ਕਿਸਮ ਤੇ ਮਹਾਨ ਪੁਰਖਾਂ ਨੂੰ ਅਸੀਂ ਆਦਰਸ਼ ਮੰਨਦੇ ਹਾਂ। ਪਹਿਲੇ ਉਹ ਜਿਹੜੇ ਆਪਣਾ ਸਾਰਾ ਸਮਾਂ, ਸਾਰਾ ਜੀਵਨ ਧਿਆਨ ਵਿਚ ਉਸ ਇਕ ਦੀ ਅਰਾਧਨਾ ਵਿਚ ਲਾਉਂਦੇ ਹਨ। ਦੂਸਰੇ ਉਹ ਹਨ ਜਿਹੜੇ ਇਹ ਜਾਣਦੇ ਹਨ ਕਿ ਸੰਸਾਰ ਵਿਚ ਕਿਵੇਂ ਨਿਸ਼ਕਾਮ ਕਰਮ ਕਰਨੇ ਹਨ, ਫਲ ਉਸ ਇਕ ਨੂੰ ਹੀ ਸਮਰਪਿਤ ਕਰਦੇ ਹਨ, ਦੋਨੋਂ ਹੀ ਸਤਿਕਾਰਯੋਗ ਹਨ; ਸੋਚਣੀ ਅਤੇ ਕਰਨੀ, ਮਹਾਂਪੁਰਖਾਂ ਦੀ ਬੜੀ ਨੇੜੇ ਤੋਂ ਦੇਖੀ ਜਾਂਦੀ ਹੈ ਕਿਉਂਕਿ ਬਹੁਤ ਸਾਰੇ ਲੋਕ ਇਸ ਨੂੰ ਆਪਣੇ ਅੰਦਰ ਉਤਾਰਦੇ ਹਨ। ਜੇ ਕਿਤੇ ਕਿਸੇ ਮਹਾਂਪੁਰਖ ਦੀ ਸੋਚਣੀ, ਕਥਨੀ ਅਤੇ ਕਰਨੀ ਵਿਚ ਕੋਈ ਛੋਟਾ ਜਿਹਾ ਵੀ ਆਦਰਸ਼ ਤੋਂ ਹਟ ਕੇ ਕਰਮ ਹੋਵੇ ਤਾਂ ਉਸ ਨੂੰ ਬਹੁਤ ਵਧਾ ਚੜ੍ਹਾਅ ਕੇ ਦਸਿਆ ਜਾਂਦਾ ਹੈ। ਜਿਹੜੇ ਨਿਸੁਆਰਥ ਹੋ ਕੇ ਸੇਵਾ ਕਰਦੇ ਹਨ, ਉਹ ਸੰਜਮ ਨਾਲ ਹੀ ਰਹਿੰਦੇ ਹਨ ਤਾਂ ਜੋ ਉਨ੍ਹਾਂ ਦਾ ਆਦਰਸ਼ਕ ਰੂਪ ਵਿਗੜੇ ਨਾ ਉਸ ਨੂੰ ਵਟਾ ਨਾ ਲੱਗੇ ਤੇ ਦੂਸਰਿਆਂ ਲਈ ਨਿਰਾਸ਼ਤਾ ਨਾ ਹੋਵੇ, ਉਨ੍ਹਾਂ ਦਾ ਮਨ ਉਚਾਟ ਨਾ ਹੋਵੇ।

ਆਮ ਬੰਦਿਆਂ ਦੇ ਦਿਲ ਦਿਮਾਗ ਵਿਚ ਇਕ ਕਲਪਿਤ ਰੂਪ ਹੁੰਦਾ ਹੈ, ਮਹਾਂਪੁਰਖ ਕਿਸ ਤਰ੍ਹਾਂ ਦੇ ਹੁੰਦੇ ਹਨ, ਹੋਣੇ ਚਾਹੀਦੇ ਹਨ, ਜਿਸ ਨੂੰ ਇਕ ਆਗੂ ਕਰਕੇ, ਇਕ ਆਦਰਸ਼ ਕਰਕੇ ਮੰਨਦੇ ਹੋ, ਜੇ ਉਹ ਆਪਣੇ ਆਦਰਸ਼ਾਂ ਨਾਲ ਨਾ ਜੀਉਣ, ਆਪਣੇ ਆਦਰਸ਼ਾਂ ਨੂੰ ਸਥਿਰ ਨਾ ਰਖ ਸਕਣ ਫੇਰ ਉਸ ਆਦਰਸ਼ ਦਾ ਸਤਿਕਾਰ ਜਾਂਦਾ ਰਹਿੰਦਾ ਹੈ, ਖਤਮ ਹੋ ਜਾਂਦਾ ਹੈ। ਕਈ ਵਾਰੀ ਨੁਕਸ ਮਹਾਂਪੁਰਖਾਂ ਵਿਚ ਹੁੰਦਾ ਹੈ ਪਰ ਬਹੁਤ ਵਾਰੀ ਸਾਡੀਆਂ ਵਧਦੀਆਂ ਉਮੀਦਾਂ, ਸ਼ਰਧਾਲੂਆਂ ਦੀਆਂ ਆਸਾ ਮਹਾਂਪੁਰਖਾਂ ਪ੍ਰਤੀ ਸੰਸੇ ਪੈਦਾ ਕਰ ਦਿੰਦੀਆਂ ਹਨ। ਬਹੁਤ ਵਾਰੀ ਜਦੋਂ ਸ਼ਰਧਾਲੂ ਰੂਹਾਨੀ ਗੁਰੂ ਕੋਲ ਪਹਿਲੀ ਵਾਰੀ ਆਉਂਦਾ ਹੈ ਤਾਂ ਉਸ ਨੇ ਆਪਣੇ ਦਿਲ ਦਿਮਾਗ ਵਿਚ ਰੂਹਾਨੀ ਗੁਰੂ ਬਾਰੇ ਵਿਚਾਰ ਤੇ ਚਿੰਨ ਬਣਾ ਲਏ ਹੁੰਦੇ ਹਨ ਤੇ ਜਦੋਂ ਉਹ ਗੁਰੂ ਕੋਲ ਪਹੁੰਚਦਾ ਹੈ, ਉਸ ਨੂੰ ਨਿਰਾਸ਼ਤਾ ਹੁੰਦੀ ਹੈ ਕਿ ਗੁਰੂ ਉਸ ਤਰ੍ਹਾਂ ਉਠਦਾ ਬੈਠਦਾ, ਬੋਲਦਾ ਨਹੀਂ ਜਿਸ ਤਰ੍ਹਾਂ ਉਹ ਸੋਚਦਾ ਸੀ, ਉਹ ਫੇਰ ਹੋਰ ਗੁਰੂ ਦੀ ਖੋਜ ਸ਼ੁਰੂ ਕਰਦਾ ਹੈ ਜਿਹੜਾ ਉਸ ਦਾ ਆਦਰਸ਼ ਪੂਰਾ ਕਰੇ ਪਰ ਉਸ ਦਾ ਆਦਰਸ਼ ਪੂਰਾ ਨਹੀਂ ਹੁੰਦਾ, ਸ਼ਿਸ਼ ਨੇ ਇਕ ਰੂਪ, ਚਿੰਨ ਮਨ ਵਿਚ ਬਣਾ ਲਿਆ ਹੈ, ਉਹ ਗੁਰੂ ਨੂੰ ਉਸ ਦੇ ਅਨੁਸਾਰ ਹੀ ਦੇਖਣਾ ਚਾਹੁੰਦਾ ਹੈ ਉਹ ਉਸ ਨੂੰ ਆਪਣੀ ਹੀ ਭਾਵਨਾ ਮੁਤਾਬਿਕ ਦੇਖਣਾ ਚਾਹੁੰਦਾ ਹੈ ਬਿਲਕੁਲ ਇਸ ਤਰ੍ਹਾਂ ਹੀ ਮਰੀਜ਼ ਅਤੇ ਚਿਕਤਸਿਕ ਨਾਲ ਹੁੰਦਾ ਹੈ।

ਜਿਹੜੀਆਂ ਖਿਆਲੀ ਵਿਆਕੁਲਤਾ ਚਿਕਿਤਸਕ ਨੂੰ ਦੱਸੀ ਜਾਂਦੀ ਹੈ ਉਸ ਨੂੰ ਤਬਦੀਲੀ ਕਿਹਾ ਜਾਂਦਾ ਹੈ, ਅਧਿਆਪਕਾਂ ਦੀਆਂ, ਗੁਰੂਆਂ ਦੀਆਂ ਵੀ ਕੁਝ ਉਮੀਦਾਂ ਹੁੰਦੀਆਂ ਹਨ ਉਹ ਵੀ ਪੂਰਨ ਸ਼ਿਸ਼ ਚਾਹੁੰਦੇ ਹਨ। ਸੋ ਦੋਨੋਂ ਗੁਰੂ ਤੇ ਸ਼ਿਸ਼ ਦੋਨੋਂ ਹੀ ਇਕ ਦੂਸਰੇ ਤੋਂ ਨਿਰਾਸ਼ ਹੋ ਜਾਂਦੇ ਹਨ ਪਰ ਜਦੋਂ ਦੋਨੋਂ ਹੀ ਖੁਲ੍ਹੇ ਦਿਲ ਦਿਮਾਗ ਨਾਲ ਆਉਂਦੇ ਹਨ ਤਾਂ ਇਕ ਦੂਸਰੇ ਨੂੰ ਪਰਵਾਨ ਕਰ ਸਕਦੇ ਹਨ।

ਇਹ ਅਤੀ ਜ਼ਰੂਰੀ ਹੈ ਕਿ ਚਿੰਨਾਂ ਤੇ ਗੁਣਾਂ ਵਿਚ ਅੰਤਰ ਜਾਣ ਲਿਆ ਜਾਵੇ। ਚਿੰਨ੍ਹ ਜਿਹੜੇ ਸ਼ਿਸ਼ ਦੇਖਣੇ ਚਾਹੁੰਦਾ ਹੈ, ਗੁਣ ਜਿਹੜੇ ਗੁਰੂ ਵਿਚ ਹੋਣੇ ਚਾਹੀਦੇ ਹਨ ਤੇ ਗੁਰੂ ਬਣਨ ਲਈ ਅਵਸ਼ਕ ਹਨ, ਸ਼ਿਸ਼ ਨੂੰ ਗੁਰੂ ਅਪਨਾਉਣ ਤੋਂ ਪਹਿਲਾਂ ਇਹ ਗੁਣ ਦੇਖ ਲੈਣੇ ਚਾਹੀਦੇ ਹਨ।

1. ਗੁਰੂ ਨਿਸੁਆਰਥੀ ਹੋਵੇ 2. ਉਸ ਦਾ ਸਾਰਾ ਵਿਹਾਰ ਪਸਾਰ ਕੇਵਲ ਪ੍ਰੇਮ ਹੀ ਹੋਵੇ, ਕਿਸੇ ਕਿਸਮ ਦਾ ਵੀ ਲਾਲਚ ਨਾ ਹੋਵੇ 3. ਗੁਰੂ ਨੂੰ ਆਪਣੇ ਸ਼ਿਸ਼ ਕੋਲੋਂ ਕਿਸੇ ਕਿਸਮ ਦੀ ਸੇਵਾ ਨਹੀਂ ਲੈਣੀ ਚਾਹੀਦੀ, ਉਸ ਨਾਲ ਗੁਰੂ ਸ਼ਿਸ਼ ਤੇ ਨਿਰਭਰ ਹੋ ਜਾਵੇਗਾ। ਜਿਹੜਾ ਕਿਸੇ ਹੋਰ ਦੇ ਸਾਧਨਾਂ ਤੇ ਨਿਰਭਰ ਹੋਵੇਗਾ ਉਹ ਸੱਚਾ ਗੁਰੂ ਨਹੀਂ ਹੋ ਸਕਦਾ ਉਸ ਦੇ ਮਗਰ ਕਦੀ ਨਹੀਂ ਲਗਣਾ ਚਾਹੀਦਾ 4. ਇਕ ਸੱਚਾ ਗੁਰੂ ਸ਼ਿਸ਼ਾਂ ਨੂੰ ਸਿਖਿਆ ਦੇ ਕੇ ਕਦੀ ਨਹੀਂ ਥਕਦਾ। ਉਹ ਹਰ ਤਰੀਕੇ ਨਾਲ ਸਿਖਿਆ ਦਿੰਦਾ ਹੈ, ਆਪਣੀ ਬੋਲੀ ਨਾਲ, ਲਿਖ ਕੇ, ਕਰਮ ਕਰਕੇ ਤੇ ਅੰਤ ਵਿਚ ਚੁਪ ਰਹਿ ਕੇ, ਜੇ ਇਹ ਚਿੰਨ ਤੇ ਨਿਸ਼ਾਨੀਆਂ ਗੁਰੂ ਵਿਚ ਨਹੀਂ ਹਨ ਤਾਂ ਤੁਹਾਨੂੰ ਆਪਣਾ ਸਮਾਂ ਤੇ ਸ਼ਕਤੀ ਬਰਬਾਦ ਨਹੀਂ ਕਰਨੀ ਚਾਹੀਦੀ। ਗੁਰੂ ਤੋਂ ਸਿਖਣ ਅਤੇ ਸੁਣਨ ਦੀ ਬਜਾਏ ਕਈ ਸ਼ਿਸ਼ ਗੁਰੂ ਨੂੰ ਪੂਜਣ ਲਗ ਪੈਂਦੇ ਹਨ ਜਿਵੇਂ ਉਹ ਰੱਬ ਹੋਵੇ, ਇਹੋ ਜਿਹੇ ਗੁਰੂ ਤੇ ਸ਼ਿਸ਼ ਇਕ ਗੁਰੂ ਸ਼ਿਸ਼ ਦੀ ਸੋਹਣੀ ਸ੍ਰੇਸ਼ਟ ਪਰੰਪਰਾ ਨੂੰ ਖਤਮ ਕਰ ਦਿੰਦੇ ਹਨ ਤੇ ਇਕ ਸੱਚੇ ਸੁੱਚੇ ਜਗਿਆਸੂ ਲਈ ਬੜੀ ਸਮੱਸਿਆ ਖੜੀ ਕਰ ਦਿੰਦੇ ਹਨ।

ਨੋਟ: (ਗੁਰਮਤਿ ਅਨੁਸਾਰ ਗੁਰੂ ਸਿਰਫ ਗੁਰੂ ਨਾਨਕ ਦੇਵ ਜੀ, ਗੁਰੂ ਦਸ਼ਮੇਸ਼ ਪਿਤਾ ਜੀ ਅਤੇ ਦਸਾਂ ਪਾਤਸ਼ਾਹੀਆਂ ਨੂੰ ਇਕੋ ਜੋਤਿ ਮੰਨਿਆ ਜਾਂਦਾ ਹੈ ਉਪ੍ਰੰਤ ਗੁਰੂ ਗ੍ਰੰਥ ਸਾਹਿਬ ਗੁਰੂ ਹਨ। ਇਹ ਪ੍ਰਮੇਸ਼ਰ ਰੂਪ, ਪੂਜਣ ਯੋਗ, ਧਿਆਨ ਲਾਉਣ ਜੋਗ, ਸਦਾ ਜਾਗਦੀ ਜੋਤਿ ਹਨ। ਬਾਣੀ ਵਿਚ ਫੁਰਮਾਨ ਹੈ–

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥***
***ਪੰਨਾ - 442***

ਸੁਆਮੀ ਜੀ ਉਪਰ ਲੇਖ ਵਿਚ ਜਿਸ ਗੁਰੂ ਦਾ ਵੇਰਵਾ ਦੇ ਰਹੇ ਹਨ ਉਹ 'ਆਤਮ ਮਾਰਗ' ਦੇ ਪੰਧ ਤੇ ਚਲਾਉਣ ਵਾਲੇ ਦੇਹਧਾਰੀ ਗੁਰੂ ਹਨ ਜਿਵੇਂ ਵਿਦਿਆ ਗੁਰੂ, ਸਸ਼ਤਰ ਗੁਰੂ, ਵੇਦ ਗੁਰੂ, ਅੰਗਰੇਜ਼ੀ ਪੜ੍ਹਾਉਣ ਵਾਲੇ ਗੁਰੂ। ਇਹ ਉਸਤਾਦ ਹੋਇਆ ਕਰਦੇ ਹਨ। ਗੁਰਮਤਿ ਵਿਚ ਇਸੇ ਪੱਧਰ ਤੇ ਅਧਿਆਤਮ ਮਾਰਗ ਤੇ ਚਲਾਉਣ ਵਾਲੇ ਸੰਤ, ਗੁਰਮੁਖਿ, ਜਨ, ਗੁਰਸਿੱਖ ਹੋਇਆ ਕਰਦੇ ਹਨ ਜੋ ਗੁਰਬਾਣੀ ਦੀ ਰੋਸ਼ਨੀ ਵਿਚ ਮਾਰਗ ਦਰਸ਼ਨ ਕਰਦੇ ਹਨ ਇਨ੍ਹਾਂ ਬਾਰੇ ਫੁਰਮਾਨ ਹੈ–

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿੱਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ ਪੰਨਾ - 306***

***ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ॥***

***ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਇ ਦਿਖਾਲਿ॥ ਪੰਨਾ – 1384***

ਗੁਰੂ ਪ੍ਰਮੇਸ਼ਰ ਗੁਰਮਤਿ ਅਨੁਸਾਰ ਕੇਵਲ ਦਸ ਪਾਤਸ਼ਾਹੀਆਂ ਤੇ ਗੁਰੂ ਗ੍ਰੰਥ ਸਾਹਿਬ ਹੀ ਹਨ। ਗੁਰਮੁਖ, ਗੁਰਸਿਖ, ਦੂਜੀਆਂ ਸੰਪਰਦਾਵਾਂ ਦੇ ਗੁਰੂਆਂ ਦੀ ਪੱਧਰ ਤੇ ਆਤਮ ਮਾਰਗ ਦੇ ਉਸਤਾਦਾਂ ਦਾ ਕਾਰਜ ਹਉਂ ਛੱਡ ਕੇ ਨਿਭਾਉਂਦੇ ਹਨ।

ਇਹ ਟੂਕ ਇਸ ਕਰਕੇ ਦਿਤੀ ਗਈ ਹੈ ਕਿ ਗੁਰਮਤਿ ਮਾਰਗ ਦੇ ਜਗਿਆਸੂ ਟਪਲਾ ਖਾ ਕੇ ਕਿਸੇ ਕਿਸਮ ਦਾ ਕਿੰਤੂ ਨਾ ਕਰਨ। ਗੁਰਮਤਿ ਪਾਧੀਆਂ ਦਾ ਕਿਸੇ ਸੰਪ੍ਰਦਾਇ ਨਾਲ ਕੋਈ ਵਿਰੋਧ ਨਹੀਂ ਹੈ।)

ਚਿੰਨਾਂ ਨੂੰ ਜਾਨਣਾ ਤੇ ਉਨ੍ਹਾਂ ਦਾ ਵਿਸ਼ਲੇਸ਼ਨ ਕਰਨਾ ਮਹਾਂਪੁਰਖਾਂ ਦੇ ਗੁਣ ਜਾਨਣ ਦਾ ਇਕ ਬੜਾ ਡੂੰਘਾ ਗਿਆਨ ਹੈ, ਪੁਰਾਣਿਆਂ ਸਮਿਆਂ ਵਿਚ ਨਾ ਕੋਈ ਛਾਪੇਖਾਨੇ ਹੁੰਦੇ ਸੀ, ਨਾ ਕੋਈ ਕਾਗਜ਼, ਨਾ ਕੋਈ ਲਿਖਾਈ, ਨਾ ਕੋਈ ਟੇਪ ਰਿਕਾਰਡ, ਇਸ ਕਰਕੇ ਪੁਰਾਤਨ ਲੋਕੀ ਕੁਝ ਕੁ ਨਿਸ਼ਾਨ ਆਉਣ ਵਾਲੀਆਂ ਪੀੜੀਆਂ ਲਈ ਛੱਡ ਗਏ ਤਾਂ ਕਿ ਆਉਣ ਵਾਲੀਆਂ ਪੀੜੀਆਂ ਸਮਝ ਸਕਣ ਕਿ ਉਹ ਲੋਕ ਕਿਸ ਤਰ੍ਹਾਂ ਰਹਿੰਦੇ ਸਨ। ਮਿਸਾਲ ਵਜੋਂ ਜੇ ਗਣਪਤੀ ਗਣੇਸ਼ ਦੀ ਤਸਵੀਰ ਨੂੰ ਲੈ ਕੇ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇ, ਹਾਥੀ ਮੂੰਹ ਵਾਲਾ ਦੇਵਤਾ, ਤਾਂ ਬੜੀ ਛੇਤੀ ਸਮਝ ਆ ਜਾਵੇਗੀ, ਕਿ ਕਿਵੇਂ ਪੁਰਾਤਨ ਲੋਕਾਂ ਨੇ ਆਗੂ ਦੇ ਗੁਣ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਹਾਥੀ ਦਾ ਸਿਰ ਇਹ ਦਸਦਾ ਹੈ ਕਿ ਆਗੂ ਨੂੰ ਕਦੇ ਵੀ ਅਨਿਆਪੂਰਕ ਨਹੀਂ ਹੋਣਾ ਚਾਹੀਦਾ। ਹਾਥੀ ਬਹੁਤ ਸ਼ਾਂਤ ਜਾਨਵਰ ਹੈ, ਉਹ ਮਾਸਾਹਾਰੀ ਨਹੀਂ ਹੈ, ਹਾਥੀ ਸ਼ਾਕਾਹਾਰੀ ਹੁੰਦਾ ਹੈ, ਉਹ ਬੜਾ ਸਵਸਥ ਤੇ ਗਿਆਨੀ ਹੁੰਦਾ ਹੈ। ਹਾਥੀ ਦੀ ਮਿਸਾਲ ਦੇ ਕੇ ਇਹ ਸ਼ੰਕੇ ਮਿਟਾ ਦਿਤੇ ਗਏ ਹਨ ਕਿ ਚੰਗੀ ਸਿਹਤ ਤੇ ਤਾਕਤ ਲਈ ਮਾਸ ਖਾਣਾ ਜ਼ਰੂਰੀ ਹੈ, ਗਣਪਤੀ ਗਣੇਸ਼ ਦਾ ਪੇਟ ਬਹੁਤ ਵੱਡਾ ਹੈ ਭਾਵ ਆਗੂ ਨੂੰ ਸਾਰੀ ਸਾਲਾਹਾਂ ਤੇ ਮਤੇ ਮਨ ਲੈਣੇ ਚਾਹੀਦੇ ਹਨ, ਨਿਸੁਆਰਥੀ ਸੇਵਾ ਤੇ ਨਿਆ ਕਰਨ ਲਈ ਇਹ ਅਵਸ਼ਕ ਹੈ। ਗਣਪਤੀ ਨੂੰ ਚੂਹੇ ਨਾਲ ਦਿਖਾਇਆ ਗਿਆ ਹੈ ਭਾਵ ਆਗੂ ਦੇ ਸਲਾਹਕਾਰ ਚੂਹਿਆਂ ਦੀ ਤਰ੍ਹਾਂ ਹੋਣੇ ਚਾਹੀਦੇ ਹਨ ਜਿਹੜੇ ਆਪਣੇ ਤਿੱਖੇ ਦੰਦਾਂ ਨਾਲ ਹਰ ਸਾਜਿਸ਼ ਦੇ ਜਾਲ ਨੂੰ ਕੁਤਰ ਦੇਣ। ਆਗੂ ਤਕ ਪਹੁੰਚਣ ਹੀ ਨਾ ਦੇਣ, ਇਸ ਚਿੰਨ ਦੇ ਹੋਰ ਵੀ ਬੜੇ ਪਹਿਲੂ ਹਨ, ਗਣਪਤੀ ਜਿਸ ਕੋਲੋਂ ਕੁਝ ਸਿਖਿਆ ਜਾ ਸਕੇ ਪਰ ਅੱਜ ਬਜਾਏ ਸਮਝਣ ਦੇ ਬਹੁਤ ਸਾਰੇ ਲੋਕੀ ਇਸਦੀ ਪੂਜਾ ਕਰਦੇ ਹਨ, ਬਿਨਾਂ ਸਮਝੇ, ਬਿਨਾਂ ਜਾਣੇ ਹੋਰ ਵੀ ਬਹੁਤ ਸਾਰੇ ਚਿੰਨ ਤੇ ਨਿਸ਼ਾਨ ਹਨ ਜਿਵੇਂ ਕਿ ਕਰੌਸ ਡੇਵਿਡ ਦਾ ਤਾਰਾ ਅਤੇ ਕਮਲ ਫੁਲ ਜਿਹੜੇ ਸਤਿਕਾਰੇ ਜਾਂਦੇ ਹਨ ਤੇ ਪੂਜੇ ਜਾਂਦੇ ਹਨ ਪਰ ਬਿਨਾਂ ਜਾਣੇ ਤੇ ਸਮਝੇ, ਇਹ ਸਭ ਤੋਂ ਵੱਡੀ ਗਲਤੀ ਹੈ। ਇਨ੍ਹਾਂ ਚਿੰਨਾਂ ਨੂੰ ਸਮਝਣਾ ਆਪਣੇ ਆਪ ਵਿਚ ਇਕ ਗਿਆਨ ਹੈ, ਬਿਲਕੁਲ ਉਸ ਤਰ੍ਹਾਂ ਹੀ ਜਿਸ ਤਰ੍ਹਾਂ ਕਿ ਸੁਪਨਿਆਂ ਨੂੰ ਸਮਝਣਾ ਅਤੇ ਇਨ੍ਹਾਂ ਨੂੰ ਜਾਨਣਾ ਚਾਹੀਦਾ ਹੈ, ਅੰਦਰੋਂ ਤੇ ਬਾਹਰੋਂ ਦੋਨੋਂ ਤਰ੍ਹਾਂ।

ਸ੍ਰੀ ਕ੍ਰਿਸ਼ਨ ਜੀ ਅਰਜਨ ਨੂੰ ਦਸਦੇ ਹਨ ਕਿ ਉਹ ਇਕ ਵੱਡੇ ਆਦਮੀ

ਦੀ ਤਰ੍ਹਾਂ ਰਹੇ ਉਹ ਇਕ ਆਗੂ ਹੈ, ਇਕ ਯੋਧਾ ਹੈ। ਜੇ ਉਹ ਆਪਣੇ ਕਰਮ ਤੋਂ ਰਹਿ ਗਿਆ ਤਾਂ ਆਮ ਲੋਕੀ ਉਸ ਦੀ ਹੀ ਮਿਸਾਲ ਲੈ ਲੈਣਗੇ ਤੇ ਸਾਰਾ ਸਮਾਜ ਖਿੰਡ ਜਾਏਗਾ, ਅਸ਼ਾਂਤ ਹੋ ਜਾਏਗਾ ਤੇ ਪਤਿਤ ਹੋ ਜਾਏਗਾ। ਜਿਵੇਂ ਵੱਡੇ ਸ੍ਰੇਸ਼ਟ ਪੁਰਖ ਕਰਦੇ ਹਨ ਆਮ ਬੰਦੇ ਉਨ੍ਹਾਂ ਨੂੰ ਹੀ ਦੇਖ ਕੇ ਵਿਚਰਦੇ ਹਨ, ਉਨ੍ਹਾਂ ਦੇ ਕੰਮ ਇਕ ਟੀਚਾ, ਇਕ ਮਿਸਾਲ ਬਣ ਜਾਂਦੀ ਹੈ ਜਿਹੜੀ ਆਮ ਲੋਕੀ ਪਕੜਨ ਦੀ ਕੋਸ਼ਿਸ਼ ਕਰਦੇ ਹਨ। ਮਹਾਂਪੁਰਖਾਂ ਨੇ ਕੁਝ ਨਹੀਂ ਕਰਨਾ ਹੁੰਦਾ, ਨਾ ਕੋਈ ਕਰਮ, ਨਾ ਡਿਊਟੀ, ਉਹ ਤਾਂ ਸਮਾਜ ਦੇ ਭਲੇ ਲਈ ਹੀ ਕਰਮ ਕਰਦੇ ਹਨ ਉਨ੍ਹਾਂ ਦਾ ਕੋਈ ਸੁਆਰਥ ਨਹੀਂ ਹੁੰਦਾ।

ਸ੍ਰੀ ਕ੍ਰਿਸ਼ਨ ਦਸਦੇ ਹਨ ਕਿ ਤਿੰਨਾਂ ਲੋਕਾਂ ਵਿਚ ਉਨ੍ਹਾਂ ਦੇ ਕਰਨ ਦਾ ਕੁਝ ਨਹੀਂ ਹੈ, ਉਹ ਕਿਹੜੇ ਤਿੰਨ ਲੋਕ ਹਨ, ਦਿਸਦਾ ਸੰਸਾਰ ਜਿਹੜਾ ਸਾਰਿਆਂ ਨੂੰ ਦਿਸਦਾ ਹੈ ਜਿਹੜਾ ਸਾਡੀਆਂ ਇੰਦ੍ਰੀਆਂ ਦਾ ਤੇ ਮਨ ਦਾ ਸੰਸਾਰ ਹੈ; ਸੁਪਨੇ ਵਿਚ ਅਸਲੀਅਤ ਬਿਲਕੁਲ ਬਦਲ ਜਾਂਦੀ ਹੈ, ਸਭ ਕੁਝ ਹੋਰ ਹੀ ਲਗਦਾ ਹੈ, ਸੁਤਿਆਂ ਇਹ ਸਭ ਕੁਝ ਛੁਪ ਜਾਂਦਾ ਹੈ, ਕੁਝ ਵੀ ਪਤਾ ਨਹੀਂ ਰਹਿੰਦਾ। ਮਨ ਬਿਲਕੁਲ ਅਲੱਗ ਤਰ੍ਹਾਂ ਕੰਮ ਕਰਦਾ ਹੈ, ਇਨ੍ਹਾਂ ਤਿੰਨਾਂ ਪੱਧਰਾਂ ਤੇ ਮਨ ਅਲੱਗ ਤਰ੍ਹਾਂ ਕੰਮ ਕਰਦਾ ਹੈ। ਮਨ ਦੀਆਂ ਇਹ ਤਿੰਨ ਅਵਸਥਾ ਤਿੰਨ ਵੱਖ-ਵੱਖ ਸਚਾਈਆਂ ਹਨ, ਮਨ ਤਾਂ ਗੂੜ੍ਹੀ ਨੀਂਦਰ ਵਿਚ ਵੀ ਕੰਮ ਕਰਦਾ ਹੈ ਤੇ ਸੂਕਸ਼ਮ ਕਾਰਜ, ਸੁਪਨੇ ਤੇ ਜਾਗਣ ਤੋਂ ਪਰ੍ਹੇ ਹਨ, ਜਦੋਂ ਮਨ ਨੂੰ ਇਨ੍ਹਾਂ ਤਿੰਨਾਂ ਤੋਂ ਪਰ੍ਹੇ ਜਾਣ ਦੀ ਜਾਚ ਸਿਖਾ ਦਿਤੀ ਜਾਂਦੀ ਹੈ ਉਸ ਨੂੰ ਤੁਰੀਆ ਅਵਸਥਾ ਕਹਿੰਦੇ ਹਨ, ਜਿਸ ਨੂੰ ਨੀਂਦ ਰਹਿਤ ਨੀਂਦ ਕਿਹਾ ਜਾ ਸਕਦਾ ਹੈ। ਇਹ ਉਹ ਅਵਸਥਾ ਹੈ ਜਿਸ ਵਿਚ ਪੂਰੀ ਤਰ੍ਹਾਂ ਸੁਚੇਤ ਹੋ ਕੇ ਤੁਸੀਂ ਪੂਰੀ ਤਰ੍ਹਾਂ, ਡੂੰਘੀ ਤਰ੍ਹਾਂ ਜਾਗਣ ਦਾ, ਸੌਣ ਦਾ ਤੇ ਸੁਪਨਿਆਂ ਬਾਰੇ ਜਾਣ ਸਕਦੇ ਹੋ, ਉਹ ਵਡਭਾਗੀ ਜਿਹੜਾ ਇਸ ਅਵਸਥਾ ਨੂੰ ਪਾ ਗਿਆ ਹੈ ਉਸ ਦੇ ਕਰਨ ਨੂੰ ਕੁਝ ਰਹਿ ਹੀ ਨਹੀਂ ਜਾਂਦਾ। ਕ੍ਰਿਸ਼ਨ ਜੀ ਇਨ੍ਹਾਂ ਤਿੰਨਾਂ ਲੋਕਾਂ ਵਿਚ ਵਿਚਰਦੇ ਹਨ ਪਰ ਉਨ੍ਹਾਂ ਦਾ ਸਥਾਈ ਨਿਵਾਸ ਚੌਥੇ ਵਿਚ ਹੈ ਜਿਥੇ ਕਰਮ ਤੇ ਕਰਮ ਦੇ ਫਲ ਦੋਹਾਂ ਦਾ ਹੀ ਕੋਈ ਮਤਲਬ ਨਹੀਂ ਰਹਿ ਜਾਂਦਾ। ਜਦੋਂ ਤੁਸੀਂ ਜੀਵਨ ਮਨੋਰਥ ਪ੍ਰਾਪਤ ਕਰ ਚੁਕੇ ਹੋ, ਕਰਮ ਤੇ ਡਿਊਟੀਆਂ ਕਰਨ ਦੀ ਕੋਈ ਪ੍ਰੇਰਨਾ ਹੀ ਨਹੀਂ ਰਹਿੰਦੀ, ਕਿਉਂਕਿ ਜਿਹੜੀਆਂ ਇਛਾਵਾਂ ਪ੍ਰੇਰਿਤ ਕਰਦੀਆਂ ਹਨ ਉਹ ਹੀ ਨਹੀਂ ਰਹਿੰਦੀਆਂ। ਇਥੇ ਕਾਰਣ ਤੇ ਪਰਿਣਾਮ ਜਿਹੜੇ ਜੁੜੇ ਹੋਏ ਹਨ, ਉਹ ਦੋਨੋਂ ਹੀ ਨਹੀਂ ਹਨ ਕਿਉਂਕਿ ਪ੍ਰੇਰਨਾ ਤੇ ਇੱਛਾ ਦੋਨੋਂ ਹੀ ਨਹੀਂ। ਉਨ੍ਹਾਂ ਦਾ ਪ੍ਰਭਾਵ ਤੇ ਉਦੇਸ਼ ਸਿਫਰ ਕਰ ਦਿਤਾ ਗਿਆ ਹੈ, ਇਸ ਕਰਕੇ ਕੋਈ ਕਰਮ ਰਹਿੰਦਾ ਨਹੀਂ ਕਰਨ ਲਈ। ਕ੍ਰਿਸ਼ਨ ਜੀ ਅਰਜਨ ਨੂੰ ਤਿੰਨਾਂ ਲੋਕਾਂ ਨੂੰ ਖਤਮ ਕਰਨ ਨੂੰ ਕਹਿ ਰਹੇ ਹਨ ਭਾਵ ਤਿੰਨ ਪੱਧਰ ਚੇਤਨਤਾ ਦੇ ਜਾਗਣ, ਸੁਪਨ ਤੇ ਸੌਣ ਤੋਂ ਉਚੇ ਉਠ ਕੇ ਸਚਿਤਤਾ ਵਿਚ ਜਾਣ ਲਈ ਆਦੇਸ਼ ਦੇ ਰਹੇ ਹਨ ਤਾਂ ਕਿ ਉਹ ਤਿੰਨਾਂ ਨੂੰ ਚੰਗੀ ਤਰ੍ਹਾਂ ਦੇਖ ਸਕੇ।

ਜਦੋਂ ਚੇਤਨਤਾ ਨੂੰ ਭਰਮ ਘੇਰ ਲੈਂਦਾ ਹੈ ਤਾਂ ਚੇਤਨਤਾ ਮੰਦ ਪੈ ਜਾਂਦੀ ਹੈ, ਧੁੰਦਲੀ ਹੋ ਜਾਂਦੀ ਹੈ, ਉਹ ਅੱਧੀ ਅਧੂਰੀ ਚੇਤਨਤਾ ਹੋਰ ਵੀ

ਸਮਸਿਆ ਖੜ੍ਹੀ ਕਰ ਦਿੰਦੀ ਹੈ, ਪਰੇਸ਼ਾਨ ਮੰਨ ਆਪਣੀ ਸ਼ਕਤੀ ਗੁਆ ਬੈਠਦਾ ਹੈ, ਉਸ ਨੂੰ ਦੂਸਰੇ ਪੱਧਰ ਦੀਆਂ ਡੂੰਘਾਈਆਂ ਦਾ ਪਤਾ ਨਹੀਂ ਲਗਦਾ। ਇਸ ਸਮੇਂ ਅਰਜਨ ਇਕੋ ਹੀ ਮਾਨਸਿਕ ਸਥਿਤੀ ਵਿਚ ਹੈ, ਸੁਚੇਤ ਜਾਗਦੀ ਹਾਲਤ ਵਿਚ ਜੋ ਡਰਾਮਾ ਹੋ ਰਿਹਾ ਹੈ ਉਸ ਤੋਂ ਪ੍ਰਭਾਵਿਤ ਹੋ ਕੇ ਉਸ ਨੂੰ ਸਾਰੇ ਦਾ ਪੂਰਾ ਡੂੰਘਾ ਗਿਆਨ ਇਸ ਸਮੇਂ ਨਹੀਂ ਹੈ। ਕ੍ਰਿਸ਼ਨ ਜੀ ਜਿਹੜੇ ਸਾਰੀਆਂ ਅਵਸਥਾ ਦੇ ਮਾਲਕ ਹਨ, ਉਹ ਸਲਾਹ ਦਿੰਦੇ ਹਨ 'ਉਠੋ ਉਚੇ ਜਾਓ ਉਦੋਂ ਤਕ ਉਚੇ ਚਲੀ ਜਾਓ ਜਦੋਂ ਤਕ ਸਚਿਤਤਾ ਨਾ ਆਏ।"

ਜਦੋਂ ਤਿੰਨਾਂ ਲੋਕਾਂ ਦੀ ਵਿਆਖਿਆ ਕਰ ਦਿਤੀ ਤੁਸੀਂ ਹੈਰਾਨ ਹੁੰਦੇ ਹੋ ਕਿ ਪੂਰਨ ਮਹਾਂਪੁਰਖ, ਸਤਿ, ਚਿਤ, ਅਨੰਦ ਦੀ ਅਵਸਥਾ ਵਾਲੇ ਪੂਰੀ ਤਰ੍ਹਾਂ ਨਿਸ਼ਕਾਮ ਕਰਮ ਵੀ ਕਰ ਰਹੇ ਹਨ। ਉਸ ਗੱਲ ਦਾ ਉਤਰ ਸਲੋਕ 24 ਵਿਚ ਦਿਤਾ ਗਿਆ ਹੈ। ਸਾਰੀਆਂ ਸਮਾਜਿਕ ਸੰਸਥਾ ਆਗੂ ਦੇ ਦਿਤੇ ਗਏ ਆਦੇਸ਼ਾਂ ਤੇ ਹੀ ਕੰਮ ਕਰਦੀਆਂ ਹਨ, ਜੇ ਆਗੂ ਹੀ ਕਰਮ ਨਹੀਂ ਕਰਨਗੇ ਤਾਂ ਸਾਰਾ ਸਮਾਜ ਹੀ ਖੇਰੂੰ ਖੇਰੂੰ ਹੋ ਜਾਏਗਾ, ਨਾਸ਼ ਹੋ ਜਾਏਗਾ, ਬੜੀਆਂ ਵੱਡੀਆਂ-ਵੱਡੀਆਂ ਸਭਿਅਤਾ ਦਾ ਨਾਸ਼ ਹੋ ਗਿਆ, ਢੇਰੀ ਹੋ ਗਈਆਂ ਕਿਉਂਕਿ ਉਨ੍ਹਾਂ ਦੇ ਆਗੂ ਆਪਣਾ ਕਰਮ ਨਾ ਨਿਭਾ ਸਕੇ, ਸਮੇਂ ਸਮੇਂ ਸਿਰ ਸਮਾਜ ਦੀਆਂ ਲੋੜਾਂ ਅਨੁਸਾਰ ਮਹਾਂਪੁਰਖ ਲੋਕਾਂ ਨੂੰ ਆਦੇਸ਼ ਦੇਣ ਮਸੀਹਾ ਬਣ ਕੇ ਆਏ। ਭਾਵੇਂ ਮਹਾਂਪੁਰਖਾਂ ਨੂੰ ਕੋਈ ਪ੍ਰੇਰਨਾ ਨਹੀਂ ਹੁੰਦੀ, ਜਿਸ ਨਾਲ ਉਹ ਆਪਣੇ ਕਰਮ ਕਰਦੇ ਹਨ ਪਰ ਉਹ ਧਰਤੀ ਤੇ ਬਿਲਕੁਲ ਉਸ ਤਰ੍ਹਾਂ ਹੀ ਤੁਰਦੇ ਫਿਰਦੇ ਹਨ ਜਿਵੇਂ ਆਮ ਆਦਮੀ ਹੋਵੇ ਪਰ ਕਿਤੇ ਵਧ ਸੂਝ ਬੂਝ ਨਾਲ ਉਹ ਕਰਮ ਕਰਦੇ ਹਨ, ਅਗਵਾਈ ਕਰਦੇ ਹਨ, ਲੋਕਾਂ ਦੀ ਸਹਾਇਤਾ ਕਰਦੇ ਹਨ, ਸਿਖਿਆ ਦਿੰਦੇ ਹਨ, ਇਹ ਸਭ ਕੁਝ ਉਹ ਇਸ ਕਰਕੇ ਨਹੀਂ ਕਰਦੇ ਕਿ ਉਨ੍ਹਾਂ ਨੂੰ ਕਰਨ ਦੀ ਲੋੜ ਹੈ, ਇਹ ਸਭ ਕੁਝ ਉਹ ਇਸ ਕਰਕੇ ਕਰਦੇ ਹਨ ਕਿ ਉਹ ਲੋਕਾਈ ਨੂੰ ਪਿਆਰ ਕਰਦੇ ਹਨ। ਕ੍ਰਿਸ਼ਨ ਜੀ ਕਹਿ ਰਹੇ ਹਨ, "ਹੇ ਅਰਜਨ! ਤੂੰ ਵੀ ਮਹਾਂਪੁਰਖ ਹੈਂ ਜੇ ਤੂੰ ਆਪਣਾ ਕਰਮ ਨਹੀਂ ਕਰੇਗਾ, ਲੋਕੀ ਬਰਬਾਦ ਹੋ ਜਾਣਗੇ, ਇਸ ਸਮੇਂ ਤੂੰ ਪਿਛੇ ਨਾ ਹੋ, ਡਟ ਕੇ ਯੁੱਧ ਕਰ।"

ਮਹਾਨ ਲੋਕਾਂ ਦੀਆਂ ਵੀ ਤਿੰਨ ਕਿਸਮਾਂ ਹਨ ਇਕ ਉਹ ਜਿਹੜੇ ਜੰਮੇ ਹੀ ਵੱਡੇ ਹਨ, ਮਹਾਨ ਹਨ, ਉਹ ਸਭ ਕੁਝ ਕਰਮ ਕਰਨ ਲਈ ਆਏ ਹਨ ਜਿਹੜੇ ਲੋੜੀਂਦੇ ਹਨ। ਉਹ ਸੰਸਾਰ ਵਿਚ ਕੇਵਲ ਸੇਵਾ ਕਰਨ ਪਿਆਰ ਵੰਡਣ ਤੇ ਸੰਸਾਰ ਨੂੰ ਦੇਣ ਹੀ ਆਏ ਹਨ। ਦੂਸਰੇ ਉਹ ਹਨ ਜਿਹੜੇ ਬਹੁਤ ਮਿਹਨਤ ਕਰਕੇ ਮਹਾਨ ਬਣਦੇ ਹਨ ਉਹ ਆਪਣੇ ਉਪਰਾਲਿਆਂ ਵਿਚ ਕਈ ਵਾਰੀ ਰਹਿ ਵੀ ਜਾਂਦੇ ਹਨ ਪਰ ਉਹ ਆਮ ਆਦਮੀ ਨਾਲੋਂ ਮਹਾਨ ਹਨ। ਤੀਸਰੇ ਉਹ ਹਨ ਜਿਹੜੇ ਲੋਕ ਪ੍ਰਸਿੱਧੀ ਨਾਲ, ਪਰੋਪੇਗੰਡਾ ਕਰਕੇ ਮਹਾਨ ਬਣਦੇ ਹਨ, ਇਹੋ ਜਿਹੀ ਮਹਾਨਤਾ ਲੋਕਾਂ ਨੂੰ ਕੁਰਾਹੇ ਪਾਉਂਦੀ ਹੈ, ਮਾਨਵ ਪ੍ਰਯਤਨਾਂ ਨੂੰ ਧੋਖਾ ਦਿੰਦੀ ਹੈ, ਮੰਦੇ ਭਾਗਾਂ ਵਸ ਸਾਡੇ ਦੇਸ਼ ਵਿਚ ਹਰ ਸਾਲ ਹੀ ਕਈ 'ਭਗਵਾਨ' 'ਕੋਈ ਗੁਰੂ' ਜਾਂ ਆਪੇ ਥਾਪਿਆਂ ਅਵਤਾਰ ਪੈਦਾ ਹੋ ਜਾਂਦਾ ਹੈ। ਇਹੋ ਜਿਹੇ ਭਗਵਾਨ ਦੂਸਰਿਆਂ ਨੂੰ ਗੁਮਰਾਹ ਕਰਦੇ ਹਨ ਤੇ ਮਾਸੂਮ ਬੱਚਿਆਂ ਲਈ, ਵਿਦਿਆਰਥੀਆਂ ਲਈ ਇਕ ਸਰਾਪ ਬਣ ਜਾਂਦੇ ਹਨ।

ਅਰਜਨ ਦੂਸਰੀ ਸ਼੍ਰੇਣੀ ਦੇ ਹਨ ਸ੍ਰੀ ਕ੍ਰਿਸ਼ਨ ਜੀ ਅਰਜਨ ਨੂੰ ਕਰਮ ਕਰਨ ਲਈ ਕਹਿੰਦੇ ਹਨ ਕਿਉਂਕਿ ਅਰਜਨ ਆਗੂ ਹੈ, ਮੋਢੀ ਹੈ, ਉਸ ਦਾ ਵਿਹਾਰ ਦੂਸਰਿਆਂ ਨੇ ਦੇਖਣਾ ਹੈ ਤੇ ਆਪਣੇ ਤੇ ਲਾਗੂ ਕਰਨਾ ਹੈ।

25. ਇਸ ਲਈ ਹੇ ਭਾਰਤ, ਕਰਮਾਂ ਵਿਚ ਆਸ਼ਕਤ ਹੋਏ ਅਗਿਆਨੀ ਜਨ ਜਿਵੇਂ ਕਰਮ ਕਰਦੇ ਹਨ, ਵੈਸੇ ਹੀ ਅਨਾਸਕਤ ਹੋਇਆ ਵਿਦਵਾਨ ਭੀ ਲੋਕ ਸਿਖਸ਼ਾ ਦਾ ਹਿਤ ਚਾਹੁੰਦਾ ਹੋਇਆ ਕਰਮ ਕਰੇ।

26. ਤਥਾ ਗਿਆਨੀ ਪੁਰਸ਼ ਨੂੰ ਚਾਹੀਦਾ ਹੈ ਕਿ ਕਰਮ ਵਿਚ ਆਸ਼ਕਤ ਵਾਲੇ ਅਗਿਆਨੀਆਂ ਦੀ ਬੁੱਧੀ ਵਿਚ ਭਰਮ ਅਰਥਾਤ ਕਰਮਾਂ ਵਿਚ ਅਸ਼ਰਧਾ ਉਤਪੰਨ ਨਾ ਕਰੇ ਕਿੰਤੂ ਆਪ ਪ੍ਰਮਾਤਮਾ ਦੇ ਸਰੂਪ ਵਿਚ ਸਥਿਤ ਹੋਇਆ ਅਤੇ ਸਾਰੇ ਕਰਮਾਂ ਨੂੰ ਅੱਛੀ ਪ੍ਰਕਾਰ ਕਰਦਾ ਹੋਇਆ ਉਨ੍ਹਾਂ ਤੋਂ ਭੀ ਕਰਮ ਕਰਾਵੇ।

ਆਮ ਲੋਕੀ ਆਪਣੇ ਕਰਮਾਂ ਨਾਲ ਮੋਹ ਪਾ ਲੈਂਦੇ ਹਨ ਤੇ ਕਰਮਾਂ ਦੇ ਫਲਾਂ ਨਾਲ ਮੋਹ ਪਾ ਲੈਂਦੇ ਹਨ, ਪਰ ਗਿਆਨੀ ਉਹ ਹੀ ਹੈ ਜਿਹੜਾ ਆਪਣੇ ਕਰਮ ਤੇ ਡਿਊਟੀ ਨਿਸ਼ਕਾਮ ਹੋ ਕੇ ਸਮਾਜ ਦੀ ਭਲਾਈ ਲਈ ਕਰਦਾ ਹੈ। ਮੋਹ ਵਿਚ ਗ੍ਰਸਿਆ ਆਮ ਬੰਦੇ ਨੂੰ ਉਸ ਅਸੀਮ ਬਾਰੇ ਕੁਝ ਪਤਾ ਹੀ ਨਹੀਂ, ਉਹ ਆਪਣੀਆਂ ਸੀਮਾਂ ਕਰਕੇ ਹੀ ਦੁਖ ਭੋਗ ਰਿਹਾ ਹੈ ਉਸ ਨੂੰ ਸਦਾ ਇਹ ਹੀ ਡਰ ਲੱਗਾ ਰਹਿੰਦਾ ਹੈ ਕਿ ਜੋ ਉਸ ਕੋਲ ਹੈ ਉਹ ਕਿਸ ਤਰ੍ਹਾਂ ਛੱਡੇ, ਛੱਡੇ ਬਿਨਾਂ ਕੁਝ ਪ੍ਰਾਪਤ ਨਹੀਂ ਹੋ ਸਕਦਾ। ਦੇਣਾ ਤੇ ਤਿਆਗ ਇਕ ਹੀ ਗੱਲ ਹੈ, ਮਹਾਂਪੁਰਖ ਕੇਵਲ ਦਇਆ ਹੀ ਕਰਦੇ ਹਨ ਜੋ ਉਨ੍ਹਾਂ ਨੂੰ ਕਰਮ ਕਰਨ ਲਈ ਪ੍ਰੇਰਨਾ ਦਿੰਦੇ ਹਨ, ਉਹ ਕਰਮ ਜਿਹੜੇ ਸਮਾਜ ਲਈ ਲਾਭਕਾਰੀ ਹੋਣ।

ਸੰਸਾਰ ਦੇ ਸਾਰੇ ਸਮਾਜ ਵਰਗਾਂ ਵਿਚ ਆਮ ਲੋਕੀ ਹੀ ਮਹਾਨ ਲੋਕਾਂ ਦੇ ਪਿਛੇ ਚਲਦੇ ਹਨ, ਇਸ ਕਰਕੇ ਮਹਾਨ ਬੰਦਿਆਂ ਨੂੰ ਆਮ ਬੰਦੇ ਜਿਹੜੇ ਕਰਮ ਕਰ ਰਹੇ ਹਨ ਉਨ੍ਹਾਂ ਦੇ ਮਨ ਬਦਲਣ ਦੀ ਥਾਂ ਉਨ੍ਹਾਂ ਨੂੰ ਸੁਚੱਜੀ ਤਰ੍ਹਾਂ ਕਰਮ ਕਰਨ ਦੀ ਜਾਂਚ ਦਸਣੀ ਚਾਹੀਦੀ ਹੈ, ਉਸ ਨੂੰ ਚਾਹੀਦਾ ਹੈ ਉਨ੍ਹਾਂ ਨੂੰ ਚੇਤਨਤਾ ਦੇ ਪੱਧਰ ਤੇ ਪਹੁੰਚਾ ਦੇਵੇ, ਜਿਸ ਵਿਚ ਨਿਸ਼ਕਾਮ ਕਰਮ ਸ਼ਕਤੀ ਦਾ ਸਾਧਨ ਬਣ ਜਾਂਦੇ ਹਨ।

ਵਿਦਿਆਰਥੀ ਤੇ ਗਾਹਕ ਸ਼ਿਕਾਇਤ ਕਰਦੇ ਹਨ ਮੇਰੀਆਂ ਡਿਊਟੀਆਂ ਮੇਰਾ ਬੰਧਨ ਬਣ ਗਈਆਂ ਹਨ, ਮੈਂ ਇਸ ਬੰਧਨ ਤੋਂ ਕਿਵੇਂ ਛੁਟ ਸਕਦਾ ਹਾਂ? ਕੀ ਮੈਂ ਇਨ੍ਹਾਂ ਹਾਲਾਤਾਂ ਵਿਚ ਹੀ ਰਹਾਂ ਜਾਂ ਮੈਂ ਬਦਲ ਸਕਦਾ ਹਾਂ?" ਮਿਸਾਲ ਵਜੋਂ ਇਕ ਬੀਬੀ ਕਹਿੰਦੀ ਹੈ, ਮੇਰੀ ਡਿਊਟੀ ਜੋ ਬੱਚਿਆਂ ਪ੍ਰਤੀ ਤੇ ਪਤੀ ਪ੍ਰਤੀ ਹੈ, ਇਸ ਨੇ ਮੈਨੂੰ ਇਨ੍ਹਾਂ ਦਾ ਗੁਲਾਮ ਬਣਾ ਦਿਤਾ ਹੈ। ਉਤਰ ਹੈ ਆਪਣੇ ਕਰਮ ਡਿਊਟੀਆਂ ਕਰਨੀਆਂ ਅਵਸ਼ਕ ਹਨ ਪਰ ਜੇ ਉਸ ਡਿਊਟੀ ਨਾਲ ਪਿਆਰ ਨਹੀਂ ਅਸੀਂ ਆਪਣੇ ਕੰਮ ਪਿਆਰ ਨਾਲ ਨਹੀਂ ਕਰਦੇ ਤਾਂ ਅਸੀਂ ਇਕ ਮਸ਼ੀਨ ਦੀ ਤਰ੍ਹਾਂ ਕੰਮ ਕਰ ਰਹੇ ਹਾਂ, ਅਸੀਂ ਖੁਸ਼ੀ ਦਾ ਅਨੁਭਵ ਕਰਦੇ ਹੀ ਨਹੀਂ ਜਿਹੜੇ ਆਪਣੀ ਡੀਊਟੀ ਪਿਆਰ ਨਾਲ ਕਰਦੇ ਹਨ ਉਨ੍ਹਾਂ ਲਈ ਉਹ ਹੀ ਡੀਊਟੀਆਂ ਜਿਹੜੀਆਂ ਬੰਧਨ ਹੁੰਦੀਆਂ ਹਨ ਉਹ ਹੀ ਖੁਸ਼ੀ

ਦਾ ਸਾਧਨ ਬਣ ਜਾਂਦੀਆਂ ਹਨ। ਦੇਣ ਨਾਲ ਪਿਆਰ ਵਧਦਾ ਹੈ, ਆਸ ਰੱਖਣ ਨਾਲ ਘਟਦਾ ਹੈ। ਡੀਊਟੀ ਕਰਦਿਆਂ ਦਿਓ, ਕੇਵਲ ਦਿਓ ਤੁਹਾਨੂੰ ਖੁਸ਼ੀ ਹੀ ਮਿਲੇਗੀ ਪਰ ਜੇ ਖੁਸ਼ੀ ਪ੍ਰਾਪਤ ਕਰਨ ਦੀ ਆਸ ਰਖਦੇ ਹੋ, ਦੂਸਰਾ ਵੀ ਤੁਹਾਡੇ ਤੋਂ ਆਸ ਰਖਦਾ ਹੈ। ਇਸ ਤਰ੍ਹਾਂ ਆਸ਼ਾਵਾਂ ਦਾ ਟਕਰਾਅ ਹੋ ਜਾਏਗਾ, ਦੋਨਾਂ ਨੂੰ ਦੁਖ ਹੋਵੇਗਾ। ਆਸ ਪਿਆਰ ਨਹੀਂ, ਸੰਤਾਪ ਹੈ, ਜੇ ਨਿਸੁਆਰਥੀ ਦੇਣ ਆਪਸ ਦੇ ਰਿਸ਼ਤਿਆਂ ਵਿਚ ਨਹੀਂ, ਪਤੀ ਪਤਨੀ ਪਰਿਵਾਰ ਖੇਰੂੰ ਖੇਰੂੰ ਹੋ ਜਾਵੇਗਾ ਕਿਉਂਕਿ ਪਰਿਵਾਰ ਤੋਂ ਭਾਵ ਹੈ ਨਿਸੁਆਰਥ ਹੋ ਕੇ ਪਿਆਰ ਦੇਣਾ ਕਿਉਂਕਿ ਜੇ ਨਿਸੁਆਰਥ ਨਹੀਂ ਤਾਂ ਸਾਨੂੰ ਸਾਰੀ ਜਗ੍ਹਾ ਸੰਤਾਪ ਹੀ ਦਿਸਦਾ ਹੈ, ਘਰ ਬਾਹਰ ਸਭ ਜਗ੍ਹਾ।

ਗਿਆਨੀ ਕਦੀ ਵੀ ਕਾਹਲ ਨਹੀਂ ਕਰਦੇ, ਕਦੀ ਵੀ ਕੋਈ ਵਿਚਾਰ ਕਾਹਲੀ ਨਾਲ ਨਹੀਂ ਦਿੰਦੇ ਕਿਉਂਕਿ ਆਮ ਲੋਕੀ ਉਸ ਨੂੰ ਸਮਝ ਨਹੀਂ ਸਕਦੇ ਪਰ ਉਹ ਪਿਆਰ ਨਾਲ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ, ਉਨ੍ਹਾਂ ਨੂੰ ਦੁਖ ਵੀ ਨਾ ਲੱਗੇ ਤੇ ਉਹ ਪਿਆਰ ਨਾਲ ਮੰਨ ਵੀ ਜਾਣ। ਸਾਰਾ ਡੂੰਘਾ ਗਿਆਨ, ਪਿਆਰ ਤੇ ਕੁਲੀਨਤਾ ਨਾਲ ਦਿਤਾ ਜਾਂਦਾ ਹੈ ਜ਼ਬਰਦਸਤੀ ਦਿਤੀ ਗਈ ਸਿਖਿਆ, ਕਾਹਲੀ ਨਾਲ ਦਿਤੇ ਗਿਆਨ ਦਾ ਕੋਈ ਅਸਰ ਨਹੀਂ ਤੇ ਉਲਟਾ ਮਨ ਮੁੜ ਜਾਂਦਾ ਹੈ। ਅਸੀਂ ਇਹ ਬੱਚਿਆਂ ਨਾਲ ਤੇ ਮਾਤਾ ਪਿਤਾ ਨਾਲ ਰੋਜ਼ ਹੁੰਦਾ ਦੇਖਦੇ ਹਾਂ। ਜਦੋਂ ਵੀ ਮਾਤਾ ਪਿਤਾ ਅਬੜਵਾਹੇ ਕੋਈ ਵੀ ਗੱਲ ਕਹਿਣਗੇ, ਭਾਵੇਂ ਉਹ ਠੀਕ ਹੀ ਹੋਣ ਉਹ ਬੱਚਿਆਂ ਨੂੰ ਬਾਗੀ ਬਣਾ ਲੈਣਗੇ, ਫੇਰ ਇਸ ਨਾਲ ਮਾਤਾ ਪਿਤਾ ਤੇ ਬੱਚਿਆਂ ਵਿਚ ਇਕ ਦਰਾੜ ਪੈ ਜਾਂਦੀ ਹੈ ਕੋਈ ਗੱਲਬਾਤ ਨਹੀਂ ਹੋ ਸਕਦੀ। ਡੂੰਘਾ ਗਿਆਨ, ਬੁੱਧੀ ਦੇ ਪੱਧਰ ਦਾ ਗਿਆਨ ਕੋਈ ਵੀ ਗ੍ਰੰਥ ਪੜ੍ਹ ਕੇ ਦੇ ਸਕਦਾ ਹੈ ਪਰ ਇਹ ਗਿਆਨ ਮਨ ਵਿਚ ਨਹੀਂ ਉਤਰਦਾ, ਨਾ ਹੀ ਤੁਹਾਡੇ ਖੂਨ ਵਿਚ ਰਚਦਾ ਹੈ ਕਿਉਂਕਿ ਇਹ ਪਿਆਰ ਤੋਂ ਵਾਂਝਾ ਹੁੰਦਾ ਹੈ, ਕੁਲੀਨਤਾ ਤੋਂ ਪਰ੍ਹੇ ਹੁੰਦਾ ਹੈ, ਚੰਗਾ ਅਧਿਆਪਕ ਪਿਆਰ ਨਾਲ, ਕੁਲੀਨਤਾ ਨਾਲ ਆਪਣੇ ਹੀ ਤਰੀਕੇ ਨਾਲ ਪੜ੍ਹਾਉਂਦਾ ਹੈ, ਇਹ ਬਹੁਤ ਘੱਟ ਹੀ ਦੇਖਣ ਵਿਚ ਆਉਂਦਾ ਹੈ। ਜਿਹੜੇ ਧੀਰਜ ਵਾਲੇ ਹਨ, ਸਹਿਨਸ਼ੀਲ ਹਨ, ਨਿਸੁਆਰਥੀ ਹਨ, ਪਿਆਰ ਵਾਲੇ ਹਨ, ਕੁਲੀਨ ਹਨ, ਮਨੋਬਲ ਵਾਲੇ ਹਨ ਉਹ ਕਦੀ ਵੀ ਅਬੜਵਾਹੇ ਕੋਈ ਕਰਮ ਨਹੀਂ ਕਰਦੇ, ਕਦੀ ਵੀ ਆਪਣੇ ਵਿਚਾਰ ਦੂਸਰਿਆਂ ਤੇ ਨਹੀਂ ਥੋਪਦੇ, ਇਹ ਕਿਤਾਬਾਂ ਤੋਂ ਨਹੀਂ ਸਿਖਿਆ ਜਾਂਦਾ, ਇਹ ਕੇਵਲ ਅਨੁਭਵ ਨਾਲ ਹੀ ਆਉਂਦਾ ਹੈ। ਸਾਨੂੰ ਕਿੰਨੇ ਹੀ ਬੁੱਧੀਜੀਵ ਮਿਲ ਜਾਣਗੇ, ਵਿਦਵਾਨ ਮਿਲ ਜਾਣਗੇ ਜਿਹੜੇ ਗ੍ਰੰਥ ਜ਼ੁਬਾਨੀ ਸੁਣਾ ਸਕਦੇ ਹਨ ਪਰ ਪਿਆਰ ਨਾਲ ਗਿਆਨ ਦੇਣ ਵਾਲੇ ਕਿੰਨੇ ਮਿਲਦੇ ਹਨ? ਸ੍ਰੀ ਕ੍ਰਿਸ਼ਨ ਜੀ ਆਪ ਆਪਣੀ ਮਿਸਾਲ ਬਣ ਕੇ ਸਿਖਿਆ ਦੇ ਰਹੇ ਹਨ ਤੇ ਅਰਜਨ ਨੂੰ ਕਹਿ ਰਹੇ ਹਨ ਕਿ ਉਹ ਕਰਮ ਕਰੇ, ਨਿਸ਼ਕਾਮ ਕਰਮ ਕਰੇ ਤੇ ਦੂਸਰਿਆਂ ਲਈ ਮਿਸਾਲ ਬਣੇ।

27. ਪ੍ਰਾਕ੍ਰਿਤੀ ਦੇ ਗੁਣਾਂ ਨਾਲ ਹੀ ਸਾਰੇ ਕਰਮ ਹੋ ਰਹੇ ਹਨ ਪਰ ਹਉਮੈ ਵਿਚ ਆਇਆ ਬੰਦਾ ਸੋਚਦਾ ਹੈ ਮੈਂ ਹੀ ਸਭ ਕੁਝ ਕਰ ਰਿਹਾ ਹਾਂ।

28. ਹੇ ਮਹਾਂਬਾਹੋ! ਜਿਹੜਾ ਗੁਣ ਤੇ ਕਰਮ ਦਾ ਭੇਦ ਜਾਣਦਾ ਹੈ,

ਵਿਭਾਗਾਂ ਦੇ ਤੱਤ ਨੂੰ ਜਾਨਣ ਵਾਲਾ ਜਾਣਦਾ ਹੈ ਕਿ ਗੁਣ ਹੀ ਆਪਣੇ ਗੁਣਾਂ ਵਿਚ ਵਰਤਦੇ ਹਨ, ਇਹ ਜਾਣ ਕੇ ਨਿਰਲੇਪ ਰਹਿੰਦਾ ਹੈ।

(ਤ੍ਰਿਗੁਣਾਤਮਕ ਮਾਇਆ ਦੇ ਕਾਰਯ ਰੂਪ ਪੰਜ ਮਹਾਂਭੂਤ ਮਨ, ਬੁਧ ਅਤੇ ਅਹੰਭਾਵ ਤਥਾ ਪੰਜ ਗਿਆਨ ਇੰਦ੍ਰੀਆਂ, ਪੰਜ ਕਰਮ ਇੰਦ੍ਰੀਆਂ ਅਤੇ (ਸ਼ਬਦ, ਸਪਰਸ਼, ਰੂਪ, ਰਸ, ਗੰਧ) ਪੰਜ ਵਿਸ਼ੇ ਇਨ੍ਹਾਂ ਸਾਰਿਆਂ ਦੇ ਸਾਮੁਦਾਇ ਨੂੰ ਗੁਣ ਵਿਭਾਗ ਕਿਹਾ ਜਾਂਦਾ ਹੈ ਇਨ੍ਹਾਂ ਦੀ ਪਰਸਪਰ ਚੇਸ਼ਟਾ ਦਾ ਨਾਮ ਕਰਮ ਵਿਭਾਗ ਹੈ।

ਅਸੀਂ ਦੇਖੀਏ ਤਾਂ ਸਹੀ ਕਿ ਕੀ ਮਨੁੱਖ ਹੀ ਕੇਵਲ ਆਪਣੇ ਕਰਮ ਤੇ ਉਨ੍ਹਾਂ ਦੇ ਫਲਾਂ ਲਈ ਜਿੰਮੇਵਾਰ ਹੁੰਦਾ ਹੈ। ਮਨੁੱਖ ਆਪਣੇ ਆਪ ਵਿਚ ਕਰਮ ਕਰਨ ਲਈ ਕਿਤੇ ਵਧ ਸੁਤੰਤਰ ਹੈ ਜਾਨਵਰਾਂ ਨਾਲੋਂ, ਫੁਲ ਪੌਦਿਆਂ ਨਾਲੋਂ, ਬੇਜਾਨ ਵਸਤੂਆਂ ਨਾਲੋਂ, ਮਨੁੱਖ ਆਮ ਕਰਮ ਕਰ ਸਕਦਾ ਹੈ ਜਦੋਂ ਕਿ ਜਾਨਵਰ ਪੂਰੀ ਤਰ੍ਹਾਂ ਪ੍ਰਕ੍ਰਿਤੀ ਦੇ ਅਧੀਨ ਹਨ, ਜਾਨਵਰਾਂ ਦੀ ਕੋਈ ਆਪਣੀ ਮਰਜ਼ੀ ਨਹੀਂ ਹੈ, ਮਨੁੱਖ ਦੀ ਮਰਜ਼ੀ ਵੀ ਹੈ, ਬੁੱਧੀ ਵੀ ਹੈ ਜਿਹੜੀ ਇਸ ਨੂੰ ਇਕ ਵਖਰਾ ਰੂਪ ਦਿੰਦੀ ਹੈ, ਖਾਣਾ, ਪੀਣਾ, ਸੌਣਾ ਬੱਚੇ ਪੈਦਾ ਕਰਨੇ ਹੋਰ ਆਪਣੀ ਸੁਰਖਿਆ ਲਈ ਕੁਝ ਵੀ ਕਰਨਾ ਇਹ ਮਨੁੱਖਾਂ ਵਿਚ ਤੇ ਜਾਨਵਰਾਂ ਵਿਚ ਦੋਨਾਂ ਵਿਚ ਹੀ ਹਨ, ਪਰ ਇਹ ਕ੍ਰਿਆਵਾਂ ਕੁਦਰਤ ਦੇ ਅਧੀਨ ਹਨ, ਮਨੁੱਖ ਹੀ ਕੇਵਲ ਇਕ ਇਹੋ ਜਿਹਾ ਜੀਵ ਹੈ ਜਿਸ ਵਿਚ ਇਹ ਜਮਾਂਦਰੂ ਸਮਰਥਾ ਹੈ ਕਿ ਉਹ ਮੁਢਲੀਆਂ ਇੱਛਾਵਾਂ ਦੇ ਵਸ ਹੋ ਕੇ ਕਰਮ ਨਾ ਕਰੇ। ਇਸ ਦੀ ਇੱਛਾ ਸ਼ਕਤੀ, ਬੁੱਧੀ ਨਾਲ ਇਹ ਸਮਝ ਸਕਦਾ ਹੈ ਵਿਸ਼ਲੇਸ਼ਨ ਕਰ ਸਕਦਾ ਹੈ, ਪਰੇਰਨਾ ਨੂੰ ਕਾਬੂ ਕਰ ਸਕਦਾ ਹੈ, ਇੱਛਾ, ਵਿਚਾਰ ਅਤੇ ਭਾਵਨਾਵਾਂ ਨੂੰ ਜਾਣ ਕੇ ਉਨ੍ਹਾਂ ਅਨੁਸਾਰ ਕਰਮ ਕਰ ਸਕਦਾ ਹੈ। ਇਸ ਕੋਲ ਐਨੀ ਤਾਕਤ ਹੈ ਕਿ ਇਹ ਕਰਮ ਦੀ ਸਾਰੀ ਲੜੀ ਹੀ ਬਦਲ ਸਕਦਾ ਹੈ, ਭਾਵ ਪ੍ਰੇਰਨਾ ਤੋਂ ਲੈ ਕੇ ਕਰਮ ਕਰਨ ਤਕ, ਇਹ ਹਰ ਚੀਜ਼ ਹਰ ਪੱਧਰ ਜੋ ਇਸ ਨੂੰ ਕਰਮ ਕਰਨ ਲਈ ਪ੍ਰੇਰਦਾ ਉਸ ਬਾਰੇ ਜਾਣੂੰ ਹੋ ਸਕਦਾ ਹੈ, ਠੀਕ ਸਿਖਿਆ ਨਾਲ ਇਹ ਕਿਸੇ ਵੀ ਪੱਧਰ ਨੂੰ ਸੁਧਾਰ ਸਕਦਾ ਹੈ।

ਭਾਵੇਂ ਇਹ ਜਮਾਂਦਰੂ ਸਮਰਥਾ ਨਾਲ ਕਰਮਾਂ ਨੂੰ ਨਿਯਮਤ ਕਰਦਾ ਹੈ, ਸੁਧਾਰਦਾ ਹੈ ਪਰ ਫੇਰ ਵੀ ਇਹ ਕਰਤਾ ਨਹੀਂ ਹੈ। ਸਾਰੇ ਕਰਮ ਪ੍ਰਾਕ੍ਰਿਤੀ ਹੀ ਕਰਦੀ ਹੈ ਜਿਹੜੀ ਵਿਸ਼ਵ ਨੂੰ ਚਲਾ ਰਹੀ ਹੈ। ਆਤਮਾ ਨਿਰਲਿਪਤ ਹੋਈ, ਪ੍ਰਭਾਵਿਤ ਹੋਏ ਬਿਨਾਂ ਅੰਦਰ ਸਥਿਤ ਹੈ, ਸਦਾ ਹੀ ਸ਼ਾਂਤ ਰਹਿੰਦੀ ਹੈ, ਆਪਣੀ ਸੋਭਾ ਸ਼ਾਨ ਬਣਾਈ ਰਖਦੀ ਹੈ। ਇਹ ਕੇਵਲ ਹਉਮੈ ਹੀ ਹੈ ਜਿਹੜੀ ਮਨੁੱਖ ਨੂੰ ਭਰਮਾਉਂਦੀ ਹੈ ਤੇ ਕਹਿੰਦੀ ਹੈ ਤੂੰ ਕਰਤਾ ਹੈਂ ਤੈਨੂੰ ਹੀ ਫਲ ਲੈਣ ਦਾ ਅਧਿਕਾਰ ਹੈ। ਇਥੇ ਇਕ ਬੜੀ ਬਾਰੀਕੀ ਦੀ ਗੱਲ ਇਹ ਹੈ ਕਿ ਜਿਹੜਾ ਕਰਤਾ ਬਣਦਾ ਹੈ ਉਹ ਫਲ ਦਾ ਅਧਿਕਾਰੀ ਵੀ ਬਣ ਜਾਂਦਾ ਹੈ, ਉਹ ਝੂਠਾ ਭਰਮ, ਮੈਂ ਕਰਦਾ ਹਾਂ, ਫੇਰ ਮੈਨੂੰ ਇਸ ਦਾ ਫਲ ਮਿਲਣਾ ਚਾਹੀਦਾ ਹੈ ਇਹ ਇਕ ਸੰਤਾਪ ਪੈਦਾ ਕਰ ਦਿੰਦਾ ਹੈ ਤੇ ਮਨੁੱਖ ਇਸ ਵਿਚ ਹੀ ਗੇੜੇ ਖਾਂਦਾ ਰਹਿੰਦਾ ਹੈ। ਹਉਮੈ ਨੂੰ ਸੋਧਣ ਦੀ ਲੋੜ ਹੈ ਸਿਖਾਉਣ ਦੀ ਲੋੜ ਹੈ ਕਿ ਉਹ ਕਰਤਾ ਨਾ ਬਣੇ, ਕਰਤੇ ਨੂੰ ਸੁਚੇਤ ਹੋ ਕੇ ਦੇਖੇ, ਆਤਮਾ ਨੂੰ

ਪਛਾਣੇ ਜੋ ਅਮਰ ਹੈ।

ਹਉਮੈ ਸਾਡੇ ਅੰਦਰ ਦੇ ਚਾਰ ਕਰਮਾਂ ਵਿਚੋਂ ਇਕ ਹੈ, ਸਾਡਾ ਅੰਦਰ ਇਕ ਕਾਰਖਾਨੇ ਦੀ ਤਰ੍ਹਾਂ ਹੈ ਤੇ ਹਉਮੈ ਆਤਮਾ ਦਾ ਦੂਤ ਹੈ, ਜਦੋਂ ਹਉਮੈ ਆਤਮਾ ਨੂੰ ਭੁੱਲ ਜਾਂਦੀ ਹੈ, ਜਦੋਂ ਇਹ ਭੁੱਲ ਜਾਂਦਾ ਹੈ ਕਿ ਇਹ ਤਾਂ ਕੇਵਲ ਇਕ ਦੂਤ ਹੀ ਹੈ ਫੇਰ ਅੰਦਰ ਬਹੁਤ ਹੀ ਰੌਲਾ ਮਚ ਜਾਂਦਾ ਹੈ, ਬਹੁਤ ਭਰਮ ਪੈ ਜਾਂਦੇ ਹਨ ਘਬਰਾਹਟ ਪੈਦਾ ਹੋ ਜਾਂਦੀ ਹੈ, ਫੇਰ ਇਹ ਹੋਰ ਪੱਧਰਾਂ ਤੇ ਹੋਰ ਪੱਖਾਂ ਦੀ ਵੀ ਸਲਾਹ ਨਹੀਂ ਲੈਂਦਾ ਤੇ ਮਨ ਤੇ ਕਾਬੂ ਖੋ ਬੈਠਦਾ ਹੈ, ਮਨ ਜੋ ਅੰਦਰ ਬਾਹਰ ਦੋਨੋਂ ਪਾਸੇ ਕੰਮ ਕਰਦਾ ਹੈ ਜੋ ਕਿ ਪ੍ਰਤੱਖ ਗਿਆਨ ਤੇ ਸੰਕਲਪ ਦੋਨਾਂ ਦਾ ਹੀ ਯੰਤਰ ਹੈ ਜਦੋਂ ਹਉਮੈ ਨੂੰ ਆਪਣਾ ਅਸਲੀ ਰੋਲ ਯਾਦ ਆਉਂਦਾ ਹੈ, ਫੇਰ ਉਹ ਬੰਧਨ ਨਹੀਂ ਬਣਦਾ ਫੇਰ ਉਹ ਰੁਕਾਵਟ ਨਹੀਂ ਬਣਦਾ, ਉਹ ਰੁਕਾਵਟ ਜਿਹੜੀ ਜਗਿਆਸੂ ਨੂੰ ਆਤਮਾ ਤਕ ਨਹੀਂ ਪਹੁੰਚਣ ਦਿੰਦੀ, ਉਹ ਆਤਮਾ ਜਿਹੜੀ ਗਿਆਨ ਦਾ ਸਰੋਤ ਹੈ ਚੇਤਨਤਾ ਦਾ ਕੇਂਦਰ ਹੈ।

ਹਉਮੈ ਸਾਰੇ ਦੁਖਾਂ ਦਾ ਕਾਰਨ ਹੈ ਪਰ ਬ੍ਰਹਮਗਿਆਨੀ ਇਸ ਨੂੰ ਔਕੜ ਬਣਨ ਨਹੀਂ ਦਿੰਦੇ, ਬ੍ਰਹਮਗਿਆਨੀ ਜਾਣਦਾ ਹੈ ਕਿ ਪ੍ਰਕ੍ਰਿਤੀ ਕਰਮ ਕਰ ਰਹੀ ਹੈ, ਵਿਸ਼ਵ ਦਾ, ਬ੍ਰਹਿਮੰਡ ਦਾ ਸੁਭਾਅ ਹੈ, ਕਰਮ ਕਰਨਾ। ਸੋ ਉਹ ਸਾਰੇ ਭਰਮਾਂ ਤੋਂ ਮੁਕਤ ਰਹਿੰਦਾ ਹੈ, ਸਾਰੇ ਸੰਕਲਪਾਂ ਤੋਂ ਮੁਕਤ ਰਹਿੰਦਾ ਹੈ ਜਿਵੇਂ ਕਿ ਮੇਰੀ ਇੱਛਾ ਹੈ, ਇਹ ਕਰਾਂ, ਮੈਂ ਇਹ ਕਰਨਾ ਚਾਹੁੰਦਾ ਹਾਂ, ਮੈਂ ਇਹ ਕਰਨ ਲੱਗਾ ਹਾਂ ਜਾਂ ਮੈਂ ਇਹ ਕਰ ਲਿਆ ਹੈ।

ਪ੍ਰਕ੍ਰਿਤੀ ਦੇ ਤਿੰਨ ਗੁਣ ਹਨ - ਸਤੋ, ਰਜੋ, ਤਮੋ ਤਿੰਨੋ ਬਹੁਤ ਫਰਕ ਰਖਦੇ ਹਨ ਪਰ ਫੇਰ ਵੀ ਇਕੱਠੇ ਹੀ ਕੰਮ ਕਰਦੇ ਹਨ। ਅਸਲ ਵਿਚ ਪ੍ਰਕ੍ਰਿਤੀ ਦਾ ਕੋਈ ਵੀ ਕਰਮ ਇਨ੍ਹਾਂ ਤਿੰਨਾਂ ਗੁਣਾਂ ਤੋਂ ਹੀ ਹੁੰਦਾ ਹੈ, ਇਨ੍ਹਾਂ ਤਿੰਨਾਂ ਤੱਤਾਂ ਤੇ ਗੁਣ ਵੱਖ-ਵੱਖ ਹਨ, ਜਦੋਂ ਦੋ ਤੱਤ ਸਾਮ੍ਹਣੇ ਆਉਂਦੇ ਹਨ ਟਕਰਾਅ ਹੁੰਦਾ ਹੈ, ਨਤੀਜਾ ਜਾਂ ਤਾਂ ਉਹ ਇਕੱਠੇ ਹੋ ਕੇ ਕੁਝ ਨਵਾਂ ਰੂਪ ਧਾਰਨ ਕਰ ਲੈਂਦੇ ਹਨ ਜਾਂ ਫੇਰ ਦਵੰਦ ਪੈਦਾ ਹੋ ਜਾਂਦਾ ਹੈ, ਇਸ ਪ੍ਰਕਾਰ ਗੁਣ ਕਰਮ ਦਾ ਸ੍ਰੋਤ ਹਨ, ਇਹ ਤਿੰਨ ਗੁਣ ਮਨੁੱਖ ਵਿਚ ਇਕੱਠੇ ਹੀ ਹਨ, ਪ੍ਰਕਿਰਤੀ ਵਿਚ ਵੀ ਹਨ ਪਰ ਜਦੋਂ ਕੋਈ ਇਕ ਵੀ ਵੱਧ ਹੋ ਜਾਂਦਾ ਹੈ ਤਾਂ ਕਰਮ ਵੀ ਉਸ ਅਨੁਸਾਰ ਹੀ ਹੋ ਜਾਂਦੇ ਹਨ, ਸ਼ਾਂਤੀ ਨਾਲ ਕੀਤਾ ਕਰਮ ਸਤੋ ਗੁਣ ਕਰਕੇ ਹੈ, ਰਾਜਸਿਕ ਗੁਣ ਨਾਲ ਕੀਤਾ ਕਰਮ, ਫਲ ਦੀ ਪ੍ਰਤੀਕਸ਼ਾ ਕਰੇਗਾ, ਤਾਮਸਿਕ ਗੁਣ ਸੁਸਤੀ ਤੇ ਕਰਮ ਨਾ ਕਰਨ ਲਈ ਪ੍ਰੇਰੇਗਾ। ਕਰਮ ਕੀਤੇ ਬਿਨਾਂ ਕੋਈ ਰਹਿ ਨਹੀਂ ਸਕਦਾ ਪਰ ਜਦੋਂ ਤੁਸੀਂ ਸਥਿਲ ਹੋ ਕੇ ਕਰਮ ਕਰਦੇ ਹੋ ਤਾਂ ਤੁਸੀਂ ਇਕਾਗਰ ਨਹੀਂ ਹੁੰਦੇ, ਨਤੀਜਾ ਪੂਰੀ ਤਰ੍ਹਾਂ ਵਿਘਟਨ ਤੇ ਬੇਤਰਤੀਬੀ ਹੋ ਜਾਂਦਾ ਹੈ।

ਇਨ੍ਹਾਂ ਸ਼ਲੋਕਾਂ ਨੂੰ ਪੜ੍ਹ ਕੇ ਸਮਝ ਕੇ ਇਹ ਜਾਣ ਸਕਦੇ ਹਾਂ ਕਿ ਕਿਵੇਂ ਅਸੀਂ ਹਉਮੈ ਅੰਦਰ ਭੁੱਲੇ ਰਹਿੰਦੇ ਹਾਂ, ਭਰਮੇ ਰਹਿੰਦੇ ਹਾਂ, ਅਸੀਂ ਇਹ ਕਰਦੇ ਹਾਂ, ਮੈਂ ਦੇਸ਼ ਸੇਵਕ ਹਾਂ, ਮੈਂ ਮਾਨਵਤਾ ਲਈ ਬਹੁਤ ਕੰਮ ਕਰ ਰਿਹਾ ਹਾਂ। ਇਕ ਬੱਚਾ ਬਹੁਤ ਸੋਹਣਾ ਫੁੱਲ ਤੋੜਦਾ ਹੈ ਤੇ ਆਪਣੀ ਮਾਂ ਨੂੰ ਫੜਾ

ਦਿੰਦਾ ਹੈ ਤੇ ਕਹਿੰਦਾ ਹੈ, ਮਾਂ ਇਹ ਮੈਂ ਤੈਨੂੰ ਦਿੰਦਾ ਹਾਂ। ਜਿਵੇਂ ਉਹ ਆਪਣੇ ਕੋਲੋਂ ਕੁਝ ਦੇ ਰਿਹਾ ਹੋਵੇ ਪਰ ਫੁਲ ਦਾ ਤੋਹਫਾ ਤਾਂ ਪ੍ਰਕ੍ਰਿਤੀ ਦੇ ਗੁਣਾਂ ਦੀ ਉਪਜ ਹੈ, ਬੱਚਾ ਗੁਣਾਂ ਦਾ ਹੀ ਪਰੇਰਿਆ ਹੋਇਆ ਇਕ ਪਾਸੇ ਤੋਂ ਦੂਸਰੇ ਪਾਸੇ ਦੇ ਰਿਹਾ ਹੈ, ਤੇ ਕਹਿ ਰਿਹਾ ਹੈ ਮੇਰਾ ਹੈ। ਹਉਮੈ ਸਭ ਤੋਂ ਵੱਧ ਅੰਦਰ ਹੋਣ ਕਰਕੇ, ਹਉਮੈ ਨੇ ਆਪਣੇ ਆਪ ਨੂੰ ਆਤਮਾ ਦੇ ਸਮਾਨ ਬਣਾ ਲਿਆ, ਸ਼ਕਤੀਸ਼ਾਲੀ ਬਣਾ ਲਿਆ ਹੈ, ਸਰਬ ਸ਼ਕਤੀਮਾਨ ਤੇ ਸਰਬ ਗਿਆਤਾ ਹੋ ਕੇ ਬੰਧਨ ਬਣਾ ਲੈਂਦਾ ਹੈ ਪਰ ਜਦੋਂ ਆਤਮ ਗਿਆਨ ਹੁੰਦਾ ਹੈ ਸਭ ਖਤਮ ਹੋ ਜਾਂਦਾ ਹੈ ਤੇ ਸੁਤੰਤਰ ਹੋ ਜਾਂਦਾ ਹੈ।

ਅੱਜ ਦੇ ਮਨੋਵਿਗਿਆਨਕ ਵੀ ਕਹਿੰਦੇ ਹਨ ਕਿ ਮਨੁੱਖ ਆਪ ਕਰਮ ਨਹੀਂ ਕਰਦਾ ਉਹ ਤਾਂ ਪ੍ਰਕ੍ਰਿਤੀ ਦਾ ਬੱਧਾ ਕਰਮ ਕਰਦਾ ਹੈ। ਅਸਲ ਵਿਚ ਇਹ ਅਜੋਕੇ ਮਨੋਵਿਗਿਆਨ ਦੀ ਵੱਡੀ ਅੰਤਰ ਦ੍ਰਿਸ਼ਟੀ ਹੈ ਜਿਹੜੀ ਕਿ ਆਮ ਫਿਲੋਸਫੀ, ਵਿਵੇਕੀ ਦਰਸ਼ਨ ਸਾਸਤ੍ਰ ਵਿਰੁੱਧ ਖੜ੍ਹੀ ਹੋਈ। ਇਸ ਫਿਲੋਸਫੀ ਦਾ ਕਹਿਣਾ ਸੀ ਕਿ ਮਨੁੱਖ ਜੋ ਚਾਹੇ ਉਹ ਹੀ ਕਰਦਾ ਹੈ, ਵਿਵਹਾਰੀ ਮੰਨਦੇ ਹਨ ਕਿ ਮਨੁੱਖ ਆਦਤਾਂ ਦਾ ਬਧਾ ਕੰਮ ਕਰਦਾ ਹੈ, ਆਦਤਾਂ ਇਨਾਮ ਤੇ ਸਜ਼ਾ ਨਾਲ ਪਕਦੀਆਂ ਤੇ ਛੁਟਦੀਆਂ ਹਨ, ਫਰਾਇਡ ਨੇ ਕਿਹਾ ਸੀ ਕਿ ਸੁਚੇਤ ਮਨ ਪੂਰੇ ਮਨ ਦਾ ਇਕ ਥੋੜ੍ਹਾ ਜਿਹਾ ਹਿੱਸਾ ਹੈ ਤੇ ਮਨੁੱਖ ਵਧੇਰੇ ਅਚੇਤ ਮਨ ਦੇ ਪਰੇਰੇ ਹੋਏ ਹੀ ਕਰਮ ਕਰਦੇ ਹਨ, ਜੁੰਗ ਦੂਸਰਾ ਮਨੋਵਿਗਿਆਨਕ ਜਿਹੜਾ ਇਕ ਮੁਢਲੇ ਰੂਪ ਵਾਲਾ ਮਨੋਵਿਗਿਆਨੀ ਸੀ ਤੇ ਉਸ ਦੇ ਹੋਰ ਸਾਥੀ ਇਕ ਪਉੜੀ ਹੋਰ ਉਪਰ ਚੜ੍ਹਦੇ ਹਨ ਤੇ ਕਹਿੰਦੇ ਹਨ ਮਨੁੱਖ ਕਰਤਾ ਨਹੀਂ ਹੈ, ਉਨ੍ਹਾਂ ਦਾ ਵਿਚਾਰ ਬਿਲਕੁਲ ਇਨ੍ਹਾਂ ਸ਼ਲੋਕਾਂ ਵਾਲਾ ਵਿਚਾਰ ਹੀ ਹੈ ਜਿਹੜਾ ਪਹਿਲਾਂ ਸਮਝਣੇ ਔਖੇ ਹਨ ਕਿਉਂਕਿ ਅਸੀਂ ਆਪਣੇ ਆਪ ਨੂੰ ਹੀ ਕਰਤਾ ਮੰਨਦੇ ਹਾਂ ਭਾਵੇਂ ਅਸੀਂ ਆਪਣੇ ਆਲੇ ਦੁਆਲੇ ਦੂਸਰੇ ਜੀਵਾਂ ਨੂੰ ਆਪਣੇ ਆਪ ਪ੍ਰਕ੍ਰਿਤੀ ਵਸ ਹੋਏ ਕਰਮ ਕਰਦਿਆਂ ਦੇਖਦੇ ਹਾਂ, ਜੁੰਗ ਤੇ ਹੋਰ ਉਹੋ ਜਿਹੇ ਮੁਢਲੇ ਰੂਪ ਵਾਲੇ ਮਨੋਵਿਗਿਆਨਕ ਇਹ ਦਸਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਮੁਢਲੇ ਰੂਪ ਸਾਡੇ ਅਚੇਤ ਮਨ ਵਿਚ ਵਸੇ ਹੋਏ ਕਰਮ ਕਾਂਡ ਕਰ ਰਹੇ ਹਨ, ਇਹ ਸਾਰੇ ਵਿਸ਼ਵ ਵਿਚ ਹੋ ਰਿਹਾ ਹੈ ਤੇ ਬਾਰ-ਬਾਰ ਹੋਈ ਜਾ ਰਿਹਾ ਹੈ। ਪੁਸ਼ਤ ਦਰ ਪੁਸ਼ਤ ਚਲਿਆ ਆ ਰਿਹਾ ਹੈ, ਚੇਤਨ ਮਨੁੱਖ ਕੇਵਲ ਇਹ ਨਾਟਕ ਦੇਖ ਰਿਹਾ ਹੈ, ਇਕ ਦਰਸ਼ਕ ਹੈ ਇਸ ਸਾਰੇ, ਸ਼ਾਨਦਾਰ ਸ਼ੋਭਨੀਅ ਡਰਾਮੇ ਦਾ ਕਰਤਾ ਨਹੀਂ ਹੈ, ਪਾਤਰ ਨਹੀਂ ਹੈ।

29. ਅਤੇ ਪ੍ਰਕ੍ਰਿਤੀ ਦੇ ਗੁਣਾਂ ਤੋਂ ਮੋਹਿਤ ਹੋਏ ਪੁਰਸ਼ ਗੁਣ ਅਤੇ ਕਰਮਾਂ ਵਿਚ ਆਸ਼ਕਤ ਹੁੰਦੇ ਹਨ, ਉਨ੍ਹਾਂ ਨੂੰ ਅੱਛੀ ਪ੍ਰਕਾਰ ਨਾ ਸਮਝਣ ਵਾਲੇ ਮੂਰਖਾਂ ਨੂੰ ਅੱਛੀ ਪ੍ਰਕਾਰ ਜਾਨਣ ਵਾਲਾ ਗਿਆਨੀ ਪੁਰਸ਼ ਚਲਾਏਮਾਨ ਨਾ ਕਰੇ।

ਆਮ ਮਨੁੱਖ ਜਿਹੜੇ ਭਰਮੇ ਹੋਏ ਆਪਣੇ ਆਪ ਨੂੰ ਪ੍ਰਕ੍ਰਿਤੀ ਦੇ ਸਮਾਨ ਸਮਝ ਕੇ ਆਪਣੇ ਆਪ ਨੂੰ ਕਰਤਾ ਜਾਣ ਬੈਠਦੇ ਹਨ, ਉਹ ਅਗਿਆਨੀ ਫੇਰ ਆਪਣੇ ਆਪ ਨੂੰ ਫਲ ਦਾ ਅਧਿਕਾਰੀ ਸਮਝਣ ਲਗ ਪੈਂਦੇ ਹਨ, ਜੋ ਜਾਣਦਾ ਹੈ ਜੋ ਅਗਿਆਨ ਦੇ ਬੱਦਲ ਦੂਰ ਕਰ ਸਕਦਾ ਹੈ, ਉਸ

ਨੂੰ ਚਾਹੀਦਾ ਹੈ ਉਹ ਇਹੋ ਜਿਹਾ ਕੁਝ ਨਾ ਕਰੇ ਜਿਸ ਨਾਲ ਆਮ ਬੰਦੇ ਦੇ ਮਨ ਵਿਚ ਦਵੰਦ ਪੈਦਾ ਹੋਣ। ਸ੍ਰੀ ਕ੍ਰਿਸ਼ਨ ਜੀ ਅਰਜਨ ਨੂੰ ਸਲਾਹ ਦਿੰਦੇ ਹਨ ਉਹ ਇਕ ਗਲਤ ਮਿਸਾਲ ਨਾ ਬਣੇ, ਹਉਮੈ ਵਿਚ ਨਾ ਆਵੇ ਤੇ ਲੋਕਾਂ ਨੂੰ ਗੁੰਮਰਾਹ ਨਾ ਕਰੇ, ਉਹ ਆਗੂ ਜਿਸ ਨੇ ਆਪਣੇ ਆਪ ਤੇ ਸੰਜਮ ਨਹੀਂ ਲਿਆਂਦਾ ਅਨੁਸ਼ਾਸ਼ਨ ਨਹੀਂ ਲਿਆਂਦਾ, ਉਹ ਲੋਕਾਂ ਨੂੰ ਸੇਧ ਦੇਣ ਦੇ ਯੋਗ ਨਹੀਂ, ਆਗੂ ਨੂੰ ਆਪਣੇ ਆਪ ਤੇ ਪੂਰਾ ਸੰਜਮ, ਅਨੁਸ਼ਾਸ਼ਨ ਹੋਣਾ ਚਾਹੀਦਾ ਹੈ, ਨਹੀਂ ਤਾਂ ਉਹ ਲੋਕਾਂ ਨੂੰ ਸੇਧ ਦੇਣ ਦੀ ਥਾਂ ਕੁਰਾਹੇ ਪਾ ਸਕਦਾ ਹੈ।

30. ਮਨ ਨੂੰ ਆਤਮਾ ਤੇ ਇਕਾਗਰ ਕਰਕੇ, ਸਾਰੇ ਕਰਮ 'ਮੈਨੂੰ' ਸਮਰਪਣ ਕਰਕੇ ਫਲ ਦੀ ਇੱਛਾ ਤੋਂ ਮੁਕਤ ਹੋ ਕੇ, ਮੈਂ ਤੇ ਮੇਰੀ ਛੱਡ ਕੇ, ਚਿੰਤਾ, ਛੱਡ ਕੇ, ਨਿਰਭੈ ਹੋ ਕੇ ਯੁੱਧ ਕਰ।

ਕੇਵਲ ਉਹ ਜਿਸ ਨੇ ਆਪਣੀ ਸ਼ਕਤੀ ਜ਼ੋਰ, ਸੋਚ, ਭਾਵ, ਇੱਛਾ ਨੂੰ ਮੋੜ ਲਿਆ ਹੈ, ਸੋਧ ਲਿਆ ਹੈ, ਆਤਮ ਗਿਆਨ ਦੀ ਇੱਛਾ ਰਖਦਾ ਹੈ ਉਹ ਹੀ ਸੁਤੰਤਰ ਹੋ ਜਾਂਦਾ ਹੈ। ਸਾਧਾਰਣ ਲੋਕ ਸੰਸਾਰਕ ਪਦਾਰਥਾਂ ਦੇ ਲਈ ਹੀ ਸੁਚੇਤ ਰਹਿੰਦੇ ਹਨ ਪਰ ਜਿਹੜੇ ਉਸ ਇਕ ਸਤਿ ਬਾਰੇ ਸੁਚੇਤ ਹਨ ਉਹ ਆਪਣੀਆਂ ਸਾਰੀਆਂ ਸ਼ਕਤੀਆਂ ਅੰਤਰਮੁਖੀ ਕਰਕੇ ਇਕੋ ਦੀ ਪ੍ਰਾਪਤੀ ਦੀ ਇੱਛਾ ਰਖਦੇ ਹਨ। ਸੰਸਾਰਕ ਪਦਾਰਥ ਨਿਰੰਤਰ ਮਨੁੱਖ ਨੂੰ ਬਦਲਦੀਆਂ ਘਟਨਾਵਾਂ ਨਾਲ ਸਮਾਨ ਕਰਕੇ, ਆਤਮਾ ਨੂੰ ਭੁਲਾ ਦਿੰਦਾ ਹੈ, ਆਤਮਾ ਜੋ ਅਜਰ ਹੈ ਅਮਰ ਹੈ।

ਸ੍ਰੀ ਕ੍ਰਿਸ਼ਨ ਜੀ ਕਹਿੰਦੇ ਹਨ, 'ਹੇ ਅਰਜਨ! ਸਾਰੇ ਕਰਮ ਆਤਮਾ ਤੇ ਇਕਾਗਰ ਕਰਕੇ ਕਰ, ਕਿਸੇ ਭੀ ਫਲ ਦੀ ਇਛਾ ਨਾ ਕਰ, ਮੋਹ ਨਾ ਕਰ, ਬਿਨਾਂ ਚਿੰਤਾ ਦੇ ਬਿਨਾਂ ਡਰ ਦੇ ਜੀਵਨ ਯੁੱਧ ਕਰ। ਇਸ ਸ਼ਲੋਕ ਵਿਚ ਨਿਸ਼ਕਾਮ ਕਰਮਾਂ ਬਾਰੇ ਦਸਿਆ ਹੈ ਜੋ ਵਾਸਤਵ ਵਿਚ ਕਰਮ ਕਰਦਿਆਂ ਅਰਦਾਸ ਹੈ, ਜਦੋਂ ਅਸੀਂ ਅਰਦਾਸ ਕਰਦੇ ਹਾਂ ਪਰ ਕਰਮ ਸਮਰਪਣ ਨਹੀਂ ਕਰਦੇ ਉਸ ਅਰਦਾਸ ਦਾ ਕੋਈ ਲਾਭ ਨਹੀਂ। ਨਿਸ਼ਕਾਮ ਕਰਮ ਕਰਕੇ ਫਲ ਅਰਪਿਤ ਕਰ ਦੇਣੇ ਸਭ ਤੋਂ ਸ੍ਰੇਸ਼ਟ ਪੂਜਾ, ਭਗਤੀ ਹੈ, ਮੁੱਖ ਨਾਲ ਕੀਤੀ ਗਈ ਭਗਤੀ ਤੋਂ ਕਿਤੇ ਉਚੀ ਹੈ, ਕਵਿਤਾ, ਮੰਤਰ ਐਨੇ ਡੂੰਘੇ ਭਾਵ ਨਹੀਂ ਪ੍ਰਗਟ ਕਰ ਸਕਦੇ ਜਿੰਨੇ ਕਿ ਨਿਸ਼ਕਾਮ ਕਰਮ ਤੇ ਕਰਮਾਂ ਦੇ ਫਲ। ਦੋ ਤਰ੍ਹਾਂ ਦੇ ਲੋਕ ਹਨ ਇਕ ਜਿਹੜੇ ਵਾਹਿਗੁਰੂ ਦੇ ਗੁਣ ਹਰ ਸਮੇਂ ਗਾਉਂਦੇ ਹਨ, ਦੂਸਰੇ ਚੁੱਪ ਰਹਿੰਦੇ ਹਨ, ਕਰਮ ਕਰਦੇ ਹਨ, ਕਰਮ ਤੇ ਫਲ ਉਸ ਵਾਹਿਗੁਰੂ ਨੂੰ ਸਮਰਪਿਤ ਕਰਦੇ ਹਨ, ਇਹ ਸਪਸ਼ਟ ਹੈ ਕਿ ਦੂਸਰੀ ਕਿਸਮ ਦੀ ਭਗਤੀ ਕਿਤੇ ਉਚੀ ਤੇ ਸੁਚੀ ਹੈ।

31. ਉਹ ਮਾਨਵ ਜਿਹੜੇ ਇਸ ਸਿਖਿਆ ਨੂੰ ਦ੍ਰਿੜ੍ਹ ਹੋ ਕੇ ਮੰਨਦੇ ਹਨ, ਵਿਸ਼ਵਾਸ਼ ਰਖਦੇ ਹਨ, ਈਰਖਾ ਦ੍ਵੈਖ ਤੋਂ ਪਰ੍ਹੇ ਰਹਿੰਦੇ ਹਨ, ਨਿਸ਼ਕਾਮ ਕਰਮ ਕਰਦੇ ਹੋਏ ਸੁਤੰਤਰ ਹੋ ਜਾਂਦੇ ਹਨ।

31. ਹੇ ਅਰਜਨ! ਜੋ ਕੋਈ ਭੀ ਮਨੁੱਖ ਦੋਸ਼ ਬੁੱਧੀ ਤੋਂ ਰਹਿਤ ਹੋ ਕੇ ਅਤੇ ਸ਼ਰਧਾ ਸਹਿਤ ਸਦਾ ਹੀ ਮੇਰੇ ਇਸ ਮਤ ਦੇ ਅਨੁਸਾਰ ਵਰਤਦਾ ਹੈ, ਉਹ ਪੁਰਸ਼ ਸੰਪੂਰਨ ਕਰਮਾਂ ਤੋਂ ਛੁਟ ਜਾਂਦਾ ਹੈ ਅਤੇ ਜੋ ਦੋਸ਼ ਦ੍ਰਿਸ਼ਟੀ ਵਾਲੇ ਮੂਰਖ ਲੋਕ ਮੇਰੇ ਇਸ ਮਤ ਅਨੁਸਾਰ ਨਹੀਂ ਵਰਤਦੇ, ਉਹ ਸੰਪੂਰਨ ਅਗਿਆਨਤਾ ਵਿਚ ਮੋਹਿਤ ਚਿਤ ਵਾਲਿਆਂ ਨੂੰ ਕਲਿਆਣ ਤੋਂ ਭਰਿਸ਼ਟ ਹੀ ਜਾਣੋ।

ਜਿਹੜੇ ਅਲੋਚਨਾ ਕਰਦੇ ਹਨ, ਮੇਰੀ ਸਿਖਿਆ ਨੂੰ ਨਹੀਂ ਮੰਨਦੇ, ਭਰਮੇ ਪਏ ਹਨ, ਅਗਿਆਨੀ ਹਨ, ਉਹ ਨਸ਼ਟ ਹੋ ਜਾਣਗੇ।

ਸ੍ਰੀ ਕ੍ਰਿਸ਼ਨ ਜੀ ਦਸਦੇ ਹਨ ਕਿ ਸਾਰੇ ਕਰਮ ਪ੍ਰਾਕ੍ਰਿਤੀ ਕਰ ਰਹੀ ਹੈ। ਉਹ ਅਰਜਨ ਨੂੰ ਕਹਿੰਦੇ ਹਨ, ਆਪਣੇ ਮਨ ਵਿਚੋਂ ਇਹ ਗੱਲ ਕੱਢ ਦਿਓ ਕਿ ਤੁਸੀਂ ਕਰਤਾ ਹੋ, ਕਰਤਾ ਹੋਣ ਦੀ ਭਾਵਨਾ ਮਨ ਵਿਚ ਲਿਆਓ ਹੀ ਨਾ, ਨਿਸ਼ਕਾਮ ਰਹੋ, ਨਿਰਲਿਪਤ ਰਹੋ ਦੂਸਰਿਆਂ ਲਈ ਮਿਸਾਲ ਬਣੋ, ਆਮ ਲੋਕੀ ਸਦਾ ਆਗੂ ਨੂੰ ਹੀ ਦੇਖਦੇ ਹਨ, ਉਸ ਮਗਰ ਚਲਦੇ ਹਨ। ਉਹ ਅਗਿਆਨੀ ਹਨ ਜਿਹੜੇ ਇਹ ਸੋਚਦੇ ਹਨ ਕਿ ਉਹ ਕਰਮ ਕਰਦੇ ਹਨ, ਸੋਚਦੇ ਹਨ ਉਹ ਕਰਤਾ ਹਨ ਪਰ ਜਿਹੜੇ ਜਾਣਦੇ ਹਨ ਕਿ ਸਭ ਹੁਕਮ ਵਿਚ ਹੋ ਰਿਹਾ ਹੈ ਤੇ ਤਿੰਨਾਂ ਗੁਣਾਂ ਦੇ ਭੇਦ ਨੂੰ ਜਾਣਦੇ ਹਨ, ਉਹ ਸੁਤੰਤਰ ਰਹਿੰਦੇ ਹਨ। ਇਨ੍ਹਾਂ ਸ਼ਲੋਕਾਂ ਵਿਚ ਕ੍ਰਿਸ਼ਨ ਜੀ ਕਹਿੰਦੇ ਹਨ ਜਿਹੜੇ ਮੇਰੀ ਸਿਖਿਆ ਤੇ ਚਲਦੇ ਹਨ, ਪੂਰੀ ਸ਼ਰਧਾ ਰਖਦੇ ਹਨ, ਉਹ ਸੰਸਾਰ ਵੀ ਮਾਣਦੇ ਹਨ। ਭਰੋਸਾ ਇਕ ਐਸਾ ਸ਼ਬਦ ਹੈ ਜਿਹੜਾ ਧਰਮਾਂ ਦੀ ਸਿਖਿਆ ਵਿਚ ਬਾਰ-ਬਾਰ ਵਰਤਿਆ ਗਿਆ ਹੈ ਤੁਸੀਂ ਆਮ ਇਹ ਗੱਲ ਸੁਣਦੇ ਹੋ, 'ਸ਼ਰਧਾ ਰੱਖੋ ਭਰੋਸਾ ਰੱਖੋ' ਪਰ ਭਰੋਸੇ ਦੇ ਵੱਖ-ਵੱਖ ਅਰਥ ਹਨ, ਇਕ ਅਰਥ ਹਨ ਤਰਕ ਨਾ ਕਰੋ, ਆਪਣੇ ਮਨ ਵਿਚ ਕੋਈ ਵਿਚਾਰ ਨਾ ਲਿਆਓ, ਜੋ ਮੈਂ ਕਹਿੰਦਾ ਹਾਂ ਕਰੀ ਜਾਓ, ਇਥੇ ਭਰੋਸੇ ਦਾ ਇਹ ਅਰਥ ਉਦੋਂ ਲਾਗੂ ਨਹੀਂ ਹੁੰਦਾ ਜਦੋਂ ਮੰਦਰਾਂ ਗੁਰਦਵਾਰਿਆਂ ਵਿਚ ਪ੍ਰਚਾਰਕ ਪ੍ਰਚਾਰ ਕਰ ਰਹੇ ਹੁੰਦੇ ਹਨ।

ਸ਼ਰਧਾ ਤੋਂ ਭਾਵ ਹੈ, ਗਿਆਨ ਤੋਂ ਵਖਰੀ ਹਾਲੇ ਕੋਈ ਹੋਰ ਪਰਤ ਵੀ ਹੈ ਜਿਸਦਾ ਪਤਾ ਨਹੀਂ ਜਿਸ ਬਾਰੇ ਗੱਲ ਨਹੀਂ ਕੀਤੀ ਜਾ ਸਕਦੀ। ਇਕ ਪਾਸਾ ਇਕ ਛਿਨ ਖੁਲ੍ਹ ਜਾਂਦਾ ਹੈ ਜੇ ਇਹ ਪਤਾ ਹੋਵੇ ਕਿ ਮਨ ਨੂੰ ਉਸ ਇਕ ਛਿਨ ਵਿਚ ਕਿਸ ਤਰ੍ਹਾਂ ਪਕੜਨਾ ਹੈ। ਸਾਧਕ ਭਰੋਸਾ ਚਾਹੁੰਦਾ ਹੈ ਪਰ ਮਨ ਦੇ ਸੰਕੇ ਭਰੋਸਾ ਹੋਣ ਨਹੀਂ ਦਿੰਦੇ, ਭਰੋਸਾ ਮਨ ਦੀ ਪੈਦਾਇਸ਼ ਨਹੀਂ। ਇਹ ਉਹ ਅਨੁਭਵ ਹੈ ਜਿਹੜਾ ਜੀਵ ਨੂੰ ਰੂਹਾਨੀ ਮਾਰਗ ਲਈ ਖੋਲ੍ਹਦੇ ਸਮੇਂ ਪਿਆਰ ਤੇ ਅੰਤਰ ਗਿਆਨ ਵੇਲੇ ਹੁੰਦਾ ਹੈ, ਬਹੁਤ ਸਾਰੇ ਸਾਧੂ ਸੰਵੇਗਾਂ ਨਾਲ ਅਨੰਦ ਦੀ ਅਵਸਥਾ ਪ੍ਰਾਤ ਕਰਦੇ ਹਨ। ਇਹ ਅਵਸਥਾ ਸੋਚ ਦੀ ਅਵਸਥਾ ਤੋਂ ਉਚੀ ਹੈ ਜੇ ਸੰਵੇਗਾਂ ਦੀ ਸ਼ਕਤੀ ਪੂਰੇ ਮਨ ਨਾਲ ਸੋਧੀ ਜਾਏ ਤਾਂ ਉਹ ਹੀ ਗਿਆਨ ਪ੍ਰਾਪਤ ਹੋ ਸਕਦਾ ਹੈ ਜਿਹੜਾ ਮਨ ਨੇ ਕਦੀ ਮਾਣਿਆ ਨਾ ਹੋਵੇ, ਮਨ ਇਕ ਛੋਟੇ ਜਿਹੇ ਰਾਜੇ ਦੀ ਤਰ੍ਹਾਂ ਹੈ, ਸਾਰੇ ਮਾਨਵ

ਵਿਸ਼ਵ ਨੂੰ ਇਸ ਯੰਤਰ ਨਾਲ ਹੀ ਨਾਪਣਾ ਚਾਹੁੰਦੇ ਹਨ, ਪਰ ਸੰਵੇਗਾਂ ਦੀ ਸ਼ਕਤੀ ਇਕ ਤੋਂ ਬਾਅਦ ਇਕ ਗਿਆਨ ਦਾ ਰਸਤਾ ਖੋਲ੍ਹਦੀ ਹੈ ਜਿਸ ਨੂੰ ਅੰਤਰ ਗਿਆਨ ਕਹਿੰਦੇ ਹਨ। ਗਿਆਨ ਤਿੰਨ ਪ੍ਰਕਾਰ ਦਾ ਹੁੰਦਾ ਹੈ – ਅੰਤਰ ਗਿਆਨ, ਬੋਧਿਕ ਗਿਆਨ ਤੇ ਪ੍ਰਵਿਰਤੀ ਗਿਆਨ। ਅੰਤਰ ਗਿਆਨ ਸਰਵੋਤਮ ਗਿਆਨ ਹੈ, ਸੰਪੂਰਨ ਹੈ, ਕਿਸੇ ਕਿਸਮ ਦੀ ਪੁਸ਼ਟੀ ਦੀ ਲੋੜ ਨਹੀਂ, ਇਸ ਗਿਆਨ ਦਾ ਬੂਹਾ ਭਾਵ ਨਾਲ ਖੁਲ੍ਹਦਾ ਹੈ, ਮਾਨਸਿਕ ਉਛਲ ਕੂਦ ਨਾਲ ਨਹੀਂ ਇਕੱਤੀਵੇਂ ਸ਼ਲੋਕ ਵਿਚ ਸ਼ਰਧਾ ਤੇ ਭਰੋਸੇ ਦਾ ਮਾਰਗ ਅਰਜਨ ਨੂੰ ਦਸਿਆ ਜਾ ਰਿਹਾ ਹੈ, ਬਹੁਤ ਸਾਰੇ ਵਿਦਿਆਰਥੀ ਜਿਹੜੇ ਤਿਆਗ ਦੇ ਰਸਤੇ ਤੇ ਨਹੀਂ ਚਲ ਸਕਦੇ ਉਨ੍ਹਾਂ ਲਈ ਸ਼ਰਧਾ ਭਰੋਸੇ ਤੇ ਪਿਆਰ ਦਾ ਮਾਰਗ ਹੈ।

ਇਨ੍ਹਾਂ ਸ਼ਲੋਕਾਂ ਵਿਚ ਕ੍ਰਿਸ਼ਨ ਜੀ ਗਿਆਨ ਦਾ ਉਹ ਰਸਤਾ ਖੋਲ੍ਹਦੇ ਹਨ, ਜ਼ੋਰ ਦਿੰਦੇ ਹਨ ਕਿ ਜਗਿਆਸੂ ਗੁਰੂ ਦੀ ਸਿਖਿਆ ਤੇ ਪੂਰਾ ਭਰੋਸਾ ਰੱਖੇ, ਉਹ ਕਹਿੰਦੇ ਹਨ, ਭਰੋਸਾ ਰੱਖੋ ਤੇ ਮੰਨੋ, ਮੇਰੀ ਸਿਖਿਆ ਗਲਤੀ ਰਹਿਤ ਹੈ। ਇਥੇ ਪਹਿਲੀ ਵਾਰੀ ਕ੍ਰਿਸ਼ਨ ਜੀ ਆਪਣਾ ਅਧਿਕਾਰ ਪੂਰੇ ਜ਼ੋਰ ਨਾਲ ਦਰਸਾਉਂਦੇ ਹਨ ਤਾਂ ਜੋ ਜਗਿਆਸੂ ਲਾਭ ਉਠਾ ਕੇ ਗੂੜ੍ਹ ਗਿਆਨ ਪ੍ਰਾਪਤ ਕਰ ਸਕਣ। ਬਹੁਤ ਵਾਰੀ ਜਦੋਂ ਵਿਦਿਆਰਥੀ ਅਧਿਆਪਕ ਨਾਲ ਤਰਕ ਕਰਦੇ ਹਨ ਉਹ ਭੁੱਲ ਜਾਂਦੇ ਹਨ ਕਿ ਅਧਿਆਪਕ ਜਾਂ ਗੁਰੂ ਕੇਵਲ ਗ੍ਰੰਥਾਂ ਦਾ ਗਿਆਨ ਨਹੀਂ ਦੇ ਰਿਹਾ, ਉਹ ਆਪਣਾ ਅਨੁਭਵ ਵੀ ਦੇ ਰਿਹਾ ਹੈ, ਸਾਨੂੰ ਭਾਵੇਂ ਕਿੰਨੇ ਕਿਸਮ ਦੇ ਅਨੁਭਵ ਹੁੰਦੇ ਹਨ ਪਰ ਸਾਰੇ ਅਨੁਭਵ ਸਾਨੂੰ ਰਸਤਾ ਨਹੀਂ ਦਿਖਾਉਂਦੇ, ਅੰਦਰ ਦਾ ਅਨੁਭਵ ਇਕ ਚਾਨਣ ਮੁਨਾਰੇ ਦੀ ਤਰ੍ਹਾਂ ਹੁੰਦਾ ਹੈ ਤੇ ਉਸ ਨੂੰ ਪੂਰੀ ਤਰ੍ਹਾਂ ਮੰਨਣਾ ਚਾਹੀਦਾ ਹੈ, ਕਈ ਪੌੜੀਆਂ ਹਨ ਜਿਨ੍ਹਾਂ ਦੀ ਡੂੰਘਾਈ ਤਕ ਸਾਧਕ ਨੂੰ ਪਹੁੰਚਣਾ ਚਾਹੀਦਾ ਹੈ ਤਾਂ ਹੀ ਉਹ ਆਪਣੇ ਕਾਬਲ ਗੁਰੂ ਨੂੰ ਸਮਝ ਸਕਦਾ ਹੈ, ਗੁਰੂ ਇਹੋ ਜਿਹੀ ਸਿਖਿਆ ਜਿਹੜੀ ਇਨ੍ਹਾਂ ਸ਼ਲੋਕਾਂ ਵਿਚ ਦਿਤੀ ਗਈ ਹੈ, ਕਦੀ ਵੀ ਪਹਿਲੀ ਵਾਰੀ ਮਿਲਣ ਤੇ ਨਹੀਂ ਦਿੰਦਾ, ਇਹੋ ਜਿਹੀ ਸਿਖਿਆ ਤਾਂ ਹੀ ਦਿਤੀ ਜਾਂਦੀ ਹੈ ਜਦੋਂ ਗੁਰੂ ਸ਼ਿਸ਼ ਦਾ ਆਪੋ ਵਿਚ ਪੂਰਾ ਤਾਲਮੇਲ ਠੀਕ ਬੈਠ ਜਾਏ।

ਇਕ ਅਰਦਾਸ ਹੈ ਜਿਹੜੀ ਅੱਜ ਵੀ ਕੀਤੀ ਜਾਂਦੀ ਹੈ, ਜਦੋਂ ਕੋਈ ਜਗਿਆਸੂ ਗੁਰੂ ਧਾਰਨ ਕਰਦਾ ਹੈ ਤੇ ਗੁਰੂ ਉਸ ਨੂੰ ਗਿਆਨ ਦੇਣ ਤੋਂ ਪਹਿਲਾਂ ਕਹਿੰਦਾ ਹੈ ਉਹ ਸਾਡੀ ਦੋਨਾਂ ਦੀ ਰੱਖਿਆ ਕਰੇ, ਸਾਨੂੰ ਦੋਨਾਂ ਨੂੰ ਹੀ ਉਹ ਸੁਤੰਤਰ ਕਰੇ, ਅਸੀਂ ਗਿਆਨ ਪ੍ਰਾਪਤ ਕਰ ਸਕੀਏ, ਅਸੀਂ ਦੋਨੋਂ ਹੀ ਗ੍ਰੰਥਾਂ ਦਾ ਗਿਆਨ ਪ੍ਰਾਪਤ ਕਰ ਸਕੀਏ, ਸਾਡਾ ਗਿਆਨ ਫਲੀਭੂਤ ਹੋਵੇ, ਸਾਡੀ ਨਿਭ ਆਵੇ।

ਇਸ ਸਿਖਿਆ ਤੋਂ ਪਹਿਲੇ ਸ੍ਰੀ ਕ੍ਰਿਸ਼ਨ ਜੀ ਦਾ ਤੇ ਅਰਜਨ ਦਾ ਵਾਦ ਵਿਵਾਦ ਹੁੰਦਾ ਹੈ। ਵਿਦਿਆਰਥੀ ਦੀ ਤਰ੍ਹਾਂ ਅਰਜਨ ਤਰਕ ਕਰਦਾ ਹੈ। ਇਕ ਇਹੋ ਜਿਹੀ ਅਵਸਥਾ ਆਉਂਦੀ ਹੈ ਜਦੋਂ ਜਗਿਆਸੂ ਕਿੰਤੂ ਕਰਦਾ ਹੈ, ਮਨ ਦੀ ਇਹ ਦਸ਼ਾ ਨੂੰ ਨਿਖੇਦਣਾ ਨਹੀਂ ਚਾਹੀਦਾ, ਛਡਣਾ ਨਹੀਂ ਚਾਹੀਦਾ ਜਦੋਂ

ਤਕ ਮਨ ਦੇ ਸਾਰੇ ਸ਼ੰਕੇ ਨਵਿਰਤ ਨਾ ਹੋ ਜਾਣ, ਸ਼ੰਕੇ ਨਵਿਰਤ ਹੋ ਕੇ ਹੀ ਅੰਤਰ ਗਿਆਨ ਦਾ ਰਸਤਾ ਖੁਲ੍ਹਦਾ ਹੈ।

ਅਸੀਂ ਉਪਰ ਦਸ ਆਏ ਕਿ ਗਿਆਨ ਤਿੰਨ ਪ੍ਰਕਾਰ ਦਾ ਹੁੰਦਾ ਹੈ ਬੌਧਿਕ ਗਿਆਨ ਦੇ ਮਾਰਗ ਤੇ ਭਾਗਾਂ ਵਾਲੇ ਹੀ ਚਲਦੇ ਹਨ, ਬੁੱਧੀ ਯੋਗ ਕੇਵਲ ਉਹ ਹੀ ਮੰਨਦੇ ਹਨ ਜਿਹੜੇ ਬੁੱਧੀ ਜੀਵੀ ਹੋਣ, ਸੰਸਾਰ ਵਿਚ ਵੀ ਕਰਮ ਬੁੱਧੀ ਜੀਵ ਦੀ ਤਰ੍ਹਾਂ ਕਰਨ, ਯੋਗੀ ਆਪਣੀਆਂ ਇੰਦ੍ਰੀਆਂ ਤੇ ਕਾਬੂ ਪਾ ਕੇ ਅੰਤਰਮੁਖੀ ਹੋ ਕੇ ਸਾਰੇ ਸ਼ੰਕੇ ਨਵਿਰਤ ਕਰਦੇ ਹਨ, ਬੁੱਧੀ ਜੀਵ ਮਨ, ਇੰਦ੍ਰੀਆਂ ਤੇ ਇਛਾਵਾਂ ਭੋਗਾਂ ਲਈ ਵਰਤਦੇ ਹਨ। ਉਹ ਭੋਗਾਂ ਵਿਚ ਹੀ ਡੁੱਬੇ ਰਹਿੰਦੇ ਹਨ, ਯੋਗੀ ਬੁੱਧੀ ਸਥਿਰ ਕਰਕੇ, ਨਿਰਲੇਪ ਰਹਿ ਕੇ ਬਾਹਰੀ ਸੰਸਾਰ ਤੋਂ ਅਣਭਿੱਜ ਰਹਿੰਦੇ ਹੋਏ ਆਪਣੀਆਂ ਡਿਊਟੀਆਂ ਸੁਚੱਜੀ ਤਰ੍ਹਾਂ ਕਰਦੇ ਹਨ, ਗਿਆਨ ਦੀਆਂ ਸਾਰੀਆਂ ਕਿਸਮਾਂ ਵਿਚੋਂ ਅੰਤਰ ਗਿਆਨ ਸਭ ਤੋਂ ਨਿਰੋਲ ਹੈ, ਇਸ ਗਿਆਨ ਦੀ ਪ੍ਰਾਪਤੀ ਲਈ ਮਨੋਭਾਵ ਨੂੰ ਉਤੇਜਿਤ ਕਰਕੇ ਅੰਤਰ ਗਿਆਨ ਨੂੰ ਪਕੜਿਆ ਜਾਂਦਾ ਹੈ।

ਤੀਸਰਾ ਰਸਤਾ ਵੀ ਠੀਕ ਹੈ ਪਰ ਉਹ ਸਿਖਰ ਤੇ ਨਹੀਂ ਪਹੁੰਚਾਉਂਦਾ ਉਹ ਹੈ ਪ੍ਰਵਿਰਤੀ ਗਿਆਨ। ਇਹ ਜਾਨਵਰਾਂ ਕੋਲ ਵੀ ਹੈ ਮਨੁੱਖਾਂ ਕੋਲ ਵੀ, ਇਹ ਪ੍ਰਾਕ੍ਰਿਤੀ ਹੈ ਤੇ ਇਹ ਭੂਤ ਭਵਿੱਖ ਵਰਤਮਾਨ ਕਿਤੇ ਵੀ ਤੇ ਸਾਰੀ ਜਗ੍ਹਾਂ ਪਸਰਿਆ ਹੈ। ਜਿਵੇਂ ਜਾਨਵਰਾਂ ਨੂੰ ਪਤਾ ਲਗ ਜਾਂਦਾ ਹੈ ਜਦੋਂ ਬਿਪਤਾ ਆਈ ਹੋਵੇ, ਪਾਲਤੂ ਜਾਨਵਰਾਂ ਨੂੰ ਭੁਚਾਲ ਦਾ ਕਿਤੇ ਪਹਿਲੇ ਪਤਾ ਲਗ ਜਾਂਦਾ ਹੈ, ਉਹ ਆਪਣੀਆਂ ਥਾਵਾਂ ਛੱਡ ਕੇ ਸੁਰਖਿਅਤ ਥਾਂ ਤੇ ਚਲੇ ਜਾਂਦੇ ਹਨ, ਜਾਨਵਰ ਪ੍ਰਕ੍ਰਿਤੀ ਦੇ ਬਹੁਤ ਨੇੜੇ ਰਹਿੰਦੇ ਹਨ, ਇਸ ਕਰਕੇ ਉਹ ਇਸ ਗਿਆਨ ਦੀ ਵਰਤੋਂ ਵਧੇਰੇ ਕਰਦੇ ਹਨ ਕਿਉਂਕਿ ਮਨੁੱਖ ਲਈ ਹੋਰ ਰਸਤੇ ਹਨ ਤੇ ਉਹ ਉਨ੍ਹਾਂ ਦੀ ਵਰਤੋਂ ਵੀ ਕਰ ਸਕਦਾ ਹੈ ਤੇ ਉਨ੍ਹਾਂ ਦਾ ਮਨ ਵੀ ਦੂਸਰੇ ਪਾਸੇ ਖਿਚਿਆ ਜਾਂਦਾ ਹੈ, ਮਨੁੱਖ ਵਿਚਾਰਾਂ ਵਿਚ ਹੀ ਗੁਆਚਿਆ ਰਹਿੰਦਾ ਹੈ ਤੇ ਇਹੋ ਸੋਚਦਾ ਰਹਿੰਦਾ ਹੈ, ਮੈਂ ਹੁਣ ਕੀ ਕਰਾਂ, ਉਸ ਸੋਚਣੀ ਵਿਚ ਉਹ ਪ੍ਰਕਿਰਤਕ ਗਿਆਨ ਗੁਆ ਬੈਠਦਾ ਹੈ, ਪ੍ਰਵਿਰਤਕ ਗਿਆਨ ਤੇ ਅੰਤਰ ਗਿਆਨ ਵਿਚ ਬਹੁਤ ਫਰਕ ਹਨ, ਪ੍ਰਕਿਰਤਕ ਗਿਆਨ ਦੀ ਸੀਮਾ ਕੇਵਲ ਪ੍ਰਕ੍ਰਿਤੀ ਦੀ ਸੀਮਾ ਦੇ ਅੰਦਰ ਹੀ ਹੈ ਪਰ ਅੰਤਰ ਗਿਆਨ ਦੀ ਕੋਈ ਸੀਮਾ ਨਹੀਂ, ਇਹ ਸਾਧਕ ਨੂੰ ਸਮੇਂ ਤੋਂ ਸਥਾਨ ਤੋਂ ਕਿਤੇ ਉਚੇ ਉਸ ਇਕ ਅਸੀਮ ਦੇ ਗਿਆਨ ਸ੍ਰੋਤ ਤਕ ਪਹੁੰਚਾ ਦਿੰਦਾ ਹੈ। ਬਹੁਤ ਸਾਰੇ ਲੋਕੀ ਪ੍ਰਕਿਰਤਕ ਗਿਆਨ ਤੇ ਅੰਤਰ ਗਿਆਨ ਵਿਚ ਅੰਤਰ ਨਹੀਂ ਸਮਝਦੇ। ਜੇ ਕਿਸੇ ਨੂੰ ਇਹ ਪੂਰਨ ਅਭਾਸ ਹੋ ਜਾਵੇ ਹੈ ਕਿ ਕੋਈ ਰਿਸ਼ਤੇਦਾਰ ਚੜ੍ਹਾਈ ਕਰਨ ਵਾਲਾ ਹੈ, ਤਾਂ ਕਿਹਾ ਜਾਂਦਾ ਹੈ ਕਿ ਉਸ ਨੂੰ ਅੰਤਰ ਗਿਆਨ ਹੋਇਆ ਹੈ, ਜਿਥੇ ਕਿ ਇਹ ਕੇਵਲ ਪ੍ਰਵਿਰਤਕ ਗਿਆਨ ਹੀ ਹੈ, ਅੱਜ ਦੇ ਸਮੇਂ ਪ੍ਰਕਿਰਤਕ ਗਿਆਨ ਤੇ ਅੰਤਰ ਗਿਆਨ ਦੇ ਭੇਦ ਨੂੰ ਨਹੀਂ ਸਮਝਦੇ, ਅਸੀਂ ਬਹੁਤ ਵਾਰੀ ਸਮਝਦੇ ਹਾਂ ਕਿ ਮਨੁੱਖ ਨੂੰ ਅੰਤਰ ਗਿਆਨ ਹੈ ਜਦੋਂ ਕਿ ਉਹ ਕੇਵਲ ਪ੍ਰਕਿਤਕ ਗਿਆਨ ਹੀ ਹੁੰਦਾ ਹੈ, ਸਤਿ ਦੇ ਮਾਰਗ ਤੇ ਚਲਣ ਵਾਲੇ ਜਗਿਆਸੂ ਸਾਧਕ ਹੀ ਕੇਵਲ ਅੰਤਰ ਗਿਆਨ ਤੇ ਪਹੁੰਚ

ਸਕਦੇ ਹਨ।

ਸ਼ਰਧਾ ਸ਼ਬਦ ਜਿਹੜਾ ਇਕੱਤੀਵੇਂ ਸ਼ਲੋਕ ਵਿਚ ਵਰਤਿਆ ਗਿਆ ਹੈ ਪੁਰਾਤਨ ਸ਼ਬਦ ਹੈ। ਇਹ ਸ਼ਬਦ ਤਿੰਨ ਗੁਣ ਦਸਦਾ ਹੈ, ਸਤਿਕਾਰ ਜਮਾਂ ਭਗਤੀ ਭਾਵ ਇਸ ਨਾਲ ਬਣਦੀ ਹੈ, ਪਰਤੀਤ। ਇਹ ਭਰੋਸਾ ਨਿਸ਼ਚੈ ਤੇ ਨਹੀਂ ਅਧਾਰਤ। ਇਹ ਪੱਕਾ ਭਰੋਸਾ ਸ਼ਰਧਾ, ਇਕ ਮਨ, ਇਕ ਚਿਤ ਕਰਕੇ ਪ੍ਰਾਪਤ ਕੀਤਾ ਗਿਆ ਹੈ। ਗੁਰੂ ਪ੍ਰਤੀ ਸ਼ਰਧਾ ਮਾਰਗ ਦੇ ਬਹੁਤ ਦੇਰ ਚਲ ਕੇ ਮਾਰਗ ਦੇ ਅਨੁਭਵ ਤੋਂ ਬਾਅਦ ਆਉਂਦੀ ਹੈ ਜਿਹੜੇ ਜਗਿਆਸੂ ਆਪਣੇ ਗੁਰੂ ਦੀ ਸਿਖਿਆ ਨੂੰ ਮਨ ਵਿਚ ਉਤਾਰਦੇ ਹਨ ਉਹ ਸੰਸਾਰ ਦੇ ਦਵੰਦ ਵਿਚ ਨਹੀਂ ਫਸਦੇ। ਜਿਨ੍ਹਾਂ ਨੂੰ ਸ਼ਰਧਾ ਨਹੀਂ, ਭਰੋਸਾ ਨਹੀਂ ਕਿ ਉਹ ਕੀ ਕਰ ਰਹੇ ਹਨ ਉਹ ਆਪਣੇ ਆਪ ਨੂੰ ਬਰਬਾਦ ਕਰ ਲੈਂਦੇ ਹਨ। ਜਿਹੜੇ ਜਗਿਆਸੂ ਆਪਣਾ ਜੀਵਨ 30ਵੇਂ ਸ਼ਲੋਕ ਅਨੁਸਾਰ ਜੀਉਂਦੇ ਹਨ ਆਪਣੇ ਕਰਮ ਤੇ ਕਰਮਾਂ ਦੇ ਫਲ ਵਾਹਿਗੁਰੂ ਨੂੰ ਅਰਪਿਤ ਕਰਦੇ ਹਨ ਉਹ ਨਿਸ਼ਕਾਮ ਕਰਮ ਕਰਦੇ ਹਨ। ਅਗਿਆਨੀ ਝੂਠੀ ਤਰਕ ਵਿਚ ਪੈ ਕੇ ਅਵਿਵਸਥ ਰਹਿੰਦੇ ਹਨ, ਉਨ੍ਹਾਂ ਨੂੰ ਵਿਘਨ ਆਏ ਰਹਿੰਦੇ ਹਨ, ਦੁਬਿਧਾ ਵਿਚ ਰਹਿੰਦੇ ਹਨ ਤੇ ਦ੍ਵੰਦ ਵਸ ਹੋਇਆ ਮਨ ਬਰਬਾਦੀ ਕਰਦਾ ਹੈ ਜਿਨ੍ਹਾਂ ਨੂੰ ਭਰੋਸਾ ਨਹੀਂ ਉਹ ਸਾਧਨਾ ਦੇ ਕਾਬਲ ਨਹੀਂ, ਇਸ ਕਰਕੇ ਉਹ ਸੱਚ ਦੀ ਪ੍ਰਾਪਤੀ ਨਹੀਂ ਕਰ ਸਕਦੇ। ਇਹੋ ਜਿਹੇ ਮਨੁੱਖ ਹਰ ਚੀਜ਼ ਦਾ ਹਨ੍ਹੇਰਾ ਪੱਖ ਹੀ ਦੇਖਦੇ ਹਨ ਤੇ ਨੁਕਸ ਕੱਢਦੇ ਹਨ, ਜਿਹੜੇ ਆਪਣੇ ਮਾਰਗ ਤੇ ਭਰੋਸੇ ਨਾਲ ਚਲਦੇ ਹਨ, ਸ਼ਰਧਾ ਰਖਦੇ ਹਨ ਆਪਣੇ ਮਨੋਰਥ ਨੂੰ ਪਾ ਹੀ ਜਾਂਦੇ ਹਨ। ਸਾਧਨਾ ਕਰਨ ਲਈ ਭਰੋਸਾ ਅਵਸ਼ਕ ਹੈ, ਪਾਤੰਜਲ ਜਿਸ ਨੇ ਯੋਗ ਨੂੰ ਸੂਤਰਬਧ ਕੀਤਾ ਉਸ ਨੇ ਇਸ ਦੀ ਪ੍ਰੋੜ੍ਹਤਾ ਕੀਤੀ ਹੈ। 14 ਸੂਤਰ ਵਿਚ ਉਨ੍ਹਾਂ ਨੇ ਕਿਹਾ ਹੈ ਸਾਧਨਾ ਕਰਦੇ ਰਹਿਣਾ ਚਾਹੀਦਾ ਹੈ, ਪੂਰੇ ਭਰੋਸੇ ਤੇ ਸ਼ਰਧਾ ਨਾਲ, ਸ਼ਰਧਾ ਤੇ ਭਰੋਸਾ ਅਤਿ ਲੋੜੀਂਦਾ ਹੈ ਇਨ੍ਹਾਂ ਤੋਂ ਬਿਨਾਂ ਮਾਰਗ ਤੇ ਚਲਣਾ ਅਸੰਭਵ ਹੈ, ਭਰੋਸਾ ਤੇ ਸ਼ਰਧਾ ਬਣੀ ਰਹੇ ਭਰੋਸਾ ਰਖਣਾ ਤੇ ਸ਼ਰਧਾ ਪੱਕੀ ਕਰਨੀ ਸਾਧਨਾ ਦੀ ਬੜੀ ਉਚੀ ਸਥਿਤੀ ਹੈ।

33. ਗਿਆਨੀ ਵੀ ਆਪਣੇ ਸੁਭਾਅ ਅਨੁਸਾਰ ਕਰਮ ਕਰਦਾ, ਸਭ ਜੀਵ ਆਪਣੇ ਕਰਮ ਅਨੁਸਾਰ ਕਰਮ ਕਰਦੇ ਹਨ ਫੇਰ ਆਤਮ ਸੰਜਮ ਕੀ ਕਰ ਸਕਦਾ ਹੈ?

ਸ੍ਰੀ ਕ੍ਰਿਸ਼ਨ ਜੀ ਅੱਗੇ ਚਲ ਕੇ ਦਸਦੇ ਹਨ ਕਿ ਤਿੰਨ ਗੁਣਾਂ ਦਾ ਕੀ ਕੰਮ ਹੈ। ਉਹ ਕਿਸ ਤਰ੍ਹਾਂ ਕਰਮ ਲਈ ਪ੍ਰੇਰਤ ਕਰਦੇ ਹਨ। ਉਹ ਦਸਦੇ ਹਨ ਗੁਣਾਂ ਦੀਆਂ ਸੀਮਾਂ ਨੂੰ ਜਾਨਣਾ ਕੋਈ ਸੌਖਾ ਨਹੀਂ। ਤਿੰਨਾਂ ਗੁਣਾਂ ਦਾ ਮਿਸ਼ਰਨ ਹਰ ਮਨੁੱਖ ਵਿਚ ਵੱਖ-ਵੱਖ ਹੈ, ਕਿਸੇ ਇਕ ਵਿਚ ਇਕ ਗੁਣ ਵੱਧ ਹੈ ਦੂਸਰੇ ਵਿਚ ਦੂਸਰਾ ਗੁਣ ਵੱਧ ਹੈ, ਇਹ ਅੰਤਰ ਪਿਛਲੇ ਕਰਮਾਂ ਕਾਰਨ ਹੈ।

ਸ਼ਬਦ 'ਸਵਭਾਵ ਪ੍ਰਾਕ੍ਰਿਤੀ' ਜਿਹੜਾ ਤੇਤੀਵੇਂ ਸ਼ਲੋਕ ਵਿਚ ਵਰਤਿਆ ਗਿਆ ਹੈ ਉਸ ਤੋਂ ਭਾਵ ਹੈ, ਜੋ ਪਿਛਲੇ ਜਨਮਾਂ ਤੋਂ ਲਿਆਂਦਾ ਗਿਆ ਹੈ

ਜਮਾਂਦਰੂ ਸੁਭਾਅ ਉਹ ਮਨੁੱਖ ਦੇ ਕਰਮ ਆਪ ਸੰਸਕਾਰਾਂ ਅਨੁਸਾਰ ਕਰਾਉਂਦਾ ਹੈ ਜਿਸ ਨਾਲ ਆਪਾ ਸੁਧਾਰਨਾ ਕਾਇਆ ਕਲਪ ਕਰਨਾ ਔਖਾ ਹੋ ਜਾਂਦਾ ਹੈ, ਜ਼ਬਰਦਸਤੀ ਕਾਬੂ ਪਾਉਣ ਨਾਲ ਕੁਝ ਨਹੀਂ ਹੁੰਦਾ, ਇਸ ਕਰਕੇ ਜਦੋਂ ਤਕ ਪੂਰੀ ਤਰ੍ਹਾਂ ਤਿਆਰ ਨਾ ਹੋਵੋ ਆਪਣੇ ਆਪ ਤੇ ਕਾਬੂ ਪਾਉਣਾ ਬੇਅਰਥ ਹੈ। ਪਹਿਲਾ ਸੰਜਮ ਲਿਆਉਣ ਦੀ ਤੇ ਆਪਣੇ ਆਪ ਤੇ ਕਾਬੂ ਪਾਉਣ ਦੀ ਇੱਛਾ ਹੋਣੀ ਚਾਹੀਦੀ ਹੈ, ਭਾਵੇਂ ਅਸੀਂ ਕਿੰਨਾਂ ਵੀ ਕਾਬੂ ਕਿਉਂ ਨਾ ਕਰੀਏ ਗੁਣ ਤਦ ਵੀ ਕਰਮ ਕਰਦੇ ਹੀ ਹਨ, ਅਗਿਆਨੀ ਜਿਸ ਪ੍ਰਕਾਰ ਦਾ ਕਾਬੂ ਪਾਉਂਦੇ ਹਨ ਦਬਾਉਂਦੇ ਹਨ ਉਸ ਨਾਲ ਸੱਚੀ ਸਾਧਨਾ ਨਹੀਂ ਹੁੰਦੀ, ਕੇਵਲ ਦਬਾਓ ਨਾਲ ਪ੍ਰਕ੍ਰਿਤੀ ਦੀਆਂ ਸੀਮਾਂ ਤੋਂ ਪਾਰ ਨਹੀਂ ਜਾਇਆ ਜਾ ਸਕਦਾ, ਇਸ ਤੋਂ ਇਹ ਭਾਵ ਨਹੀਂ ਕਿ ਸਵੈ ਤੇ ਕਾਬੂ ਨਾ ਪਾਓ ਜਾਂ ਆਪਣੇ ਆਪ ਨੂੰ ਅਨੁਸ਼ਾਸ਼ਨ ਵਿਚ ਨਾ ਲਿਆਓ ਜਾਂ ਇੰਦ੍ਰੀਆਂ ਤੇ ਕਾਬੂ ਨਾ ਕਰੋ, ਕਾਇਆ ਕਲਪ ਦਾ ਅਭਿਆਸ ਆਪਾ ਸੋਧਣ ਦਾ ਅਭਿਆਸ, ਦਬਾਉਣ ਨਾਲੋਂ ਕਾਬੂ ਕਰਨ ਨਾਲੋਂ ਵਖਰਾ ਹੈ, ਸਵੈ ਕਾਬੂ ਤੋਂ ਚੰਗੀਆਂ ਆਦਤਾਂ ਤੇ ਗੁਣ ਪੈਦਾ ਹੁੰਦੇ ਹਨ ਤੇ ਹੌਲੀ ਹੌਲੀ ਸਤੋ ਗੁਣ ਪ੍ਰਾਪਤ ਹੋ ਜਾਂਦੇ ਹਨ, ਕੇਵਲ ਸਤੋ ਗੁਣ ਹੀ ਇਕ ਇਹੋ ਜਿਹੇ ਗੁਣ ਹਨ ਜੋ ਸਾਧਕ ਨੂੰ ਮਨ ਸ਼ਾਂਤ ਰੱਖਣ ਦੀ ਸ਼ਕਤੀ ਦਿੰਦੇ ਹਨ ਤੇ ਉਨ੍ਹਾਂ ਨਾਲ ਹੀ ਉਹ ਰਜੋ ਗੁਣੀ ਤੇ ਤਮੋ ਗੁਣੀ ਮ੍ਰਿਗ ਤ੍ਰਿਸ਼ਨਾ ਦਾ ਪਸਾਰਿਆ ਮਾਇਆ ਜਾਲ ਪਾਰ ਕਰ ਸਕਦਾ ਹੈ।

ਭਰੋਸੇ ਦੇ ਮਾਰਗ ਤੇ ਚਲਣ ਲਈ ਆਪਣੇ ਆਪ ਨੂੰ ਦੂੰਦ ਅਤੇ ਅਵਿਵਸਥੀ ਤੋਂ ਨਿਰਲੇਪ ਰਖਣਾ ਚਾਹੀਦਾ ਹੈ, ਹਰ ਵਕਤ ਦੀ ਮਾਨਸਿਕ ਖਿੱਚ ਧੂਹ ਨੂੰ ਛੱਡਣਾ ਪਵੇਗਾ, ਗ੍ਰੰਥਾਂ ਦਾ ਗਿਆਨ ਤੇ ਦਲੀਲ ਸਾਧਕ ਲਈ ਲਾਭਕਾਰੀ ਨਹੀਂ ਹੋ ਸਕਦੀ, ਸਭ ਤੋਂ ਪਹਿਲਾਂ ਸਾਧਕ ਨੂੰ ਆਪਣਾ ਸੁਭਾਅ ਜਾਨਣਾ ਪਵੇਗਾ ਤੇ ਭਰੋਸੇ ਨਾਲ ਆਪਣੀ ਮਾਨਸਿਕ ਸਥਿਤੀ ਨੂੰ ਸਾਤਵਿਕ ਬਣਾਉਣਾ ਪਵੇਗਾ।

34. ਹਰ ਇੰਦ੍ਰੀ ਹਰ ਸਮੇਂ ਆਕਰਸ਼ਕ ਵੀ ਹੋ ਰਹੀ ਹੈ ਤੇ ਵਿਰੋਧੀ ਵੀ ਹੋ ਰਹੀ ਹੈ ਪਰ ਮਨੁੱਖ ਨੂੰ ਉਨ੍ਹਾਂ ਦੇ ਵਸ ਨਹੀਂ ਹੋਣਾ ਚਾਹੀਦਾ, ਇਹ ਦੋਨੋਂ ਹੀ ਰੁਕਾਵਟਾਂ ਹਨ।

35. ਆਪਣਾ ਧਰਮ ਗੁਣ ਰਹਿਤ ਹੁੰਦੇ ਹੋਏ ਵੀ ਚੰਗਾ ਹੈ, ਆਪਣਾ ਧਰਮ ਪੂਰਾ ਕਰਦੇ ਹੋਏ ਮਰਨਾ ਵੀ ਚੰਗਾ ਹੈ, ਦੂਸਰੇ ਦਾ ਧਰਮ ਕਰਨ ਵਿਚ ਡਰ ਹੈ।

ਇੰਦ੍ਰੀਆਂ ਸੁਤੇ ਹੀ ਸੰਸਾਰਕ ਪਦਾਰਥਾਂ ਵਲ ਆਕਰਸ਼ਿਤ ਹੁੰਦੀਆਂ ਹਨ, ਪੰਜ ਇੰਦ੍ਰੀਆਂ ਦੇਖਣਾ, ਛੋਹਣਾ, ਸੁਣਨਾ, ਸਵਾਦ ਤੇ ਸੁੰਘਣਾ ਇਨ੍ਹਾਂ ਦੇ ਅਨਾਤਮ ਹਨ ਰੰਗ ਜਿਹੜਾ ਦੇਖਿਆ ਜਾ ਸਕਦਾ ਹੈ, ਅਵਾਜ਼ ਸੁਆਦ ਖੁਸ਼ਬੂ ਤੇ ਹਰ ਇਕ ਦੀ ਇੰਦ੍ਰੀ ਗਿਆਨ ਸ਼ਕਤੀ ਵੱਖ-ਵੱਖ ਹੈ, ਜੀਭ ਸੁਆਦ ਦੇਖ ਸਕਦੀ ਹੈ, ਸੁਣ ਨਹੀਂ ਸਕਦੀ, ਅੱਖਾਂ ਦੇਖ ਸਕਦੀਆਂ ਹਨ, ਸੁਣ ਨਹੀਂ ਸਕਦੀਆਂ, ਹਰ ਇੰਦਰੀ ਦਾ ਆਪਣਾ ਕੰਮ ਹੈ ਤੇ ਡਿਊਟੀ ਦੇ ਨਾਲ

ਆਪਣਾ ਵਿਸ਼ਾ ਹੈ, ਜਦੋਂ ਇੰਦਰੀਆਂ ਦਾ ਮਿਲਣ ਵਿਸ਼ੇ ਜਾਂ ਵਸਤੂ ਨਾਲ ਹੁੰਦਾ ਹੈ ਤਾਂ ਰਾਗ ਤੇ ਦ੍ਵੈਸ਼ ਪੈਦਾ ਹੁੰਦਾ ਹੈ, ਆਕਰਸ਼ਣ, ਘ੍ਰਿਣਾ ਮਨ ਆਪ ਉਸ ਦੇ ਅਨੁਸਾਰ ਹੀ ਕਰਮ ਕਰਦਾ ਹੈ, ਨਿਖੇਧੀ ਵਾਲੇ ਹੋਣ ਜਾਂ ਠੀਕ, ਇਕ ਨਹੀਂ ਤਾਂ ਦੂਸਰੀ ਤਰ੍ਹਾਂ ਦੇ ਅਨੁਭਵ ਹੋਣੇ ਹੀ ਹਨ ਜੋ ਇਕ ਨੂੰ ਚੰਗਾ ਲਗਦਾ, ਪਿਆਰਾ ਲਗਦਾ ਹੈ ਦੂਸਰਾ ਉਸ ਨੂੰ ਘ੍ਰਿਣਾ ਕਰਦਾ ਹੈ, ਮਹਾਤਮਾ ਨੂੰ ਵੀ ਕੁਝ ਕੌੜਾ ਲਗਦਾ ਹੈ ਤੇ ਕੁਝ ਮਿੱਠਾ ਇਹ ਵੱਖ ਗੱਲ ਹੈ, ਉਹ ਇਸ ਗੱਲ ਤੋਂ ਪ੍ਰਭਾਵਿਤ ਨਹੀਂ ਹੁੰਦੇ, ਉਨ੍ਹਾਂ ਨੇ ਦੋਨੋਂ ਹੀ ਸਾਧ ਲਏ ਹਨ, ਸੰਤ ਵੱਖਰੇ ਹੀ ਰਹਿੰਦੇ ਹਨ ਉਹ ਆਪਣਾ ਅਮੋਲਕ ਜੀਵਨ ਘ੍ਰਿਣਾ ਤੇ ਆਕਰਸ਼ਕ ਹੋ ਕੇ ਅਜਾਈਂ ਨਹੀਂ ਗਵਾਉਂਦੇ, ਲੋਭ ਤੇ ਮੋਹ ਦੋਨੋਂ ਹੀ ਸਾਧਕ ਲਈ ਰੁਕਾਵਟ ਹਨ, ਜਦੋਂ ਇਨ੍ਹਾਂ ਨੂੰ ਜਾਣ ਲਿਆ ਜਾਂਦਾ ਹੈ ਸਮਝ ਲਿਆ ਜਾਂਦਾ ਹੈ ਉਨ੍ਹਾਂ ਦੀ ਕੀਮਤ ਪਤਾ ਲਗ ਜਾਂਦੀ ਹੈ ਉਨ੍ਹਾਂ ਦਾ ਪ੍ਰਭਾਵ ਸਾਧਕ ਤੇ ਨਹੀਂ ਪੈਂਦਾ, ਅਰਜਨ ਇਨ੍ਹਾਂ ਔਕੜਾਂ ਨੂੰ ਹਟਾਉਣਾ ਚਾਹੁੰਦਾ ਹੈ, ਇਹ ਪ੍ਰਤੱਖ ਹੈ ਸ੍ਰੀ ਕ੍ਰਿਸ਼ਨ ਜੀ ਉਸ ਦੇ ਜੀਵਨ ਵਿਚ ਸੰਜਮ ਲਿਆ ਰਹੇ ਹਨ ਤਾਂ ਜੋ ਅਰਜਨ ਆਪਣੀ ਡਿਊਟੀ ਆਪਣਾ ਕਰਮ ਚੰਗੀ ਤਰ੍ਹਾਂ ਨਿਭਾ ਸਕੇ, ਉਹ ਦੁਖੀ ਨਾ ਹੋਵੇ।

ਹੋਂਦ ਤੇ ਕਰਮ ਜੁੜੇ ਹੋਏ ਹਨ ਕੇਵਲ ਜੀਵਨ ਵਿਚ ਹੀ ਨਹੀਂ ਪ੍ਰਾਕ੍ਰਿਤੀ ਵਿਚ ਵੀ, ਸੂਰਜ ਚਮਕਦਾ ਹੈ ਇਹ ਉਸ ਦੀ ਡਿਊਟੀ ਹੈ, ਇਸੇ ਤਰ੍ਹਾਂ ਪ੍ਰਕ੍ਰਿਤੀ ਦੇ ਹੋਰ ਵਿਸ਼ੇ ਵਸਤੂ ਜਿਵੇਂ ਅੱਗ, ਪਾਣੀ, ਹਵਾ ਆਪਣੀਆਂ ਡਿਊਟੀਆਂ ਕਰਦੀਆਂ ਹਨ, ਮਾਨਵ ਸਰੀਰ ਵਿਚ ਵੀ ਸਰੀਰ ਦੇ ਸਾਰੇ ਹਿੱਸੇ ਆਪਣੀ ਡਿਊਟੀ ਕਰਦੇ ਹਨ, ਜੇ ਮੂਰਖਤਾ ਨਾਲ ਤੁਸੀਂ ਕੰਨਾਂ ਨੂੰ ਚਾਹੋ ਕਿ ਉਹ ਦੇਖਣ ਤਾਂ ਉਹ ਹੋ ਨਹੀਂ ਸਕਦਾ। ਸੋ ਮਨੁੱਖ ਨੂੰ ਆਪਣੀ ਡਿਊਟੀ ਕਰਨੀ ਸਿਖਣੀ ਚਾਹੀਦੀ ਹੈ, ਆਪਣੇ ਸੁਭਾਅ ਅਨੁਸਾਰ ਕਰਨੀ ਚਾਹੀਦੀ ਹੈ, ਆਪਣੇ ਸੁਭਾਅ ਦੇ ਅੰਤਰਨਿਹਿਤ ਬਖਸ਼ਿਸ਼ ਸਮਝਣੀ ਚਾਹੀਦੀ ਹੈ।

ਜਗਿਆਸੂ ਆਪਣੇ ਮਾਰਗ ਤੇ ਚਲਦਿਆਂ ਤਰੱਕੀ ਕਰ ਸਕਦਾ ਹੈ ਆਪਾ ਚੀਨ ਕੇ, ਧਰਮ ਅਨੁਸਾਰ ਡਿਊਟੀ ਕਰਦਿਆਂ ਆਪਣੀ ਸਮਰੱਥਾ ਸਮਝਦਿਆਂ, ਤੁਸੀਂ ਕੁਝ ਗੁਣ ਲੈ ਕੇ ਪੈਦਾ ਹੁੰਦੇ ਹੋ, ਇਕ ਖਾਸ ਵਾਤਾਵਰਣ ਵਿਚ ਪੈਦਾ ਹੁੰਦੇ ਹੋ, ਜੇ ਉਹ ਕਰਮ ਆਪਣੇ ਧਰਮ ਅਨੁਸਾਰ ਨਾ ਕਰੇ ਦੂਸਰਿਆਂ ਦੇ ਧਰਮ ਤੇ ਚਲਣ ਦੀ ਕੋਸ਼ਿਸ਼ ਕਰੇ ਉਹ ਖਤਰਨਾਕ ਹੋ ਸਕਦਾ ਹੈ, ਘਾਤਕ ਵੀ ਹੋ ਸਕਦਾ ਹੈ, ਜੇ ਕਿਸੇ ਵਿਦਵਾਨ ਨੂੰ ਯੁੱਧ ਭੂਮੀ ਵਿਚ ਭੇਜ ਦਿਤਾ ਜਾਵੇ ਤੇ ਸਿਪਾਹੀ ਨੂੰ ਜਿਹੜਾ ਯੁੱਧ ਵਿਚ ਨਿਪੁੰਨ ਹੈ ਉਸ ਨੂੰ ਫਿਲੋਸਫੀ ਪੜ੍ਹਾਉਣ ਭੇਜ ਦਿਤਾ ਜਾਵੇ ਦੋਨੋਂ ਹੀ ਅਸਫਲ ਹੋਣਗੇ। ਨਿਰਾਸ ਹੋਣਗੇ ਤੇ ਸ਼ਰਮਿੰਦੇ ਹੋਣਗੇ। ਕੇਵਲ ਆਪਣੇ ਧਰਮ ਅਨੁਕੂਲ ਹੀ ਕਰਮ ਕਰਨਾ ਚਾਹੀਦਾ ਹੈ ਤੇ ਦੂਸਰਿਆਂ ਲਈ ਮਿਸਾਲ ਬਣਨਾ ਚਾਹੀਦਾ ਹੈ।

ਹੇਠਾਂ ਅਸੀਂ ਸੰਖੇਪ ਦੇ ਰਹੇ ਹਾਂ, ਜੋ ਵੱਖ-ਵੱਖ ਗਿਆਨ ਅਸੀਂ ਉਪਰ ਦਸ ਕੇ ਆਏ ਹਾਂ। ਪਹਿਲਾਂ ਗਿਆਨ ਉਹ ਹੈ ਜਿਹੜਾ ਸਾਨੂੰ ਇੰਦ੍ਰੀਆਂ

ਰਾਹੀਂ ਪ੍ਰਤੱਖ ਹੁੰਦਾ ਹੈ, ਉਸ ਉਤੇ ਅਸੀਂ ਆਪਣੇ ਸੰਕਲਪ ਤੇ ਧਾਰਨਾ ਬਣਾਉਂਦੇ ਹਾਂ ਤੇ ਨਿਰਣਾ ਲੈਂਦੇ ਹਾਂ, ਇਹ ਸਭ ਤੋਂ ਥੱਲੇ ਦੀ ਪੱਧਰ ਦਾ ਗਿਆਨ ਹੈ, ਮਨ ਤਾਂ ਧੁੰਦਲਾ ਹੀ ਰਹਿੰਦਾ ਹੈ ਤੇ ਇੰਦ੍ਰੀਆਂ ਵਲੋਂ ਜਾਂਚੇ ਗਏ ਸਾਰੇ ਵਿਸ਼ੇ ਤਾਂ ਸਦਾ ਬਦਲਦੇ ਹੀ ਰਹਿੰਦੇ ਹਨ, ਸੋ ਇੰਦ੍ਰੀਆਂ ਦਾ ਇਹ ਗਿਆਨ ਗਲਤ ਤੇ ਅਧੂਰਾ ਹੈ, ਇਹੋ ਜਿਹਾ ਅਧੂਰਾ ਗਿਆਨ ਮਨ ਵਿਚ ਜਦੋਂ ਧਾਰਨਾ ਬਣਾਉਂਦਾ ਹੈ ਉਦੋਂ ਤਕ ਬਾਹਰੀ ਸੰਸਾਰ ਕਾਫੀ ਬਦਲ ਚੁੱਕਾ ਹੁੰਦਾ ਹੈ, ਇੰਦ੍ਰੀਆਂ ਦਾ ਪ੍ਰਤੱਖ ਗਿਆਨ ਤੇ ਉਸ ਦੇ ਅਧਾਰ ਤੇ ਧਾਰਨਾ ਕੇਵਲ ਅਧੂਰਾ ਗਿਆਨ ਹੀ ਦਿੰਦੀਆਂ ਹਨ।

ਦੂਸਰਾ ਗਿਆਨ ਦਾ ਤਰੀਕਾ ਹੈ ਸਹਿਜ ਗਿਆਨ ਇਹ ਸਮੇਂ ਤੇ ਥਾਂ ਦੀਆਂ ਹੱਦਾਂ ਪਾਰ ਕਰਕੇ ਭਵਿੱਖ ਦੇਖ ਸਕਦਾ ਹੈ, ਪਰ ਇਹ ਵੀ ਸੀਮਤ ਹੈ, ਇਸ ਦੇ ਵੀ ਕੁਝ ਮੰਤਵ ਹੈ, ਬੱਚੇ ਤੇ ਜਾਨਵਰ ਜਿਨ੍ਹਾਂ ਕੋਲ ਇਹ ਗਿਆਨ ਹੁੰਦਾ ਹੈ, ਉਨ੍ਹਾਂ ਨੂੰ ਬਹੁਤ ਗੱਲਾਂ ਦਾ ਪਤਾ ਹੁੰਦਾ ਹੈ ਜਿਹੜੀਆਂ ਦੂਸਰਿਆਂ ਨੂੰ ਨਹੀਂ ਹੁੰਦਾ।

ਦੋ ਦੂਸਰੇ ਗਿਆਨ ਦੇ ਤਰੀਕੇ ਹਨ ਜਿਹੜੇ ਇਕ ਦੂਸਰੇ ਨਾਲ ਮਿਲ ਕੇ ਚਲਦੇ ਹਨ, ਇਕ ਦੂਸਰੇ ਨਾਲ ਸਾਂਝ ਰਖਦੇ ਹਨ, ਮਨ ਰਾਹੀਂ ਗਿਆਨ ਤੇ ਭਾਵਕਤਾ ਰਾਹੀਂ ਗਿਆਨ। ਜੇ ਅਸੀਂ ਦੋਨਾਂ ਦੇ ਬਾਰੇ ਨਾ ਸਮਝੀਏ ਤਾਂ ਨਿਅੰਤਰਣ ਨਹੀਂ ਰਹਿੰਦਾ, ਸੰਵੇਗਕ ਸ਼ਕਤੀ ਸਾਧਕ ਨੂੰ ਪ੍ਰੇਰਿਤ ਕਰਦੀ ਹੈ ਤੇ ਉਸ ਦੀ ਚੇਤਨਤਾ ਨੂੰ ਉਚੇਰੇ ਪੱਧਰ ਤੇ ਲੈ ਜਾਂਦੀ ਹੈ। ਭਾਵ ਮਾਰਨੇ ਨਹੀਂ ਚਾਹੀਦੇ, ਗੁਆਉਣੇ ਨਹੀਂ ਚਾਹੀਏ, ਇਹ ਸੰਜਮ ਦੇ ਮਾਰਗ ਤੇ ਬਹੁਤ ਸਹਾਈ ਹੁੰਦੇ ਹਨ, ਭਾਵਨਾ ਤੋਂ ਜੋ ਗਿਆਨ ਉਠਦਾ ਹੈ ਉਸ ਵਿਚ ਬਹੁਤ ਸ਼ਕਤੀ ਹੁੰਦੀ ਹੈ, ਉਸ ਵਿਚ ਕੋਈ ਅੜਚਣ ਨਹੀਂ ਪੈਂਦੀ। ਜਿਹੜਾ ਗਿਆਨ ਮਨ ਤੋਂ ਉਠਦਾ ਹੈ ਉਹ ਬਹੁਤ ਸਾਰੇ ਟੋਏ ਬਣਾ ਲੈਂਦਾ ਹੈ। ਜੇ ਉਸ ਨੂੰ ਚੇਤਨਤਾ ਰਾਹੀਂ ਪੁਣਿਆ ਨਾ ਜਾਵੇ ਤਾਂ ਉਹ ਗੰਦਾ ਪਾਣੀ ਬਣ ਕੇ ਖੜ੍ਹਾ ਹੋ ਜਾਂਦਾ ਹੈ, ਬਹੁਤ ਵਾਰੀ ਕਈ ਪ੍ਰਸ਼ਨਾਂ ਦੇ ਉਤਰ ਜਦੋਂ ਬੁੱਧੀ ਮਨ ਨਹੀਂ ਦੇ ਸਕਦਾ, ਭਾਵਨਾ ਰਾਹੀਂ ਦਿਤਾ ਜਾਂਦਾ ਹੈ। ਗਿਆਨ ਦਾ ਜੋ ਸਰੋਤ ਮਨ ਤੋਂ ਚਲਦਾ ਹੈ ਉਹ ਕਈ ਪਾਸੇ ਵੜਦਾ ਹੈ ਤੇ ਮਨ ਦੇ ਭਰਮਾਉਣ ਕਾਰਨ ਉਹ ਛੋਟੇ-ਛੋਟੇ ਟੋਏ ਬਣਾ ਲੈਂਦਾ ਹੈ ਤੇ ਉਹ ਵਗਦੀ ਗਿਆਨ ਦੀ ਨਦੀ ਅਪਵਿੱਤਰ ਹੋ ਜਾਂਦੀ ਹੈ, ਭਾਵਾਂ ਦਾ ਦਰਿਆ ਇਕ ਹੜ੍ਹ ਦੇ ਸਮਾਨ ਹੈ ਇਹ ਇਕ ਪ੍ਰੇਮੀ ਦੀ ਤਰ੍ਹਾਂ ਪਿਆਰੇ ਵਲ ਦੌੜਿਆ ਜਾ ਰਿਹਾ ਹੈ, ਜਿਸ ਨੂੰ ਕਿਸੇ ਵੀ ਅੜਚਣ ਦੀ ਪ੍ਰਵਾਹ ਨਹੀਂ। ਇਹ ਵੀ ਡਰ ਨਹੀਂ ਕਿ ਉਹ ਫੜਿਆ ਜਾਵੇਗਾ ਜਾਂ ਕੈਦ ਹੋ ਜਾਵੇਗਾ। ਭਾਵਾਂ ਰਾਹੀਂ ਤੁਸੀਂ ਮਾਰਗ ਤੇ ਚਲਦਿਆਂ ਅਨੰਦ ਦਾ ਅਨੁਭਵ ਨਹੀਂ ਕਰ ਸਕਦੇ, ਉਹ ਤਾਂ ਅਚਾਨਕ ਹੀ ਸਿਰੇ ਤੇ ਪਹੁੰਚ ਜਾਂਦਾ ਹੈ, ਬਿਨਾਂ ਸਾਰਾ ਮਾਰਗ ਤਹਿ ਕੀਤਿਆਂ।

ਸਭ ਤੋਂ ਉਚਾ ਗਿਆਨ ਦਾ ਪ੍ਰਵਾਹ ਚਲਦਾ ਹੈ ਅੰਤਰ ਦ੍ਰਿਸ਼ਟੀ ਤੋਂ, ਅੰਤਰ ਗਿਆਨ ਜਿਹੜਾ ਸੰਪੂਰਨ ਹੁੰਦਾ ਹੈ। ਇਸ ਦਾ ਗਿਆਨ ਅਤਿ ਪਵਿੱਤਰ ਹੁੰਦਾ ਹੈ, ਇਸ ਦਾ ਪ੍ਰਵਾਹ ਪ੍ਰਤੱਖ ਤਾਂ ਹੀ ਹੁੰਦਾ ਹੈ ਜਦੋਂ ਅਸੀਂ

ਇਹ ਸਮਝ ਜਾਂਦੇ ਹਾਂ ਮਨ ਦਾ ਗਿਆਨ, ਚੇਤਨਾ ਦਾ ਗਿਆਨ ਬਹੁਤ ਵਿਸਥਾਰ ਵਾਲਾ ਹੈ ਤੇ ਪੱਗ-ਪੱਗ ਤੇ ਅੜਚਨਾ ਹਨ, ਤੁਸੀਂ ਰਸਤੇ ਤੇ ਭਟਕ ਸਕਦੇ ਹੋ। ਸੋ ਜਗਿਆਸੂ ਚੇਤਨਤਾ ਤੋਂ ਮਨ ਤਕ ਆਉਂਦੇ ਗਿਆਨ ਦੇ ਰਸਤੇ ਬੰਦ ਕਰ ਲੈਂਦਾ ਹੈ ਤੇ ਅੰਤਰ ਦ੍ਰਿਸ਼ਟੀ ਤੋਂ ਵਹਿੰਦੇ ਗਿਆਨ ਦੇ ਦਰਵਾਜ਼ੇ ਖੋਲ੍ਹ ਦਿੰਦਾ ਹੈ।

ਯੋਗ ਮਨੋਵਿਗਿਆਨ ਤੇ ਆਧੁਨਿਕ ਮਨੋਵਿਗਿਆਨ ਦੋਨਾਂ ਨੇ ਵਿਅਕਤੀਤ੍ਵ ਤੇ ਆਚਾਰ ਤੇ ਬਹੁਤ ਕੰਮ ਕੀਤਾ ਹੈ ਤੇ ਲੋਕਾਂ ਨੂੰ ਇਨ੍ਹਾਂ ਅਨੁਸਾਰ ਵੰਡਿਆ ਵੀ ਹੈ ਜਿਵੇਂ ਕਿ ਅਸੀਂ ਦੇਖਿਆ ਹੈ ਪੁਰਾਤਨ ਮਨੋਵਿਗਿਆਨਕਾਂ ਨੇ ਮਨੁਖਾਂ ਨੂੰ ਚਾਰ ਵੱਖ-ਵੱਖ ਪ੍ਰਣਾਲੀਆਂ ਵਿਚ ਵੰਡਿਆ ਹੈ, ਉਨ੍ਹਾਂ ਦੀਆਂ ਰੁਚੀਆਂ ਅਨੁਸਾਰ, ਝੁਕਾਉ ਅਨੁਸਾਰ ਉਹ ਵੰਡ ਮੰਦ ਭਾਗਾ ਨਾਲ ਵਰਣ ਵੰਡ ਬਣ ਗਈ, ਇਹ ਬੜਾ ਹੀ ਰੋਚਿਕ ਹੈ ਕਿ ਕਾਰਲ ਜੁੰਗ ਨੇ ਵੀ ਮਨੁੱਖਾਂ ਦੀ ਵੰਡ ਚਾਰ ਭਾਗਾਂ ਵਿਚ ਕੀਤੀ ਹੈ। ਇਹ ਵੰਡ ਵੀ ਬਹੁਤ ਹਦ ਤਕ ਭਗਵਤ ਗੀਤਾ ਦੀ ਵੰਡ ਨਾਲ ਮਿਲਦੀ ਹੈ, ਜੁੰਗ ਦੀਆਂ ਵਿਅਕਤੀਤ੍ਵ ਦੀਆਂ ਕਿਸਮਾਂ ਵਿਚ ਪਹਿਲਾ ਹੈ ਉਹ ਵਿਅਕਤੀਤ੍ਵ ਜਿਸ ਵਿਚ ਸੰਵੇਦਨਾ, ਮਨੋਭਾਵ ਹੈ, ਦੂਸਰਾ ਹੈ ਚਿੰਤਨਸ਼ੀਲ ਤੀਸਰੇ ਹਨ ਭਾਵਕ। ਚੌਥਾ ਹੈ ਅੰਤਰ ਗਿਆਨ ਦੇ ਅਧਾਰ ਤੇ ਅਨੁਭਵੀ ਹੋਣਾ, ਭਾਵੇਂ ਜੋ ਜੁੰਗ ਨੇ ਲਿਖਿਆ ਹੈ ਉਹ ਤੇ ਜੋ ਭਗਵਤ ਗੀਤਾ ਵਿਚ ਹੈ ਉਸ ਵਿਚ ਅੰਤਰ ਹੈ, ਉਦਾਹਰਣ ਲਈ ਜੁੰਗ ਦਾ ਭਾਵਕ ਭਰਪੂਰ ਵਿਅਕਤੀਤ੍ਵ ਉਹ ਨਹੀਂ ਹੈ ਜੋ ਗੀਤਾ ਵਿਚ ਭਾਵਕ ਗਿਆਨ ਵਰਨਣ ਕੀਤਾ ਗਿਆ ਹੈ, ਉਹ ਤਾਂ ਠੀਕ ਨੂੰ ਠੀਕ ਕਹਿਣ ਵਾਲਾ ਚੰਗਾ, ਮੰਦਾ ਜੋ ਦੇਖਣ ਚੌਤੀਂਵੇਂ ਸਲੋਕ ਵਿਚ ਦਸਿਆ ਗਿਆ ਹੈ, ਉਸ ਨਾਲ ਵਧੇਰੇ ਮਿਲਦਾ ਹੈ, ਭਾਵਕ ਵਿਅਕਤੀਤ੍ਵ ਜਿਹੜਾ ਜੁੰਗ ਨੇ ਦਸਿਆ ਹੈ ਉਹ ਤਾਂ ਚੰਗੇ ਮੰਦੇ ਦੇ ਅਨੁਭਵ ਦੇ ਵਧੇਰੇ ਨੇੜੇ ਹੈ, ਯੋਗ ਮਨੋਵਿਗਿਆਨ ਦੇ ਪਖੋਂ ਜੁੰਗ ਦਾ ਅੰਤਰ ਗਿਆਨ ਅਨੁਭਵੀ ਦਾ ਕੋਈ ਅਰਥ ਨਹੀਂ ਜੋ ਜੁੰਗ ਦਸ ਰਿਹਾ ਹੈ, ਉਹ ਹੈ ਵਿਅਕਤੀਤ੍ਵ ਜਿਹੜਾ ਬਿਲਕੁਲ ਸਹਿਜ ਪ੍ਰਵਿਰਤੀ ਵਿਚ ਵਿਚਰਦਾ ਵਿਅਕਤੀਤ੍ਵ ਜਿਵੇਂ ਕਿ ਅਸੀਂ ਦੇਖ ਆਏ ਹਾਂ, ਯੋਗ ਅਨੁਸਾਰ ਅੰਤਰ ਗਿਆਨ ਅਨੁਭਵ ਗਿਆਨ ਦਾ ਇਕ ਤਰੀਕਾ ਹੈ ਜਿਹੜਾ ਕਿ ਆਮ ਮਨੁੱਖ ਦੀ ਪਹੁੰਚ ਤੋਂ ਬਾਹਰ ਹੈ।

ਜੁੰਗ ਨੇ ਇਹ ਵੀ ਕਿਹਾ ਹੈ ਕਿ ਮਨੁੱਖ ਆਪਣੇ ਵਿਅਕਤੀਤ੍ਵ ਅਨੁਸਾਰ ਹੀ ਕੇਵਲ ਨਹੀਂ ਰਹਿੰਦਾ, ਇਸ ਤੋਂ ਇਲਾਵਾ ਮਨੁੱਖ ਉਹ ਬਣਨ ਦੀ ਕੋਸ਼ਿਸ਼ ਕਰਦਾ ਹੈ ਜੋ ਉਹ ਨਹੀਂ ਹੈ। ਉਹ ਨਾੜੀ ਰੋਗ ਦਾ ਕਾਰਣ ਬਣ ਜਾਂਦਾ ਹੈ, ਮਿਸਾਲ ਵਜੋਂ ਜੇ ਸੰਵੇਗਕ ਮਨੁੱਖ ਨੂੰ ਇਕ ਬੁੱਧੀਜੀਵ ਦਾ ਕੰਮ ਕਰਨ ਨੂੰ ਕਿਹਾ ਜਾਵੇ, ਉਸ ਨੂੰ ਮਜ਼ਬੂਰ ਕੀਤਾ ਜਾਵੇ, ਉਹ ਉਸ ਲਈ ਬਹੁਤ ਹੀ ਔਖਾ ਹੋਵੇਗਾ।

36. ਅਰਜਨ ਕਹਿੰਦੇ ਹਨ : ਕਿਸ ਦਾ ਬੱਧਾ ਮਨੁੱਖ ਨਾ ਚਾਹੁੰਦੇ ਹੋਏ ਵੀ ਪਾਪ ਕਰਦਾ ਹੈ, ਉਹ ਕਿਹੜੀ ਸ਼ਕਤੀ ਹੈ ਜਿਹੜੀ ਉਸ ਨੂੰ ਪਾਪ ਲਈ

ਧਕਦੀ ਹੈ ?

37. ਸ੍ਰੀ ਕ੍ਰਿਸ਼ਨ ਜੀ ਬਚਨ ਕਰਦੇ ਹਨ : ਇਹ ਇੱਛਾ, ਇਹ ਕ੍ਰੋਧ ਹੈ ਜੋ ਰਜੋ ਗੁਣਾਂ ਤੋਂ ਉਤਪੰਨ ਹੁੰਦਾ ਹੈ, ਹਰ ਇਕ ਦੋਸ਼ ਇਸ ਗੁਣ ਤੋਂ ਉਤਪੰਨ ਹੁੰਦਾ ਹੈ, ਇਸ ਨੂੰ ਤੂੰ ਆਪਣਾ ਸ਼ਤਰੂ ਜਾਣ।

38. ਜਿਵੇਂ ਧੂੰਏਂ ਨਾਲ ਅੱਗ, ਧੂੜ ਨਾਲ ਸ਼ੀਸ਼ਾ, ਜੇਰ ਨਾਲ ਗਰਭ ਢਕੇ ਪਏ ਹਨ, ਇਸੇ ਤਰ੍ਹਾਂ ਗਿਆਨ ਕਾਮ, ਕ੍ਰੋਧ ਨਾ ਢਕਿਆ ਪਿਆ ਹੈ।

39. ਹੇ ਕੁੰਤੀ ਪੁੱਤਰ! ਕਾਮ ਦੀ ਅਤ੍ਰਿਪਤੀ ਨੇ ਗਿਆਨੀਆਂ ਦਾ ਗਿਆਨ ਢਕਿਆ ਹੋਇਆ ਹੈ।

40. ਇੰਦ੍ਰੀਆਂ ਮਨ ਤੇ ਬੁੱਧੀ ਵੀ ਕਾਮ ਵਸ ਹੋਏ ਪਏ ਹਨ ਗਿਆਨ ਨੂੰ ਵੀ ਕਾਮ ਨੇ ਢਕਿਆ ਹੋਇਆ ਹੈ ਤੇ ਜੀਵ ਨੇ ਆਤਮਾ ਨੂੰ ਭਰਮਾਇਆ ਹੋਇਆ ਹੈ।

ਮਨੁੱਖ ਜਾਣ ਬੁੱਝ ਕੇ ਆਪਣੇ ਲਈ ਔਕੜਾਂ ਨਹੀਂ ਪੈਦਾ ਕਰਨਾ ਚਾਹੁੰਦਾ, ਫੇਰ ਵੀ ਔਕੜਾਂ ਆਉਂਦੀਆਂ ਹਨ। ਕਿਉਂ ਮਨੁੱਖ ਔਕੜਾਂ ਪੈਦਾ ਕਰਦਾ ਹੈ ? ਉਹ ਆਪਣਾ ਜੀਵਨ ਦੁਖਦਾਈ ਕਿਉਂ ਬਣਾਉਂਦਾ ਹੈ ? ਉਹ ਕਿਹੜੀ ਸ਼ਕਤੀ ਹੈ ਜਿਹੜੀ ਉਸ ਨੂੰ ਉਹ ਕਰਨ ਨੂੰ ਮਜ਼ਬੂਰ ਕਰਦੀ ਹੈ ਜੋ ਉਸ ਨੂੰ ਨਹੀਂ ਕਰਨਾ ਚਾਹੀਦਾ ? ਰਜੋ ਗੁਣ ਉਸ ਨੂੰ ਕ੍ਰਿਆਸ਼ੀਲ ਕਰਕੇ ਉਸ ਤੋਂ ਸਾਰੀ ਕ੍ਰਿਆ, ਇਛਾਵਾਂ ਪੂਰਤੀ ਲਈ ਹੀ ਕਰਾਉਂਦਾ ਹੈ। ਰਜੋ ਗੁਣ ਉਹ ਗੁਣ ਹੈ ਜਿਹੜਾ ਸੰਸਾਰ ਵਿਚ ਵਿਚਰ ਕੇ ਮ੍ਰਿਗ ਤ੍ਰਿਸ਼ਨਾ ਭਰਮ, ਅਵਿਵਸਥਾ ਤੇ ਦ੍ਵੰਦ ਪੈਦਾ ਕਰਦਾ ਹੈ। ਮਨੁੱਖ ਦੇ ਪ੍ਰਗਟਾਵੇ, ਆਕਰਸ਼ਨ, ਮੋਹਕ ਤੇ ਲੋਭ ਮਈ ਹੋ ਜਾਂਦੇ ਹਨ, ਇਹ ਸਾਰੇ ਮਨੁੱਖ ਦਾ ਹਿੱਸਾ ਹੀ ਹੁੰਦੇ ਹਨ ਪਰ ਰਜੋ ਗੁਣ ਉਨ੍ਹਾਂ ਨੂੰ ਪ੍ਰਗਟ ਕਰਕੇ ਮਨੁੱਖ ਨੂੰ ਉਨ੍ਹਾਂ ਦੇ ਪਿਛੇ ਲਾ ਦਿੰਦਾ ਹੈ, ਮਨੁੱਖ ਇਸ ਮ੍ਰਿਗ ਤ੍ਰਿਸ਼ਨਾ ਨੂੰ ਸੱਚਾ ਸਮਝ ਬੈਠਦਾ ਹੈ।

ਜਦੋਂ ਇੱਛਾ ਪੂਰਨ ਹੋ ਜਾਂਦੀ ਹੈ, ਹਉਮੈ ਆ ਜਾਂਦੀ ਹੈ। ਜਦੋਂ ਇੱਛਾ ਨਹੀਂ ਹੁੰਦੀ ਤਾਂ ਕ੍ਰੋਧ ਉਤਪੰਨ ਹੁੰਦਾ ਹੈ, ਹਉਮੈ ਤੇ ਕ੍ਰੋਧ ਮਨੁੱਖ ਦੇ ਦੋ ਵੈਰੀ ਹਨ ਜਿਵੇਂ ਸੂਰਜ ਨੂੰ ਬੱਦਲ ਢਕ ਲੈਂਦਾ ਹੈ, ਅੱਗ ਨੂੰ ਧੂੰਆਂ ਢਕ ਲੈਂਦਾ ਹੈ ਇਸ ਤਰ੍ਹਾਂ ਹੀ ਇਛਾਵਾਂ ਵਿਵੇਕ ਸ਼ਕਤੀ ਨੂੰ ਖੁੰਢਾ ਕਰ ਦਿੰਦੀਆਂ ਹਨ ਤੇ ਮਨ ਦਾ ਸੰਤੁਲਨ ਗਵਾਚ ਜਾਂਦਾ ਹੈ ਗਿਆਨ ਢਕ ਜਾਂਦਾ ਹੈ ਤੇ ਇੰਦ੍ਰੀਆਂ ਤੇ ਕਾਬੂ ਜਾਂਦਾ ਰਹਿੰਦਾ ਹੈ। ਭਾਵੇਂ ਇੱਛਾ ਪੂਰਨ ਹੋਣ ਜਾਂ ਨਾ ਅਸੰਤੁਲਨਤਾ ਤੇ ਅਸਿਮਿਤਾ ਮਨ ਵਿਚ ਰਹਿੰਦੀ ਹੀ ਹੈ।

ਇਛਾਵਾਂ ਦੇ ਵਸ ਹੋਇਆ ਮਨੁੱਖ ਸਵੈ ਕੇਂਦਰਤਿ ਹੋ ਜਾਂਦਾ ਹੈ ਤੇ ਆਪਣੇ ਆਪ ਨੂੰ ਯਥਾਰਥ ਤੋਂ ਦੂਰ ਕਰ ਲੈਂਦਾ ਹੈ, ਭਾਵੇਂ ਉਹ ਕਿੰਨੇ ਹੀ ਭੋਗ ਕਿਉਂ ਨਾ ਭੋਗਦਾ ਹੋਵੇ, ਸੁਆਰਥੀ ਮਨੁੱਖ ਦੀਆਂ ਇਛਾਵਾਂ ਦੀ ਪੂਰਤੀ ਕਦੇ ਨਹੀਂ ਹੁੰਦੀ, ਜਿੰਨੀਆਂ ਵੱਧ ਇਛਾਵਾਂ ਉਨੀ ਹੀ ਵੱਧ ਅਸ਼ਾਂਤੀ। ਜਦੋਂ ਇਕ ਇੱਛਾ ਪੂਰਨ ਹੋ ਜਾਂਦੀ ਹੈ, ਦੂਸਰੀਆਂ ਉਠ ਖੜ੍ਹਦੀਆਂ ਹਨ। ਜੇ ਘਰ

ਬਣਾਉਣ ਦੀ ਇੱਛਾ ਪੂਰੀ ਹੋ ਜਾਵੇ ਤਾਂ ਇਹ ਹੋਰ ਇਛਾਵਾਂ ਨੂੰ ਜਨਮ ਦਿੰਦੀ ਹੈ ਜਿਵੇਂ ਕਿ ਹੋਰ ਚੰਗਾ ਘਰ ਹੋਵੇ, ਹੋਰ ਚੰਗਾ ਬਗੀਚਾ, ਨਵਾਂ ਸਮਾਨ ਘਰ ਵਿਚ ਹੋਵੇ। ਇਛਾਵਾਂ ਦਾ ਤਾਂ ਅੰਤ ਹੀ ਨਹੀਂ, ਇਛਾਵਾਂ ਤਾਂ ਜਿਵੇਂ ਨਾ ਖਤਮ ਹੋਣ ਵਾਲੀ ਇਕ ਭੁੱਖ ਹੈ, ਇਹ ਉਹ ਖੂਹ ਹੈ ਜਿਹੜਾ ਨਾ ਕਦੇ ਭਰਿਆ ਹੈ, ਨਾ ਭਰਨਾ ਹੈ। ਜਿਵੇਂ ਅੱਗ ਵਿਚ ਤੁਸੀਂ ਬਾਲਣ ਪਾਓ, ਉਹ ਹੋਰ ਮਚਦੀ ਹੈ ਓਹੀ ਹਾਲ ਹੈ ਇਛਾਵਾਂ ਦਾ। ਬਿਲਕੁਲ ਇਸ ਤਰ੍ਹਾਂ ਹੀ ਜੇ ਤੁਸੀਂ ਸਾਰੀ ਸ਼ਕਤੀ ਇੰਦ੍ਰੀਆਂ ਦੀ ਅੱਗ ਬੁਝਾਉਣ ਲਈ ਲਾ ਦਿਓਂਗੇ ਇਨ੍ਹਾਂ ਦੀ ਸੰਤੁਸ਼ਟੀ ਹੋਣ ਦੀ ਬਿਜਾਏ, ਉਹ ਤਾਂ ਹੋਰ ਵਧਣਗੀਆਂ।

ਗਿਆਨੀ ਇਹ ਗੱਲ ਜਾਣਦਾ ਹੈ ਕਿ ਇਛਾਵਾਂ ਸੰਤਾਪ ਦਿੰਦੀਆਂ ਹਨ ਤੇ ਇਹ ਰਜੋ ਗੁਣ ਤੋਂ ਉਪਜਦੀਆਂ ਹਨ ਇਸ ਕਰਕੇ ਉਹ ਸਤੋ ਗੁਣ ਗ੍ਰਹਿਣ ਕਰਨ ਦੀ ਕੋਸ਼ਿਸ਼ ਕਰਦਾ ਹੈ, ਸ਼ਾਂਤੀ ਵਿਚ ਰਹਿਣ ਦੀ ਕੋਸ਼ਿਸ਼ ਕਰਦਾ ਹੈ। ਆਮ ਮਨੁੱਖ ਕਾਮ ਦੇ ਖਿੱਚੇ ਹੁੰਦੇ ਹਨ, ਕਾਮ ਸਭ ਇਛਾਵਾਂ ਦੀ ਜੜ੍ਹ ਹੈ। ਇਸ ਤੋਂ ਕ੍ਰੋਧ, ਲੋਭ, ਮੋਹ, ਈਰਖਾ ਪੈਦਾ ਹੁੰਦਾ ਹੈ ਜਿਥੇ ਵੀ ਇਛਾਵਾਂ ਹੋਣਗੀਆਂ, ਇਹ ਦੋਸ਼ ਹੋਣਗੇ ਹੀ। ਸੰਤ ਇਹ ਗੱਲ ਜਾਣਦੇ ਹਨ ਤੇ ਸਦਾ ਸਤ੍ਰਕ ਰਹਿੰਦੇ ਹਨ ਇੱਛਾ ਬਹੁਤ ਜ਼ੋਰਦਾਰ ਪਰੇਰਕ ਹੁੰਦੀ ਹੈ ਇਹ ਤਰਕ ਤੇ ਦਲੀਲ ਨੂੰ ਵੀ ਅੱਗੇ ਨਹੀਂ ਆਉਣ ਦਿੰਦੀ, ਇਕ ਚੰਗਾ ਸਾਧਕ ਵੀ ਚੁੰਧਿਆ ਜਾਂਦਾ ਹੈ।

ਆਮ ਮਨੁੱਖ ਦੀਆਂ ਇੰਦ੍ਰੀਆਂ ਮਨ ਤੇ ਬੁੱਧੀ ਸਾਰੇ ਇਛਾਵਾਂ ਦੇ ਅਧੀਨ ਹੋ ਜਾਂਦੇ ਹਨ, ਜਦੋਂ ਮਨੁੱਖ ਭੋਗ ਭੋਗਦਾ ਹੈ ਉਸਦੀਆਂ ਇੰਦ੍ਰੀਆਂ, ਮਨ, ਬੁੱਧੀ ਸਭ ਖਿੰਡ ਜਾਂਦੀਆਂ ਹਨ ਕੇਵਲ ਭੋਗ ਵਸਤੂ ਤੇ ਹੀ ਕੇਂਦਰਤ ਹੋ ਜਾਂਦੀਆਂ ਹਨ, ਇਛਾਵਾਂ ਇੰਦ੍ਰੀਆਂ, ਮਨ ਤੇ ਬੁੱਧੀ ਵਿਚ ਪਰਜੀਵੀ ਬਣ ਜਾਂਦੀਆਂ ਹਨ। ਜੇ ਬੁੱਧੀ ਨਾਲ ਮਨ ਤੇ ਇੰਦ੍ਰੀਆਂ ਤੇ ਕਾਬੂ ਨਾ ਕੀਤਾ ਜਾਵੇ ਤਾਂ ਇਹ ਪਰਜੀਵ ਦਾ ਭੋਜਨ ਬਣ ਜਾਂਦੀਆਂ ਹਨ ਜਿਵੇਂ ਅੱਗ ਵਿਚ ਬਾਲਣ। ਇਛਾਵਾਂ ਮਨ, ਇੰਦ੍ਰੀਆਂ ਤੇ ਬੁੱਧੀ ਦੀ ਸ਼ਕਤੀ ਖਤਮ ਕਰ ਦਿੰਦੀਆਂ ਹਨ, ਪਰ ਵੈਰੀ ਵੀ ਮਿਤ੍ਰ ਬਣ ਸਕਦੇ ਹਨ, ਜਦੋਂ ਮਨੁੱਖ ਗੁਣਾਂ ਦੀ ਖੇਡ ਸਮਝ ਜਾਏ ਫੇਰ ਉਹ ਕੇਵਲ ਇਕ ਹੀ ਇੱਛਾ ਨੂੰ ਬਲਵਾਨ ਕਰਦਾ ਹੈ ਉਹ ਇਛਾ ਹੈ ਸੰਤੁਲਨ ਹੋਣ ਦੀ, ਫੇਰ ਉਹ ਇੱਛਾ ਵੈਰੀ ਨਾ ਰਹਿ ਕੇ ਇਕ ਸਾਧਨ ਬਣ ਜਾਂਦੀ ਹੈ, ਜਦੋਂ ਸਾਧਕ ਦੀ ਸੁਤੰਤਰ ਹੋਣ ਦੀ ਇੱਛਾ ਪ੍ਰਬਲ ਹੁੰਦੀ ਹੈ, ਉਹ ਗਿਆਨ ਦੀ ਜੋਤ ਜਗਾਉਂਦਾ ਹੈ ਤੇ ਉਸ ਵਿਚ ਇਸ਼ਨਾਨ ਕਰਦਾ ਹੈ ਉਸ ਦੀਆਂ ਸਾਰੀਆਂ ਸੰਸਾਰਕ ਇਛਾਵਾਂ ਸੜ ਕੇ ਸੁਆਹ ਹੋ ਜਾਂਦੀਆਂ ਹਨ, ਕੇਵਲ ਸੰਤੁਲਨ ਹੋਣ ਦੀ ਇੱਛਾ ਹੀ ਰਹਿ ਜਾਂਦੀ ਹੈ।

ਹੇ ਅਰਜਨ! ਪਹਿਲੇ ਇੰਦ੍ਰੀਆਂ ਨੂੰ ਕਾਬੂ ਕਰ, ਇਨ੍ਹਾਂ ਬੁਰਿਆਈਆਂ ਨੂੰ ਛੱਡ, ਇਹ ਗਿਆਨ ਦਾ ਨਾਸ਼ ਕਰਦੀਆਂ ਹਨ, ਅਧਿਆਤਮਕ ਅਨੁਭਵ ਵਿਚ ਰੁਕਾਵਟ ਬਣਦੀਆਂ ਹਨ।

ਇਥੇ ਇਹ ਸਮਝ ਲੈਣਾ ਬੜਾ ਜ਼ਰੂਰੀ ਹੈ ਕਿ ਕੁਰਕਸ਼ੇਤਰ ਦਾ ਯੁੱਧ

ਹਰ ਮਨੁੱਖੀ ਮਨ ਦਾ ਯੁੱਧ ਹੈ, ਇਸ ਕਰਕੇ ਇਸ ਯੁੱਧ ਦਾ ਸਾਡੇ ਲਈ ਇਤਿਹਾਸਕ ਮਹੱਤਵ ਨਹੀਂ ਹੈ, ਸਾਨੂੰ ਤਾਂ ਗੀਤਾ ਦੇ ਸੰਦੇਸ਼ ਨਾਲ ਸਬੰਧ ਹੈ ਤੇ ਅੱਜ ਦਾ ਮਨੁੱਖ ਕਿਸ ਤਰ੍ਹਾਂ ਗੀਤਾ ਦੇ ਉਪਦੇਸ਼ ਤੋਂ ਲਾਭ ਲੈ ਸਕਦਾ ਹੈ, ਅਸੀਂ ਖਾਸ ਖਾਸ ਗੁਣਾਂ ਦੀ ਭਾਲ ਵਿਚ ਹਾਂ। ਇਹ ਸ਼ਲੋਕ ਯੁੱਧ ਦਾ ਕਾਰਣ ਕਿਉਂ ਤੇ ਕਿਥੇ ਹੋਇਆ, ਇਸ ਬਾਰੇ ਸਾਨੂੰ ਜਾਣੂੰ ਕਰਾਉਂਦਾ ਹੈ। ਕ੍ਰਿਸ਼ਨ ਜੀ ਕਹਿੰਦੇ ਹਨ, ਇਛਾਵਾਂ ਬੁੱਧੀ ਭ੍ਰਿਸ਼ਟ ਕਰ ਦਿੰਦੀਆਂ ਹਨ ਤੇ ਮਨ ਤੇ ਕਾਬੂ ਪਾ ਲੈਂਦੀਆਂ ਹਨ, ਮਨੁੱਖ ਨੂੰ ਆਪਣੀਆਂ ਇਛਾਵਾਂ ਤੇ ਕਾਬੂ ਪਾਉਣਾ ਚਾਹੀਦਾ ਹੈ, ਇਹ ਸਾਡੀਆਂ ਸ਼ਤਰੂ ਹਨ। ਅਸੀਂ ਪਹਿਲਾਂ ਵੀ ਇਹ ਦਸ ਆਏ ਹਾਂ, ਇਛਾਵਾਂ ਸਾਧਕ ਦੀ ਸ਼ਕਤੀ ਖੇਰੂੰ-ਖੇਰੂੰ ਕਰ ਦਿੰਦੀਆਂ ਹਨ। ਕ੍ਰਿਸ਼ਨ ਜੀ ਅਰਜਨ ਨੂੰ ਕਹਿੰਦੇ ਹਨ ਇਨ੍ਹਾਂ ਦੋਸ਼ਾਂ ਨੂੰ ਨਿਰਣੇ ਦੀ ਤਲਵਾਰ ਨਾਲ ਖਤਮ ਕਰ ਦੇਵੇ।

42. ਇੰਦ੍ਰੀਆਂ ਦੀ ਸ਼ਕਤੀ ਬਹੁਤ ਪ੍ਰਬਲ ਹੁੰਦੀ ਹੈ, ਇੰਦ੍ਰੀਆਂ ਤੋਂ ਪਰ੍ਹੇ ਹੈ, ਮਨ, ਮਨ ਤੋਂ ਪਰ੍ਹੇ ਹੈ ਬੁੱਧੀ, ਬੁੱਧੀ ਤੋਂ ਪਰ੍ਹੇ ਹੈ ਆਤਮਾ।

43. ਇਸ ਤਰ੍ਹਾਂ ਬੁੱਧੀ ਤੋਂ ਪਰ੍ਹੇ ਆਤਮਾ ਨੂੰ ਜਗਾ। ਹੇ ਮਹਾਬਾਹੋਂ! ਆਤਮਾ ਦੁਆਰਾ ਆਪਣੇ ਤੇ ਕਾਬੂ ਪਾ, ਇਨ੍ਹਾਂ ਇੰਦ੍ਰੀਆਂ ਦਾ ਨਾਸ਼ ਕਰ।

ਇੰਦ੍ਰੀਆਂ ਤੇ ਕਾਬੂ ਪਾਉਣ ਦਾ ਤਰੀਕਾ ਹੈ ਇਕਾਗਰਤਾ ਤੇ ਧਿਆਨ। ਜਦੋਂ ਸਾਧਕ ਸ਼ਾਂਤੀ ਦੀ ਉਚੀ ਅਵਸਥਾ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ ਤੇ ਉਸ ਇਕ ਦਾ ਗਿਆਨ ਪ੍ਰਾਪਤ ਕਰਨਾ ਚਾਹੁੰਦਾ ਹੈ, ਉਸਦੀਆਂ ਸੰਸਾਰਕ ਇਛਾਵਾਂ ਉਸ ਇਕ ਇੱਛਾ ਵਿਚ ਜੁੜ ਜਾਂਦੀਆਂ ਹਨ, ਇੰਦ੍ਰੀਆਂ ਦਾ ਖਿੰਡਣਾ ਤੇ ਬਾਹਰ ਜਾਣਾ ਮੁੱਕ ਜਾਂਦਾ ਹੈ, ਮਨ ਇਕਾਗਰ ਹੋ ਜਾਂਦਾ ਹੈ ਤੇ ਇਥੋਂ ਹੀ ਅੰਦਰ ਦੀ ਯਾਤਰਾ ਸ਼ੁਰੂ ਹੁੰਦੀ ਹੈ।

ਇਸ ਸਥਾਈ ਗਿਆਨ ਦਾ ਸੋਮਾ ਸਰੀਰ ਤੋਂ ਪਰ੍ਹੇ ਹੈ, ਇੰਦ੍ਰੀਆਂ ਤੋਂ ਪਰ੍ਹੇ ਹੈ ਮਨ, ਮਨ ਤੋਂ ਪਰ੍ਹੇ ਹੈ ਬੁੱਧੀ, ਬੁੱਧ ਤੋਂ ਪਰ੍ਹੇ ਹੈ ਆਤਮਾ, ਪਰ੍ਹਾ ਸ਼ਬਦ ਦਾ ਅਰਥ ਹੈ ਅੱਗੇ, ਸ਼ਬਦ ਪਰ੍ਹਾ ਵਰਤਿਆ ਗਿਆ ਹੈ, ਕੇਵਲ ਗ੍ਰੰਥਾਂ ਰਾਹੀਂ ਪਰ੍ਹਾ ਸ਼ਬਦ ਦਾ ਅਰਥ ਨਹੀਂ ਸਮਝਿਆ ਜਾ ਸਕਦਾ, ਸਾਧਕ ਅਨੁਭਵ ਰਾਹੀਂ ਇਸ ਨੂੰ ਇਕ ਦਮ ਸਮਝ ਜਾਂਦਾ ਹੈ, ਅੰਤਰ ਦੀ ਯਾਤਰਾ ਜਿਹੜੀ ਸਾਧਕ ਨੂੰ ਸਥੂਲ ਤੋਂ ਸੂਖਸ਼ਮ ਤਕ ਲੈ ਜਾਵੇ ਅਤਿ ਅਵਸ਼ਕ ਹੈ। ਪਰਾ ਸ਼ਬਦ ਦਾ ਅਰਥ ਹੈ, ਪਰ੍ਹੇ, ਅੰਦਰੋਂ ਪਰ੍ਹੇ, ਬਾਹਰੋਂ ਨਹੀਂ। ਬਹੁਤ ਸਾਰੇ ਖੋਜੀ ਪਰਾ ਨੂੰ ਬਾਹਰ ਲੈਂਦੇ ਹਨ ਪਰ ਇਥੇ ਇਹ ਚੇਤਨਤਾ ਲਈ ਵਰਤਿਆ ਗਿਆ ਹੈ, ਚੇਤਨਤਾ ਦਾ ਪੱਧਰ ਜਿਹੜਾ ਤੁਹਾਡੇ ਅੰਦਰ ਹੈ।

ਸਰੀਰਕ ਚੇਤਨਤਾ ਤੋਂ ਪਰ੍ਹੇ ਹੈ ਗਿਆਨ ਇੰਦ੍ਰੀਆਂ, ਗਿਆਨ ਇੰਦ੍ਰੀਆਂ ਤੋਂ ਪਰ੍ਹੇ ਹੈ ਸੂਖਸ਼ਮ ਮਨ ਦਾ ਦਾਇਰਾ ਇਸ ਤੋਂ ਪਰ੍ਹੇ ਹੈ ਅਚੇਤ ਮਨ ਜੋ ਅਤਿ ਸੂਖਸ਼ਮ ਹੈ, ਚੇਤਨਤਾ ਦਾ ਬਿੰਦੂ ਜਿਹੜਾ ਅਚੇਤ ਤੋਂ ਪਰ੍ਹੇ ਹੈ ਇਹ ਹੈ ਆਤਮਾ। ਇੰਦ੍ਰੀਆਂ ਸਰੀਰ ਨੂੰ ਕਾਬੂ ਕਰਦੀਆਂ ਹੀ ਹਨ, ਆਦੇਸ਼ ਦਿੰਦੀਆਂ ਹਨ, ਸਰੀਰ ਦੀ ਸਾਰੀ ਹਰਕਤ ਇੰਦ੍ਰੀਆਂ ਦੇ ਵਸ ਹੈ, ਮਨ ਇੰਦ੍ਰੀਆਂ ਨੂੰ

ਚਲਾਉਂਦਾ ਹੈ ਤੇ ਬੁੱਧੀ ਆਦੇਸ਼ ਦਿੰਦੀ ਹੈ। ਸਭ ਤੋਂ ਉਤੇ ਹੈ ਆਤਮਾ, ਆਤਮਾ ਬੁੱਧੀ, ਮਨ, ਇੰਦ੍ਰੀਆਂ ਤੇ ਸਰੀਰ ਨੂੰ ਚਲਾਉਂਦੀ ਹੈ, ਉਸ ਤੱਤ ਦਾ ਗਿਆਨ ਹੋ ਜਾਣ ਤੋਂ ਬਾਅਦ ਆਤਮ ਗਿਆਨ, ਸਹਿਜ ਤੇ ਸੰਜਮ ਆ ਜਾਂਦਾ ਹੈ, ਉਥੋਂ ਫੇਰ, ਨਿਰੋਲ ਆਤਮਾ ਦਾ ਹੀ ਵਾਸਾ ਹੈ।

ਸਲੋਕ 42 ਤੇ 43 ਦਾ ਸਾਧਨਾ ਦੇ ਪੱਖੋ ਬਹੁਤ ਮਹੱਤਵ ਹੈ ਇਨ੍ਹਾਂ ਵਿਚ ਦਸਿਆ ਗਿਆ ਹੈ ਕਿ ਸਰੀਰ ਨੂੰ ਸਾਧਨਾ, ਸਾਹ ਨੂੰ ਕਾਬੂ ਕਰਨਾ, ਇੰਦ੍ਰੀਆਂ ਤੇ ਮਨ ਨੂੰ ਕਾਬੂ ਕਰਨਾ ਬਹੁਤ ਆਵਸ਼ਕ ਸ਼ਕਤੀ ਦੇ ਬਹਾਅ ਨੂੰ ਅੰਦਰ ਕਰਨਾ ਤੇ ਚੇਤਨਤਾ ਦੇ ਸੋਮੇ ਤਕ ਪਹੁੰਚਾਉਣ ਲਈ ਇਹ ਸਰੀਰਕ ਸਾਧਨਾ ਸਹਾਇਕ ਹੁੰਦੀ ਹੈ। ਸੰਸਾਰਕ ਇਛਾਵਾਂ, ਖਿੰਡਿਆਂ ਅਤੇ ਮਨ ਇੰਦ੍ਰੀਆਂ ਸਭ ਤੋਂ ਵੱਡੀਆਂ ਸ਼ਤਰੂ ਹਨ। ਇਛਾਵਾਂ ਹੋਰ ਇਛਾਵਾਂ ਨੂੰ ਜਨਮ ਦਿੰਦੀਆਂ ਹਨ, ਇਨ੍ਹਾਂ ਤੋਂ ਬਿਲਕੁਲ ਦੂਰ ਰਹਿਣਾ ਚਾਹੀਦਾ ਹੈ।

# ਚੌਥਾ ਅਧਿਆਏ

## ਕਰਮਫਲ ਤਿਆਗਣ ਦਾ ਗਿਆਨ

1. ਸ੍ਰੀ ਭਗਵਾਨ ਬਚਨ ਕਰਦੇ ਹਨ – ਪਹਿਲੇ ਮੈਂ ਇਹ ਯੋਗ ਸੂਰਜ ਨੂੰ ਸੁਣਾਇਆ, ਸੂਰਜ ਨੇ ਮੰਨੂੰ ਨੂੰ ਸੁਣਾਇਆ ਮੰਨੂੰ ਨੇ ਇਖਵਾਕ ਨੂੰ ਸੁਣਾਇਆ।

2. ਇਸ ਤਰ੍ਹਾਂ ਹੀ ਇਕ ਦੂਸਰੇ ਤੋਂ ਸੁਣ ਕੇ ਰਾਜ ਰਿਸ਼ੀ ਨੇ ਇਸ ਯੋਗ ਨੂੰ ਜਾਣਿਆ, ਹੇ ਦੁਸ਼ਟ ਦਮਨ! ਫੇਰ ਇਹ ਯੋਗ ਨਸ਼ਟ ਹੋ ਗਿਆ।

3. ਇਹ ਪੁਰਾਣਾ ਯੋਗ ਹੀ ਮੈਂ ਤੈਨੂੰ ਦਸਿਆ ਹੈ, ਤੂੰ ਮੇਰਾ ਭਗਤ ਹੈਂ, ਤੂੰ ਮੇਰਾ ਸਖਾ ਹੈਂ ਤੇ ਇਹ ਸਭ ਤੋਂ ਉਤਮ ਭੇਦ ਹੈ।

ਯੋਗ ਵਿਗਿਆਨ ਉਨਾਂ ਹੀ ਸਦੀਵੀ ਹੈ ਜਿੰਨਾਂ ਮਨੁੱਖੀ ਜੀਵਨ। ਇਹ ਸ੍ਰੇਸ਼ਟ ਪਰੰਪਰਾ ਇਕ ਚਿਰ ਸਥਾਈ ਗਿਆਨ ਹੈ ਜਿਹੜਾ ਅਨੰਤ ਤੋਂ ਅਨੰਤ ਤਕ ਚਲਦਾ ਆ ਰਿਹਾ ਹੈ। ਇਹ ਅਵੀਸਾਨੀ ਗਿਆਨ ਹੈ, ਹੁਣ ਤਕ ਕ੍ਰਿਸ਼ਨ ਜੀ ਨੇ ਜੋ ਗਿਆਨ ਦਿਤਾ ਹੈ, ਉਹ ਸਾਂਖਯ ਤੇ ਕਰਮ ਯੋਗ ਦਾ ਕਰਮਬੱਧ ਗਿਆਨ ਹੈ। ਅਨੰਤ ਗਿਆਨ ਦੇ ਇਹ ਦੋਨੋਂ ਪੱਖ ਇਕ ਪਾਸੇ ਗੂੜ੍ਹ ਫਿਲੋਸਫੀ, ਦੂਸਰੇ ਪਾਸੇ ਉਸ ਫਿਲੋਸਫੀ ਅਨੁਸਾਰ ਜੀਵਨ ਜੀਉਣਾ, ਦੋਨਾਂ ਨੂੰ ਮਿਲਾ ਕੇ ਜੀਵਨ ਅਤਿ ਸੁਹਾਵਣਾ ਹੋ ਜਾਂਦਾ ਹੈ, ਇਕ ਕਵਿਤਾ ਬਣ ਜਾਂਦਾ ਹੈ। ਇਹ ਗਿਆਨ ਸਦਾ ਹੀ ਨਰੋਆ ਰਹਿੰਦਾ ਹੈ, ਹਰ ਹਾਲਤ ਵਿਚ ਨਰੋਆ ਰਹਿੰਦਾ ਹੈ ਇਸੇ ਕਰਕੇ ਹੀ ਗੀਤਾ ਦੇ ਗਿਆਨ ਨੂੰ ਇਕ ਸਦੀਵੀ ਗੀਤ ਕਿਹਾ ਜਾਂਦਾ ਹੈ, ਇਸ ਗੀਤ ਵਿਚ ਸਾਰਾ ਵਿਅਕਤੀਗਤਿ ਗੂੜ੍ਹ ਗਿਆਨ, ਵਿਸ਼ਵ ਗੂੜ੍ਹ ਗਿਆਨ, ਅੰਤਰ ਤੇ ਬਾਹਰ ਦਾ ਸਾਰਾ ਗਿਆਨ ਦਿਤਾ ਗਿਆ ਹੈ। ਗਿਆਨ ਨਾ ਕਿਤੋਂ ਉਪਜਿਆ, ਨਾ ਕਦੀ ਖਤਮ ਹੋ ਸਕਦਾ ਹੈ, ਗਿਆਨ ਸਦੀਵੀ ਹੈ, ਗਿਆਨ ਸੀ, ਗਿਆਨ ਹੈ, ਗਿਆਨ ਰਹੇਗਾ – ਉਨ੍ਹਾਂ ਲਈ ਜਿਹੜੇ ਇਸ ਨੂੰ ਪ੍ਰਾਪਤ ਕਰਨਾ ਚਾਹੁੰਦੇ ਹਨ।

ਜਦੋਂ ਕ੍ਰਿਸ਼ਨ ਜੀ ਬਚਨ ਕਰਦੇ ਹਨ ਕਿ ਉਨ੍ਹਾਂ ਨੇ ਇਹ ਗਿਆਨ ਵਿਵਾਸਵਤ ਨੂੰ ਦਿਤਾ, ਵਿਵਾਸਵਤ ਨੇ ਮਨੂੰ ਨੂੰ ਦਿਤਾ। ਉਹ ਕਹਿੰਦੇ ਹਨ ਕਰਮ ਯੋਗ ਐਨਾ ਸਦੀਵੀ ਹੈ ਜਿੰਨਾਂ ਮਨੁੱਖ, ਸਾਰੇ ਪੁਰਾਣੇ ਰਾਜੇ ਇਸ ਮਾਰਗ ਤੇ ਚਲਦੇ ਸਨ ਤੇ ਸੰਪੂਰਨਤਾ ਪ੍ਰਾਪਤ ਕਰਦੇ ਸਨ, ਕ੍ਰਿਸ਼ਨ ਜੀ ਅਰਜਨ ਨੂੰ ਇਹੀ ਮਾਰਗ ਤੇ ਚਲਣ ਲਈ ਕਹਿ ਰਹੇ ਹਨ ਜਿਸ ਤੇ ਉਨ੍ਹਾਂ ਦੇ ਪੂਰਵਜ ਚਲਦੇ ਰਹੇ। ਸਮਾਂ ਪਾ ਕੇ ਇਹ ਗਿਆਨ ਖਤਮ ਹੋ ਗਿਆ। ਜਦੋਂ ਕੌਮਾਂ ਦਾ ਪਤਨ ਹੁੰਦਾ ਹੈ ਉਸ ਵਿਚ ਲਿਖਤੀ ਚੀਜ਼ਾਂ ਤਾਂ ਬਚ ਜਾਂਦੀਆਂ ਹਨ ਪਰ ਉਨ੍ਹਾਂ ਦਾ ਪ੍ਰੈਕਟੀਕਲ ਭਾਗ ਜਾਂਦਾ ਰਹਿੰਦਾ ਹੈ, ਗਿਆਨ ਕੇਵਲ ਇਕ ਸਿਧਾਂਤ ਬਣ ਕੇ ਰਹਿ ਜਾਂਦਾ ਹੈ। ਸ੍ਰੀ ਕ੍ਰਿਸ਼ਨ ਜੀ ਉਹ ਗਿਆਨ ਅਰਜਨ ਨੂੰ ਦੇ ਰਹੇ ਹਨ ਜਿਹੜਾ ਭੁੱਲ ਚੁਕਿਆ ਹੈ ਸਿਧਾਂਤਕ ਪੱਖੋਂ ਵੀ ਤੇ ਜੀਵਨ ਪੱਖੋਂ ਵੀ, ਇਹੋ ਜਿਹਾ ਗੂੜ੍ਹ ਗਿਆਨ ਇਕ ਬਹੁਤ

ਵੱਡਾ ਗੁਰੂ ਹੀ ਇਕ ਚੰਗੇ ਸਾਧਕ ਨੂੰ ਦਿੰਦਾ ਹੈ

ਅਰਜਨ ਤੋਂ ਪਹਿਲਾਂ ਸਾਰੇ ਰਾਜੇ ਸਦੀਆਂ ਤੋਂ ਇਸੇ ਪਰੰਪਰਾ ਦੇ ਸੀ। ਸ੍ਰੀ ਕ੍ਰਿਸ਼ਨ ਜੀ ਤੇ ਅਰਜਨ ਵੀ ਇਸੇ ਪਰੰਪਰਾ ਤੋਂ ਸਨ, ਪੁਰਾਤਨ ਸਮੇਂ ਵਿਚ ਭਰਤ ਦੇ ਸਮੇਂ ਦੋ ਪਰੰਪਰਾਵਾਂ ਸਨ - ਇਕ ਸੂਰਯ ਵੰਸ਼ੀ ਇਕ ਚੰਦਰ ਵੰਸ਼ੀ। ਇਕ ਆਪਣਾ ਪਿਛੋਕੜ ਸੂਰਜ ਨਾਲ ਦਸਦੇ ਹਨ, ਦੂਸਰਾ ਚੰਦਰਮਾ ਨਾਲ, ਸੂਰਜ ਵੰਸ਼ੀ ਪਰੰਪਰਾ ਸਭ ਤੋਂ ਉਚੀ ਪਰੰਪਰਾ ਮੰਨੀ ਜਾਂਦੀ ਹੈ, ਇਹ ਪਰੰਪਰਾ ਗਿਆਨ ਅਤੇ ਪ੍ਰਕਾਸ਼ ਦੀ ਪਰੰਪਰਾ ਹੈ, ਸੂਰਜ ਚਾਨਣ ਦਾ ਚਿੰਨ ਹੈ, ਸੂਰਜ ਸਭ ਨੂੰ ਚਾਨਣ ਪ੍ਰਦਾਨ ਕਰਦਾ ਹੈ ਕਿਸੇ ਨਾਲ ਕੋਈ ਵਿਤਕਰਾ ਨਹੀਂ ਕਰਦਾ, ਸਭ ਤੋਂ ਉਚਾ ਰਹਿੰਦਾ ਹੈ ਬਿਲਕੁਲ ਨਿਰਲੇਪ, ਪ੍ਰਕਾਸ਼ ਦਿੰਦਿਆਂ ਕਦੀ ਨਹੀਂ ਥਕਦਾ, ਕੇਵਲ ਸੂਰਜ ਦਾ ਪ੍ਰਕਾਸ਼ ਹੀ ਉਸ ਦਾ ਆਪਣਾ ਪ੍ਰਕਾਸ਼ ਹੈ, ਬਾਕੀ ਸਭ ਦਾ ਪ੍ਰਕਾਸ਼, ਸੂਰਜ ਤੋਂ ਆਉਂਦਾ ਹੈ। ਕ੍ਰਿਸ਼ਨ ਜੀ ਜੋ ਕਿ ਇਕ ਅਵਤਾਰ ਹੋਏ ਹਨ ਉਹ ਸੂਰਜ ਵੰਸ਼ ਵਿਚੋਂ ਹੀ ਸਨ, ਉਹ ਅਰਜਨ ਨੂੰ ਆਪਣੀ ਪਰੰਪਰਾ ਬਾਰੇ ਦਸਦੇ ਹਨ। ਤੀਸਰੇ ਅਧਿਆਏ ਵਿਚ ਕ੍ਰਿਸ਼ਨ ਜੀ ਨੇ ਰਾਜਾ ਜਨਕ ਦੀ ਉਦਾਹਰਣ ਦਿਤੀ ਹੈ ਤੇ ਦਸਿਆ ਹੈ ਕਿ ਰਾਜਾ ਜਨਕ ਸੂਰਯ ਵੰਸ਼ੀ ਪਰੰਪਰਾ ਦੀ ਇਕ ਕੜੀ ਸਨ ਤੇ ਅਰਜਨ ਵੀ ਉਸ ਲੜੀ ਵਿਚੋਂ ਹੀ ਹੈ।

ਗਿਆਨ ਦੀਆਂ ਕਿੰਨੀਆਂ ਹੀ ਲੜੀਆਂ ਹਨ ਪਰ ਉਨ੍ਹਾਂ ਦਾ ਸ੍ਰੋਤ ਇਕ ਹੀ ਹੈ। ਜਦੋਂ ਅਸੀਂ ਪਰੰਪਰਾਵਾਂ ਦਾ ਇਤਿਹਾਸ ਪੜ੍ਹਦੇ ਹਾਂ ਅਸੀਂ ਦੇਖਦੇ ਹਾਂ ਪੁਰਾਣੀਆਂ ਪਰੰਪਰਾਵਾਂ ਅੱਜ ਦੇ ਮਾਨਵ ਨੂੰ ਕਦਰਾਂ ਕੀਮਤਾਂ ਦਿੰਦੀਆਂ ਹੀ ਰਹੀਆਂ ਹਨ। ਮਿਸਾਲ ਵਜੋਂ ਯਹੂਦੀਆਂ ਨਾਲ ਕਿੰਨੇ ਅਤਿਆਚਾਰ ਹੋਏ, ਫੇਰ ਵੀ ਯਹੂਦੀਆਂ ਦੀ ਪਰੰਪਰਾ ਅੱਜ ਵੀ ਓਨੀ ਹੀ ਜੀਉਂਦੀ ਜਾਗਦੀ ਹੈ ਜਿਵੇਂ ਪਹਿਲੇ ਸੀ ਕਿਉਂਕਿ ਉਹ ਕੌਮ ਆਪਣੀਆਂ ਪਰੰਪਰਾਵਾਂ ਉਸ ਤਰ੍ਹਾਂ ਹੀ ਮੰਨਦੀ ਆ ਰਹੀ ਹੈ ਜਿਵੇਂ ਪਹਿਲੇ। ਇਹੋ ਜਿਹੀਆਂ ਪਰੰਪਰਾਵਾਂ ਦੇ ਕੁਝ ਖਾਸ ਕਿਸਮ ਦੇ ਗੁਣ ਹੁੰਦੇ ਹਨ, ਉਨ੍ਹਾਂ ਦਾ ਸਭਿਆਚਾਰ ਖਾਸ ਹੁੰਦਾ ਹੈ। ਜਿਹੜੇ ਉਨ੍ਹਾਂ ਦੀ ਕੌਮ ਨੂੰ ਸਦਾ ਹੀ ਉਨ੍ਹਾਂ ਦੇ ਸਦੀਵੀ ਅਸੂਲਾਂ ਤੇ ਉਸਾਰਦਾ ਰਹਿੰਦਾ ਹੈ, ਜਿਹੜੇ ਅਸੂਲ ਉਨ੍ਹਾਂ ਦੇ ਪੂਰਵਜਾਂ ਨੇ ਚਲਾਏ ਹੁੰਦੇ ਹਨ।

ਸ੍ਰੀ ਕ੍ਰਿਸ਼ਨ ਜੀ ਭੂਤ ਭਵਿੱਖ ਤੇ ਵਰਤਮਾਨ ਨੂੰ ਅਨੁਭਵ ਕਰਨ ਦੀ ਸਮਰੱਥਾ ਰਖਦੇ ਹਨ, ਇਹ ਇਕ ਯੋਗਿਕ ਯੋਗਤਾ ਹੈ ਜਿਸ ਰਾਹੀਂ ਤੁਸੀਂ ਅਨੰਤ ਅਨਾਦ ਤਕ ਪਹੁੰਚ ਜਾਂਦੇ ਹੋ। ਜਦੋਂ ਸ੍ਰੀ ਕ੍ਰਿਸ਼ਨ ਜੀ ਕਹਿੰਦੇ ਹਨ ਕਿ ਉਨ੍ਹਾਂ ਨੇ ਇਹ ਗਿਆਨ ਪੂਰਵਜਾਂ ਨੂੰ ਵੀ ਦਿਤਾ ਹੈ, ਭਾਵ ਇਹ ਹੈ ਕਿ ਉਹ ਜਦੋਂ ਅਰਜਨ ਨਾਲ ਬਚਨ ਕਰ ਰਹੇ ਹਨ, ਉਹ ਉਸ ਪ੍ਰਮਾਤਮਾ ਵਿਚ ਲੀਨ ਹੋ ਕੇ ਕਰ ਰਹੇ ਹਨ, ਉਸ ਨਾਲ ਇਕ ਹੋ ਕੇ ਕਰ ਰਹੇ ਹਨ ਜਿਹੜਾ ਨਾ ਕਦੀ ਜਨਮਿਆ ਹੈ ਨਾ ਹੀ ਕਦੇ ਖਤਮ ਹੋਵੇਗਾ, ਉਸ ਦਾ ਨਾ ਕੋਈ ਆਦਿ ਹੈ, ਪਹੁੰਚੇ ਹੋਏ ਮਹਾਂਪੁਰਖ ਭੂਤ ਭਵਿੱਖ ਦੇਖਣ ਦੀ ਸਮਰਥਾ ਰਖਦੇ ਹਨ ਤੇ ਉਹ ਵਿਚ ਦੀਆਂ ਕੜੀਆਂ ਵੀ ਜੋੜਨ ਦੀ ਸਮਰੱਥਾ ਰਖਦੇ

ਹਨ, ਇਸ ਨਾਲ ਉਹ ਭੂਤ, ਵਰਤਮਾਨ ਤੇ ਭਵਿੱਖ ਇਕੋ ਨਦਰ ਨਾਲ ਦੇਖ ਲੈਂਦੇ ਹਨ। ਕ੍ਰਿਸ਼ਨ ਜੀ ਵਾਸਤੇ ਸਭ ਕੁਝ ਹੁਣ ਹੀ ਹੋ ਰਿਹਾ ਹੈ, ਇਥੇ ਹੀ ਹੋ ਰਿਹਾ ਹੈ।

ਕ੍ਰਿਸ਼ਨ ਜੀ ਦਸਦੇ ਹਨ ਅਰਜਨ ਉਨ੍ਹਾਂ ਦਾ ਸ਼ਰਧਾਲੂ ਵੀ ਹੈ ਤੇ ਸਖਾ ਵੀ। ਇਹ ਬੜਾ ਹੀ ਬਚਿਤ੍ਰ ਰਿਸ਼ਤਾ ਹੈ, ਪ੍ਰਮਾਤਮਾ ਤੇ ਸ਼ਰਧਾਲੂ ਵਿਚ ਸ਼ਰਧਾ ਭਾਵ ਹੁੰਦਾ ਹੈ ਪਰ ਮਿਤਰਤਾ ਦਾ ਸ਼ਬਦ ਤਾਂ ਦੋ ਬਰਾਬਰ ਦਿਆਂ ਵਿਚ ਹੀ ਵਰਤਿਆ ਜਾਂਦਾ ਹੈ, ਬਹੁਤ ਵਾਰੀ ਚੇਲੇ ਗੁਰੂਆਂ ਨਾਲ ਗੱਲਬਾਤ ਨਹੀਂ ਕਰ ਸਕਦੇ ਕਿਉਂਕਿ ਉਹ ਡਰਦੇ ਹਨ ਕਿਉਂਕਿ ਉਹ ਖੁਲ੍ਹ ਕੇ ਗੁਰੂ ਨਾਲ ਵਾਰਤਾਲਾਪ ਨਹੀਂ ਕਰ ਸਕਦੇ ਇਸ ਕਰਕੇ ਉਹ ਗੂੜ੍ਹ ਅਰਥ ਵੀ ਨਹੀਂ ਸਮਝ ਸਕਦੇ ਜਿਹੜੇ ਗੁਰੂ ਦਸਦਾ ਹੈ। ਸ਼ਿਸ਼ ਸ਼ਰਧਾਲੂ ਹੁੰਦਾ ਹੈ ਪਰ ਗੁਰੂ ਉਸ ਨੂੰ ਮਿਤਰ ਦੀ ਤਰ੍ਹਾਂ ਇਕ ਸਖਾ ਹੀ ਮੰਨਦਾ ਹੈ ਤਾਂ ਜੋ ਮਿਤ੍ਰ ਭਾਵ ਨਾਲ ਪਿਆਰ ਪ੍ਰੇਮ ਨਾਲ ਸਮਾਨਤਾ ਦਾ ਵਾਤਾਵਰਣ ਬਣ ਸਕੇ, ਪ੍ਰੇਮੀ ਤੇ ਪ੍ਰੇਮਿਕਾ ਦਰਮਿਆਨ ਇਕ ਦੂਰੀ ਬਣੀ ਰਹਿੰਦੀ ਹੈ ਜੇ ਦਇਆ ਤੇ ਸਮਾਨਤਾ ਸਾਂਝੀ ਨਾ ਕੀਤੀ ਜਾਵੇ। ਗੁਰੂ ਮਿਤਰ ਹੁੰਦਾ ਹੈ ਪਰ ਇਹੋ ਜਿਹਾ ਮਿਤਰ ਜੋ ਪੂਰਨ ਸਤਿਕਾਰਯੋਗ ਹੈ। ਕਿਹਾ ਜਾਂਦਾ ਹੈ ਕਿ ਪ੍ਰੇਮੀ ਦੀ ਪਉੜੀ ਦਾ ਪਹਿਲਾ ਡੰਡਾ ਸਤਿਕਾਰ ਹੈ। ਸ਼ਰਧਾ ਪ੍ਰੇਮ ਦੀ ਉਚੀ ਅਵਸਥਾ ਹੈ, ਪ੍ਰੇਮ ਤੇ ਸ਼ਰਧਾ ਪਰਸਪਰ ਗੱਲਬਾਤ ਦਾ ਇਕ ਸੰਪੂਰਨ ਮਿਸ਼ਰਨ ਹੈ। ਸਭ ਤੋਂ ਗੁੱਝੇ ਭੇਦ ਮਿਤਰ ਨੂੰ ਮਿਤਰ ਹੀ ਦੇ ਸਕਦਾ ਹੈ, ਹੁਣ ਤਕ ਸ੍ਰੀ ਕ੍ਰਿਸ਼ਨ ਜੀ ਨੇ ਗਿਆਨ ਯੋਗ ਤੇ ਕਰਮ ਯੋਗ ਦਾ ਗਿਆਨ ਹੀ ਦਿਤਾ ਹੈ, ਹੁਣ ਉਹ ਕਰਮ ਫਲ ਤਿਆਗਣ ਦਾ ਗੁੱਝਾ ਗਿਆਨ ਦੇ ਕੇ ਖੁਸ਼ੀਆਂ ਪ੍ਰਾਪਤ ਕਰਨ ਦਾ ਗਿਆਨ ਦਸ ਰਹੇ ਹਨ। ਗੂੜ੍ਹਾ ਤੇ ਉਚਾ ਗਿਆਨ ਕੇਵਲ ਪਿਆਰ ਪਾਤਰ ਸ਼ਿਸ਼ਾਂ ਨੂੰ ਹੀ ਦਿਤਾ ਜਾਂਦਾ ਹੈ ਕਿਉਂਕਿ ਇਹੋ ਜਿਹਾ ਗਿਆਨ ਆਮ ਜੀਵ ਨਹੀਂ ਸਮਝ ਸਕਦੇ।

4. ਅਰਜਨ ਕਹਿੰਦਾ ਹੈ, ਮੈਂ ਇਹ ਕਿਸ ਤਰ੍ਹਾਂ ਮੰਨ ਜਾਵਾਂ ਤੁਸੀਂ ਇਹ ਗਿਆਨ ਵਿਵਸਤਵ ਨੂੰ ਦਿਤਾ, ਤੁਹਾਡਾ ਜਨਮ ਵਿਵਸਤਵ ਤੋਂ ਕਿਤੇ ਬਾਹਦ ਵਿਚ ਹੋਇਆ।

5. ਕ੍ਰਿਸ਼ਨ ਜੀ ਬਚਨ ਕਰਦੇ ਹਨ, ਅਰਜਨ! ਤੇਰੇ ਤੇ ਮੇਰੇ ਕਈ ਜਨਮ ਹੋ ਚੁੱਕੇ ਹਨ, ਮੈਨੂੰ ਉਨ੍ਹਾਂ ਸਾਰਿਆਂ ਦਾ ਗਿਆਨ ਹੈ ਪਰ ਤੈਨੂੰ ਨਹੀਂ, ਹੇ ਪਰੋਤਪ।

6. ਮੈਂ ਅਜਰ ਹਾਂ, ਅਮਰ ਹਾਂ, ਅਬਿਨਾਸ਼ੀ ਹਾਂ, ਆਤਮਾ ਹਾਂ, ਪਰਮਾਤਮਾ ਹਾਂ ਫੇਰ ਵੀ ਆਪਣੀ ਮਾਇਆ ਨਾਲ ਪ੍ਰਕ੍ਰਿਤੀ ਨਾਲ ਪ੍ਰਗਟ ਹੁੰਦਾ ਹਾਂ।

ਹੁਣ ਅਰਜਨ ਸਮਝ ਜਾਂਦਾ ਹੈ ਕਿ ਜੋ ਗਿਆਨ ਸ੍ਰੀ ਕ੍ਰਿਸ਼ਨ ਉਸ ਨੂੰ ਦੇ ਰਹੇ ਹਨ, ਉਹ ਪਰੰਪਰਾਗਤ ਹੈ ਤੇ ਲੰਮੇ ਸਮੇਂ ਤੋਂ ਇਸ ਤਰ੍ਹਾਂ ਹੀ ਚਲਿਆ ਆ ਰਿਹਾ ਹੈ, ਪਰ ਅਰਜਨ ਦਾ ਮਨ ਘਬਰਾ ਜਾਂਦਾ ਹੈ, ਅਵਿਵਸਥ ਹੋ ਜਾਂਦਾ ਹੈ, ਇਹ ਸੁਣ ਕੇ ਇਹ ਗਿਆਨ ਕ੍ਰਿਸ਼ਨ ਜੀ ਨੇ

ਵਿਵਾਸਵਤ ਨੂੰ ਵੀ ਦਿਤਾ ਸੀ, ਉਹ ਹੈਰਾਨ ਹੈ ਤੇ ਸੋਚਦਾ ਹੈ। ਮੇਰੇ ਗੁਰੂ ਮੇਰੇ ਸਾਮ੍ਹਣੇ ਖੜ੍ਹੇ ਹਨ। ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਉਨ੍ਹਾਂ ਨੇ ਵਿਵਾਸਵਤ ਨੂੰ ਗਿਆਨ ਦਿਤਾ ਹੋਵੇ, ਜੋ ਹਜ਼ਾਰਾਂ ਸਾਲ ਪਹਿਲਾਂ ਹੋਏ ਹਨ? ਅਰਜਨ ਘਬਰਾਇਆ ਪਿਆ ਹੈ, ਹੈ ਵੀ ਸੱਚੀ ਘਬਰਾਹਟ। ਅਰਜਨ ਕਹਿੰਦਾ ਹੈ, "ਹੇ ਪ੍ਰਭੂ! ਤੁਸੀਂ ਹੁਣ ਮੌਜੂਦ ਹੋ ਅਤੇ ਵਿਵਾਸਵਤ ਕਿਤੇ ਪਹਿਲਾਂ ਹੋਏ ਹਨ, ਮੈਂ ਇਹ ਕਿਸ ਤਰ੍ਹਾਂ ਮੰਨਾਂ? ਅਰਜਨ ਦਾ ਅਗਿਆਨ ਦੂਰ ਕਰਨ ਲਈ ਪਿਛਲੇ ਜਨਮਾਂ ਬਾਰੇ ਦਸਦੇ ਉਹ ਕਹਿੰਦੇ ਹਨ, ਹੇ ਅਰਜਨ! ਇਸ ਗੱਲ ਨੂੰ ਤੂੰ ਨਹੀਂ ਜਾਣਦਾ, ਮੈਂ ਜਾਣਦਾ ਹਾਂ, ਆਤਮਾ ਅਮਰ ਹੈ, ਨਾ ਆਤਮਾ ਜੰਮਦੀ ਹੈ ਨਾ ਮਰਦੀ ਹੈ, ਮੈਂ ਆਤਮਾ ਹਾਂ, ਮੈਂ ਵਿਸ਼ਵ ਦਾ ਸਿਰਜਨਹਾਰ ਹਾਂ, ਸਭ ਵਿਚ ਵਸਦਾ ਹਾਂ, ਮੇਰਾ ਪ੍ਰਕ੍ਰਿਤੀ ਤੇ ਪੂਰਾ ਕਾਬੂ ਹੈ, ਮੈਂ ਆਪਣੀ ਇੱਛਾ ਸ਼ਕਤੀ ਨਾਲ ਜਦੋਂ ਚਾਹਾਂ ਜਨਮ ਲੈਂਦਾ ਹਾਂ, ਮੈਂ ਕਰਮਾਂ ਦਾ ਬੱਧਾ ਜਨਮ ਨਹੀਂ ਲੈਂਦਾ। ਜੰਮਣ ਮਰਨ ਦੇ ਚੱਕਰ ਨੂੰ ਅਮਰ ਆਤਮਾ ਨਾਲ ਤੁਲਨਾ ਨਹੀਂ ਦਿਤੀ ਜਾ ਸਕਦੀ, ਪਰ ਮਨੁੱਖ ਜੰਮਦਾ ਤੇ ਮਰਦਾ ਹੈ, ਉਹ ਕਰਮਾਂ ਦਾ ਬੱਧਾ ਹੈ, ਆਮ ਮਨੁੱਖ ਇਹ ਗੱਲ ਸਮਝ ਨਹੀਂ ਸਕਦਾ, ਸੰਤਾਂ ਲਈ ਇਹ ਸਮਝਣਾ ਕੋਈ ਔਖਾ ਨਹੀਂ।

ਮਹਾਤਮਾ ਇਸ ਗੱਲ ਨੂੰ ਜਾਣਦੇ ਹਨ ਕਿ ਭੂਤ ਭਵਿੱਖ ਤੇ ਵਰਤਮਾਨ ਕੇਵਲ ਇਕ ਲੜੀ ਦੀਆਂ ਕੜੀਆਂ ਹਨ, ਇਹ ਇਕ ਦੂਸਰੇ ਨਾਲ ਜੁੜੀਆਂ ਹੋਈਆਂ ਹਨ, ਸੰਤਾਂ ਲਈ ਭੂਤ ਭਵਿੱਖ ਇਕੋ ਹੀ ਹਨ, ਹੁਣੇ ਇਥੇ ਹੀ ਹਨ, ਸਾਡੇ ਕੋਲ ਕੋਈ ਤਰੀਕਾ ਨਹੀਂ ਅਸੀਂ ਜੰਮਣ ਮਰਨ ਦਾ ਰਹੱਸ ਜਾਣ ਸਕੀਏ, ਭੂਤ ਭਵਿੱਖ ਨੂੰ ਜਾਣ ਸਕੀਏ ਪਰ ਜਿਨ੍ਹਾਂ ਨੂੰ ਗਿਆਨ ਹੋ ਗਿਆ ਹੈ ਉਨ੍ਹਾਂ ਲਈ ਜੰਮਣ ਮਰਨ ਦਾ ਗੇੜ ਸਮਝਣਾ ਕੋਈ ਔਖਾ ਨਹੀਂ।

ਸੰਸਾਰ ਦੀਆਂ ਬਹੁਤ ਸਾਰੀਆਂ ਅਧਿਆਤਮਕ ਪ੍ਰਣਾਲੀਆਂ ਜੰਮਣ ਮਰਨ ਦੀ ਫਿਲੋਸਫੀ ਵਿਚ ਵਿਸ਼ਵਾਸ਼ ਰਖਦੀਆਂ ਹਨ, ਜਿਹੜੇ ਨਹੀਂ ਮੰਨਦੇ ਉਹ ਬਹੁਤ ਸਵਾਲ ਕਰਦੇ ਹਨ ਤੇ ਬੜੇ ਗੰਭੀਰ ਪ੍ਰਸ਼ਨ ਹੁੰਦੇ ਹਨ ਉਨ੍ਹਾਂ ਦੇ ਜਿਵੇਂ ਸਾਨੂੰ ਜੰਮਣ ਲਈ ਕਿਉਂ ਮਜ਼ਬੂਰ ਕੀਤਾ ਜਾਂਦਾ ਹੈ? ਕੀ ਜਨਮ ਕੇਵਲ ਇਕ ਹਾਦਸਾ ਹੈ, ਇਸ ਦਾ ਕਾਰਨ ਕੋਈ ਨਹੀਂ? ਕੀ ਜਨਮ ਪਰਮਾਤਮਾ ਦੀ ਜ਼ਿੰਮੇਵਾਰੀ ਹੈ? ਉਨ੍ਹਾਂ ਦੀ ਕ੍ਰਿਪਾ ਹੈ, ਕਰਤੇ ਦੀ ਕ੍ਰਿਪਾ ਹੈ ਜਿਨ੍ਹਾਂ ਪਰੰਪਰਾਵਾਂ ਵਿਚ ਜੰਮਣ ਮਰਨ ਦੇ ਚੱਕਰ ਵਿਚ ਵਿਸ਼ਵਾਸ਼ ਨਹੀਂ ਉਨ੍ਹਾਂ ਕੋਲ ਇਸ ਦਾ ਕੋਈ ਤਸੱਲੀਬਖਸ਼ ਉਤਰ ਨਹੀਂ ਹੈ, ਆਮ ਮਨੁੱਖ ਧਰਮ ਦੇ ਹੁਕਮ ਨੂੰ ਹੀ ਜਾਂ ਗ੍ਰੰਥਾਂ ਨੂੰ ਹੀ ਅਤਿ ਸ਼ਰਧਾ ਨਾਲ ਮੰਨਦੇ ਹਨ। ਇਹ ਤਾਂ ਬੁਧੀਜੀਵੀਆਂ ਦੀ ਤੇ ਪ੍ਰਸ਼ਨ ਕਰਨ ਵਾਲਿਆਂ ਦੀ ਹੀ ਮੰਗ ਹੈ ਕਿ ਇਸ ਦਵੰਦ ਦਾ ਉਤਰ ਕੀ ਤੇ ਕਿਵੇਂ ਦਿਤਾ ਜਾਵੇ ਜਿਵੇਂ ਕਿ ਮੈਂ ਕਿਥੋਂ ਆਇਆ ਹਾਂ? ਮੈਂ ਕਿਉਂ ਆਇਆ ਹਾਂ? ਮੇਰਾ ਜੀਵਨ ਮਨੋਰਥ ਕੀ ਹੈ? ਮੈਂ ਕਿਥੇ ਜਾਵਾਂਗਾ? ਇਨ੍ਹਾਂ ਪ੍ਰਸ਼ਨਾਂ ਦੀ ਠੀਕ ਉਤਰ ਕੇਵਲ ਜੰਮਣ ਮਰਨ ਦੀ ਫਿਲੋਸਫੀ ਹੀ ਦੇ ਸਕਦੀ ਹੈ।

ਬਹੁਤ ਸਾਰੇ ਪੱਛਮੀ ਲੋਕੀ ਬਹੁਤ ਸੰਕੋਚ ਵਿਚ ਆ ਜਾਂਦੇ ਹਨ ਜਦੋਂ

ਉਨ੍ਹਾਂ ਨਾਲ ਜੰਮਣ ਮਰਨ ਦੀ ਫਿਲੋਸਫੀ ਤੇ ਗੱਲ ਕਰੋ, ਉਹ ਇਸ ਨੂੰ ਪੁਰਾਣੀ ਕਲਪਿਤ ਭੂਤਾਂ ਪ੍ਰੇਤਾਂ ਦੀ ਧਾਰਨਾ ਹੀ ਮੰਨਦੇ ਹਨ। ਉਹ ਇਸ ਦੀਆਂ ਕਮੀਆਂ ਗੁਣ ਨਿਰਪੇਖ ਹੋ ਕੇ ਨਹੀਂ ਦੇਖ ਸਕਦੇ, ਉਹ ਤਾਂ ਜੰਮਣ ਮਰਨ ਦੇ ਵਿਚਾਰ ਤੋਂ ਹੀ ਵਿਰੋਧੀ ਹਨ। ਉਹ ਇਸ ਬਾਰੇ ਕੁਝ ਸੁਣਨਾ ਹੀ ਨਹੀਂ ਚਾਹੁੰਦੇ, ਇਹ ਹਉਮੈ ਦੀ ਅਤਿ ਹੈ ਜਦੋਂ ਤੁਸੀਂ ਕਿਸੇ ਗਿਆਨ ਨੂੰ, ਕਿਸੇ ਚੀਜ਼ ਨੂੰ ਵੀ ਨਿਰਪੇਖ ਹੋ ਕੇ ਨਾ ਦੇਖੋ ਤੇ ਆਪਣੇ ਗਿਆਨ ਦਾ ਦਾਇਰਾ ਨਾ ਵਧਾਉਣਾ ਚਾਹੋ, ਬਹੁਤ ਸਾਰੇ ਪੱਛਮੀ ਨਾ ਦਿਸਦੇ ਪ੍ਰਭੂ ਤੋਂ ਡਰਦੇ ਹਨ, ਭਾਵੇਂ ਜੋ ਦਿਸਦਾ ਹੈ ਉਹ ਉਸ ਕੋਲੋਂ ਵੀ ਖੁਸ਼ ਨਹੀਂ ਹਨ, ਉਨ੍ਹਾਂ ਦੀ ਅਸੁਰਖਿਅਤਾ ਦਾ ਅਭਾਸ ਉਨ੍ਹਾਂ ਦੇ ਹਉਮੈ ਨੂੰ ਹੋਰ ਪੱਕਾ ਕਰਦਾ ਹੈ, ਇਹ ਚੱਕਰ ਇਸ ਤਰ੍ਹਾਂ ਹੀ ਚਲਦਾ ਰਹਿੰਦਾ ਹੈ।

ਬਹੁਤ ਸਾਰੇ ਪੱਛਮੀ ਦਾਰਸ਼ਨਕ ਜਿਵੇਂ ਕਿ ਅਫਲਾਤੂਨ (Plato) ਸ਼ਾਪਨਹਾਰ (Schopenhaur) ਕਾਂਟ (Kant) ਹੀਗਲ (Hegel) ਇਹ ਸਭ ਆਵਾਗੌਣ ਦੇ ਚਕਰ ਨੂੰ ਮੰਨਦੇ ਸਨ, ਬਹੁਤ ਸਾਰੇ ਤੁਹਾਨੂੰ ਇਹੋ ਜਿਹੇ ਮਿਲ ਜਾਣਗੇ ਜਿਹੜੇ ਤੁਹਾਨੂੰ ਪਿਛਲੇ ਜਨਮਾਂ ਬਾਰੇ ਦਸ ਦੇਣਗੇ। ਆਵਾਗੌਣ ਦੇ ਗੇੜ ਨੂੰ ਬਹਿਸਾਂ ਨਾਲ ਸਾਬਤ ਨਹੀਂ ਕੀਤਾ ਜਾ ਸਕਦਾ, ਇਹ ਤਾਂ ਆਤਮ ਸਾਧਨਾ ਦਾ ਵਿਸ਼ਾ ਹੈ। ਜਦੋਂ ਤੁਸੀਂ ਚੇਤਨਤਾ ਦੀ ਉਚੇਰੀ ਅਵਸਥਾ ਤੇ ਪਹੁੰਚ ਜਾਂਦੇ ਹੋ ਤਾਂ ਪੁਰਾਣੀਆਂ ਯਾਦਾਂ ਤੇ ਭੂਤ ਕਾਲ ਦੇ ਵਿਸ਼ੇ ਆਪਣੇ ਆਪ ਅੱਗੇ ਆਉਣ ਲਗ ਪੈਂਦੇ ਹਨ।

ਅੱਜ ਦੇ ਸਮੇਂ ਲੱਖਾਂ ਹੀ ਲੋਕ ਹਨ ਜਿਹੜੇ ਬਾਹਰੀ ਸੰਸਾਰ ਵਲ ਖਿਚੇ ਪਏ ਹਨ, ਭੋਗਾਂ ਦੇ ਬੱਧੇ ਪਏ ਹਨ, ਪਰ ਵਿਰਲੇ ਹੀ ਬ੍ਰਹਮਗਿਆਨੀ ਹਨ, ਗੁਰੂ ਹਨ। ਅਜ ਦੇ ਸੰਸਾਰ ਦਾ ਹਾਲ ਤਾਂ ਇਹ ਹੈ ਕਿ ਅੰਨੇ ਅੰਨ੍ਹਿਆਂ ਦੇ ਆਗੂ ਬਣੇ ਪਏ ਹਨ, ਮਰਨ ਜੰਮਣ ਦਾ ਰਹੱਸ ਆਮ ਲੋਕਾਂ ਨੂੰ ਪਤਾ ਨਹੀਂ ਲਗ ਸਕਦਾ, ਕੇਵਲ ਸੰਤ ਮਹਾਤਮਾ ਹੀ ਇਸ ਭੇਦ ਨੂੰ ਜਾਣਦੇ ਹਨ, ਆਮ ਮਨੁੱਖ ਜੰਮਣ ਮਰਨ ਦੀ ਪੀੜਾ ਅਨੁਭਵ ਕਰਦਾ ਹੈ ਪਰ ਪੁਜੀਆਂ ਰੂਹਾਂ ਤੇ ਕ੍ਰਿਸ਼ਨ ਜੀ ਜਿਹੀਆਂ ਹਸਤੀਆਂ ਤਾਂ ਸਮਰਥ ਹਨ, ਉਹ ਇਨ੍ਹਾਂ ਗੱਲਾਂ ਤੋਂ ਬਹੁਤ ਉਚੇ ਹਨ। ਇਹ ਪੁਜੀਆਂ ਹਸਤੀਆਂ ਵੱਖ-ਵੱਖ ਸਮੇਂ ਵਖਰੇ-ਵਖਰੇ ਚੋਲੇ ਪਾ ਕੇ ਲੋਕਾਂ ਨੂੰ ਸੰਦੇਸ਼ ਦੇਣ ਆਉਂਦੇ ਹਨ, ਇਹੋ ਜਿਹੇ ਅਵਤਾਰ ਆਪਣੀ ਇੱਛਾ ਅਨੁਸਾਰ ਹੀ ਜਨਮ ਲੈਂਦੇ ਹਨ। ਇਹ ਪੂਰੀ ਤਰ੍ਹਾਂ ਪਹੁੰਚੀਆਂ ਹਸਤੀਆਂ ਹੁੰਦੀਆਂ ਹਨ, ਪ੍ਰਮਾਤਮਾ ਨਾਲ ਇਕ ਹੋਈਆਂ ਹਸਤੀਆਂ। ਆਮ ਮਨੁੱਖਾਂ ਦਾ ਜੰਮਣ ਮਰਨ ਵਾਸ਼ਨਾਵਾਂ ਦਾ ਬਧਾ ਹੁੰਦਾ ਹੈ, ਆਮ ਮਨੁੱਖਾਂ ਦਾ ਮਨ ਸੰਸਾਰਕ ਇਛਾਵਾਂ ਵਿਚ ਉਲਝਿਆ ਰਹਿੰਦਾ ਹੈ ਪਰ ਪੁਜੇ ਹੋਏ ਤਾਂ ਤਿੰਨ ਗੁਣਾਂ ਤੋਂ ਉਪਰ ਹੁੰਦੇ ਹਨ ਅਤੇ ਇਛਾਵਾਂ ਤੋਂ ਮੁਕਤ ਹੁੰਦੇ ਹਨ।

ਮਰਨਾ ਤਾਂ ਜੀਵ ਦਾ ਸੁਭਾਅ ਹੈ, ਇਕ ਬਦਲਾਵ ਹੈ, ਇਹ ਪੂਰਾ ਵਿਨਾਸ਼ ਨਹੀਂ ਹੈ, ਇਹ ਤਾਂ ਇਸ ਤਰ੍ਹਾਂ ਹੈ ਜਿਵੇਂ ਅਸੀਂ ਕਿਸੇ ਕਿਲ੍ਹੇ ਦੇ ਇਕ ਬੂਹੇ ਤੋਂ ਬਾਹਰ ਨਿਕਲੀਏ ਤੇ ਦੂਸਰੇ ਬੂਹੇ ਤੋਂ ਫੇਰ ਅੰਦਰ ਆ ਜਾਈਏ, ਮਰਨ ਦਾ ਦੁਖ ਉਨ੍ਹਾਂ ਨੂੰ ਹੁੰਦਾ ਹੈ ਜਿਹੜੇ ਜੀਵਨ ਨੂੰ ਪਕੜ ਕੇ ਰਖਣਾ

ਚਾਹੁੰਦੇ ਹਨ ਤੇ ਸੰਸਾਰਕ ਲੋਭਾਂ ਵਿਚ ਫਸੇ ਰਹਿਣਾ ਚਾਹੁੰਦੇ ਹਨ। ਮੌਤ ਕੋਈ ਡਰਾਵਣੀ ਨਹੀਂ ਹੈ, ਕੋਈ ਦੁਖਦਾਈ ਨਹੀਂ ਹੈ, ਮਰਨ ਦਾ ਡਰ ਵਧੇਰੇ ਦੁਖਦਾਈ ਤਾਂ ਹੁੰਦਾ ਹੈ ਜਦੋਂ ਇਸ ਦਾ ਅਨੁਭਵ ਤੁਸੀਂ ਕਰਦੇ ਰਹਿੰਦੇ ਹੋ। ਇਸ ਡਰ ਦਾ ਕੋਈ ਕਾਰਨ ਨਹੀਂ ਹੈ, ਪਰ ਆਮ ਮਨੁੱਖ ਇਸ ਨੂੰ ਜਾਣ ਨਹੀਂ ਸਕਦਾ, ਜੇ ਤੁਸੀਂ ਮੌਤ ਦੇ ਡਰ ਨੂੰ ਜਾਨਣ ਦੀ ਕੋਸ਼ਿਸ਼ ਕਰੋ ਤਾਂ ਸਮਝ ਜਾਓਗੇ ਕਿ ਜੋ ਹੋਣਾ ਹੈ ਜੋ ਵਾਪਰਨਾ ਹੀ ਹੈ ਉਸ ਨੂੰ ਮੰਨ ਲੈਣਾ ਚਾਹੀਦਾ ਹੈ ਉਸ ਨਾਲ ਸਮਝੌਤਾ ਕਰ ਲੈਣਾ ਚਾਹੀਦਾ ਹੈ, ਡਰ ਦੀ ਕੋਈ ਲੋੜ ਨਹੀਂ। ਜਿਹੜੀ ਚੀਜ਼ ਤੁਸੀਂ ਪ੍ਰਾਪਤ ਕਰਨਾ ਚਾਹੁੰਦੇ ਹੋ ਉਹ ਨਹੀਂ ਕਰ ਰਹੇ, ਉਸ ਦਾ ਡਰ ਹੋਣਾ ਸੁਭਾਵਿਕ ਹੈ, ਜੋ ਹੈ ਉਸ ਨੂੰ ਗੁਆਉਣ ਦਾ ਡਰ, ਵਿਛੜਨ ਦਾ ਡਰ, ਮੌਤ ਦਾ ਡਰ, ਜੋ ਪਤਾ ਨਹੀਂ ਉਸ ਦਾ ਡਰ ਤੇ ਹੋਰ ਕਿੰਨੇ ਸਾਰੇ ਡਰ ਹਨ, ਜਿਹੜੇ ਮਾਨਸਿਕ ਮਨ ਦੇ ਅੰਦਰ ਰਹਿੰਦੇ ਹਨ ਤੇ ਇਹ ਡਰ ਜੀਵਨ ਮਨੋਰਥ ਨੂੰ ਹਰਾ ਦਿੰਦੇ ਹਨ। ਪੁਰਾਤਨ ਮਨੁੱਖ ਜਾਣਦੇ ਸਨ ਕਿ ਆਤਮ ਸੰਭਾਲ ਦਾ ਸੰਵੇਦ ਭੈ ਪੈਦਾ ਕਰਦਾ ਹੈ, ਉਹ ਆਪਣੇ ਸ਼ਿਸ਼ਾਂ ਨੂੰ ਭੈ ਤੇ ਕਾਬੂ ਪਾ ਕੇ ਜੀਉਣਾ ਸਿਖਾਉਂਦੇ ਸਨ, ਭੈ ਆਪਣਾ ਬਣਾਇਆ ਹੁੰਦਾ ਹੈ ਅਤੇ ਉਹ ਜੀਵਨ ਵਿਚ ਕਿਸੇ ਵਸਤੂ ਨੂੰ ਮਾਨਣ ਨਹੀਂ ਦਿੰਦਾ, ਭੈ ਜੀਵਨ ਦੀਆਂ ਖੁਸ਼ੀਆਂ ਹਰ ਪੱਧਰ ਤੇ ਸੰਵੇਦ ਪਧਰ ਤੇ, ਮਾਨਸਿਕ ਪੱਧਰ ਤੇ ਅਚੇਤ ਪੱਧਰ ਤੇ ਖਤਮ ਕਰ ਦਿੰਦਾ ਹੈ। ਜਦੋਂ ਭੈ ਅਚੇਤ ਵਿਚ ਵਾਸਾ ਕਰ ਲੈਂਦਾ ਹੈ ਤਾਂ ਉਸ ਦਾ ਉਥੋਂ ਨਿਕਲਣਾ ਔਖਾ ਹੁੰਦਾ ਹੈ, ਅੱਜ ਅਰਜਨ ਨੇ ਭੈ ਕਾਰਨ ਦੁਖ ਪਾਇਆ ਪਰ ਕ੍ਰਿਸ਼ਨ ਜੀ ਨੇ ਅਰਜਨ ਨੂੰ ਉਸ ਭੈ ਵਿਚੋਂ ਕੱਢਿਆ ਤੇ ਗਿਆਨ ਦਿਤਾ।

ਜਦੋਂ ਗੁਰੂ ਤਿੰਨ ਸਰੀਰਾਂ ਦਾ ਗਿਆਨ ਦਿੰਦਾ ਹੈ (ਬਾਹਰੀ ਸਰੀਰ, ਸੂਖਸ਼ਮ ਸਰੀਰ ਤੇ ਕਾਰਨਵਾਦੀ ਸਰੀਰ) ਸ਼ਿਸ਼ ਇਹ ਸਮਝ ਜਾਂਦਾ ਹੈ ਕਿ ਬਾਹਰੀ ਸਥੂਲ ਸਰੀਰ ਕੇਵਲ ਥੋੜ੍ਹੇ ਸਮੇਂ ਲਈ ਹੀ ਰਹਿੰਦਾ ਹੈ ਤੇ ਇਹ ਕੇਵਲ ਜੰਮਣ ਤੋਂ ਮਰਨ ਤਕ ਹੁੰਦਾ ਹੈ, ਸੂਖਸ਼ਮ ਸਰੀਰ ਅਚੇਤ ਮਨ ਦੇ ਪ੍ਰਭਾਵ ਹੁੰਦੇ ਹਨ, ਇਸ ਵਿਚ ਸੰਸਕਾਰ ਤੇ ਹਰ ਤਰ੍ਹਾਂ ਦੇ ਪ੍ਰਭਾਵ ਹੁੰਦੇ ਹਨ, ਚੰਗੇ ਵੀ ਮੰਦੇ ਵੀ। ਸੂਖਸ਼ਮ ਸਰੀਰ ਉਦੋਂ ਤਕ ਰਹਿੰਦਾ ਹੈ ਜਦੋਂ ਤਕ ਇਹ ਪ੍ਰਭਾਵ ਰਹਿੰਦੇ ਹਨ। ਕਾਰਣ ਸਰੀਰ ਦੇਰ ਤਕ ਰਹਿੰਦਾ ਹੈ। ਇਹ ਗੁਪਤ ਪ੍ਰਭਾਵਾਂ ਦੇ ਉਨ੍ਹਾਂ ਸੰਸਕਾਰਾਂ ਦਾ ਬਣਦਾ ਹੈ ਜਿਹੜੇ ਅਚੇਤ ਮਨ ਵਿਚ ਸੁਤੇ ਰਹਿੰਦੇ ਹਨ ਜਿਨ੍ਹਾਂ ਨੂੰ ਤਿੰਨ ਸਰੀਰਾਂ ਦਾ ਗਿਆਨ ਨਹੀਂ, ਉਹ ਕੇਵਲ ਬਾਹਰੀ ਸਰੀਰ ਨਾਲ ਹੀ ਆਪਣੇ ਆਪ ਨੂੰ ਜੋੜਦੇ ਹਨ, ਪਰ ਜਿਹੜੇ ਜਗਿਆਸੂ ਇਨ੍ਹਾਂ ਤਿੰਨਾਂ ਸਰੀਰਾਂ ਨੂੰ ਜਾਣਦੇ ਹਨ, ਉਹ ਇਹ ਸਮਝਦੇ ਹਨ ਕਿ ਹੱਡ ਮਾਸ ਦੇ ਸਰੀਰ ਪਿਛੇ ਸੂਖਸ਼ਮ ਅਤੇ ਕਾਰਨ ਸਰੀਰ ਵੀ ਹਨ।

ਯੋਗੀ ਇਨ੍ਹਾਂ ਤਿੰਨਾਂ ਸਰੀਰਾਂ ਤੋਂ ਪਰ੍ਹੇ ਜਾਂਦੇ ਹਨ, ਉਹ ਸਮੇਂ ਦੀਆਂ ਸੀਮਾ ਪਾਰ ਕਰ ਲੈਂਦੇ ਹਨ, ਉਹ ਆਪਣੇ ਗਿਆਨ ਰਾਹੀਂ ਭੂਤ ਭਵਿੱਖ ਵਰਤਮਾਨ ਬਿਲਕੁਲ ਏਵੇਂ ਹੀ ਦੇਖ ਲੈਂਦੇ ਹਨ ਜਿਵੇਂ ਅਸੀਂ ਸਾਮ੍ਹਣੇ ਪਈ ਚੀਜ਼ ਦੇਖ ਲੈਂਦੇ ਹਾਂ, ਉਹ ਭੂਤ ਭਵਿੱਖ ਤੇ ਵਰਤਮਾਨ ਦਾ ਅਨੁਭਵ ਬਿਲਕੁਲ ਇਸ ਤਰ੍ਹਾਂ ਹੀ ਕਰਦੇ ਹਨ ਜਿਵੇਂ ਆਮ ਮਨੁੱਖ ਵਰਤਮਾਨ ਤੇ

ਥੋੜ੍ਹੀ ਚਿਰ ਦੇ ਪਿਛੋਕੜ ਨੂੰ ਅਨੁਭਵ ਕਰਦੇ ਹਾਂ। ਕ੍ਰਿਸ਼ਨ ਜੀ ਉਹ ਸਭ ਕੁਝ ਜਾਣਦੇ ਹਨ, ਉਹ ਉਸ ਵਿਦਿਆ ਦੇ ਗਿਆਤਾ ਹਨ ਜਿਸ ਨਾਲ ਸਭ ਕੁਝ ਜਾਣਿਆ ਜਾ ਸਕਦਾ ਹੈ। ਅਰਜਨ ਕੇਵਲ ਸਰੀਰ ਦਾ ਗਿਆਤਾ ਹੈ ਤੇ ਸਰੀਰ ਦਾ ਰਿਸ਼ਤਾ ਬਾਹਰੀ ਸੰਸਾਰ ਨਾਲ ਹੁੰਦਾ ਹੈ, ਸੰਸਾਰ ਨਾਲ ਪਿਆਰ, ਸਰੀਰ ਨਾਲ ਪਿਆਰ, ਸੰਸਾਰ ਦੇ ਪਦਾਰਥਾਂ ਨਾਲ ਪਿਆਰ ਬਹੁਤ ਹੀ ਇਕ ਘਟੀਆ ਦਰਜੇ ਦਾ ਪਿਆਰ ਹੈ, ਇਹ ਵਿਨਾਸ਼ੀ ਹੈ, ਅਰਜਨ ਸੂਖਸ਼ਮ ਸਰੀਰ ਤੋਂ ਜਾਣੂੰ ਨਹੀਂ। ਇਸ ਲਈ ਉਹ ਭੂਤ ਨੂੰ ਯਾਦ ਨਹੀਂ ਕਰ ਸਕਦਾ, ਉਸ ਨੂੰ ਸਾਮ੍ਹਣੇ ਨਹੀਂ ਲਿਆ ਸਕਦਾ। ਮੂਰਖ ਲੋਕ ਭਰਮੇ ਰਹਿੰਦੇ ਹਨ ਤੇ ਦੁਖ ਭੋਗਦੇ ਹਨ ਪਰ ਕ੍ਰਿਸ਼ਨ ਜੀ ਵਰਗੇ ਯੋਗੀ ਪੂਰਾ ਗਿਆਨ ਰਖਦੇ ਹਨ ਉਹ ਸਾਰੇ ਭੂਤਕਾਲ ਦੇ ਜਨਮ ਜਾਣਦੇ ਹਨ।

7. ਹੇ ਭਾਰਤ, ਜਦੋਂ ਜਦੋਂ ਹੀ ਧਰਮ ਦੀ ਗਿਲਾਨੀ ਹੋਵੇਗੀ, ਅਧਰਮ ਫੈਲੇਗਾ ਉਦੋਂ ਉਦੋਂ ਹੀ ਮੈਂ ਆਉਂਦਾ ਹਾਂ।

8. ਧਰਮੀਆ ਦੀ ਰੱਖਿਆ ਕਰਨ ਲਈ, ਦੁਸ਼ਟਾਂ ਦਾ ਨਾਸ਼ ਕਰਨ ਲਈ, ਧਰਮ ਨੂੰ ਮੁੜ ਸਥਾਪਿਤ ਕਰਨ ਲਈ, ਮੈਂ ਮੁੜ-ਮੁੜ ਕੇ ਯੁਗਾਂ ਯੁਗਾਂ ਵਿਚ ਅਵਤਾਰ ਧਾਰਦਾ ਹਾਂ।

ਜਦੋਂ ਧਰਮ ਨੂੰ ਭੁੱਲ ਕੇ ਆਪਣੀ ਡੀਊਟੀ ਨਹੀਂ ਕੀਤੀ ਜਾਂਦੀ, ਜਿਹੜੇ ਧਰਮ ਦੀ ਪਾਲਨਾ ਕਰਦੇ ਹਨ, ਡਿਊਟੀ ਨਿਭਾਉਂਦੇ ਹਨ ਉਨ੍ਹਾਂ ਨੂੰ ਸਤਾਇਆ ਜਾਂਦਾ ਹੈ, ਜਦੋਂ ਝੂਠੇ ਤੇ ਦੁਰਾਚਾਰੀ ਲੋਕੀ ਸਾਰੇ ਸਮਾਜ ਨੂੰ ਦੂਸ਼ਿਤ ਕਰ ਦਿੰਦੇ ਹਨ, ਉਸ ਸਮੇਂ ਪ੍ਰਮਾਤਮਾ ਆਪ ਅਵਤਾਰ ਧਾਰ ਕੇ ਆਉਂਦਾ ਹੈ, ਭਾਰਤ ਸ਼ਬਦ ਦਾ ਅਰਥ ਹੈ ਗਿਆਨ। ਪਰਮਾਤਮਾ ਸੱਚੇ ਤੇ ਗਿਆਨ ਦੇ ਪ੍ਰੇਮੀਆਂ ਲਈ ਵੀ ਜਨਮ ਧਾਰਦਾ ਹੈ। ਕਈ ਲੋਕੀ ਇਸ ਸ਼ਲੋਕ ਦੇ ਅਨਰਥ ਕਰਦੇ ਹਨ, ਉਹ ਇਹ ਨਹੀਂ ਸਮਝਦੇ ਕਿ ਪ੍ਰਮਾਤਮਾ ਦਾ ਅਵਤਾਰ ਲੋਕਾਂ ਨੂੰ ਰਾਹ ਦਿਖਾਉਣ ਜ਼ਰੂਰ ਆਉਂਦਾ ਹੈ ਪਰ ਉਸ ਵਾਸਤੇ ਲੋਕਾਂ ਨੂੰ ਵੀ ਯਤਨ ਕਰਨੇ ਪੈਂਦੇ ਹਨ, ਆਪਣੇ ਆਪ ਨੂੰ ਸੁਧਾਰਨਾ ਪੈਂਦਾ ਹੈ, ਇਹੋ ਜਿਹੇ ਲੋਕੀ ਪੂਰੀ ਜ਼ਿੰਮੇਵਾਰੀ ਪ੍ਰਮਾਤਮਾ ਤੇ ਹੀ ਪਾ ਦਿੰਦੇ ਹਨ, ਉਹ ਕਰਮਾਂ ਨੂੰ ਸਮਝਣ ਦੀ, ਬੁਝਣ ਦੀ ਕੋਸ਼ਿਸ਼ ਨਹੀਂ ਕਰਦੇ ਆਪਣੀ ਡਿਊਟੀ ਜੁਗਤ ਨਾਲ ਕਰਨਾ ਨਹੀਂ ਸਿਖਾਉਂਦੇ, ਉਹ ਆਲਸ ਦਾ ਸ਼ਿਕਾਰ ਹੋ ਜਾਂਦੇ ਹਨ, ਸਥੂਲ ਹੋ ਜਾਂਦੇ ਹਨ, ਇਕ ਨਸ਼ੇ ਵਿਚ ਆ ਜਾਂਦੇ ਹਨ, ਇਹ ਸੋਚ ਕੇ ਕਿ ਅਵਤਾਰ ਉਤਰੇਗਾ ਤੇ ਉਹ ਹੀ ਉਨ੍ਹਾਂ ਨੂੰ ਤਾਰ ਦੇਵੇਗਾ, ਇਹੋ ਜਿਹੀ ਸੋਚ ਮਨੁੱਖ ਤੇ ਦੇਸ਼ ਦੇ ਪਤਨ ਦਾ ਕਾਰਨ ਹੋਇਆ ਕਰਦੀ ਹੈ, ਇਹੋ ਜਿਹੀ ਸੋਚਣੀ ਝੂਠੇ ਪੈਗੰਬਰ ਵੀ ਪੈਦਾ ਕਰ ਦਿੰਦੀ ਹੈ।

ਜੰਮਣ ਵਿਚ ਤੇ ਅਵਤਾਰ ਧਾਰਨ ਵਿਚ ਬਹੁਤ ਅੰਤਰ ਹੈ, ਆਮ ਮਨੁੱਖ ਦਾ ਜੰਮਣ ਮਰਨ ਤੇ ਕੋਈ ਕਾਬੂ ਨਹੀਂ ਪਰ ਪ੍ਰਮਾਤਮਾ ਤਾਂ ਸਰਬ ਸ਼ਕਤੀਮਾਨ ਹੈ, ਉਹ ਤਾਂ ਕੇਵਲ ਆਪਣੀ ਇੱਛਾ ਅਨੁਸਾਰ ਪ੍ਰਗਟ ਹੁੰਦੇ ਹਨ ਤੇ ਉਨ੍ਹਾਂ ਨੂੰ ਰਾਹ ਤੇ ਪਾਉਂਦੇ ਹਨ ਜੋ ਭਟਕੇ ਹੋਏ ਹਨ। ਅਗਿਆਨੀ, ਕੁਰਾਹੇ ਪਏ ਹੋਏ ਦੁਖੀ ਮਨੁੱਖਾਂ ਨੂੰ ਹੀ ਰਾਹ ਤੇ ਪਾਉਣ ਲਈ ਅਵਤਾਰ ਪ੍ਰਗਟ ਹੁੰਦੇ

ਹਨ, ਮਨੁਖਤਾ ਦਾ ਸਾਰਾ ਇਤਿਹਾਸ ਹੀ ਇਸ ਗੱਲ ਦਾ ਗਵਾਹ ਹੈ।

ਧਰਮ ਵਿਚ ਵਿਸ਼ਵਾਸ਼ ਰੱਖਣ ਵਾਲੇ ਇਸ ਗੱਲ ਨੂੰ ਮੰਨਦੇ ਹਨ ਕਿ ਪ੍ਰਮਾਤਮਾ ਅਵਤਾਰ ਧਾਰਨ ਕਰਦਾ ਹੈ ਪਰ ਉਹ ਇਹ ਕਹਿੰਦੇ ਹਨ ਕਿ ਇਹੋ ਇਕੋ ਹੀ ਅਵਤਾਰ ਹੁੰਦਾ ਹੈ ਤੇ ਉਹ ਉਸ ਨੂੰ ਹੀ ਮੰਨਦੇ ਹਨ। ਉਹ ਕਹਿੰਦੇ ਹਨ ਕਿ ਇਕ ਤੋਂ ਬਿਨਾਂ ਬਾਕੀ ਅਵਤਾਰ ਝੂਠੇ ਹਨ ਤੇ ਉਹ ਲੋਕਾਂ ਨੂੰ ਗੁਮਰਾਹ ਕਰਦੇ ਹਨ। ਇਹ ਵਿਚਾਰ ਇਕ ਸੀਮਤ ਹਉਮੈ ਭਰਿਆ ਵਿਚਾਰ ਹੈ। ਕੋਈ ਵੀ ਸੰਸਥਾ ਭਾਵੇਂ ਉਹ ਧਾਰਮਿਕ ਹੋਵੇ ਜਾਂ ਕੋਈ ਦੂਸਰੀ ਉਸ ਦਾ ਜਤਨ ਆਪਣਾ ਪਸਾਰਾ ਹੀ ਹੁੰਦਾ ਹੈ ਅਤੇ ਉਹ ਪਸਾਰਾ ਵੀ ਦੂਸਰੇ ਦੀ ਕੀਮਤ ਤੇ ਦੂਸਰੇ ਨੂੰ ਹਟਾ ਕੇ ਹੁੰਦਾ ਹੈ। ਇਹੋ ਜਿਹਾ ਹਉਮੈ ਭਰਿਆ ਟਕਰਾਅ, ਦ੍ਰਿਸ਼ਟੀ ਨੂੰ ਸੀਮਤ ਕਰ ਦਿੰਦਾ ਹੈ ਤੇ ਗਿਆਨ ਨੂੰ ਚਮਕਣ ਨਹੀਂ ਦਿੰਦਾ।

ਜੇ ਪ੍ਰਮਾਤਮਾ ਇਕ ਵਾਰੀ ਅਵਤਾਰ ਲੈ ਲਵੇ ਤਾਂ ਬਾਰ-ਬਾਰ ਕਿਉਂ ਨਹੀਂ ਲੈ ਸਕਦਾ? ਪੱਛਮੀ ਮਜ਼ਹਬਾਂ ਦੇ ਦਾਰਸ਼ਨਿਕ ਅਵਤਾਰ ਧਾਰਨ ਦੀ ਫਿਲੌਸਫੀ ਵਿਚ ਵਿਸ਼ਵਾਸ਼ ਨਹੀਂ ਰਖਦੇ ਕਿਉਂਕਿ ਇਸ ਵਿਸ਼ਵਾਸ਼ ਨਾਲ ਉਨ੍ਹਾਂ ਦੀਆਂ ਸੰਸਥਾਵਾਂ ਡੋਲ ਜਾਣਗੀਆਂ। ਉਹ ਤਾਂ ਇਕੋ ਗੱਲ ਬਾਰ-ਬਾਰ ਕਹਿੰਦੇ ਹਨ, ਵਿਸ਼ਵਾਸ਼ ਰੱਖੋ, ਸ਼ਰਧਾ ਰੱਖੋ, ਪਰ ਕਿਵੇਂ ਸ਼ਰਧਾ ਰੱਖੋ ਤੇ ਕਿਉਂ ਸ਼ਰਧਾ ਰੱਖੋ ਇਹ ਨਹੀਂ ਦਸਿਆ ਜਾਂਦਾ। ਉਨ੍ਹਾਂ ਦੀ ਵਿਸ਼ਲੇਸ਼ਨਤਾ ਬੜੀ ਅਸਪਸ਼ਟ ਹੈ, ਕੇਵਲ ਇਕ ਝੂਠਾ ਧਰਵਾਸਾ ਹੀ ਹੈ, ਇਹ ਦਲੀਲ ਵਾਲੇ ਮਨ ਨੂੰ ਸ਼ਾਂਤ ਨਹੀਂ ਕਰਦੀ। ਯੋਗ ਅਨੁਸਾਰ ਪਿਆਰ ਤੇ ਸਤਿ ਬਾਰ-ਬਾਰ ਜਨਮ ਲੈਂਦਾ ਹੈ ਤੇ ਧਰਤੀ ਤੇ ਪ੍ਰਗਟ ਹੁੰਦਾ ਹੈ ਤੇ ਉਹ ਹੀ ਸੁਨੇਹਾ ਬਾਰ-ਬਾਰ ਦਿੰਦਾ ਹੈ ਭਾਵੇਂ ਉਸ ਦਾ ਸੰਦੇਸ਼ ਸਮੇਂ-ਸਮੇਂ ਸਿਰ ਵੱਖੋ-ਵੱਖ ਹੋਵੇਗਾ, ਗੀਤਾ ਵਿਚ ਕੋਈ ਮਤ ਦਾ ਪ੍ਰਚਾਰ ਨਹੀਂ, ਕ੍ਰਿਸ਼ਨ ਜੀ ਕੋਈ ਹਸਤੀ ਹੋ ਕੇ ਪ੍ਰਚਾਰ ਨਹੀਂ ਕਰ ਰਹੇ, ਉਹ ਤਾਂ ਬ੍ਰਹਿਮੰਡ ਦੇ ਪਿਆਰ ਤੇ ਸਤਿ ਦਾ ਸੁਨੇਹ ਦੇ ਰਹੇ ਹਨ।

9. ਹੇ ਅਰਜਨ! ਜਿਹੜਾ ਮੇਰੇ ਅਵਤਾਰ ਧਾਰਨ ਤੇ ਇਨ੍ਹਾਂ ਸੂਖਸ਼ਮ ਤੱਤਾਂ ਨੂੰ ਜਾਣ ਜਾਂਦਾ ਹੈ ਉਹ ਦੇਹ ਤਿਆਗ ਕੇ ਮੈਨੂੰ ਆ ਮਿਲਦਾ ਹੈ, ਉਹ ਫਿਰ ਜਨਮ ਨਹੀਂ ਲੈਂਦਾ।

10. ਜਿਨ੍ਹਾਂ ਨੇ ਆਪਣੇ ਆਪ ਨੂੰ ਭੋਗਾਂ ਤੋਂ, ਭੈ ਤੋਂ, ਕ੍ਰੋਧ ਤੋਂ ਮੁਕਤ ਕਰ ਲਿਆ ਹੈ, ਉਹ ਗਿਆਨ ਰਾਹੀਂ ਪਵਿੱਤਰ ਹੋ ਕੇ ਮੇਰੇ ਵਿਚ ਆ ਮਿਲਦੇ ਹਨ।

ਇਨ੍ਹਾਂ ਸ਼ਲੋਕਾਂ ਵਿਚ ਦਸਿਆ ਗਿਆ ਹੈ ਜੰਮਣਾ ਮਰਨਾ ਕੁਦਰਤ ਦੇ ਵਸ ਨਹੀਂ ਪਰ ਵਿਅਕਤੀ ਦੇ ਆਪਣੇ ਵਸ ਹੈ। ਜੀਵਨ ਤੇ ਸਬੰਧ ਵੱਖ-ਵੱਖ ਹਨ। ਜੀਵਨ ਦੇ ਅੰਦਰ ਤੇ ਬਾਹਰ ਵਿਚ ਸਬੰਧ ਹੈ, ਸਰੀਰ ਸ੍ਵਾਸਾਂ ਰਾਹੀਂ ਜੁੜਿਆ ਹੋਇਆ ਹੈ, ਸਰੀਰ ਅਤੇ ਸ੍ਵਾਸ ਸੰਵੇਗਾਂ ਨਾਲ ਸੁਚੇਤ ਅਚੇਤ ਨਾਲ ਜੁੜਿਆ ਹੋਇਆ ਹੈ ਇਸ ਤਰ੍ਹਾਂ ਹੀ ਲੜੀ ਬੱਝੀ ਹੋਈ ਹੈ, ਆਪੇ

ਦੇ, ਸਵੈ ਦੇ ਦੋ ਹਿੱਸੇ ਹਨ ਵਿਨਾਸ਼ੀ ਅਬਿਨਾਸ਼ੀ, ਮਰਨ ਤੇ ਇਹ ਦੋਨੋਂ ਵੱਖ-ਵੱਖ ਹੋ ਜਾਂਦੇ ਹਨ। ਸਰੀਰ, ਸ੍ਵਾਸ, ਸੁਚੇਤ ਮਨ, ਇਹ ਵਿਨਾਸ਼ੀ ਹਨ ਪਰ ਮਰਨ ਉਪਰਾਂਤ ਜਿਸ ਵਿਚ ਸੂਖਸ਼ਮ ਚਿੰਨ ਪ੍ਰਭਾਵ, ਅਚੇਤ ਮਨ, ਉਹ ਠੀਕ ਰਹਿੰਦਾ ਹੈ, ਉਸ ਵਿਚ ਇੱਛਾ ਦੇ ਬੀਜ ਸਾਂਭੇ ਜਾਂਦੇ ਹਨ। ਇਹ ਬੀਜ ਆਪਣੀ ਪੂਰਤੀ ਲਈ ਮੁੜ ਪੁੰਗਰ ਪੈਂਦੇ ਹਨ ਤੇ ਆਵਾਗਉਣ ਦਾ ਗੇੜ ਸ਼ੁਰੂ ਹੋ ਜਾਂਦਾ ਹੈ ਤੇ ਮੁੜ ਹੋਰ ਕਈ ਬੀਜ ਉਗ ਪੈਂਦੇ ਹਨ। ਬਿਲਕੁਲ ਉਸ ਤਰ੍ਹਾਂ ਹੀ ਜਿਸ ਤਰ੍ਹਾਂ ਦਾਣਾ ਫੁਟਦਾ ਹੈ ਤੇ ਪੌਦਾ ਬਣਦਾ ਹੈ ਤੇ ਹੋਰ ਬਹੁਤ ਸਾਰੇ ਦਾਣੇ ਪੈਦਾ ਕਰਦਾ ਹੈ। ਕਾਰਣ ਤੇ ਪਰਿਣਾਮ ਇਕੱਠੇ ਹੀ ਰਹਿੰਦੇ ਹਨ, ਜੰਮਣਾ ਮਰਨਾ ਮਨੁੱਖ ਦੇ ਹਾਲਾਤ, ਮਨੁੱਖ ਆਪ ਤੇ ਕੁਦਰਤ ਮਿਲ ਕੇ ਬਣਾਉਂਦੇ ਹਨ, ਇਹੋ ਜਿਹੀਆਂ ਗੱਲਾਂ, "ਮੈਂ ਰੱਬ ਦਾ ਸਿਰਜਿਆ ਹੋਇਆ ਹਾਂ, ਮੇਰੇ ਦੁਖ ਸੰਤਾਪ ਵੀ ਰੱਬ ਦੇ ਹੀ ਦਿਤੇ ਹਨ" ਇਹ ਝੂਠੇ ਸੰਕਲਪ ਹਨ, ਇਹੋ ਜਿਹੇ ਸਿਧਾਂਤ ਫਿਲੋਸਫੀ ਤੋਂ ਉਲਟ ਹਨ, ਦਲੀਲ ਤੋਂ ਵਾਂਝੇ ਹਨ, ਅਨੁਚਿਤ ਹਨ ਤੇ ਆਮ ਮਨੁੱਖ ਨੂੰ ਦੁਖੀ ਕਰਦੇ ਹਨ। ਜੋ ਤੁਸੀਂ ਹੋ ਉਹ ਆਪਣੀ ਇੱਛਾ ਅਨੁਸਾਰ ਹੀ ਬਣੇ ਹੋ, ਜੋ ਤੁਸੀਂ ਇੱਛਾ ਕਰਦੇ ਹੋ, ਬਣਨਾ ਚਾਹੁੰਦੇ ਹੋ, ਉਹ ਬਣ ਜਾਓਂਗੇ। ਜਿਨ੍ਹਾਂ ਨੇ ਉਸ ਦਾ ਗਿਆਨ ਪ੍ਰਾਪਤ ਕਰ ਲਿਆ ਹੈ ਉਸ ਨੂੰ ਜਾਣ ਲਿਆ ਹੈ, ਉਹ ਜੰਮਣ ਮਰਨ ਦੇ ਚੱਕਰ ਤੋਂ ਛੁਟ ਗਏ ਹਨ, ਉਹ ਤਿੰਨਾਂ ਗੁਣਾਂ ਤੋਂ ਪਰ੍ਹੇ ਚਲੇ ਗਏ ਹਨ, ਉਨ੍ਹਾਂ ਨੇ ਇਛਾਵਾਂ ਤਿਆਗ ਦਿਤੀਆਂ ਹਨ ਇਸ ਕਰਕੇ ਕੁਝ ਬੀਜ ਨਹੀਂ ਰਹੇ, ਸੋ ਕੋਈ ਬੂਟਾ ਨਹੀਂ ਲਗੇਗਾ।

ਮਨੁੱਖ ਤਿੰਨ ਪ੍ਰਕਾਰ ਦੇ ਹੁੰਦੇ ਹਨ। ਆਮ ਮਨੁੱਖ ਜਿਨ੍ਹਾਂ ਦਾ ਜੰਮਣ ਤੇ ਕੋਈ ਕਾਬੂ ਨਹੀਂ, ਯੋਗੀ, ਸੰਤ, ਮੁਕਤ ਆਤਮਾਵਾਂ ਜਿਹੜੇ ਸੁਤੰਤਰ ਹੋ ਗਏ ਹਨ, ਜਿਨ੍ਹਾਂ ਦੇ ਆਪਣੇ ਹੱਥ ਹੈ ਮਰਨਾ ਤੇ ਜੰਮਣਾ, ਅਵਤਾਰ ਧਾਰਨਾ, ਇਹ ਉਸ ਪ੍ਰਮਾਤਮਾ ਦੀਆਂ ਸ਼ਕਤੀਆਂ ਹਨ, ਹਰ ਬੰਧਨ ਤੋਂ ਮੁਕਤ ਹਨ ਜੋ ਕੇਵਲ ਰਾਹ ਦਿਖਾਉਣ ਆਉਂਦੇ ਹਨ, ਮਾਨਵਤਾ ਨੂੰ ਸਹਾਇਤਾ ਕਰਦੇ ਹਨ। ਜੰਮਣਾ ਤੇ ਅਵਤਾਰ ਧਾਰਨਾ ਇਕੋ ਹੀ ਲਗਦੇ ਹਨ ਪਰ ਵਾਸਤਵ ਵਿਚ ਇਕੋ ਨਹੀਂ ਹਨ। ਅਵਤਾਰ ਧਾਰਨ ਤੋਂ ਭਾਵ ਹੈ, ਉਸ ਇਕ ਦੇ, ਪ੍ਰਮਾਤਮਾ ਦੇ ਗੁਣ ਲੈ ਕੇ ਪ੍ਰਗਟ ਹੋਣਾ, ਤਿੰਨਾਂ ਗੁਣਾਂ ਤੋਂ ਮੁਕਤ ਹੋਣਾ ਤੇ ਹਰ ਬੰਧਨ ਤੋਂ ਮੁਕਤ ਹੋਣਾ ਹੈ। ਜੰਮਣਾ ਤੇ ਅਵਤਾਰ ਲੈਣਾ ਇਕੋ ਜਿਹੀਆਂ ਘਟਨਾਵਾਂ ਹਨ ਪਰ ਇਨ੍ਹਾਂ ਦੇ ਵੱਖ-ਵੱਖ ਕਾਰਨ ਹਨ। ਜਦੋਂ ਅਵਤਾਰਧਾਰੀ ਸਿਖਿਆ ਦਾ ਸਾਧਕ ਅਭਿਆਸ ਕਰਦਾ ਹੈ, ਉਸ ਦਾ ਅਨੁਭਾਵਾਤਮਕ ਗਿਆਨ ਉਸ ਦਾ ਰਹਿਬਰ ਬਣਦਾ ਹੈ, ਉਥੇ ਫੇਰ ਉਹ ਉਸ ਪ੍ਰਮਾਤਮਾ ਨਾਲ ਇਕ ਹੋ ਜਾਂਦਾ ਹੈ।

ਮਨੁੱਖ ਪ੍ਰਮਾਤਮਾ ਦਾ ਵਿਰਸਾ ਹਨ, ਬੱਚੇ ਹਨ, ਬੱਚਿਆਂ ਵਿਚ ਆਪਣੇ ਮਾਤਾ ਪਿਤਾ ਦੇ ਗੁਣ ਹੀ ਹੁੰਦੇ ਹਨ, ਲੋੜ ਹੁੰਦੀ ਹੈ ਕੇਵਲ ਉਨ੍ਹਾਂ ਨੂੰ ਪ੍ਰਗਟ ਕਰਨ ਦੀ, ਉਨ੍ਹਾਂ ਦਾ ਵਿਸਥਾਰ ਕਰਨ ਦੀ। ਆਵਸ਼ਕ ਹੀ ਗੁਣਾਂ ਕਾਰਣ ਸਮੁੰਦਰ ਦੇ ਇਕ ਕਤਰੇ ਵਿਚ ਵੀ ਸਮੁੰਦਰ ਦੇ ਗੁਣ ਹੋਣਗੇ ਹੀ ਤੇ ਜਦੋਂ ਉਹ ਬੂੰਦ ਸਮੁੰਦਰ ਵਿਚ ਮਿਲਦੀ ਹੈ ਉਹ ਵੀ ਸਮੁੰਦਰ ਹੀ ਬਣ

ਜਾਂਦੀ ਹੈ। ਦਸਵੇਂ ਸਲੋਕ ਵਿਚ ਦਸਿਆ ਗਿਆ ਹੈ ਕਿ ਤੁਸੀਂ ਉਸ ਪ੍ਰਮਾਤਮਾ ਨੂੰ ਉਸ ਦੇ ਗਿਆਨ ਨਾਲੋਂ ਵੀ ਵਧ ਜਾਣ ਸਕਦੇ ਹੋ। ਇਸ ਸਲੋਕ ਵਿਚ ਕ੍ਰਿਸ਼ਨ ਜੀ ਪ੍ਰਮਾਤਮਾ ਦੀ ਪੂਜਾ ਕਰਨੀ ਉਸ ਨੂੰ ਵਖਰੇ ਜਾਣ ਕੇ ਕਰਨ ਲਈ ਨਹੀਂ ਕਹਿ ਰਹੇ, ਉਹ ਇਹ ਦਸ ਰਹੇ ਹਨ ਕਿ ਸਾਡੇ ਗੁਣ ਪ੍ਰਮਾਤਮਾ ਵਾਲੇ ਹੀ ਹਨ। ਸਾਰਾ ਵਾਰਤਾਲਾਪ ਜਿਹੜਾ ਅਰਜਨ ਤੇ ਕ੍ਰਿਸ਼ਨ ਜੀ ਵਿਚਕਾਰ ਹੋਇਆ ਹੈ ਉਹ ਵਾਸਤਵ ਵਿਚ 'ਸੰਪੂਰਨ ਮੈਂ' ਤੇ 'ਸਾਪੇਖ ਮੈਂ' ਵਿਚ ਹੀ ਹੈ। ਇਹ ਸ਼ਲੋਕ ਦਸਦਾ ਹੈ ਮੈਂ ਮਨੁੱਖ ਉਸ ਪ੍ਰਮਾਤਮਾ ਦਾ ਅਟੁੱਟ ਅੰਗ ਬਣਨ ਦੇ ਯੋਗ ਹਾਂ।

ਬਹੁਤ ਸਾਰੇ ਅਜੋਕੇ ਵਿਦਿਆਰਥੀ ਭਾਵੇਂ ਇਹ ਸਮਝਣ ਕਿ ਕ੍ਰਿਸ਼ਨ ਜੀ ਦੀ ਸਿਖਿਆ ਸੰਪਰਦਾਇਕ ਹੈ, ਗੀਤਾ ਕੇਵਲ ਕ੍ਰਿਸ਼ਨ ਜੀ ਦੀ ਸ਼ਰਨ ਵਿਚ ਹੀ ਆਉਣ ਨੂੰ ਕਹਿੰਦੀ ਹੈ, ਹੋਰ ਕਿਸੇ ਨੂੰ ਮਾਨਤਾ ਨਹੀਂ ਦਿੰਦੇ, ਇਹ ਠੀਕ ਨਹੀਂ, ਕ੍ਰਿਸ਼ਨ ਜੀ ਵਿਸ਼ਵ ਚੇਤਨਤਾ ਦੇ ਪੱਧਰ ਤੋਂ ਬਚਨ ਕਰ ਰਹੇ ਹਨ ਜੋ ਕਿ ਅਲਾਹੀ ਆਕਾਰ ਤੋਂ ਪਰ੍ਹੇ ਦੀ ਗੱਲ ਹੈ, ਉਸ ਆਕਾਰ ਦੀ ਗੱਲ ਹੈ ਜਿਸ ਵਿਚ ਉਹ ਪ੍ਰਮਾਤਮਾ ਹੈ। ਉਹ ਇਕ ਅਵਤਾਰ ਦੇ ਰੂਪ ਵਿਚ ਗੱਲ ਨਹੀਂ ਕਰ ਰਹੇ, ਉਹ ਸਾਰੇ ਅਵਤਾਰਾਂ ਵਿਚ ਵਿਚਰ ਰਹੇ ਹਨ ਤੇ ਸਾਰੇ ਅਵਤਾਰਾਂ ਤੋਂ ਉਪਰ ਹਨ।

ਭਾਵੇਂ ਸਾਰੇ ਅਵਤਾਰਾਂ ਦਾ ਸਰੋਤ ਇਕੋ ਹੀ ਹੁੰਦਾ ਹੈ, ਸਤਾ ਇਕੋ ਹੁੰਦੀ ਹੈ, ਚੇਤਨਤਾ ਇਕੋ ਹੁੰਦੀ ਹੈ ਪਰ ਹਰ ਕੋਈ ਆਪਣਾ ਉਪਦੇਸ਼ ਅਲੌਕਿਕ ਤਰੀਕੇ ਨਾਲ ਦਿੰਦਾ ਹੈ, ਸਾਧਕ ਪੂਰੀ ਤਰ੍ਹਾਂ ਉਨ੍ਹਾਂ ਉਪਦੇਸ਼ਾਂ ਵਿਚ ਚੁਭੀ ਨਹੀਂ ਮਾਰ ਸਕਦਾ, ਸਾਧਕ ਬਹੁਤ ਛੇਤੀ ਅੱਗੇ ਵਧੇਗਾ, ਬਹੁਤ ਛੇਤੀ ਤਰੱਕੀ ਕਰੇਗਾ ਜੇ ਉਹ ਇਕ ਪਰੰਪਰਾ ਦਾ ਲੜ ਫੜ ਲਵੇ, ਸਤਿਕਾਰ ਤਾਂ ਸਭ ਦਾ ਹੀ ਕਰੇ ਪਰ ਚੱਲੇ ਇਕ ਤੇ, ਜਦੋਂ ਉਹ ਸਾਧਨਾ ਕਰਨ ਲਗਦਾ ਹੈ, ਸਾਧਕ ਨੂੰ ਬਹੁਤ ਪੱਕਾ ਕੀਤਾ ਜਾਂਦਾ ਹੈ, ਉਹ ਇਕੋ ਮਾਰਗ ਤੇ ਚੱਲੇ, ਕੇਵਲ ਉਸ ਮਾਰਗ ਤੇ ਜਿਹੜਾ ਉਸ ਦੇ ਗੁਰੂ ਦਾ ਦਸਿਆ ਹੋਇਆ ਹੈ, ਦੂਸਰਾ ਕੋਈ ਮਾਰਗ ਨਾ ਅਪਣਾਏ। ਜੇ ਘੜੀ-ਘੜੀ ਮਾਰਗ ਬਦਲਦੇ ਰਹੋ, ਉਹ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਕਰ ਸਕਦੇ। ਸਾਧਕ ਆਮ ਤੌਰ ਤੇ ਮਾਰਗ ਛੱਡ ਦਿੰਦੇ ਹਨ, ਇਧਰ ਉਧਰ ਦੌੜੇ ਫਿਰਦੇ ਹਨ, ਆਪਣਾ ਸਮਾਂ ਤੇ ਸ਼ਕਤੀ ਬਰਬਾਦ ਕਰਦੇ ਹਨ, ਨਿਰਾਸ਼ ਹੁੰਦੇ ਹਨ, ਇਸ ਸਲੋਕ ਦਾ ਇਹ ਹੀ ਭਾਵ ਹੈ।

11. ਹੇ ਪਾਰਥ! ਜਿਹੜਾ ਵੀ ਜਿਸ ਮਾਰਗ ਤੇ ਤੁਰ ਕੇ ਮੇਰੇ ਕੋਲ ਆਉਂਦਾ ਹੈ ਮੈਂ ਉਸ ਨੂੰ ਉਸੇ ਤਰ੍ਹਾਂ ਅੱਗੋਂ ਹੋ ਕੇ ਲੈਂਦਾ ਹਾਂ, ਜਿਹੜੇ ਵੀ ਮਾਰਗ ਲੋਕ ਲੈਂਦੇ ਹਨ ਉਹ ਮੇਰੇ ਹੀ ਮਾਰਗ ਹਨ।

12. ਸਿੱਧੀਆਂ ਪ੍ਰਾਪਤ ਕਰਨ ਲਈ ਬਹੁਤ ਸਾਰੇ ਦੇਵਤਿਆਂ ਨੂੰ ਬਲੀਆਂ ਚੜ੍ਹਾਉਂਦੇ ਹਨ। ਇਸ ਸੰਸਾਰ ਵਿਚ ਕਰਮ ਤੋਂ ਸਿੱਧੀ ਛੇਤੀ ਪ੍ਰਾਪਤ ਹੁੰਦੀ ਹੈ।

ਪਹਾੜ ਉਤੇ ਚੜ੍ਹਨ ਲਈ ਕੋਈ ਵੀ ਰਸਤਾ ਤੁਸੀਂ ਲਵੋ, ਪਹੁੰਚਣਾ ਤਾਂ ਸਿਖਰ ਉਤੇ ਹੀ ਹੈ, ਰਸਤੇ ਭਾਵੇਂ ਵੱਖ-ਵੱਖ ਹੋਣ ਨਿਸ਼ਾਨਾ ਤਾਂ ਇਕ ਹੀ ਹੈ, ਮੰਜ਼ਲ ਤਾਂ ਇਕ ਹੀ ਹੈ। ਕ੍ਰਿਸ਼ਨ ਜੀ ਦਸਦੇ ਹਨ ਭਾਵੇਂ ਲੋਕੀ ਵੱਖ-ਵੱਖ ਮਾਰਗ ਤੇ ਆਤਮ ਸਾਧਨ ਲਈ ਚਲਦੇ ਹਨ, ਅੰਤ ਵਿਚ ਉਹ ਸਾਰੇ ਉਸ ਇਕ ਸੰਪੂਰਣ ਨੂੰ ਜਾ ਮਿਲਦੇ ਹਨ। ਕਈ ਸਾਧਕ ਇਧਰ ਉਧਰ ਭਟਕਦੇ ਰਹਿੰਦੇ ਹਨ ਤੇ ਸਮਾਂ ਅਜਾਈਂ ਗੁਆ ਦਿੰਦੇ ਹਨ, ਕੁਝ ਹੋਰ ਸਾਧਕ ਵੱਖ-ਵੱਖ ਮਾਰਗ ਦੇਖ ਕੇ ਘਬਰਾ ਜਾਂਦੇ ਹਨ, ਸਾਧਕ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਆਪਣਾ ਮਾਰਗ ਚੁਣੇ ਤੇ ਫੇਰ ਉਸ ਤੇ ਚਲਦਾ ਰਹੇ ਇਧਰ ਉਧਰ ਨਾ ਦੇਖੇ, ਨਾ ਹੈਰਾਨ ਹੋਵੇ।

ਆਮ ਮਨੁੱਖ ਦੇਵਤਿਆਂ ਦੀ ਪੂਜਾ ਕਰਦੇ ਹਨ ਤੇ ਫਲ ਦੀ ਇੱਛਾ ਕਰਦੇ ਹਨ, ਉਨ੍ਹਾਂ ਨੂੰ ਫਲ ਮਿਲ ਵੀ ਜਾਂਦੇ ਹਨ। ਜਿਹੜੇ ਸੰਸਾਰਕ ਫਲ ਮੰਗਦੇ ਹਨ ਉਨ੍ਹਾਂ ਨੂੰ ਉਹ ਮਿਲ ਜਾਂਦੇ ਹਨ, ਜਿਹੜੇ ਗਿਆਨ ਚਾਹੁੰਦੇ ਹਨ, ਉਨ੍ਹਾਂ ਨੂੰ ਗਿਆਨ ਮਿਲ ਜਾਂਦਾ ਹੈ, ਜਿਹੜੇ ਮੁਕਤੀ ਮੰਗਦੇ ਹਨ, ਮੁਕਤੀ ਮਿਲ ਜਾਂਦੀ ਹੈ, ਹਰ ਕਿਸੇ ਨੂੰ ਕੁਦਰਤ ਦੇ ਅਸੂਲਾਂ ਅਨੁਸਾਰ ਫਲ ਮਿਲ ਜਾਂਦਾ ਹੈ। ਜਿਹੋ ਜਿਹਾ ਕੋਈ ਬੀਜਦਾ ਹੈ ਓਹੋ ਜਿਹਾ ਕੱਟ ਲੈਂਦਾ ਹੈ। ਇਹ ਸਮਝਣ ਦੀ ਬਜਾਏ ਕਿ ਜਿਹੋ ਜਿਹਾ ਕੋਈ ਕਰਮ ਕਰਦਾ ਹੈ ਉਹੋ ਜਿਹੇ ਫਲ ਉਸ ਨੂੰ ਮਿਲ ਜਾਂਦੇ ਹਨ, ਬਹੁਤ ਸਾਰੇ ਲੋਕੀ ਇਸ ਭਰਮ ਵਿਚ ਹਨ ਕਿ ਪ੍ਰਮਾਤਮਾ ਹੀ ਫਲ ਤੇ ਸਜ਼ਾ ਦਿੰਦਾ ਹੈ। ਜਦੋਂ ਕੁਝ ਪ੍ਰਾਪਤ ਹੁੰਦਾ ਹੈ ਜਾਂ ਉਹ ਸਫਲ ਹੁੰਦੇ ਹਨ ਤਾਂ ਪ੍ਰਮਾਤਮਾ ਦੀ ਸਿਫਤ ਸਲਾਹ ਕਰਦੇ ਹਨ, ਜਦੋਂ ਅਸਫਲ ਹੁੰਦੇ ਹਨ ਪ੍ਰਮਾਤਮਾ ਨੂੰ ਦੋਸ਼ੀ ਦਸਦੇ ਹਨ, ਉਨ੍ਹਾਂ ਦੀ ਇਹੋ ਜਿਹੀ ਗੈਰ ਜ਼ਿੰਮੇਵਾਰ ਰੁਚੀ ਗੈਰ ਜ਼ਿੰਮੇਵਾਰ ਵਤੀਰਾ ਪੈਦਾ ਕਰਦੀ ਹੈ, ਇਹੋ ਜਿਹੇ ਮਨੁੱਖ ਆਪਣੇ ਕਰਮਾਂ ਦਾ ਫਲ ਤਾਂ ਮਾਨਣਾ ਚਾਹੁੰਦੇ ਹਨ ਪਰ ਆਪਣੀ ਡਿਊਟੀ ਦੀ ਜ਼ਿੰਮੇਵਾਰੀ ਨਹੀਂ ਲੈਣੀ ਚਾਹੁੰਦੇ, ਨਾ ਹੀ ਆਪਣਾ ਕੰਮ ਠੀਕ ਤਰ੍ਹਾਂ ਕਰਨਾ ਚਾਹੁੰਦੇ ਹਨ, ਇਸੇ ਕਰਕੇ ਉਨ੍ਹਾਂ ਨੂੰ ਮਨ ਚਾਹੇ ਫਲ ਦੀ ਪ੍ਰਾਪਤੀ ਨਹੀਂ ਹੁੰਦੀ। ਕਰਮਾਂ ਦੀ ਗਤੀ ਨੂੰ ਟਾਲਿਆ ਨਹੀਂ ਜਾ ਸਕਦਾ, ਇਸ ਕਰਕੇ ਹਰੇਕ ਨੂੰ ਆਪਣੇ ਕੰਮ ਸੁਚੱਜੀ ਤਰ੍ਹਾਂ ਕਰਨੇ ਚਾਹੀਦੇ ਹਨ, ਇਕ ਮਨ ਇਕ ਚਿੱਤ ਹੋ ਕੇ ਕਰਨੇ ਚਾਹੀਦੇ ਹਨ, ਸ਼ਾਂਤ ਮਨ ਨਾਲ ਕਰਨੇ ਚਾਹੀਦੇ ਹਨ।

ਅੱਜ ਦੇ ਮਨੋਚਿਕਿਤਸਕ ਵੀ ਆਪਣੇ ਮਰੀਜ਼ਾਂ ਨੂੰ ਆਪਣੇ ਕਰਮਾਂ ਲਈ ਜ਼ਿੰਮੇਵਾਰ ਦਸਦੇ ਹਨ, ਬਹੁਤ ਸਾਰੇ ਮਰੀਜ਼ ਜਿਹੜੇ ਉਨ੍ਹਾਂ ਕੋਲ ਜਾਂਦੇ ਹਨ, ਇਹ ਸੋਚਦੇ ਹਨ ਕਿ ਦੂਸਰੇ ਉਨ੍ਹਾਂ ਦੇ ਦੁਖਾਂ ਸੰਤਾਪਾਂ ਦਾ ਕਾਰਨ ਹਨ, ਜਾਂ ਉਹ ਆਪਣੇ ਮਾਤਾ ਪਿਤਾ ਨੂੰ ਦੋਸ਼ੀ ਦਸਦੇ ਹਨ ਜਾਂ ਸਮਾਜ ਨੂੰ ਦੋਸ਼ੀ ਦਸਦੇ ਹਨ ਜਾਂ ਆਪਣੇ ਸਾਥੀ, ਪਤੀ ਪਤਨੀ ਨੂੰ ਜਾਂ ਦੋਸਤਾਂ ਨੂੰ ਜਾਂ ਰਿਸ਼ਤੇਦਾਰਾਂ ਨੂੰ ਜਾਂ ਫੇਰ ਹਾਲਾਤ ਨੂੰ, ਮਨੋਚਿਕਿਤਸਕ ਦਾ ਸਭ ਤੋਂ ਵੱਡਾ ਕਾਰਜ ਹੁੰਦਾ ਹੈ ਕਿ ਉਸ ਨੂੰ ਇਹ ਸਮਝਾਏ ਕਿ ਹੋਰ ਕੋਈ ਨਹੀਂ, ਕੇਵਲ ਉਹ ਆਪ ਹੀ ਉਲਝੇ ਹੋਏ ਹਨ, ਕੇਵਲ ਉਹ ਆਪ ਹੀ ਆਪਣੇ ਹਾਲਾਤ, ਆਪਣੀ ਰੁਚੀ ਤੇ ਆਪਣਾ ਵਿਵਹਾਰ ਬਦਲ ਸਕਦਾ ਹੈ। ਇਥੇ

ਗੀਤਾ ਦਾ ਉਪਦੇਸ਼ ਤੇ ਅੱਜ ਦੇ ਮਨੋਵਿਗਿਆਨ ਆਪਸ ਵਿਚ ਸਹਿਮਤ ਹਨ। ਗੀਤਾ ਭਾਵੇਂ ਇਸ ਗੱਲ ਵਿਚ ਵਧੇਰੇ ਸਪਸ਼ਟ ਤੇ ਉਪਦੇਸ਼ਆਤਮਕ ਹੈ ਤੇ ਵਿਦਿਆਰਥੀ ਨੂੰ ਸਮਝਾ ਸਕਦੀ ਹੈ, ਮਨੋਚਿਕਿਤਸਾ ਹੌਲੀ ਹੌਲੀ ਮਰੀਜ਼ ਦਾ ਸਰੂਪ ਬਦਲਦੀ ਹੈ।

13. ਮੈਂ ਹੀ ਚਾਰ ਵਰਣ, ਗੁਣਾਂ ਤੇ ਕਰਮਾਂ ਦੇ ਅਧਾਰ ਤੇ ਬਣਾਏ ਹਨ। ਕਰਤਾ ਹੁੰਦਿਆਂ ਹੋਇਆਂ ਵੀ ਤੂੰ ਮੈਨੂੰ ਅਵਿਨਾਸ਼ੀ ਤੇ ਅਕਰਤਾ ਜਾਣ। ਹਰ ਜੀਵ ਆਪਣੇ ਗੁਣਾਂ ਅਨੁਸਾਰ ਹੀ ਵਿਚਰਦਾ ਹੈ, ਹਰ ਇਕ ਵਿਚ ਤਿੰਨੋ ਗੁਣ ਹਨ ਪਰ ਵੱਖ-ਵੱਖ ਮਾਤਰਾ ਵਿਚ ਹਨ। ਇਸੇ ਕਰਕੇ ਹਰ ਇਕ ਦਾ ਸੁਭਾਅ ਫਰਕ ਹੈ, ਕਈਆਂ ਵਿਚ ਤਮੋ ਗੁਣ ਵਧੇਰੇ ਹੈ ਜਿਹੜਾ ਉਨ੍ਹਾਂ ਨੂੰ ਸਥੂਲ ਬਣਾਉਂਦਾ ਹੈ ਤੇ ਸੰਸਾਰ ਨਾਲ ਮਿਲਾਉਂਦਾ ਹੈ। ਦੂਸਰਿਆ ਵਿਚ ਰਜੋ ਗੁਣ ਪ੍ਰਧਾਨ ਹੁੰਦਾ ਹੈ ਜਿਹੜਾ ਕਰਮ ਹੀ ਕਰਾਉਂਦਾ ਰਹਿੰਦਾ ਹੈ ਤੇ ਤੀਸਰਿਆਂ ਵਿਚ ਸਤੋ ਗੁਣ ਪ੍ਰਧਾਨ ਹੁੰਦਾ ਹੈ, ਉਨ੍ਹਾਂ ਵਿਚ ਸਭ ਤੋਂ ਵਧ ਸਮਝ ਹੁੰਦੀ ਹੈ, ਆਮ ਮਨੁੱਖਾਂ ਦੇ ਕਰਮ ਤਮੋ ਗੁਣੀ ਜਾਂ ਰਜੋ ਗੁਣੀ ਹੁੰਦੇ ਹਨ ਕਿਉਂਕਿ ਉਹ ਸੰਸਾਰਕ ਭੋਗ ਭੋਗਣੇ ਚਾਹੁੰਦੇ ਹਨ ਉਹ ਸਤੋ ਗੁਣਾਂ ਦਾ ਵਿਕਾਸ ਕਰਦੇ ਹੀ ਨਹੀਂ, ਨਾ ਹੀ ਉਨ੍ਹਾਂ ਨੂੰ ਉਭਰਨ ਦਿੰਦੇ ਹਨ।

ਵਿਅਕਤੀਤ੍ਵ ਨੂੰ ਇਨ੍ਹਾਂ ਗੁਣਾਂ ਦੇ ਅਧਾਰ ਤੇ ਵੰਡਿਆ ਜਾ ਸਕਦਾ ਹੈ। ਇਹ ਬੜੀ ਵਚਿਤਰ ਗੱਲ ਹੈ ਕਿ ਭਾਵੇਂ ਅੱਜ ਦੇ ਮਨੋਵਿਗਿਆਨਕ ਇਨ੍ਹਾਂ ਗੁਣਾਂ ਤੋਂ ਜਾਣੂੰ ਨਹੀਂ ਹਨ, ਨਾ ਹੀ ਅੱਜ ਦੇ ਡਾਕਟਰ ਪਰ ਉਨ੍ਹਾਂ ਨੇ ਵੀ ਇਹੋ ਜਿਹੀ ਹੀ ਵੰਡ ਕੀਤੀ ਹੈ। ਸ਼ੈਲਡਨ (Sheldon) ਨੇ ਸਰੀਰ ਦੀ ਬਣਤਰ ਨੂੰ ਸਮਝਿਆ ਤੇ ਮਨੁੱਖਾਂ ਨੂੰ ਸਰੀਰਕ ਬਣਤਰ ਅਨੁਸਾਰ ਵੰਡਿਆ। ਇਹ ਦੇਖਿਆ ਜਿਹੜੇ ਮੋਟੇ ਹੁੰਦੇ ਹਨ ਉਹ ਵਧੇਰੇ ਭੋਗੀ ਕਿਸਮ ਦੇ ਕੰਮ ਕਰਨ ਵਾਲੇ ਹੁੰਦੇ ਹਨ ਤੇ ਜਿਨ੍ਹਾਂ ਦੇ ਅੰਦਰ ਪੱਠਿਆਂ ਦੀ ਥਾਂ ਨਾੜੀਆਂ ਵਧੇਰੇ ਦਿਸਦੀਆਂ ਹਨ ਉਹ ਬਹੁਤੇ ਸਮਝਣ ਵਾਲੇ ਹੁੰਦੇ ਹਨ, ਉਹ ਕੰਮ ਕਰਨ ਤੇ ਭੋਗ ਭੋਗਣ ਵਾਲੇ ਘੱਟ ਹੁੰਦੇ ਹਨ। ਗੁਣਾਂ ਦੀ ਵੰਡ ਤੇ ਸਰੀਰਕ ਬਣਤਰ ਅਨੁਸਾਰ ਵੰਡ ਦੀ ਸਮਾਨਤਾ ਕਮਾਲ ਦੀ ਹੈ। ਗੀਤਾ ਵਿਚ ਦੱਸੇ ਗਏ ਤਰੀਕਿਆਂ ਅਨੁਸਾਰ, ਗੁਣਾਂ ਅਨੁਸਾਰ ਹੀ ਸਰੀਰ ਦੀ ਬਣਤਰ ਬਣਦੀ ਹੈ, ਮਨੁੱਖ ਨੂੰ ਤਿੰਨਾਂ ਗੁਣਾਂ ਅਨੁਸਾਰ ਹੀ ਵੰਡਿਆ ਹੈ, ਪੁਰਾਤਨ ਭਾਰਤ ਵਿਚ ਵੀ ਇਹੋ ਹੀ ਕੀਤਾ ਗਿਆ ਸੀ, ਚਾਰ ਵਰਣਾਂ ਦੇ ਅਧਾਰ ਤੇ ਹੀ ਜਾਤ ਪਾਤ ਦਾ ਅਧਾਰ ਬਣਿਆ।

ਇਹ ਦੁੱਖ ਦੀ ਗੱਲ ਹੈ ਕਿ ਇਨ੍ਹਾਂ ਵਰਣਾਂ ਦੇ ਅਧਾਰ ਤੇ ਜਾਤ ਪਾਤ ਦੀਆਂ ਪ੍ਰਣਾਲੀਆਂ ਚਲ ਪਈਆਂ ਜਿਸ ਨਾਲ ਭਾਰਤੀ ਸਮਾਜ ਵਿਚ ਖਾਈਆਂ ਪੈ ਗਈਆਂ। ਜਿਵੇਂ ਪੱਛਮ ਵਿਚ ਲੋਕ ਵਰਗੀਕਰਨ ਕਾਰਨ ਵੰਡੇ ਹੋਏ ਹਨ, ਭਾਰਤੀ ਸਮਾਜ ਜਾਤ ਪਾਤ ਹੱਥੋਂ ਭੁਗਤ ਰਿਹਾ ਹੈ, ਪੁਰਾਤਨ ਸਮੇਂ ਵਿਚ ਇਸ ਵੰਡ ਨੇ ਸਮਾਜ ਨੂੰ ਸੰਗਠਿਤ ਕੀਤਾ, ਇਸ ਨਾਲ ਕੰਮ ਦੀ ਵੰਡ ਕੀਤੀ ਗਈ ਸੀ ਤੇ ਇਹ ਦਸਿਆ ਗਿਆ ਸੀ ਕਿ ਆਪਣੀ ਸਮਰਥਾ ਅਨੁਸਾਰ ਕੰਮ ਕਰੋ ਤੇ ਜ਼ਰੂਰਤਾਂ ਅਨੁਸਾਰ ਲਵੋ। ਮਿਸਾਲ ਵਜੋਂ ਜਿਨ੍ਹਾਂ ਵਿਚ

ਰਜੋ ਗੁਣ ਪ੍ਰਧਾਨ ਸੀ, ਗੱਠੇ ਹੋਏ ਪੱਠਿਆਂ ਵਾਲਾ ਸਰੀਰ ਸੀ, ਕਰਮ ਕਰਨ ਵਾਲੇ ਸਨ ਉਹ ਰਾਜੇ ਬਣੇ, ਯੋਧੇ ਬਣੇ। ਜਿਨ੍ਹਾਂ ਵਿਚ ਸਤੋ ਗੁਣ ਸੀ, ਵਧੇਰੇ ਦਿਮਾਗ ਵਾਲੇ ਸਨ, ਵਧੇਰੇ ਸੂਝ ਬੂਝ ਵਾਲੇ ਹਨ ਉਹ ਅਧਿਆਪਕ, ਪ੍ਰਚਾਰਕ, ਪੰਡਤ ਬਣੇ ਪਰ ਅੱਜ ਬੜਾ ਰੌਲਾ ਪਿਆ ਹੋਇਆ ਹੈ ਕਿਉਂਕਿ ਕੰਮ ਦੀ ਵੰਡ ਦੇ ਸਿਧਾਂਤ ਨੂੰ ਖਤਮ ਕਰ ਦਿਤਾ ਗਿਆ ਹੈ। ਲੋਕਾਂ ਨੂੰ ਉਨ੍ਹਾਂ ਦੀ ਰੁਚੀ  ਅਨੁਸਾਰ ਕੰਮ ਦੇਣ ਦੀ ਥਾਂ ਉਨ੍ਹਾਂ ਨੂੰ ਉਨ੍ਹਾਂ ਦੇ ਮਾਤਾ ਪਿਤਾ, ਦਾਦੇ ਪੜਦਾਦੇ ਨਾਲ ਵੰਡਿਆ ਜਾ ਰਿਹਾ ਹੈ। ਤੁਹਾਡੀ ਵਿਰਾਸਤ ਦਾ ਮਹੱਤਵ ਹੈ ਪਰ ਦੁਖ ਇਸ ਗੱਲ ਦਾ ਹੈ ਕਿ ਭਾਰਤ ਵਿਚ ਬੜੀ ਕੱਟੜ ਵੰਡ ਕੀਤੀ ਗਈ, ਉਹ ਵੀ ਜਾਤ ਪਾਤ ਦੇ ਅਧਾਰ ਤੇ। ਪੁਰਾਤਨ ਵੰਡ ਲੋਕਾਂ ਦੀਆਂ ਰੁਚੀਆਂ, ਗੁਣਾਂ ਤੇ ਕ੍ਰਿਆ ਦੇ ਅਧਾਰ ਤੇ ਬਣਾਈ ਗਈ ਸੀ ਇਸ ਦਾ ਸਰੂਪ ਜਾਤ ਪਾਤ ਤੋਂ ਬਿਲਕੁਲ ਵਖਰਾ ਸੀ, ਇਸ ਦਾ ਮੰਤਵ ਸਮਾਜ ਨੂੰ ਪੂਰਾ ਕਰਨਾ, ਏਕੀਕਰਨ ਕਰਨਾ ਸੀ। ਗੀਤਾ ਵਿਚ ਇਨ੍ਹਾਂ ਚਾਰ ਵਰਣਾਂ ਨੂੰ ਬ੍ਰਾਹਮਣ, ਕਸ਼ਤਰੀ ਵੈਸ਼ ਅਤੇ ਸ਼ੂਦਰ ਕਰਕੇ ਦਸਿਆ ਗਿਆ ਹੈ। ਇਹੋ ਜਿਹੀਆਂ ਰੁਚੀਆਂ ਵਾਲੇ ਸੁਭਾਅ ਸਾਰੇ ਸੰਸਾਰ ਵਿਚ ਹਨ ਜਿਨ੍ਹਾਂ ਵਿਚ ਇਹ ਗੁਣ ਜਾਂ ਇਹ ਕਰਮ ਹਨ।

ਅਸੀਂ ਦਸ ਆਏ ਹਾਂ ਕਿ ਕੋਈ ਵੀ ਆਪਣੇ ਆਪ ਵਿਚ ਕਰਤਾ ਨਹੀਂ ਹੁੰਦਾ ਇਹ ਤਿੰਨ ਗੁਣ ਹੀ ਕਰਤਾ ਹਨ। ਕਰਮ ਸੁਭਾਅ ਤੋਂ ਨਿਕਲਦਾ ਹੈ। ਇਸ ਤੋਂ ਭਾਵ ਹੈ ਗੁਣ ਜਮਾਂਦਰੂ ਹਨ ਉਹ ਹੀ ਕਰਮ ਕਰਨ ਲਈ ਪਰੇਰਦੇ ਹਨ ਤੇ ਉਹ ਹੀ ਡੀਊਟੀ ਕਰਾਉਂਦੇ ਹਨ।

ਸਾਰੇ ਬ੍ਰਹਿਮੰਡ ਨੂੰ ਵੀ ਇਨ੍ਹਾਂ ਚਾਰ ਵਰਣਾਂ ਅਨੁਸਾਰ ਵੰਡਿਆ ਜਾ ਸਕਦਾ ਹੈ, ਸੂਖਮ ਮੰਡਲ ਵਿਚ ਤੇ ਵਿਸ਼ਾਲ ਮੰਡਲ ਵਿਚ ਵੀ ਚਾਰ ਵੱਖ-ਵੱਖ ਸੰਸਾਰ ਹਨ, ਮਨੁੱਖਾਂ ਦਾ ਸੰਸਾਰ, ਪਸ਼ੂਆਂ ਦਾ ਸੰਸਾਰ, ਬਨਸਪਤੀ ਸੰਸਾਰ ਤੇ ਧਾਤੂ ਸੰਸਾਰ। ਇਹ ਵੰਡ ਵੱਖ-ਵੱਖ ਗੁਣਾਂ ਦੇ ਅਧਾਰ ਤੇ ਕੀਤੀ ਗਈ ਹੈ। ਅੰਗਰੇਜ਼ੀ ਦਾ ਸ਼ਬਦ man ਸੰਸਕ੍ਰਿਤ ਦੇ ਸ਼ਬਦ ਮਨ ਤੋਂ ਬਣਿਆ ਹੈ ਇਹ ਮਨੁੱਖ ਦੀ ਸੋਚਣ ਦੀ ਸਮਰੱਥਾ ਕਾਰਨ ਬਣਿਆ। ਉਹ ਮਨੁੱਖ ਜਿਸ ਨੇ ਆਪਣੀ ਪਸ਼ੂ ਬਿਰਤੀ ਤੇ ਕਾਬੂ ਪਾ ਲਿਆ ਹੈ ਤੇ ਆਪਣੇ ਮਨ ਤੇ ਦਿਮਾਗ ਦੇ ਗੁਣ ਜਾਣ ਕੇ ਉਨ੍ਹਾਂ ਦਾ ਵਿਸਥਾਰ ਕੀਤਾ ਹੈ, ਉਹ ਸਤੋ ਗੁਣੀ ਹੈ। ਪਸ਼ੂਆਂ ਦੀ ਸੋਚਣੀ ਨਹੀਂ ਹੈ ਉਹ ਤਾਂ ਕੇਵਲ ਇੰਦ੍ਰੀ ਬੋਧ ਨਾਲ ਪ੍ਰਤਿਕ੍ਰਿਆ ਕਰਦੇ ਹਨ, ਉਹ ਰਜੋ ਗੁਣੀ ਤੇ ਤਮੋ ਗੁਣੀ ਹੀ ਹੁੰਦੇ ਹਨ। ਸਬਜ਼ੀਆਂ ਵਧੇਰੇ ਤਮੋ ਗੁਣੀ ਹੁੰਦੀਆਂ ਹਨ, ਧਾਤਾਂ ਜੜ੍ਹ ਹੁੰਦੀਆਂ ਹਨ ਤੇ ਤਮੋ ਗੁਣੀ ਹੁੰਦੀਆਂ ਹਨ।

ਅੱਜ ਦੇ ਮਨੋਵਿਗਿਆਨ ਵਿਚ ਵਿਵਾਦ ਚਲਿਆ ਹੋਇਆ ਹੈ, ਉਹ ਵਿਵਾਦ ਜਰਮਨੀ ਤੇ ਅੰਗਰੇਜ਼ੀ ਫਿਲੌਸਫੀ ਤੇ ਹੈ। ਵਿਵਾਦ ਹੈ ਕਿ ਕੀ ਵਿਰਾਸਤ ਵਿਚ ਮਿਲੇ ਗੁਣ ਵਧੇਰੇ ਮਹੱਤਵ ਪੂਰਨ ਹਨ ਕਿ ਸਿੱਖੇ ਗਏ ਗੁਣ ਵਧੇਰੇ ਮਹੱਤਵਪੂਰਨ ਹਨ। ਜਰਮਨ ਫਿਲੌਸਫੀ ਵਾਲੇ ਕਹਿੰਦੇ ਹਨ ਕਿ ਵਿਰਾਸਤ ਵਿਚ ਮਿਲੇ ਗੁਣ ਵਧੇਰੇ ਮਹੱਤਵਪੂਰਨ ਹਨ। ਅੰਗਰੇਜ਼ ਕਹਿੰਦੇ

ਹਨ ਕਿ ਸਿੱਖੇ ਗੁਣ ਵਧੇਰੇ ਮਹੱਤਵਪੂਰਨ ਹਨ ਇਨ੍ਹਾਂ ਦੋ ਵਿਚਾਰ ਪ੍ਰਣਾਲੀਆਂ ਨੇ ਦੋ ਵੱਖ-ਵੱਖ ਸਰੂਪ ਦੇ ਮਨੋਵਿਗਿਆਨਾਂ ਨੂੰ ਅੱਗੇ ਲਿਆਂਦਾ ਹੈ ਜਿਸ ਦੇ ਸੰਚਾਲਕ ਆਪਸ ਵਿਚ ਟਕਰਾਓ ਕਰਦੇ ਹੀ ਰਹਿੰਦੇ ਹਨ। ਯੋਗ ਮਨੋਵਿਗਿਆਨ ਦੋਨਾਂ ਦਾ ਮਹੱਤਵ ਮੰਨਦਾ ਹੈ ਪਰ ਉਹ ਵਿਰਾਸਤ ਤੋਂ ਕੁਝ ਹੋਰ ਭਾਵ ਲੈਂਦੇ ਹਨ, ਮਨੋਵਿਗਿਆਨੀ ਕੁਝ ਹੋਰ ਭਾਵ ਲੈਂਦੇ ਹਨ, ਇਸ ਵਿਚਾਰ ਅਨੁਸਾਰ ਤੁਸੀਂ ਕੇਵਲ ਮਾਤਾ ਪਿਤਾ ਦੇ ਗੁਣ ਹੀ ਨਹੀਂ ਸਗੋਂ ਆਪਣੇ ਪੂਰਵਜਾਂ ਦੇ ਗੁਣ ਵੀ ਧਾਰਨ ਕਰਦੇ ਹੋ।

ਯੋਗ ਮਨੋਵਿਗਿਆਨ ਅਨੁਸਾਰ ਜਨਮ ਨਾ ਤਾਂ ਅਚਨਚੇਤ ਹੁੰਦਾ ਹੈ ਨਾ ਹੀ ਕਿਸੇ ਭੁਲੇਖੇ ਵਿਚ ਹੁੰਦਾ ਹੈ ਇਹ ਇਕ ਨਿਰਧਾਰਤ ਘਟਨਾ ਹੈ ਜਿਹੜੀ ਪਹਿਲਾਂ ਅਚੇਤ ਮਨ ਵਿਚ ਜਨਮ ਲੈਂਦੀ ਹੈ, ਇਕ ਇੱਛਾ ਬਣਦੀ ਹੈ। ਮਨੁੱਖ ਪਿਛਲੀਆਂ ਇੱਛਾਵਾਂ ਦੀ ਪੂਰਤੀ ਲਈ ਜਨਮ ਲੈਂਦਾ ਹੈ। ਪ੍ਰਸ਼ਨ ਉਠਦਾ ਹੈ, "ਮਨੁੱਖ ਇਕ ਖਾਸ ਪਰਿਵਾਰ ਵਿਚ ਜਨਮ ਕਿਉਂ ਲੈਂਦਾ ਹੈ?" ਇਥੇ ਇਕੋ ਸਿਧਾਂਤ ਸਮਝ ਆਉਂਦਾ ਹੈ ਜਿਸ ਨਾਲ ਉਤਰ ਦਿਤਾ ਜਾ ਸਕਦਾ ਹੈ, ਇਕੋ ਜਿਹੇ ਇਕ ਦੂਸਰੇ ਨੂੰ ਆਕਰਸ਼ਿਤ ਕਰਦੇ ਹਨ। ਇਕ ਖਾਸ ਪਰਿਵਾਰ ਵਿਚ ਜਨਮ ਲੈਣ ਤੋਂ ਭਾਵ ਹੈ ਬੱਚਿਆਂ ਦੇ ਮਾਤਾ ਪਿਤਾ ਆਪਣੀ ਇੱਛਾ ਅਨੁਸਾਰ ਹੁੰਦੇ ਹਨ। ਮੋਹ ਸਭ ਤੋਂ ਜ਼ੋਰਦਾਰ ਇੱਛਾ ਹੈ। ਜੇ ਪਿਛਲੇ ਜਨਮ ਵਿਚ ਬਹੁਤ ਮੋਹ ਹੋਵੇ ਉਹ ਹੀ ਇਸ ਜਨਮ ਵਿਚ ਉਸ ਪਰਿਵਾਰ ਵਿਚ ਜਨਮ ਲੈਣ ਦਾ ਕਾਰਣ ਬਣ ਸਕਦਾ ਹੈ, ਵਿਰਸੇ ਨੂੰ ਭੁੱਲਿਆ ਨਹੀਂ ਜਾ ਸਕਦਾ ਪਰ ਮੋਹ ਤੇ ਇੱਛਾਵਾਂ ਦੇ ਵਿਰਸੇ ਨੂੰ ਵੀ ਭੁੱਲਿਆ ਨਹੀਂ ਜਾ ਸਕਦਾ, ਸਾਡੇ ਵਿਰਾਸਤ ਦੇ ਗੁਣ ਮੋਹ ਤੇ ਸਬੰਧ ਕਾਰਣ ਹੁੰਦੇ ਹਨ ਇਸ ਕਰਕੇ ਵਿਰਾਸਤ ਤੇ ਸਿਖਣ ਵਿਚ ਕੋਈ ਬਹੁਤਾ ਅੰਤਰ ਨਹੀਂ।

ਨਾ ਟਲਣ ਵਾਲੀ ਕਰਮਾਂ ਦੀ ਗਤੀ ਇਕ ਕਾਰਣ ਤੇ ਨਤੀਜੇ ਦੀ ਲੰਮੀ ਕੜੀ ਹੈ। ਕਰਮ ਕੀਤਾ ਜਾਂਦਾ ਹੈ ਤੇ ਫਲ ਭੋਗੇ ਜਾਂਦੇ ਹਨ। ਫੇਰ ਹੋਰ ਕਰਮ ਕੀਤੇ ਜਾਂਦੇ ਹਨ, ਹੋਰ ਫਲ ਮਿਲਦੇ ਹਨ ਇਸ ਤਰ੍ਹਾਂ ਪ੍ਰਤਿਕ੍ਰਿਆ ਦੀ ਲੜੀ ਸ਼ੁਰੂ ਹੋ ਜਾਂਦੀ ਹੈ। ਸੰਸਕਾਰ ਤੇ ਪਿਛਲੇ ਜਨਮਾਂ ਦੇ ਹੋਰ ਚਿੰਨ ਜਿਹੜੇ ਅਚੇਤ ਮਨ ਤੇ ਪੈ ਜਾਂਦੇ ਹਨ ਜੋ ਵੀ ਮਨੁੱਖ ਕਰਦਾ ਹੈ ਉਹ ਹੀ ਉਸ ਦੇ ਜਨਮ ਦੇ ਕਾਰਣ ਬਣ ਜਾਂਦੇ ਹਨ ਪਰ ਇਹ ਕਾਰਣ ਤੇ ਫਲ ਦੀ ਕੜੀ ਅਮੁੱਕ ਨਹੀਂ ਹੁੰਦੀ। ਸੱਚੀ ਸਿਖਿਆ ਨਾਲ ਮਨੁੱਖ ਦਾ ਪੂਰਾ ਕਾਇਆ ਕਲਪ ਹੋ ਸਕਦਾ ਹੈ। ਜਦੋਂ ਮਨੁੱਖ ਨੂੰ ਇਹ ਸੂਝ ਆ ਜਾਵੇ ਕਿ ਗਿਆਨ ਦੀ ਅੱਗ ਕਿਸ ਤਰ੍ਹਾਂ ਬਾਲਣੀ ਹੈ ਤੇ ਉਸ ਵਿਚ ਸੰਸਕਾਰ ਕਿਸ ਤਰ੍ਹਾਂ ਫੂਕ ਦੇਣੇ ਹਨ ਫੇਰ ਉਹ ਸੁਤੰਤਰ ਹੋ ਸਕਦਾ ਹੈ। ਭਾਵੇਂ ਪਿਛਲੇ ਸੰਸਕਾਰਾਂ ਦਾ ਬਹੁਤ ਡੂੰਘਾ ਪ੍ਰਭਾਵ ਪੈਂਦਾ ਹੈ, ਪਰ ਉਚਿਤ ਸਿਖਿਆ ਨਾਲ ਪਿਛਲੇ ਸੰਸਕਾਰਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ ਤੇ ਨਵਾਂ ਜੀਵਨ ਸ਼ੁਰੂ ਕੀਤਾ ਜਾ ਸਕਦਾ ਹੈ ਜਿਸ ਉਤੇ ਪਿਛਲੇ ਸੰਸਕਾਰਾਂ ਦਾ ਕੋਈ ਪ੍ਰਭਾਵ ਨਾ ਹੋਵੇ।

14. ਮੈਂ ਕਰਮਾਂ ਵਿਚ ਲਿਪਤ ਨਹੀਂ ਹੁੰਦਾ, ਨਾ ਹੀ ਮੈਂ ਫਲ ਦੀ ਇੱਛਾ

ਰਖਦਾ ਹਾਂ ਜਿਹੜਾ ਮੈਨੂੰ ਇਸ ਪ੍ਰਕਾਰ ਜਾਣ ਲੈਂਦਾ ਹੈ ਉਹ ਕਰਮਾਂ ਦੇ ਬੰਧਨ ਵਿਚ ਨਹੀਂ ਆਉਂਦਾ।

15. ਪੁਰਾਤਨ ਲੋਕੀ ਵੀ ਜਿਹੜੇ ਮੁਕਤੀ ਦੀ ਇੱਛਾ ਰਖਦੇ ਸਨ ਉਨ੍ਹਾਂ ਨੇ ਇਹ ਗਿਆਨ ਧਾਰਨ ਕਰਕੇ ਕਰਮ ਕੀਤੇ, ਹੁਣ ਤੂੰ ਵੀ ਉਸੇ ਤਰ੍ਹਾਂ ਹੀ ਕਰਮ ਕਰ ਜਿਵੇਂ ਪਿਛਲੇ ਲੋਕਾਂ ਨੇ ਕੀਤੇ।

ਗਿਆਨੀ ਨੂੰ ਫਲ ਦਾ ਲੋਭ ਨਹੀਂ ਹੁੰਦਾ, ਉਹ ਕਰਮ ਕਰਕੇ ਫਲ ਦੀ ਇੱਛਾ ਨਹੀਂ ਰਖਦਾ ਪਰ ਕਰਮ ਕਰੀ ਜਾਂਦਾ ਹੈ, ਨਿਰਲਿਪਤ ਰਹਿੰਦਾ ਹੈ, ਗਿਆਨੀ ਫਲ ਦੀ ਇੱਛਾ ਤਿਆਗ ਦਿੰਦੇ ਹਨ ਤੇ ਮੁਕਤ ਹੋ ਜਾਂਦੇ ਹਨ। ਪੁਰਾਤਨ ਸਮੇਂ ਵਿਚ ਮਹਾਤਮਾ ਇਹ ਸਿਧਾਂਤ ਜਾਣਦੇ ਸਨ ਤੇ ਮੁਕਤ ਹੋ ਜਾਂਦੇ ਸਨ ਪਰ ਅੱਜ ਦੇ ਸਮੇਂ ਵਿਚ ਮਨੁੱਖ ਨਿਸ਼ਕਾਮ ਰਹਿਣ ਦੀ ਗੂੜ੍ਹ ਫਿਲੌਸਫੀ ਨੂੰ ਨਹੀਂ ਸਮਝਦੇ। ਅਸੀਂ ਦੇਖਦੇ ਹਾਂ, ਸਾਰੇ ਦੁਖੀ ਹਨ, ਸੰਤਾਪ ਫੈਲਿਆ ਹੋਇਆ ਹੈ, ਕਰਮਾਂ ਦੇ ਫਲ ਦੀ ਆਸ ਦਾ ਮੋਹ, ਜਿਨ੍ਹਾਂ ਨਾਲ ਉਹ ਰਹਿੰਦਾ ਹੈ ਉਨ੍ਹਾਂ ਦਾ ਮੋਹ, ਅਹੁਦੇ ਦਾ ਮੋਹ, ਹੋਰ ਅਨੇਕਾਂ ਪਦਾਰਥਾਂ ਦਾ ਮੋਹ, ਮਨੁੱਖ ਆਪਣੀਆਂ ਇੱਛਾਵਾਂ ਦੇ ਗੁਲਾਮ ਬਣਿਆ ਪਿਆ ਹੈ। ਜੇ ਅੱਜ ਦਾ ਮਨੁੱਖ ਪੁਰਾਣੀਆਂ ਲੀਹਾਂ ਤੋਂ ਸਿਖੇ ਉਸ ਦੇ ਬਹੁਤ ਸਾਰੇ ਸੰਤਾਪ ਘਟ ਜਾਣਗੇ।

16. ਕਰਮ ਕੀ ਹੈ, ਅਕਰਮ ਕੀ ਹੈ? ਗਿਆਨੀ ਵੀ ਇਸ ਵਿਚ ਉਲਝ ਗਏ ਹਨ ਮੈਂ ਤੈਨੂੰ ਉਹ ਕਰਮ ਕਰਨਾ ਦਸਦਾ ਹਾਂ ਜਿਸ ਨੂੰ ਕਰਕੇ ਤੂੰ ਪਾਪ ਤੋਂ ਛੁਟ ਜਾਵੇਂਗਾ।

17. ਕਰਮ ਕਰਨ ਬਾਰੇ ਜਾਨਣਾ ਚਾਹੀਦਾ ਹੈ, ਕਿਹੜਾ ਕਰਮ ਕਰਨਾ ਚਾਹੀਦਾ ਹੈ ਕਿਹੜਾ ਨਹੀਂ ਕਰਨਾ ਚਾਹੀਦਾ, ਕਿਹੜਾ ਅਕਰਮ ਹੈ? ਇਸ ਦਾ ਜਾਨਣਾ ਬੜਾ ਅਵੱਸ਼ਕ ਹੈ ਕਰਮ ਗਤੀ ਬੜੀ ਗੂੜ੍ਹ ਹੈ।

18. ਜਿਹੜਾ ਅਕਰਮ ਵਿਚ ਕਰਮ ਤੇ ਕਰਮ ਵਿਚ ਅਕਰਮ ਅਰਥਾਤ ਜਿਹੜਾ ਹਉਮੈ ਤਿਆਗ ਕੇ ਕਰਮ ਕਰਦਾ ਹੈ, ਕਰਮ ਕਰਦਿਆਂ ਮੈਂ ਭਾਵ ਦਾ ਤਿਆਗ ਕਰਦਾ ਹੈ, ਉਹ ਹੀ ਗਿਆਨੀ ਹੈ, ਯੋਗੀ ਹੈ ਤੇ ਕਰਮ ਕਰਨ ਵਾਲਾ ਹੈ।

ਬਹੁਤ ਵਾਰੀ ਵੱਡੇ-ਵੱਡੇ ਆਗੂ ਨਾਇਕ ਹੈਰਾਨ ਹੋ ਜਾਂਦੇ ਹਨ ਤੇ ਸਮਝਣ ਦੇ ਅਸਮਰਥ ਹੁੰਦੇ ਹਨ ਕਿ ਕੀ ਠੀਕ ਹੈ ਅਤੇ ਕੀ ਗਲਤ ਹੈ, ਚੰਗਾ ਕਰਮ ਕੀ ਹੈ, ਭੈੜਾ ਕਰਮ ਕੀ ਹੈ ਤੇ ਕਰਮ ਨਾ ਕਰਨਾ ਕੀ ਹੈ? ਜਦੋਂ ਨਿਰਣਾ ਲੈਣਾ ਹੋਵੇ ਕਿਵੇਂ ਪਤਾ ਲੱਗੇਗਾ ਕਿ ਠੀਕ ਸਹੀ ਨਿਰਣਾ ਕੀ ਹੈ? ਕਈ ਵਾਰੀ ਕੀਤੇ ਹੋਏ ਕਰਮ ਦਾ ਫਲ ਬਿਲਕੁਲ ਉਲਟਾ ਹੀ ਨਿਕਲਦਾ ਹੈ, ਦੁੱਖ ਪੈਦਾ ਹੋ ਜਾਂਦਾ ਹੈ, ਬੇਸੁਰਾਪਨ ਆ ਜਾਂਦਾ ਹੈ। ਕੀ ਇਹੋ ਜਿਹੀ ਹਾਲਤ ਵਿਚ ਕਰਮ ਨਾ ਕਰਨਾ ਵਧੇਰੇ ਠੀਕ ਨਹੀਂ? ਇਹੋ ਜਿਹੇ ਪ੍ਰਸ਼ਨ ਹਰ ਇਕ ਦੇ ਮਨ ਵਿਚ ਦਿਨ ਵਿਚ ਕਿੰਨੀ ਵਾਰੀ ਉਠਦੇ ਹਨ ਭਾਵੇਂ ਇਹੋ ਜਿਹੀਆਂ ਹਾਲਤਾਂ ਵਿਚ ਚੋਣ ਦਾ ਢੰਗ ਡਾਹਢਾ ਹੀ ਸੂਖਸ਼ਮ ਹੁੰਦਾ

ਹੈ, ਮਨੁੱਖ ਨੂੰ ਆਪ ਨੂੰ ਵੀ ਨਹੀਂ ਪਤਾ ਹੁੰਦਾ। ਜੇ ਠੀਕ ਕਰਮ ਨਾ ਪਤਾ ਹੋਵੇ ਤਾਂ ਮਨ ਨਖੇਦੀ ਵਾਲੇ ਨਤੀਜਿਆਂ ਤੇ ਸੋਚਣ ਲਗ ਪੈਂਦਾ ਹੈ, ਫਲ ਦੀ ਸੋਚ ਪੈ ਜਾਂਦੀ ਹੈ, ਅਨਿਸ਼ਚਿਤਾ ਪੈਦਾ ਹੋ ਜਾਂਦੀ ਹੈ, ਘਬਰਾਹਟ ਹੋ ਜਾਂਦੀ ਹੈ, ਇੱਛਾ ਸ਼ਕਤੀ ਖਤਮ ਹੋ ਜਾਂਦੀ ਹੈ, ਨਿਰਣਾ ਨਾ ਲੈ ਸਕਣਾ, ਨਿਰਣਾ ਲੈਣ ਲੱਗੇ ਦੇਰ ਲਗਣੀ, ਨਿਰਣੇ ਲੈਣ ਵਿਚ ਡਰ ਲਗਣਾ, ਕਾਫੀ ਦੁਖਦਾਈ ਹੁੰਦੇ ਹਨ, ਅਸਵਸਥ ਹੁੰਦੇ ਹਨ। ਇਹੋ ਜਿਹੇ ਸਮੇਂ ਬੁੱਧੀ ਦੀ ਲੋੜ ਪੈਂਦੀ ਹੈ। ਜੇ ਕਿਸੇ ਨੂੰ ਹਿਚਕਚਾਹਟ ਹੋਵੇ ਦੁਚਿਤਾ ਹੋਵੇ ਤਾਂ ਨਿਰਣਾ ਲੈਣ ਵਾਲੀ ਬੁੱਧੀ ਨੂੰ ਤੀਖਣ ਕਰਨਾ ਚਾਹੀਦਾ ਹੈ ਤਾਂ ਜੋ ਉਹ ਛੇਤੀ ਹੀ ਬਿਨਾਂ ਕਿਸੇ ਰੁਕਾਵਟ ਦੇ ਸਮੇਂ ਸਿਰ ਨਿਰਣਾ ਲੈ ਸਕੇ, ਠੀਕ ਕਰਮ ਸਚਮੁੱਚ ਹੀ ਉਤਮ ਹੁੰਦਾ ਹੈ, ਸ਼ਾਂਤੀ ਨਾਲ ਨਿਰਲਿਪਤ ਹੋ ਕੇ ਕੀਤਾ ਗਿਆ ਕਰਮ ਸਦਾ ਹੀ ਉਤਮ ਹੁੰਦਾ ਹੈ, ਇਸ ਤੋਂ ਉਲਟ ਹੈ ਉਪਰਾਮਤਾ ਨਾਲ ਕੀਤਾ ਕਰਮ ਸਭ ਤੋਂ ਨਖਿੱਧ ਹੈ। ਅਕਰਮ ਭਰਮੀ, ਦਵੰਦੀ ਤੇ ਉਪਰਾਮ ਮਨ ਗਲਤ ਕਰਮਾਂ ਦਾ ਕਾਰਨ ਹੁੰਦਾ ਹੈ। ਉਹ ਕਰਮ ਜਿਹੜਾ ਨਿਰਣੇ ਤੋਂ ਬਿਨਾਂ ਕੀਤਾ ਜਾਵੇ ਉਹ ਨਖਿੱਧ ਕਰਮ ਹੋਵੇਗਾ।

ਬਹੁਤ ਸਾਰੇ ਮਨੁੱਖ ਬੜੇ ਹੀ ਸਤਰਕ ਹੁੰਦੇ ਹਨ, ਕਰਮ ਕਰਨ ਤੋਂ ਡਰਦੇ ਹਨ ਉਹ ਅਕਰਮਕ ਹੋ ਜਾਂਦੇ ਹਨ, ਕਰਮ ਨਾ ਕਰਨਾ ਤੁਹਾਨੂੰ ਸਥੂਲ ਬਣਾ ਦਿੰਦਾ ਹੈ ਜੋ ਕਿ ਨਖਿੱਧ ਕਰਮ ਨਾਲੋਂ ਵੀ ਭੈੜਾ ਹੈ, ਅਕਰਮ ਵਿਚ ਰਹਿੰਦੇ ਹੋਏ ਲਗਦਾ ਹੈ ਮਨੁੱਖ ਕੋਈ ਕਰਮ ਨਹੀਂ ਕਰ ਰਿਹਾ ਪਰ ਵਾਸਤਵ ਵਿਚ ਉਹ ਉਸ ਸਥਿਤੀ ਵਿਚ ਪ੍ਰਤਿਕ੍ਰਿਆ ਵਿਚ ਫਸਿਆ ਹੁੰਦਾ ਹੈ। ਉਹ ਨਖੇਦੀ ਦੀ ਹਾਲਤ ਵਿਚ ਆਪਣੇ ਆਪ ਨੂੰ ਸਮੇਟ ਕੇ ਸੁਸਤੀ ਦੇ ਵਿਚਾਰਾਂ ਵਿਚ ਲੀਨ ਬੈਠਾ ਹੈ। ਮੈਨੂੰ ਇਹ ਕਿਉਂ ਚਾਹੀਦਾ ਹੈ? ਮੈਂ ਇਹ ਕਿਉਂ ਕਰਾਂ? ਮੈਂ ਇਸ ਤੋਂ ਬਿਨਾਂ ਜੀ ਸਕਦਾ ਹਾਂ, ਮੈਂ ਸਮਰੱਥ ਨਹੀਂ ਹਾਂ ਇਸ ਕਰਕੇ ਮੈਨੂੰ ਇਸ ਲਈ ਯਤਨ ਵੀ ਨਹੀਂ ਕਰਨਾ ਚਾਹੀਦਾ।

ਤਮੋ ਗੁਣ ਦੇ ਪ੍ਰਭਾਵ ਹੇਠਾਂ ਅਸੀਂ ਆਕਰਮਕ ਹੁੰਦੇ ਹਾਂ। ਵਿਕਰਮ ਕਰਮ ਕਰਮ ਤੋਂ ਉਲਟ ਹੁੰਦਾ ਹੈ, ਇਹ ਰਜੋ ਗੁਣ ਤੇ ਤਮੋ ਗੁਣ ਦੇ ਪ੍ਰਭਾਵ ਹੇਠਾਂ ਹੁੰਦਾ ਹੈ ਪਰ ਰਜੋ ਗੁਣ ਦਾ ਪ੍ਰਭਾਵ ਵਧੇਰੇ ਹੁੰਦਾ ਹੈ। ਰਜੋ ਗੁਣ ਕਰਮ ਕਰਾਉਂਦਾ ਹੈ, ਸਤੋ ਗੁਣ ਤੋਂ ਬਿਨਾਂ ਮਨੁੱਖ ਭਰਮਿਆ ਰਹਿੰਦਾ ਹੈ। ਵਾਸਤਵ ਵਿਚ ਸਤੋ ਗੁਣ ਹੀ ਮਨ ਨੂੰ ਸ਼ਾਂਤ ਰਖਦਾ ਹੈ, ਸ਼ਾਂਤ ਮਨ ਨਾਲ ਸਤੋ ਗੁਣੀ ਪ੍ਰਭਾਵ ਹੇਠ ਕੀਤੇ ਗਏ ਕਰਮ ਹੀ ਕਰਮ ਹੁੰਦੇ ਹਨ।

ਜਿਸ ਨੇ ਆਪਾ ਸਾਧ ਲਿਆ ਹੈ, ਇੰਦ੍ਰੀਆਂ ਨੂੰ ਕਾਬੂ ਕਰ ਲਿਆ ਹੈ, ਸ਼ਾਂਤ ਕਰ ਲਿਆ ਹੈ ਤੇ ਮਨ ਨੂੰ ਬੁੱਧੀ ਦੇ ਵਿਚਾਰ ਅਧੀਨ ਕਰ ਲਿਆ ਹੈ ਉਹ ਗਲਤ ਕਰਮ ਕਰ ਹੀ ਨਹੀਂ ਸਕਦਾ, ਉਹ ਕਰਮਾਂ ਦੇ ਫਲ ਬੜੀ ਪ੍ਰਸੰਨਤਾ ਨਾਲ ਅਰਪਿਤ ਕਰ ਦਿੰਦਾ ਹੈ। ਇਹੋ ਜਿਹੇ ਨਿਰਲੇਪ ਕਰਮਾਂ ਦੇ ਦੋ ਲਾਭ ਹਨ। ਕਰਮਾਂ ਦੇ ਫਲ ਤੁਹਾਨੂੰ ਬੰਨ੍ਹਦੇ ਨਹੀਂ ਉਸ ਦੇ ਕਰਮ ਪੂਜਨੀਯ ਬਣ ਜਾਂਦੇ ਹਨ, ਉਸ ਦੇ ਸਾਧਨ, ਧਿਆਨ ਹੀ ਕਰਮ ਬਣ ਜਾਂਦੇ ਹਨ। ਯੋਗੀ ਸ਼ਾਂਤ ਮਨ ਨਾਲ ਕਰਮ ਕਰਦਾ ਰਹਿੰਦਾ ਹੈ ਤੇ ਸਦਾ ਸੁਤੰਤਰ

ਰਹਿੰਦਾ ਹੈ, ਕਿਸੇ ਬੰਧਨ ਵਿਚ ਨਹੀਂ ਪੈਂਦਾ ਉਸ ਦਾ ਕੋਈ ਸੁਆਰਥ ਨਹੀਂ ਹੁੰਦਾ ਉਸ ਦੇ ਸਾਰੇ ਹੀ ਕਰਮ ਨਿਸੁਆਰਥੀ ਹੁੰਦੇ ਹਨ, ਉਹ ਸੁਤੰਤਰ ਰਹਿੰਦਾ ਹੈ।

19. ਜਿਸ ਦੇ ਸਾਰੇ ਕਰਮ ਇੱਛਾ ਰਹਿਤ ਹੋਣ, ਬਿਨਾਂ ਕਿਸੇ ਸੰਕਲਪ ਦੇ ਹੋਣ, ਜਿਸ ਨੇ ਸਾਰੇ ਕਰਮ ਗਿਆਨ ਰੂਪੀ ਅੱਗ ਵਿਚ ਫੂਕ ਦਿਤੇ ਹਨ, ਉਸ ਨੂੰ ਪੰਡਤ ਕਹਿੰਦੇ ਹਨ।

20. ਜਿਹੜਾ ਕਰਮਾਂ ਦੇ ਫਲ ਦਾ ਤਿਆਗ ਕਰਦਾ ਹੈ ਕਦੀ ਕਿਸੇ ਦੇ ਆਸਰੇ ਦੀ ਚਾਹ ਨਹੀਂ ਰਖਦਾ, ਕਰਮ ਕਰਦਿਆਂ ਵੀ ਉਹ ਨਿਰਲਿਪਤ ਹੈ।

21. ਜੋ ਸਭ ਆਸ਼ਾ ਛੱਡ ਕੇ ਚਿੱਤ ਆਤਮਾ ਕਾਬੂ ਕਰਕੇ, ਭੋਗਾਂ ਨੂੰ ਤਿਆਗ ਕੇ ਕੇਵਲ ਸਰੀਰ ਨਾਲ ਹੀ ਕਰਮ ਕਰਦਾ ਹੈ, ਉਹ ਪਾਪ ਦਾ ਭਾਗੀਦਾਰ ਨਹੀਂ ਹੁੰਦਾ।

22. ਜੋ ਸਹਿਜ ਨਾਲ ਮਿਲ ਜਾਏ, ਉਸ ਵਿਚ ਸੰਤੋਖ ਰਖਦਾ ਹੈ, ਸੁਖ ਦੁਖ ਨੂੰ ਸਮ ਮੰਨਦਾ ਹੈ, ਦ੍ਵੰਦ ਤੋਂ ਛੁਟ ਚੁਕਾ ਹੈ, ਸਫਲਤਾ ਅਸਫਲਤਾ ਨੂੰ ਇਕੋ ਜਿਹਾ ਜਾਣਦਾ ਹੈ, ਇਹੋ ਜਿਹਾ ਮਨੁੱਖ ਕਰਮ ਕਰਦਾ ਹੋਇਆ ਵੀ ਕਰਮਾਂ ਦੇ ਬੰਧਨਾਂ ਤੋਂ ਮੁਕਤ ਹੈ।

23. ਜਿਹੜਾ ਫਲ ਦੀ ਅਭਿਲਾਸ਼ਾ ਤੋਂ ਮੁਕਤ ਹੋ ਚੁਕਾ ਹੈ, ਜਿਸ ਦਾ ਚਿਤ ਗਿਆਨ ਵਿਚ ਸਥਿਤ ਹੈ ਜੋ ਸਾਰੇ ਕਰਮ ਪ੍ਰਮੇਸ਼ਰ ਨੂੰ ਅਰਪਣ ਕਰਕੇ ਹੀ ਕਰਦਾ ਹੈ, ਉਸਦੇ ਸਾਰੇ ਕਰਮ ਨਸ਼ਟ ਹੀ ਹਨ।

ਫਲ ਦੀ ਇੱਛਾ ਰਹਿਤ ਹੋ ਕੇ ਕੀਤੇ ਗਏ ਕਰਮ ਸਾਤਵਿਕ ਕਹੇ ਜਾਂਦੇ ਹਨ ਕਿਉਂਕਿ ਉਹ ਸ਼ਾਂਤ ਮਨ ਤੋਂ ਉਠੇ ਗਿਆਨ ਤੋਂ ਪੈਦਾ ਹੁੰਦੇ ਹਨ। ਜਿਸ ਨੇ ਇੱਛਾ ਮੁਕਤ ਹੋ ਕੇ ਕਰਮ ਕਰਨ ਦਾ ਵਿਗਿਆਨ ਤੇ ਕਲਾ ਸਿੱਖ ਲਈ ਤੇ ਜਿਸ ਦੀ ਪਰੇਰਨਾ ਗਿਆਨ ਦੀ ਅੱਗ ਵਿਚ ਸੜ ਚੁਕੀ ਹੈ ਉਸ ਨੂੰ ਪੰਡਤ ਕਹਿੰਦੇ ਹਨ ਇਹੋ ਜਿਹਾ ਮਨੁੱਖ ਸੰਤੋਖੀ ਹੁੰਦਾ ਹੈ ਤੇ ਸ੍ਵੈ ਨਿਰਭਰ ਹੁੰਦਾ ਹੈ, ਉਸ ਦਾ ਬਾਹਰ ਦਾ ਵਿਵਹਾਰ ਭਾਵੇਂ ਕਿੰਨਾ ਹੀ ਕਰਮ ਭਰਪੂਰ ਕਿਉਂ ਨਾ ਦਿਸਦਾ ਹੋਵੇ ਪਰ ਵਾਸਤਵ ਵਿਚ ਉਹ ਕੁਝ ਨਹੀਂ ਕਰ ਰਿਹਾ ਹੁੰਦਾ ਕਿਉਂਕਿ ਉਹ ਕਰਤਾ ਨਹੀਂ ਹੈ। ਇਹ ਸੰਤੋਖੀ ਪੁਰਸ਼ ਸਾਰੀਆਂ ਇੱਛਾਵਾਂ ਦਾ ਫਲ ਤਿਆਗ ਕਰਦੇ ਹੋਏ, ਸਾਰੇ ਭੋਗਾਂ ਦਾ ਤਿਆਗ ਕਰਦੇ ਹੋਏ ਕੇਵਲ ਸਰੀਰ ਪੱਖੋਂ ਹੀ ਕਰਮ ਕਰਦਾ ਹੈ। ਉਹ ਕਰਮ ਤੇ ਕਰਮਾਂ ਦੇ ਫਲ ਤੋਂ ਬਿਲਕੁਲ ਪ੍ਰਭਾਵਿਤ ਨਹੀਂ ਹੁੰਦਾ ਉਸ ਨੂੰ ਕਦੇ ਵੀ ਸੰਵੇਗਕ ਤੂਫਾਨ ਦਾ ਸਾਹਮਣਾ ਨਹੀਂ ਕਰਨਾ ਪੈਂਦਾ।

ਵਿਚਾਰਾਂ ਦਾ ਪ੍ਰਗਟਾਵਾ ਹੀ ਕਰਮ ਹੁੰਦੇ ਹਨ ਤੇ ਵਿਚਾਰ ਸੰਵੇਗਾਂ ਨੂੰ ਆਮ ਤੌਰ ਤੇ ਕਾਬੂ ਕਰ ਸਕਦੇ ਹਨ। ਸੰਵੇਗ ਵਿਚਾਰਾਂ ਨੂੰ ਖੇਰੂੰ ਖੇਰੂੰ

ਕਰ ਸਕਦਾ ਹੈ, ਅਸ਼ਾਂਤ ਕਰ ਸਕਦਾ ਹੈ ਤੇ ਕਰਮਾਂ ਨੂੰ ਕੁਕਰਮ ਬਣਾ ਸਕਦਾ ਹੈ। ਵਿਕਰਮ ਉਹ ਕਰਮ ਹਨ ਜਿਹੜੇ ਸੰਵੇਗ ਦੇ ਅਧੀਨ ਹੋ ਕੇ ਉਤੇਜਿਤ ਹੋ ਕੇ ਕੀਤੇ ਜਾਂਦੇ ਹਨ। ਸੰਵੇਗ ਤੇ ਵਿਚਾਰ ਵਿਚ ਬਹੁਤ ਅੰਤਰ ਹੈ, ਵਿਚਾਰ ਵਿਚ ਸੰਦੇਹ ਹੁੰਦਾ ਹੈ, ਸੰਵੇਗ ਵਿਚ ਨਿਰਣਾ ਨਹੀਂ ਹੁੰਦਾ, ਸੰਵੇਗ ਸ਼ਕਤੀ ਦਿੰਦੇ ਹਨ, ਵਿਚਾਰਾਂ ਵਿਚ ਉਹ ਸ਼ਕਤੀ ਨਹੀਂ ਹੈ। ਸੰਵੇਗ ਉਸ ਨੇਤਰਹੀਨ ਦੀ ਤਰ੍ਹਾਂ ਹਨ ਜਿਸ ਕੋਲ ਟੁਰਨ ਦੀ ਸ਼ਕਤੀ ਹੈ ਪਰ ਉਹ ਰਾਹ ਨਹੀਂ ਦੇਖ ਸਕਦਾ, ਵਿਚਾਰ ਉਸ ਮਨੁੱਖ ਦੀ ਭਾਂਤੀ ਹਨ ਜਿਹੜਾ ਰਾਹ ਤਾਂ ਦੇਖ ਸਕਦਾ ਹੈ ਪਰ ਲੰਗੜਾ ਹੈ। ਕਈ ਸਾਧਕ ਕੇਵਲ ਮਾਨਸਿਕ ਕਸਰਤ ਹੀ ਕਰਦੇ ਰਹਿੰਦੇ ਹਨ ਉਨ੍ਹਾਂ ਨੂੰ ਭਾਵਨਾਵਾਂ ਦੀ, ਸੰਵੇਗਾਂ ਦੀ ਸ਼ਕਤੀ ਦਾ ਪਤਾ ਹੀ ਨਹੀਂ ਹੁੰਦਾ। ਦੂਸਰੇ ਉਹ ਹਨ ਜਿਹੜੇ ਸੰਵੇਗਾਂ ਵਿਚ ਵਹਿੰਦੇ ਰਹਿੰਦੇ ਹਨ ਪਰ ਮਾਨਸਿਕ ਸ਼ਕਤੀਆਂ ਦਾ ਪ੍ਰਯੋਗ ਹੀ ਨਹੀਂ ਕਰਦੇ। ਸੂਝਵਾਨ ਸਾਧਕ ਸੰਵੇਗ ਸ਼ਕਤੀਆਂ ਤੇ ਮਾਨਸਿਕ ਸ਼ਕਤੀਆਂ ਨੂੰ ਮਿਲਾ ਕੇ ਹੀ ਚਲਦਾ ਹੈ, ਉਹ ਇਨ੍ਹਾਂ ਦੋਨਾਂ ਨੂੰ ਮਿਲਾ ਕੇ ਚਲਦਾ ਹੈ ਤਾਂ ਜੋ ਉਸ ਦੀ ਯਾਤਰਾ ਸੌਖੀ ਹੋ ਜਾਵੇ। ਸਾਧਕ ਨੂੰ ਇਹ ਦੋਨੋਂ ਸ਼ਕਤੀਆਂ ਸੰਤੁਲਨ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਸ਼ਕਤੀਸ਼ਾਲੀ ਪ੍ਰਬਲ ਇੱਛਾ ਸ਼ਕਤੀ ਉਤਪੰਨ ਹੋਵੇ ਜੋ ਕਰਮ ਕਰਨ ਤੇ ਡਿਊਟੀ ਕਰਨ ਵਿਚ ਸਹਾਇਕ ਹੋ ਸਕੇ। ਕੇਵਲ ਸ਼ਾਂਤ ਮਨ ਤੇ ਸੂਝ ਦੀ ਹੀ ਲੋੜ ਨਹੀਂ, ਇੱਛਾ ਸ਼ਕਤੀ ਜਿਹੜੀ ਭੋਗਾਂ ਨੂੰ ਬਦਲ ਦਿੰਦੀ ਹੈ ਉਸ ਦੀ ਇਸ ਤੋਂ ਵੱਧ ਲੋੜ ਹੈ, ਆਤਮ ਮਾਰਗ ਤੇ ਚਲਣ ਲਈ, ਆਪਾ ਚੀਨਣ ਲਈ। ਜੇ ਮਨ ਖਿੰਡਿਆ ਰਹੇ, ਸੰਗਠਨ ਨਾ ਹੋਵੇ, ਸੰਵੇਗਾਂ ਦੇ ਵਸ ਵਿਚ ਰਹੇ ਤਾਂ ਭਾਵ ਹੈ ਕਿ ਇੱਛਾ ਸ਼ਕਤੀ ਕਮਜ਼ੋਰ ਹੈ। ਜਿੰਨਾਂ ਵਧੇਰੇ ਮਨ ਇਕਾਗਰ ਹੋਵੇਗਾ, ਇਕਚਿਤ ਹੋਵੇਗਾ, ਸ਼ਾਂਤ ਹੋਵੇਗਾ, ਇੱਛਾ ਸ਼ਕਤੀ ਉਨੀਂ ਹੀ ਬਲਵਾਨ ਹੋਵੇਗੀ। ਇੱਛਾ ਸ਼ਕਤੀ ਵਿਚਾਰ ਦੀ ਸ਼ਕਤੀ ਤੋਂ ਉਪਰ ਹੈ, ਸੰਵੇਗਾਂ ਤੋਂ ਉਪਰ ਹੈ, ਇਸ ਸ਼ਕਤੀ ਦੀ ਸਹਾਇਤਾ ਨਾਲ ਅਸੰਭਵ ਵੀ ਸੰਭਵ ਹੋ ਜਾਂਦਾ ਹੈ।

ਅੰਦਰ ਦੀਆਂ ਸਾਰੀਆਂ ਸ਼ਕਤੀਆਂ ਤੋਂ ਬਲਵਾਨ ਹੈ ਇੱਛਾ ਸ਼ਕਤੀ, ਨਿਸ਼ਚਾ, ਸਾਹਸ, ਨਿਰਭੈਤਾ ਜਿਹੜੇ ਕਿ ਸਾਧਕ ਲਈ ਅਤੀ ਆਵਸ਼ਕ ਹਨ। ਸਾਰੇ ਇੱਛਾ ਸ਼ਕਤੀ ਤੋਂ ਹੀ ਪੈਦਾ ਹੁੰਦੇ ਹਨ, ਪੂਰਬ ਦਾ ਮਨੋਵਿਗਿਆਨ ਪ੍ਰੈਕਟੀਕਲ ਹੈ, ਅਨੁਭਵੀ ਹੈ, ਲਾਗੂ ਕੀਤਾ ਜਾਣ ਵਾਲਾ ਹੈ। ਸਾਧਨਾ ਦਾ ਮਾਰਗ ਜਿਸ ਵਿਚ ਇੱਛਾ ਦਾ ਵਿਸਤਾਰ ਹੀ ਕੇਂਦਰ ਹੈ, ਬੜਾ ਹੀ ਵਚਿੱਤਰ ਹੈ, ਜਿਨ੍ਹਾਂ ਸਾਧਕਾਂ ਨੇ ਇਸ ਮਾਰਗ ਨੂੰ ਪਕਾ ਲਿਆ ਹੈ ਉਹ ਸੰਸਾਰ ਵਿਚ ਘੱਟ ਹੀ ਦਿਸਦੇ ਹਨ। ਪੂਰਬ ਵਿਚ ਸਾਧਨ ਵਧੇਰੇ ਅਵੱਸ਼ਕ ਹੈ, ਬੁੱਧੀ ਦੇ ਪੱਧਰ ਤੇ ਕੱਢੇ ਗਏ ਨਿਰਣੇ ਤੇ ਜਾਂਚ ਪੜਤਾਲ ਤਾਂ ਨੀਵੇਂ ਹਨ, ਇੱਛਾ ਸ਼ਕਤੀ ਤੇ ਵਿਚਾਰ ਤੇ ਵਿਸਤਾਰ ਇਕ ਪ੍ਰੈਕਟੀਕਲ ਕੰਮ ਹੈ। ਬਹੁਤ ਚਿੰਤਕ ਤੇ ਬੁੱਧੀ ਜੀਵੀ ਇਸ ਨੂੰ ਸਲਾਹੁੰਦੇ ਨਹੀਂ। ਅੱਜ ਦੇ ਮਨੋਵਿਗਿਆਨ ਵਿਚ ਤੇ ਮਨੋਚਿਕਤਿਸਾ ਵਿਚ ਇੱਛਾ ਸ਼ਕਤੀ ਦੇ ਵਿਸਥਾਰ ਨੂੰ ਬਹੁਤ ਘੱਟ ਧਿਆਨ ਦਿਤਾ ਜਾਂਦਾ ਹੈ, ਕੇਵਲ ਹੋਂਦਵਾਦੀ ਤੇ ਮਾਨਸਿਕ ਏਕੀਕਰਨ

ਵਾਲੇ ਹੀ ਇਸ ਨੂੰ ਪਛਾਣਦੇ ਹਨ, ਏਕੀਕਰਨ ਵਾਲੇ ਕਿਉਂਕਿ ਯੋਗ ਮਨੋਵਿਗਿਆਨੀ ਹਨ ਉਨ੍ਹਾਂ ਲਈ ਇੱਛਾ ਸ਼ਕਤੀ ਦਾ ਵਿਸਥਾਰ ਬਹੁਤ ਜ਼ਰੂਰੀ ਹੈ ਪਰ ਬਹੁਤ ਸਾਰੇ ਦੂਸਰੀਆਂ ਪ੍ਰਣਾਲੀਆਂ ਵਿਚ ਮਨੋ ਚਿਕਿਤਸਾ ਵਿਚ ਵੀ ਇਸ ਨੂੰ ਛੱਡ ਦਿਤਾ ਜਾਂਦਾ ਹੈ। ਇੱਛਾ ਸ਼ਕਤੀ ਨੂੰ ਪ੍ਰਬਲ ਕਰਨ ਦੀ ਪ੍ਰੈਕਟੀਕਲ ਸਿਖਿਆ ਚਿਕਿਤਸਾ ਦਾ ਸਵੈ ਵਿਸਥਾਰ ਦਾ ਇਕ ਹਿੱਸਾ ਹੋਣਾ ਚਾਹੀਦਾ ਹੈ।

ਬਹੁਤ ਵਾਰੀ ਅਸੀਂ ਇੱਛਾ ਸ਼ਕਤੀ ਨੂੰ ਸੰਸਾਰਕ ਪਦਾਰਥ ਪ੍ਰਾਪਤ ਕਰਨ ਨਾਲ ਜੋੜ ਲੈਂਦੇ ਹਾਂ। ਅਸੀਂ ਬੇਚੈਨ, ਲੜਾਕੇ ਤੇ ਸ਼ਕਤੀਸ਼ਾਲੀ ਮਨੁੱਖ ਨੂੰ ਵਧੇਰੇ ਇੱਛਾ ਸ਼ਕਤੀ ਵਾਲਾ ਸਮਝਣ ਲਗ ਪੈਂਦੇ ਹਾਂ ਪਰ ਉਹ ਇੱਛਾ ਸ਼ਕਤੀ ਹਉਮੈ ਨਾਲ ਭਰਪੂਰ ਹੁੰਦੀ ਹੈ। ਇਥੇ ਇੱਛਾ ਸ਼ਕਤੀ ਤੋਂ ਭਾਵ ਹੈ ਨਿਸ਼ਕਾਮਤਾ, ਨਿਰਲੇਪਤਾ। ਸਾਰੀਆਂ ਸੰਸਾਰਕ ਵਸਤੂਆਂ ਨਾਲ ਨਿਰਲੇਪਤਾ, ਆਪਣੀਆਂ ਸਾਰੀਆਂ ਇਛਾਵਾਂ ਦਾ ਤਿਆਗ ਤੇ ਸ਼ਾਂਤ ਮਨ। ਮਨ ਦੀ ਸ਼ਾਂਤੀ ਸੰਜਮ ਤੇ ਇਛਾਵਾਂ ਦਾ ਤਿਆਗ ਕਰਕੇ ਹੀ ਆਉਂਦੀ ਹੈ, ਨਿਰਲੇਪ ਮਨ ਹੀ ਉਸ ਦੀ ਸਭ ਤੋਂ ਵੱਧ ਸਮਚਿਤਤਾ ਹੈ ਉਹ ਲੋਭ ਤੋਂ ਮੁਕਤ ਹੈ, ਮੋਹ ਤੋਂ ਮੁਕਤ ਹੈ, ਸਾਰੀਆਂ ਇੱਛਾਵਾਂ ਤੇ ਛਲ ਕਪਟ ਤੋਂ ਮੁਕਤ ਹੈ ਉਹ ਆਪਣੀ ਇੱਛਾ ਸ਼ਕਤੀ ਦੀ ਵਰਤੋਂ ਕਰਦਾ ਹੋਇਆ, ਸਾਰੇ ਸੰਸਾਰਕ ਔਗੁਣਾਂ ਤੋਂ ਮੁਕਤ ਹੋ ਜਾਂਦਾ ਹੈ ਤੇ ਮੁਕਤ ਹੋ ਕੇ ਹੀ ਸਾਰੇ ਕਰਮ ਕਰਦਾ ਹੈ ਇਸ ਤਰ੍ਹਾਂ ਨਿਸ਼ਕਾਮ ਕਰਮ ਕਰਦਿਆਂ ਹੀ ਸੁਤੰਤਰ ਹੋ ਜਾਂਦਾ ਹੈ।

ਇਨ੍ਹਾਂ ਸ਼ਲੋਕਾਂ ਵਿਚ ਸਾਰੇ ਹੀ ਬੜੇ ਸਕਾਰਆਤਮਕ ਤਰੀਕੇ ਦੱਸੇ ਗਏ ਹਨ ਜਿਨ੍ਹਾਂ ਨਾਲ ਮਨੁੱਖ ਸਾਰੇ ਔਗੁਣ ਦੂਰ ਕਰਕੇ ਕਰਮ ਕਰ ਸਕਦਾ ਹੈ। ਉਹ ਅਵਸਥਾ ਦੱਸੀ ਗਈ ਹੈ ਜਿਸ ਵਿਚ ਅਕਰਮਕ ਹੋ ਕੇ ਕਰਮ ਕਰ ਸਕਦਾ ਹੈ, ਇਹੋ ਹੀ ਸਭ ਤੋਂ ਵੱਡਾ ਰਹੱਸ ਹੈ ਤੇ ਰਹੱਸ ਨੂੰ ਜਾਣ ਲੈਣ, ਕਿਵੇਂ ਕਰਮ ਕਰਕੇ ਵੀ ਅਕਰਮ ਹੋ ਸਕਦਾ ਹੈ ਹਰ ਬੰਧਨ ਤੋਂ ਛੁਟ ਸਕਦਾ ਹੈ, ਜਿਵੇਂ ਕਦੇ ਕੋਈ ਕਰਮ ਕੀਤਾ ਹੀ ਨਾ ਹੋਵੇ। ਗੀਤਾ ਸਾਨੂੰ ਇਕ ਬਿਲਕੁਲ ਅਨੋਖਾ ਮਾਰਗ ਦਸਦੀ ਹੈ ਕਿ ਕਿਵੇਂ ਅਸੀਂ ਪਿਆਰ ਨਾਲ ਕਰਮ ਕਰੀਏ, ਨਿਰਲੇਪ ਹੋ ਕੇ।

ਤੇਈਵਾਂ ਸ਼ਲੋਕ ਘਾਲਣਾ ਦਾ ਮਹੱਤਵ ਦਸਦਾ ਹੈ ਕਿ ਸੁਤੰਤਰ ਹੋਣ ਲਈ ਕਿਵੇਂ ਘਾਲਣਾ ਘਾਲੀ ਜਾਂਦੀ ਹੈ, ਘਾਲਣਾ ਤਿਆਗ, ਤਿਆਗ ਤੋਂ ਭਾਵ ਹੈ ਜੋ ਸਭ ਤੋਂ ਉਤਮ ਤੁਹਾਡੇ ਕੋਲ ਹੈ, ਉਹ ਤਿਆਗਣਾ। ਤਿਆਗ ਦਾ ਭਾਵ ਲੈ ਕੇ ਕੀਤਾ ਗਿਆ ਕਰਮ ਤੁਹਾਡਾ ਮਨ ਨਿਰਮਲ ਕਰ ਦਿੰਦਾ ਹੈ, ਸਾਰੇ ਔਗੁਣ ਧੋ ਦਿੰਦਾ ਹੈ, ਤਿਆਗ ਸਭ ਤੋਂ ਉਤਮ ਗੁਣ ਹੈ ਜੇ ਕੋਈ ਪੈਦਾ ਕਰ ਸਕੇ, ਇਸ ਭਾਵਨਾ ਨਾਲ ਤੁਹਾਡੇ ਸਾਰੇ ਕਰਮ ਬਦਲ ਜਾਂਦੇ ਹਨ। ਤੁਹਾਡੀ ਕਰਮ ਕਰਨ ਦੀ ਰੁਚੀ ਹੀ ਪੂਰੀ ਤਰ੍ਹਾਂ ਬਦਲ ਜਾਂਦੀ ਹੈ, ਇਸ ਤਰ੍ਹਾਂ ਮਹਿਸੂਸ ਹੋਣ ਲਗ ਪੈਂਦਾ ਹੈ ਜਿਵੇਂ ਮਨੁੱਖ ਸੁਚੇਤ ਹੋ ਕੇ ਇਕ ਰਸਮ ਜਾਂ ਆਪਣੇ ਪਰਾਰੰਭਕ ਰੂਪ ਵਿਚ ਆ ਗਿਆ ਹੋਵੇ ਤੇ ਉਹ ਆਪਣੀ ਪ੍ਰੇਰਨਾ ਛੱਡ ਗਿਆ ਹੋਵੇ ਤੇ ਫਲ ਵੀ ਖਤਮ ਹੋ ਗਏ ਹੋਣ। ਉਹ

ਬੰਨਣ ਜਿਹੜਾ ਪਰੇਰਨਾ ਵਿਚ, ਕਰਮ ਕਰਨ ਵਿਚ ਤੇ ਫਲ ਦੀ ਇੱਛਾ, ਫਲ ਦੀ ਪ੍ਰਾਪਤੀ ਵਿਚ ਹੁੰਦਾ ਹੈ ਉਹ ਬਿਲਕੁਲ ਨਸ਼ਟ ਹੋ ਜਾਂਦਾ ਹੈ। ਉਹ ਤਿਆਗ ਜਿਹੜਾ ਕਾਇਆ ਕਲਪ ਕਰ ਸਕਦਾ ਹੈ ਉਹ ਹੇਠ ਲਿਖੇ ਸ਼ਲੋਕਾਂ ਵਿਚ ਵਰਨਣ ਕੀਤਾ ਗਿਆ ਹੈ।

24. ਜਿਸ ਦੀ ਭੇਟਾ ਹੀ ਬ੍ਰਹਮ ਹੈ, ਭੇਟਾ ਦਾ ਕਰਮ ਬ੍ਰਹਮ ਹੈ ਬ੍ਰਹਮ ਦੀ ਅਹੂਤੀ ਬ੍ਰਹਮ ਦੀ ਅਗਨੀ ਵਿਚ ਪਾਈ ਜਾ ਰਹੀ ਹੈ ਉਹ ਕੇਵਲ ਬ੍ਰਹਮ ਨੂੰ ਹੀ ਪ੍ਰਾਪਤ ਹੋਵੇਗੀ। ਸਾਰੇ ਕਰਮਾਂ ਦੇ ਮਿਸ਼ਰਨ ਨਾਲ ਉਹ ਕੇਵਲ ਬ੍ਰਹਮ ਨੂੰ ਹੀ ਪ੍ਰਾਪਤ ਹੋਵੇਗੀ ਜੋ ਆਪ ਬ੍ਰਹਮ ਹੈ।

25. ਕਈ ਯੋਗੀ ਇਕੱਠੇ ਹੋ ਕੇ ਦੇਵਤਿਆਂ ਨੂੰ ਬਲੀ ਦੇਣ ਲਈ ਬੈਠਦੇ ਹਨ ਦੇਵਤਿਆਂ ਲਈ ਯੱਗ ਕਰਦੇ ਹਨ, ਗਿਆਨੀ ਆਪੇ ਦੀ ਬਲੀ ਦਿੰਦੇ ਹਨ, ਆਪੇ ਦੀ ਅਹੂਤੀ ਦਾ ਹਵਨ ਕਰਦੇ ਹਨ।

26. ਕਈ ਇੰਦ੍ਰੀਆਂ ਦਾ ਉਪਯੋਗ ਬਲੀਦਾਨ ਕਰਦੇ ਹਨ ਤੇ ਸੰਜਮ ਗ੍ਰਹਿਣ ਕਰਦੇ ਹਨ ਕਈ ਦੂਸਰੇ ਇੰਦ੍ਰੀਆਂ ਦੇ ਵਿਸ਼ੇ ਜਿਵੇਂ ਸ਼ਬਦ ਆਦਿ ਨੂੰ ਅਗਨੀ ਭੇਟ ਕਰਦੇ ਹਨ।

27. ਕਈ ਇੰਦ੍ਰੀਆਂ ਦੇ ਕਰਮਾਂ ਨੂੰ, ਪ੍ਰਾਣਾਂ ਦੇ ਕਰਮਾਂ ਨੂੰ ਹੀ ਅਹੂਤੀ ਬਣਾ ਕੇ ਯੋਗ, ਸ੍ਵੈ ਕਾਬੂ, ਸੰਜਮ ਦੀ ਅਗਨੀ ਬਣਾ ਕੇ ਗਿਆਨ ਦੀ ਹਵਾ ਦਿੰਦੇ ਹਨ।

28. ਕਈ ਵਸਤੂਆਂ ਦਾ ਤਿਆਗ ਕਰਦੇ ਹਨ ਧੰਨ ਦਾਨ ਦਿੰਦੇ ਹਨ, ਕਈ ਤਪ ਦਾ ਦਾਨ ਦਿੰਦੇ ਹਨ, ਕਈ ਯੋਗ ਬਲ ਦਾ, ਕਈ ਪਹੁੰਚੇ ਮਹਾਤਮਾ ਗਿਆਨ ਦਾ ਦਾਨ, ਕਈ ਦ੍ਰਿੜ੍ਹ ਬ੍ਰਤ ਰੂਪੀ ਦਾਨ ਦਿੰਦੇ ਹਨ।

29. ਕਈ ਅਪਾਨ ਦਾ ਤੇ ਅਪਾਨ ਵਿਚ ਪ੍ਰਾਣਾਂ ਦਾ ਯੱਗ ਕਰਦੇ ਹਨ ਤੇ ਪ੍ਰਾਣ ਅਪਾਨ ਰੋਕ ਕੇ ਪ੍ਰਾਣਾਯਾਮ ਵਿਚ ਹੀ ਰਹਿੰਦੇ ਹਨ।

30. ਅਤੇ ਦੂਸਰੇ ਨਿਯਮਤ ਅਹਾਰ ਕਰਨ ਵਾਲੇ ਯੋਗੀ ਜਨ ਪ੍ਰਾਣਾਂ ਨੂੰ ਪ੍ਰਾਣਾਂ ਵਿਚ ਹੀ ਹਵਨ ਕਰਦੇ ਹਨ। ਇਸ ਪ੍ਰਕਾਰ ਦੇ ਯੱਗਾਂ ਦੁਆਰਾ ਜਿਨ੍ਹਾਂ ਦਾ ਪਾਪ ਨਾਸ਼ ਹੋ ਗਿਆ ਹੈ ਐਸੇ ਇਹ ਸਾਰੇ ਪੁਰਸ਼ ਯੱਗਾਂ ਨੂੰ ਜਾਨਣ ਵਾਲੇ ਹਨ।

31. ਅਤੇ ਹੇ ਕੁਰੁਸ੍ਰੇਸ਼ਠ ਅਰਜਨ ਯੱਗਾਂ ਨੂੰ ਪ੍ਰਣਾਮ ਰੂਪ ਗਿਆਨ ਅੰਮ੍ਰਿਤ ਨੂੰ ਭੋਗਣ ਵਾਲੇ ਯੋਗੀਜਨ ਸਨਾਤਮ ਪਾਰਬ੍ਰਹਮ ਪ੍ਰਮਾਤਮਾ ਨੂੰ ਮਿਲ ਜਾਂਦੇ ਹਨ ਅਤੇ ਯੱਗ ਰਹਿਤ ਪੁਰਸ਼ਾਂ ਨੂੰ ਇਹ ਮਨੁੱਸ਼ ਲੋਕ ਭੀ ਸੁਖਦਾਇਕ ਨਹੀਂ ਹੈ ਫੇਰ ਪਰਲੋਕ ਕਿਵੇਂ ਸੁਖਦਾਇਕ ਹੋਵੇਗਾ।

32. ਅਜਿਹੇ ਬਹੁਤ ਪ੍ਰਕਾਰ ਦੇ ਯੱਗ ਵੇਦ ਦੀ ਬਾਣੀ ਵਿਚ ਵਿਸਥਾਰ ਕੀਤੇ ਗਏ ਹਨ ਉਨ੍ਹਾਂ ਸਭਨਾਂ ਦੇ ਸਰੀਰ ਮਨ ਅਤੇ ਇੰਦ੍ਰੀਆਂ ਦੀ ਕ੍ਰਿਪਾ ਦੁਆਰਾ ਹੀ ਉਤਪੰਨ ਹੋਣ ਵਾਲੇ ਗਿਆਨ ਇਸ ਪ੍ਰਕਾਰ ਤਤੂ ਤੋਂ ਜਾਣ

ਕਰ ਨਿਸ਼ਕਾਮ ਕਰਮਯੋਗ ਦੁਆਰਾ ਸੰਸਾਰਕ ਬੰਧਨਾਂ ਤੋਂ ਮੁਕਤ ਹੋ ਜਾਵੇਗਾ।

33. ਹੇ ਅਰਜਨ! ਸੰਸਾਰਿਕ ਵਸਤੂਆਂ ਤੋਂ ਸਿੱਧ ਹੋਣ ਵਾਲੇ ਯੱਗ ਤੋਂ ਗਿਆਨ ਰੂਪ ਯੱਗ ਸਭ ਪ੍ਰਕਾਰ ਤੋਂ ਸ੍ਰੇਸ਼ਠ ਹੈ ਕਿਉਂਕਿ ਹੇ ਪਾਰਥ ਸੰਪੂਰਨ ਪਾਵਨ ਮਾਤਰ ਕਰਮ ਗਿਆਨ ਵਿਚ ਬਚੇ ਹੁੰਦੇ ਹਨ ਅਰਥਾਤ ਗਿਆਨ ਉਨ੍ਹਾਂ ਦਾ ਪ੍ਰਕਾਸ਼ ਕਰਨ ਵਾਲਾ ਹੈ। ਇਸ ਲਈ ਤਤੂ ਨੂੰ ਜਾਨਣ ਵਾਲੇ ਗਿਆਨੀ ਪੁਰਸ਼ਾਂ ਨੂੰ ਭਲੀ ਪ੍ਰਕਾਰ ਡੰਡਉਤ ਬੰਦਨਾਂ ਕਰੋ ਫਿਰ ਸੇਵਾ ਨਿਸ਼ਕਪਟ ਭਾਵ ਨਾਲ ਕੀਤੇ ਹੋਏ ਪ੍ਰਸ਼ਨ ਦੁਆਰਾ ਉਸ ਗਿਆਨ ਨੂੰ ਜਾਣ। ਉਹ ਭਰਮ ਨੂੰ ਜਾਨਣ ਵਾਲੇ ਗਿਆਨੀ ਜਨ ਤੈਨੂੰ ਉਸ ਗਿਆਨ ਦਾ ਉਪਦੇਸ਼ ਕਰਨਗੇ।

ਤਿਆਗ ਦਾ ਕਰਮ, ਜੀਵਨ ਦਾ ਮਨੋਰਥ ਅਰਥਾਤ ਬ੍ਰਹਮ ਦੀ ਪ੍ਰਾਪਤੀ ਹੈ। ਜਿਹੜਾ ਬਲੀ ਦਿੰਦਾ ਹੈ ਤਿਆਗ ਕਰਦਾ ਹੈ, ਬਲੀ ਦੇਣ ਲਈ ਜਿਹੜੀ ਅਗਨੀ ਤਿਆਰ ਕੀਤੀ ਜਾਂਦੀ ਹੈ ਜਿਸ ਚੀਜ਼ ਦੀ ਭੇਟਾ ਚੜ੍ਹਾਈ ਜਾਂਦੀ ਹੈ, ਜਿਸ ਤਰ੍ਹਾਂ ਚੜ੍ਹਾਈ ਜਾਂਦੀ ਹੈ, ਉਹ ਵਾਸਤਵ ਵਿਚ ਸਭ ਕੁਝ ਬ੍ਰਹਮ ਹੀ ਹੈ, ਬ੍ਰਹਮ ਹੀ ਸਰਬ ਵਿਆਪਕ ਹੈ, ਸਰਵਤਰ ਸੰਪੂਰਨ ਹਰ ਜਗ੍ਹਾਂ, ਹਾਜ਼ਰ ਨਾਜ਼ਰ ਸਰਵ ਸ਼ਕਤੀਮਾਨ ਇਹ ਸਭ ਬ੍ਰਹਮਾ ਹੀ ਹੈ।

ਬ੍ਰਹਮ (ਸਤ) ਅਜਰ ਹੈ, ਅਮਰ ਹੈ, ਸਵੈ ਸ਼ਕਤੀਮਾਨ ਅਸੀਮ ਹੈ, ਆਤਮ ਸਤਿ ਹੈ ਜਿਥੋਂ ਸਾਰੇ ਬ੍ਰਹਿਮੰਡ ਦੀ ਉਤਪਤੀ ਹੋਈ ਹੈ ਜਿਹੜਾ ਪਾਲਣਹਾਰ ਹੈ ਤੇ ਅੰਤ ਵਿਚ ਬ੍ਰਹਿਮੰਡ ਦਾ ਵਿਸਰਜਨ ਹੋਣਾ ਹੈ। ਇਸ ਸ਼ਾਨ ਨੂੰ ਕੋਈ ਪ੍ਰਤਿਸ਼ਠਾ ਦੀ ਲੋੜ ਨਹੀਂ, ਬ੍ਰਹਮ ਆਪ ਹੀ ਸਭ ਕੁਝ ਹੈ, ਉਸਦਾ ਦੂਸਰਾ ਕੋਈ ਰੂਪ ਨਹੀਂ, ਸ੍ਵੈ ਤੇ ਬ੍ਰਹਮ ਦੋ ਵੱਖ-ਵੱਖ ਤਰੀਕੇ ਹਨ ਉਸ ਸਰਬ ਵਿਆਪਕ ਦੇ। ਆਤਮਾ-ਸ੍ਵੈ ਦਾ ਸ਼ਬਦ ਪ੍ਰਮਾਤਮਾ ਦੇ ਘਰ ਲਈ ਵਰਤਿਆ ਜਾਂਦਾ ਹੈ ਤੇ ਬ੍ਰਹਮ ਸ਼ਬਦ ਦੀ ਵਰਤੋਂ ਵਿਅਕਤੀਗਤ ਰੂਪ ਵਿਚ ਨਹੀਂ ਕੀਤੀ ਜਾਂਦੀ, ਆਤਮਾ ਅੰਦਰ ਰਹਿੰਦਾ ਹੈ, ਪ੍ਰਮਾਤਮਾ ਹੈ, ਬ੍ਰਹਮ ਆਕਾਰ ਰਹਿਤ ਹੈ ਜਿਹੜਾ ਸਾਰੇ ਪ੍ਰਗਟਾਵੇ ਤੋਂ ਪਰ੍ਹੇ ਹੈ, ਆਤਮਾ ਵਿਅਕਤੀ ਦੇ ਅੰਦਰ ਅਤੇ ਬ੍ਰਹਮ ਦਾ ਵਿਸ਼ਵ ਵਿਚ ਜੋ ਸਥਾਨ ਹੈ, ਉਹ ਇਕ ਹੀ ਅੰਤਮ ਸੱਚ ਹੈ ਜਿਸ ਦਾ ਦੂਸਰਾ ਰੂਪ ਨਹੀਂ। ਇਹੋ ਦੋਨੋਂ ਨਾਮ ਇਕ ਹੀ ਸਤਿ ਨੂੰ ਦਰਸਾਉਂਦੇ ਹਨ।

ਯੋਗੀ ਆਮ ਤੌਰ ਤੇ 24 ਵੇਂ ਸ਼ਲੋਕ ਦਾ ਉਚਾਰਣ ਕਰਦੇ ਹਨ, ਭੋਜਨ ਕਰਨ ਤੋਂ ਪਹਿਲਾਂ ਉਹ ਇਹ ਯਾਦ ਕਰਾਉਂਦੇ ਹਨ ਕਿ ਭੋਜਨ ਆਪਣੇ ਆਪ ਵਿਚ ਅਰਦਾਸ ਹੈ ਤੇ ਉਹ ਬ੍ਰਹਮ ਲਈ ਹੀ ਲੈ ਰਹੇ ਹਨ ਆਪਣੇ ਲਈ ਨਹੀਂ ਸੋ ਸਾਧਕ ਆਪਣੇ ਭੋਜਨ ਨੂੰ ਅਰਪਣ ਕਰਦਾ ਹੈ ਇਸ ਭਾਵਨਾ ਨਾਲ ਕਿ ਭੋਜਨ ਵੀ ਬ੍ਰਹਮ ਹੀ ਹੈ, ਉਸ ਨਾਲ ਲੈਣ ਵਾਲਾ ਵੀ ਬ੍ਰਹਮ ਹੀ ਹੈ ਤੇ ਬ੍ਰਹਮ ਨੂੰ ਹੀ ਭੇਟ ਕੀਤੀ ਜਾ ਰਹੀ ਹੈ, ਇਸ ਨਾਲ ਬ੍ਰਹਮ ਦੀ ਸੁਚੇਤਨਾ ਆਉਂਦੀ ਹੈ, ਉਸ ਨੂੰ ਇਸ ਗੱਲ ਦੀ ਸੁਚੇਤਤਾ ਆਉਂਦੀ ਹੈ ਕਿ ਵਾਸਤਵ ਵਿਚ ਸਤਿ ਇਕ ਹੀ ਹੈ, ਜੋ ਕੁਝ ਵੱਖ ਜਾਂ ਅੱਡ ਦਿਸਦਾ ਹੈ ਉਹ ਕੇਵਲ ਭਰਮ ਹੀ ਹੈ, ਆਮ ਮਨੁੱਖ ਭੋਜਨ ਨਾਲ ਜੁੜਿਆ ਹੈ, ਮੋਹ

ਦਾ ਬੱਧਾ ਹੈ ਉਹ ਛੇਤੀ ਨਾਲ ਦੂਸਰੇ ਨੂੰ ਦੇਣਾ ਨਹੀਂ ਚਾਹੁੰਦਾ ਪਰ ਆਤਮ ਮਾਰਗ ਤੇ ਚਲਿਆ ਸਾਧਕ ਇਹ ਜਾਣਦਾ ਹੈ ਕਿ ਉਸ ਨੂੰ ਅਰਪਣ ਦਾ ਸੁਭਾਅ ਹੋਣਾ ਚਾਹੀਦਾ ਹੈ ਤਾਂ ਜੋ ਉਸ ਨੂੰ ਲੋਭ ਨਾ ਹੋਵੇ, ਈਰਖਾ ਨਾ ਹੋਵੇ, ਅਭਿਮਾਨੀ ਨਾ ਹੋ ਜਾਵੇ, ਪਖਪਾਤੀ ਨਾ ਹੋ ਜਾਵੇ, ਹਉਮੈ ਗ੍ਰਹਿਸਤ ਨਾ ਜਾਵੇ।

ਕਈ ਯੋਗੀ ਅੰਤਰ ਧਿਆਨ ਹੋ ਕੇ ਭੇਟਾ ਕਰ ਦਿੰਦੇ ਹਨ, ਬਾਹਰੀ ਪੱਖੋਂ ਇੰਦ੍ਰੀਆਂ ਦੀ ਵਰਤੋਂ ਕਰਨ ਨਾਲੋਂ, ਬਾਹਰੀ ਵਸਤੂਆਂ ਦੀ ਵਰਤੋਂ ਕਰਨ ਨਾਲੋਂ ਉਹ ਆਪਣੇ ਸੁਆਸਾਂ ਦੀ ਅਗਨੀ ਬਣਾ ਲੈਂਦੇ ਹਨ ਤੇ ਆਪਣੇ ਸਾਰੇ ਵਿਚਾਰ, ਸੰਵੇਗ, ਇਛਾਵਾਂ ਦੀ ਭੇਟਾ ਸੰਜਮ ਲਈ ਚੜ੍ਹਾ ਦਿੰਦੇ ਹਨ। ਗੁਣਾਂ ਤੇ ਇਛਾਵਾਂ ਦੀ ਸਾਰੀ ਪ੍ਰੇਰਨਾਵਾਂ ਦੀ ਆਹੂਤੀ ਗਿਆਨ ਦੀ ਅਗਨੀ ਦੀ ਭੇਟ ਕਰ ਦਿਤੀ ਜਾਂਦੀ ਹੈ। ਜਦੋਂ ਸੋਚਣੀ ਕਥਨੀ ਕ੍ਰਿਆ ਇਛਾਵਾਂ, ਪ੍ਰੇਰਨਾਵਾਂ ਤੇ ਗੁਣ, ਗਿਆਨ ਦੀ ਅਗਨੀ ਨੂੰ ਭੇਟ ਕਰ ਦਿਤੇ ਜਾਂਦੇ ਹਨ, ਯੋਗੀ ਸੁਤੰਤਰ ਹੋ ਜਾਂਦਾ ਹੈ।

ਇਕ ਹੋਰ ਮਾਰਗ ਵੀ ਹੈ, ਪ੍ਰਾਣ ਸਾਡੀ ਜੀਵਨ ਸ਼ਕਤੀ ਹਨ, ਪ੍ਰਾਣਾਂ ਤੋਂ ਬਿਨਾਂ ਇਸ ਧਰਤੀ ਤੇ ਜੀਵਨ ਹੀ ਨਹੀਂ, ਪ੍ਰਾਣ ਤੋਂ ਭਾਵ ਹੈ ਜੀਵਨ ਦਾ ਮੂਲ ਤੱਤ, ਮੂਲ ਸ਼ਕਤੀ, ਇਸ ਨੂੰ ਸਾਹ ਅੰਦਰ ਲੈਣਾ ਵੀ ਕਿਹਾ ਗਿਆ ਹੈ। ਇਸ ਪ੍ਰਕਾਰ ਦੀ ਭੇਟਾ ਵਿਚ ਸਾਹ ਨੂੰ ਹੀ ਪ੍ਰਾਣਾਂ ਦੀ ਭੇਟ ਕੀਤਾ ਜਾਂਦਾ ਹੈ, ਸਾਰੇ ਔਗੁਣ ਖਤਮ ਕਰ ਦਿਤੇ ਜਾਂਦੇ ਹਨ ਤੇ ਯੋਗੀ ਅੰਤਮ ਸਚਾਈ ਬ੍ਰਹਮ ਤਕ ਪਹੁੰਚ ਜਾਂਦਾ ਹੈ।

ਇਹ ਨੌਂ ਸ਼ਲੋਕ ਵੱਖ-ਵੱਖ ਤਰ੍ਹਾਂ ਦੀਆਂ ਭੇਟਾਵਾਂ ਤੇ ਬਲੀਆਂ ਦਸਦੇ ਹਨ ਤੇ ਇਨ੍ਹਾਂ ਕਰਮਾਂ ਦੀ ਮਹੱਤਤਾ ਦਸਦੇ ਹਨ ਕਿ ਬਲੀ ਦੇਣ ਦੀ, ਅਰਪਣ ਕਰਨ ਦੀ, ਭੇਟਾ ਕਰਨ ਦੀ ਹੀ ਮਹੱਤਤਾ ਹੈ, ਯੱਗ ਸ਼ਬਦ ਦੀ ਵਰਤੋਂ ਕੀਤੀ ਗਈ ਹੈ, ਅਰਪਣ ਕਰਨ ਦੀ ਰਸਮ ਨੂੰ ਯੱਗ ਕਿਹਾ ਗਿਆ ਹੈ, ਬ੍ਰਹਮ ਦੀ ਪ੍ਰਾਪਤੀ ਲਈ ਜਿਹੜਾ ਯੱਗ ਕੀਤਾ ਜਾਂਦਾ ਹੈ ਉਹ ਇਕ ਪ੍ਰਕਾਰ ਦਾ ਯੱਗ ਹੈ, ਬ੍ਰਹਮ ਯੱਗ, ਜੀਵ ਆਤਮਾ ਯੱਗ, ਗਿਆਨ ਯੱਗ, ਵਿਗਿਆਨ ਯੱਗ, ਮੋਕਸ਼ ਗਿਆਨ ਯੱਗ। ਇਨ੍ਹਾਂ ਨੂੰ ਸਰਲ ਕਰਕੇ ਲਿਖਣ ਲਈ ਅਸੀਂ ਇਨ੍ਹਾਂ ਨੂੰ ਚਾਰ ਪ੍ਰਣਾਲੀਆਂ ਵਿਚ ਵੰਡ ਸਕਦੇ ਹਾਂ। 1. ਸੰਸਾਰਕ ਇਛਾਵਾਂ ਦੀ ਪੂਰਤੀ ਲਈ ਯੱਗ, 2. ਨਿ-ਸੁਆਰਥੀ ਹੋ ਕੇ ਕੀਤਾ ਗਿਆ ਯੱਗ ਜੋ ਦੂਸਰਿਆਂ ਦੀ ਸਹਾਇਤਾ ਲਈ ਕੀਤਾ ਜਾਂਦਾ ਹੈ। 3. ਕਰਮਾਂ ਦੇ ਬੰਧਨ ਤੋਂ ਛੁਟਕਾਰਾ ਪਾਉਣ ਲਈ ਯੱਗ 4. ਯੋਗੀਆਂ ਦੁਆਰਾ ਕੀਤਾ ਯੱਗ ਜੋ ਆਪਣਿਆਂ ਸੰਸਕਾਰਾਂ ਨੂੰ ਫੂਕਣ ਲਈ, ਉਨ੍ਹਾਂ ਦੀ ਅਹੂਤੀ ਗਿਆਨ ਦੀ ਅਗਨੀ ਵਿਚ ਪਾਉਣੀ। ਬਾਹਰੀ ਰੂਪ ਵਿਚ ਕੀਤਾ ਗਿਆ ਯੱਗ ਸਚਮੁਚ ਹੀ ਅੰਤਰ ਦੇ ਯੱਗ ਨਾਲੋਂ ਨੀਵਾਂ ਹੈ, ਅੰਦਰ ਦਾ ਯੱਗ ਅਧਿਆਤਮਕ ਸਾਧਨਾ ਹੈ ਜਿਸ ਨੂੰ ਗਿਆਨ ਵਿਗਿਆਨ ਵੀ ਕਹਿੰਦੇ ਹਨ, ਇਹ ਅੰਦਰ ਦੇ ਗਿਆਨ ਦੇ ਸ੍ਰੋਤ ਵਲ ਪ੍ਰੇਰਤ ਕਰਦਾ ਹੈ, ਸੁਚੇਤਨਤਾ ਵਲ ਪ੍ਰੇਰਿਤ ਕਰਦਾ ਹੈ, ਜਦੋਂ ਕਿ ਬਾਹਰੀ ਯੱਗ ਜੁਗਤੀ ਨਾਲ ਕਰਮ ਕਰਨ ਲਈ

ਗਿਆਨ ਦਿੰਦਾ ਹੈ ਤੇ ਕਰਮਾਂ ਤੋਂ ਮੁਕਤ ਕਰਾਉਂਦਾ ਹੈ। ਗਿਆਨੀ ਗਿਆਨ ਯੱਗ ਕਰਕੇ ਅੰਦਰ ਦੀ ਸ਼ਾਂਤੀ ਮਾਣਦੇ ਹਨ। ਬ੍ਰਹਿਮੰਡ ਵੀ ਯੱਗ ਕਰ ਰਿਹਾ ਹੈ, ਜੋ ਵੀ ਅਸੀਂ ਦੇਖਦੇ ਹਾਂ, ਅਨੁਭਵ ਕਰਦੇ ਹਾਂ, ਯੱਗ ਹੀ ਹੈ ਗਿਆਨੀ ਅਤੇ ਮੂਰਖ ਵਿਚ ਅੰਤਰ ਕੇਵਲ ਐਨਾ ਹੈ ਕਿ ਗਿਆਨੀ ਇਸ ਨੂੰ ਸਲਾਹੁੰਦਾ ਹੈ, ਮੂਰਖ ਕੰਧਾਂ ਖੜ੍ਹੀਆਂ ਕਰ ਲੈਂਦਾ ਹੈ ਤੇ ਭੋਗਾਂ ਵਿਚ ਲਗ ਜਾਂਦਾ ਹੈ, ਵਿਸ਼ੇ ਵਿਕਾਰਾਂ ਵਿਚ ਪੈ ਜਾਂਦਾ ਹੈ।

ਬ੍ਰਹਮ ਯੱਗ ਸਭ ਤੋਂ ਉਤਮ ਹੈ। ਇਹ ਬ੍ਰਹਮ ਗਿਆਨ ਦੀ ਪ੍ਰਾਪਤੀ ਲਈ ਕੀਤਾ ਜਾਂਦਾ ਹੈ, ਇਹ ਬੰਧਨ ਨਹੀਂ, ਸੁਤੰਤਰ ਹੋਣ ਲਈ ਕੀਤਾ ਜਾਂਦਾ ਹੈ, ਸਾਧਕ ਇਹ ਯੱਗ ਅੰਤਰ ਮੁਖੀ ਹੋ ਕੇ ਕਰਦਾ ਹੈ, ਬਾਹਰੀ ਪਦਾਰਥ ਕੋਈ ਵੀ ਨਹੀਂ ਵਰਤਦਾ, ਦੂਸਰੇ ਇਸ ਨੂੰ ਬਾਹਰੀ ਰੂਪ ਵਿਚ ਕਰਦੇ ਹਨ, ਬਾਹਰੀ ਸੰਸਾਰ ਵਿਚ ਸਾਰੇ ਕਰਮ, ਪ੍ਰਗਟਾਵੇ, ਉਤਮ ਵਸਤੂਆਂ ਇਹ ਸਾਰੀਆਂ ਅਗਨੀ ਭੇਟ ਕੀਤੀਆਂ ਜਾਂਦੀਆਂ ਹਨ, ਇੱਛਾ ਦੀ ਭੇਟਾ ਬਣਦੀ ਹੈ, ਇਸ ਉਤਮ ਕਰਮ ਦੇ ਫਲ ਦੀ ਪ੍ਰਾਪਤੀ ਹੁੰਦੀ ਹੈ, ਇਸ ਕਰਮ ਦਾ ਉਤਮ ਫਲ ਹੈ ਨਿਸ਼ਕਾਮ ਕਰਮ ਜਿਹੜਾ ਕਰਮਾਂ ਦੇ ਬੰਧਨ ਤੋਂ ਮੁਕਤ ਕਰਦਾ ਹੈ। ਇਹ ਦੋਨੋਂ ਤਰ੍ਹਾਂ ਦੇ ਯੱਗ ਬ੍ਰਹਮ ਦੀ ਪ੍ਰਾਪਤੀ ਲਈ ਕੀਤੇ ਜਾਂਦੇ ਹਨ।

34. ਇਹ ਸਭ ਕੁਝ ਤੂੰ ਪ੍ਰਣਾਮ ਕਰਕੇ ਸਿੱਖ, ਪ੍ਰਸ਼ਨ ਕਰਕੇ ਸਿੱਖ। ਬ੍ਰਹਮ ਗਿਆਨੀ ਤੈਨੂੰ ਇਹ ਗਿਆਨ ਦੇਣਗੇ, ਇਹ ਉਪਦੇਸ਼ ਦੇਣਗੇ।

ਚੌਤੀਂਵੇਂ ਸ਼ਲੋਕ ਵਿਚ ਦਸਿਆ ਹੈ, ਉਪਦੇਸ਼ਕ ਵੀ ਅਗਨੀ ਦੀ ਤਰ੍ਹਾਂ ਹੈ ਜਿਸ ਨੂੰ ਭੇਟ ਦਿਤੀ ਜਾਂਦੀ ਹੈ, ਅਗਨੀ ਦਾ ਗੁਣ ਹੈ, ਉਹ ਹਰ ਚੀਜ਼ ਦਾ ਕਾਇਆ ਕਲਪ ਕਰਕੇ ਇਕ ਕਰ ਦਿੰਦੀ ਹੈ ਹਰ ਵਸਤੂ ਦੀ ਸੁਆਹ ਬਣਾ ਦਿੰਦੀ ਹੈ। ਇਕ ਅੱਛੇ ਉਪਦੇਸ਼ਕ ਨੂੰ, ਗੁਰੂ ਨੂੰ ਸਾਧਕ ਵਲੋਂ ਜਾਂ ਸ਼ਿਸ਼ ਵਲੋਂ ਭੇਟਾ ਦੀ ਲੋੜ ਨਹੀਂ ਹੁੰਦੀ, ਗੁਰੂ ਦਾ ਚਾਨਣ ਗੁਰੂ ਦਾ ਗਿਆਨ ਸਵੈ-ਸੰਪੂਰਨ ਹੁੰਦਾ ਹੈ, ਅੰਦਰ ਦਾ ਚਾਨਣ ਹੁੰਦਾ ਹੈ ਉਹ ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਇਸ ਅਗਨੀ ਨੂੰ ਕੁਝ ਭੇਟਾ ਕਰਨਾ ਸਤਿਕਾਰ ਹੈ, ਗੁਰੂ ਲਈ ਪਿਆਰ ਦਾ ਪ੍ਰਗਟਾਵਾ ਹੈ ਜਿਹੜਾ ਸਾਧਕ ਨੂੰ ਉਸ ਦੇ ਲੋਭ ਤੋਂ ਛੁਟਕਾਰਾ ਦੁਆਉਂਦਾ ਹੈ। ਗੁਰੂ ਵਲੋਂ ਇਕ ਸੰਕੇਤਕ ਧਾਰਮਿਕ ਰੀਤ ਕੀਤੀ ਜਾਂਦੀ ਹੈ ਜਿਸ ਦਾ ਬਾਹਰੀ ਚਿੰਤਨ ਅੰਦਰ ਦੇ ਪਰਿਵਰਤਨ ਦਾ ਸੰਕੇਤ ਹੈ, ਪਰ ਉਸ ਦਾ ਬਾਹਰੀ ਪ੍ਰਗਟਾਵਾ ਅਤੀ ਜ਼ਰੂਰੀ ਹੈ। ਪਹਿਲਾਂ ਤਾਂ ਦੀਕਸ਼ਾ ਦੇਣ ਤੋਂ ਪਹਿਲਾਂ ਗੁਰੂ ਸ਼ਿਸ਼ ਨੂੰ ਸਵੀਕਾਰ ਕਰਦਾ ਹੈ ਤੇ ਉਸ ਨੂੰ ਮਾਰਗ ਤੇ ਚਲਣਾ ਦਸਦਾ ਹੈ, ਦੂਸਰਾ ਸਾਧਕ ਨੂੰ ਸੁੱਕੀਆਂ ਲੱਕੜੀਆਂ ਲਿਆਉਣ ਨੂੰ ਕਿਹਾ ਜਾਂਦਾ ਹੈ ਤੇ ਗੁਰੂ ਨੂੰ ਭੇਟ ਕਰਨ ਨੂੰ ਕਿਹਾ ਜਾਂਦਾ ਹੈ, ਗੁਰੂ ਉਨ੍ਹਾਂ ਨੂੰ ਇਕ-ਇਕ ਕਰਕੇ ਫੂਕਦਾ ਹੈ, ਇਸ ਸੰਕੇਤਕ ਰੀਤ ਨਾਲ ਗੁਰੂ ਸ਼ਿਸ਼ ਦੇ ਪਿਛਲੇ ਸਾਰੇ ਸੰਸਕਾਰ ਫੂਕ ਦਿੰਦਾ ਹੈ, ਗੁਰੂ ਗਿਆਨ ਦੀ ਅਗਨੀ ਵਿਚ ਉਹ ਸਭ ਭੇਟ ਕਰ ਦਿੰਦਾ ਹੈ।

ਗੁਰੂ ਨੂੰ ਕੁਝ ਨਹੀਂ ਚਾਹੀਦਾ ਪਰ ਸਾਧਕ ਗੁਰੂ ਕੋਲ ਕਿਸ ਤਰ੍ਹਾਂ ਜਾਂਦਾ ਹੈ ਇਹ ਬਹੁਤ ਮਹੱਤਵਪੂਰਨ ਹੈ, ਗਿਆਨ ਪ੍ਰਾਪਤੀ ਲਈ ਅਤਿ ਅਵੱਸ਼ਕ

ਹੈ। ਸਾਧਕ ਨਿਵ ਕੇ ਜਾਏ, ਉਸ ਦੀ ਸ਼ਰਧਾ ਹੋਵੇ, ਪਿਆਰ ਹੋਵੇ, ਸਿਦਕ ਹੋਵੇ, ਸਤਿਕਾਰ ਹੋਵੇ ਜੇ ਇਹ ਗੁਣ ਨਾ ਹੋਣ ਤਾਂ ਗਿਆਨ ਪ੍ਰਾਪਤ ਨਹੀਂ ਹੋ ਸਕਦਾ। ਜਦੋਂ ਸਾਧਕ ਕੋਈ ਪ੍ਰਸ਼ਨ ਕਰਦਾ ਹੈ, ਆਪਣੇ ਸ਼ੰਕੇ ਨਵਿਰਤ ਕਰਨ ਲਈ ਉਸ ਲਈ ਨਿਵ ਕੇ ਚਲਣਾ ਆਵਸ਼ਕ ਹੈ। ਸਾਧਕ ਦਾ ਪ੍ਰਸ਼ਨ ਗੁਰੂ ਦਾ ਗਿਆਨ ਜਾਚਣ ਲਈ ਨਹੀਂ ਹੋਣਾ ਚਾਹੀਦਾ। ਵਾਦ ਵਿਵਾਦ ਲਈ ਪ੍ਰਸ਼ਨ ਨਹੀਂ ਕਰਨੇ ਚਾਹੀਦੇ, ਹਉਮੈ ਵਾਲੇ ਸ਼ਿਸ਼ ਗਿਆਨ ਦੇ ਦਰਵਾਜ਼ੇ ਬੰਦ ਕਰ ਲੈਂਦੇ ਹਨ, ਜਦੋਂ ਤੁਸੀਂ ਨਮਰ ਹੁੰਦੇ ਹੋ, ਠਰੰਮੇ ਨਾਲ ਬੋਲਦੇ ਹੋ ਤਾਂ ਪ੍ਰਸ਼ਨਾਂ ਦੇ ਉਤਰ ਮਿਲ ਜਾਂਦੇ ਹਨ ਤੇ ਸੰਕੇ ਨਵਿਰਤ ਹੋ ਜਾਂਦੇ ਹਨ।

ਚੌਤੀਵਾਂ ਸ਼ਲੋਕ ਅਰਜਨ ਨੂੰ ਨਮਰ ਹੋਣ ਲਈ ਸਿਖਿਆ ਦੇ ਰਿਹਾ ਹੈ ਤਾਂ ਜੋ ਗਿਆਨ ਪ੍ਰਾਪਤ ਹੋ ਸਕੇ ਅਰਜਨ ਆਪਣੇ ਪ੍ਰਸ਼ਨਾਂ ਨਾਲ ਆਪਣੇ ਗੁਰੂ ਨਾਲ ਝਗੜਦਾ ਰਿਹਾ ਹੈ। ਯੁੱਧ ਦੇ ਮੈਦਾਨ ਵਿਚ ਯੁੱਧ ਨਹੀਂ ਕਰਦਾ ਰਿਹਾ, ਉਸ ਦੇ ਪ੍ਰਸ਼ਨਾਂ ਵਿਚ ਅੱਜ ਵੀ ਢੀਠਪੁਣਾ ਝਲਕਦਾ ਹੈ, ਨਿਰ-ਸੁਆਰਥ ਸਿਖਿਆ ਨਾ ਪ੍ਰਾਪਤ ਕਰਨ ਲਈ ਉਹ ਅੜੀਂ ਬੈਠਾ ਹੈ, ਉਹ ਅਗਿਆਨੀ ਹੈ, ਕ੍ਰਿਸ਼ਨ ਜੀ ਉਸ ਨੂੰ ਕਹਿ ਰਹੇ ਹਨ ਉਹ ਅੜੇ ਨਾ, ਨਮਰ ਹੋਵੇ, ਨਮਰ ਹੋਣ ਨਾਲ ਮਨ ਛੇਤੀ ਹੀ ਨਿਰਮਲ ਹੋ ਜਾਂਦਾ ਹੈ, ਇਨ੍ਹਾਂ ਗੱਲਾਂ ਦਾ ਪਿਛੇ ਦੱਸੇ ਜਾ ਚੁਕੇ ਸਿਧਾਂਤਾਂ ਨਾਲ ਕੋਈ ਵਿਰੋਧ ਨਹੀਂ ਕਿ ਸ਼ਿਸ਼ ਨਮਰ ਹੋ ਕੇ ਕਰੇ ਤਾਂ ਜੋ ਉਸ ਨੂੰ ਉਤਰ, ਬਿਨਾਂ ਕਿਸੇ ਰੁਕਾਵਟ ਦੇ ਮਿਲ ਸਕੇ।

ਜਿਵੇਂ ਕਿ ਦੇਖਿਆ ਗਿਆਨ ਹੈ, ਵਿਰੋਧ ਇਕ ਬੜੀ ਵੱਡੀ ਰੁਕਾਵਟ ਹੈ ਮਨੋਚਿਕਿਤਸਕਾ ਦਾ ਵੀ ਇਹ ਕਹਿਣਾ ਹੈ, ਚਿਕਿਤਸਕ ਦਸਦੇ ਹਨ ਕਿ ਭਾਵੇਂ ਉਨ੍ਹਾਂ ਦੇ ਮਰੀਜ਼ ਗਾਹਕ ਬਹੁਤ ਪੈਸੇ ਦਿੰਦੇ ਹਨ, ਉਨ੍ਹਾਂ ਦੀ ਸਲਾਹ ਪੁਛਣ ਆਉਂਦੇ ਹਨ, ਆਪਣੀਆਂ ਸਮੱਸਿਆਵਾਂ ਦਾ ਸਮਾਧਾਨ ਪੁਛਦੇ ਹਨ ਪਰ ਜੋ ਸਿਖਿਆ, ਜੋ ਹਦਾਇਤਾਂ ਉਨ੍ਹਾਂ ਨੂੰ ਦਿਤੀਆਂ ਜਾਂਦੀਆਂ ਹਨ ਉਨ੍ਹਾਂ ਤੇ ਉਹ ਅਮਲ ਨਹੀਂ ਕਰਦੇ, ਉਸ ਤਰ੍ਹਾਂ ਉਹ ਕਰਦੇ ਨਹੀਂ। ਚਿਕਤਿਸਕ ਬਹੁਤ ਵਾਰੀ ਸੰਕਟ ਮਹਿਸੂਸ ਕਰਦਾ ਹੈ, ਜੇ ਉਹ ਸਲਾਹ ਦਿੰਦਾ ਹੈ ਮਰੀਜ਼ ਮੰਨਦਾ ਨਹੀਂ, ਕਦੀ ਇਹ ਮਹਿਸੂਸ ਕਰਦਿਆਂ ਕਿ ਮਰੀਜ਼ ਨੇ ਗੱਲ ਤਾਂ ਮੰਨਣੀ ਨਹੀਂ ਚਿਕਿਤਸਕ ਸਲਾਹ ਦਿੰਦਾ ਹੀ ਨਹੀਂ, ਉਹ ਮਰੀਜ਼ ਨੂੰ ਆਪਣੇ ਆਪੇ ਤੇ ਹੀ ਛੱਡ ਦਿੰਦਾ ਹੈ, ਉਹ ਆਪਣੀਆਂ ਸਮਸਿਆਵਾਂ ਆਪ ਹੀ ਦੇਖੇ, ਆਪ ਹੀ ਉਨ੍ਹਾਂ ਦਾ ਸਮਾਧਾਨ ਕਰੇ ਪਰ ਫੇਰ ਮਰੀਜ਼ ਮਹਿਸੂਸ ਕਰਦਾ ਹੈ, ਮੈਨੂੰ ਧੋਖੇ ਵਿਚ ਰੱਖਿਆ, ਉਹ ਮੰਗਦਾ ਹੈ ਕਿ ਮੈਨੂੰ ਦਸਿਆ ਜਾਵੇ, ਮੈਨੂੰ ਕੀ ਹੋਇਆ ਹੈ, ਮੈਨੂੰ ਕੀ ਕਰਨਾ ਚਾਹੀਦਾ ਹੈ, ਇਹੋ ਜਿਹੇ ਵਿਵਹਾਰ ਲਈ ਬਹੁਤ ਕੁਝ ਕਿਹਾ ਗਿਆ ਹੈ, ਕਈਆਂ ਨੇ ਇਸ ਨੂੰ ਮਰੀਜ਼ ਗਾਹਕ ਤੇ ਚਿਕਿਤਸਕ ਵਿਚਕਾਰ ਸੰਜਮ ਦੀ ਲੜਾਈ ਕਿਹਾ ਹੈ, ਕਈ ਇਸ ਨੂੰ ਗਾਹਕ ਦੀ ਸੁਰੱਖਿਆਵਾਦ ਕਹਿੰਦੇ ਹਨ, ਭਾਵੇਂ ਕੁਝ ਵੀ ਕੀਤਾ ਜਾਵੇ ਇਸ ਦਾ ਸਮਾਧਾਨ ਹੋਣਾ ਚਾਹੀਦਾ ਹੈ, ਚਿਕਤਿਸਕ ਨੇ ਵੱਖ-ਵੱਖ ਤਰੀਕੇ ਕੱਢੇ ਹਨ ਕਿਵੇਂ ਉਹ ਇਸ ਸੁਰੱਖਿਆਵਾਦ ਨੂੰ ਠੀਕ ਕਰਨਗੇ, ਕਈ ਵਾਰੀ ਚਿਕਿਤਸਕ ਦਵੰਦ ਵਾਲੀ ਚਿਕਿਤਸਾ ਵੀ ਵਰਤਦੇ ਹਨ ਜਿਸ ਵਿਚ ਉਹ

ਮਰੀਜ਼ ਨੂੰ ਉਸ ਦੀ ਸਮਸਿਆ ਗੰਭੀਰ ਹੋਣ ਦਿੰਦੇ ਹਨ ਤਾਂ ਜੋ ਉਹ ਇਸ ਪੱਧਰ ਤੇ ਪਹੁੰਚ ਜਾਏ ਕਿ ਉਹ ਉਨ੍ਹਾਂ ਦੀ ਗੱਲ ਸੁਣ ਸਕੇ।

ਪਹਿਲੇ ਪਹਿਲ ਮਰੀਜ਼ ਤੇ ਚਿਕਿਤਸਕ ਇਕ ਦੂਸਰੇ ਨੂੰ ਹੇਰ ਫੇਰ ਵਿਚ ਮਾਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਹ ਭਾਵੇਂ ਸਾਰਾ ਵਕਤ ਹੀ ਚਲਦਾ ਰਹੇ, ਇਹੋ ਹੀ ਕਾਰਣ ਹੈ ਕਿ ਚਿਕਿਤਸਾ ਦਾ ਸਾਰਾ ਢੰਗ ਐਨਾ ਲੰਮਾ ਹੋ ਜਾਂਦਾ ਹੈ ਤੇ ਨਤੀਜੇ ਵੀ ਕੋਈ ਬਹੁਤ ਅੱਛੇ ਨਹੀਂ ਨਿਕਲਦੇ। ਜੇ ਮਰੀਜ਼ ਆਪਣੀ ਮਰਜ਼ੀ ਨਾਲ ਇਲਾਜ ਕਰਾਉਣ ਆਵੇ ਫੇਰ ਤਾਂ ਬਹੁਤ ਛੇਤੀ ਹੀ ਨਤੀਜੇ ਦਿਸ ਪੈਂਦੇ ਹਨ ਤੇ ਕਾਇਆ ਕਲਪ ਹੋ ਜਾਂਦਾ ਹੈ ਪਰ ਇਹ ਬਹੁਤ ਘੱਟ ਹੀ ਹੁੰਦਾ ਹੈ, ਇਸ ਮਾਨਸਿਕ ਚਿਕਤਿਸਾ ਵਿਚ ਉਦੋਂ ਤਕ ਹੀ ਫਰਕ ਪਵੇਗਾ, ਮਰੀਜ਼ ਠੀਕ ਹੋਵੇਗਾ ਜਦੋਂ ਤਕ ਉਹ ਚਿਕਤਿਸਕ ਦਾ ਸਾਥ ਦੇਵੇਗਾ ਉਸ ਦੀ ਗੱਲ ਮੰਨੇਗਾ, ਸੁਰੱਖਿਆਵਾਦੀ ਹੋ ਕੇ ਗੱਲ ਨਹੀਂ ਬਣਦੀ ਜਦੋਂ ਤਕ ਮਰੀਜ਼ ਨਮਰ ਨਾ ਹੋਵੇ, ਸਿੱਧੀ ਸਿੱਧੀ ਗਲ ਨਾ ਕਰੇ, ਚਿਕਿਤਸਕ ਦੀ ਗੱਲ ਨਾ ਸੁਣੇ ਤਦ ਤਕ ਇਲਾਜ ਹੋ ਨਹੀਂ ਸਕਦਾ, ਪਰ ਇਸ ਤਰ੍ਹਾਂ ਘਟ ਹੀ ਹੁੰਦਾ ਹੈ। ਅਜ ਦੇ ਮਨੋਚਿਕਿਤਸਾ ਵਿਚ ਇਹ ਘੱਟ ਹੀ ਹੁੰਦਾ ਹੈ, ਬਹੁਤ ਸਾਰਾ ਇਲਾਜ ਇਸ ਲਈ ਹੀ ਕੀਤਾ ਜਾਂਦਾ ਹੈ ਕਿ ਮਰੀਜ਼ ਇਹ ਰੁਚੀਆਂ ਆਪਣੇ ਅੰਦਰ ਪੈਦਾ ਕਰੇ।

ਗੱਲ ਨਾ ਸੁਣਨ ਦੀ ਜ਼ਿੰਮੇਵਾਰੀ ਇਕੱਲੀ ਮਰੀਜ਼ ਤੇ ਨਹੀਂ ਪਾਈ ਜਾ ਸਕਦੀ। ਇਹੋ ਜਿਹੇ ਕਿੰਨੇ ਚਿਕਿਤਸਕ ਹਨ ਜਿਹੜੇ ਨਿਸੁਆਰਥੀ ਹਨ, ਆਪਾ ਦਿੰਦੇ ਹਨ ਤੇ ਗਿਆਨ ਵਾਲੇ ਹਨ? ਸੁਆਰਥੀ ਤੇ ਹੰਕਾਰੀ ਵਾਤਾਵਰਨ ਕਿੰਨਾ ਕੁ ਨਿਰਸੰਕੋਚ ਵਾਰਤਾਲਾਪ ਹੋ ਸਕਦਾ ਹੈ? ਇਹ ਗੱਲ ਮੰਨੀ ਜਾ ਸਕਦੀ ਹੈ ਕਿ ਅੱਜ ਦੇ ਚਿਕਿਤਸਕ ਉਸ ਤਰ੍ਹਾਂ ਨਿਰ-ਸੁਆਰਥੀ ਨਹੀਂ ਹੋ ਸਕਦੇ ਜਿਸ ਤਰ੍ਹਾਂ ਕ੍ਰਿਸ਼ਨ ਜੀ ਸਨ। ਇਹ ਤਾਂ ਅਜੇ ਪਨਪ ਰਹੇ ਹਨ, ਕ੍ਰਿਸ਼ਨ ਜੀ ਤਾਂ ਪੂਰਨ ਬ੍ਰਹਮਗਿਆਨੀ ਸਨ ਪਰ ਅਸੀਂ ਉਨ੍ਹਾਂ ਤੋਂ ਇਹ ਆਸ ਰਖਦੇ ਹਾਂ ਕਿ ਉਹ ਆਪਣਾ ਕਾਇਆ ਕਲਪ ਕਰਨ ਤੇ ਇਕ ਮਿਸਾਲ ਬਣ ਕੇ ਦਿਖਾਉਣ, ਜੋ ਵੀ ਉਹ ਸਿਖਿਆ ਦਿੰਦੇ ਹਨ।

ਅੱਜ ਦੇ ਮਨੁੱਖ ਦੀ ਪਰਸਥਿਤੀ ਕੋਈ ਵਖਰੀ ਨਹੀਂ। ਅਸੀਂ ਦੇਖਦੇ ਹਾਂ ਗੀਤਾ ਵਿਚ ਉਹ ਸਾਰੇ ਮਸਲੇ ਜਾਂ ਮਿਲਦੇ ਜੁਲਦੇ ਮਸਲਿਆਂ ਦੇ ਬਾਰੇ ਦਸਿਆ ਗਿਆ ਹੈ ਜਿਹੜੇ ਅੱਜ ਦੇ ਸਮੇਂ ਅਸੀਂ ਦੇਖ ਰਹੇ ਹਾਂ। ਅਜ ਦੇ ਮਨੋਵਿਗਿਆਨੀ ਦੇ ਸਾਰੇ ਮੁਦੇ ਪ੍ਰੇਰਨਾ ਗ੍ਰਹਿਣ ਸ਼ਕਤੀ, ਆਦਤਾਂ, ਦੰਡ ਤੇ ਫਲ, ਅਚੇਤ ਮਨ ਇਨ੍ਹਾਂ ਸਾਰਿਆਂ ਦੀ ਵਿਆਖਿਆ ਤੁਹਾਨੂੰ ਗੀਤਾ ਵਿਚ ਮਿਲਦੀ ਹੈ, ਮਨੁੱਖੀ ਵਿਹਾਰ ਦੇ ਇਸ ਪੱਖ ਦੇ ਸਿਧਾਂਤ ਗੀਤਾ ਵਿਚ ਅੰਕਿਤ ਕੀਤੇ ਗਏ ਹਨ, ਅੱਜ ਦੇ ਮਨੋਵਿਗਿਆਨਾਂ ਨਾਲੋਂ ਵੀ ਵਧੇਰੇ ਸਪਸ਼ਟ ਕਰਕੇ ਦਿਤੇ ਗਏ ਹਨ, ਇਸ ਤੋਂ ਵਧੇਰੇ ਹੋਰ ਉਨ੍ਹਾਂ ਪੱਖਾਂ ਨੂੰ ਦਸਿਆ ਗਿਆ ਹੈ ਜਿਹੜੇ ਮਨੋਵਿਗਿਆਨੀਆਂ ਨੇ ਦਿਤੇ ਹੀ ਨਹੀਂ, ਮਨੋਵਿਗਿਆਨੀਆਂ ਨੇ ਸੂਖਸ਼ਮ ਤੱਤਾਂ ਨੂੰ ਤਾਂ ਗਿਣਿਆ ਹੀ ਨਹੀਂ, ਗੀਤਾ ਨੇ ਉਨ੍ਹਾਂ ਬਾਰੇ ਵਿਸਥਾਰ ਨਾਲ ਲਿਖਿਆ ਹੈ, ਗੀਤਾ ਦਾ ਸਥਾਈ ਮਨੋਵਿਗਿਆਨ ਅੱਜ ਦੇ

ਮਨੋਵਿਗਿਆਨ ਨੂੰ ਸਮਝਣ ਲਈ ਉਸ ਦੀ ਡੂੰਘਾਈ ਵਿਚ ਜਾਣ ਲਈ ਬਹੁਤ ਸਹਾਈ ਹੋ ਸਕਦਾ ਹੈ।

35. ਅਤੇ ਜਿਸ ਨੂੰ ਜਾਣ ਕੇ ਤੂੰ ਫਿਰ ਇਸ ਪ੍ਰਕਾਰ ਮੋਹ ਨੂੰ ਪ੍ਰਾਪਤ ਨਹੀਂ ਹੋਵੇਂਗਾ ਅਤੇ ਹੇ ਅਰਜਨ! ਜਿਸ ਗਿਆਨ ਦੁਆਰਾ ਸਰਬ ਵਿਆਪੀ ਚੇਤਨ ਰੂਪ ਹੋਇਆ ਆਪਣੇ ਅੰਤਰਗਤਿ ਸਮਸ਼ਟ ਬੁੱਧੀ ਦੇ ਅਧਾਰ ਸੰਪੂਰਨ ਭੂਤਾਂ ਨੂੰ ਦੇਖੇਂਗਾ ਅਤੇ ਉਸ ਦੇ ਉਪਰੰਤ ਮੇਰੇ ਵਿਚ ਅਰਥਾਤ ਸਚਿਦਾਨੰਦ ਸਵਰੂਪ ਵਿਚ ਅਭੇਦ ਹੋਇਆ ਸਚਿਦਾਨੰਦ ਹੀ ਦੇਖੇਂਗਾ।

36. ਅਤੇ ਜੇ ਤੂੰ ਸਭ ਪਾਪੀਆਂ ਤੋਂ ਭੀ ਅਧਿਕ ਪਾਪ ਕਰਨ ਵਾਲਾ ਹੈਂ ਤਾਂ ਭੀ ਗਿਆਨ ਰੂਪ ਕਿਸ਼ਤੀ ਦੁਆਰਾ ਨਿਰਸੰਦੇਹ ਸੰਪੂਰਨ ਪਾਪਾਂ ਤੋਂ ਅੱਛੀ ਪ੍ਰਕਾਰ ਤਰ ਜਾਵੇਂਗਾ।

37. ਕਿਉਂਕਿ ਹੇ ਅਰਜਨ ਜਿਵੇਂ ਪ੍ਰਜੁਲਤ ਅਗਨੀ ਈਂਧਨ ਨੂੰ ਭਸਮ ਕਰ ਦਿੰਦੀ ਹੈ ਵੈਸੇ ਹੀ ਗਿਆਨ ਰੂਪ ਅਗਨੀ ਸੰਪੂਰਨ ਕਰਮਾਂ ਨੂੰ ਭਸਮ ਕਰ ਦਿੰਦੀ ਹੈ।

ਇਕ ਵਾਰੀ ਜਦੋਂ ਸਾਧਕ ਉਚ ਸ਼ੁਧ ਗਿਆਨ ਪ੍ਰਾਪਤ ਕਰ ਲੈਂਦਾ ਹੈ ਫੇਰ ਉਹ ਡੋਲ ਨਹੀਂ ਸਕਦਾ, ਮੁੜ ਆਪਣੀਆਂ ਪੁਰਾਣੀਆਂ ਆਦਤਾਂ ਵਿਚ ਨਹੀਂ ਜਾ ਸਕਦਾ। ਇਹੋ ਜਿਹਾ ਗਿਆਨ ਉਸ ਨੂੰ ਸੁਤੰਤਰ ਕਰ ਦਿੰਦਾ ਹੈ ਹਰ ਕਿਸਮ ਦੀਆਂ ਕਮਜ਼ੋਰੀਆਂ ਤੋਂ ਸੁਤੰਤਰ ਕਰ ਦਿੰਦਾ ਹੈ, ਤੇ ਸੰਤਾਪ ਤੋਂ ਮੁਕਤ ਕਰ ਦਿੰਦਾ ਹੈ ਜਿਵੇਂ ਅਗਨੀ ਹਰ ਇਕ ਚੀਜ਼ ਨੂੰ ਭਸਮ ਕਰ ਦਿੰਦੀ ਹੈ ਇਸੇ ਤਰ੍ਹਾਂ ਗਿਆਨ ਵੀ ਸਾਰੇ ਔਗੁਣ ਭਸਮ ਕਰ ਦਿੰਦਾ ਹੈ, ਸਾਰੇ ਔਗੁਣ ਗਿਆਨ ਨਾਲ ਦੂਰ ਹੋ ਜਾਂਦੇ ਹਨ। ਸਭ ਤੋਂ ਪਹਿਲਾਂ ਸਾਧਕ ਨੂੰ ਆਪਣੇ ਆਪ ਤੇ ਅਨੁਸ਼ਾਸ਼ਨ ਰਖਣਾ ਚਾਹੀਦਾ ਹੈ, ਸੰਜਮ ਵਿਚ ਆਉਣਾ ਚਾਹੀਦਾ ਹੈ, ਸਾਧਨਾ ਕਰਨੀ ਚਾਹੀਦੀ ਹੈ। ਫੇਰ ਉਸ ਨੂੰ ਆਪਣੀ ਚੇਤਨਤਾ ਨੂੰ ਬ੍ਰਹਿਮੰਡਕ ਚੇਤਨਤਾ ਤਕ ਵਿਸਥਾਰ ਕਰਨਾ ਚਾਹੀਦਾ ਹੈ, ਸਾਧਨਾ ਸਵੈ ਤੋਂ ਸ਼ੁਰੂ ਹੁੰਦੀ ਹੈ, ਚੇਤਨਤਾ ਦੇ ਬਿੰਦੂ ਤੋਂ ਸ਼ੁਰੂ ਹੁੰਦੀ ਹੈ, ਫੇਰ ਬ੍ਰਹਿਮੰਡ ਤਕ ਪਹੁੰਚ ਜਾਂਦੀ ਹੈ। ਇਹ ਸਾਰਾ ਕੰਮ ਹੌਲੀ-ਹੌਲੀ ਹੁੰਦਾ ਹੈ, ਪਹਿਲਾਂ-ਪਹਿਲਾਂ ਤੁਸੀਂ ਚੌਕਸ ਹੋ ਕੇ ਇੰਦ੍ਰੀਆਂ ਕਾਬੂ ਕਰਦੇ ਹੋ, ਫੇਰ ਮਨ ਨੂੰ ਗਿਆਨ ਇੰਦ੍ਰੀਆਂ ਦੇ ਅਨੁਭਵ ਤੋਂ ਸੁਤੰਤਰ ਕੀਤਾ ਜਾਂਦਾ ਹੈ ਫੇਰ ਅਚੇਤ ਮਨ ਵਿਚ ਸੋਚ ਨਾਲ ਵਾਹ ਪੈਂਦਾ ਹੈ ਫੇਰ ਸਾਧਕ ਹਜ਼ਾਰਾਂ ਹੀ ਵਿਚਾਰ ਜਿਹੜੇ ਉਹਦੇ ਮਨ ਵਿਚ ਆਉਂਦੇ ਹਨ ਉਨ੍ਹਾਂ ਨੂੰ ਦੇਖਦਾ ਹੈ, ਵਿਚਾਰਦਾ ਹੈ, ਵਿਸ਼ਲੇਸ਼ਨ ਕਰਦਾ ਹੈ, ਫੇਰ ਉਨ੍ਹਾਂ ਨੂੰ ਜਾਂ ਤਾਂ ਸਵੀਕਾਰਦਾ ਹੈ ਜਾਂ ਇਨਕਾਰਦਾ ਹੈ। ਇਹੋ ਜਿਹਾ ਚਿੰਤਨ ਮਨ ਨੂੰ ਸਮਝਣ ਵਿਚ ਸਹਾਇਤਾ ਕਰਦਾ ਹੈ ਕਿਉਂਕਿ ਮਨ ਸਿੱਖ ਜਾਂਦਾ ਹੈ ਕਿ ਕਿਹੜੇ ਵਿਚਾਰ ਲਾਭਦਾਇਕ ਹਨ। ਕਿਹੜੇ ਲਾਭਦਾਇਕ ਨਹੀਂ। ਫੇਰ ਤੁਸੀਂ ਵਿਵੇਕ ਰਾਹੀਂ ਗਿਆਨ ਨੂੰ ਪੱਕਾ ਕਰਦੇ ਹੋ ਤੇ ਇਕ ਨਿਆਏਕਾਰਕ ਦੀ ਤਰ੍ਹਾਂ ਬੈਠ ਕੇ ਦੇਖਦੇ ਹੋ। ਇਸ ਪੱਧਰ ਤੇ ਤੁਸੀਂ ਸੰਸਾਰ ਦੀ ਕਿਸੇ ਚੀਜ਼ ਨਾਲ ਵੀ ਆਪਣੇ ਆਪ ਨੂੰ ਸਮਰੂਪ ਨਹੀਂ ਕਰਦੇ, ਕੋਈ ਵੀ ਚਿੰਨ ਜਿਹੜੇ ਤੁਹਾਡੇ ਅਚੇਤ ਵਿਚ ਹਨ।

ਹੁਣ ਸਾਧਕ ਚੌਕਸ ਰਹਿੰਦਾ ਹੈ, ਉਹ ਮਨ ਦੇ ਅਚੇਤ ਹਿੱਸੇ ਤੋਂ ਪ੍ਰਭਾਵਿਤ ਨਹੀਂ ਹੁੰਦਾ, ਮਨ ਸਤ੍ਰਕ ਹੋ ਕੇ ਦੇਖਦਾ ਆਪ ਉਸ ਦਾ ਹਿੱਸਾ ਨਹੀਂ ਬਣਦਾ। ਇਹ ਪੱਧਰ ਦੇਖਣ ਲਈ ਹੈ, ਤਾਂ ਹੀ ਇਥੇ ਸਾਧਕ ਲਈ ਸ਼ਬਦ ਸਿੱਧ ਪੁਰਖ ਵਰਤਿਆ ਗਿਆ ਹੈ, ਕਿਉਂਕਿ ਸਾਧਕ ਨੇ ਸਮਰੂਪਤਾ ਦੀ ਆਦਤ ਖਤਮ ਕਰ ਦਿਤੀ। ਜਦੋਂ ਤੁਸੀਂ ਸੰਸਾਰਕ ਪਦਾਰਥਾਂ ਨਾਲ ਮੋਹ ਨਹੀਂ ਰਖਦੇ ਤੁਸੀਂ ਆਪਣੇ ਅਤੀਤ ਵਿਚ ਆ ਜਾਂਦੇ ਹੋ, ਆਪਣੇ ਅਤੀਤ ਨੂੰ ਜਾਣ ਕੇ ਤੁਸੀਂ ਸਭ ਕੁਝ ਉਸ ਵਿਚ ਦੇਖਦੇ ਹੋ, ਤੇ ਉਸ ਨੂੰ ਸਭ ਵਿਚ ਦੇਖਦੇ ਹੋ ਇਹ ਹੀ ਆਤਮ ਸਾਧਨਾ ਹੈ, ਇਹ ਅਵਸਥਾ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ? ਅਸੀਂ ਦਸ ਚੁੱਕੇ ਹਾਂ ਜਾਂ ਫੇਰ ਧਿਆਨ ਲਗਾਉਣ ਨਾਲ ਹੋ ਸਕਦੀ ਹੈ। ਇਹ ਸਾਰਾ ਤਰੀਕਾ ਅੰਦਰ ਦੇ ਸਫਰ ਦਾ ਤਰੀਕਾ ਹੈ ਇਸ ਨੂੰ ਅੰਤਰ ਯੋਗ ਕਹਿੰਦੇ ਹਨ, ਅੰਤਰ ਮੁਖੀ ਹੋ ਕੇ ਗਿਆਨ ਦੀ ਜੋਤੀ ਜਲਾਉਣਾ ਹੈ। ਕ੍ਰਿਸ਼ਨ ਜੀ ਅਰਜਨ ਨੂੰ ਗਿਆਨ ਦੀ ਜੋਤੀ ਜਗਾਉਣ ਲਈ ਕਹਿ ਰਹੇ ਹਨ, ਗਿਆਨ ਹੀ ਕੇਵਲ ਮੋਹ ਨੂੰ ਫੂਕ ਕੇ ਸੁਆਹ ਕਰ ਸਕਦਾ ਹੈ। ਗਿਆਨ ਦੀ ਸਹਾਇਤਾ ਨਾਲ ਵੱਡੇ ਤੋਂ ਵੱਡਾ ਪਾਪੀ ਵੀ ਮਾਇਆ ਦੀ ਮਿਰਗ ਤ੍ਰਿਸ਼ਨਾ ਨੂੰ ਪਾਰ ਕਰ ਸਕਦਾ ਹੈ ਜਿਵੇਂ ਕਿਸ਼ਤੀ ਵਿਚ ਬੈਠ ਕੇ ਤੁਸੀਂ ਦੂਸਰੇ ਕੰਢੇ ਤੇ ਪਹੁੰਚ ਜਾਂਦੇ ਹੋ, ਗਿਆਨ ਦੀ ਜੋਤੀ ਨਾਲ ਸਾਰੇ ਔਗੁਣ ਸੁਆਹ ਬਣ ਜਾਂਦੇ ਹਨ, ਭੈੜੇ ਵਿਚਾਰ ਵੀ ਸੜ ਕੇ ਸੁਆਹ ਹੋ ਜਾਂਦੇ ਹਨ, ਮਨ ਦੇ ਸਾਰੇ ਸੰਸੇ ਖਤਮ ਹੋ ਜਾਂਦੇ ਹਨ। ਗਿਆਨ ਅਤੇ ਸਹੀ ਮਾਰਗ ਦਰਸ਼ਨ ਨਾਲ ਇਕ ਪਾਪੀ ਵੀ ਜੀਵਨ ਮਨੋਰਥ ਪ੍ਰਾਪਤ ਕਰ ਲੈਂਦਾ ਹੈ, ਇਤਿਹਾਸ ਵਿਚੋਂ ਬਹੁਤ ਸਾਰੀਆਂ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ। ਗ੍ਰੰਥਾਂ ਵਿਚੋਂ ਬਹੁਤ ਸਾਰੀਆਂ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ। ਬਾਲਮੀਕ ਭਾਰਤੀ ਪਰੰਪਰਾ ਅਨੁਸਾਰ ਇਕ ਮਿਸਾਲ ਹੈ ਸੋਲ (Saul) ਇਸਾਈ ਮਤ ਦੀ ਮਿਸਾਲ ਹੈ ਮਿਲਾਰੇਪਾ (Milarepa) ਤਿੱਬਤੀ ਪਰੰਪਰਾ ਵਿਚ ਹੈ, ਅੱਜ ਦੇ ਵਿਦਿਆਰਥੀ ਇਹ ਗੱਲ ਸਮਝ ਲੈਣ ਕਿ ਆਪਣੇ ਆਪ ਨੂੰ ਨਿਖੇਧਣ ਦਾ ਕੋਈ ਫਾਇਦਾ ਨਹੀਂ, ਹਰ ਇਕ ਦੇ ਅੰਦਰ ਉਹ ਸਮਰੱਥਾ ਉਹ ਸਮਝ ਹੈ ਜਿਸ ਨਾਲ ਉਹ ਆਪਣੇ ਅੰਤਰ ਗਿਆਨ ਦੀ ਜੋਤ ਜਗਾ ਕੇ ਆਪਣੀ ਕਾਇਆ ਕਲਪ ਕਰ ਸਕਦਾ ਹੈ। ਸਵੈ-ਸੁਧਾਰ ਦੀ ਅੰਤ ਵਿਚ ਆਤਮ ਸਾਧਨਾ ਦਾ ਰੂਪ ਲੈ ਲੈਂਦਾ ਹੈ ਤੇ ਇਸ ਹਾਲਤ ਵਿਚ ਤੁਸੀਂ ਉਸ ਵਾਹਿਗੁਰੂ ਨੂੰ ਹੀ ਸਭ ਵਿਚ ਦੇਖਦੇ ਹੋ ਤੇ ਸਭ ਨੂੰ ਉਸ ਵਿਚ ਦੇਖਦੇ ਹੋ।

38. ਇਸ ਲਈ ਇਸ ਸੰਸਾਰ ਵਿਚ ਗਿਆਨ ਵਰਗਾ ਪਵਿਤ੍ਰ ਕਰਨ ਵਾਲਾ ਨਿਰਸੰਦੇਹ ਕੁਝ ਭੀ ਨਹੀਂ ਹੈ। ਉਸ ਗਿਆਨ ਨੂੰ ਕਿਤਨੇ ਕੁ ਸਮੇਂ ਤੋਂ ਆਪਣੇ ਆਪ ਸਮ ਬੁਧਿ ਦੁਆਰਾ ਯੋਗ ਰਾਹੀਂ ਅੱਛੀ ਪ੍ਰਕਾਰ ਸ਼ੁਧ ਅੰਤਸ਼ਕਰਣ ਹੋਇਆ ਪੁਰਸ਼ ਆਤਮਾ ਵਿਚ ਅਨੁਭਵ ਕਰਦਾ ਹੈ।

39. ਅਤੇ ਹੇ ਅਰਜਨ! ਜਿਤਿੰਦਰੇ ਤਤਪਰ ਹੋਇਆ ਸ਼ਰਧਾਵਾਨ ਪੁਰਸ਼ ਗਿਆਨ ਨੂੰ ਪ੍ਰਾਪਤ ਹੁੰਦਾ ਹੈ। ਗਿਆਨ ਪ੍ਰਾਪਤ ਹੋ ਕੇ ਤੱਤ ਛਿਨ ਭਗਵਤ ਪ੍ਰਾਪਤ ਰੂਪ ਪਰਮ ਸ਼ਾਂਤ ਨੂੰ ਪ੍ਰਾਪਤ ਹੋ ਜਾਂਦਾ ਹੈ।

40. ਅਤੇ ਹੇ ਅਰਜਨ! ਭਗਵਤ ਵਿਸ਼ੇ ਨੂੰ ਨਾ ਜਾਨਣਵਾਲਾ ਤਥਾ ਸ਼ਰਧਾ ਹੀਣਾ ਅਤੇ ਸੰਸਿਆਂ ਯੁਕਤ ਪੁਰਸ਼ ਪ੍ਰਮਾਰਥ ਤੋਂ ਭ੍ਰਸ਼ਟ ਹੋ ਜਾਂਦਾ ਹੈ ਉਨ੍ਹਾਂ ਵਿਚੋਂ ਭੀ ਸ਼ੰਕਾਵਾਨ ਪੁਰਸ਼ ਵਾਸਤੇ ਨਾ ਸੁਖ ਹੈ ਅਤੇ ਨਾ ਇਹ ਲੋਕ ਹੈ ਨਾ ਪਰਲੋਕ ਹੈ, ਅਰਥਾਤ ਇਹ ਲੋਕ ਅਤੇ ਪਰਲੋਕ ਦੋਨੋਂ ਹੀ ਉਸ ਵਾਸਤੇ ਭ੍ਰਸ਼ਟ ਹੋ ਜਾਂਦੇ ਹਨ।

ਗਿਆਨ ਦੀਆਂ ਸਾਰੀਆਂ ਪ੍ਰਣਾਲੀਆਂ ਵਿਚੋਂ ਅਧਿਆਤਮਕ ਗਿਆਨ ਸਭ ਤੋਂ ਉਚਾ ਹੈ, ਇਹ ਗਿਆਨ ਅੰਤਰਮੁਖੀ ਹੋ ਕੇ ਪ੍ਰਾਪਤ ਹੁੰਦਾ ਹੈ, ਸਭ ਤੋਂ ਪਵਿੱਤਰ ਗਿਆਨ ਆਤਮਾ ਦਾ ਗਿਆਨ ਹੈ, ਚੇਤਨਤਾ ਦਾ ਬਿੰਦੂ ਹੈ ਜਿਹੜਾ ਤੁਹਾਡੀ ਸਤਿ ਨੂੰ ਜਾਨਣ ਦੀ ਪਿਆਸ ਤ੍ਰਿਪਤ ਕਰ ਦਿੰਦਾ ਹੈ, ਜਦੋਂ ਸਾਧਕ ਨੂੰ ਆਪਣੇ ਅੰਦਰ ਵਸਦੇ ਤੇ ਪੂਰਨ ਭਰੋਸਾ ਹੋ ਜਾਂਦਾ ਹੈ, ਆਤਮਾ ਤੇ ਭਰੋਸਾ ਹੋ ਜਾਂਦਾ ਹੈ, ਗੁਰੂ ਤੇ ਭਰੋਸਾ ਹੋ ਜਾਂਦਾ ਹੈ, ਉਹ ਗ੍ਰੰਥਾਂ ਨੂੰ ਸਮਝਣ ਲਗ ਪੈਂਦਾ ਹੈ। ਗੁਰੂਆਂ ਦੀ ਸਿਖਿਆ ਸਮਝਣ ਲਗ ਪੈਂਦਾ ਹੈ ਫੇਰ ਉਹ ਆਪਣੀ ਡਿਊਟੀ ਬਿਨਾਂ ਕਿਸੇ ਗਲਤੀ ਕਰਕੇ ਕਰਨ ਦੇ ਕਾਬਲ ਹੋ ਜਾਂਦਾ ਹੈ, ਉਹ ਆਪਣਾ ਸਮਾਂ ਅਜਾਈਂ ਨਹੀਂ ਗੁਆਉਂਦਾ, ਮਨ ਨੂੰ ਦੌੜਨ ਤੋਂ ਰੋਕਦਾ ਹੈ ਤੇ ਮਨ ਦੀਆਂ ਸ਼ਕਤੀਆਂ ਨੂੰ ਬੇਅਰਥ ਨਹੀਂ ਜਾਣ ਦਿੰਦਾ, ਇਹੋ ਜਿਹਾ ਗਿਆਨ ਚੇਤਨਤਾ ਦੇ ਬਿੰਦੂ ਤਕ ਪਹੁੰਚਣ ਵਿਚ ਸਹਾਇਤਾ ਕਰਦਾ ਹੈ। ਦ੍ਰਿੜ੍ਹ ਵਿਸ਼ਵਾਸ਼, ਸ਼ਰਧਾ, ਇਕਾਗਰ ਮਨ, ਇੰਦ੍ਰੀਆਂ ਤੇ ਪੂਰਾ ਸੰਜਮ, ਨਿਰਲੇਪ ਅਤੇ ਨਿਰੰਤਰ ਸਾਧਨਾ ਦੁਆਰਾ ਸਭ ਵਿਚ ਬ੍ਰਹਮ ਦੇਖਣਾ, ਬ੍ਰਹਮ ਵਿਚ ਸਭ ਨੂੰ ਦੇਖਣਾ। ਆਤਮ ਗਿਆਨ ਤੋਂ ਉਤਮ ਕੋਈ ਗਿਆਨ ਨਹੀਂ ਹੈ ਆਤਮ ਗਿਆਨ ਨਾਲ ਪੂਰੀ ਸ਼ਾਂਤੀ ਮਿਲਦੀ ਹੈ ਤੇ ਸਾਰੇ ਸ਼ੰਕੇ ਨਵਿਰਤ ਹੋ ਜਾਂਦੇ ਹਨ।

ਉਨਤਾਲੀਵਾਂ ਸ਼ਲੋਕ ਸਾਰੇ ਸਾਧਕਾਂ ਲਈ ਅਤੀ ਆਵਸ਼ਕ ਹੈ। ਇਸ ਵਿਚ ਕ੍ਰਿਸ਼ਨ ਜੀ ਦਸਦੇ ਹਨ ਕਿ ਸ਼ਰਧਾ, ਮਨ ਦੀ ਇਕਾਗਰਤਾ ਤੇ ਜਿਸ ਮਾਰਗ ਤੇ ਤੁਸੀਂ ਚਲ ਰਹੇ ਹੋ ਉਸ ਲਈ ਤੁਹਾਡੇ ਮਨ ਵਿਚ ਸਤਿਕਾਰ ਹੋਣਾ ਜ਼ਰੂਰੀ ਹੈ। ਇੰਦ੍ਰੀਆਂ ਤੇ ਸੰਜਮ ਹੋਣਾ ਆਵਸ਼ਕ ਹੈ, ਇੰਦ੍ਰੀਆਂ ਮਨ ਦੇ ਕਾਬੂ ਵਿਚ ਹੁੰਦੀਆਂ ਹਨ, ਇੰਦ੍ਰੀਆਂ ਦੇ ਕਾਰਣ ਬਹੁਤ ਵਾਰੀ ਮਨ ਖਿਲਰਿਆ ਰਹਿੰਦਾ ਹੈ ਤੇ ਭੈੜੀਆਂ ਆਦਤਾਂ ਵਿਚ ਪੈ ਜਾਂਦਾ ਹੈ, ਇਸ ਲਈ ਇੰਦ੍ਰੀਆਂ ਤੇ ਕਾਬੂ ਪਾਉਣਾ ਬਹੁਤ ਆਵਸ਼ਕ ਹੈ, ਮਨ ਦੀ ਇਕਾਗਰਤਾ ਨਾਲ, ਸ਼ਰਧਾ ਨਾਲ ਤੇ ਸੰਜਮ ਨਾਲ ਮਨ ਦੀ ਸ਼ਾਂਤੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਪਰ ਜਿਸ ਵਿਚ ਨਾ ਪਿਆਰ ਹੈ, ਨਾ ਸ਼ਰਧਾ ਹੈ, ਨਾ ਅੰਦਰ ਦੀ ਆਤਮਾ ਲਈ ਕੋਈ ਸਤਿਕਾਰ ਹੈ, ਨਾ ਅੰਦਰ ਦੇ ਮਾਲਕ ਲਈ ਕੋਈ ਸਤਿਕਾਰ ਹੈ, ਨਾ ਅੰਦਰ ਦੇ ਚਾਨਣ ਲਈ ਕੋਈ ਸਤਿਕਾਰ ਹੈ, ਜਿਹੜਾ ਹੋਂਦ ਨੂੰ ਹੀ ਸ਼ੰਕੇ ਨਾਲ ਦੇਖਦਾ ਹੈ ਜਿਸ ਦਾ ਕੋਈ ਵਿਸ਼ਵਾਸ਼ ਨਹੀਂ ਉਹ ਆਪਣੇ ਆਪ ਨੂੰ ਖਤਮ ਕਰ ਲੈਂਦਾ ਹੈ। ਉਹ ਆਪਣੇ ਮਨ ਦੀ ਚੜ੍ਹਦੀ ਕਲਾ ਨੂੰ ਕਦੀ ਦੇਖ ਹੀ ਨਹੀਂ ਸਕਦਾ, ਨਿਖੇਧੀ ਭਰਿਆ ਮਨ ਨਾ ਤਾਂ

ਬਾਹਰ ਸਫਲ ਹੋ ਸਕਦਾ ਹੈ, ਨਾ ਹੀ ਅੰਦਰ ਦੇ ਸਫਰ ਤੇ ਸਫਲ ਹੋ ਸਕਦਾ ਹੈ। ਯੋਗੀ ਜਦੋਂ ਸ਼ੰਕੇ ਭਰੇ ਮਨ ਦੀ ਗੱਲ ਕਰਦੇ ਹਨ ਉਨ੍ਹਾਂ ਦਾ ਭਾਵ ਉਸ ਮਨ ਤੋਂ ਹੁੰਦਾ ਹੈ ਜਿਸ ਦਾ ਮਾਰਗ ਦਰਸ਼ਨ ਬੁੱਧੀ ਨਹੀਂ ਕਰਦੀ, ਜਿਹੜਾ ਮਨ ਬੁੱਧੀ ਤੋਂ ਆਪਣੀ ਦਿਸ਼ਾ ਨਹੀਂ ਲੈਂਦਾ ਉਹ ਸਦਾ ਹੀ ਸ਼ੰਕੇ ਵਿਚ ਰਹਿੰਦਾ ਹੈ ਤੇ ਨਿਰਣਾ ਵੀ ਨਹੀਂ ਕਰ ਸਕਦਾ। ਇਹੋ ਜਿਹਾ ਮਨ ਕੁਝ ਵੀ ਪ੍ਰਾਪਤ ਨਹੀਂ ਕਰ ਸਕਦਾ। ਜਿਸ ਦਾ ਮਨ ਅਸ਼ਾਂਤ ਹੋਵੇ, ਵਿਘਨਾਂ ਦਾ ਭਰਿਆ ਹੋਵੇ, ਜਿਸ ਵਿਚ ਕੋਈ ਸ਼ਰਧਾ ਨਾ ਹੋਵੇ, ਆਪਣੀ ਸਾਧਨਾ ਤੇ ਵਿਸ਼ਵਾਸ਼ ਨਾ ਹੋਵੇ, ਉਸ ਵਿਚ ਆਤਮ ਵਿਸ਼ਵਾਸ਼ ਨਹੀਂ ਹੋਇਆ ਕਰਦਾ। ਉਸ ਵਿਚ ਇੱਛਾ ਸ਼ਕਤੀ ਅਤੇ ਦ੍ਰਿੜ੍ਹਤਾ ਵੀ ਨਹੀਂ ਹੁੰਦੀ ਉਸ ਦਾ ਜੀਵਨ ਦੁਖ ਭਰਿਆ ਹੁੰਦਾ ਹੈ, ਸੰਤਾਪਿਆ ਹੁੰਦਾ ਹੈ ਅਤੇ ਉਸ ਦੇ ਪ੍ਰਸੰਨ ਹੋਣ ਦੇ ਕੋਈ ਕਾਰਣ ਨਹੀਂ ਹੁੰਦਾ। ਉਨਤਾਲੀਵੇਂ ਸ਼ਲੋਕ ਵਿਚ ਦਸਿਆ ਗਿਆ ਹੈ ਕਿ ਬਿਨਾਂ ਪਿਆਰ ਤੋਂ, ਸ਼ਰਧਾ ਤੋਂ, ਸੰਜਮ ਤੋਂ ਗਿਆਨ ਨਹੀਂ ਪ੍ਰਾਪਤ ਕੀਤਾ ਜਾ ਸਕਦਾ। ਅਸੀਂ ਉਦਾਹਰਣਾਂ ਸਹਿਤ ਦਸਿਆ ਹੈ ਕਿਵੇਂ ਪਾਪੀ ਵੀ ਗਿਆਨ ਪ੍ਰਾਪਤ ਕਰਕੇ ਸ਼ਰਧਾ ਧਾਰਨ ਕਰਕੇ ਸ਼ਾਂਤੀ ਪ੍ਰਾਪਤ ਕਰਨ ਦੇ ਕਾਬਲ ਬਣ ਜਾਂਦੇ ਹਨ ਤੇ ਆਤਮ ਮਾਰਗ ਤੇ ਚਲਣ ਲਗ ਪੈਂਦੇ ਹਨ ਪਰ ਜਿਨ੍ਹਾਂ ਦੇ ਮਨ ਖਿਲਰੇ ਪਏ ਹਨ, ਜਿਹੜੇ ਇੰਦ੍ਰੀਆਂ ਨੂੰ ਕਾਬੂ ਕਰਨ ਦਾ ਕੋਈ ਯਤਨ ਨਹੀਂ ਕਰਦੇ ਜਿਨ੍ਹਾਂ ਨੂੰ ਸਵੈ ਤੇ ਭਰੋਸਾ ਨਹੀਂ, ਹੋਂਦ ਦੀ ਸੂਝ ਨਹੀਂ, ਵਾਹਿਗੁਰੂ ਤੇ ਭਰੋਸਾ ਨਹੀਂ ਉਹ ਸਦਾ ਹੀ ਦੁਖੀ ਰਹਿੰਦੇ ਹਨ।

ਇਕਾਗਰਤਾ ਦਾ ਵਿਸਥਾਰ ਕਰਕੇ ਇੰਦ੍ਰੀਆਂ ਤੇ ਸੰਜਮ ਦਾ ਅਭਿਆਸ ਕਰਨ ਨਾਲ ਮਨ ਦੀਆਂ ਸ਼ਕਤੀਆਂ ਬੇਅੰਤ ਹੋ ਜਾਂਦੀਆਂ ਹਾਂ। ਇੰਦ੍ਰੀਆਂ ਤੇ ਕਾਬੂ ਅਤੇ ਇਕਾਗਰਤਾ ਦੀ ਸ਼ਕਤੀ ਕੋਈ ਵੀ ਪ੍ਰਾਪਤ ਕਰ ਸਕਦਾ ਹੈ। ਜੇ ਇਕ ਚੋਰ ਤੇ ਸਾਧਕ ਦੋਨਾਂ ਨੂੰ ਇਕ ਕਮਰੇ ਵਿਚ ਬਿਠਾ ਦਿਤਾ ਜਾਵੇ ਤੇ ਕਮਰਾ ਹੀਰੇ ਜਵਾਹਰਾਤਾਂ ਨਾਲ ਭਰਿਆ ਪਿਆ ਹੋਵੇ, ਚੋਰ ਵਧੇਰੇ ਚੰਗੀ ਤਰ੍ਹਾਂ ਇਕਾਗਰ ਚਿਤ ਹੋ ਸਕੇਗਾ ਸਾਧਕ ਤੋਂ ਕਿਤੇ ਵਧੇਰੇ ਚੰਗੀ ਤਰ੍ਹਾਂ। ਸਾਧਕ ਨੂੰ ਚਾਹੀਦਾ ਹੈ ਉਹ ਆਪਣੀਆਂ ਸ਼ਕਤੀਆਂ ਸ਼ਾਂਤੀ ਦੀ ਪ੍ਰਾਪਤੀ ਲਈ ਇਕਾਗਰ ਕਰੇ ਉਸ ਤੋਂ ਬਾਅਦ 'ਆਤਮ ਮਾਰਗ' ਤੇ ਚਲੇ, ਪੂਰਾ ਉਹ ਹੈ ਜਿਸ ਦਾ ਮਨ ਇਕਾਗਰ ਹੈ। ਪਰ ਕੋਈ ਸ਼ਰਧਾ ਨਹੀਂ ਆਤਮਾ ਦੀ ਹੋਂਦ ਵਿਚ ਕੋਈ ਵਿਸ਼ਵਾਸ਼ ਨਹੀਂ, ਉਸ ਨੂੰ ਸਵੈ ਦੀ ਹੋਂਦ ਦੀ ਸਚਾਈ ਦਾ ਹੀ ਨਹੀਂ ਪਤਾ, ਉਹ ਤਾਂ ਕੇਵਲ ਉਨ੍ਹਾਂ ਵਿਸ਼ਿਆਂ ਨੂੰ ਹੀ ਜਾਣਦਾ ਹੈ ਜਿਹੜਾ ਉਹ ਭੋਗਦਾ ਹੈ, ਆਤਮ ਮਾਰਗ ਸਭ ਤੋਂ ਪਿਆਰਾ ਸਾਥੀ ਤੇ ਆਗੂ ਹੈ ਵਿਸ਼ਵਾਸ਼ ਅਤੇ ਸ਼ਰਧਾ ਤੋਂ ਬਿਨਾਂ ਇਕਾਗਰਤਾ ਦੀ ਸ਼ਕਤੀ ਅਤੇ ਸਾਧਨਾ ਕੁਰਾਹੇ ਪਾ ਸਕਦੀ ਹੈ, ਜੇ ਦੁਰਾਚਾਰੀ ਵੀ ਸ਼ਰਧਾ ਦਾ ਵਿਸਤਾਰ ਕਰ ਲਵੇ, ਕਾਇਆ ਕਲਪ ਕਰ ਲਵੇ ਤਾਂ ਉਹ ਆਤਮ ਸਾਧਨਾ ਤਕ ਪਹੁੰਚ ਜਾਂਦਾ ਹੈ।

41. ਅਤੇ ਹੇ ਧਨੰਜੇ ਸਮਤਬ ਬੁਧਿ ਰੂਪ ਯੋਗ ਦੁਆਰਾ ਜਿਸ ਨੇ ਸੰਪੂਰਨ ਕਰਮ ਭਗਵਾਨ ਅਰਪਨ ਕਰ ਦਿਤੇ ਹਨ ਅਤੇ ਗਿਆਨ ਦੁਆਰਾ ਜਿਸ ਦੇ ਸਾਰੇ ਸੰਸੇ ਨਸ਼ਟ ਹੋ ਗਏ ਹਨ, ਐਸੇ ਪ੍ਰਮਾਤਮ ਪਰਾਇਣ ਪੁਰਸ਼

ਦੇ ਕਰਮ ਬੰਨ੍ਹਿਆ ਨਹੀਂ ਕਰਦੇ।

42. ਇਸ ਤੋਂ ਹੀ ਭਰਤ ਵੰਸ਼ੀ ਅਰਜਨ ਤੂੰ ਸਮ ਬੁੱਧੀ ਰੂਪ ਯੋਗ ਵਿਚ ਸਥਿਤ ਹੋ ਅਤੇ ਗਿਆਨ ਸੇ ਉਤਪੰਨ ਹੋਏ ਹਿਰਦੇ ਵਿਚ ਸਥਿਤ ਇਸ ਆਪਣੇ ਸੰਸਿਆਂ ਨੂੰ ਗਿਆਨ ਰੂਪ ਖੜਗ ਦੁਆਰਾ ਛੇਦਨ ਕਰਕੇ ਯੁੱਧ ਲਈ ਸਾਵਧਾਨ ਹੋ ਜਾ।

ਇਨ੍ਹਾਂ ਸ਼ਲੋਕਾਂ ਵਿਚ ਯੋਗ ਸ਼ਬਦ ਦੀ ਵਰਤੋਂ ਉਨ੍ਹਾਂ ਕਰਮਾਂ ਲਈ, ਉਨ੍ਹਾਂ ਕੰਮਾਂ ਲਈ ਕੀਤੀ ਗਈ ਹੈ ਜਿਹੜੇ ਜੁਗਤ ਨਾਲ ਕੀਤੇ ਜਾਣ, ਉਹ ਕਰਮ ਜਿਹੜੇ ਲੋਕ ਭਲਾਈ ਦੇ ਹੋਣ ਇਹੋ ਜਿਹੇ ਕਰਮ ਯੋਗੀ ਲਈ ਬੰਧਨ ਨਹੀਂ ਬਣਦੇ, ਕਰਮ ਕਦੀ ਬੰਧਨ ਨਹੀਂ ਬਣਦੇ, ਬੰਧਨ ਬਣਦੇ ਹਨ – ਫਲ ਦੀ ਇੱਛਾ, ਇੱਛਾ ਹੀ ਬੰਧਨ ਬਣਦੀ ਹੈ ਪਰ ਜਿਨ੍ਹਾਂ ਨੇ ਆਤਮ ਗਿਆਨ ਪ੍ਰਾਪਤ ਕਰ ਲਿਆ ਹੈ ਉਨ੍ਹਾਂ ਲਈ ਇੱਛਾ ਦਾ ਕੋਈ ਮਹੱਤਵ ਨਹੀਂ, ਉਹ ਕਰਮਾਂ ਕਰਕੇ ਵੀ ਮੁਕਤ ਹਨ।

ਉਤਮ ਪਦਵੀ ਪ੍ਰਾਪਤ ਕਰਨ ਦੇ ਤਿੰਨ ਤਰੀਕੇ ਹਨ – ਪਹਿਲਾਂ ਜਦੋਂ ਮਨ ਦੇ ਸਾਰੇ ਗੁਣ ਇਕ ਸੁਰ ਹੋ ਕੇ ਕੰਮ ਕਰਨ ਲਗ ਪੈਣ, ਸ਼ਾਂਤੀ ਪ੍ਰਾਪਤ ਹੋ ਜਾਂਦੀ ਹੈ, ਇਕਾਗਰ ਇਕ ਸੁਰ ਤੇ ਇਕ ਸਾਰ ਮਨ ਨਾਲ ਕੀਤੀ ਡਿਊਟੀ ਨਿਸ਼ਕਾਮ ਹੋਇਆ ਕਰਦੀ ਹੈ, ਯੋਗ ਦੀ ਉਤਮ ਪਦਵੀ ਦੀ ਪ੍ਰਾਪਤੀ ਤੁਸੀਂ ਸ਼ੰਕੇ ਨਵਿਰਤ ਕਰਕੇ ਵੀ ਕਰ ਸਕਦੇ ਹੋ ਨਿਰਣੇ ਨਾਲ ਕਰ ਸਕਦੇ ਹੋ, ਨਿਸ਼ਚੇ ਨਾਲ ਕਰ ਸਕਦੇ ਹੋ, ਤੀਸਰਾ ਤਰੀਕਾ ਹੈ ਅੰਤਰ ਗਿਆਨ ਜੋ ਆਤਮ ਸਾਧਨਾ ਲਈ ਅਤੀ ਆਵਸ਼ਕ ਹੈ।

ਆਓ, ਅਸੀਂ ਬੁੱਧੀ ਅਤੇ ਅੰਤਰ ਗਿਆਨ ਵਿਚ ਭੇਦ ਜਾਣ ਲਈਏ ਅਤੇ ਇਨ੍ਹਾਂ ਦੋਹਾਂ ਦੀਆਂ ਸ਼ਕਤੀਆਂ ਵੀ ਜਾਣ ਲਈਏ ਜਿਸ ਸਾਧਕ ਦੀ ਤੀਖਣ ਬੁੱਧੀ ਵਿਵੇਕੀ ਹੈ ਉਹ ਆਪਣੇ ਕਾਰਜ ਸੋਝੀ ਨਾਲ ਕਰ ਸਕਦਾ ਹੈ ਤੇ ਫਲ ਅਰਪਣ ਕਰ ਸਕਦਾ ਹੈ, ਜਿਸ ਨੇ ਡੂੰਘਾ ਗਿਆਨ ਅੰਦਰੋਂ ਪ੍ਰਾਪਤ ਕੀਤਾ ਹੋਵੇ ਜਿਹੜਾ ਗਿਆਨ ਸਭ ਤੋਂ ਪਵਿੱਤਰ ਹੁੰਦਾ ਹੈ, ਉਸ ਨੂੰ ਆਤਮਾ ਵਿਚ ਪੂਰਾ ਵਿਸ਼ਵਾਸ਼ ਹੁੰਦਾ ਹੈ, ਆਤਮਾ ਦੀ ਹੋਂਦ ਵਿਚ ਪੂਰਾ ਵਿਸ਼ਵਾਸ਼ ਹੁੰਦਾ ਹੈ।

ਮਨ ਤਾਂ ਬਹੁਤ ਸਾਰਾ ਸਮਾਂ ਦ੍ਵੰਦ ਵਿਚ ਹੀ ਰਹਿੰਦਾ ਹੈ, ਦੌੜਿਆ ਰਹਿੰਦਾ ਹੈ, ਮੈਂ ਇਹ ਕਰਾਂ ਨਾ ਕਰਾਂ। ਇਹ ਚੰਗਾ ਹੈ ਇਹ ਮਾੜਾ ਹੈ। ਇਹ ਲਾਭਕਾਰੀ ਹੋਵੇਗਾ ਇਹ ਨਹੀਂ ਲਾਭਕਾਰੀ ਹੋਵੇਗਾ। ਇਸ ਮਨ ਦੀ ਇਹ ਸਮਰਥਾ ਨਹੀਂ ਕਿ ਇਹ ਵਿਵੇਕੀ ਹੋ ਸਕੇ, ਨਿਰਣਾ ਕਰ ਸਕੇ, ਫੈਸਲਾ ਲੈ ਸਕੇ। ਇਸੇ ਕਰਕੇ ਮਨ ਨੂੰ ਸੰਕਲਪ, ਵਿਕਲਪ ਆਤਮਕ ਕਿਹਾ ਗਿਆ (ਮੈਂ ਇਹ ਕਰਾਂ ਨਾ ਕਰਾਂ) ਪਰ ਜਦੋਂ ਇਸ ਮਨ ਨੂੰ ਉਚੇ ਚਿੰਤਕ ਦੀ ਸਲਾਹ ਮਿਲ ਜਾਂਦੀ ਹੈ ਫੇਰ ਇਹ ਨਿਰਣਾ ਕਰਦਾ ਹੈ।

ਉਚੀ ਬੁੱਧੀ ਮਨ ਨੂੰ ਵਿਵੇਕੀ ਹੋਣ ਵਿਚ ਸਹਾਇਕ ਸਿੱਧ ਹੁੰਦੀ ਹੈ, ਕੀ ਠੀਕ ਹੈ, ਕੀ ਗਲਤ ਹੈ ਉਹ ਫੈਸਲਾ ਲੈਣ ਵਿਚ ਸਹਾਇਕ ਹੁੰਦੀ ਹੈ

ਪਰ ਆਤਮਾ ਦਾ ਗਿਆਨ ਬੁੱਧੀ ਤੋਂ ਪਰ੍ਹੇ ਹੈ, ਕੇਵਲ ਆਤਮ ਚਿੰਤਨ ਹੀ ਆਤਮ ਗਿਆਨ ਦੇ ਸਕਦਾ ਹੈ। ਪਵਿੱਤਰ ਬੁੱਧੀ ਡੂੰਘੀ ਉਤਰ ਜਾਂਦੀ ਹੈ, ਪਰ ਸੂਖਸ਼ਮ ਪੱਧਰ ਤਕ ਤੇ ਉਚੇ ਪੱਧਰ ਤਕ ਕੇਵਲ ਆਤਮ ਚਿੰਤਨ ਹੀ ਪਹੁੰਚਾ ਸਕਦਾ ਹੈ, ਅਨੁਭਵੀ ਅੰਤਰ ਗਿਆਨ ਥੋੜ੍ਹਾ ਥੋੜ੍ਹਾ ਕਰਕੇ ਨਹੀਂ ਹੁੰਦਾ ਇਹ ਤਾਂ ਸੁਭਾਵਿਕ ਹੀ ਹੁੰਦਾ ਹੈ, ਇਹ ਉਦੋਂ ਆਉਂਦਾ ਹੈ ਜਦੋਂ ਸਾਧਕ ਆਪਣੀ ਦਲੀਲ ਆਪਣਾ ਚਿੰਤਨ ਸਮਰਪਣ ਕਰ ਦਿੰਦਾ ਹੈ।

ਸਾਡੀ ਉਨ੍ਹਾਂ ਵਿਆਖਿਆਕਾਰਾਂ ਨਾਲ ਅਸਹਿਮਤੀ ਹੈ, ਜਿਹੜੇ ਕਹਿੰਦੇ ਹਨ ਕਿ ਬੁੱਧੀ ਨਾਲ ਸੁਤੰਤਰਤਾ ਮਿਲ ਸਕਦੀ ਹੈ ਕਿਉਂਕਿ ਦੋ ਵੱਖ-ਵੱਖ ਸ਼ਕਤੀਆਂ ਕੰਮ ਕਰ ਰਹੀਆਂ ਹਨ। ਇਕ ਹੈ ਉਚੇ ਉਠਣਾ ਉਨਤੀ ਕਰਨ ਦੀ ਸ਼ਕਤੀ ਜਿਸ ਨੂੰ ਤ੍ਰਿਸ਼ਨਾ ਕਹਿੰਦੇ ਹਨ, ਇਸ ਰਾਹੀਂ ਧੁਰ ਪਹੁੰਚ ਕੇ ਵੀ ਤ੍ਰਿਪਤੀ ਨਹੀਂ ਹੁੰਦੀ, ਤ੍ਰਿਪਤੀ ਉਨਤੀ ਉਚੇ ਉਠਣ ਤੇ ਅਧੋਗਤੀ ਉਤਪਤੀ ਦਾ ਜੋੜ ਹੈ ਇਨ੍ਹਾਂ ਸ਼ਕਤੀਆਂ ਦਾ ਜੋੜ ਹੈ, ਦਲੀਲ ਮਨੁੱਖ ਦੀ ਕੋਸ਼ਿਸ਼ ਹੈ ਤਾਕਤ ਹੈ, ਆਤਮ ਚਿੰਤਨ ਅਨੁਭਵੀ ਗਿਆਨ ਇਲਾਹੀ ਹੈ, ਅਨੁਭਵੀ ਗਿਆਨ ਬਿਲਕੁਲ ਵਖਰਾ ਹੈ, ਬੁੱਧੀ ਦਾ ਗਿਆਨ ਬਿਲੁਕਲ ਵਖਰਾ ਹੈ। ਬੁੱਧੀ ਦੇ ਗਿਆਨ ਨਾਲ ਤੁਸੀਂ ਚੇਤਨਤਾ ਦੇ ਸੂਖਸ਼ਮ ਪੱਧਰ ਤਕ ਪਹੁੰਚ ਸਕਦੇ ਹੋ ਪਰ ਅਨੁਭਵੀ ਗਿਆਨ ਤੋਂ ਬਿਨਾਂ ਤੁਸੀਂ ਆਤਮਕ ਗਿਆਨ ਨਹੀਂ ਪ੍ਰਾਪਤ ਕਰ ਸਕਦੇ, ਤੁਸੀਂ ਅੰਦਰ ਦੇ ਗਿਆਨ ਦੇ ਸੋਮੇ ਤੇ ਨਹੀਂ ਪਹੁੰਚ ਸਕਦੇ, ਇਹ ਅਨੁਭਵੀ ਗਿਆਨ ਉਦੋਂ ਹੀ ਆਉਂਦਾ ਹੈ, ਜਦੋਂ ਤੁਸੀਂ ਆਪਣਾ ਤਾਣ ਲਾ ਕੇ ਥੱਕ ਜਾਂਦੇ ਹੋ।

ਅਨੁਭਵੀ ਗਿਆਨ ਦੀਆਂ ਬੇਅੰਤ ਸ਼ਕਤੀਆਂ ਹਨ। ਉਹ ਸਾਧਕ ਦੀਆਂ ਬੇੜੀਆਂ ਬੰਧਨ ਤੋੜ ਸਕਦਾ ਹੈ, ਉਹ ਬੇੜੀਆਂ ਟੁੱਟਣ ਤੋਂ ਬਾਅਦ ਬੁੱਧੀ ਦੇ ਵਿਚਾਰਾਂ ਤੋਂ ਪਰ੍ਹੇ ਹੋ ਕੇ ਉਚੇ ਉਠ ਕੇ ਹੀ ਅੰਦਰ ਦੀ ਸ਼ਕਤੀ ਪ੍ਰਾਪਤ ਹੁੰਦੀ ਹੈ ਜਿਥੋਂ ਸਾਰਾ ਗਿਆਨ ਫੁਟਦਾ ਹੈ, ਉਹ ਸੋਮਾ ਹੈ ਆਤਮਾ ਨਿਰੋਲ ਆਤਮਾ, ਜਦੋਂ ਤਕ ਤੁਸੀਂ ਕਿਸੇ ਹੋਰ ਗਿਆਨ ਤੇ ਨਿਰਭਰ ਰਹੋਗੇ ਜਾਂ ਕਿਸੇ ਹੋਰ ਸ਼ਕਤੀ ਤੇ ਨਿਰਭਰ ਰਹੋਗੇ ਭਾਵੇਂ ਪੈਸੇ ਤੇ, ਸਿਹਤ ਤੇ, ਮਨ ਤੇ ਬੁੱਧੀ ਤੇ ਉਦੋਂ ਤਕ ਤੁਸੀਂ ਅਧੂਰੇ ਹੋ, ਪੂਰਨਤਾ ਤਾਂ ਅੰਦਰ ਦੀ ਤਾਕਤ ਨਾਲ ਹੀ ਹੁੰਦੀ ਹੈ, ਬਾਹਰ ਦੀਆਂ ਸਾਰੀਆਂ ਸ਼ਕਤੀਆਂ ਸੀਮਤ ਹਨ। ਜੇ ਤੁਸੀਂ ਸਾਰਾ ਧਨ ਵਰਤ ਲਵੋਂ; ਖਰਚ ਲਵੋ; ਸਾਰੇ ਮਿਤਰ, ਸਾਰੀ ਬੁੱਧੀ ਇਨ੍ਹਾਂ ਵਿਚੋਂ ਕੁਝ ਵੀ ਤੁਹਾਨੂੰ ਅਨੁਭਵੀ ਗਿਆਨ ਨਹੀਂ ਦੇ ਸਕਦੇ।

ਇਕਤਾਲੀਵੇਂ ਬਤਾਲੀਵੇਂ ਸ਼ਲੋਕ ਵਿਚ ਅਰਜਨ ਨੂੰ ਮਾਇਆ ਦਾ ਵਿਜੈਈ ਕਿਹਾ ਗਿਆ ਹੈ। ਇਨ੍ਹਾਂ ਸ਼ਲੋਕਾਂ ਤੋਂ ਪ੍ਰਗਟ ਹੁੰਦਾ ਹੈ, ਸੱਚਾ ਧਨ ਅੰਦਰ ਦੀ ਸ਼ਕਤੀ ਹੈ, ਹਿੰਮਤ, ਮਨੋਬਲ, ਨਿਰਭੈਤਾ ਅਤੇ ਡੂੰਘਾ ਵਿਵੇਕ ਗਿਆਨ। ਜਿਸ ਦਿਨ ਸਾਧਕ ਆਪਣੇ ਅੰਦਰ ਦੇਖਣ ਲਗ ਪੈਂਦਾ ਹੈ ਉਸ ਦਿਨ ਤੋਂ ਹੀ ਉਹ ਆਪਣੇ ਅੰਦਰ ਤੋਂ ਜਾਣੂੰ ਹੋ ਜਾਂਦਾ ਹੈ, ਜੇ ਉਹ ਸਾਧਨਾ ਦੇ ਮਾਰਗ ਤੇ ਤੁਰਦਾ ਰਹੇ, ਉਹ ਸਾਰੇ ਪੱਧਰਾਂ ਤੇ ਹੀ ਸੁਤੰਤਰ ਹੋ ਜਾਂਦਾ ਹੈ ਅਤੇ ਅੰਤ ਵਿਚ ਅਨੁਭਵੀ ਗਿਆਨ ਦਾ ਅਧਿਕਾਰੀ ਬਣ ਜਾਂਦਾ ਹੈ,

ਅਨੁਭਵੀ ਗਿਆਨ ਰਾਹੀਂ ਹੀ ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਅਨੁਭਵੀ ਗਿਆਨ ਹੀ ਉਤਮ ਗਿਆਨ ਹੈ।

ਇਥੇ ਚੌਥੇ ਅਧਿਆਏ ਦਾ ਅੰਤ ਹੁੰਦਾ ਹੈ ਇਸ ਵਿਚ ਕਰਮ ਫਲ ਤਿਆਗਣ ਦਾ ਗਿਆਨ ਦਸਿਆ ਗਿਆ ਹੈ।

# ਪੰਜਵਾਂ ਅਧਿਆਏ

## ਕਰਮ ਤਿਆਗਣ ਦਾ ਗਿਆਨ

1. ਅਰਜਨ ਕਹਿਣ ਲੱਗੇ, ਹੇ ਕ੍ਰਿਸ਼ਨ! ਤੁਸੀਂ ਕਰਮ ਦੇ ਤਿਆਗ ਲਈ ਕਹਿੰਦੇ ਹੋ, ਕਰਮ ਯੋਗ ਦੀ ਵੀ ਸਿਫਤ ਕਰਦੇ ਹੋ, ਮੈਨੂੰ ਨਿਰਣਾ ਕਰਕੇ ਦੱਸੋ, ਇਨ੍ਹਾਂ ਦੋਨਾਂ ਵਿਚੋਂ ਉਤਮ ਕਿਹੜਾ ਹੈ?

2. ਕ੍ਰਿਸ਼ਨ ਜੀ ਬਚਨ ਕਰਦੇ ਹਨ - ਦੋਨੋਂ ਹੀ ਕਰਮ ਯੋਗ ਅਤੇ ਕਰਮ ਤਿਆਗ ਮੁਕਤੀ ਦਿੰਦੇ ਹਨ ਪਰ ਦੋਨਾਂ ਵਿਚੋਂ ਕਰਮ ਦੇ ਤਿਆਗ ਨਾਲੋਂ ਕਰਮ ਯੋਗ ਉਤਮ ਹੈ।

3. ਹੇ ਮਹਾਂਬਾਹੋ! ਜਿਹੜਾ ਨਾ ਕਿਸੇ ਨਾਲ ਦ੍ਵੈਸ਼ ਕਰਦਾ ਹੈ, ਨਾ ਕੁਛ ਲੈਣ ਦੀ ਇੱਛਾ ਰਖਦਾ ਹੈ, ਜਿਹੜਾ ਸਾਰੇ ਦ੍ਵੰਦਾਂ ਤੋਂ ਮੁਕਤ ਹੈ (ਭਾਵ ਸੁਖ ਦੁਖ ਤੋਂ ਮਾਨ ਅਪਮਾਨ ਤੋਂ) ਉਸ ਨੂੰ ਸੰਨਿਆਸੀ ਜਾਣੋ, ਉਹ ਸਹਿਜ ਹੀ ਸੰਸਾਰ ਦੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ।

ਕ੍ਰਿਸ਼ਨ ਜੀ ਤਿਆਗ ਦਾ ਮਾਰਗ ਵਿਸਤਾਰ ਨਾਲ ਦਸਦੇ ਹਨ, ਚੌਥੇ ਅਧਿਆਏ ਵਿਚ ਉਨ੍ਹਾਂ ਨੇ ਖੋਲ੍ਹ ਕੇ ਦਸਿਆ ਹੈ ਪਰ ਉਸ ਨਾਲ ਅਰਜਨ ਦੇ ਮਨ ਵਿਚ ਹੋਰ ਭਰਮ ਪੈ ਜਾਂਦਾ ਹੈ, ਬਹੁਤ ਵਾਰੀ ਚੇਲੇ ਗੁਰੂ ਦੀ ਸਿਖਿਆ ਨੂੰ ਮੰਨਦੇ ਨਹੀਂ, ਉਸ ਦਾ ਕਾਰਣ ਉਨ੍ਹਾਂ ਦੀ ਬੁੱਧੀ ਹੁੰਦੀ ਹੈ, ਉਨ੍ਹਾਂ ਦੀ ਬੁੱਧੀ ਉਸ ਪੱਧਰ ਦੀ ਨਹੀਂ ਹੁੰਦੀ ਜਿਸ ਪੱਧਰ ਦੀ ਗੁਰੂ ਦੀ ਬੁੱਧੀ ਹੁੰਦੀ ਹੈ। ਗੁਰੂ ਦੀ ਚੇਤਨਾ ਵੀ ਉਚ ਪੱਧਰ ਦੀ ਹੁੰਦੀ ਹੈ, ਕਿਉਂਕਿ ਗੁਰੂ ਉਚੇ ਪੱਧਰ ਤੋਂ ਸਿਖਿਆ ਦਿੰਦਾ ਹੈ, ਸ਼ਰਧਾਲੂ ਚੇਲੇ ਉਸ ਨੂੰ ਪਕੜ ਨਹੀਂ ਸਕਦੇ, ਬਹੁਤ ਵਾਰੀ ਉਨ੍ਹਾਂ ਦੀ ਸਮਝ ਵਿਚ ਨਹੀਂ ਆਉਂਦੀ, ਆਪਸ ਵਿਚ ਗੱਲਬਾਤ ਦੀ ਕਮੀ ਰਹਿ ਜਾਂਦੀ ਹੈ ਕਿਉਂਕਿ ਚੇਲਾ ਸਮਝਿਆ ਹੀ ਨਹੀਂ ਹੁੰਦਾ, ਉਹ ਪੁਛਦਾ ਵੀ ਨਹੀਂ ਪਰ ਗੁਰੂ ਬਾਰ-ਬਾਰ ਦਹੁਰਾਉਂਦਾ ਹੈ ਤੇ ਹੌਲੀ ਹੌਲੀ ਗੱਲ ਉਨ੍ਹਾਂ ਦੇ ਪਕੜ ਵਿਚ ਆਉਣ ਲਗ ਪੈਂਦੀ ਹੈ ਤੇ ਉਹ ਵਧੇਰੀ ਉਚੀ ਸਿਖਿਆ ਲਈ ਤਿਆਰ ਹੋ ਜਾਂਦੇ ਹਨ। ਕ੍ਰਿਸ਼ਨ ਜੀ ਵਰਗੇ ਮਹਾਨ ਗੁਰੂ ਹੀ ਸਿਖਿਆ ਨੂੰ ਬਾਰ-ਬਾਰ ਦੌਹਰਾਅ ਰਹੇ ਹਨ। ਗੀਤਾ ਵਿਚ ਸਾਨੂੰ ਉਹ ਹੀ ਉਪਦੇਸ਼ ਵੱਖ-ਵੱਖ ਪੱਧਰਾਂ ਤੋਂ, ਵੱਖ-ਵੱਖ ਨਜ਼ਰੀਏ ਤੋਂ ਸਪਸ਼ਟ ਕੀਤਾ ਗਿਆ ਹੈ, ਗੁਰੂ ਬਾਰ ਬਾਰ ਦਸ ਕੇ ਥਕਦਾ ਨਹੀਂ ਤੇ ਜਗਿਆਸੂ ਜਿਸ ਦੇ ਮਨ ਦੀ ਭੁੱਖ ਹੈ ਜਿਹੜਾ ਜਾਨਣਾ ਚਾਹੁੰਦਾ ਹੈ ਉਸ ਨੂੰ ਪ੍ਰਸ਼ਨ ਪੁਛਣੇ ਚਾਹੀਦੇ ਹਨ ਤੇ ਆਪਣੇ ਸ਼ੰਕੇ ਨਵਿਰਤ ਕਰਨੇ ਚਾਹੀਦੇ ਹਨ।

ਅਰਜਨ ਸਾਰੇ ਮਾਰਗਾਂ ਦਾ ਗਿਆਨ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਜੋ ਉਹ ਨਿਰਣਾ ਕਰ ਸਕੇ ਕਿ ਉਸ ਨੇ ਕਿਹੜੇ ਮਾਰਗ ਤੇ ਚਲਣਾ ਹੈ ਤੇ ਕਿਵੇਂ ਚਲਣਾ ਹੈ? ਉਹ ਕ੍ਰਿਸ਼ਨ ਜੀ ਤੋਂ ਪੁਛਦਾ ਹੈ ਕਿ ਕ੍ਰਿਸ਼ਨ ਜੀ ਉਸ ਨੂੰ ਉਸ ਮਾਰਗ ਦਾ ਗਿਆਨ ਕਰਾਉਣ ਜਿਹੜਾ ਉਸ ਨੂੰ ਪਰਮ ਅਨੰਦ

ਅਵਸਥਾ ਵਿਚ ਲੈ ਜਾਵੇ। ਭਾਵੇਂ ਕ੍ਰਿਸ਼ਨ ਜੀ ਉਸ ਨੂੰ ਦੋਨੋਂ ਮਾਰਗਾਂ ਦਾ ਗਿਆਨ ਦਿੰਦੇ ਹਨ - ਕਰਮ ਤੇ ਤਿਆਗ ਪਰ ਉਹ ਅਰਜਨ ਨੂੰ ਹੌਲੀ ਹੌਲੀ ਕਰਮ ਮਾਰਗ ਤੇ ਲੈ ਤੁਰਦੇ ਹਨ ਕਿਉਂਕਿ ਅਰਜਨ ਉਪਰਾਮ ਹੈ ਤੇ ਉਪਰਾਮਤਾ ਵਿਚ ਆਪਣਾ ਫਰਜ਼ ਭੁੱਲ ਗਿਆ ਹੈ ਤੇ ਤਿਆਗੀ ਹੋ ਕੇ ਸਭ ਕਾਸੀ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੈ, ਤਿਆਗ ਦੇ ਮਾਰਗ ਤੇ ਤੁਹਾਨੂੰ ਕਰਮ ਤੇ ਫਲ ਦੋਨਾਂ ਦਾ ਹੀ ਤਿਆਗ ਕਰਨਾ ਪੈਂਦਾ ਹੈ, ਕਰਮ ਦੇ ਮਾਰਗ ਤੇ ਫਲ ਦਾ ਤਿਆਗ ਕੀਤਾ ਜਾਂਦਾ ਹੈ ਤੇ ਕਰਮ ਨਿਰਲੇਪ ਹੋ ਕੇ ਕੀਤੇ ਜਾਂਦੇ ਹਨ। ਦੋਨੋਂ ਹੀ ਮਾਰਗ, ਤਿਆਗ ਦਾ ਮਾਰਗ ਤੇ ਕਰਮ ਦਾ ਮਾਰਗ ਉਤਮ ਹਨ ਪਰ ਕ੍ਰਿਸ਼ਨ ਜੀ ਅਰਜਨ ਨੂੰ ਕਰਮ ਦਾ ਮਾਰਗ ਦਸਦੇ ਹੋਏ ਅਰਜਨ ਨੂੰ ਉਸਦਾ ਅਨੁਆਈ ਬਣਾਉਂਦੇ ਹਨ ਤੇ ਕਰਮ ਦੇ ਮਾਰਗ ਤੇ ਚੱਲਣ ਲਈ ਪ੍ਰੇਰਨਾ ਕਰਦੇ ਹਨ। ਉਸ ਦੇ ਇਹ ਕਾਰਨ ਹਨ - 1. ਅਰਜਨ ਮੋਹ ਵਿਚ ਗ੍ਰਸਿਆ ਘਬਰਾਇਆ ਪਿਆ ਹੈ, ਦੁਖੀ ਹੈ 2. ਦੁਖੀ ਹੋ ਕੇ ਹੀ ਉਹ ਤਿਆਗ ਦੀ ਗੱਲ ਕਰ ਰਿਹਾ ਹੈ ਜੋ ਕੇਵਲ ਇਕ ਪਲਾਇਨ ਹੈ ਉਹ ਏਸ ਵੇਲੇ ਸਭ ਕੁਝ ਚੰਗੀ ਤਰ੍ਹਾਂ ਦੇਖ ਨਹੀਂ ਸਕਦਾ, ਉਸ ਕੋਲ ਇਸ ਵੇਲੇ ਸਾਹਸ ਵੀ ਨਹੀਂ ਹੈ ਕਿ ਉਹ ਆਪਣੀ ਘਬਰਾਹਟ ਤੇ ਭਰਮਾਂ ਦਾ ਅਨੁਭਵ ਕਰ ਸਕੇ 3. ਉਹ ਕੇਵਲ ਇਕ ਸੁਆਰਥੀ ਹੈ, ਉਹ ਆਪਣੇ ਬਾਰੇ ਹੀ ਸੋਚ ਰਿਹਾ ਹੈ 4. ਇਕ ਯੋਧੇ ਲਈ ਤਿਆਗ ਬਾਰੇ ਸੋਚਣਾ ਕੇਵਲ ਇਕ ਬੁਜ਼ਦਿਲੀ ਹੈ, ਕਮਜ਼ੋਰੀ ਹੈ। ਯੁੱਧ ਨਾ ਕਰਨਾ, ਤਿਆਗ ਕਰ ਦੇਣਾ, ਯੁੱਧ ਦੇ ਮੈਦਾਨ ਤੋਂ ਦੌੜ ਜਾਣਾ, ਇਨ੍ਹਾਂ ਗੱਲਾਂ ਦਾ ਤਿਆਗ ਨਾਲ ਕੋਈ ਸਬੰਧ ਨਹੀਂ। ਇਹ ਗੱਲ ਸਪਸ਼ਟ ਹੈ ਕਿ ਅਰਜਨ ਨਾ ਤਾਂ ਆਪਣੀ ਡਿਊਟੀ ਲਈ ਤਿਆਰ ਹੈ, ਨਾ ਹੀ ਤਿਆਗ ਦੇ ਮਾਰਗ ਤੇ ਚਲਣ ਲਈ ਤਿਆਰ ਹੈ।

ਅਸੀਂ ਉਤੇ ਇਹ ਦੱਸ ਆਏ ਹਾਂ ਕਿ ਤਿਆਗ ਦਾ ਮਾਰਗ ਬਹੁਤ ਥੋੜ੍ਹੇ ਵਡਭਾਗਿਆਂ ਵਾਸਤੇ ਹੈ ਆਮ ਮਨੁੱਖ ਤਾਂ ਕਰਮ ਦੇ ਮਾਰਗ ਤੇ ਹੀ ਚਲ ਸਕਦਾ ਹੈ। ਸੰਸਾਰਕ ਮਨੁੱਖਾਂ ਲਈ ਕਰਮ ਦੇ ਮਾਰਗ ਤੋਂ ਬਿਨਾਂ ਹੋਰ ਕੋਈ ਮਾਰਗ ਨਹੀਂ ਹੈ, ਤਿਆਗ ਦੇ ਮਾਰਗ ਤੇ ਦੋਨੋਂ ਹੀ ਕਰਮ ਤੇ ਫਲ ਦਾ ਤਿਆਗ ਕੀਤਾ ਜਾਂਦਾ ਹੈ। ਗਿਆਨ ਦੀ ਅਗਨੀ ਕਰਮਾਂ ਦੇ ਫਲ ਨੂੰ ਫੂਕ ਦਿੰਦੀ ਹੈ। ਨਾ ਕੋਈ ਇੱਛਾ ਰਹਿੰਦੀ ਹੈ, ਨਾ ਕੋਈ ਕਰਮ ਤੇ ਨਾ ਹੀ ਕੋਈ ਫਲ। ਜਿਹੜੇ ਕਰਮ ਤਿਆਗੀ ਕਰਦਾ ਹੈ ਉਹ ਸੰਸਾਰਕ ਮਨੁੱਖਾਂ ਦੇ ਕਰਮਾਂ ਤੋਂ ਬਿਲਕੁਲ ਵੱਖ ਹੁੰਦੇ ਹਨ, ਜਿਹੜੇ ਕਰਮ ਤਿਆਗੀ ਕਰਦੇ ਹਨ ਉਹ ਉਸਦੇ ਤਿਆਗ ਨੂੰ ਪੱਕਾ ਕਰਨ ਲਈ, ਡੂੰਘਾ ਕਰਨ ਲਈ ਹੁੰਦੇ ਹਨ ਤਾਂ ਜੋ ਉਹ ਗੂੜ੍ਹ ਗਿਆਨ ਤੱਤ ਦੀ ਪ੍ਰਾਪਤੀ ਕਰ ਸਕੇ, ਤਿਆਗੀ ਦੇ ਕਰਮ ਉਸ ਨੂੰ ਸੰਸਾਰਕ ਪ੍ਰਾਪਤੀਆਂ ਨਹੀਂ ਬਲਕਿ ਇਲਾਹੀ ਪ੍ਰਾਪਤੀਆਂ ਬਖਸ਼ਿਸ਼ ਕਰਦੀਆਂ ਹਨ।

ਜਗਿਆਸੂ ਨੂੰ ਇਹ ਜਾਣ ਲੈਣਾ ਚਾਹੀਦਾ ਹੈ, ਸਮਝ ਲੈਣਾ ਚਾਹੀਦਾ ਹੈ ਕਿ ਤਿਆਗ ਦਾ ਮਾਰਗ ਹਰ ਕਿਸੇ ਲਈ ਨਹੀਂ ਹੈ, ਤਿਆਗ ਦਾ ਮਾਰਗ ਤਲਵਾਰ ਦੀ ਧਾਰ ਤੇ ਤੁਰਨ ਬਰਾਬਰ ਹੈ। ਇਸ ਲਈ ਦ੍ਰਿੜ੍ਹ ਵਿਸ਼ਵਾਸ਼ ਦੀ ਲੋੜ ਹੈ, ਇਕਾਗਰ ਮਨ ਦੀ ਲੋੜ ਹੈ ਅਤੇ ਕਰਮ ਤੇ ਫਲ ਦੀ ਪੂਰਨਤਾ

ਨਾਲ ਤਿਆਗ ਦੀ ਲੋੜ ਹੈ, ਇਸ ਲਈ ਬਹੁਤ ਹੌਂਸਲੇ ਦੀ ਲੋੜ ਹੈ, ਨਿਰਲੇਪਤਾ ਦੀ ਲੋੜ ਹੈ, ਬੈਰਾਗ ਦੀ ਲੋੜ ਹੈ, ਕੇਵਲ ਇਕੋ ਹੀ ਇੱਛਾ ਪ੍ਰਬਲ ਰੱਖਣ ਦੀ ਲੋੜ ਹੈ ਸੁਤੰਤਰ ਹੋਣ ਦੀ ਮੁਕਤ ਹੋਣ ਦੀ। ਜਿਹੜੇ ਕਾਰਨ ਅਰਜਨ ਕ੍ਰਿਸ਼ਨ ਜੀ ਨੂੰ ਤਿਆਗ ਦੇ ਮਾਰਗ ਤੇ ਚਲਣ ਲਈ ਦਿੰਦਾ ਹੈ ਉਹ ਢੁਕਵੇਂ ਕਾਰਨ ਨਹੀਂ ਹਨ, ਨਾਂ ਹੀ ਉਹ ਉਚਿਤ ਹਨ।

ਕਿਸੇ ਵੀ ਜਗਿਆਸੂ ਨੂੰ ਤਿਆਗ ਦੇ ਮਾਰਗ ਦੀ ਚੋਣ ਭਾਵੁਕ ਹੋ ਕੇ ਨਹੀਂ ਕਰਨੀ ਚਾਹੀਦੀ ਜਾਂ ਇਸ ਕਰਕੇ ਨਹੀਂ ਕਰਨੀ ਚਾਹੀਦੀ ਕਿ ਉਹ ਸੰਸਾਰ ਵਿਚ ਅਸਫਲ ਹੈ। ਨਿਰਾਸਤਾ ਜਾਂ ਢਹਿੰਦੀ ਕਲਾ ਆਮ ਮਨੁੱਖ ਦੇ ਮਨ ਵਿਚ ਦੂੰਦ ਪੈਦਾ ਕਰ ਦਿੰਦੀ ਹੈ, ਸੰਕੋਚਤਾ ਲੈ ਆਉਂਦੀ ਹੈ, ਇਹ ਘਬਰਾਹਟ ਪੈਦਾ ਕਰ ਦਿੰਦੀ ਹੈ, ਅਵਿਵਸਥਿਤ ਕਰ ਦਿੰਦੀ ਹੈ ਜੋ ਕਿ ਵਾਸਤਵ ਵਿਚ ਤਿਆਗ ਨਹੀਂ ਹੁੰਦਾ।

ਜਦੋਂ ਤੁਸੀਂ ਸਚਮੁੱਚ ਤਿਆਗ ਕਰਨਾ ਚਾਹੁੰਦੇ ਹੋ ਤਾਂ ਤੁਹਾਡੀ ਇਕੋ ਹੀ ਇੱਛਾ ਹੁੰਦੀ ਹੈ। ਸੁਤੰਤਰ ਹੋਣ ਦੀ ਇੱਛਾ। ਇਸ ਇੱਛਾ ਦੇ ਗੁਣ ਦੂਸਰੀਆਂ ਇਛਾਵਾਂ ਦੇ ਗੁਣਾਂ ਤੋਂ ਵੱਖ ਹੁੰਦੇ ਹਨ, ਦੂਸਰੀਆਂ ਇਛਾਵਾਂ ਕਰਮ ਕਰਨ ਲਈ ਪ੍ਰੇਰਿਤ ਕਰਦੀਆਂ ਹਨ ਤੇ ਫਲ ਦੀ ਇੱਛਾ ਵੀ ਕਰਮ ਨੂੰ ਪ੍ਰਬਲ ਕਰਦੀ ਹੈ, ਤਿਆਗ ਦੀ ਇੱਛਾ ਉਹ ਅਗਨੀ ਹੈ ਜਿਹੜੀ ਤੁਹਾਡੇ ਸਾਰੇ ਪਿਛਲੇ ਸੰਸਕਾਰ ਫੂਕ ਦਿੰਦੀ ਹੈ। ਅਚੇਤ ਮਨ ਤੇ ਪਿਛਲੇ ਕਰਮਾਂ ਦੇ ਪ੍ਰਭਾਵ ਜਿਹੜੇ ਤਿਆਗ ਦੇ ਮਾਰਗ ਤੇ ਔਕੜ ਬਣ ਸਕਦੇ ਹਨ, ਉਨ੍ਹਾਂ ਨੂੰ ਭਸਮ ਕਰ ਦਿੰਦੀ ਹੈ। ਗਿਆਨ ਦੀ ਅਗਨੀ ਪਵਿੱਤਰ ਕਰਕੇ ਸੁਤੰਤਰ ਕਰਦੀ ਹੈ ਤੇ ਫੇਰ ਇਕ ਸਮਾਂ ਆਉਂਦਾ ਹੈ ਤੁਹਾਡੀ ਗਿਆਨ ਪ੍ਰਾਪਤ ਕਰਨ ਦੀ ਇੱਛਾ ਵੀ ਜਾਂਦੀ ਰਹਿੰਦੀ ਹੈ, ਉਸ ਦਾ ਵੀ ਤਿਆਗ ਹੋ ਜਾਂਦਾ ਹੈ, ਸੱਚਾ ਤਿਆਗੀ ਉਹ ਹੈ ਜਿਹੜਾ ਵਿਰੋਧੀ ਤਤੂਾਂ ਤੋਂ ਉਪਰ ਉਠ ਚੁੱਕਾ ਹੈ ਜਿਵੇਂ ਕਿ ਸੁੱਖ ਦੁਖ ਤੋਂ, ਪਿਆਰ ਘ੍ਰਿਣਾ ਤੋਂ। ਉਹ ਇਹੋ ਜਿਹੇ ਸਥਾਨ ਤੇ ਪਹੁੰਚ ਚੁੱਕਾ ਹੈ ਜਿਥੇ ਉਹ ਪਰਮ ਅਨੰਦ ਦੀ ਅਵਸਥਾ ਵਿਚ ਹੈ ਤੇ ਉਸ ਵਾਹਿਗੁਰੂ ਨਾਲ ਅਭੇਦ ਹੋ ਗਿਆ ਹੈ ਉਸ ਨੇ ਆਪਣੇ ਆਪ ਨੂੰ ਸੰਸਾਰ ਦੀਆਂ ਵੰਡਾਂ ਤੋਂ ਦ੍ਰਿਸ਼ਟਮਾਨ ਸੰਸਾਰ ਤੋਂ ਪਰ੍ਹੇ ਕਰ ਲਿਆ ਹੈ।

ਅਰਜਨ ਦਾ ਮਾਰਗ ਕਰਮ ਦਾ ਮਾਰਗ ਹੈ। ਇਹ ਮਾਰਗ ਉਚਿਤ ਮਾਰਗ ਹੈ। ਇਸ ਦੇ ਕਈ ਕਾਰਨ ਹਨ 1. ਇਹ ਆਮ ਲੋਕਾਂ ਦਾ ਮਾਰਗ ਹੈ 2. ਜਦੋਂ ਕੋਈ ਕਰਮ ਕਰਨ ਤੋਂ ਬਿਨਾਂ ਨਾ ਰਹਿ ਸਕੇ ਉਹ ਆਪਣੇ ਆਪ ਨੂੰ ਸੰਜਮ ਵਿਚ ਲਿਆ ਸਕਦਾ ਹੈ, ਅਨੁਸ਼ਾਸ਼ਨ ਵਿਚ ਲਿਆ ਸਕਦਾ ਹੈ, ਨਿਰਲੇਪ ਰਹਿਣ ਦਾ, ਬੈਰਾਗ ਦਾ ਅਭਿਆਸ ਕਰ ਸਕਦਾ ਹੈ 4. ਨਿਰਲੇਪ ਹੋ ਕੇ ਕੀਤੇ ਗਏ ਕਰਮ, ਸ਼ਾਂਤ ਮਨ ਨਾਲ ਕੀਤੇ ਗਏ ਕਰਮ ਆਪਣੇ ਆਪ ਵਿਚ ਇਕ ਭ੍ਰਾਂਤੀ ਹੈ ਕਿਉਂਕਿ ਇਸ ਮਾਰਗ ਤੇ ਕਰਮਾਂ ਦਾ ਫਲ ਪ੍ਰਮਾਤਮਾ ਨੂੰ ਹੀ ਅਰਪਣ ਕੀਤਾ ਜਾਂਦਾ ਹੈ।

ਜਗਿਆਸੂ ਨੂੰ ਇਹ ਗੱਲ ਧਿਆਨ ਵਿਚ ਰਖਣੀ ਚਾਹੀਦੀ ਹੈ ਕਿ ਇਥੇ ਕ੍ਰਿਸ਼ਨ ਜੀ ਤਿਆਗੀਆਂ ਨੂੰ ਸੰਬੋਧਨ ਨਹੀਂ ਕਰ ਰਹੇ। ਉਹ ਤਾਂ ਸਮੁੱਚੀ

ਮਾਨਵਤਾ ਨੂੰ ਅਰਜਨ ਰਾਹੀਂ ਸੰਬੋਧਨ ਕਰ ਰਹੇ ਹਨ ਜਿਨ੍ਹਾਂ ਨੇ ਸੰਸਾਰ ਵਿਚ ਰਹਿੰਦੇ ਹੋਏ ਜੀਵਨ ਵਿਚ ਸੰਘਰਸ਼ ਕਰਨਾ ਹੈ। ਕ੍ਰਿਸ਼ਨ ਜੀ ਨਾ ਤਾਂ ਆਪ ਹੀ ਤਿਆਗੀ ਹਨ, ਨਾ ਹੀ ਅਰਜਨ ਤਿਆਗੀ ਹੈ, ਕ੍ਰਿਸ਼ਨ ਜੀ ਸੁਚੱਜੀ ਤਰ੍ਹਾਂ ਤੇ ਨਿਸੁਆਰਥ ਹੋ ਕੇ ਕਰਮ ਕਰਨ ਲਈ ਸਿਖਿਆ ਦੇ ਰਹੇ ਹਨ ਪਰ ਨਾਲ ਨਾਲ ਤਿਆਗ ਦੇ ਮਾਰਗ ਦੀ ਵਿਅਖਿਆ ਕਰ ਰਹੇ ਹਨ। ਨਾ ਤਾਂ ਕ੍ਰਿਸ਼ਨ ਜੀ ਤਿਆਗ ਦੇ ਮਾਰਗ ਨੂੰ ਨਿਖੇਦ ਰਹੇ ਹਨ, ਨਾ ਹੀ ਤਿਆਗੀਆਂ ਨੂੰ ਆਪਣਾ ਮਾਰਗ ਬਦਲਣ ਲਈ ਕਹਿ ਰਹੇ ਹਨ ਤੇ ਕਰਮ ਦੇ ਮਾਰਗ ਤੇ ਚਲਣ ਲਈ ਆਦੇਸ਼ ਦੇ ਰਹੇ ਹਨ। ਬਹੁਤ ਵਾਰੀ ਵਿਆਖਿਆਕਾਰ ਇਕ ਖਿਚੋਤਾਣ ਪੈਦਾ ਕਰ ਦਿੰਦੇ ਹਨ ਜਦੋਂ ਉਹ ਗੀਤਾ ਨੂੰ ਕੇਵਲ ਇਕੋ ਮਾਰਗ ਦਾ ਪੱਥ ਪਰਦਰਸ਼ਕ ਸਮਝ ਬੈਠਦੇ ਹਨ ਤੇ ਕੇਵਲ ਉਸੇ ਹੀ ਪੱਖ ਤੋਂ ਗੀਤਾ ਦੀ ਵਿਆਖਿਆ ਕਰਦੇ ਹਨ। ਉਹ ਕੱਟੜਵਾਦੀ ਹਨ ਜੋ ਗੀਤਾ ਨੂੰ ਆਪਣੇ ਮਾਰਗ ਤੇ ਘਸੀਟ ਕੇ ਉਸ ਨੂੰ ਹੀ ਠੀਕ ਦਸਣਾ ਚਾਹੁੰਦੇ ਹਨ। ਭਾਵੇਂ ਉਹ ਠੀਕ ਹੋਣ ਜਾਂ ਗਲਤ ਬਹੁਤ ਸਾਰੇ ਵਿਆਖਿਆਕਾਰ ਤਿਆਗ ਦਾ ਖੰਡਨ ਕਰਦੇ ਹਨ ਜਦੋਂ ਕਿ ਉਨ੍ਹਾਂ ਨੂੰ ਉਸ ਬਾਰੇ ਕੋਈ ਗਿਆਨ ਹੀ ਨਹੀਂ ਹੁੰਦਾ। ਕ੍ਰਿਸ਼ਨ ਜੀ ਤਿਆਗ ਮਾਰਗ ਦਾ ਖੰਡਨ ਨਹੀਂ ਕਰਦੇ, ਉਹ ਤਾਂ ਅਰਜਨ ਨੂੰ ਤੇ ਆਮ ਮਨੁੱਖ ਨੂੰ ਕਰਮ ਕਰਨ ਦਾ ਮਾਰਗ ਦਸ ਰਹੇ ਹਨ।

4. ਕੇਵਲ ਅਗਿਆਨੀ ਹੀ ਸਾਂਖ ਫਿਲੋਸਫੀ ਤੇ ਯੋਗ ਵਿਚ ਅੰਤਰ ਦੇਖਦੇ ਹਨ, ਪੰਡਤ ਉਨ੍ਹਾਂ ਦੋਨਾਂ ਨੂੰ ਸਮ ਹੀ ਸਮਝਦੇ ਹਨ, ਉਹ ਦੋਨੋਂ ਸਮ ਹਨ, ਇਕ ਹੀ ਹਨ। ਕਿਸੇ ਇਕ ਨੂੰ ਸਮਝ ਕੇ ਉਸ ਮਾਰਗ ਤੇ ਚਲ ਕੇ ਦੋਨਾਂ ਦਾ ਫਲ ਪ੍ਰਾਪਤ ਕੀਤਾ ਜਾ ਸਕਦਾ ਹੈ।

5. ਜੋ ਪਦਵੀ ਸਾਂਖ ਨੂੰ ਸਮਝ ਕੇ ਉਸ ਦੇ ਦੱਸੇ ਮਾਰਗ ਤੇ ਚਲ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ, ਉਹ ਹੀ ਪਦਵੀ ਯੋਗ ਦੇ ਮਾਰਗ ਤੇ ਚਲ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ ਜਿਹੜਾ ਯੋਗ ਤੇ ਸਾਂਖ ਨੂੰ ਇਕ ਹੀ ਦੇਖਦਾ ਹੈ, ਉਹ ਹੀ ਠੀਕ ਦੇਖਦਾ ਹੈ।

ਗਿਆਨੀ ਜਿਹੜੇ ਦੋਨੋਂ ਮਾਰਗਾਂ ਸਾਂਖ ਦਾ ਮਾਰਗ ਤੇ ਯੋਗ ਦਾ ਮਾਰਗ ਭਾਵ ਗਿਆਨ ਦਾ ਮਾਰਗ ਅਤੇ ਕਰਮ ਕਰਨ ਦੇ ਮਾਰਗ ਨੂੰ ਚੰਗੀ ਤਰ੍ਹਾਂ ਸਮਝਦੇ ਹਨ, ਉਹ ਇਨ੍ਹਾਂ ਦੋਨਾਂ ਵਿਚ ਭੇਦ ਨਹੀਂ ਰਖਦੇ। ਉਹ ਜਾਣਦੇ ਹਨ ਕਿ ਇਹ ਇਕੋ ਹੀ ਚੀਜ਼ ਹੈ, ਇਕ ਹੀ ਸਿਕੇ ਦੇ ਦੋ ਪਾਸੇ ਹਨ, ਭਲਾ ਕੋਈ ਗਿਆਨ ਤੋਂ ਬਿਨਾਂ ਕਰਮ ਕਿਵੇਂ ਕਰ ਸਕਦਾ ਹੈ ਤੇ ਗਿਆਨ ਦੀ ਜੋਤੀ ਕਰਮ ਤੋਂ ਬਿਨਾਂ ਕਿਵੇਂ ਜਗਾਈ ਜਾ ਸਕਦੀ ਹੈ? ਕਰਮ ਯੋਗ ਦੇ ਪਿਛੇ ਬੜੀ ਵੱਡੀ ਸਾਂਖ ਦੀ ਫਿਲੋਸਫੀ ਹੈ ਤੇ ਯੋਗ ਦਾ ਵਿਗਿਆਨ ਜੀਵਨ ਦਾ ਪ੍ਰਯੋਗਵਾਦੀ ਪਾਸਾ ਦਰਸਾਉਂਦਾ ਹੈ। ਸੋ ਇਹ ਇਕ ਹੀ ਹਨ ਇਨ੍ਹਾਂ ਨੂੰ ਨਿਖੇੜਿਆ ਨਹੀਂ ਜਾ ਸਕਦਾ, ਦੋਨੋਂ ਹੀ ਮਾਰਗ ਅਧਿਆਤਮਵਾਦ ਦੀ ਚੋਟੀ ਤੇ ਪਹੁੰਚਾਉਂਦੇ ਹਨ, ਕਰਮ ਕਰਨੇ ਆਮ ਮਨੁੱਖ ਲਈ ਠੀਕ ਹਨ, ਪਰ ਜਿਹੜਾ ਬ੍ਰਹਮਗਿਆਨੀ ਹੈ, ਦ੍ਵੰਦ ਤੋਂ ਉਪਰ ਉਠ ਚੁੱਕਾ ਹੈ ਉਸ ਲਈ ਕੋਈ ਵੀ ਮਾਰਗ ਠੀਕ ਹੈ, ਸਾਰੇ ਹੀ ਮਾਰਗ ਇਕੋ ਜਿਹੇ ਹਨ ਭਾਵੇਂ ਉਹ

ਤਿਆਗ ਦੇ ਮਾਰਗ ਤੇ ਚਲੇ ਭਾਵੇਂ ਕਰਮ ਦੇ ਮਾਰਗ ਤੇ, ਉਸ ਲਈ ਸਭ ਇਕੋ ਹੀ ਹਨ। ਜਿਸ ਨੇ ਸ਼ਾਂਤੀ ਪ੍ਰਾਪਤ ਕਰ ਲਈ ਹੈ ਉਸ ਲਈ ਮਾਰਗ ਦਾ ਕੋਈ ਮਹੱਤਵ ਹੀ ਨਹੀਂ ਰਹਿ ਜਾਂਦਾ। ਇਸੇ ਕਰਕੇ ਬ੍ਰਹਮਗਿਆਨੀ ਦੇ ਮਨ ਵਿਚ ਕੋਈ ਦ੍ਵੰਦ ਨਹੀਂ ਹੁੰਦਾ ਕਿ ਉਹ ਕਿਹੜੇ ਮਾਰਗ ਤੇ ਚਲਦੇ ਹਨ, ਦੋਨੋਂ ਮਾਰਗਾਂ ਦਾ ਟੀਚਾ ਇਕ ਹੈ ਅੰਤ ਇਕ ਹੈ, ਸੁਤੰਤਰਤਾ, ਮੋਖ, ਸੰਪੂਰਨਤਾ ਤੇ ਆਤਮ ਸਾਧਨਾ।

6. ਹੇ ਮਹਾਂਬਾਹੋ! ਤਿਆਗ ਦਾ ਮਾਰਗ ਯੋਗ ਤੋਂ ਬਿਨਾਂ ਬਹੁਤ ਔਖਾ ਹੈ, ਉਹ ਜਗਿਆਸੂ ਜਿਹੜਾ ਯੋਗ ਕਰਮ ਕਰਦਾ ਹੈ, ਬ੍ਰਹਮ ਦੀ ਪ੍ਰਾਪਤੀ ਛੇਤੀ ਹੀ ਕਰ ਲੈਂਦਾ ਹੈ।

7. ਨਿਸ਼ਕਾਮ ਕਰਮ ਕਰਦੇ ਹੋਏ ਉਹ ਕਰਮ ਯੋਗੀ ਜਿਸ ਦਾ ਮਨ ਸ਼ੁਧ ਹੈ, ਜਿਸ ਨੇ ਆਪਾ ਸਾਧ ਲਿਆ ਹੈ, ਇੰਦ੍ਰੀਆਂ ਤੇ ਪੂਰਾ ਕਾਬੂ ਪਾ ਲਿਆ ਹੈ ਜਿਹੜਾ ਸਾਰਿਆਂ ਵਿਚ ਇਕੋ ਹੀ ਆਤਮਾ ਦੇਖਦਾ ਹੈ, ਉਹ ਕਰਮ ਕਰਦਾ ਹੋਇਆ ਵੀ ਨਿਰਲੇਪ ਰਹਿੰਦਾ ਹੈ।

ਕਰਮ ਕਰਨ ਦੇ ਗੂੜ੍ਹੇ ਗਿਆਨ ਤੋਂ ਬਿਨਾਂ ਤਿਆਗ ਦੇ ਮਾਰਗ ਤੇ ਨਹੀਂ ਚਲਣਾ ਚਾਹੀਦਾ, ਨਿਸੁਆਰਥ ਕਰਮ ਹੀ ਤਿਆਗ ਮਾਰਗ ਤੇ ਚਲਣ ਲਈ ਸਹਾਈ ਹੁੰਦੇ ਹਨ। ਕਰਮ ਦਾ ਮਾਰਗ ਹੀ ਇਕ ਆਵਸ਼ਕ ਪੌੜੀ ਹੈ ਜਿਹੜੀ ਤਿਆਗ ਤਕ ਪਹੁੰਚਾ ਦਿੰਦੀ ਹੈ। ਭਰਮ ਤਦ ਪੈਂਦਾ ਹੈ ਜਦੋਂ ਅਸੀਂ ਦੋਨਾਂ ਨੂੰ ਵੱਖ-ਵੱਖ ਦੇਖਦੇ ਹਨ ਅਤੇ ਦੋਨਾਂ ਦਾ ਇਕ ਦੂਸਰੇ ਨਾਲ ਸਬੰਧ ਨਹੀਂ ਸਮਝਦੇ।

ਯੋਗ ਮਾਰਗ ਨਾਲ ਸ਼ਾਂਤੀ ਪ੍ਰਾਪਤ ਹੁੰਦੀ ਹੈ, ਸ਼ਾਂਤੀ ਤੋਂ ਬਿਨਾਂ ਕਿਸੇ ਵੀ ਮਾਰਗ ਤੇ ਨਹੀਂ ਚਲਿਆ ਜਾ ਸਕਦਾ, ਸ਼ਾਂਤੀ ਤੋਂ ਬਿਨਾਂ ਕੇਵਲ ਸੰਤਾਪ ਤੇ ਭਰਮ ਹੀ ਹੈ। ਜੇ ਤਿਆਗ ਦੇ ਮਾਰਗ ਤੇ ਬੈਰਾਗ ਤੋਂ ਸੁੰਨੇ ਹੋ ਕੇ ਤੁਰਿਆ ਜਾਵੇ, ਉਹ ਫੋਕਾ ਤਿਆਗ ਹੁੰਦਾ ਹੈ, ਰੁਖਾ ਤਿਆਗ ਹੁੰਦਾ ਹੈ ਜਿਸ ਨਾਲ ਸੰਤਾਪ ਲਗਦਾ ਹੈ। ਯੋਗੀ ਜਿਹੜਾ ਸਾਧਨਾ ਕਰਦਾ ਹੈ ਉਹ ਇਸ ਗੱਲ ਨੂੰ ਸਮਝਦਾ ਹੈ ਕਿ ਅਨੁਭਵੀ ਗਿਆਨ ਹੀ ਕੇਵਲ ਸਤੁੰਸ਼ਟ ਗਿਆਨ ਹੁੰਦਾ ਹੈ।

ਸਾਰੇ ਹੀ ਸੰਤ ਮਹਾਤਮਾ ਇਕੋ ਗੱਲ ਕਹਿੰਦੇ ਹਨ ਭਾਵੇਂ ਉਹ ਕਿਸੇ ਵੀ ਸੰਪਰਦਾ ਨਾਲ ਸਬੰਧ ਕਿਉਂ ਨਾ ਰਖਦੇ ਹੋਣ, ਸਾਰਿਆਂ ਦੇ ਉਪਦੇਸ਼ ਇਕੋ ਹੀ ਹੁੰਦੇ ਹਨ, ਪਰ ਦਿਤੇ ਗਏ ਉਪਦੇਸ਼ਾਂ ਉਤੇ ਭਰੋਸਾ ਹੀ ਕਾਫੀ ਨਹੀਂ, ਭਰੋਸੇ ਨਾਲ ਹਨ੍ਹੇਰਾ ਨਹੀਂ ਮਿਟਦਾ, ਅਗਿਆਨ ਖਤਮ ਨਹੀਂ ਹੁੰਦਾ, ਭਰੋਸੇ ਨਾਲੋਂ ਵੱਧ ਸੰਤਾਂ ਮਹਾਤਮਾ ਦੇ ਬਚਨ ਕਮਾਉਣੇ ਹੁੰਦੇ ਹਨ, ਆਪ ਕ੍ਰਿਪਾ ਦੇ ਪਾਤਰ ਬਣ ਕੇ ਵਾਹਿਗੁਰੂ ਦੀ ਕ੍ਰਿਪਾ ਹੋ ਜਾਵੇ, ਆਪ ਅਨੁਭਵ ਕਰਨਾ ਹੁੰਦਾ ਹੈ ਜੋ ਕੇਵਲ ਗੁਰੂ ਕ੍ਰਿਪਾ ਨਾਲ ਹੀ ਹੋ ਸਕਦਾ ਹੈ। ਇਹ ਅਵਸ਼ਕ ਹੈ ਕਿ ਹਰ ਕੋਈ ਆਪਣਾ ਦੀਵਾ ਆਪ ਹੀ ਜਲਾਵੇ, ਆਪਣਾ ਅਗਿਆਨ ਆਪ ਹੀ ਦੂਰ ਕਰੇ, ਭਾਵੇਂ ਚੰਦਰਮਾ, ਤਾਰੇ ਸੂਰਜ ਸਭ ਕੁਝ

ਹੀ ਹੈ, ਇਹ ਸਭ ਹਰ ਇਕ ਦੇ ਹਨ ਪਰ ਜਦੋਂ ਤਕ ਤੁਸੀਂ ਆਪਣੇ ਅੰਦਰ ਦਾ ਦੀਵਾ ਨਹੀਂ ਜਗਾਓਂਗੇ, ਹਨ੍ਹੇਰਾ ਹੀ ਰਹੇਗਾ, ਆਪਣਾ ਦੀਵਾ ਜਗਾਏ ਬਿਨਾਂ ਤੁਹਾਨੂੰ ਠੋਕਰ ਲਗੇਗੀ ਹੀ। ਆਪ ਗਿਆਨ ਪ੍ਰਾਪਤ ਕੀਤੇ ਬਿਨਾਂ ਸੰਸੇ ਪਏ ਹੀ ਰਹਿਣਗੇ। ਅਗਿਆਨ ਦੇ ਬੱਦਲਾਂ ਵਿਚੋਂ, ਗਿਆਨ ਦੇ ਸੂਰਜ ਦੀ ਝਲਕ ਨਹੀਂ ਪੈ ਸਕਦੀ। ਜਗਿਆਸੂ ਭਾਵੇਂ ਠੀਕ ਮਾਰਗ ਉਤੇ ਹੀ ਚਲ ਰਿਹਾ ਹੋਵੇ ਮਨ ਦੇ ਭਰਮ ਮ੍ਰਿਗ ਤ੍ਰਿਸ਼ਨਾ ਪੈਦਾ ਕਰਦੇ ਹਨ, ਭਰਮ ਪੈਦਾ ਕਰਦੇ ਹਨ, ਜਿਹੜੇ ਉਸ ਨੂੰ ਗੁਮਰਾਹ ਕਰਦੇ ਹਨ, ਅਗਿਆਨੀ ਮਨ ਮਨੁੱਖ ਨੂੰ ਇਕ ਗੋਲ ਚੱਕਰ ਵਿਚ ਹੀ ਬੰਦ ਕਰ ਦਿੰਦਾ ਹੈ, ਮਨੁੱਖ ਉਸ ਦੇ ਹੀ ਗੇੜੇ ਕੱਟੀ ਜਾਂਦਾ ਹੈ, ਉਹ ਸਿੱਧੇ ਦੱਸੇ ਹੋਏ ਸੰਤਾਂ ਦੇ ਮਾਰਗ ਤੇ ਨਹੀਂ ਟੁਰ ਸਕਦਾ, ਅੰਦਰ ਦਾ ਚਾਨਣ ਅਤੀ ਅਵਸ਼ਕ ਹੈ, ਬਾਹਰ ਦੇ ਸੌ ਚਾਨਣਾਂ ਨਾਲੋਂ ਅੰਦਰ ਦੀ ਜੋਤ ਦਾ ਚਾਨਣ ਕਿਤੇ ਵਧ ਹੈ।

ਕੇਵਲ ਉਹ ਜਿਨ੍ਹਾਂ ਨੇ ਸੰਪੂਰਨਤਾ ਪ੍ਰਾਪਤ ਕਰ ਲਈ ਹੈ, ਪੂਰਨ ਕਰਮ ਕਰ ਲਏ ਹਨ, ਓਹੀ ਤਿਆਗ ਮਾਰਗ ਤੇ ਚਲ ਸਕਦੇ ਹਨ। ਸੱਚੀ ਸੰਪੂਰਨਤਾ ਤਿਆਗ ਨਾਲ ਹੀ ਆਉਂਦੀ ਹੈ ਤੇ ਨਿਸ਼ਕਾਮ ਕਰਮ ਕਰਨ ਨਾਲ ਹੀ ਆਉਂਦੀ ਹੈ। ਨਿਸ਼ਕਾਮ ਕਰਮ ਹੀ ਪੂਰੀ ਤਰ੍ਹਾਂ ਦਾ ਸਮਰਪਣ ਹਨ, ਫਲ ਦਾ ਸਮਰਪਣ ਪੂਰੀ ਤਰ੍ਹਾਂ ਕਰ ਦੇਣਾ ਹੀ ਨਿਸ਼ਕਾਮ ਕਰਮ ਹੈ। ਨਿਸ਼ਕਾਮ ਹੋ ਕੇ ਕਰਮ ਕਰਨਾ, ਨਿਸੁਆਰਥ ਹੋ ਕੇ ਕਰਮ ਕਰਨਾ ਹੀ ਆਪਣੇ ਆਪ ਨੂੰ ਸਮਰਪਣ ਕਰਨਾ ਹੈ। ਇਸ ਦੇ ਪਿਛੋਂ ਹੀ ਪਵਿੱਤਰ ਗਿਆਨ ਦਾ ਜਨਮ ਹੁੰਦਾ ਹੈ ਉਹ ਅੰਤਰ ਗਿਆਨ ਜਿਹੜਾ ਸਾਰੇ ਗਿਆਨ ਦਾ ਸੋਮਾ ਹੈ।

ਕਰਮ ਯੋਗ ਵਾਸਤੇ ਸੰਜਮ ਅਤੇ ਮਨ ਦੀ ਪਵਿੱਤਰਤਾ ਅਤੀ ਆਵਸ਼ਕ ਹਨ ਜਿਸ ਨੇ ਇੰਦ੍ਰੀਆਂ ਤੇ ਕਾਬੂ ਪਾ ਲਿਆ ਹੈ, ਮਨ ਤੇ ਕਾਬੂ ਪਾ ਲਿਆ ਹੈ, ਉਹ ਨਿਰਲੇਪ ਹੋ ਜਾਂਦਾ ਹੈ, ਉਹ ਨਿਸ਼ਕਾਮ ਹੋ ਕੇ, ਸ਼ਾਂਤ ਹੋ ਕੇ ਕਰਮ ਕਰਦਾ ਹੈ। ਮਨ ਦਾ ਕੰਮ ਹੈ ਹਰ ਗੱਲ ਨੂੰ ਸੋਚੇ, ਦਲੀਲ ਦੇਵੇ, ਦਰਸ਼ਨ ਸਾਸ਼ਤ੍ਰ ਰਾਹੀਂ ਪੜਚੋਲੇ ਪਰ ਹਿਰਦੇ ਦਾ ਕੰਮ ਹੈ ਮਹਿਸੂਸ ਕਰੇ ਤੇ ਭਾਵ ਰਾਹੀਂ ਪ੍ਰਭਾਵਿਤ ਹੋਵੇ। ਭਾਵਾਂ ਦੀ ਸ਼ਕਤੀ ਬੇਅੰਤ ਹੈ ਪਰ ਇਨ੍ਹਾਂ ਦੀ ਕੋਈ ਦਲੀਲ ਨਹੀਂ ਹੁੰਦੀ। ਸਾਧਕ ਨੂੰ ਚਾਹੀਦਾ ਹੈ ਉਹ ਆਪਣੀਆਂ ਭਾਵਨਾਵਾਂ ਨੂੰ ਨਜ਼ਰੋਂ ਓਹਲੇ ਨਾ ਕਰੇ, ਉਨ੍ਹਾਂ ਨੂੰ ਬੁੱਧੀ ਰਾਹੀਂ ਪਰਖੇ ਵੀ ਨਾ, ਪਰ ਹਿਰਦਾ ਪਵਿੱਤਰ ਕਰੇ, ਇੰਦ੍ਰੀਆਂ ਤੇ ਕਾਬੂ ਪਾਵੇ ਤੇ ਮਨ ਤੇ ਕਾਬੂ ਪਾਵੇ। ਹਿਰਦਾ ਪਵਿੱਤਰ ਹੋਣ ਨਾਲ ਮਨੁੱਖ ਵਧੇਰੇ ਸੰਵੇਦਨਸ਼ੀਲ ਹੁੰਦਾ ਹੈ, ਭਾਵਨਾਵਾਂ ਨੂੰ ਸਮਝ ਕੇ, ਜਾਣ ਕੇ ਜਿਹੜੇ ਭਾਵ ਅਨੁਕੂਲ ਹੋਣ ਉਨ੍ਹਾਂ ਦੀ ਵਰਤੋਂ ਨਾਲ ਅਨੰਦ ਦੀ ਪ੍ਰਾਪਤੀ ਕਰਨੀ, ਇਹ ਅਨੰਦ ਇੰਦ੍ਰੀਆਂ ਕਾਬੂ ਕਰਕੇ ਪ੍ਰਾਪਤ ਕੀਤੇ ਅਨੰਦ ਤੋਂ ਕਿਤੇ ਵਖਰਾ ਹੈ। ਸਾਧਨਾ ਦੇ ਦੋਨੋਂ ਪੱਖ ਨਾਲ ਨਾਲ ਚਲਣੇ ਚਾਹੀਦੇ ਹਨ, ਮਨ ਤੇ ਕਾਬੂ ਪਾਉਣਾ ਅਤੇ ਹਿਰਦੇ ਦੀ ਪਵਿੱਤਰਤਾ ਪ੍ਰਾਪਤ ਕਰਨਾ, ਜਿਨ੍ਹਾਂ ਨੇ ਵੀ ਇਸ ਤਰ੍ਹਾਂ ਸਾਧਨਾ ਕੀਤੀ ਹੈ, ਅੰਦਰ ਦਾ ਗਿਆਨ ਪ੍ਰਾਪਤ ਕੀਤਾ ਹੈ, ਉਹ ਆਪੇ ਦਾ ਹੀ ਪਸਾਰਾ ਦੇਖਦੇ ਹਨ ਸਭ ਨੂੰ, ਪਿਆਰ ਕਰਦੇ ਹਨ, ਸਭ ਨੂੰ ਕਿਸੇ ਨੂੰ ਨਹੀਂ ਛਡਦੇ – ਸਭ ਨਾਲ ਪਿਆਰ, ਸਭ ਨਾਲ ਮਿਤਰਤਾ। ਉਹ ਆਪਣੇ ਕਰਮ

ਨਿਸੁਆਰਥ ਹੋ ਕੇ ਕਰਦੇ ਹਨ, ਨਿਰਲੇਪ ਹੋ ਕੇ ਕਰਦੇ ਹਨ।

8. ਤੱਤਬੇਤਾ ਮਹਾਂਪੁਰਖ ਮੈਂ ਕੁਝ ਨਹੀਂ ਕਰਦਾ ਹੋਇਆ ਸਭ ਕੁਝ ਕਰ ਰਿਹਾ ਹੈ। ਸੁਣਦਾ ਹੋਇਆ, ਦੇਖਦਾ ਹੋਇਆ, ਸਪਰਸ਼ ਕਰਦਾ ਹੋਇਆ, ਖਾਂਦਾ ਹੋਇਆ, ਤੁਰਦਾ ਹੋਇਆ, ਸੌਂਦਾ ਹੋਇਆ, ਸਾਹ ਲੈਂਦਾ ਹੋਇਆ, ਇਹ ਸਭ ਕੁਝ ਕਰਦਿਆਂ ਕੁਝ ਨਹੀਂ ਕਰ ਰਿਹਾ।

9. ਬੋਲਦਾ, ਛਡਦਾ, ਫੜਦਾ, ਨੇਤ੍ਰ ਖੋਲ੍ਹਦਾ, ਨੇਤ੍ਰ ਬੰਦ ਕਰਦਾ ਹੋਇਆ ਇਹੋ ਹੀ ਜਾਣ ਕੇ ਇਹ ਸਭ ਕੁਝ ਕਰਦਾ ਹੈ ਕਿ ਇੰਦ੍ਰੀਆਂ ਹੀ ਇੰਦ੍ਰੀਆਂ ਦੇ ਵਿਸ਼ੇ ਵਿਚ ਵਰਤ ਰਹੀਆਂ ਹਨ (ਭਾਵ ਮੈਂ-ਭਾਵ ਨਾਲ ਕੁਝ ਨਹੀਂ ਕਰ ਰਿਹਾ)

ਇਹ ਦੋਨੋਂ ਸ਼ਲੋਕ ਇਕ ਦੂਸਰੇ ਨਾਲ ਜੁੜੇ ਹੋਏ ਹਨ, ਇਕ ਦੂਸਰੇ ਦੇ ਅਨੁਕੂਲ ਹਨ ਇਕ ਹੀ ਭਾਵ ਪ੍ਰਗਟ ਕਰਦੇ ਹਨ, ਜਗਿਆਸੂ ਪਹਿਲਾਂ ਗਿਆਨ ਪ੍ਰਾਪਤ ਕਰੇ, ਫੇਰ ਉਸ ਗਿਆਨ ਦਾ ਅਭਿਆਸ ਕਰੇ, ਉਸਦੀ ਵਰਤੋਂ ਕਰੇ। ਅਭਿਆਸ ਨਾਲ ਹਉਮੈ ਧੋਤੀ ਜਾਂਦੀ ਹੈ, ਨਹੀਂ ਤਾਂ ਹਉਮੈ ਚਾਰੋਂ ਪਾਸੇ ਕੰਧਾਂ ਬਣਾ ਲੈਂਦੀ ਹੈ ਤੇ ਆਪਣੀ ਦਿਸ਼ਾ ਭੁੱਲ ਜਾਂਦੀ ਹੈ, ਜਿਹੜਾ ਯੋਗੀ ਆਪਣੀ ਹਉਮੈ ਨੂੰ ਸੋਧ ਲੈਂਦਾ ਹੈ ਉਹ ਆਪਣੀਆਂ ਇੰਦ੍ਰੀਆਂ ਉਤੇ ਪੂਰਾ ਕਾਬੂ ਪਾ ਲੈਂਦਾ ਹੈ, ਫੇਰ ਇੰਦ੍ਰੀਆਂ ਮਨ ਦੇ ਕਾਬੂ ਹੋ ਕੇ ਕੰਮ ਕਰਦੀਆਂ ਹਨ ਤੇ ਮਨ, ਬੁੱਧੀ ਨਾਲ ਮਿਲ ਕੇ ਹਉਮੈ ਨੂੰ ਧੋਣ ਦਾ ਕੰਮ ਕਰਦਾ ਹੈ। ਇਸ ਤਰ੍ਹਾਂ ਪਵਿੱਤਰ ਹੋਈ, ਧੋਤੀ ਹੋਈ ਆਤਮਾ ਪਰਮਾਤਮਾ ਦਾ ਪ੍ਰਤੀਕ ਬਣ ਜਾਂਦੀ ਹੈ।

ਉਹ ਮਹਾਂਪੁਰਸ਼ ਜਿਹੜੇ ਸਤਿ ਜਾਣਦੇ ਹਨ, ਬੈਰਾਗ ਦੇ ਮਾਰਗ ਤੇ ਚਲਦੇ ਹਨ, ਨਿਸ਼ਕਾਮ ਕਰਮ ਕਰਦੇ ਹਨ, ਸੰਸਾਰ ਵਿਚ ਵੀ ਵਿਚਰਦੇ, ਸੰਸਾਰਕ ਕਰਮ ਕਰਦੇ ਹਨ, ਦੇਖਣਾ, ਸੁਣਨਾ, ਸਪਰਸ਼ ਕਰਨਾ, ਖਾਣਾ, ਬੋਲਣਾ ਇਕੱਲੇ ਹੋਣਾ, ਦੂਸਰਿਆਂ ਨਾਲ ਹੋਣਾ, ਜਾਗਦਿਆਂ, ਸੁਪਨੇ ਲੈਂਦਿਆਂ, ਸੌਂਦਿਆਂ, ਇਹ ਸਭ ਕੁਝ ਕਰਦਿਆਂ, ਉਹ ਕੁਝ ਵੀ ਨਹੀਂ ਕਰ ਰਿਹਾ, ਉਹ ਜਾਣਦਾ ਹੈ ਉਹ ਕਰਤਾ ਨਹੀਂ ਹੈ, ਇੰਦ੍ਰੀਆਂ ਆਪਣਾ ਕੰਮ ਕਰ ਰਹੀਆਂ ਹਨ, ਉਹ ਮੈਂ ਭਾਵ ਵਿਚ ਲੀਨ ਹੋ ਕੇ ਕਰਮ ਨਹੀਂ ਕਰ ਰਿਹਾ ਹੈ, ਸੁੱਤੇ ਹੀ ਕਰ ਰਿਹਾ ਹੈ ਜਾਂ ਇਹ ਕਹਿ ਲਵੋ ਉਸ ਤੋਂ ਕਰਾਇਆ ਜਾ ਰਿਹਾ ਹੈ, ਇਕ ਯੋਗੀ ਇਸ ਤਰ੍ਹਾਂ ਕਰਮ ਕਰਦਾ ਹੈ, ਉਹ ਕਰਤਾ ਨਹੀਂ ਹੁੰਦਾ।

10. ਮੋਹ ਨੂੰ ਤਿਆਗ ਕੇ ਜੋ ਕਰਮ ਕਰਦਾ ਹੈ, ਆਪਣੇ ਕਰਮ ਬ੍ਰਹਮ ਦੇ ਅਰਪਣ ਕਰਦਾ ਹੈ, ਉਹ ਪਾਪਾਂ ਤੋਂ ਇਸ ਤਰ੍ਹਾਂ ਨਿਰਲੇਪ ਰਹਿੰਦਾ ਹੈ ਜਿਵੇਂ ਪਾਣੀ ਵਿਚ ਕਮਲ ਦਾ ਪੱਤਾ।

11. ਯੋਗੀ ਆਪਣੇ ਸਰੀਰ ਨਾਲ, ਮਨ ਨਾਲ, ਬੁੱਧੀ ਨਾਲ ਇੰਦ੍ਰੀਆਂ ਨਾਲ ਕਰਮ ਕਰਦਾ ਹੈ, ਮੋਹ ਤੋਂ ਮੁਕਤ ਹੋ ਕੇ ਉਹ ਸਾਰੇ ਕਰਮ ਕਰਦਾ ਹੈ ਅਤੇ ਆਪਣੇ ਆਪ ਨੂੰ ਸ਼ੁਧ ਕਰਦਾ ਹੈ।

12. ਯੁਕਤਾ ਕਰਮ ਫਲ ਨੂੰ ਤਿਆਗ ਕੇ ਪਰਮ ਸ਼ਾਂਤੀ ਪਦ ਦੀ ਪ੍ਰਾਪਤੀ ਕਰਦਾ ਹੈ, ਅਯੁਕਤਾ ਪੁਰਖ ਫਲ ਦੀ ਕਾਮਨਾ ਰੱਖ ਕੇ ਕਰਮ ਕਰਦਾ ਹੈ ਤੇ ਜਨਮ ਮਰਨ ਦੇ ਬੰਨ੍ਹਣ ਵਿਚ ਬੰਨਿਆ ਜਾਂਦਾ ਹੈ।

ਲੋੜ ਹੈ ਇੰਦ੍ਰੀਆਂ ਨੂੰ ਕਾਬੂ ਕਰਨ ਦੀ, ਮਨ ਨੂੰ ਕਾਬੂ ਕਰਨ ਦੀ ਅਤੇ ਉਸ ਪ੍ਰਭੂ ਨੂੰ ਜਾਨਣ ਦੀ, ਪਹਿਚਾਨਣ ਦੀ। ਮੋਹ ਤੋਂ ਛੁਟਕਾਰਾ ਪਾਉਣਾ ਆਵਸ਼ਕ ਹੈ, ਕੇਵਲ ਅਨੁਸ਼ਾਸ਼ਨ ਮੋਹ ਤੋਂ ਮੁਕਤ ਹੋਣ ਲਈ ਕਾਫੀ ਨਹੀਂ, ਕੇਵਲ ਉਹ ਮਨੁੱਖ ਜਿਹੜਾ ਆਪਣੇ ਕਰਮ, ਕਰਮ ਫਲ ਉਸ ਪ੍ਰਮਾਤਮਾ ਨੂੰ ਅਰਪਣ ਕਰਦਾ ਹੈ, ਉਹ ਮੋਹ ਦੇ ਬੰਧਨ ਤੋਂ ਛੁਟ ਜਾਂਦਾ ਹੈ, ਉਹ ਇਕ ਕਮਲ ਫੁੱਲ ਦੀ ਤਰ੍ਹਾਂ ਹੈ, ਕਮਲ ਦਾ ਫੁਲ ਭਾਵੇਂ ਪਾਣੀ ਵਿਚ ਉਗਦਾ ਹੈ ਪਰ ਉਸ ਦੇ ਪੱਤੇ ਪਾਣੀ ਦੀ ਛੋਹ ਤੋਂ ਬੇਲਾਗ ਹੀ ਰਹਿੰਦੇ ਹਨ। ਕਮਲ ਯੋਗ ਦਾ ਚਿੰਨ ਹੈ ਉਹ ਸਾਨੂੰ ਇਹ ਹੀ ਯਾਦ ਕਰਾਉਂਦਾ ਹੈ ਕਿ ਅਸੀਂ ਸੰਸਾਰ ਵਿਚ ਰਹਿੰਦੇ ਹੋਏ ਨਿਰਲਿਪਤ ਰਹੀਏ।

ਬਹੁਤ ਲੋਕੀ ਮੋਹ ਤੇ ਪਿਆਰ ਵਿਚ ਉਲਝ ਜਾਂਦੇ ਹਨ। ਵਾਸਤਵ ਵਿਚ ਮੋਹ ਤੋਂ ਛੁਟਕਾਰਾ ਹੀ ਪਿਆਰ ਹੈ, ਮੋਹ ਲਾਲਸਾ ਹੈ, ਇਕ ਅਮਲ ਹੈ। ਜੇ ਅਸੀਂ ਆਪਣੇ ਸਬੰਧਾਂ ਵਿਚ ਨਿਰਲੇਪ ਹੋ ਜਾਈਏ, ਮੋਹ ਤੋਂ ਰਹਿਤ ਹੋ ਜਾਈਏ, ਅਸੀਂ ਆਪਣੇ ਆਪ ਲਈ ਸਵਰਗ ਬਣਾ ਸਕਦੇ ਹਾਂ, ਅਸੀਂ ਅਨੰਦ ਮੰਡਲ ਵਿਚ ਰਹਿ ਸਕਦੇ ਹਾਂ। ਪਤੀ ਪਤਨੀ ਦੇ ਸਬੰਧ ਵਿਚ ਵੀ ਜੇ ਦੋਨੋਂ ਹੀ ਇਕ ਦੂਸਰੇ ਦੇ ਅੰਦਰ ਪ੍ਰਮਾਤਮਾ ਦੇਖਣ ਲਗ ਪੈਣ ਅਤੇ ਇਸ ਲਈ ਚੇਤਨ ਹੋ ਜਾਣ ਹਰ ਸਮੇਂ ਇਸ ਲਈ ਸਤਰਕ ਰਹਿਣ ਤਾਂ ਆਪਸੀ ਸਬੰਧ ਲਾਲਸਾ ਤੋਂ ਬਦਲ ਕੇ, ਮੋਹ ਤੋਂ ਬਦਲ ਕੇ ਪਿਆਰ ਵਾਲੇ ਬਣ ਜਾਣਗੇ, ਪਰ ਜੇ ਕੇਵਲ ਇੰਦ੍ਰੀਆਂ ਦੇ ਭੋਗਾਂ ਤਕ ਹੀ ਗੱਲ ਰਹਿ ਜਾਣੀ ਹੈ ਤਾਂ ਭੋਗ, ਮੋਹ ਹੋਰ ਵਧੇਗਾ, ਸਬੰਧਾਂ ਨੂੰ ਅਧਿਆਤਮਕ ਪੱਧਰ ਤੇ ਪਹੁੰਚਾਉਣ ਲਈ ਦੋਨਾਂ ਨੂੰ ਜੀਵਨ ਦਾ ਇਕ ਹੀ ਉਦੇਸ਼ ਰਖਣਾ ਪਵੇਗਾ, ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਗੱਡੀ ਦੇ ਦੋ ਪਹੀਏ ਹੋਣ। ਜਦੋਂ ਇਕੋ ਗੱਡੀ ਦੇ ਦੋਨੋਂ ਪਹੀਏ ਇਕੋ ਜਿਹੇ ਹੋਣ, ਮਾਰਗ ਅਨੰਦਮਈ ਬਣ ਜਾਂਦਾ ਹੈ। ਜਿਹੜਾ ਵੀ ਸਬੰਧ ਪਿਆਰ ਨਾਲ ਜੁੜਿਆ ਹੋਵੇ ਉਹ ਵੀ ਅਨੰਦਮਈ ਬਣ ਜਾਂਦਾ ਹੈ।

ਕ੍ਰਿਸ਼ਨ ਜੀ ਦਸਦੇ ਹਨ ਸਾਰੇ ਕਰਮ ਪੂਜਾ ਕਰਨ ਦੀ ਤਰ੍ਹਾਂ ਵੀ ਕੀਤੇ ਜਾ ਸਕਦੇ ਹਨ, ਸਾਰੇ ਕਰਮਾਂ ਦਾ ਫਲ ਪ੍ਰਭੂ ਨੂੰ ਅਰਪਣ ਕੀਤਾ ਜਾ ਸਕਦਾ ਹੈ, ਜੇ ਸਾਰੇ ਕਰਮ ਪੂਜਾ ਸਮਝ ਕੇ ਕੀਤੇ ਜਾਣ, ਫੇਰ ਉਨ੍ਹਾਂ ਕਰਮਾਂ ਦੇ ਫਲ ਕਿਵੇਂ ਬੰਧਨ ਬਣ ਸਕਦੇ ਹਨ? ਸੁਆਰਥ ਲਈ ਕੀਤੇ ਗਏ ਕਰਮ, ਇੰਦ੍ਰੀਆਂ ਦਾ ਭੋਗ ਭੋਗਣ ਲਈ ਕੀਤੇ ਗਏ ਕਰਮ, ਬੰਧਨ ਬਣ ਜਾਇਆ ਕਰਦੇ ਹਨ। ਜਿਨ੍ਹਾਂ ਨੇ ਕਰਮ ਕਰਕੇ ਫਲ ਅਰਪਣ ਕਰਨਾ ਸਿੱਖ ਲਿਆ ਹੈ, ਜਿਹੜੇ ਵਾਹਿਗੁਰੂ ਨਾਲ ਜੁੜੇ ਰਹਿੰਦੇ ਹਨ, ਉਸ ਦੀ ਹੋਂਦ ਹਰ ਚੀਜ਼ ਵਿਚ ਮਹਿਸੂਸ ਕਰਦੇ ਹਨ, ਉਹ ਸੰਸਾਰ ਵਿਚ ਰਹਿੰਦੇ ਹੋਏ ਵੀ ਨਿਰਲੇਪ ਰਹਿੰਦੇ ਹਨ ਜਿਵੇਂ ਕਮਲ ਫੁਲ ਤੇ ਉਸ ਦੀਆਂ ਪੱਤੀਆਂ ਪਾਣੀ ਵਿਚ ਰਹਿੰਦੀਆਂ ਹਨ ਪਰ ਪਾਣੀ ਉਨ੍ਹਾਂ ਨੂੰ ਛੋਂਹਦਾ ਨਹੀਂ।

ਯੋਗੀ ਨਿਸੁਆਰਥੀ ਹੋ ਕੇ ਕਰਮ ਕਰਦੇ ਹਨ। ਉਨ੍ਹਾਂ ਦੇ ਕਰਮ ਫਲ ਪ੍ਰਾਪਤੀ ਲਈ ਨਹੀਂ ਹੁੰਦੇ, ਨਾ ਹੀ ਭੋਗ ਭੋਗਣ ਲਈ ਹੁੰਦੇ ਹਨ, ਨਿਸੁਆਰਥੀ ਯੋਗੀ ਸਦਾ ਹੀ ਅਨੰਦ ਦੀ ਅਵਸਥਾ ਵਿਚ ਰਹਿੰਦੇ ਹਨ, ਉਹ ਮੋਹ ਵਿਚ ਨਹੀਂ ਫਸਦੇ, ਇਹ ਮਾਰਗ ਨਿਸੁਆਰਥ ਪ੍ਰੇਮ ਦਾ ਮਾਰਗ ਹੈ, ਨਿਸੁਆਰਥ ਸੇਵਾ ਦਾ ਮਾਰਗ ਹੈ, ਇਹ ਯੋਗੀ ਮਾਨਵਤਾ ਨੂੰ ਪਿਆਰ ਕਰਦੇ ਹੋਏ ਸ਼ਾਂਤੀ ਦੀ ਸਥਿਰਤਾ ਦੀ ਉਤਮ ਪਦਵੀ ਪ੍ਰਾਪਤ ਕਰ ਲੈਂਦੇ ਹਨ। ਜੋ ਸੁਆਰਥੀ ਹੋ ਕੇ ਕਰਮ ਕਰਦਾ ਹੈ; ਮੋਹ ਵਿਚ ਗ੍ਰਸਿਆ ਹੋਇਆ ਕਰਮ ਕਰਦਾ ਹੈ, ਜੋ ਦੇਣਾ ਨਹੀਂ ਜਾਣਦਾ, ਤਿਆਗ ਨਹੀਂ ਜਾਣਦਾ, ਛੱਡਣਾ ਨਹੀਂ ਜਾਣਦਾ, ਕਰਮਾਂ ਦੇ ਫਲ ਦੀ ਆਸ਼ਾ ਰਖਦਾ ਹੈ, ਉਹ ਬੰਨ੍ਹਿਆ ਜਾਂਦਾ ਹੈ, ਆਵਾਗੌਣ ਦੇ ਚੱਕਰ ਵਿਚ ਬੱਝ ਜਾਂਦਾ ਹੈ।

13. ਸਾਰੇ ਕਰਮ ਸਮਪਰਣ ਕਰਦਾ ਹੋਇਆ, ਆਪਣੇ ਉਤੇ ਪੂਰਾ ਸੰਜਮ ਰਖਦਾ ਹੋਇਆ ਉਹ ਪੂਰਾ ਮਨੋਤਿਆਗ ਕਰਕੇ ਨੌ ਦਰਵਾਜ਼ਿਆਂ ਦੇ ਘਰ ਵਿਚ (ਦੇਹ) ਸੁਖ ਆਰਾਮ ਨਾਲ ਰਹਿੰਦਾ ਹੈ, ਨਾ ਉਹ ਆਪ ਕਰਮ ਕਰਦਾ ਹੈ, ਨਾ ਕਿਸੇ ਤੋਂ ਕਰਵਾਉਂਦਾ ਹੈ।

ਨੌਂ ਦਰਵਾਜ਼ਿਆਂ ਤੋਂ ਭਾਵ ਹੈ ਨੌਂ ਦਰਵਾਜ਼ੇ ਜਿਹੜੇ ਬਾਹਰ ਖੁਲ੍ਹਦੇ ਹਨ। ਦੋ ਨਾਸਕਾ, ਦੋ ਕੰਨ, ਦੋ ਅੱਖਾਂ, ਮੂੰਹ ਮਲਮੂਤਰ ਦੇ ਰਸਤੇ, ਇਨ੍ਹਾਂ ਬਾਰੇ ਰਸਾਇਣ ਵਿਚ ਬਹੁਤੀ ਸੋਹਣੀ ਤਰ੍ਹਾਂ ਲਿਖਿਆ ਹੋਇਆ ਹੈ, ਇਨ੍ਹਾਂ ਨੌਂ ਦਰਵਾਜ਼ਿਆਂ ਦੇ ਚੌਕੀਦਾਰ ਇਹੋ ਜਿਹੇ ਬੁਰੇ ਹਨ ਜਿਹੜੇ ਆਪਣੀ ਨਗਰੀ ਦੀ ਰੱਖਿਆ ਕਰਨ ਦੀ ਬਜਾਏ ਲੁਟਾਉਂਦੇ ਹੀ ਰਹਿੰਦੇ ਹਨ। ਇਹ ਦਰਵਾਜ਼ੇ ਖੁਲ੍ਹੇ ਹੀ ਰਖਦੇ ਹਨ, ਸਾਰੇ ਭੋਗ ਭੋਗਦੇ ਹਨ, ਇਨ੍ਹਾਂ ਨੂੰ ਭੋਗ ਹੀ ਭੋਗਣੇ ਆਉਂਦੇ ਹਨ, ਯੋਗੀਆਂ ਦਾ ਇਨ੍ਹਾਂ ਨੌਂ ਦਰਵਾਜ਼ਿਆਂ ਉਤੇ ਪੂਰਾ ਕਾਬੂ ਹੁੰਦਾ ਹੈ। ਉਹ ਇੰਦੀਆਂ ਦੇ ਭੋਗ ਵਿਚ ਨਹੀਂ ਫਸਦੇ ਕਿਉਂਕਿ ਭੋਗ ਹੌਲੀ ਹੌਲੀ ਇਸ ਦੇਹ ਰੂਪੀ ਨਗਰੀ ਨੂੰ ਨਸ਼ਟ ਕਰ ਦਿੰਦੇ ਹਨ, ਇਸ ਨਗਰੀ ਦਾ ਮਾਲਕ ਭਾਵ ਆਤਮਾ ਅੰਦਰ ਸਥਿਤ ਹੈ, ਡੂੰਘੀ ਚੇਤਨਾ ਨਾਲ ਉਸ ਤਕ ਪਹੁੰਚਣ ਦੀ ਥਾਂ ਅਸੀਂ ਹਉਮੈ ਦੀ ਕੰਧ ਉਸਾਰ ਲੈਂਦੇ ਹਾਂ, ਮਾਲਕ ਬਣ ਬੈਠਦੇ ਹਾਂ ਅਤੇ ਆਪਣੇ ਆਪ ਲਈ ਸਮਸਿਆ ਖੜ੍ਹੀ ਕਰ ਲੈਂਦੇ ਹਾਂ।

ਕਿਉਂਕਿ ਅਸੀਂ ਭੋਗਾਂ ਵਿਚ ਲਿਪਟੇ ਪਏ ਹਾਂ, ਭੋਗ ਭੋਗ ਕੇ ਅਸੀਂ ਆਪ ਹੀ ਭੋਗੇ ਜਾਂਦੇ ਹਾਂ, ਹਉਮੈ ਦੀ ਕੰਧ ਸਾਨੂੰ ਆਤਮਾ ਤੋਂ ਅੱਡ ਕਰ ਦਿੰਦੀ ਹੈ, ਉਸੇ ਸੰਤਾਪ ਵਿਚ ਅਸੀਂ ਪਏ ਰਹਿੰਦੇ ਹਾਂ, ਇਹ ਬਿਰਹਾ ਐਨਾ ਦੁਖਦਾਈ ਹੁੰਦਾ ਹੈ ਜਿਸ ਦੀ ਵਿਆਖਿਆ ਕਰਨੀ ਵੀ ਔਖੀ ਹੈ, ਉਸ ਮਨੁੱਖ ਲਈ ਹੋਰ ਵੀ ਔਖਾ ਹੋ ਜਾਂਦਾ ਹੈ ਜਿਹੜਾ ਇਸ ਗੱਲ ਦੀ ਸੋਝੀ ਰਖਦਾ ਹੋਵੇ ਭਾਵ ਜਿਸ ਨੂੰ ਪਤਾ ਹੋਵੇ ਉਹ ਆਤਮਾ ਤੋਂ ਵਿਛੜਿਆ ਹੋਇਆ ਹੈ। ਯੋਗੀ ਇਹ ਪੂਰੀ ਤਰ੍ਹਾਂ ਜਾਣਦਾ ਹੈ ਕਿ ਨੌਂ ਦਰਵਾਜ਼ਿਆਂ ਦੇ ਭੋਗ ਹੀ ਹਉਮੈ ਦਾ ਵੱਡਾ ਕਾਰਣ ਹਨ, ਉਹ ਇਨ੍ਹਾਂ ਨੌਂ ਦਰਵਾਜ਼ਿਆਂ ਨੂੰ ਇੱਛਾ ਸ਼ਕਤੀ ਨਾਲ ਬੰਦ ਕਰ ਲੈਂਦਾ ਹੈ ਤੇ ਆਪਣੇ ਆਪ ਉਤੇ ਪੂਰਾ ਸੰਜਮ ਰਖਦਾ ਹੈ। ਇਸ ਤਰ੍ਹਾਂ ਕਰਨ ਨਾਲ ਇਹ ਨੌਂ ਦਰਵਾਜ਼ੇ ਵਿਘਨ ਨਹੀਂ

ਬਣਦੇ, ਸੰਤਾਪ ਨਹੀਂ ਬਣਦੇ, ਸਤਿ ਨੂੰ ਜਾਣ ਕੇ ਸਾਰੇ ਵਿਘਨਾਂ ਦਾ ਨਾਸ ਕਰਕੇ ਯੋਗੀ ਹਉਮੈ ਤੇ ਕਾਬੂ ਪਾ ਲੈਂਦਾ ਹੈ ਤੇ ਨਿਰਲੇਪ ਹੋ ਜਾਂਦਾ ਹੈ। ਉਸ ਦੀ ਸ਼ਾਂਤੀ ਸਥਾਈ ਹੁੰਦੀ ਹੈ।

ਇਸ ਸਰੀਰ ਰੂਪੀ ਨਗਰੀ ਦੇ ਦਸ ਦਰਵਾਜ਼ੇ ਹਨ, ਨੌਂ ਦਰਵਾਜ਼ਿਆਂ ਦਾ ਤਾਂ ਸਭ ਨੂੰ ਪਤਾ ਹੀ ਹੈ, ਦਸਵਾਂ ਗੁਪਤ ਹੈ, ਉਸਦਾ ਪਤਾ ਜਾਂ ਤਾਂ ਪੁਜੇ ਹੋਏ ਤੱਤ ਬੇਤੇ ਮਹਾਂਪੁਰਖਾਂ ਨੂੰ ਹੈ ਜਾਂ ਯੋਗੀਆਂ ਨੂੰ। ਉਸ ਨੂੰ ਬ੍ਰਹਮ ਰਾਂਦਰਾ ਜਿਸਨੂੰ ਦਸਮ ਦੁਆਰ ਕਹਿੰਦੇ ਹਨ ਉਹ ਸਿਰ ਦੇ ਉਪਰ ਹੀ ਹੈ। ਇਸ ਦੀਆਂ ਕ੍ਰਿਆ ਕੇਵਲ ਯੋਗੀ ਤੇ ਤੱਤ ਬੇਤੇ ਮਹਾਂਪੁਰਖ ਹੀ ਜਾਣਦੇ ਹਨ। ਜਦੋਂ ਪ੍ਰਾਣ ਆਪਣੀ ਕ੍ਰਿਆ ਛੱਡ ਦਿੰਦੇ ਹਨ, ਸਰੀਰ ਢਹਿ ਢੇਰੀ ਹੋ ਜਾਂਦਾ ਹੈ, ਜੀਵਨ ਦਾ ਅੰਤ ਹੋ ਜਾਂਦਾ ਹੈ ਜਿਸ ਨੂੰ ਆਮ ਮਨੁੱਖ ਮੌਤ ਕਹਿੰਦਾ ਹੈ। ਪ੍ਰਾਣਾਂ ਦੇ ਬਣੇ ਹੋਏ ਪੁਲ ਤੋਂ ਬਿਨਾਂ ਜੀਵਨ ਦੇ ਦੋ ਵੱਖ ਵੱਖ ਹਿੱਸੇ ਹਨ ਇਕ ਹਿੱਸਾ ਆਤਮਾ ਤੇ ਅਚੇਤ ਮਨ ਹੈ, ਦੂਸਰਾ ਹਿੱਸਾ ਚੇਤਨ ਮਨ, ਇੰਦ੍ਰੀਆਂ ਅਤੇ ਸਰੀਰ ਹੈ। ਇਹ ਵਾਸਤਵ ਵਿਚ ਮੌਤ ਨਹੀਂ, ਇਹ ਤਾਂ ਵਿਛੋੜਾ ਹੈ, ਜਿਹੜੇ ਸਮਝਦੇ ਹਨ ਕਿ ਮਰ ਕੇ ਉਹ ਆਪਣੇ ਹਾਲਾਤ ਤੋਂ ਛੁਟਕਾਰਾ ਪਾ ਲੈਣਗੇ ਉਹ ਬਹੁਤ ਵੱਡੇ ਭੁਲੇਖੇ ਵਿਚ ਹਨ, ਉਹ ਇਹੋ ਜਿਹੀ ਗੱਲ ਦੀ ਇੱਛਾ ਕਰ ਰਹੇ ਹਨ ਜੋ ਕਦੀ ਹੋ ਹੀ ਨਹੀਂ ਸਕਦੀ, ਉਨ੍ਹਾਂ ਨੂੰ ਇਹ ਸਭ ਸੋਚਣ ਦੀ ਥਾਂ ਆਪਣਾ ਕਰਮ ਕਰਨਾ ਚਾਹੀਦਾ ਹੈ, ਆਪਣੇ ਪੂਰੇ ਤਾਣ ਨਾਲ ਸੰਸਾਰ ਦੇ ਕੰਮ ਕਾਜ ਕਰਨੇ ਚਾਹੀਦੇ ਹਨ। ਜਦੋਂ ਤੁਹਾਡੀ ਛੋਟੀ ਗਲੀ ਹੁੰਦੀ ਹੈ, ਤੁਸੀਂ ਪੂਰਾ ਰਾਹ ਨਹੀਂ ਦੇਖ ਸਕਦੇ। ਮੌਤ ਕਪੜੇ ਬਦਲਣ ਦੀ ਤਰ੍ਹਾਂ ਹੈ, ਅੰਤ ਨਹੀਂ, ਗਿਆਨੀ ਕਦੀ ਵੀ ਮੌਤ ਤੋਂ ਨਹੀਂ ਡਰਦਾ, ਮੌਤ ਦਾ ਡਰ ਕੇਵਲ ਅਗਿਆਨੀ ਦੇ ਮਨ ਦਾ ਹੀ ਹੈ। ਗਿਆਨੀ ਜਾਣਦਾ ਹੈ ਉਹ ਨਾ ਕਦੀ ਜੰਮਿਆ ਸੀ, ਨਾ ਕਦੀ ਮਰੇਗਾ, ਜਦੋਂ ਵੀ ਕੋਈ ਯੋਗੀ ਜਾ ਪਹੁੰਚਿਆ ਮਹਾਂਪੁਰਖ ਸਰੀਰ ਛੱਡਦੇ ਹਨ, ਉਹ ਆਪਣੇ ਪ੍ਰਾਣ ਦਸਮ ਦੁਆਰ ਤੋਂ ਹੀ ਛਡਦੇ ਹਨ, ਉਹ ਇਥੇ ਦਾ ਅਤੇ ਅੱਗੇ ਦਾ ਜੀਵਨ ਦੇਖ ਸਕਦੇ ਹਨ। ਯੋਗੀ ਵਾਸਤੇ ਇਥੇ ਦੇ ਜੀਵਨ ਅਤੇ ਅਗਲੇ ਜੀਵਨ ਦਾ ਕੋਈ ਰਹੱਸ ਨਹੀਂ। ਉਹ ਇਸ ਦਾ ਹਿੱਸਾ ਹੁੰਦਿਆਂ ਹੋਇਆਂ ਉਸ ਉਤੇ ਕਿਸੇ ਚੀਜ਼ ਦਾ ਪ੍ਰਭਾਵ ਨਹੀਂ ਪੈਂਦਾ, ਮਰਨ ਦਾ ਵੀ ਕੋਈ ਫਰਕ ਨਹੀਂ ਪੈਂਦਾ, ਉਹ ਤਾਂ ਸਤਿ ਚਿਤ ਤੇ ਅਨੰਦ ਹੈ, ਆਮ ਮਨੁੱਖ ਨੂੰ ਦਸਮ ਦੁਆਰ ਦਾ ਕੁਝ ਨਹੀਂ ਪਤਾ। ਉਹ ਤਾਂ ਨੌਂ ਦਰਵਾਜ਼ਿਆਂ ਦੇ ਭੋਗਾਂ ਵਿਚ ਹੀ ਰੁਝੇ ਹੋਏ ਹਨ। ਇਸ ਤਰ੍ਹਾਂ ਰੁਝੇ ਹੀ ਉਹ ਇਸ ਸੰਸਾਰ ਤੋਂ ਤੁਰ ਜਾਂਦੇ ਹਨ, ਮੋਹ ਵਿਚ ਫਸੇ ਹੋਏ, ਭੋਗਾਂ ਵਿਚ ਗੁਲਤਾਨ, ਉਹ ਸਦਾ ਹੀ ਦੁਖੀ ਰਹਿੰਦੇ ਹਨ, ਇਥੇ ਵੀ ਦੁਖੀ ਰਹਿੰਦੇ ਹਨ, ਇਥੋਂ ਜਾ ਕੇ ਅੱਗੇ ਵੀ ਦੁਖੀ ਰਹਿੰਦੇ ਹਨ, ਉਹ ਆਪਣਾ ਦੁਖ ਸੰਤਾਪ ਨਾਲ ਹੀ ਚੁਕੀ ਫਿਰਦੇ ਹਨ।

14. ਪ੍ਰਭੂ ਨਾ ਤਾਂ ਕਰਮਾਂ ਦਾ ਰਚਤਾ ਹੈ, ਨਾ ਕਰਮਾਂ ਦੇ ਫਲ ਦਾ ਰਚਤਾ, ਇਹ ਸਭ ਤਾਂ ਪ੍ਰਕ੍ਰਿਤੀ ਦਾ ਖੇਲ੍ਹ ਹੈ।

15. ਸਰਵਤਰ ਵਿਚ ਰਮਿਆ ਅਰਥਾਤ ਪ੍ਰਮਾਤਮਾ ਨਾ ਕਿਸੇ ਦੇ ਚੰਗੇ ਕਰਮ ਲੈਂਦਾ ਹੈ, ਨਾ ਹੀ ਕਿਸੇ ਦੇ ਪਾਪ ਲੈਂਦਾ ਹੈ, ਅਗਿਆਨ ਨੇ ਗਿਆਨ ਤੇ ਪੜ੍ਹਦਾ ਪਾਇਆ ਹੋਇਆ ਹੈ ਇਸ ਕਰਕੇ ਹੀ ਮਨੁੱਖ ਮੋਹ ਵਿਚ ਫਸਿਆ ਹੋਇਆ ਹੈ।

16. ਜਿਨ੍ਹਾਂ ਦਾ ਅਗਿਆਨ ਆਤਮ ਗਿਆਨ ਰਾਹੀਂ ਦੂਰ ਹੋ ਗਿਆ ਹੈ, ਉਨ੍ਹਾਂ ਵਿਚ ਉਸ ਇਕ ਦਾ, ਪ੍ਰਮਾਤਮਾ ਦਾ ਪ੍ਰਕਾਸ਼ ਸੂਰਜ ਦੀ ਤਰ੍ਹਾਂ ਹੋ ਗਿਆ ਹੈ।

17. ਜਿਨ੍ਹਾਂ ਦੀ ਬੁੱਧੀ ਉਸ ਵਿਚ ਵਸਦੀ ਹੈ ਜਿਹੜੇ ਉਸ ਨਾਲ ਅਭੇਦ ਹੋ ਗਏ ਹਨ ਜਿਨ੍ਹਾਂ ਦਾ ਉਸ ਇਕ ਉਪਰ ਪੂਰਾ ਭਰੋਸਾ ਹੈ, ਉਸੇ ਦੇ ਹੀ ਹੋ ਗਏ ਹਨ। ਜਿਨ੍ਹਾਂ ਦੇ ਪਾਪ ਗਿਆਨ ਜਾਲ ਨਸ਼ਟ ਹੋ ਗਏ ਹਨ, ਉਹ ਜਨਮ ਮਰਨ ਦੇ ਗੇੜ ਵਿਚੋਂ ਨਿਕਲ ਗਏ ਹਨ ਭਾਵ ਛੁਟ ਗਏ ਹਨ।

ਚੌਦਵੇਂ ਸ਼ਲੋਕ ਵਿਚ ਪ੍ਰਭੂ ਸ਼ਬਦ ਦੀ ਵਰਤੋਂ ਕੀਤੀ ਗਈ ਹੈ, ਇਸ ਸ਼ਬਦ ਦੀ ਵਰਤੋਂ ਉਸ ਲਈ ਕੀਤੀ ਜਾਂਦੀ ਹੈ ਜਿਸ ਨੇ ਆਪਣੇ ਆਪ ਨੂੰ ਜਿੱਤ ਲਿਆ ਹੋਵੇ, ਆਪਣੇ ਉਤੇ ਪੂਰਾ ਕਾਬੂ ਪਾ ਲਿਆ ਹੋਵੇ। ਇਹੋ ਜਿਹਾ ਯੋਗੀ ਇਹ ਜਾਣ ਜਾਂਦਾ ਹੈ ਕਿ ਉਸ ਦੇ ਕਰਮ ਤੇ ਉਸ ਦੀ ਆਤਮਾ ਦਾ ਕੋਈ ਸਬੰਧ ਨਹੀਂ ਹੈ, ਭਾਵੇਂ ਚੰਗੇ ਕਰਮ ਹੋਣ, ਭਾਵੇਂ ਮੰਦੇ, ਮਨੁੱਖ ਨਾ ਤਾਂ ਕਰਤਾ ਹੈ, ਨਾ ਹੀ ਕਿਸੇ ਦੇ ਕਰਮਾਂ ਦਾ ਉਹ ਜ਼ਿੰਮੇਵਾਰ ਹੈ, ਨਾ ਹੀ ਕਰਮਾਂ ਦੇ ਫਲ ਦਾ। ਕਰਮ ਤਾਂ ਸਤੋ ਗੁਣ, ਰਜੋ ਗੁਣ ਅਤੇ ਤਮੋ ਗੁਣਾਂ ਦੇ ਪ੍ਰਭਾਵ ਨਾਲ ਇਨ੍ਹਾਂ ਦੇ ਮਿਸ਼ਰਨ ਨਾਲ ਹੁੰਦੇ ਹਨ।

ਅਗਿਆਨ ਦੇ ਕਾਰਣ ਮਨੁੱਖ ਦੇ ਗਿਆਨ ਤੇ ਪੜਦਾ ਪਿਆ ਰਹਿੰਦਾ ਹੈ ਜਿਸ ਕਰਕੇ ਮਨੁੱਖ ਉਲਝਿਆ ਰਹਿੰਦਾ ਹੈ, ਭਰਮਿਆ ਰਹਿੰਦਾ ਹੈ ਤੇ ਬਹੁਤ ਸਾਰੇ ਕਰਮ ਉਸ ਉਲਝੀ ਹੋਈ ਅਵਸਥਾ ਵਿਚ ਹੀ ਕਰਦਾ ਰਹਿੰਦਾ ਹੈ, ਬੱਦਲ ਸੂਰਜ ਨੂੰ ਥੋੜ੍ਹੀ ਦੇਰ ਵਾਸਤੇ ਢੱਕ ਸਕਦੇ ਹਨ ਤੇ ਥੋੜ੍ਹੀ ਦੇਰ ਵਾਸਤੇ ਸਾਨੂੰ ਬਹੁਤ ਵਾਰੀ ਸੂਰਜ ਦਿਸਦਾ ਨਹੀਂ। ਜਦੋਂ ਬੱਦਲ ਖਤਮ ਹੋ ਜਾਂਦੇ ਹਨ, ਸੂਰਜ ਦੀਆਂ ਕਿਰਨਾਂ ਆਪਣਾ ਚਾਨਣ ਦੇਣ ਲਗ ਜਾਂਦੀਆਂ ਹਨ, ਸੂਰਜ ਦਿਸਣ ਲਗ ਪੈਂਦਾ ਹੈ। ਜਿਵੇਂ ਸੂਰਜ ਥੋੜ੍ਹੀ ਦੇਰ ਵਾਸਤੇ ਢਕਿਆ ਜਾਂਦਾ ਹੈ ਬਿਲਕੁਲ ਇਸ ਤਰ੍ਹਾਂ ਹੀ ਅਗਿਆਨ ਉਸ ਅਸੀਮ ਨੂੰ ਨਹੀਂ ਦੇਖਣ ਦਿੰਦਾ, ਅਗਿਆਨ ਦਾ ਪੜ੍ਹਦਾ ਮਨੁੱਖ ਦੇ ਅਤੇ ਉਸ ਅਸੀਮ ਦੇ ਵਿਚਕਾਰ ਪੈ ਜਾਂਦਾ ਹੈ, ਅਗਿਆਨ ਦਾ ਹਨ੍ਹੇਰਾ ਨਵਿਰਤ ਕਰਨ ਲਈ ਗਿਆਨ ਦੀ ਲੋੜ ਹੈ, ਸਾਧਨਾ ਦੀ ਲੋੜ ਹੈ। ਸਾਰਾ ਪਸਾਰਾ ਗੁਣਾਂ ਦਾ ਹੈ, ਆਤਮਾ ਦਾ ਕੋਈ ਪਸਾਰਾ ਨਹੀਂ, ਆਤਮਾ ਇਕ ਮਾਲਕ ਦੀ ਤਰ੍ਹਾਂ ਹੈ ਤੇ ਤਿੰਨ ਗੁਣ ਇਸ ਦੇ ਕਰਮਚਾਰੀ ਹਨ, ਪ੍ਰਕ੍ਰਿਤੀ ਵੀ ਮਾਲਕ ਦੀ ਇੱਛਾ ਅਨੁਸਾਰ ਹੀ ਕੰਮ ਕਰਦੀ ਹੈ, ਆਤਮਾ ਅਨੁਸਾਰ ਕੰਮ ਕਰਦੀ ਹੈ, ਆਤਮਾ ਬਿਲਕੁਲ ਵੱਖ ਹੀ ਰਹਿੰਦੀ ਹੈ, ਬ੍ਰਹਮ ਦੀ ਰਚਨਾ, ਸ੍ਰਿਸ਼ਟੀ ਦੀ ਰਚਨਾ, ਉਹ ਮਨੁੱਖ ਬੜੀ ਚੰਗੀ ਤਰ੍ਹਾਂ ਸਮਝ ਸਕਦਾ ਹੈ ਜਿਹੜਾ ਇਹ ਜਾਣਦਾ ਹੋਵੇ 'ਏਕੋਹਮ ਬਹੋ ਸਿਆਮ' ਭਾਵ ਸਭ ਵਿਚ ਇਕੋ ਦਾ ਹੀ ਪਸਾਰਾ ਹੈ। ਕੋਈ

ਪ੍ਰਕ੍ਰਿਤੀ ਨਹੀਂ ਹੈ, ਕੋਈ ਹੋਰ ਦੂਸਰਾ ਹੈ ਹੀ ਨਹੀਂ, ਦੂਸਰੇ ਦੀ ਕੋਈ ਥਾਂ ਹੀ ਨਹੀਂ, ਕੇਵਲ ਇਕ ਹੀ ਪਰੀਪੂਰਨ ਹੈ, ਕੋਈ ਵੀ ਚੀਜ਼ ਆਪਣੇ ਆਪ ਵਿਚ ਸੰਪੂਰਨ ਨਹੀਂ ਹੈ, ਸੰਪੂਰਨ ਕੇਵਲ ਉਹ ਆਪ ਹੀ ਹੈ, ਜਿਹੜੇ ਦ੍ਵੈਤ ਵਿਚ ਵਿਸ਼ਵਾਸ਼ ਰਖਦੇ ਹਨ, ਉਹ ਤੱਤ ਦੀ ਡੂੰਘਾਈ ਤਕ ਪਹੁੰਚ ਹੀ ਨਹੀਂ ਸਕਦੇ, ਉਸ ਇਕ ਦਾ ਅਭਾਸ ਕਰ ਹੀ ਨਹੀਂ ਸਕਦੇ, ਉਹ ਸੋਚ ਹੀ ਨਹੀਂ ਸਕਦੇ, ਇਹ ਹੀ ਪਰੀਪੂਰਨ ਹੈ, ਦੂਸਰਾ ਹੈ ਹੀ ਕੋਈ ਨਹੀਂ, ਦੂਸਰੇ ਦੀ ਕੋਈ ਥਾਂ ਹੀ ਨਹੀਂ। ਇਕ ਹੀ ਅਨੇਕ ਰੂਪ ਧਾਰ ਕੇ ਵਿਚਰ ਰਿਹਾ ਹੈ, ਉਹ ਇਕ ਹੀ ਪਰੀਪੂਰਨਤਾ ਹੈ, ਉਹ ਆਪ ਹੀ ਪਰੀਪੂਰਨ ਹੁੰਦਿਆਂ ਹੋਇਆਂ ਆਪਣੀ ਸ਼ਾਨ ਦਾ ਪਸਾਰਾ ਕਰ ਰਿਹਾ ਹੈ।

ਦ੍ਵੈਤ ਵਿਚ ਵਿਸ਼ਵਾਸ਼ ਰੱਖਣ ਵਾਲੇ ਕਹਿੰਦੇ ਹਨ ਕਿ ਤੁਹਾਡੇ ਪਾਪ, ਗੁਨਾਹ ਗਲਤੀਆਂ ਪਰਮਾਤਮਾ ਖਤਮ ਕਰ ਸਕਦਾ ਹੈ, ਤੁਹਾਨੂੰ ਸ਼ੁਧ ਕਰ ਸਕਦਾ ਹੈ, ਉਹ ਸਵੈ-ਕੇਂਦ੍ਰਿਤ ਅਰਦਾਸ ਕਰਦੇ ਹਨ ਅਤੇ ਇਸ ਭਰੋਸੇ ਨਾਲ ਅਰਦਾਸ ਕਰਦੇ ਹਨ ਕਿ ਉਨ੍ਹਾਂ ਦੇ ਪਾਪ ਪ੍ਰਮਾਤਮਾ ਧੋ ਦੇਵੇਗਾ। ਮਜ਼ਹਬ ਦੇ ਆਗੂਆਂ ਨੇ ਇਕ ਤਰੀਕਾ ਬਣਾਇਆ ਹੈ ਜਿਸ ਨਾਲ ਜੇ ਤੁਸੀਂ ਕੀਤੇ ਹੋਏ ਪਾਪਾਂ ਦੀ ਮਨੌਤ ਕਰ ਲਵੋ ਭਾਵ ਉਨ੍ਹਾਂ ਦਾ ਇਕਬਾਲ ਕਰ ਲਵੋ, ਤਾਂ ਇਹ ਪਾਪ ਮੁੱਕ ਜਾਂਦੇ ਹਨ। ਉਸ ਦਾ ਪ੍ਰਭਾਵ ਇਕ ਚਿਕਿਤਸਾ ਦਾ ਹੁੰਦਾ ਹੈ ਪਰ ਉਸ ਨਾਲ ਤੁਹਾਡੇ ਮਨ ਦਾ ਹਨ੍ਹੇਰਾ ਨਹੀਂ ਖਤਮ ਹੁੰਦਾ। ਜਦੋਂ ਤੁਸੀਂ ਇਹ ਮੰਨਦੇ ਹੋ, ਵਿਸ਼ਵਾਸ਼ ਰਖਦੇ ਹੋ ਕਿ ਪਾਪ ਹੈ, ਮੈਂ ਪਾਪ ਕੀਤਾ ਹੈ ਉਸ ਨਾਲ ਤੁਸੀਂ ਇਹ ਮਹਿਸੂਸ ਕਰਨ ਲਗ ਪੈਂਦੇ ਹੋ ਕਿ ਤੁਸੀਂ ਪਾਪ ਕੀਤਾ ਹੈ, ਉਹ ਭਾਵ ਫੇਰ ਤੁਹਾਡੇ ਮਨ ਵਿਚ ਚਲਾ ਜਾਂਦਾ ਹੈ, ਜਦੋਂ ਇਹ ਪਾਪ ਦੀ ਭਾਵਨਾ ਮਨ ਵਿਚ ਜਾਂਦੀ ਹੈ, ਤੁਸੀਂ ਉਦਾਸ ਹੋ ਜਾਂਦੇ ਹੋ, ਨਿਰਉਤਸਾਹਤ ਹੋ ਜਾਂਦੇ ਹੋ, ਆਪਣੇ ਅੰਦਰ ਹੀਣ ਭਾਵਨਾ ਮਹਿਸੂਸ ਕਰਦੇ ਹੋ। ਪਾਪ ਨੂੰ ਮਹਿਸੂਸ ਕਰਕੇ ਪਛਤਾਉਂਦੇ ਹੋ। ਪਾਪ ਦਾ ਅਹਿਸਾਸ ਕਰਕੇ ਪਛਤਾਉਣਾ ਬੁਰੀ ਗੱਲ ਹੈ, ਉਹ ਅਹਿਸਾਸ ਤੁਹਾਨੂੰ ਹੀਣ ਭਾਵਨਾ ਦਾ ਸ਼ਿਕਾਰ ਬਣਾ ਦਿੰਦਾ ਹੈ, ਇਸ ਨਾਲ ਤੁਹਾਡੀ ਸਮਸਿਆ ਹੋਰ ਗੰਭੀਰ ਹੋ ਜਾਂਦੀ ਹੈ, ਆਪਣੇ ਪਾਪਾਂ ਦਾ ਇਕਬਾਲ ਕਰਕੇ ਖਿਮਾਂ ਮੰਗਣ ਨਾਲ ਤੁਸੀਂ ਅੱਛਾ ਮਹਿਸੂਸ ਕਰਦੇ ਹੋ, ਹਲਕੇ ਮਹਿਸੂਸ ਕਰਦੇ ਹੋ, ਸ਼ੁਧ ਮਹਿਸੂਸ ਕਰਦੇ ਹੋ ਪਰ ਲੋੜ ਹੁੰਦੀ ਹੈ ਆਪਣੇ ਆਪ ਨੂੰ ਬਦਲਣ ਦੀ, ਆਪਣੀ ਹੋਂਦ ਨੂੰ ਬਦਲਣ ਦੀ ਤਾਂ ਜੋ ਉਹ ਕੰਮ, ਉਹ ਕ੍ਰਿਆ ਦੁਬਾਰਾ ਨਾ ਕੀਤੀ ਜਾਵੇ, ਅਰਦਾਸ ਕਰਨ ਨਾਲ ਅੰਦਰ ਸ਼ਕਤੀ ਆ ਗਈ ਮਹਿਸੂਸ ਹੁੰਦੀ ਹੈ, ਉਹ ਤੁਹਾਡੀ ਸਹਾਇਕ ਹੁੰਦੀ ਹੈ ਪਰ ਸਭ ਤੋਂ ਵੱਧ ਲੋੜ ਹੈ ਆਪਣੀ ਇੱਛਾ ਸ਼ਕਤੀ ਨੂੰ ਬਲਵਾਨ ਬਣਾਉਣਾ, ਐਨਾ ਉਚਾ ਤੇ ਬਲਵਾਨ ਬਣਾਉਣਾ ਕਿ ਤੁਸੀਂ ਆਪਣਾ ਆਪ ਬਦਲ ਸਕੋ, ਗਲਤ ਕੰਮ ਛੱਡ ਕੇ ਠੀਕ ਕੰਮ ਕਰ ਸਕੋ, ਆਪਣੇ ਵਿਹਾਰ ਬਦਲ ਸਕੋ। ਜਦੋਂ ਤੁਹਾਡੇ ਕੋਲ ਇੱਛਾ ਸ਼ਕਤੀ ਹੋਵੇ ਤੁਸੀਂ ਬੋਲਣ ਲਈ ਦ੍ਰਿੜ੍ਹ ਹੋਵੋ ਫੇਰ ਅੰਦਰ ਦੀ ਸ਼ਕਤੀ, ਅਰਦਾਸ ਨਾਲ ਪ੍ਰਾਪਤ ਸ਼ਕਤੀ ਵਧੇਰੇ ਸਹਾਇਕ ਹੁੰਦੀ ਹੈ, ਮਨੁੱਖ ਕੋਲ ਸੁਤੰਤਰ ਇੱਛਾ ਹੁੰਦੀ ਹੈ ਪਰ ਕੇਵਲ ਪੰਜਾਹ ਪ੍ਰਤੀਸ਼ਤ। ਬਾਕੀ ਦਾ ਪੰਜਾਹ ਪ੍ਰਤੀਸ਼ਤ ਵੀ ਤੁਸੀਂ ਪ੍ਰਾਪਤ ਕਰ ਸਕਦੇ ਹੋ ਜੇ ਤੁਸੀਂ ਇਹ ਬੁੱਝ ਲਵੋ ਕਿ ਇਹ ਪੰਜਾਹ ਪ੍ਰਤੀਸ਼ਤ

ਇੱਛਾ ਤੁਹਾਡੀ ਹੋਂਦ ਦੀ ਡੂੰਘਾਈ ਵਿਚ ਪਈ ਹੈ, ਤੁਹਾਡੀ ਹੋਂਦ ਦੀ ਗਹਿਰਾਈ ਵਿਚ ਪਈ ਹੈ, ਸਿਰਫ ਆਪਣੇ ਪਾਪਾਂ ਦੀ ਮਨੌਤ ਕਰ ਲੈਣੀ, ਪਾਦਰੀ ਕੋਲ ਜਾ ਕੇ ਆਪਣੇ ਪਾਪਾਂ ਦਾ ਇਕਬਾਲ ਕਰ ਲੈਣਾ, ਦੋਸਤਾਂ ਮਿਤਰਾਂ ਨਾਲ ਗੱਲ ਕਰਕੇ ਆਪਣੇ ਆਪ ਨੂੰ ਹਲਕਾ ਕਰ ਲੈਣਾ ਇਕ ਵਖਰੀ ਗੱਲ ਹੈ, ਤੁਸੀਂ ਹਲਕਾ ਮਹਿਸੂਸ ਕਰਦੇ ਹੋ ਪਰ ਇਹ ਕਰਕੇ ਤੁਸੀਂ ਅੱਗੋਂ ਨਾ ਕਰਨ ਦੀ ਤਾਕਤ ਹਾਸਲ ਨਹੀਂ ਕਰਦੇ, ਅੱਗੋਂ ਨਾ ਕਰਨ ਦੀ ਦ੍ਰਿੜ੍ਹਤਾ ਨਹੀਂ ਰਖਦੇ। ਸਵੈ ਕਾਬੂ ਕਰਕੇ, ਆਤਮ ਸੰਜਮ ਕਰਕੇ ਨਾਲ ਹੀ ਅਰਦਾਸ ਕਰਕੇ ਤੁਸੀਂ ਆਪਣੇ ਅੰਦਰ ਦੀ ਸ਼ਕਤੀ ਦਾ ਅਹਿਸਾਸ ਕਰਦੇ ਹੋ, ਸ਼ਕਤੀ ਦੇ ਸੋਮੇ ਦਾ ਅਹਿਸਾਸ ਕਰਦੇ ਹੋ, ਇਨ੍ਹਾਂ ਦੋਨਾਂ ਦੀ ਵਰਤੋਂ ਕਰਨੀ ਚਾਹੀਦੀ ਹੈ - ਅੰਦਰ ਦੀ ਸ਼ਕਤੀ ਦੀ ਅਤੇ ਅਰਦਾਸ ਦੀ। ਪ੍ਰਮਾਤਮਾ ਕਿਵੇਂ ਤੁਹਾਡੇ ਪਾਪਾਂ ਦੀ ਤੇ ਗਲਤੀਆਂ ਦੀ ਜ਼ਿੰਮੇਵਾਰੀ ਲੈ ਸਕਦਾ ਹੈ? ਇਹ ਤਾਂ ਇਕ ਅਗਿਆਨੀ ਦੀ ਫਿਲੌਸਫੀ ਹੈ, ਆਮ ਮਨੁੱਖ ਬਹੁਤ ਹੀ ਲਾਪਰਵਾਹ ਹੋ ਜਾਂਦੇ ਹਨ, ਉਹ ਆਪਣੀਆਂ ਡਿਊਟੀਆਂ ਠੀਕ ਤਰ੍ਹਾਂ ਨਹੀਂ ਕਰਦੇ। ਜਿਹੜੇ ਕੰਮ ਉਨ੍ਹਾਂ ਦੇ ਗੋਚਰੇ ਲੱਗੇ ਹੁੰਦੇ ਹਨ, ਉਹ ਧਿਆਨ ਨਹੀਂ ਦਿੰਦੇ। ਫੇਰ ਉਹ ਚਰਚਾਂ ਵਿਚ ਜਾਂਦੇ ਹਨ, ਮੰਦਰਾਂ ਵਿਚ ਜਾਂਦੇ ਹਨ, ਗੁਰਦਵਾਰਿਆਂ ਵਿਚ ਜਾਂਦੇ ਹਨ ਹੋਰ ਪਵਿੱਤਰ ਅਸਥਾਨਾਂ ਤੇ ਜਾਂਦੇ ਹਨ ਤੇ ਸੋਚਦੇ ਹਨ ਕਿ ਉਨ੍ਹਾਂ ਦੇ ਪਾਪ ਧੋਤੇ ਜਾਣਗੇ, ਉਹ ਕੇਵਲ ਇਕ ਤਸੱਲੀ ਹੈ, ਉਹ ਇਕ ਮਨੋਵਿਗਿਆਨਕ ਪੱਖੋ ਠੀਕ ਹੈ ਪਰ ਉਹ ਕੋਈ ਸਥਾਈ ਇਲਾਜ ਨਹੀਂ ਹੈ।

ਇਕ ਯੋਗੀ ਸਾਧਨਾ ਦੇ ਮਾਰਗ ਤੇ ਚਲਦਿਆਂ ਇਹ ਭਲੀ ਭਾਂਤੀ ਜਾਣਦਾ ਹੈ ਕਿ ਉਸਦੇ ਸੰਸਕਾਰ ਉਸ ਨੂੰ ਉਹ ਕੁਝ ਕਰਨ ਲਈ ਪ੍ਰੇਰਨਾ ਦਿੰਦੇ ਹਨ ਜੋ ਉਸ ਨੂੰ ਨਹੀਂ ਕਰਨਾ ਚਾਹੀਦਾ, ਇਸ ਕਰਕੇ ਗਿਆਨ ਦੇ ਨਾਲ ਨਾਲ ਆਤਮ ਸੰਜਮ ਵੀ ਅਵਸ਼ਕ ਹੈ, ਬਹੁਤ ਸਾਰੇ ਸਾਧਕ ਆਤਮ ਸੰਜਮ ਨੂੰ, ਮਨੋਬ੍ਰਿਤੀ, ਭਾਵਨਾਵਾਂ ਨੂੰ ਦਬਾਉਣ ਦੇ ਬਰਾਬਰ ਸਮਝਣ ਲਗ ਪੈਂਦੇ ਹਨ ਪਰ ਇਹ ਠੀਕ ਨਹੀਂ, ਸਾਰੇ ਦਬੇ ਹੋਏ ਭਾਵ ਡੂੰਘੇ ਦਬੇ ਹੋਏ ਜਾ ਓਪਰੇ, ਸਾਰਿਆਂ ਨੂੰ ਹੀ ਬਾਹਰ ਕੱਢ ਕੇ ਗਿਆਨ ਦੀ ਅਗਨੀ ਵਿਚ ਸੁਆਹ ਕੀਤਾ ਜਾਂਦਾ ਹੈ, ਆਤਮ ਸੰਜਮ ਇਕ ਚੇਤਨ ਕ੍ਰਿਆ ਹੈ ਜੋ ਬੜੀ ਸੋਚ ਸਮਝ ਕੇ ਕੀਤੀ ਜਾਂਦੀ ਹੈ, ਇਹ ਦਬੇ ਹੋਏ ਭਾਵਾਂ ਤੋਂ, ਸੰਵੇਗਾਂ ਤੋਂ ਛੁਟਕਾਰਾ ਪਾਉਣ ਵਾਸਤੇ ਹੀ ਹੈ। ਸਾਧਨਾ ਨਾਲ ਯੋਗੀ ਗਿਆਨ ਦੀ ਜੋਤੀ ਜਗਾ ਸਕਦਾ ਹੈ ਤੇ ਪੁਰਾਣੇ ਸੰਸਕਾਰ ਭਸਮ ਕਰ ਸਕਦਾ ਹੈ, ਉਸ ਸਮੇਂ ਸਾਧਕ ਇਹ ਜਾਣ ਲੈਂਦਾ ਹੈ ਇਹ ਆਤਮਾ ਨਹੀਂ ਕੇਵਲ ਗੁਣ ਹੀ ਭਰਮਾਂ ਦੇ ਕਾਰਨ ਹੈ।

ਜਿਹੜੇ ਸਾਧਨਾ ਦਾ ਅਭਿਆਸ ਕਰਕੇ ਆਪਾ ਚੀਨ ਕੇ ਅਨੰਦ ਮਹਿਸੂਸ ਕਰਦੇ ਹਨ, ਉਹ ਉਸ ਇਕ ਦੀ ਪ੍ਰਾਪਤੀ ਕਰ ਹੀ ਲੈਂਦੇ ਹਨ, ਇਹ ਸਾਧਨਾ ਦੀ ਸਭ ਤੋਂ ਉਚੀ ਅਵਸਥਾ ਹੁੰਦੀ ਹੈ। ਬੁੱਧੀ ਜੀਵ ਜਿਹੜੇ ਅਭਿਆਸ ਨਹੀਂ ਕਰਦੇ, ਅਨੁਭਵ ਨਹੀਂ ਕਰਦੇ, ਉਹ ਇਸ ਅਵਸਥਾ ਤਕ ਨਹੀਂ ਪਹੁੰਚ ਸਕਦੇ ਵਾਹਿਗੁਰੂ ਨਾਲ ਅਭੇਦ ਹੋਣ ਦੀ ਗੱਲ ਇਕ ਹੋਣ ਦੀ

ਗੱਲ ਕਿਸੇ ਦਲੀਲ ਕਿਸੇ ਤਰਕ ਦੀ ਗੋਚਰੇ ਨਹੀਂ ਹੈ, ਕਿਸੇ ਬਹਿਸ ਦੀ ਗੋਚਰੇ ਨਹੀਂ ਹੈ, ਇਹ ਤਾਂ ਇਕ ਡੂੰਘਾ ਅਨੁਭਵ ਹੈ, ਪ੍ਰਤੱਖ ਗਿਆਨ ਹੈ ਜੋ ਕੇਵਲ ਉਹ ਹੀ ਪ੍ਰਾਪਤ ਕਰ ਸਕਦੇ ਹਨ ਜਿਹੜੇ ਸਾਧਨਾ ਦੇ ਪੱਖ ਤੇ ਹਨ, ਜਿਹੜੇ ਦ੍ਰਿੜ੍ਹ ਹੋ ਕੇ ਸਾਧਨਾ ਕਰਦੇ ਹਨ, ਉਹ ਸੰਸਕਾਰਾਂ ਤੋਂ ਛੁਟ ਜਾਂਦੇ ਹਨ, ਉਨ੍ਹਾਂ ਦੇ ਬੰਧਨ ਟੁੱਟ ਜਾਂਦੇ ਹਨ ਉਹ ਇਕ ਹੋ ਜਾਂਦੇ ਹਨ ਤੇ ਜਨਮ ਮਰਣ ਦੇ ਬੰਧਨ ਤੋਂ ਮੁਕਤ ਹੋ ਜਾਂਦੇ ਹਨ।

ਜੰਮਣਾ ਤੇ ਮਰਨਾ ਵੀ ਬਹੁਤ ਵੱਡੀਆਂ ਘਟਨਾਵਾਂ ਇਸ ਜੀਵਨ ਦੀਆਂ ਹਨ। ਮਨੁੱਖ ਬਾਰ-ਬਾਰ ਇਨ੍ਹਾਂ ਵਿਚੋਂ ਲੰਘਦਾ ਹੈ, ਮਨੁੱਖ ਜੰਮਦਾ ਹੈ, ਵੱਡਾ ਹੁੰਦਾ ਹੈ, ਬਚਪਨ ਜਵਾਨੀ ਜਵਾਨੀ ਤੋਂ ਫੇਰ ਮੱਧ ਅਵਸਥਾ, ਫੇਰ ਬੁਢਾਪਾ, ਕੀ ਇਹ ਸੱਚ ਨਹੀਂ ਅਸੀਂ ਇਕ ਜੀਵਨ ਵਿਚ ਹੀ ਕਿੰਨੀ ਵਾਰੀ ਮਰਦੇ ਹਾਂ? ਬਚਪਨ ਮਰਦਾ ਹੈ, ਜਵਾਨੀ ਆਉਂਦੀ ਹੈ, ਜਵਾਨੀ ਮਰਦੀ ਹੈ, ਵੱਡਾ ਹੁੰਦਾ ਹੈ, ਵੱਡਾਪਣ ਮਰਦਾ ਹੈ, ਮੱਧ ਅਵਸਥਾ ਆਉਂਦੀ ਹੈ, ਮੱਧ ਅਵਸਥਾ ਮਰਦੀ ਹੈ ਬੁਢਾਪਾ ਆਉਂਦਾ ਹੈ ਫੇਰ ਮਰਨ ਦਾ ਦੁਖ ਕਿਉਂ? ਅਗਿਆਨੀ ਹੀ ਮਰਨ ਤੋਂ ਡਰਦੇ ਹਨ, ਜੀਉਣ ਲਈ ਮਰਨਾ ਹੀ ਪੈਂਦਾ ਹੈ। ਆਤਮ ਸਾਧਕ ਸੁਤੰਤਰ ਹਨ, ਜੰਮਣ ਮਰਨ ਦੇ ਸਾਰੇ ਰਹੱਸ ਉਹ ਜਾਣਦੇ ਹਨ, ਉਹ ਕੇਵਲ ਮਰਨ ਦੇ ਡਰ ਤੋਂ ਹੀ ਮੁਕਤ ਨਹੀਂ, ਉਹ ਜੰਮਣ ਮਰਨ ਦੇ ਗੇੜ ਤੋਂ ਹੀ ਮੁਕਤ ਹਨ।

ਜਿਹੜੇ ਸਾਧਨਾ ਦਾ ਅਭਿਆਸ ਕਰਕੇ ਆਪਾ ਚੀਨ ਕੇ ਅਨੰਦ ਮਹਿਸੂਸ ਕਰਦੇ ਹਨ, ਉਹ ਉਸ ਇਕ ਦੀ ਪ੍ਰਾਪਤੀ ਕਰ ਹੀ ਲੈਂਦੇ ਹਨ, ਇਹ ਸਾਧਨਾ ਦੀ ਸਭ ਤੋਂ ਉਚੀ ਅਵਸਥਾ ਹੁੰਦੀ ਹੈ। ਬੁੱਧੀ ਜੀਵ ਜਿਹੜੇ ਅਭਿਆਸ ਨਹੀਂ ਕਰਦੇ, ਅਨੁਭਵ ਨਹੀਂ ਕਰਦੇ, ਉਹ ਇਸ ਅਵਸਥਾ ਤਕ ਨਹੀਂ ਪਹੁੰਚ ਸਕਦੇ ਵਾਹਿਗੁਰੂ ਨਾਲ ਅਭੇਦ ਹੋਣ ਦੀ ਗੱਲ ਇਕ ਹੋਣ ਦੀ ਗੱਲ ਕਿਸੇ ਦਲੀਲ ਕਿਸੇ ਤਰਕ ਦੀ ਗੋਚਰੇ ਨਹੀਂ ਹੈ, ਕਿਸੇ ਬਹਿਸ ਦੀ ਗੋਚਰੇ ਨਹੀਂ ਹੈ, ਇਹ ਤਾਂ ਇਕ ਡੂੰਘਾ ਅਨੁਭਵ ਹੈ, ਪ੍ਰਤੱਖ ਗਿਆਨ ਹੈ ਜੋ ਕੇਵਲ ਉਹ ਹੀ ਪ੍ਰਾਪਤ ਕਰ ਸਕਦੇ ਹਨ ਜਿਹੜੇ ਸਾਧਨਾ ਦੇ ਪੱਖ ਤੇ ਹਨ, ਜਿਹੜੇ ਦ੍ਰਿੜ੍ਹ ਹੋ ਕੇ ਸਾਧਨਾ ਕਰਦੇ ਹਨ, ਉਹ ਸੰਸਕਾਰਾਂ ਤੋਂ ਛੁਟ ਜਾਂਦੇ ਹਨ, ਉਨ੍ਹਾਂ ਦੇ ਬੰਧਨ ਟੁੱਟ ਜਾਂਦੇ ਹਨ ਉਹ ਇਕ ਹੋ ਜਾਂਦੇ ਹਨ ਤੇ ਜਨਮ ਮਰਣ ਦੇ ਬੰਧਨ ਤੋਂ ਮੁਕਤ ਹੋ ਜਾਂਦੇ ਹਨ।

ਜੰਮਣਾ ਤੇ ਮਰਨਾ ਵੀ ਬਹੁਤ ਵੱਡੀਆਂ ਘਟਨਾਵਾਂ ਇਸ ਜੀਵਨ ਦੀਆਂ ਹਨ। ਮਨੁੱਖ ਬਾਰ-ਬਾਰ ਇਨ੍ਹਾਂ ਵਿਚੋਂ ਲੰਘਦਾ ਹੈ, ਮਨੁੱਖ ਜੰਮਦਾ ਹੈ, ਵੱਡਾ ਹੁੰਦਾ ਹੈ, ਬਚਪਨ ਜਵਾਨੀ ਜਵਾਨੀ ਤੋਂ ਫੇਰ ਮੱਧ ਅਵਸਥਾ, ਫੇਰ ਬੁਢਾਪਾ, ਕੀ ਇਹ ਸੱਚ ਨਹੀਂ ਅਸੀਂ ਇਕ ਜੀਵਨ ਵਿਚ ਹੀ ਕਿੰਨੀ ਵਾਰੀ ਮਰਦੇ ਹਾਂ? ਬਚਪਨ ਮਰਦਾ ਹੈ, ਜਵਾਨੀ ਆਉਂਦੀ ਹੈ, ਜਵਾਨੀ ਮਰਦੀ ਹੈ, ਵੱਡਾ ਹੁੰਦਾ ਹੈ, ਵੱਡਾਪਣ ਮਰਦਾ ਹੈ, ਮੱਧ ਅਵਸਥਾ ਆਉਂਦੀ ਹੈ, ਮੱਧ ਅਵਸਥਾ ਮਰਦੀ ਹੈ ਬੁਢਾਪਾ ਆਉਂਦਾ ਹੈ ਫੇਰ ਮਰਨ ਦਾ ਦੁਖ ਕਿਉਂ? ਅਗਿਆਨੀ ਹੀ ਮਰਨ ਤੋਂ ਡਰਦੇ ਹਨ, ਜੀਉਣ ਲਈ ਮਰਨਾ ਹੀ

ਪੈਂਦਾ ਹੈ। ਆਤਮ ਸਾਧਕ ਸੁਤੰਤਰ ਹਨ, ਜੰਮਣ ਮਰਨ ਦੇ ਸਾਰੇ ਰਹੱਸ ਉਹ ਜਾਣਦੇ ਹਨ, ਉਹ ਕੇਵਲ ਮਰਨ ਦੇ ਡਰ ਤੋਂ ਹੀ ਮੁਕਤ ਨਹੀਂ, ਉਹ ਜੰਮਣ ਮਰਨ ਦੇ ਗੇੜ ਤੋਂ ਹੀ ਮੁਕਤ ਹਨ।

18. ਜਿਹੜੇ ਬ੍ਰਹਮਗਿਆਨੀ ਹਨ, ਸਮਦ੍ਰਿਸ਼ਟੀ ਰਖਦੇ ਹਨ, ਗਰੀਬੀ ਵਿਚ ਰਹਿੰਦੇ ਹਨ ਉਹ ਬ੍ਰਾਹਮਣ, ਗਊ, ਹਾਥੀ, ਕੁੱਤਾ, ਚੰਡਾਲ ਸਭ ਨੂੰ ਇਕ ਨਿਗ੍ਹਾ ਨਾਲ ਦੇਖਦੇ ਹਨ।

19. ਜਿਨ੍ਹਾਂ ਨੇ ਮਨ ਸਥਿਰ ਕਰ ਲਿਆ ਹੈ, ਇਕਾਗਰ ਕਰ ਲਿਆ ਹੈ ਉਨ੍ਹਾਂ ਨੇ ਸਭ ਕੁਝ ਜਿੱਤ ਲਿਆ ਹੈ ਬ੍ਰਹਮ ਸੰਪੂਰਣ ਹੈ ਸਦਾ ਸਥਿਰ ਹੈ ਉਹ ਸਦਾ ਬ੍ਰਹਮ ਨਾਲ ਇਕ ਹੋ ਕੇ ਰਹਿੰਦੇ ਹਨ।

ਜਿਸ ਨੂੰ ਆਤਮ ਗਿਆਨ ਹੋ ਗਿਆ ਹੈ ਓਸ ਨੂੰ ਸਭ ਵਿਚ ਬ੍ਰਹਮ ਹੀ ਦਿਸਦਾ ਹੈ ਉਸ ਨੂੰ ਬ੍ਰਾਹਮਣ ਕਹਿੰਦੇ ਹਨ। ਬ੍ਰਾਹਮਣ ਗਿਆਨੀ ਹੋਣ ਦੇ ਨਾਲ ਨਿਮਾਣਾ ਵੀ ਹੁੰਦਾ ਹੈ ਅਤੇ ਤੁਛ ਵੀ, ਇਹੋ ਜਿਹਾ ਗਿਆਨੀ ਜਿਹੜਾ ਸਦਾ ਹੀ ਗਿਆਨ ਦੀ ਭਾਲ ਵਿਚ ਹੋਵੇ ਉਸ ਇਕ ਦੀ ਖੋਜ ਵਿਚ ਹੋਵੇ ਉਸ ਨੂੰ ਪੰਡਤ ਵੀ ਕਹਿੰਦੇ ਹਨ, ਉਹ ਹੌਲੀ ਹੌਲੀ ਅਭੇਦ ਹੋ ਜਾਂਦਾ ਹੈ - ਉਸ ਇਕ ਨਾਲ। ਮਰਨ ਦਾ ਡਰ ਉਹ ਜਿੱਤ ਚੁਕਦਾ ਹੈ, ਜੰਮਣ ਮਰਨ ਦੇ ਬੰਧਨ ਤੋਂ ਛੁਟ ਜਾਂਦਾ ਹੈ, ਆਤਮਾ ਹਰ ਬੰਧਨ ਤੋਂ ਸੁਤੰਤਰ ਹੋ ਜਾਂਦੀ ਹੈ ਜਿਹੜੇ ਇਕੋ ਆਤਮਾ ਨੂੰ ਸਭ ਜਗ੍ਹਾ ਦੇਖਦੇ ਹਨ ਉਹ ਉਸ ਵਿਚ ਹੀ ਲੀਨ ਰਹਿੰਦੇ ਹਨ ਜਿਵੇਂ ਦਰਿਆ ਸਮੁੰਦਰ ਵਿਚ ਜਾ ਮਿਲਦਾ ਹੈ ਤੇ ਇਕ ਹੋ ਜਾਂਦਾ ਹੈ ਤੇ ਸਮੁੰਦਰ ਤੋਂ ਵੱਖ ਨਹੀਂ ਕੀਤਾ ਜਾ ਸਕਦਾ ਇਸੇ ਤਰ੍ਹਾਂ ਹੀ ਬ੍ਰਾਹਮਣ ਨੂੰ ਵੀ ਆਤਮਾ ਤੋਂ ਵੱਖ ਨਹੀਂ ਕੀਤਾ ਜਾ ਸਕਦਾ।

ਸਾਧਾਰਨ ਮਨੁੱਖ ਇੰਦ੍ਰੀਆਂ ਦੇ ਵੱਖ ਰੂਪਾਂ ਵਿਚ ਹੀ ਉਲਝਿਆ ਰਹਿੰਦਾ ਹੈ, ਵੱਖ-ਵੱਖ ਭਾਵਨਾਵਾਂ ਵਿਚ ਹੀ ਉਲਝਿਆ ਰਹਿੰਦਾ ਹੈ ਉਹ ਭੈੜਾ ਹੈ, ਉਹ ਚੰਗਾ ਹੈ, ਉਹ ਸੋਹਣਾ ਹੈ, ਉਹ ਕੋਹਝਾ ਹੈ, ਉਹ ਗਰੀਬ ਹੈ, ਉਹ ਅਮੀਰ ਹੈ, ਸਾਧਾਰਨ ਮਨੁੱਖ ਜੀਵਨ ਦਾ ਬਹੁਤ ਸਾਰਾ ਹਿੱਸਾ ਇਨ੍ਹਾਂ ਭੇਦਾਂ ਵਿਚ ਹੀ ਗੁਆ ਦਿੰਦਾ ਹੈ। ਬ੍ਰਹਮਗਿਆਨੀ ਸਭ ਵਿਚ ਇਕੋ ਹੀ ਦੇਖਦਾ ਹੈ, ਉਹ ਇਨ੍ਹਾਂ ਭੇਦਾਂ ਵਿਚ ਨਹੀਂ ਉਲਝਦਾ ਉਸ ਨੂੰ ਹਰ ਚੀਜ਼ ਵਿਚ ਉਸ ਵਾਹਿਗੁਰੂ ਦੇ ਹੀ ਦਰਸ਼ਨ ਹੁੰਦੇ ਹਨ, ਸਾਰਿਆਂ ਚਿਹਰਿਆਂ ਵਿਚ ਉਸ ਇਕ ਦਾ ਹੀ ਚਿਹਰਾ ਦਿਸਦਾ ਹੈ, ਬ੍ਰਹਮਗਿਆਨੀ ਹਰ ਇਕ ਨੂੰ ਪਿਆਰ ਨਾਲ ਮਿਲਦਾ ਹੈ ਬਚਨ ਕਰਦਾ ਹੈ, ਦਿਆਲਤਾ ਦੇ ਘਰ ਰਹਿੰਦਾ ਹੈ, ਸਦਾ ਹੀ ਸੁਰੇਸ਼ ਸੁਹਿਰਦ ਰਹਿੰਦਾ ਹੈ, ਬ੍ਰਹਮਗਿਆਨੀ ਸਭ ਨੂੰ ਪਿਆਰ ਕਰਦਾ ਹੈ, ਕਿਸੇ ਨੂੰ ਵੀ ਉਹ ਦੂਸਰਾ ਨਹੀਂ ਸਮਝਦਾ। ਸਵਾਲ ਉਠਦਾ ਹੈ ਕੋਈ ਕਿਵੇਂ ਕੁੱਤੇ ਨੂੰ, ਗਊ ਨੂੰ, ਚੂਹੇ ਨੂੰ, ਕੀੜੀ ਨੂੰ ਬਰਾਬਰ ਸਮਝ ਸਕਦਾ ਹੈ? ਜਦੋਂ ਕਿ ਇਹ ਹਰ ਜੀਵ ਵੱਖਰੇ ਵੱਖਰੇ ਹਨ ਉਨ੍ਹਾਂ ਨੂੰ ਇਕ ਕਿਵੇਂ ਸਮਝਿਆ ਜਾ ਸਕਦਾ ਹੈ? ਪੜ੍ਹੇ ਲਿਖਿਆਂ ਨੂੰ, ਵੱਖ-ਵੱਖ ਜੀਵਾਂ ਦਾ ਪਤਾ ਹੈ, ਕੋਈ ਵੀ ਪੜ੍ਹਿਆ ਲਿਖਿਆ ਇਹ ਉਮੀਦ ਨਹੀਂ ਰਖਦਾ ਕਿ ਕੁੱਤਾ ਦੁੱਧ ਦੇਵੇਗਾ ਪਰ ਬ੍ਰਹਮਗਿਆਨੀ ਆਤਮਾ ਨੂੰ ਪਛਾਣਦੇ ਹਨ ਤੇ ਦੇਖਦੇ ਹਨ ਤੇ ਸਭ

ਵਿਚ ਉਸ ਆਤਮਾ ਦਾ ਹੀ ਸਤਿਕਾਰ ਕਰਦੇ ਹਨ, ਉਹ ਜਾਣਦਾ ਹੈ ਕਿ ਸਾਰੇ ਗਹਿਣੇ ਸੋਨੇ ਤੋਂ ਬਣਦੇ ਹਨ, ਵੱਖ ਵੱਖ ਤਰ੍ਹਾਂ ਦੇ ਗਹਿਣੇ ਵੱਖ-ਵੱਖ ਡਿਜ਼ਾਇਨਾਂ ਦੇ ਪਰ ਧਾਤ ਤਾਂ ਇਕ ਹੀ ਹੈ - ਸੋਨਾ। ਉਹ ਇਹ ਵੀ ਗਿਆਨ ਰਖਦਾ ਹੈ ਕਿ ਵੱਖ-ਵੱਖ ਗਹਿਣੇ ਕਿਥੇ ਤੇ ਕਿਸ ਤਰ੍ਹਾਂ ਵਰਤੇ ਜਾਣੇ ਹਨ।

ਅਗਿਆਨੀ ਜਨਮ ਮਰਣ ਦੇ ਰਹੱਸ ਨੂੰ ਨਹੀਂ ਜਾਣਦੇ ਇਹ ਰਹੱਸ ਕੇਵਲ ਬ੍ਰਹਮਗਿਆਨੀ ਤੱਤ ਬੇਤੇ ਮਹਾਂਪੁਰਖ ਹੀ ਜਾਣਦੇ ਹਨ, ਉਹ ਸਮੇਂ ਦੀ ਘੁੰਡੀ ਖੋਲ੍ਹ ਚੁੱਕੇ ਹਨ ਅਤੇ ਭੂਤ ਵਰਤਮਾਨ ਤੇ ਭੱਵਿਖ ਉਨ੍ਹਾਂ ਲਈ ਇਕ ਹੀ ਹਨ, ਉਹ ਇਨ੍ਹਾਂ ਸਭ ਨੂੰ ਦੇਖ ਸਕਦੇ ਹਨ ਉਹ ਅਗਲੇ ਪਾਸੇ ਦਾ ਵੀ ਸਭ ਕੁਝ ਜਾਣਦੇ ਹਨ, ਜਿਨ੍ਹਾਂ ਨੇ ਬ੍ਰਹਮ ਦੀ ਪ੍ਰਾਪਤੀ ਕਰ ਲਈ ਹੈ, ਉਨ੍ਹਾਂ ਲਈ ਬ੍ਰਹਮਗਿਆਨ ਸਦੀਵੀ ਹੋ ਜਾਂਦਾ ਹੈ।

20. ਉਹ ਬ੍ਰਾਹਮਣ ਹੈ (ਭਾਵ ਬ੍ਰਹਮਗਿਆਨੀ ਹੈ) ਜਿਹੜਾ ਖੁਸ਼ੀ ਵਿਚ ਖੁਸ਼ ਨਹੀਂ ਹੁੰਦਾ, ਦੁਖ ਵਿਚ ਦੁਖੀ ਨਹੀਂ ਹੁੰਦਾ, ਉਹ ਸਥਿਰ ਹੈ ਗਿਆਨੀ ਹੈ, ਸ਼ੰਕੇ ਰਹਿਤ ਹੈ, ਬ੍ਰਹਮ ਨੂੰ ਜਾਣਦਾ ਹੈ, ਬ੍ਰਹਮ ਵਿਚ ਹੀ ਸਥਿਰ ਰਹਿੰਦਾ ਹੈ।

21. ਜਿਸ ਨੂੰ ਆਤਮ ਅਨੰਦ ਪ੍ਰਾਪਤ ਹੈ, ਬਾਹਰ ਦੀ ਕਿਸੇ ਚੀਜ਼ ਦਾ ਉਸ ਉਤੇ ਅਸਰ ਨਹੀਂ ਪੈਂਦਾ, ਜਿਸ ਨੇ ਆਪਣੇ ਆਪ ਨੂੰ ਯੋਗ ਰਾਹੀਂ ਬ੍ਰਹਮ ਨਾਲ ਜੋੜਿਆ ਹੋਇਆ ਹੈ, ਉਹ ਪਰਮ ਅਨੰਦ ਪ੍ਰਾਪਤ ਕਰ ਲੈਂਦਾ ਹੈ।

ਜਿਨ੍ਹਾਂ ਦੇ ਜੀਵਨ ਵਿਚ ਹਰ ਤਰ੍ਹਾਂ ਦਾ ਸਮ ਹੈ, ਨਾ ਤਾਂ ਉਹ ਬਹੁਤ ਖੁਸ਼ ਹੁੰਦੇ ਹਨ, ਨਾ ਹੀ ਉਨ੍ਹਾਂ ਨੂੰ ਆਪਣੀਆਂ ਪ੍ਰਾਪਤੀਆਂ ਤੇ ਗਰਵ ਹੈ, ਨਾ ਹੀ ਉਹ ਨਿਰਾਸ ਹੁੰਦੇ ਹਨ, ਨਾ ਹੀ ਉਹ ਢਹਿੰਦੀ ਕਲਾ ਦਾ ਸ਼ਿਕਾਰ ਹੁੰਦੇ ਹਨ, ਉਨ੍ਹਾਂ ਦੀ ਬੁੱਧੀ ਸਥਿਰ ਹੈ, ਉਹ ਬ੍ਰਹਮਗਿਆਨੀ ਹੁੰਦਿਆਂ ਹੋਇਆਂ ਕਦੀ ਵੀ ਛਲਿਆ ਨਹੀਂ ਜਾਂਦਾ, ਜਿਹੜੇ ਭੋਗ ਨਹੀਂ ਭੋਗ ਰਹੇ, ਜਿਹੜੇ ਭੋਗਾਂ ਦੇ ਮੋਹ ਵਿਚ ਨਹੀਂ ਫਸੇ ਹੋਏ ਉਹ ਸਦੀਵੀ ਅਨੰਦ ਅਵਸਥਾ ਵਿਚ ਰਹਿੰਦੇ ਹਨ, ਆਪਣੇ ਆਪ ਵਿਚ ਰਹਿੰਦੇ ਹਨ, ਸਮਤਾ ਇਨ੍ਹਾਂ ਨੂੰ ਸੰਪੂਰਨਤਾ ਤੇ ਪਹੁੰਚਾ ਦਿੰਦੀ ਹੈ ਉਹ ਪੂਜੇ ਜਾਂਦੇ ਹਨ।

ਸਾਰੇ ਜਗਿਆਸੂਆਂ ਲਈ ਇਹ ਇਕ ਬਹੁਤ ਹੀ ਮਹੱਤਵਪੂਰਨ ਸਿਖਿਆ ਹੈ, ਕਿਸੇ ਨੂੰ ਵੀ ਪ੍ਰਾਪਤੀ ਕਰਕੇ ਬਹੁਤ ਪ੍ਰਸੰਨ ਨਹੀਂ ਹੋਣਾ ਚਾਹੀਦਾ ਜਦੋਂ ਕੋਈ ਹਾਲਾਤ ਅਨੁਕੂਲ ਨਾ ਹੋਣ ਉਸ ਤੋਂ ਵੀ ਪ੍ਰਭਾਵਿਤ ਨਹੀਂ ਹੋਣਾ ਚਾਹੀਦਾ, ਸਾਰੇ ਹਾਲਾਤ ਵਿਚ ਸਮ ਰਹਿਣਾ ਇਹ ਹੀ ਬ੍ਰਹਮਗਿਆਨੀ ਹੋਣ ਦਾ ਸਭ ਤੋਂ ਵੱਡਾ ਸੰਕੇਤ ਹੈ। ਉਹ ਕਦੀ ਵੀ ਆਪਣੀ ਸ਼ਾਂਤੀ ਨਹੀਂ ਛਡਦੇ, ਸੰਸਾਰ ਦੇ ਲੋਭ ਮੋਹ ਵਿਚ ਨਹੀਂ ਫਸਦੇ ਉਨ੍ਹਾਂ ਦੀ ਸ਼ਾਂਤੀ ਤੇ ਸਥਿਰਤਾ ਨਿਰਲੇਪ ਹੋਣ ਕਰਕੇ ਹੈ, ਉਨ੍ਹਾਂ ਦੀ ਸ਼ਾਂਤੀ ਤੇ ਸਥਿਰਤਾ ਕਦੀ ਵੀ ਭੰਗ ਨਹੀਂ ਹੁੰਦੀ ਉਹ ਅਟੱਲ ਹੈ, ਬ੍ਰਹਮ ਨਾਲ ਇਕ ਹੋਏ ਉਹ ਸਦਾ ਹੀ ਸਦੀਵੀ

ਅਨੰਦ ਵਿਚ ਰਹਿੰਦੇ ਹਨ ਭਾਵੇਂ ਰੂਪ ਵਟਾਉਂਦੇ ਰਹਿੰਦੇ ਹਨ।

ਆਮ ਮਨੁੱਖ ਸਫਲਤਾ ਨਾਲ ਜਾਂ ਅਸਫਲਤਾ ਨਾਲ ਬੜੀ ਛੇਤੀ ਹੀ ਆਪਣਾ ਸੰਤੁਲਨ ਗੁਆ ਬੈਠਦੇ ਹਨ, ਸਫਲਤਾ ਨਾਲ ਮਨੁੱਖ ਹੰਕਾਰਿਆ ਜਾਂਦਾ ਹੈ ਫੁਲਿਆ ਨਹੀਂ ਸਮਾਉਂਦਾ, ਆਪਣੇ ਆਪ ਨੂੰ ਕੁਝ ਸਮਝਣ ਲਗ ਪੈਂਦਾ ਹੈ, ਅਸਫਲਤਾ ਨਾਲ ਉਹ ਨਿਰਾਸ ਹੋ ਜਾਂਦਾ ਹੈ, ਉਦਾਸ ਹੋ ਜਾਂਦਾ ਹੈ, ਹੀਣਤਾ ਦੀ ਭਾਵਨਾ ਆ ਜਾਂਦੀ ਹੈ, ਜਦੋਂ ਮਨੁੱਖ ਸਫਲਤਾ ਤੋਂ ਬਾਅਦ ਉਚੀ ਹਵਾ ਵਿਚ ਉਠ ਰਿਹਾ ਹੁੰਦਾ ਹੈ ਉਹ ਅਵੱਸ਼ ਹੀ ਧਰਤੀ ਤੇ ਡਿੱਗਣ ਦੀ ਤਿਆਰੀ ਕਰ ਰਿਹਾ ਹੁੰਦਾ ਹੈ ਕਿਉਂਕਿ ਉਹ ਆਪਣੀ ਲਿਆਕਤ ਦਾ, ਆਪਣੀ ਸਮਰਥਾ ਦਾ ਗਲਤ ਅੰਦਾਜ਼ਾ ਲਾਈ ਬੈਠਾ ਹੈ, ਉਸ ਦਾ ਆਪਣੀ ਹੀ ਅਚੇਤਨਤਾ ਦੀਆਂ ਘਟਨਾਵਾਂ ਨੇ ਉਸ ਦਾ ਇਕ ਝੂਠਾ ਇਕ ਗਲਤ ਕਿਸਮ ਦਾ ਪ੍ਰਭਾਵ ਬਣਾ ਦਿਤਾ ਹੈ। ਬਿਲਕੁਲ ਇਸ ਤਰ੍ਹਾਂ ਹੀ ਉਦਾਸਨੀਤਾ ਦੀ ਅਵਸਥਾ ਹੈ ਜਿਸ ਵਿਚ ਮਨੁੱਖ ਆਪਣੇ ਆਪ ਨੂੰ ਅਸਫਲਤਾ ਨਾਲ ਜੋੜ ਕੇ ਅਸਮਰੱਥ ਸਮਝਦਾ ਹੈ ਕੋਈ ਵੀ ਭਾਵੇਂ ਇਨ੍ਹਾਂ ਦੋਨੋਂ ਅਵਸਥਾ ਵਿਚੋਂ ਇਕ ਦਾ ਸ਼ਿਕਾਰ ਬਣ ਸਕਦਾ ਹੈ ਅਤੇ ਸਿਖਿਆ ਪ੍ਰਾਪਤ ਕਰਕੇ ਇਨ੍ਹਾਂ ਹਾਲਾਤਾਂ ਵਿਚੋਂ ਬਾਹਰ ਵੀ ਨਿਕਲ ਸਕਦਾ ਹੈ ਤੇ ਮੁੜ ਕੇ ਸੰਤੁਲਨ ਅਵਸਥਾ ਪ੍ਰਾਪਤ ਕਰ ਸਕਦਾ ਹੈ। ਗਿਆਨੀ ਇਹੋ ਜਿਹੇ ਸੰਵੇਗਾਂ ਦੇ ਲਪੇਟ ਵਿਚ ਆਉਣ ਤੋਂ ਦੂਰ ਹੀ ਰਹਿੰਦੇ ਹਨ, ਉਨ੍ਹਾਂ ਨੇ ਆਪਣੇ ਆਪ ਨੂੰ ਸੰਤੁਲਨ ਸਥਿਰ ਰਖਣਾ ਸਿੱਖ ਲਿਆ ਹੁੰਦਾ ਹੈ ਆਪਣੇ ਭਾਵਾਂ ਨੂੰ ਸਥਿਰ ਰਖਣਾ ਸਿੱਖ ਲਿਆ ਹੈ। ਸ਼ਾਂਤ ਮਨ ਕਦੇ ਵੀ ਭਰਮਾਂ ਵਿਚ ਨਹੀਂ ਪੈਂਦਾ ਇਸ ਦੇ ਉਲਟ ਅਗਿਆਨੀ ਬਹੁਤ ਛੇਤੀ ਹੀ ਦੁੱਖ ਸੁਖ ਦੇ ਲਪੇਟ ਵਿਚ ਆ ਜਾਂਦੇ ਹਨ।

ਆਮ ਮਨੁੱਖ ਵਿਸ਼ੇ ਭੋਗ ਦੀਆਂ ਵਸਤੂਆਂ ਨੂੰ ਪ੍ਰਾਪਤ ਕਰਕੇ ਪ੍ਰਸੰਨਤਾ ਮਹਿਸੂਸ ਕਰਦੇ ਹਨ ਪਰ ਆਤਮ ਸਾਧਕ, ਅਨੁਭਵੀ ਮਹਾਂਪੁਰਖ ਸਥਾਈ ਅਨੰਦ ਦੀ ਅਵਸਥਾ ਵਿਚ ਰਹਿੰਦੇ ਹਨ, ਯੋਗੀ ਪਹੁੰਚੇ ਹੋਏ ਮਹਾਂਪੁਰਖ ਸਦਾ ਹੀ ਸਦੀਵੀ ਅਨੰਦ ਦਾ ਅਨੁਭਵ ਕਰਦੇ ਹਨ ਸੌਂਦੇ, ਜਾਗਦੇ, ਉਠਦੇ ਬੈਠਦੇ, ਅਨੰਦਾਂ ਦਾ ਸਰੋਤ ਤਾਂ ਅੰਦਰ ਹੈ, ਇਸ ਨੂੰ ਜਾਣੇ ਬਿਨਾਂ ਇਸ ਦਾ ਅਨੁਭਵ ਨਹੀਂ ਹੋ ਸਕਦਾ, ਜਦੋਂ ਤਕ ਤੁਸੀਂ ਵਿਸ਼ਿਆਂ ਦੇ ਭੋਗ ਵਿਚ ਲੱਗੇ ਰਹੋਗੇ, ਸਥਾਈ ਅਨੁਭਵ, ਸਥਾਈ ਅਨੰਦ ਦੀ ਪ੍ਰਾਪਤੀ ਹੋ ਹੀ ਨਹੀਂ ਸਕਦੀ, ਸੰਸਾਰਕ ਅਨੁਭਵ ਨਾਲ ਖੁਸ਼ੀ ਪ੍ਰਾਪਤ ਕਰਨ ਦੀ ਇੱਛਾ ਸਦਾ ਹੀ ਬੇਅਰਥ ਰਹੇਗੀ।

ਜਿਨ੍ਹਾਂ ਨੂੰ ਗਿਆਨ ਦੀ ਅਥਾਹ ਪਿਆਸ ਹੈ ਉਨ੍ਹਾਂ ਦੀ ਪਿਆਸ ਨਦੀਆਂ, ਨਾਲਿਆਂ, ਖੂਹਾਂ ਦੇ ਪਾਣੀ ਨਾਲ ਨਹੀਂ ਬੁਝ ਸਕਦੀ ਉਹ ਪਿਆਸ ਤਾਂ ਕੇਵਲ ਉਸ ਇਕ ਨੂੰ ਜਾਨਣ ਨਾਲ ਹੀ ਬੁਝੇਗੀ ਜਦੋਂ ਹੌਲੀ-ਹੌਲੀ ਸਾਧਕ ਅੰਦਰ ਜਾਣ ਦਾ, ਅੰਦਰ ਝਾਤੀ ਪਾਉਣ ਦਾ ਅਭਿਆਸ ਕਰਦਾ ਹੈ, ਆਪਾ ਚੀਨਣਾ ਸ਼ੁਰੂ ਕਰਦਾ ਹੈ ਉਹ ਇੰਦ੍ਰੀਆਂ ਦਾ ਬਾਹਰ ਜਾਣਾ ਰੋਕ ਲੈਂਦਾ ਹੈ ਅਤੇ ਉਹ ਅੰਦਰ ਦੇ ਅਨੰਦ ਦਾ ਅਨੁਭਵ ਮਾਨਣਾ ਸ਼ੁਰੂ ਕਰ

ਦਿੰਦਾ ਹੈ, ਉਸ ਇਕ ਨੂੰ ਜਾਣ ਲੈਂਦਾ ਹੈ, ਉਹ ਅਨੰਦ ਜਾਣ ਲੈਂਦਾ ਹੈ, ਯੋਗ ਸਾਧਨਾ ਕਰਕੇ ਯੋਗੀ ਸਥਿਰ ਹੋ ਜਾਂਦਾ ਹੈ, ਇਕ ਸਾਰ ਇਕ ਸਮ ਤੇ ਸ਼ਾਂਤ ਹੋ ਜਾਂਦਾ ਹੈ ਫੇਰ ਉਸ ਲਈ ਬਾਹਰ ਦੇ ਵਿਸ਼ੇ ਭੋਗ ਕੋਈ ਅਰਥ ਨਹੀਂ ਰਖਦੇ ਨਾ ਹੀ ਉਹ ਉਨ੍ਹਾਂ ਦੇ ਪਿਛੇ ਜਾਂਦਾ ਹੈ ਉਸ ਨੇ ਬੁਝ ਲਿਆ ਹੈ ਕਿ ਅਨੰਦ ਦਾ ਸ੍ਰੋਤ ਉਸ ਦੇ ਅੰਦਰ ਹੈ ਉਹ ਸਦਾ ਹੀ ਇਸ ਗਿਆਨ ਵਿਚ ਸਤ੍ਰਕ ਰਹਿੰਦਾ ਹੈ ਕਿ ਅਨੰਦ ਦਾ ਸਰੋਤ ਉਸ ਦੇ ਅੰਦਰ ਹੈ, ਉਹ ਕਦੀ ਅਸ਼ਾਂਤ ਨਹੀਂ ਹੁੰਦਾ ਉਸ ਇਕ ਨਾਲ ਜੁੜਿਆ ਰਹਿੰਦਾ ਹੈ।

22. ਹੇ ਕੁੰਤੀ ਪੁੱਤਰ! ਇੰਦ੍ਰੀਆਂ ਦੇ ਭੋਗ ਵਿਸ਼ੇ ਵਿਕਾਰਾਂ ਦੇ ਭੋਗ ਸਦਾ ਹੀ ਦੁੱਖ ਦਾ ਕਾਰਣ ਬਣਦੇ ਹਨ, ਇਹ ਕਰਮਾਂ ਤੋਂ ਪੈਦਾ ਹੁੰਦੇ ਹਨ ਉਨ੍ਹਾਂ ਦਾ ਆਦਿ ਅੰਤ ਹੈ, ਵਿਵੇਕੀ ਪੁਰਖ ਇਨ੍ਹਾਂ ਵਿਸ਼ਿਆਂ ਵਿਚ ਨਹੀਂ ਆਉਂਦੇ।

23. ਜਿਸ ਨੇ ਇਸ ਸੰਸਾਰ ਵਿਚ ਰਹਿੰਦਿਆਂ ਇਸ ਦੇਹ ਵਿਚ ਰਹਿੰਦਿਆਂ ਕਾਮ ਕ੍ਰੋਧ ਨੂੰ ਜਿਤ ਲਿਆ ਹੈ ਉਹ ਸੁੱਖੀ ਹੋ ਗਿਆ ਹੈ ਉਹ ਹੀ ਯੁਕਤ ਹੈ।

ਜਦੋਂ ਜਗਿਆਸੂ ਜਾਨਣ ਲਗ ਪੈਂਦਾ ਹੈ ਬ੍ਰਹਮਾ ਦੀ ਹੋਂਦ ਮਹਿਸੂਸ ਕਰਨ ਲਗ ਪੈਂਦਾ ਹੈ ਫੇਰ ਉਹ ਸਥਾਈ ਅਨੰਦ ਅਨੁਭਵ ਕਰਨ ਲਗ ਪੈਂਦਾ ਹੈ, ਡਿਊਟੀ ਕਰਦਿਆਂ ਵੀ ਉਹ ਚੇਤਨ ਮਨ ਨਾਲ, ਉਸ ਇਕ ਨਾਲ ਜੁੜਿਆ ਰਹਿੰਦਾ ਹੈ।

ਸੰਸਾਰਕ ਵਿਸ਼ਿਆਂ ਦੇ ਭੋਗ ਦੀ ਖੁਸ਼ੀ ਤਾਂ ਬੜੀ ਸੀਮਤ ਤੇ ਬੜੀ ਥੋੜ੍ਹੀ ਦੇਰ ਲਈ ਹੀ ਹੁੰਦੀ ਹੈ, ਇੰਦ੍ਰੀਆਂ ਤਾਂ ਬੇਅੰਤ ਵਿਸ਼ਿਆਂ ਦੀ ਇੱਛਾ ਕਰਦੀਆਂ ਹਨ, ਇੰਦ੍ਰੀਆਂ ਦੀ ਤ੍ਰਿਪਤੀ ਤਾਂ ਹੋ ਹੀ ਨਹੀਂ ਸਕਦੀ, ਇੰਦ੍ਰੀਆਂ ਸੀਮਤ ਹਨ ਤੇ ਵਿਸ਼ੇ ਅਸਥਾਈ ਹਨ, ਖੁਸ਼ੀ ਬੜੀ ਥੋੜ੍ਹੀ ਦੇਰ ਦੀ ਹੀ ਹੁੰਦੀ ਹੈ ਛਿਨ ਭੰਗਰ ਹੀ ਹੁੰਦੀ ਹੈ, ਉਨ੍ਹਾਂ ਦੇ ਨਾਲ ਨਾਲ ਗਲਤ ਅਨੁਭਵ ਵੀ ਜੁੜੇ ਹੁੰਦੇ ਹਨ, ਜਦੋਂ ਭੋਗ ਵਿਸ਼ੇ ਦੀ ਪ੍ਰਾਪਤੀ ਨਾ ਹੋਵੇ ਫੇਰ ਕ੍ਰੋਧ ਦੀ ਉਤਪਤੀ ਹੁੰਦੀ ਹੈ, ਦੁਖ ਮਹਿਸੂਸ ਹੁੰਦਾ ਹੈ, ਉਦਾਸੀ ਮਹਿਸੂਸ ਹੁੰਦੀ ਹੈ ਅਤੇ ਚਿੰਤਾ ਹੁੰਦੀ ਹੈ, ਵਿਆਕੁਲਤਾ ਹੁੰਦੀ ਹੈ, ਡਰ ਲਗਣ ਲਗ ਪੈਂਦਾ ਹੈ ਕਿ ਕਿਤੇ ਇਹ ਚੀਜ਼ ਖੋਹੀ ਨਾ ਜਾਵੇ ਕਿਤੇ ਗੁਆਚ ਨਾ ਜਾਵੇ, ਤੁਸੀਂ ਦੂਸਰਿਆਂ ਪ੍ਰਤੀ ਈਰਖਾ ਰਖਣ ਲਗ ਪੈਂਦੇ ਹੋ ਉਨ੍ਹਾਂ ਦੀਆਂ ਪ੍ਰਾਪਤੀਆਂ ਤੁਹਾਨੂੰ ਰੜਕਣ ਲਗ ਪੈਂਦੀਆਂ ਹਨ ਇਹ ਸਾਰੇ ਸੰਵੇਗ, ਇਹ ਸਾਰੀਆਂ ਭਾਵਨਾਵਾਂ ਕੇਵਲ ਇੰਦ੍ਰੀਆਂ ਦੇ ਭੋਗ ਬਿਲਾਸ ਦੇ ਕਾਰਣ ਹੀ ਪੈਦਾ ਹੁੰਦੇ ਹਨ, ਵਿਸ਼ਿਆਂ ਦੇ ਭੋਗ ਭੋਗਦਿਆਂ ਮਨੁੱਖ ਹੀ ਭੋਗਿਆ ਜਾਂਦਾ ਹੈ ਪਰ ਇਨ੍ਹਾਂ ਦੀ ਭੁੱਖ ਨਹੀਂ ਮਿਟਦੀ, ਮਨੁੱਖ ਦੀ ਸਦੀਵੀ ਪਿਆਸ ਤਾਂ ਕੇਵਲ ਸਦੀਵੀ ਅਨੰਦ (ਬ੍ਰਹਮ ਆਨੰਦ) ਨਾਲ ਹੀ ਮਿਟਦੀ ਹੈ।

ਇਸ ਤੋਂ ਪਹਿਲਾਂ ਕੇ ਸਰੀਰ ਕੰਮ ਕਰਨ ਤੋਂ ਰਹਿ ਜਾਏ ਸਾਧਕ ਆਪਣਾ ਮਨ ਸ਼ਾਂਤ ਕਰ ਲੈਂਦਾ ਹੈ ਉਸ ਨਾਲ ਉਹ ਆਪਣੇ ਆਪ ਨੂੰ

ਪਰਿਵਰਤਨ ਲਈ ਤਿਆਰ ਕਰ ਲੈਂਦਾ ਹੈ, ਆਮ ਮਨੁੱਖ ਇਹ ਨਹੀਂ ਸਮਝ ਸਕਦਾ ਕਿਉਂਕਿ ਉਨ੍ਹਾਂ ਨੂੰ ਇਥੋਂ ਤੋਂ ਬਾਅਦ ਦੇ ਜੀਵਨ ਦਾ ਪਤਾ ਹੀ ਨਹੀਂ ਕਿ ਕੀ ਹੋਣਾ ਹੈ, ਸਾਧਕ ਨਾਲ ਇਸ ਤਰ੍ਹਾਂ ਨਹੀਂ ਹੈ ਯੋਗੀ ਲਈ ਵੀ ਇਸ ਤਰ੍ਹਾਂ ਨਹੀਂ ਹੈ ਮਹਾਂਪੁਰਖ ਲਈ ਵੀ ਇਸ ਤਰ੍ਹਾਂ ਨਹੀਂ ਹੈ, ਜਿਨ੍ਹਾਂ ਨੇ ਸੱਤ ਨੂੰ ਜਾਣ ਲਿਆ ਹੈ ਉਨ੍ਹਾਂ ਲਈ ਇਹ ਸੰਸਾਰ ਵਿਚ ਆਉਣ ਤੋਂ ਭਾਵ ਹੈ ਅੱਗੇ ਦੀ ਤਿਆਰੀ ਕਰਨੀ, ਅਗਲੇ ਸਫਰ ਦਾ ਸਾਮਾਨ ਇਕੱਠਾ ਕਰਨਾ, ਇਸ ਸੰਸਾਰ ਵਿਚ ਰਹਿੰਦਿਆਂ ਉਨ੍ਹਾਂ ਨੇ ਅੱਗੇ ਬਾਰੇ ਸਭ ਕੁਝ ਜਾਣ ਲਿਆ ਹੈ, ਉਨ੍ਹਾਂ ਨੇ ਉਹ ਸਭ ਕੁਝ ਪ੍ਰਾਪਤ ਵੀ ਕਰ ਲਿਆ ਹੈ ਜਿਹੜਾ ਬਾਅਦ ਵਿਚ ਪ੍ਰਾਪਤ ਕਰਨਾ ਹੈ ਉਨ੍ਹਾਂ ਨੇ ਸਾਰੀਆਂ ਪ੍ਰਾਪਤੀਆਂ ਇਸ ਸਰੀਰ ਵਿਚ ਰਹਿੰਦਿਆਂ ਹੀ ਕਰ ਲਈਆਂ ਹਨ। ਉਹ ਉਸ ਇਕ ਦੀ ਖੋਜ ਨੂੰ ਪਿਛੇ ਨਹੀਂ ਪਾਉਂਦੇ, ਉਹ ਭੋਗ ਵਿਚ ਨਹੀਂ ਪੈਂਦੇ, ਉਹ ਕੇਵਲ ਉਸ ਇਕ ਦੇ ਅਨੰਦ ਵਿਚ ਹੀ ਰਹਿੰਦੇ ਹਨ ਜੋ ਉਨ੍ਹਾਂ ਨੂੰ ਸੰਸਾਰ ਵਿਚ ਪ੍ਰਾਪਤ ਹੈ। ਉਸ ਨੂੰ ਉਹ ਛੱਡਣ ਲਈ ਤਿਆਰ ਹਨ, ਛੱਡ ਦਿੰਦੇ ਹਨ, ਪਰ ਉਸ ਇਕ ਨੂੰ ਅਨੁਭਵ ਕਰਨ ਲਈ ਉਸ ਇਕ ਦੀ ਪ੍ਰਾਪਤੀ ਲਈ ਉਹ ਸਦਾ ਹੀ ਤਤਪਰ ਰਹਿੰਦੇ ਹਨ, ਉਸ ਇਕ ਦੀ ਪ੍ਰਾਪਤੀ ਸਭ ਦਾ ਅਧਿਕਾਰ ਹੈ, ਉਸਦੀ ਪ੍ਰਾਪਤੀ ਬੜੀ ਹੀ ਅਨੰਦਮਈ ਤੇ ਭਰਪੂਰ ਕਰਨ ਵਾਲੀ ਹੁੰਦੀ ਹੈ, ਉਹ ਸਭ ਤੋਂ ਉਚਾ ਸੁੱਚਾ ਅਨੰਦ ਹੈ ਸ਼ੁੱਧ ਗਿਆਨ ਹੈ, ਸ਼ਾਂਤੀ ਹੈ, ਸਥਿਰਤਾ ਹੈ, ਸੁੰਨ ਹੈ।

ਗਿਆਨੀ ਹਰ ਕੋਸ਼ਿਸ਼ ਕਰਦਾ ਹੈ ਕਿ ਉਹ ਇਥੇ ਵੀ ਖੁਸ਼ ਰਹੇ ਅੱਗੇ ਜਾ ਕੇ ਵੀ ਅਨੰਦ ਵਿਚ ਰਹੇ, ਬਹੁਤ ਸਾਰੇ ਇਸ ਕੋਸ਼ਿਸ਼ ਵਿਚ ਸਫਲ ਵੀ ਹੋ ਜਾਂਦੇ ਹਨ, ਉਨ੍ਹਾਂ ਨੂੰ ਸੱਚਾ ਅਨੰਦ ਪ੍ਰਾਪਤ ਹੋ ਜਾਂਦਾ ਹੈ, ਇਸ ਸਰੀਰ ਵਿਚ ਰਹਿੰਦਿਆਂ ਹੀ ਹੋ ਜਾਂਦਾ ਹੈ, ਜਦੋਂ ਉਹ ਸਰੀਰ ਛੱਡਦੇ ਹਨ ਉਹ ਲਾਚਾਰ ਨਹੀਂ ਹੁੰਦੇ, ਮਜ਼ਬੂਰ ਨਹੀਂ ਹੁੰਦੇ ਜਿਵੇਂ ਆਮ ਮਨੁੱਖ ਹੁੰਦਾ ਹੈ, ਉਹ ਪੂਰੀ ਚੇਤਨਤਾ ਵਿਚ ਸਰੀਰ ਛੱਡਦੇ ਹਨ, ਉਹ ਇਥੇ ਵੀ ਸੁਤੰਤਰ ਹੁੰਦੇ ਹਨ ਅੱਗੇ ਵੀ ਸੁਤੰਤਰ ਹੀ ਰਹਿੰਦੇ ਹਨ।

ਗਿਆਨ ਹਰ ਕੋਸ਼ਿਸ਼ ਕਰਦਾ ਹੈ ਕਿ ਉਹ ਇਥੇ ਵੀ ਖੁਸ਼ ਰਹੇ, ਅੱਗੇ ਜਾ ਕੇ ਵੀ ਅਨੰਦ ਵਿਚ ਰਹੇ, ਬਹੁਤ ਸਾਰੇ ਇਸ ਕੋਸ਼ਿਸ਼ ਵਿਚ ਸਫਲ ਵੀ ਹੋ ਜਾਂਦੇ ਹਨ, ਉਨ੍ਹਾਂ ਨੂੰ ਸੱਚਾ ਅਨੰਦ ਪ੍ਰਾਪਤ ਹੋ ਜਾਂਦਾ ਹੈ, ਇਸ ਸਰੀਰ ਵਿਚ ਰਹਿੰਦਿਆਂ ਹੀ ਹੋ ਜਾਂਦਾ ਹੈ, ਜਦੋਂ ਉਹ ਸਰੀਰ ਛਡਦੇ ਹਨ, ਉਹ ਲਾਚਾਰ ਨਹੀਂ ਹੁੰਦੇ, ਮਜ਼ਬੂਰ ਨਹੀਂ ਹੁੰਦੇ ਜਿਵੇਂ ਆਮ ਮਨੁੱਖ ਹੁੰਦਾ ਹੈ, ਉਹ ਪੂਰੀ ਚੇਤਨਤਾ ਵਿਚ ਸਰੀਰ ਛਡਦੇ ਹਨ ਉਹ ਇਥੇ ਵੀ ਸੁਤੰਤਰ ਹੁੰਦੇ ਹਨ ਅੱਗੇ ਵੀ ਸੁਤੰਤਰ ਹੀ ਰਹਿੰਦੇ ਹਨ।

ਜੇ ਤੁਸੀਂ ਇਸ ਸੰਸਾਰ ਦੀਆਂ ਇਛਾਵਾਂ ਤੋਂ ਮੁਕਤ ਨਹੀਂ ਹੋ, ਉਸ ਕ੍ਰੋਧ ਤੋਂ ਮੁਕਤ ਨਹੀਂ ਹੋ ਜਿਹੜਾ ਕ੍ਰੋਧ ਇੱਛਾ ਦੀ ਪੂਰਤੀ ਨਾ ਹੋਣ ਕਰਕੇ ਹੈ ਤਾਂ ਤੁਸੀਂ ਹਰ ਸਮੇਂ ਸੰਤਾਪੇ ਹੀ ਰਹੋਗੇ, ਇਥੇ ਵੀ ਅੱਗੇ ਵੀ। ਸਾਧਨਾ ਦੇ ਪੱਖੋਂ ਸਾਧਕ ਦੀ ਇਹ ਪਹਿਲੀ ਡਿਊਟੀ ਬਣਦੀ ਹੈ ਉਹ ਸਾਧਨਾ ਵਿਚ

ਦ੍ਰਿੜ੍ਹ ਰਹੇ, ਸ਼ਰਧਾਲੂ ਰਹੇ ਇੱਛਾ ਸ਼ਕਤੀ ਨੂੰ ਬਲਵਾਨ ਬਣਾਏ ਤਾਂ ਜੋ ਉਸ ਦੀਆਂ ਸ਼ਕਤੀਆਂ ਛੋਟੀਆਂ-ਛੋਟੀਆਂ ਸੰਸਾਰਕ ਗੱਲਾਂ ਵਿਚ ਨਾ ਲੱਗਣ। ਉਸ ਨੂੰ ਪਤਾ ਹੈ ਕਿ ਉਸ ਲਈ ਕੋਈ ਬਾਹਾਂ ਉਲਾਰ ਕੇ ਉਡੀਕ ਕਰ ਰਿਹਾ ਹੈ ਉਸ ਦਾ ਇਕ ਦਾ ਪਿਆਰ ਉਸ ਦੀ ਉਡੀਕ ਕਰ ਰਿਹਾ ਹੈ ਉਹ ਪਿਆਰ ਜਿਹੜਾ ਸਥਾਈ ਅਨੰਦ ਬਣ ਜਾਵੇਗਾ ਗਿਆਨੀ, ਨਿਰਲੇਪ ਹੋਣ ਨਿਸ਼ਕਾਮ ਹੋਣ ਲਈ ਅਗਲੇ ਜੀਵਨ ਦੀ ਉਡੀਕ ਨਹੀਂ ਕਰਦੇ ਉਹ ਇਸ ਜੀਵਨ ਵਿਚ ਹੀ ਨਿਰਲੇਪ ਹੋ ਜਾਂਦੇ ਹਨ, ਨਿਸ਼ਕਾਮ ਹੋ ਜਾਂਦੇ ਹਨ, ਮਰਨ ਦਾ ਡਰ ਜਿਹੜਾ ਆਮ ਮਨੁੱਖ ਨੂੰ ਲਗਦਾ ਹੈ ਉਹ ਗਿਆਨੀ ਨੂੰ, ਮਹਾਂਪੁਰਖਾਂ ਨੂੰ ਨਹੀਂ ਲਗਦਾ ਕਿਉਂਕਿ ਉਹ ਤਾਂ ਆਪਣੇ ਸਰੀਰ ਤੋਂ ਵੀ ਨਿਰਲੇਪ ਹੀ ਹਨ।

24. ਉਹ ਜਿਹੜਾ ਆਪਣੇ ਅੰਦਰ ਸੁਖੀ ਹੈ, ਜੋ ਆਪਣੇ ਅੰਦਰ ਅਨੰਦਿਤ ਹੈ, ਜਿਸ ਦੇ ਅੰਦਰ ਪ੍ਰਕਾਸ਼ ਹੈ ਇਹੋ ਜਿਹਾ ਯੋਗੀ ਬ੍ਰਹਮ ਹੀ ਬਣ ਗਿਆ ਹੈ, ਬ੍ਰਹਮ ਨਾਲ ਹੀ ਅਭੇਦ ਹੋ ਗਿਆ ਹੈ।

25. ਜਿਨਾਂ ਦੇ ਪਾਪ ਨਸ਼ਟ ਹੋ ਗਏ ਹਨ ਜਿਨ੍ਹਾਂ ਦੇ ਸ਼ੰਕੇ ਨਵਿਰਤ ਹੋ ਗਏ ਹਨ ਜਿਨ੍ਹਾਂ ਨੇ ਆਪਣੇ ਆਪ ਤੇ ਕਾਬੂ ਪਾ ਲਿਆ ਹੈ ਜਿਹੜੇ ਸਰਬੱਤ ਦਾ ਭਲਾ ਮੰਗਦੇ ਹਨ ਇਹੋ ਜਿਹੇ ਮਹਾਂਪੁਰਖ ਸ਼ਾਂਤ ਬ੍ਰਹਮ ਨੂੰ ਪ੍ਰਾਪਤ ਹੁੰਦੇ ਹਨ।

26. ਜਿਨ੍ਹਾਂ ਦੇ ਮਨ ਕਾਬੂ ਹਨ, ਜਿਨ੍ਹਾਂ ਨੇ ਕਾਮ ਕ੍ਰੋਧ ਤੋਂ ਛੁਟਕਾਰਾ ਪਾ ਲਿਆ ਹੈ ਜਿਨ੍ਹਾਂ ਨੇ ਆਪਾ ਪਛਾਣ ਲਿਆ ਹੈ ਜਿਹੜੇ ਜਤੀ ਹਨ, ਬ੍ਰਹਮ ਨਿਰਵਾਣ ਉਨ੍ਹਾਂ ਦੇ ਨਿਕਟ ਹੈ।

ਸੰਸਾਰ ਵਿਚ ਸੁਖਾਂ ਦੀ ਭਾਲ ਕਰਨੀ ਇਕ ਮ੍ਰਿਗ ਤ੍ਰਿਸ਼ਨਾ ਦੀ ਤਰ੍ਹਾਂ ਹੈ ਭਾਵੇਂ ਕੋਈ ਕਿੰਨਾਂ ਹੀ ਤੇਜ਼ ਕਿਉਂ ਨਾ ਦੌੜ ਲਵੇ, ਮ੍ਰਿਗ ਤ੍ਰਿਸ਼ਨਾ ਕਦੇ ਮਿਟਦੀ ਹੀ ਨਹੀਂ, ਭਾਵੇਂ ਉਹ ਉਥੇ ਪਹੁੰਚ ਵੀ ਜਾਵੇ ਜਿਥੇ ਉਸ ਨੇ ਸੋਚਿਆ ਸੀ ਉਸ ਦਾ ਗੋਲ ਹੈ, (ਜਿਥੇ ਭਰਮ ਜਲ ਪ੍ਰਤੀਤ ਦਿੰਦਾ ਹੈ) ਇਸ ਸੰਸਾਰ ਵਿਚ ਖੁਸ਼ੀ ਦੀ ਪ੍ਰਾਪਤੀ ਅਸੰਭਵ ਹੈ ਕਿਉਂਕਿ ਅਨੰਦ ਅੰਦਰ ਹੈ ਅਸੀਂ ਉਸ ਨੂੰ ਬਾਹਰ ਦੀਆਂ ਵਸਤੂਆਂ ਵਿਚ ਢੂੰਡ ਰਹੇ ਹਾਂ, ਖੁਸ਼ ਹੋਣ ਲਈ ਅੰਦਰ ਹੀ ਜਾਣਾ ਪਵੇਗਾ, ਜਿਹੜੇ ਪਹੁੰਚੇ ਹੋਏ ਮਹਾਂਪੁਰਖ ਹਨ ਉਹ ਸਦਾ ਹੀ ਅਨੰਦ ਦੀ ਅਵਸਥਾ ਵਿਚ ਰਹਿੰਦੇ ਹਨ ਉਨ੍ਹਾਂ ਦੀ ਸ਼ਾਂਤੀ ਸਥਿਰ ਹੈ ਉਨ੍ਹਾਂ ਦਾ ਮਨ ਸਥਿਰ ਹੈ, ਗਿਆਨ ਉਨ੍ਹਾਂ ਦੇ ਸਾਰੇ ਸ਼ੰਕੇ ਨਵਿਰਤ ਕਰ ਦਿੰਦਾ ਹੈ ਜਦੋਂ ਸ਼ੰਕੇ ਨਵਿਰਤ ਹੋ ਜਾਂਦੇ ਹਨ ਤਾਂ ਮਨ ਨਿਰਮਲ ਜਲ ਦੀ ਤਰ੍ਹਾਂ ਹੋ ਜਾਂਦਾ ਹੈ ਤੇ ਸਭ ਕੁਝ ਸਾਫ ਦਿਸਣ ਲਗ ਪੈਂਦਾ ਹੈ ਪਰ ਇਹ ਸਭ ਕੁਝ ਤਾਂ ਹੀ ਹੁੰਦਾ ਹੈ ਜਦੋਂ ਆਤਮ ਗਿਆਨ ਹੋ ਜਾਵੇ, ਇਹ ਗਿਆਨ ਸੰਪੂਰਨ ਗਿਆਨ ਹੈ, ਸਥਾਈ ਹੈ ਜਿਹੜੇ ਭੋਗਾਂ ਵਿਚ ਲਗ ਜਾਂਦੇ ਹਨ ਉਨ੍ਹਾਂ ਦੇ ਮਨ ਸਾਫ ਨਹੀਂ ਰਹਿੰਦੇ ਉਹ ਕਿਸੇ ਚੀਜ਼ ਨੂੰ ਠੀਕ ਤਰ੍ਹਾਂ ਨਾ ਦੇਖ ਸਕਦੇ ਹਨ ਨਾ ਹੀ ਕੰਮ ਕਰ ਸਕਦੇ ਹਨ ਉਹ ਸੰਸਿਆਂ ਵਿਚ ਹੀ ਰਹਿੰਦੇ ਹਨ, ਉਹ ਅਤਿ ਦੁਖੀ ਰਹਿੰਦੇ ਹਨ ਉਹ ਆਪਣੇ ਲਈ ਸਮੱਸਿਆ

ਖੜ੍ਹੀਆਂ ਕਰ ਰਖਦੇ ਹਨ ਉਹ ਕਿਸੇ ਸਮੱਸਿਆ ਦਾ ਸਮਾਧਾਨ ਨਹੀਂ ਕਰ ਸਕਦੇ।

ਗੀਤਾ ਦੇ ਸੰਦੇਸ਼ ਅਨੁਸਾਰ 'ਬ੍ਰਹਮ ਨਿਰਵਾਣ'। ਅਨੰਦ ਦੀ ਅੰਤਮ ਸੀਮਾ ਹੈ, ਇਹ ਅਨੰਦ ਅਵਸਥਾ ਦੀ ਪ੍ਰਾਪਤੀ ਉਨ੍ਹਾਂ ਨੂੰ ਹੁੰਦੀ ਹੈ ਜਿਹੜੇ ਪੂਰਨ ਸੰਜਮ ਵਿਚ ਰਹਿੰਦੇ ਹਨ ਅਤੇ ਜਿਨ੍ਹਾਂ ਦੇ ਸਾਰੇ ਸ਼ੰਕੇ ਗਿਆਨ ਰਾਹੀਂ ਨਵਿਰਤ ਹੋ ਚੁੱਕੇ ਹਨ ਇਹ ਮਹਾਂਪੁਰਖ ਇਸ ਅਵਸਥਾ ਤੇ ਪਹੁੰਚ ਕੇ ਧਰਤੀ ਦੇ ਰਹਿੰਦਿਆਂ ਵੀ ਸਾਰੇ ਪ੍ਰਾਣੀਆਂ ਦੀ ਨਿਸੁਆਰਥ ਹੋ ਕੇ ਸੇਵਾ ਕਰਦੇ ਰਹਿੰਦੇ ਹਨ, ਜਿਨ੍ਹਾਂ ਨੇ ਆਪਾ ਚੀਨ ਲਿਆ ਹੈ ਮਨ ਅਤੇ ਹਿਰਦਾ ਸ਼ੁਧ ਕਰ ਲਿਆ ਹੈ, ਇਛਾਵਾਂ ਅਤੇ ਕ੍ਰੋਧ ਤੇ ਪੂਰਾ ਕਾਬੂ ਪਾ ਲਿਆ ਹੈ, ਜਿਨ੍ਹਾਂ ਦਾ ਮਨ ਪੂਰੀ ਤਰ੍ਹਾਂ ਉਨ੍ਹਾਂ ਦੇ ਕਾਬੂ ਹੈ ਉਹ ਅੰਦਰੋਂ ਬਾਹਰੋਂ ਸ਼ਾਂਤ ਹਨ।

ਜਿਨ੍ਹਾਂ ਨੇ ਆਪਣਾ ਜੀਵਨ ਮਾਨਵਤਾ ਦੀ ਸੇਵਾ ਵਿਚ ਲਾ ਦਿਤਾ ਹੈ, ਉਨ੍ਹਾਂ ਦਾ ਨਾ ਤਾਂ ਕੋਈ ਸੁਆਰਥ ਹੀ ਰਹਿੰਦਾ ਹੈ ਨਾ ਹੀ ਕੋਈ ਇਛਾਵਾਂ। ਉਨ੍ਹਾਂ ਲਈ ਇਛਾਵਾਂ ਤੇ ਕਾਬੂ ਪਾਉਣਾ ਬੜਾ ਸੌਖਾ ਹੈ, ਕ੍ਰੋਧ ਤੇ ਕਾਬੂ ਪਾਉਣਾ ਸੌਖਾ ਹੈ, ਸੁਆਰਥੀਆਂ ਦਾ ਆਪਣੇ ਆਪ ਤੇ ਕੋਈ ਕਾਬੂ ਨਹੀਂ ਹੁੰਦਾ ਉਨ੍ਹਾਂ ਦੇ ਅੰਦਰ ਇਛਾਵਾਂ ਭਰੀਆਂ ਹੁੰਦੀਆਂ ਹਨ, ਉਹ ਸਦਾ ਕ੍ਰੋਧ ਵਿਚ ਹੀ ਰਹਿੰਦੇ ਹਨ, ਉਨ੍ਹਾਂ ਦਾ ਆਪਣੇ ਆਪ ਤੇ ਕਿਸੇ ਕਿਸਮ ਦਾ ਸੰਜਮ ਨਹੀਂ ਹੁੰਦਾ। ਕ੍ਰੋਧ ਦਾ ਸਭ ਤੋਂ ਵੱਡਾ ਕਾਰਣ ਇਛਾਵਾਂ ਦੀ ਪੂਰਤੀ ਨਾ ਹੋਣਾ ਹੈ ਕ੍ਰੋਧ ਇਕ ਐਸੀ ਬੁਰਾਈ ਹੈ ਜਿਹੜੀ ਤੁਹਾਡੇ ਨਾੜੀ ਵਿਭਾਗ ਨੂੰ ਤਹਿਸ ਨਹਿਸ ਕਰ ਦਿੰਦਾ ਹੈ, ਸਰੀਰ ਦਾ ਸੰਤੁਲਨ ਵਿਗਾੜ ਦਿੰਦਾ ਹੈ, ਮਨ ਦਾ ਸੰਤੁਲਨ ਵਿਗਾੜ ਦਿੰਦਾ ਹੈ ਅਤੇ ਸਾਹ ਲੈਣ ਦੀ ਕ੍ਰਿਆ ਤੇ ਵੀ ਅਸਰ ਕਰਦਾ ਹੈ, ਜਿਹੜੇ ਸਦਾ ਇਛਾ ਪੂਰਤੀ ਵਿਚ ਹੀ ਲੱਗੇ ਰਹਿੰਦੇ ਹਨ, ਉਹ ਕਦੀ ਪ੍ਰਸੰਨ ਨਹੀਂ ਰਹਿ ਸਕਦੇ ਕਿਉਂਕਿ ਇਕ ਇੱਛਾ ਪੂਰਨ ਕਰਨ ਨਾਲ ਹੋਰ ਬਹੁਤ ਸਾਰੀਆਂ ਇਛਾਵਾਂ ਪੈਦਾ ਹੋ ਜਾਂਦੀਆਂ ਹਨ ਅੰਤ ਵਿਚ ਇਛਾਵਾਂ ਦਾ ਐਸਾ ਭਵਸਾਗਰ ਬਣ ਜਾਂਦਾ ਹੈ, ਭਾਵ ਦੁਖਾਂ ਦਾ ਕਾਰਣ ਬਣ ਜਾਂਦਾ ਹੈ ਪਰ ਜਿਹੜੇ ਬ੍ਰਹਮਾ ਦੀ ਹੋਂਦ ਜਾਣਦੇ ਹਨ ਉਹ ਮਨ ਤੇ ਕਾਬੂ ਰਖਣਾ ਜਾਣਦੇ ਹਨ ਉਹ ਧੰਨ ਹਨ, ਉਹ ਸ਼ਾਂਤ ਹਨ, ਉਨ੍ਹਾਂ ਦੀ ਸ਼ਾਂਤੀ ਸਥਾਈ ਹੈ ਕਿਉਂਕਿ ਉਨ੍ਹਾਂ ਨੂੰ ਆਤਮ ਗਿਆਨ ਦੀ ਪ੍ਰਾਪਤੀ ਹੋ ਗਈ ਹੈ।

27. ਬਾਹਰ ਦੇ ਸਪਰਸ਼ਾਂ ਨੂੰ ਬਾਹਰ ਹੀ ਰਖਦਾ ਹੋਇਆ ਨਿਗ੍ਹਾ ਦੇ ਭਰਵੱਟਿਆਂ ਦੇ ਵਿਚਕਾਰ ਲਗਾ ਕੇ, ਅੰਦਰ ਜਾਣ, ਬਾਹਰ ਆਉਣ ਵਾਲੇ ਸਾਹ ਨੂੰ ਭਾਵ ਪ੍ਰਾਣ ਅਪਾਨ ਨੂੰ ਸਮ ਕਰਕੇ ਚਲਾਵੇ।

28. ਜਿਸ ਨੇ ਇੰਦ੍ਰੀਆਂ ਮਨ ਤੇ ਬੁੱਧੀ ਵਸ ਕਰ ਲਏ ਹਨ, ਜੋ ਕੇਵਲ ਮੁਕਤੀ ਹੀ ਚਾਹੁੰਦਾ ਹੈ ਜਿਸ ਨੇ ਇਛਾਵਾਂ ਤੇ, ਭੈ ਤੇ ਅਤੇ ਕ੍ਰੋਧ ਤੇ ਕਾਬੂ ਪਾ ਲਿਆ ਹੈ ਉਹ ਸਦਾ ਹੀ ਸੁਤੰਤਰ ਹੈ, ਉਹ ਮੁਨੀ ਸਦਾ ਮੁਕਤ ਹੈ।

29. ਮੈਂ ਮਾਲਕ ਹਾਂ, ਯੱਗ ਅਤੇ ਤਪਾਂਦਾ ਭੋਗਣ ਵਾਲਾ ਹਾਂ, ਸਭ ਪ੍ਰਾਣੀਆਂ ਦਾ ਮਿਤਰ ਹੈ ਜੋ ਮੈਨੂੰ ਇਸ ਤਰ੍ਹਾਂ ਕਰਕੇ ਜਾਣਦਾ ਹੈ ਉਹ ਸ਼ਾਂਤੀ ਪ੍ਰਾਪਤ ਕਰਦਾ ਹੈ।

ਇਨ੍ਹਾਂ ਸ਼ਲੋਕਾਂ ਵਿਚ ਸਾਧਨਾ ਦੇ ਪ੍ਰੈਕਟੀਕਲ ਤਰੀਕੇ ਦੱਸੇ ਗਏ ਹਨ ਜਿਨ੍ਹਾਂ ਨਾਲ ਮਨ ਇਕਾਗਰ ਹੁੰਦਾ ਹੈ ਤੇ ਸਾਧਨ ਵਿਚ ਲਗਦਾ ਹੈ, ਜਦੋਂ ਜਗਿਆਸੂ ਸਥਿਰ ਹੋਣਾ ਸਿੱਖ ਲੈਂਦਾ ਹੈ ਭਾਵ ਉਹ ਆਪਣਾ ਸਿਰ, ਗਰਦਨ, ਧੜ ਸਿੱਧਾ ਰਖ ਕੇ ਬੈਠਣਾ ਸਿੱਖ ਜਾਂਦਾ ਹੈ, ਇਸ ਤਰ੍ਹਾਂ ਆਰਾਮ ਨਾਲ ਬੈਠ ਸਕਦਾ ਹੈ ਭਾਵ ਜਾਂ ਤਾਂ ਸੁਖ ਆਸਨ ਵਿਚ ਸਹਿਜ ਤਰੀਕੇ ਨਾਲ ਜਾਂ ਸਿੱਧ ਆਸਨ ਵਿਚ ਜਿਸ ਤਰ੍ਹਾਂ ਯੋਗੀ ਬੈਠਦੇ ਹਨ ਜਦੋਂ ਉਹ ਇਕੋ ਹੀ ਆਸਨ ਵਿਚ ਇਕੋ ਤਰੀਕੇ ਨਾਲ ਰੋਜ਼ ਬੈਠਦਾ ਹੈ ਜਿਹੜੀ ਵੀ ਬੇਚੈਨੀ ਸਰੀਰ ਵਿਚ ਉਠਦੀ ਹੈ ਜਿਵੇਂ ਕਾਂਬਾ, ਝੰਜੋੜਨਾ, ਹਿਲਾਉਣਾ, ਝਟਕਾ ਦੇਣਾ ਉਹ ਸਭ ਸੋਧੇ ਜਾਂਦੇ ਹਨ।

ਸਤਾਈਵੇਂ ਸਲੋਕ ਵਿਚ ਦਸਿਆ ਗਿਆ ਹੈ ਕਿ ਨਿਗ੍ਹਾ ਨੂੰ ਦੋਨੋਂ ਭਰਵੱਟਿਆਂ ਦੇ ਵਿਚ ਲਗਾਉਣਾ ਹੈ ਇਸ ਦੇ ਦੋ ਅਰਥ ਹਨ ਇਕ ਤਾਂ ਤ੍ਰਾਟਕ ਦਾ ਅਭਿਆਸ ਕਰਨਾ ਹੈ (ਬਾਹਰ ਦੇਖਦਾ) ਇਸ ਨਾਲ ਮਨ ਦੀ ਇਕਾਗਰਤਾ ਪ੍ਰਾਪਤ ਹੁੰਦੀ ਹੈ ਪਰ ਇਹ ਅੱਖਾਂ ਦੀ ਜੋਤੀ ਠੀਕ ਕਰਨ ਲਈ ਕੀਤਾ ਜਾਂਦਾ ਹੈ। ਦੂਸਰਾ ਅਰਥ ਹੈ ਮਨ ਨੂੰ ਦੋਨੋਂ ਭਰਵੱਟਿਆਂ ਦੇ ਵਿਚਕਾਰ ਇਕਾਗਰ ਕਰਨਾ ਤੇ ਮਨ ਤੇ ਕਾਬੂ ਪਾਉਣਾ, ਇਥੋਂ ਤਕ ਇਕਾਗਰ ਕਰਨਾ ਜਿਸ ਨਾਲ ਇਕ ਬਿੰਦੂ ਤੇ ਇਕਾਗਰ ਹੋ ਸਕੇ ਅਤੇ ਅੰਤਰਮੁਖੀ ਹੋ ਜਾਵੇ, ਇਸ ਸ਼ਲੋਕ ਤੇ ਅਨੇਕਾਂ ਹੀ ਵਿਆਖਿਆ ਹਨ ਬਹੁਤ ਸਾਰੀਆਂ ਗੁਮਰਾਹ ਕਰਨ ਵਾਲੀਆਂ ਹਨ, ਆਗਿਆ ਚੱਕਰ ਤੇ ਇਕਾਗਰ ਕਰਨਾ, ਧਿਆਨ ਲਗਾਉਣਾ ਇਹ ਅੰਤਰ ਧਿਆਨ ਹੋ ਕੇ ਕਰਨਾ ਚਾਹੀਦਾ ਹੈ, ਨਾ ਕਿ ਬਾਹਰੋਂ ਇਹ ਤਾਂ ਇਕ ਹਾਸੋ ਹੀਣੀ ਗੱਲ ਲਗਦੀ ਹੈ ਜਦੋਂ ਵਿਆਖਿਆਕਾਰ ਦਸਦੇ ਹਨ ਕਿ ਤੁਸੀਂ ਡੇਲੇ ਉਪਰ ਕਰਕੇ ਭਰਵੱਟਿਆਂ ਦੇ ਵਿਚਕਾਰ ਨਿਗ੍ਹਾ ਇਕਾਗਰ ਕਰੋ ਜਿਹੜਾ ਵੀ ਕੋਈ ਇਸ ਤਰ੍ਹਾਂ ਕਰੇਗਾ, ਉਸ ਦੇ ਸਿਰ ਦਰਦ ਹੋ ਜਾਏਗੀ ਤੇ ਉਹ ਦੁਬਾਰਾ ਉਸ ਤਰ੍ਹਾਂ ਕਰਨਾ ਹੀ ਨਹੀਂ ਚਾਹੇਗਾ ਇਸ ਤਰ੍ਹਾਂ ਅੱਖਾਂ ਨੂੰ ਸਥਿਰ ਕਰਕੇ ਕਦੀ ਧਿਆਨ ਨਾ ਲਗਾਓ, ਇਹ ਧਿਆਨ ਕਰਨ ਦਾ ਤਰੀਕਾ ਨਹੀਂ ਹੈ।

ਇਸ ਸਲੋਕ ਦੀ ਦੂਸਰੀ ਲਾਈਨ ਅਭਿਆਸ ਕਰਨ ਦਾ ਤਰੀਕਾ ਬੜਾ ਖੋਲ੍ਹ ਕੇ ਦਸਦੀ ਹੈ ਪਰ ਇਸ ਨੂੰ ਸਾਧਕ ਹੀ ਸਮਝ ਸਕਦਾ ਹੈ ਬੁੱਧੀ ਜੀਵ ਨਹੀਂ, ਧਿਆਨ ਜਦੋਂ ਅੰਦਰ ਜਾਣ ਵਾਲੇ ਅਤੇ ਬਾਹਰ ਆਉਣ ਵਾਲੇ ਸਾਹ ਤੇ ਇਕਾਗਰ ਕੀਤਾ ਜਾਂਦਾ ਹੈ ਭਾਵ ਪ੍ਰਾਣ ਅਤੇ ਅਪਾਨ ਤੇ ਉਸ ਦਾ ਭਾਵ ਇਸ ਕ੍ਰਿਆ ਤੋਂ ਸਤ੍ਰਕ ਹੋਣਾ ਹੈ। ਇਸ ਤਰ੍ਹਾਂ ਪ੍ਰਾਣ ਅਤੇ ਅਪਾਨ ਲਈ ਸਤ੍ਰਕ ਹੋਣਾ ਅਤੇ ਅੱਖਾਂ ਦੇ ਵਿਚਕਾਰ ਧਿਆਨ ਇਕਾਗਰ ਕਰਨ ਨਾਲ ਸਾਧਕ ਸੁਸ਼ਮਨਾ ਤਕ ਸਹਿਜੇ ਹੀ ਪਹੁੰਚ ਜਾਂਦਾ ਹੈ, ਇਸ ਤੋਂ ਬਿਨਾਂ ਆਗਿਆ ਚੱਕਰ ਤੇ ਧਿਆਨ ਲਾਉਣਾ ਔਖਾ ਹੈ, ਦੂਸਰੇ ਦੋ ਤਰੀਕੇ ਹਨ

ਇਕ ਵਿਚ ਭਰਵੱਟਿਆਂ ਦੇ ਵਿਚ ਧਿਆਨ ਲਗਾਉਣ ਲਈ ਕਿਹਾ ਜਾਂਦਾ ਹੈ ਦੂਸਰੇ ਵਿਚ ਨੱਕ ਦੇ ਸਿਰੇ ਤੇ ਧਿਆਨ ਲਗਾਉਣ ਲਈ ਕਿਹਾ ਜਾਂਦਾ ਹੈ - ਇਹ ਤ੍ਰਾਟਕ ਹੈ। ਇਸ ਤ੍ਰਾਟਕ ਦਾ ਪ੍ਰਾਣ ਅਪਾਨ ਨਾਲ ਕੋਈ ਸਬੰਧ ਨਹੀਂ, ਜਦੋਂ ਦੋਨੋਂ ਨਾਸਿਕਾ ਇਕੋ ਤਰ੍ਹਾਂ ਚਲਣ ਲਗ ਪੈਂਦੀਆਂ ਹਨ ਭਾਵ ਅੰਦਰ ਜਾਣ ਵਾਲਾ ਸਾਹ ਤੇ ਬਾਹਰ ਆਉਣ ਵਾਲਾ ਸਾਹ ਸਮ ਹੋ ਜਾਂਦੇ ਹਨ ਇਸ ਕ੍ਰਿਆ ਨੂੰ ਸੁਸ਼ਮਨਾ ਦਾ ਕ੍ਰਿਆਸ਼ੀਲ ਹੋਣਾ ਕਿਹਾ ਜਾਂਦਾ ਹੈ। ਇਸ ਤਰ੍ਹਾਂ ਸਮਾਨਤਾ ਤੋਂ ਬਿਨਾਂ ਸੁਸ਼ਮਨਾ ਕ੍ਰਿਆਸ਼ੀਲ ਨਹੀਂ ਹੋ ਸਕਦੀ, ਜਿਹੜੇ ਸਾਧਨਾ ਦੇ ਮਾਰਗ ਤੇ ਹਨ ਧਿਆਨ ਮਾਰਗ ਤੇ ਹਨ ਉਨ੍ਹਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਸੁਸ਼ਮਨਾ ਨੂੰ ਕ੍ਰਿਆਸ਼ੀਲ ਕੀਤੇ ਬਿਨਾਂ ਨਾ ਤਾਂ ਮਨ ਨੂੰ ਸਾਧਿਆ ਜਾ ਸਕਦਾ ਹੈ ਨਾ ਹੀ ਮਨ ਤੇ ਕਾਬੂ ਪਾਇਆ ਜਾ ਸਕਦਾ ਹੈ, ਭਾਵੇਂ ਕੋਈ ਕਿੰਨਾਂ ਵੀ ਕਿਉਂ ਨਾ ਕਹੇ ਉਹ ਸਾਧਨਾ ਕਰਦਾ ਹੈ, ਉਸ ਦਾ ਅਭਿਆਸ ਅਧੂਰਾ ਹੈ ਉਸ ਦਾ ਤਰੀਕਾ ਅਧੂਰਾ ਹੈ, ਗਲਤ ਹੈ ਜੇ ਸੁਸ਼ਮਨਾ ਨੂੰ ਨਹੀਂ ਕ੍ਰਿਆਸ਼ੀਲ ਕੀਤਾ। ਜਦੋਂ ਹੀ ਸੁਸ਼ਮਨਾ ਕ੍ਰਿਆਸ਼ੀਲ ਹੁੰਦੀ ਹੈ, ਮਨ ਅਨੰਦਮਈ ਹੋ ਜਾਂਦਾ ਹੈ, ਉਹ ਅਨੰਦ ਜਿਹੜਾ ਹੋਰ ਉਸ ਤਰ੍ਹਾਂ ਮਹਿਸੂਸ ਹੁੰਦਾ ਹੀ ਨਹੀਂ, ਉਸ ਸਮੇਂ ਬਾਹਰ ਦੇ ਸੰਸਾਰ ਦੀ ਹਰ ਖੁਸ਼ੀ ਫਿੱਕੀ ਲਗਦੀ ਹੈ ਕਿਉਂਕਿ ਮਨ ਦੀ ਅਵਸਥਾ ਬੜੀ ਉਚੀ ਹੁੰਦੀ ਹੈ, ਪੂਰਨ ਅਨੰਦਮਈ ਹੁੰਦੀ ਹੈ, ਸੰਸਾਰ ਦੀ ਕੋਈ ਖੁਸ਼ੀ ਉਸ ਦੀ ਤੁਲਨਾ ਨਹੀਂ ਕਰ ਸਕਦੀ।

ਜਦੋਂ ਇਕਾਗਰਤਾ ਪੱਕੀ ਹੋ ਜਾਂਦੀ ਹੈ ਤੇ ਮਨ ਇੰਦ੍ਰੀਆਂ ਵਿਚ ਜਾਣ ਤੋਂ ਰੋਕ ਲੈਂਦੀ ਹੈ, ਇਕ ਦਮ ਫੇਰ ਸੰਭਲ ਕੇ ਹੀ ਇਕ ਤੇ ਉਸ ਇਕ ਤੇ ਧਿਆਨ ਇਕਾਗਰ ਹੋਣ ਲਗ ਪੈਂਦਾ ਹੈ, ਜਿਹੜਾ ਇਕਾਗਰਤਾ ਤੋਂ ਅੱਗੇ ਹੈ, ਇਕ ਮਨ ਇਕ ਚਿੱਤ ਦੀ ਅਵਸਥਾ ਆ ਜਾਂਦੀ ਹੈ, ਮਨ ਫੇਰ ਬਾਹਰ ਨਹੀਂ ਜਾਂਦਾ ਫੇਰ ਇਹ ਆਪਣਾ ਰਸਤਾ ਅੰਦਰ ਹੀ ਲੱਭ ਲੈਂਦਾ ਹੈ, ਇਹ ਧਿਆਨ ਦੀ ਪਹਿਲੀ ਪਉੜੀ ਹੈ, ਜਦੋਂ ਕੋਈ ਵੀ ਸਾਧੂ ਯੋਗੀ ਇਸ ਅਵਸਥਾ ਦੀ ਪ੍ਰਾਪਤੀ ਕਰ ਲੈਂਦਾ ਹੈ, ਉਹ ਮਨ ਨੂੰ ਪੂਰੀ ਤਰ੍ਹਾਂ ਕਾਬੂ ਕਰ ਲੈਂਦਾ ਹੈ ਇਸ ਤਰ੍ਹਾਂ ਕਾਬੂ ਕੀਤਾ ਗਿਆ ਮਨ ਨਿਰਭੈ ਹੁੰਦਾ ਹੈ, ਕ੍ਰੋਧ ਤੋਂ ਰਹਿਤ ਹੁੰਦਾ ਹੈ, ਇੰਦ੍ਰੀਆਂ ਦੇ ਲੋਭ ਤੋਂ ਬਾਹਰ ਹੁੰਦਾ ਹੈ, ਪਰ ਸੁਤੰਤਰਤਾ ਅਜੇ ਸੰਪੂਰਨ ਨਹੀਂ ਹੈ ਇਸ ਇਕਾਗਰ ਤੇ ਇਕਚਿਤਤਾ ਵਿਚ ਅਜੇ ਗਿਆਨ ਦੀ ਕਮੀ ਹੈ, ਗਿਆਨ ਦੀ ਜੋਤੀ ਜਗਾਉਣੀ ਹਾਲੇ ਬਾਕੀ ਹੈ ਇਸ ਗਿਆਨ ਦੀ ਜੋਤੀ ਵਿਚ ਸਾਰੇ ਸੰਸਕਾਰ ਭਸਮ ਹੋ ਜਾਂਦੇ ਹਨ, ਜਦੋਂ ਸੰਸਕਾਰ ਗਿਆਨ ਦੀ ਜੋਤੀ ਵਿਚ ਭਸਮ ਕਰ ਦਿਤੇ ਜਾਂਦੇ ਹਨ ਸੁਤੰਤਰਤਾ ਦੀ ਇਕ ਪਉੜੀ ਹੋਰ ਉਚੀ ਹੋ ਜਾਂਦੀ ਹੈ ਪਰ ਉਹ ਵੀ ਅੰਤਮ ਨਹੀਂ ਹੈ ਅੰਤਮ ਪਉੜੀ ਉਹ ਹੈ ਜਦੋਂ ਜੀਵ ਦਾ ਮਿਲਣ ਆਤਮਾ ਨਾਲ ਹੁੰਦਾ ਹੈ ਉਹ ਆਤਮਾ ਜਿਹੜੀ ਸਰਬ ਵਿਆਪਕ ਹੈ, ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਇਕ ਪਾਣੀ ਦੀ ਬੂੰਦ ਸਾਗਰ ਵਿਚ ਜਾ ਮਿਲਦੀ ਹੈ।

ਸਤਾਈ ਤੇ ਅਠਾਈਵਾਂ ਸ਼ਲੋਕ ਸਾਧਨਾ ਕਰਕੇ, ਵਿਸ਼ੇ ਵਿਕਾਰਾਂ ਇੰਦ੍ਰੀਆਂ ਤੇ ਕਾਬੂ ਪਾਉਣ ਦੀ ਵਿਆਖਿਆ ਕਰਦੇ ਹਨ, ਮਨ ਤੇ ਕਾਬੂ

ਪਾਉਣ ਤੋਂ ਬਾਅਦ ਤੁਸੀਂ ਇਛਾਵਾਂ ਤੇ ਕ੍ਰੋਧ ਤੇ ਕਾਬੂ ਪਾ ਲੈਂਦੇ ਹੋ ਜਦੋਂ ਧਿਆਨ ਲਗਾ ਕੇ ਸਮਾਧੀ ਦਾ ਅਨੁਭਵ ਹੋ ਜਾਂਦਾ ਹੈ ਪੂਰਨ ਸੁਤੰਤਰਤਾ ਦੀ ਪ੍ਰਾਪਤੀ ਹੋ ਜਾਂਦੀ ਹੈ ਤੇ ਇਸ ਤਰ੍ਹਾਂ ਸੁਤੰਤਰ ਹੋਈ ਆਤਮਾ ਸਾਰੇ ਕਰਮ ਤੇ ਫਲ ਪ੍ਰਮੇਸ਼ਰ ਨੂੰ ਹੀ ਅਰਪਣ ਕਰਦੀ ਹੈ, ਉਹ ਪ੍ਰਮਾਤਮਾ ਜਿਹੜਾ ਪਰੀਪੂਰਨ ਹੈ, ਸਰਬ ਵਿਆਪਕ ਹੈ ਇਸ ਤਰ੍ਹਾਂ ਦੀ ਸ਼ਰਧਾ ਨਾਲ ਉਹ ਮੁੜ ਕੇ ਸਵੈ ਚੇਤਨਤਾ ਵਿਚ ਨਹੀਂ ਫਸ ਸਕਦਾ 'ਮੈਂ' ਭਾਵ ਵਿਚ ਨਹੀਂ ਜਾ ਸਕਦਾ।

ਇਥੇ ਪੰਜਵਾਂ ਅਧਿਆਏ ਖਤਮ ਹੁੰਦਾ ਹੈ, ਇਸ ਅਧਿਆਏ ਵਿਚ ਕ੍ਰਿਸ਼ਨ ਜੀ ਅਰਜਨ ਨੂੰ ਕਰਮ ਦੇ ਮਾਰਗ ਤੇ ਲੈ ਜਾਂਦੇ ਹਨ ਜਿਸ ਰਾਹੀਂ ਉਹ ਆਪਣੇ ਆਪ ਤੇ ਮਨ ਤੇ ਪੂਰੀ ਤਰ੍ਹਾਂ ਨਾਲ ਕਾਬੂ ਪਾ ਲੈਂਦਾ ਹੈ, ਉਹ ਸਾਰੀਆਂ ਇਛਾਵਾਂ ਤੇ ਕ੍ਰੋਧ ਦਾ ਤਿਆਗ ਕਰ ਦਿੰਦਾ ਹੈ ਅਤੇ ਸੁਤੰਤਰਤਾ ਪ੍ਰਾਪਤ ਕਰ ਲੈਂਦਾ ਹੈ।

# ਛੇਵਾਂ ਅਧਿਆਇ

## ਧਿਆਨ ਦਾ ਮਾਰਗ (ਧਿਆਨ ਯੋਗ)

1. ਭਗਵਾਨ ਉਚਾਰਣ ਕਰਦੇ ਹਨ –

ਕਰਮਾਂ ਦੇ ਫਲ ਨੂੰ ਤਿਆਗ ਕੇ ਜੋ ਕਰਮ ਕਰਦਾ ਹੈ, ਕੇਵਲ ਉਹ ਕਰਮ ਹੀ ਕਰਦਾ ਹੈ ਜਿਹੜੇ ਕਰਨ ਯੋਗ ਹੁੰਦੇ ਹਨ, ਉਹ ਹੀ ਸੰਨਿਆਸੀ ਹੈ, ਉਹ ਹੀ ਯੋਗੀ ਹੈ। ਉਹ ਨਹੀਂ ਜਿਸ ਨੇ ਅਗਨੀ ਦਾ ਤਿਆਗ ਕੀਤਾ ਹੈ ਤੇ ਕਰਮ ਕਾਂਡਾਂ ਦਾ ਤਿਆਗ ਕੀਤਾ ਹੈ।

2. ਹੇ ਪਾਂਡਵ! ਜਿਸ ਨੂੰ ਸੰਨਿਆਸ ਕਹਿੰਦੇ ਹਨ ਉਸ ਨੂੰ ਕਰਮ ਯੋਗ ਭੀ ਕਹਿੰਦੇ ਹਨ। ਸੰਕਲਪਾਂ ਦੇ ਤਿਆਗ ਤੋਂ ਬਿਨਾਂ ਕੋਈ ਵੀ ਯੋਗੀ ਨਹੀਂ ਹੋ ਸਕਦਾ।

ਪਿਛਲੇ ਅਧਿਆਇ ਵਿਚ ਅਸੀਂ ਪੜ੍ਹ ਆਏ ਹਾਂ ਕਿ ਭੋਗਾਂ ਦਾ ਤਿਆਗ ਕਰਨ ਨਾਲ, ਇਛਾਵਾਂ ਦਾ ਤਿਆਗ ਕਰਨ ਨਾਲ, ਮਨ ਤੇ ਕਾਬੂ ਪਾਉਣਾ ਸੌਖਾ ਹੋ ਜਾਂਦਾ ਹੈ, ਇਛਾਵਾਂ ਦਾ ਤਿਆਗ ਕਰਕੇ ਮਨ ਤੇ ਕਾਬੂ ਪਾ ਕੇ ਤੁਸੀਂ ਸੁਤੰਤਰ ਹੋ ਸਕਦੇ ਹੋ, ਸਭ ਤੋਂ ਉਤਮ ਸੁਤੰਤਰਤਾ ਤਾਂ ਆਤਮ ਗਿਆਨ ਨਾਲ ਹੀ ਆਉਂਦੀ ਹੈ, ਇਸ ਅਧਿਆਇ ਦੇ ਪਹਿਲੇ ਅਤੇ ਦੂਸਰੇ ਸਲੋਕ ਵਿਚ ਕ੍ਰਿਸ਼ਨ ਜੀ ਦਸਦੇ ਹਨ ਸੰਨਿਆਸ ਅਤੇ ਕਰਮਯੋਗ ਵਿਚ ਕੁਝ ਇਕ ਸਮਾਨਤਾਵਾਂ ਹਨ – ਫਲ ਦੀ ਇੱਛਾ ਤੋਂ ਮੁਕਤ ਹੋ ਕੇ ਕਰਮ ਕਰਨੇ, ਇਛਾਵਾਂ ਨੂੰ ਤੇ ਮਨ ਨੂੰ ਕਾਬੂ ਵਿਚ ਰਖਣਾ, ਸ਼ਾਂਤੀ ਪ੍ਰਾਪਤ ਕਰਨੀ।

ਹੁਣ ਅਸੀਂ ਇਨ੍ਹਾਂ ਦੋਨੋਂ ਮਾਰਗਾਂ ਦੀ ਵਿਆਖਿਆ ਕੀਤੇ ਬਿਨਾਂ ਇਹ ਦੇਖਣਾ ਹੈ ਕਿ ਕਿਹੜਾ ਮਾਰਗ ਦੂਸਰੇ ਤੋਂ ਵੱਧ ਚੰਗਾ ਹੈ, ਕਿਹੜਾ ਘੱਟ ਚੰਗਾ ਹੈ, ਦੋਨਾਂ ਵਿਚ ਕੀ ਅੰਤਰ ਹੈ, ਤਿਆਗ ਦੇ ਮਾਰਗ ਤੇ ਫਲ ਦਾ ਤਿਆਗ ਪਿਛੋਂ ਆਉਂਦਾ ਹੈ ਪਹਿਲਾਂ ਤਿਆਗ ਹੈ। ਜੋ ਕੁਝ ਵੀ ਤੁਹਾਡੇ ਕੋਲ ਹੈ ਉਹ ਸਭ ਕੁਝ ਦਾ ਤਿਆਗ ਹੈ। ਸਭ ਤੋਂ ਪਹਿਲਾਂ ਤਿੰਨ ਪ੍ਰਮੁੱਖ ਇਛਾਵਾਂ ਦਾ ਤਿਆਗ ਜਿਨ੍ਹਾਂ ਨੂੰ ਤਿੰਨ ਤ੍ਰਿਸ਼ਨਾ ਕਿਹਾ ਗਿਆ ਹੈ। ਪਹਿਲੀ ਹੈ ਪਤੀ ਪਤਨੀ ਦੀ ਇੱਛਾ, ਬੱਚਿਆਂ ਦੀ ਇੱਛਾ; ਦੂਸਰੀ ਧਨ ਦੀ ਇੱਛਾ; ਤੀਸਰੀ ਹੈ ਸੰਸਾਰ ਵਿਚ ਨਾਉ ਪੈਦਾ ਕਰਨ ਦੀ। ਇਸ ਦੇ ਨਾਲ-ਨਾਲ ਬੈਰਾਗ ਦਾ ਅਭਿਆਸ ਵੀ ਕੀਤਾ ਜਾਂਦਾ ਹੈ, ਉਸ ਦੀ ਪ੍ਰੋੜਤਾ ਕੀਤੀ ਜਾਂਦੀ ਹੈ ਜਿਸ ਤੋਂ ਬਿਨਾਂ ਤਿਆਗ ਸੰਪੂਰਨ ਨਹੀਂ ਹੋ ਸਕਦਾ। ਇਹ ਕਿਹਾ ਜਾਂਦਾ ਹੈ ਕਿ ਤਿਆਗ ਤੇ ਬੈਰਾਗ ਦੇ ਦੋ ਖੰਭਾਂ ਨਾਲ ਤੁਸੀਂ ਇਸ ਜੀਵਨ ਦੇ ਕੰਢੇ ਤੋਂ ਉਚੀ ਉਡਾਰੀ ਮਾਰ ਕੇ ਅਨੰਤਤਾ ਤਕ ਚਲੇ ਜਾਂਦੇ ਹੋ, ਉਹ ਤਿਆਗੀ ਜਿਸ ਨੇ ਸਭ ਕੁਝ ਤਿਆਗ ਦਿਤਾ ਹੈ ਪੂਰੀ ਤਰ੍ਹਾਂ ਨਿਰਲੇਪ ਹੈ ਜਿਸ ਕੋਲ ਆਪਣਾ ਕੁਝ ਹੈ ਹੀ ਨਹੀਂ ਉਹ ਪੂਰਨ ਤਿਆਗੀ ਹੈ। ਇਹੋ ਜਿਹੇ ਤਿਆਗੀ ਵਿਰਲੇ ਹਨ, ਪੂਜਨੀਕ ਹਨ ਕਿਉਂਕਿ ਸੰਸਾਰ ਛੱਡਣਾ ਔਖਾ

ਨਹੀਂ, ਮਮਤਾ ਤੇ ਹੰਗਤਾ ਛੱਡਣੀ ਬਹੁਤ ਔਖੀ ਹੈ ਇਹ ਮਾਰਗ ਕੁਝ ਇਕ ਵਡਭਾਗੀਆਂ ਲਈ ਹੈ, ਆਮ ਮਨੁੱਖਾਂ ਲਈ ਨਹੀਂ। ਇਸ ਨੂੰ ਸੰਨਿਆਸ ਯੋਗ ਜਾਂ ਗਿਆਨ ਯੋਗ ਕਿਹਾ ਜਾਂਦਾ ਹੈ।

ਦੂਸਰਾ ਮਾਰਗ ਕਰਮ ਮਾਰਗ ਹੈ ਇਸ ਵਿਚ ਤੁਸੀਂ ਪੂਰਨ ਗ੍ਰਹਿਸਤੀ ਹੁੰਦੇ ਹੋ, ਸੰਸਾਰ ਵਿਚ ਵਿਚਰਦੇ ਹੋ, ਕੰਮ ਕਰਦੇ ਹੋ, ਨੌਕਰੀਆਂ ਕਰਦੇ ਹੋ ਪਰ ਨਿਰਲੇਪ ਹੋ ਕੇ, ਮੈਂ ਭਾਵ ਤੋਂ ਮੁਕਤ ਹੋ ਕੇ, ਨਿਸ਼ਕਾਮ ਕਰਮ ਕਰਦੇ ਹੋ, ਹਉਮੈ ਭਾਵ ਤੋਂ ਰਹਿਤ ਹੋ ਕੇ ਸਭ ਕੁਝ ਕਰਦੇ ਹੋ। ਕਰਮ ਦੇ ਮਾਰਗ ਦਾ ਇਕ ਬਹੁਤ ਵੱਡਾ ਪ੍ਰਸ਼ਨ ਆਉਂਦਾ ਹੈ ਜਿਹੜੇ ਕਰਮ ਮਾਰਗ ਤੇ ਚਲਦੇ ਹਨ ਕੀ ਉਹ ਨਿਸ਼ਕਾਮ ਹੋ ਕੇ, ਨਿਰਲੇਪ ਹੋ ਕੇ ਮੈਂ ਭਾਵ ਨੂੰ ਛੱਡ ਕੇ ਕਰਮ ਕਰ ਸਕਦੇ ਹਨ? ਕੀ ਕਰਮ ਤੁਹਾਡੀ ਸੁਤੰਤਰਤਾ ਦਾ ਕਾਰਣ ਬਣ ਸਕਦੇ ਹਨ? ਕੀ ਕਰਮ ਕਰਕੇ ਤੁਸੀਂ ਆਤਮ ਸਾਧਨਾ ਪ੍ਰਾਪਤ ਕਰ ਸਕਦੇ ਹੋ? ਉਹ ਆਤਮ ਸਾਧਨ ਜੋ ਜੀਵਨ ਦਾ ਵਾਸਤਵ ਲਕਸ਼ ਹੈ। ਇਸ ਦੇ ਦੋ ਉਤਰ ਹਨ ਪਹਿਲਾ ਨਿਸੁਆਰਥ ਨਾਲ ਕੀਤੇ ਕਰਮ ਅਤੇ ਉਨ੍ਹਾਂ ਕਰਮਾਂ ਦੇ ਫਲ ਉਸ ਪ੍ਰਮਾਤਮਾ ਨੂੰ ਅਰਪਣ ਕਰਨ ਨਾਲ ਜਿਹੜਾ ਸਰਬ ਵਿਆਪਕ ਹੈ, ਕਰਮ ਬੰਧਨ ਨਹੀਂ ਪੈਂਦੇ, ਇਸ ਤਰ੍ਹਾਂ ਕੀਤੇ ਕਰਮ ਤੁਹਾਨੂੰ ਬੰਨ੍ਹ ਨਹੀਂ ਸਕਦੇ, ਨਿਸੁਆਰਥ ਸੇਵਾ ਪ੍ਰਮੁੱਖ ਹੈ। ਦੂਸਰਾ ਇਹ ਹੈ ਚੰਗੇ ਕਰਮ, ਚੰਗੇ ਫਲ ਦਿੰਦੇ ਹਨ ਉਨ੍ਹਾਂ ਦੀ ਵਰਤੋਂ ਸੰਸਾਰ ਵਿਚ ਕਰਕੇ ਚੰਗੇ ਢੰਗ ਨਾਲ ਜੀਵਨ ਬਤੀਤ ਕੀਤਾ ਜਾ ਸਕਦਾ ਹੈ ਤਾਂ ਜੋ ਆਪਣੀਆਂ ਡਿਊਟੀਆਂ ਹੋਰ ਚੰਗੀ ਤਰ੍ਹਾਂ ਨਿਬਾਹੀਆਂ ਜਾ ਸਕਣ।

ਤੁਸੀਂ ਕਿਸੇ ਵੀ ਮਾਰਗ ਤੇ ਕਿਉਂ ਨਾ ਚਲੋ, ਕਰਮ ਤਾਂ ਕਰਨੇ ਹੀ ਪੈਂਦੇ ਹਨ, ਤੁਸੀਂ ਕਰਮ ਕੀਤੇ ਬਿਨਾਂ ਜੀਵਨ ਜੀਅ ਹੀ ਨਹੀਂ ਸਕਦੇ, ਲੋੜ ਹੈ ਕਰਮਾਂ ਨੂੰ ਸਮਝਣ ਦੀ, ਸਮਝ ਕੇ ਕਰਨ ਦੀ ਹੈ। ਕੀ ਮੈਂ ਸਾਤਵਿਕ ਕਰਮ ਕਰ ਰਿਹਾਂ? ਆਪਣੇ ਪੂਰੇ ਸੰਜਮ ਨਾਲ ਕਰ ਰਿਹਾਂ? ਜਾਂ ਰਾਜਸਕ ਗੁਣ ਦੇ ਅਧੀਨ ਹੋ ਕੇ ਜਾਂ ਫੇਰ ਤਾਮਸਿਕ ਗੁਣ ਦੇ ਅਧੀਨ ਹੋ ਕੇ ਕਰਮ ਕਰ ਰਿਹਾ ਹਾਂ। ਕੇਵਲ ਸਾਤਵਿਕ ਗੁਣਾਂ ਦੇ ਵਸ ਹੋ ਕੇ ਕੀਤੇ ਗਏ ਕਰਮ ਹੀ ਬੰਧਨਾਂ ਤੋਂ ਛੁਟਕਾਰਾ ਦੁਆ ਸਕਦੇ ਹਨ, ਸਾਤਵਿਕ ਕਰਮ ਹੀ ਸ਼ਾਂਤੀ ਦੇ ਸਕਦੇ ਹਨ, ਬਾਕੀ ਸਾਰੇ ਕਰਮ ਬੰਧਨ ਹੀ ਬਣਦੇ ਹਨ, ਮਨੁੱਖ ਉਨ੍ਹਾਂ ਨਾਲ ਬੰਨ੍ਹਿਆ ਜਾਂਦਾ ਹੈ, ਯੋਗੀ ਜਿਹੜੇ ਸ਼ਾਂਤੀ ਪ੍ਰਾਪਤ ਕਰਨ ਦੀ ਲੋਚਾ ਰਖਦੇ ਹਨ ਉਹ ਨਿਸ਼ਕਾਮ ਕਰਮ ਕਰਦੇ ਹਨ, ਨਿਸੁਆਰਥ ਕਰਮ ਕਰਦੇ ਹਨ, ਸੂਝ ਬੂਝ ਨਾਲ ਕਰਮ ਕਰਦੇ ਹਨ ਉਨ੍ਹਾਂ ਕੋਲ ਹੁੰਦਾ ਸਭ ਕੁਝ ਹੈ ਪਰ ਉਸ ਦੀ ਵਰਤੋਂ ਉਹ ਕੇਵਲ ਡਿਊਟੀ ਕਰਨ ਲਈ ਹੀ ਕਰਦੇ ਹਨ।

ਕਈ ਜਗਿਆਸੂ ਹੈਰਾਨ ਹੁੰਦੇ ਹਨ ਕਿ ਡਿਊਟੀ ਕਰਦਿਆਂ ਕਿਵੇਂ ਆਤਮ ਗਿਆਨ ਹੋ ਸਕਦਾ ਹੈ ਕਿਉਂਕਿ ਤਿਆਗੀ ਦਸਦੇ ਹਨ ਕਿ ਤਿਆਗ ਤੋਂ ਬਿਨਾਂ ਆਤਮ ਸਿੱਧੀ ਸੰਭਵ ਹੀ ਨਹੀਂ, ਸੰਨਿਆਸੀ ਵੀ ਡਿਊਟੀਆਂ ਕਰਦੇ ਹਨ ਪਰ ਉਹ ਕੇਵਲ ਆਤਮ ਸਿੱਧੀ ਲਈ ਹੀ ਕਰਦੇ ਹਨ, ਉਹ ਸੰਸਾਰਕ ਮਨੁੱਖਾਂ ਲਈ ਕਰਮ ਕਰਨੇ ਜ਼ਰੂਰੀ ਨਹੀਂ ਸਮਝਦੇ,

ਤਿਆਗ ਇਕ ਅੰਦਰ ਦਾ ਮਾਰਗ ਹੈ, ਕਰਮ ਦਾ ਮਾਰਗ ਬਾਹਰ ਦਾ ਮਾਰਗ ਹੈ, ਮਨੋਰਥ ਭਾਵੇਂ ਦੋਨਾਂ ਦਾ ਇਕ ਹੀ ਹੈ, ਕਰਮ ਦੇ ਮਾਰਗ ਤੇ, ਲੋਭ, ਮੋਹ, ਲਾਲਚ ਬਹੁਤ ਕੁਛ ਹੈ। ਤਿਆਗ ਦੇ ਮਾਰਗ ਤੇ ਤੁਹਾਡੇ ਸੰਸਕਾਰ ਹਨ ਜਿਨ੍ਹਾਂ ਤੋਂ ਤੁਸੀਂ ਮੁਕਤ ਹੋਣਾ ਹੈ ਜਿੰਨ੍ਹਾਂ ਤੋਂ ਹਾਲੇ ਤਕ ਤੁਸੀਂ ਛੁਟਕਾਰਾ ਨਹੀਂ ਪਾ ਸਕੇ, ਸੰਸਕਾਰਾਂ ਦਾ ਮਨੁੱਖ ਤੇ ਬੜਾ ਡੂੰਗਾ ਪ੍ਰਭਾਵ ਹੈ, ਸੰਸਕਾਰਾਂ ਕਰਕੇ, ਯੋਗੀ ਕਰਮ ਦੇ ਮਾਰਗ ਤੇ ਉਹ ਕਰਨ ਤੇ ਮਜ਼ਬੂਰ ਹੋ ਜਾਂਦੇ ਹਨ ਜੋ ਉਨ੍ਹਾਂ ਨੂੰ ਨਹੀਂ ਕਰਨਾ ਚਾਹੀਦਾ। ਇਸ ਕਰਕੇ ਸੋਚਣੀ, ਕਥਨੀ ਅਤੇ ਕ੍ਰਿਆ ਨੂੰ ਸ਼ੁਧ ਰੱਖਣਾ ਬੜਾ ਹੀ ਜ਼ਰੂਰੀ ਹੈ ਇਸ ਦਾ ਅਭਿਆਸ ਦੋਨੋਂ ਮਾਰਗਾਂ ਤੇ ਬਹੁਤ ਅਵਸ਼ਕ ਹੈ, ਦੋਨੋਂ ਮਾਰਗਾਂ ਦਾ ਮੰਤਵ ਇਕ ਹੀ ਹੈ, ਇਹ ਮੰਤਵ ਦੇਖਣ ਵਿਚ ਭਾਵੇਂ ਵਖਰੇ ਲਗਦੇ ਹਨ, ਦੋਨਾਂ ਵਿਚੋਂ ਕਿਸੇ ਨੂੰ ਚੰਗਾ ਜਾਂ ਮੰਦਾ ਨਹੀਂ ਸਮਝਣਾ ਚਾਹੀਦਾ।

ਯਥਾਰਥ ਵਿਚ ਯੋਗੀ ਅਤੇ ਸੰਨਿਆਸੀ ਇਕ ਹੀ ਹੈ, ਦੋਨੋਂ ਮਾਰਗਾਂ ਉਤੇ ਕਰਮ ਮਾਰਗ ਤੇ ਅਤੇ ਤਿਆਗ ਮਾਰਗ। ਸਭ ਤੋਂ ਵੱਧ ਜ਼ਰੂਰੀ ਦੋਨੋਂ ਮਾਰਗਾਂ ਦੀ ਕੁੰਜੀ ਹੈ ਕਰਮ ਕਰਕੇ ਫਲ ਦਾ ਤਿਆਗ ਕਰਨਾ। ਜਿਨ੍ਹਾਂ ਨੇ ਕਰਮ ਮਾਰਗ ਦਾ ਤਿਆਗ ਕਰ ਦਿਤਾ ਹੈ ਪਰ ਹਾਲੇ ਵੀ ਫਲ ਦੀ ਇੱਛਾ ਰਖਦੇ ਹਨ ਉਹ ਸੱਚੇ ਤਿਆਗੀ ਨਹੀਂ ਹਨ। ਤਿਆਗ ਦੇ ਮਾਰਗ ਤੇ ਕੋਈ ਵੀ ਪਵਿੱਤਰ ਅਗਨੀ ਨਹੀਂ ਜਗਾਈ ਜਾਂਦੀ, ਕੁਝ ਵੀ ਅਗਨੀ ਭੇਟ ਨਹੀਂ ਕੀਤਾ ਜਾਂਦਾ, ਤਿਆਗੀ ਤਾਂ ਗਿਆਨ ਦੀ ਜੋਤ ਜਗਾ ਕੇ ਉਸ ਵਿਚ ਆਪਣੇ ਸੰਸਕਾਰਾਂ ਦੀ ਅਹੂਤੀ ਪਾਉਂਦੇ ਹਨ, ਤਿਆਗ ਦੇ ਮਾਰਗ ਨੂੰ ਯੋਗ ਦਾ ਮਾਰਗ ਵੀ ਕਿਹਾ ਗਿਆ ਹੈ, ਤਿਆਗ ਦੇ ਮਾਰਗ ਤੇ ਹਰ ਇਕ ਚੀਜ਼ ਦਾ ਤਿਆਗ ਕੀਤਾ ਜਾਂਦਾ ਹੈ ਪਰ ਕੇਵਲ ਮਨੋਰਥ ਦਾ ਤਿਆਗ ਨਹੀਂ ਕੀਤਾ ਜਾਂਦਾ, ਤਿਆਗ ਦਾ ਮਨੋਰਥ ਹੈ ਆਤਮਾ ਦਾ ਪ੍ਰਮਾਤਮਾ ਨਾਲ ਮੇਲ, ਉਹ ਪ੍ਰਮਾਤਮਾ ਜੋ ਸਰਬ ਵਿਆਪਕ ਹੈ, ਪਰੀਪੂਰਨ ਹੈ। ਇਹ ਆਤਮਾ ਪ੍ਰਮਾਤਮਾ ਦਾ ਮੇਲ ਧਿਆਨ ਲਗਾ ਕੇ ਸਮਾਧੀ ਸਥਿਤ ਹੋ ਕੇ ਪ੍ਰਾਪਤ ਕੀਤਾ ਜਾਂਦਾ ਹੈ, ਕਰਮ ਦੇ ਮਾਰਗ ਤੇ ਇਹ ਮੇਲ ਕਰਮ ਕਰਦਿਆਂ ਫਲ ਉਸ ਪ੍ਰਮਾਤਮਾ ਨੂੰ ਅਰਪਣ ਕਰਦਿਆਂ, ਭਾਵ ਨਿਸ਼ਕਾਮ ਕਰਮ ਕਰਕੇ ਨਿਰਲੇਪ ਰਹਿ ਕੇ ਕਰਮ ਕਰਕੇ ਪ੍ਰਾਪਤ ਹੁੰਦਾ ਹੈ।

3. ਮੁਨੀ ਕਰਮ ਕਰਕੇ ਹੀ ਯੋਗ ਪ੍ਰਾਪਤ ਕਰ ਸਕਦਾ ਹੈ, ਯੋਗ ਵਿਚ ਦ੍ਰਿੜ ਹੋ ਕੇ ਹੀ ਸ਼ਾਂਤੀ ਪ੍ਰਾਪਤ ਹੋ ਸਕਦੀ ਹੈ।

4. ਜਦੋਂ ਇੰਦ੍ਰੀਆਂ ਦੇ ਭੋਗ ਉਸ ਨੂੰ ਲੁਭਾਏਮਾਨ ਨਹੀਂ ਕਰ ਸਕਦੇ ਜਦੋਂ ਉਹ ਸਾਰੀਆਂ ਇੰਦ੍ਰਿਆਂ ਦਾ ਸੰਕਲਪ ਤਿਆਗ ਦਿੰਦਾ ਹੈ, ਉਦੋਂ ਹੀ ਉਹ ਯੋਗ ਵਿਚ ਅਰੂੜ ਕਹਾਉਂਦਾ ਹੈ।

ਜਿਹੜੇ ਵੀ ਆਪਣੇ ਮਨ ਤੇ ਪੂਰਾ ਕਾਬੂ ਪਾਉਣਾ ਚਾਹੁੰਦੇ ਹਨ, ਉਸ ਨੂੰ ਸੋਧਣਾ ਚਾਹੁੰਦੇ ਹਨ, ਉਨ੍ਹਾਂ ਨੂੰ ਆਪਣਾ ਅੰਦਰ ਕਾਬੂ ਕਰਨਾ ਚਾਹੀਦਾ ਹੈ। ਮਨ ਤੇ ਪੂਰਾ ਕਾਬੂ ਚੁਪ ਦੇ ਅਭਿਆਸ ਨਾਲ ਹੀ ਆ ਸਕਦਾ ਹੈ, ਮੁਨੀ ਉਹ ਹੈ ਜਿਹੜਾ ਮੋਨ ਰਖ ਕੇ ਅਭਿਆਸ ਕਰਦਾ ਹੈ ਤੇ ਪੂਰਨ

ਹੁੰਦਾ ਹੈ, ਮੁਨੀ ਜਦੋਂ ਆਪਣੇ ਆਪ ਤੇ ਪੂਰਾ ਕਾਬੂ ਪਾਉਂਦਾ ਹੈ ਤੇ ਦ੍ਰਿੜ੍ਹਤਾ ਨਾਲ ਮਨ ਨੂੰ ਕਾਬੂ ਕਰਦਾ ਹੈ, ਬੋਲਣ ਵਿਚ ਅਤੇ ਕ੍ਰਿਆ ਵਿਚ ਸੰਜਮ ਵਰਤਦਾ ਹੈ, ਚੁੱਪ ਰਹਿੰਦਾ ਹੈ ਉਹ ਸ਼ਾਂਤੀ ਪ੍ਰਾਪਤ ਕਰ ਲੈਂਦਾ ਹੈ। ਜਦੋਂ ਤਕ ਪੂਰੀ ਤਰ੍ਹਾਂ ਚੁੱਪ ਰਹਿਣ ਦਾ ਅਨੁਭਵ ਨਾ ਕੀਤਾ ਜਾਵੇ ਉਦੋਂ ਤਕ ਸਾਧਾਰਣ ਜੀਵਨ ਜੀਉਣ ਦਾ ਅਤੇ ਅੰਦਰ ਦੇ ਜੀਵਨ ਦਾ ਅੰਤਰ ਪਤਾ ਹੀ ਨਹੀਂ ਲਗ ਸਕਦਾ।

ਚੁੱਪ ਦਾ ਮਹੱਤਵ ਬਹੁਤ ਸਾਰੇ ਨਹੀਂ ਜਾਣਦੇ, ਚੁੱਪ ਦਾ ਅਨੁਭਵ ਬਹੁਤ ਥੋੜ੍ਹੇ ਜਗਿਆਸੂ ਹੀ ਕਰਦੇ ਹਨ। ਜਦੋਂ ਤਕ ਤੁਸੀਂ ਚੁੱਪ ਦੀ ਡੂੰਗਾਈ ਜਾਣ ਨਾ ਜਾਓ, ਇਸ ਨੂੰ ਸਮਝਣਾ ਔਖਾ ਹੈ, ਚੁੱਪ ਸ਼ਬਦ ਕੇਵਲ ਇਕ ਸ਼ਬਦ ਨਹੀਂ ਇਸ ਨੂੰ ਸਮਝਣਾ ਤੇ ਅਨੁਭਵ ਕਰਨਾ ਔਖਾ ਹੈ। ਹਰ ਕੋਈ ਥੋੜ੍ਹੀ ਦੇਰ ਵਾਸਤੇ ਜ਼ਰੂਰ ਚੁੱਪ ਹੋਣਾ ਚਾਹੁੰਦਾ ਹੈ, ਅਸੀਂ ਆਮ ਹੀ ਸੁਣਦੇ ਹਾਂ ਮਾਂ ਬੱਚਿਆਂ ਨੂੰ ਕਹਿੰਦੀ ਹੈ 'ਹੁਣ ਤੁਸੀਂ ਥੋੜ੍ਹੀ ਦੇਰ ਚੁਪ ਵੀ ਕਰੋ।' ਉਹ ਬਚਿਆਂ ਨੂੰ ਚੁੱਪ ਹੋਣ ਲਈ ਕਹਿ ਰਹੀ ਹੈ ਤਾਂ ਜੋ ਉਹ ਵਿਘਨ ਨਾ ਮਹਿਸੂਸ ਕਰੇ, ਪਰ ਵਾਸਤਵ ਵਿਚ ਇਸ ਦੀ ਇੱਛਾ ਬਾਹਰ ਦੀ ਚੁੱਪ ਨਾਲੋਂ ਵਧੇਰੀ ਹੈ, ਉਸ ਦੀ ਇੱਛਾ ਡੂੰਘੀ ਚੁੱਪ ਦੀ ਹੈ ਅੰਦਰ ਦੀ ਚੁੱਪ ਦੀ ਹੈ, ਚੇਤਨ ਤੌਰ ਤੇ ਅਚੇਤਨ ਤੌਰ ਤੇ ਸਾਰੇ ਹੀ ਡੂੰਘੀ ਚੁੱਪ ਵਿਚ ਜਾਣਾ ਚਾਹੁੰਦੇ ਹਨ, ਉਹ ਚੁੱਪ ਬਹੁਤ ਹੀ ਸੁਖਦਾਈ ਤੇ ਸੁਰਜੀਤ ਕਰਨ ਵਾਲੀ ਹੁੰਦੀ ਹੈ ਅਤੇ ਜੀਵਨ ਦੇ ਨਵੇਂ ਪਹਿਲੂਆਂ ਤੋਂ ਜਾਣੂੰ ਕਰਾਉਣ ਵਾਲੀ ਹੁੰਦੀ ਹੈ, ਆਮ ਤੌਰ ਤੇ ਚੁੱਪ ਉਨ੍ਹਾਂ ਸਵਾਲਾਂ ਦੇ ਉਤਰ ਦਿੰਦੀ ਹੈ ਜਿਨ੍ਹਾਂ ਦੇ ਉਤਰ ਨਾ ਕੋਈ ਦੇ ਸਕਦਾ ਹੈ, ਨਾ ਹੀ ਕਿਸੇ ਹੋਰ ਤਰੀਕੇ ਦਿਤੇ ਜਾ ਸਕਦੇ ਹਨ।

ਕਰਮ ਬੱਧ ਤਰੀਕੇ ਨਾਲ ਡੂੰਘੀ ਚੁੱਪ ਨੂੰ ਧਿਆਨ ਕਹਿੰਦੇ ਹਨ, ਨੀਂਦ ਸਾਰਿਆਂ ਜੀਵਾਂ ਦੇ ਆਰਾਮ ਲਈ ਅਤਿ ਅਵਸ਼ਕ ਹੈ, ਪਰ ਧਿਆਨ ਰਾਹੀਂ ਕੀਤਾ ਗਿਆ ਆਰਾਮ ਕਿਤੇ ਵੱਧ ਸ੍ਰੇਸ਼ਟ ਹੁੰਦਾ ਹੈ, ਨੀਂਦ ਅਤੇ ਡੂੰਘੀ ਚੁੱਪ ਵਿਚ ਅੰਤਰ ਹੈ, ਅਗਿਆਨੀ ਰੋਜ਼ ਸੌਂਦੇ ਹਨ ਉਸੇ ਤਰ੍ਹਾਂ ਅਗਿਆਨੀ ਸਵੇਰੇ ਉਠਦੇ ਹਨ ਕਿਉਂਕਿ ਨੀਂਦਰ ਨਾਲ ਕੇਵਲ ਆਰਾਮ ਮਿਲਦਾ ਹੈ, ਪਰ ਜੇ ਤੁਸੀਂ ਧਿਆਨ ਲਾਉਣਾ ਸਿੱਖ ਲਵੋ ਤਾਂ ਆਰਾਮ ਵੀ ਮਿਲ ਜਾਂਦਾ ਹੈ ਤੇ ਤੁਹਾਡਾ ਸਾਰਾ ਵਿਅਕਤਿਤ੍ਵ ਵੀ ਬਦਲ ਜਾਂਦਾ ਹੈ। ਬਦਲਾਓ, ਸੋਧ ਅੰਤਰ ਧਿਆਨ ਕੀਤੇ ਬਿਨਾਂ ਨਹੀਂ ਹੋ ਸਕਦਾ, ਧਿਆਨ ਕਰਨ ਨਾਲ ਹੀ ਮਨ ਸ਼ਾਂਤੀ ਪ੍ਰਾਪਤ ਕਰ ਸਕਦਾ ਹੈ।

ਧਿਆਨ ਕਰਨ ਨਾਲ ਮਨ ਕਾਬੂ ਆ ਜਾਂਦਾ ਹੈ ਅਤੇ ਮਨ ਕਾਬੂ ਵਿਚ ਆ ਜਾਣ ਨਾਲ ਚੁੱਪ ਰਹਿਣ ਦੀ ਰੁਚੀ ਬਣ ਜਾਂਦੀ ਹੈ, ਇਕ ਸੁਰ ਹੋਇਆ ਸ਼ਾਂਤ ਮਨ ਇਛਾਵਾਂ ਤੋਂ ਮੁਕਤ ਹੋ ਜਾਂਦਾ ਹੈ, ਭੋਗਾਂ ਤੋਂ ਮੁਕਤ ਹੋ ਜਾਂਦਾ ਹੈ ਤੇ ਸ਼ੁਧ ਕਰਮ ਕਰ ਸਕਦਾ ਹੈ ਜਿਹੜੇ ਮਨ ਦੇ ਸੰਕਲਪ ਵਿਕਲਪ ਤੋਂ ਉਪਰ ਚਲੇ ਜਾਂਦੇ ਹਨ ਉਹ ਯੋਗ ਦੀ ਉਤਮ ਪਦਵੀ ਪ੍ਰਾਪਤ ਕਰ ਲੈਂਦੇ ਹਨ।

ਜਿਹੜੇ ਧਿਆਨ ਨਹੀਂ ਲਗਾਉਂਦੇ ਉਹ ਕੇਵਲ ਵਰਤਮਾਨ ਜੀਵਨ ਦਾ

ਅਨੁਭਵ ਕਰ ਸਕਦੇ ਹਨ ਪਰ ਧਿਆਨ ਦੀ ਸਹਾਇਤਾ ਨਾਲ ਤੁਸੀਂ ਸਾਰੀਆਂ ਸੂਖਸ਼ਮ ਪਰਤਾਂ ਦਾ ਗੂੜ੍ਹ ਗਿਆਨ ਪ੍ਰਾਪਤ ਕਰ ਸਕਦੇ ਹੋ ਅਤੇ ਡੂੰਘੀ ਚੁੱਪ ਤਕ ਪਹੁੰਚ ਸਕਦੇ ਹੋ, ਇਹੋ ਜਿਹਾ ਜਗਿਆਸੂ ਹੀ ਕੇਵਲ ਦੋਨੋਂ ਜਾਨਣ ਦੇ ਅਤੇ ਅਣਜਾਣ ਜੀਵਨ ਪੱਧਰਾਂ ਦਾ ਅਨੁਭਵ ਕਰ ਸਕਦਾ ਹੈ, ਮਨੁੱਖ ਅੰਦਰ ਦੀ ਦੁਨੀਆਂ ਦਾ ਵਸਨੀਕ ਹੈ, ਉਹ ਪਹਿਲਾਂ ਅੰਦਰ ਰਹਿਣ ਵਾਲਾ ਹੈ ਬਾਅਦ ਵਿਚ ਬਾਹਰ ਦੇ ਸੰਸਾਰ ਦਾ ਵਸਨੀਕ ਹੈ, ਆਮ ਤੌਰ ਤੇ ਲੋਕੀ ਬਾਹਰ ਦੇ ਵਸਨੀਕ ਹੀ ਰਹਿੰਦੇ ਹਨ ਅੰਦਰ ਦੇ ਸੰਸਾਰ ਲਈ ਤਾਂ ਉਹ ਓਪਰੇ ਹੀ ਬਣੇ ਰਹਿੰਦੇ ਹਨ।

ਯੋਗੀ ਅਤੇ ਸੰਤ ਜਾਣਦੇ ਹਨ, ਇਸ ਗੱਲ ਲਈ ਸਤ੍ਰਕ ਰਹਿੰਦੇ ਹਨ ਕਿ ਉਹ ਅੰਦਰ ਦੇ ਵਾਸੀ ਹਨ। ਮਿਸਾਲ ਵਜੋਂ ਇਕ ਵਾਰੀ ਦੀ ਗੱਲ ਹੈ ਜਦੋਂ ਗੁਰੂਦੇਵ ਬੜੀ ਸ਼ਾਂਤੀ ਵਿਚ ਬੈਠੇ ਸਨ। ਇਕ ਰਾਜ ਕੁਮਾਰ ਗੁਰੂਦੇਵ ਨੂੰ ਮਿਲਣ ਆਇਆ ਤੇ ਕਹਿਣ ਲੱਗਾ, “ਸ੍ਰੀ ਮਾਨ ਤੁਸੀਂ ਬੜੇ ਹੀ ਇਕੱਲੇ ਲਗ ਰਹੇ ਹੋ।” ਗੁਰਦੇਵ ਨੇ ਉਤਰ ਦਿਤਾ ਕਿਉਂਕਿ ਤੁਸੀਂ ਆ ਗਏ ਹੋ ਤਾਂ ਕਰਕੇ ਇਸ ਤੋਂ ਪਹਿਲਾਂ ਮੈਂ ਡੂੰਘੀ ਚੁੱਪ ਦਾ ਅਨੰਦ ਮਾਣ ਰਿਹਾ ਸੀ, ਆਪਣੇ ਸੱਚੇ ਮਿਤਰ ਨਾਲ ਅੰਦਰ ਵਸਦੇ ਮਿਤਰ ਨਾਲ ਗੱਲਬਾਤ ਕਰ ਰਿਹਾ ਸੀ, ਹੁਣ ਤੁਸੀਂ ਆ ਗਏ ਹੋ ਮੈਂ ਇਕੱਲਾ ਹੋ ਗਿਆ ਹਾਂ।

ਇਹ ਠੀਕ ਹੈ ਵਿਦਿਆਰਥੀ, ਮਿਤਰ ਤੇ ਪਿਆਰ ਕਰਨ ਵਾਲੇ ਸਾਨੂੰ ਇਕੱਲਾ ਮਹਿਸੂਸ ਕਰਾ ਸਕਦੇ ਹਨ, ਸਾਨੂੰ ਅੰਦਰ ਦੇ ਮਿਤਰ ਨਾਲ ਮਿਤ੍ਰਤਾ ਕਰਨੀ ਸਿਖਣੀ ਚਾਹੀਦੀ ਹੈ, ਫੇਰ ਕਦੀ ਅਸੀਂ ਇਕੱਲੇ ਮਹਿਸੂਸ ਨਹੀਂ ਕਰਾਂਗੇ, ਧਿਆਨ ਲਗਾਉਣ ਵਾਲੇ ਕਦੀ ਇਕੱਲੇ ਨਹੀਂ ਹੁੰਦੇ, ਜਿਹੜੇ ਇਕੱਲਾਪਨ ਮਹਿਸੂਸ ਨਹੀਂ ਕਰਨਾ ਚਾਹੁੰਦੇ ਉਨ੍ਹਾਂ ਨੂੰ ਧਿਆਨ ਲਗਾਉਣਾ ਸਿਖਣਾ ਚਾਹੀਦਾ ਹੈ ਅਤੇ ਧਿਆਨ ਲਗਾਉਂਦੇ ਹੀ ਰਹਿਣਾ ਚਾਹੀਦਾ ਹੈ, ਜਦੋਂ ਤਕ ਪਿਆਰੇ ਦਾ ਮਿਲਾਪ ਨਾ ਹੋ ਜਾਏ, ਉਹ ਪਿਆਰਾ ਜਿਹੜਾ ਸਭ ਦੇ ਅੰਦਰ ਵਸਦਾ ਹੈ। ਜਿਥੇ ਅੰਦਰ ਤੁਹਾਡਾ ਸੱਚਾ ਮਿਤ੍ਰ ਵਸਦਾ ਹੈ ਉਥੇ ਪਹੁੰਚ ਕੇ ਸਾਰੀ ਚੁੱਪ ਸਦਾ ਲਈ ਖਤਮ ਹੋ ਜਾਂਦੀ ਹੈ, ਇਕੱਲਾਪਣ ਅਤੇ ਚੁੱਪ ਦੋਨੋਂ ਮਨ ਦੀਆਂ ਵੱਖ-ਵੱਖ ਅਵਸਥਾ ਹਨ, ਚੁਪ ਵਿਚ ਤੁਹਾਡਾ ਸਾਥ ਹੈ, ਇਕੱਲੇਪਨ ਵਿਚ ਤੁਸੀਂ ਇਕੱਲੇ ਹੋ। ਯੋਗੀ ਚੁੱਪ ਰਹਿ ਕੇ ਸੱਚੇ ਮਿਤਰ ਦਾ ਸਾਥ ਲੱਭ ਲੈਂਦੇ ਹਨ, ਫੇਰ ਉਹ ਪ੍ਰਤੱਖ ਤਰੀਕੇ ਨਾਲ ਅੰਦਰ ਅਤੇ ਬਾਹਰ ਦਾ ਸੰਸਾਰ ਜਾਣ ਲੈਂਦੇ ਹਨ ਉਹ ਅੰਦਰ ਅਤੇ ਬਾਹਰ ਇਕੋ ਜਿਹੀ ਸ਼ਾਂਤੀ ਨਾਲ ਦੇਖ ਸਕਦੇ ਹਨ।

ਪੁਰਾਤਨ ਯੋਗੀਆਂ ਨੇ ਇਹ ਮਹਿਸੂਸ ਕੀਤਾ ਸੀ ਕਿ ਇਕੱਲਾਪਨ ਸਭ ਤੋਂ ਵੱਡਾ ਰੋਗ ਹੈ ਅਤੇ ਇਸ ਦਾ ਕੋਈ ਇਲਾਜ ਨਹੀਂ, ਕੇਵਲ ਇਕ ਹੀ ਇਲਾਜ ਹੈ ਕਿ ਡੂੰਘੀ ਚੁੱਪ ਵਿਚ ਚਲੇ ਜਾਓ ਜਿਥੇ ਉਹ ਅਨੰਤ ਸਥਿਤ ਹੈ, ਤੁਹਾਨੂੰ ਆਪਣੀਆਂ ਬਾਹਾਂ ਪਸਾਰ ਕੇ ਗਲਵੱਕੜੀ ਪਾਉਣ ਲਈ ਉਡੀਕ ਰਿਹਾ ਹੈ। ਇਕ ਇਹ ਹੀ ਦਵਾਈ ਹੈ ਇਕੱਲੇਪਨ ਦੀ, ਇਹ ਹੀ ਇਕ ਇਲਾਜ ਹੈ। ਸੰਸਾਰ ਦੇ ਸਾਰੇ ਸਾਥ, ਸਾਰੀ ਸਹਿਚਾਰਤਾ ਜੋ ਬਾਹਰ ਦੇ ਸੰਸਾਰ

ਦੀ ਹੈ ਅੰਤ ਵਿਚ ਵਛੋੜਦੀ ਹੈ ਤੇ ਇਕੱਲਾ ਕਰਦੀ ਹੈ ਪਰ ਜੇ ਤੁਸੀਂ ਅੰਦਰ ਬੈਠੇ ਮਿਤਰ ਨੂੰ ਜਾਣ ਲਓ ਤਾਂ ਤੁਸੀਂ ਜੀਵਨ ਰੂਪੀ ਨਾਟਕ ਦੇ ਪਾਤਰ ਵਜੋਂ ਸੋਝੀ ਨਾਲ ਆਪਣਾ ਪਾਰਟ ਨਿਭਾ ਸਕੋਗੇ ਅਤੇ ਕਦੀ ਵੀ ਇਕੱਲੇ ਮਹਿਸੂਸ ਨਹੀਂ ਕਰੋਗੇ। ਇਕੱਲੇਪਨ ਦੇ ਅਗਿਆਨ ਨੂੰ ਹਟਾਉਣ ਲਈ ਇਹ ਜਾਨਣਾ ਅਵਸ਼ਕ ਹੈ। ਇਹ ਜਾਨਣ ਤੋਂ ਬਾਅਦ ਇਸ ਗੱਲ ਦਾ ਫਰਕ ਨਹੀਂ ਪੈਂਦਾ ਤੁਸੀਂ ਕਿਹੜੇ ਮਾਰਗ ਤੇ ਚਲ ਰਹੇ ਹੋ, ਵਿਧੀ ਪੂਰਵਕ ਧਿਆਨ ਲਗਾ ਕੇ ਸਮਾਧੀ ਲਗਾਉਣੀ ਤੇ ਸੁੰਨ ਤਕ ਪਹੁੰਚਣਾ ਇਕ ਬਹੁਤ ਵੱਡੀ ਚਿਕਿਤਸਾ ਹੈ ਪਰ ਅੱਜ ਦੇ ਚਿਕਿਤਸਕਾ ਨੇ ਅਜੇ ਧਿਆਨ ਦੀ ਚਿਕਿਤਸਕ ਮਹੱਤਤਾ ਨੂੰ ਪਛਾਣਿਆ ਨਹੀਂ, ਅੱਜ ਦੀ ਚਿਕਿਤਸਾ ਕੇਵਲ ਇਕ ਪੱਖ ਹੀ ਅੱਗੇ ਰਖਦੀ ਹੈ ਉਹ ਹੈ ਕਿ ਮਰੀਜ਼ ਨੂੰ ਆਪਣਾ ਅੰਤਰ ਦਾ ਗੁਬਾਰ ਕੱਢਣ ਲਈ ਪ੍ਰੇਰਿਤ ਕਰਦੇ ਹਨ, ਜੋ ਉਸ ਦੇ ਅੰਦਰ ਹੈ ਉਹ ਬੋਲ ਕੇ ਛੱਡ ਦੇਵੇ, ਕੋਈ ਕ੍ਰਿਆ ਕਰਕੇ ਕੱਢ ਦੇਵੇ ਜਿਸ ਤਰ੍ਹਾਂ ਉਸ ਨੂੰ ਚੰਗਾ ਲੱਗੇ, ਰੋਗੀ ਹਲਕਾ ਮਹਿਸੂਸ ਕਰਦਾ ਹੈ ਪਰ ਇਸ ਤਰ੍ਹਾਂ ਕਰਨ ਨਾਲ ਉਹ ਆਪਣੇ ਆਪ ਤੇ ਕਾਬੂ ਨਹੀਂ ਪਾ ਸਕਦਾ ਜਿਸ ਨਾਲ ਉਹ ਮੁੜ ਕੇ ਹਾਲਾਤ ਦੇ ਦਬਾਅ ਥੱਲੇ ਨਾ ਆ ਸਕੇ, ਬਹੁਤ ਸਾਰੇ ਚਿਕਿਤਸਕ ਧਿਆਨ ਚਿਕਿਤਸਾ ਕਰਾਉਣ ਤੋਂ ਡਰਦੇ ਹਨ ਕਿਉਂਕਿ ਉਨ੍ਹਾਂ ਨੂੰ ਆਪ ਨੂੰ ਇਸ ਬਾਰੇ ਗਿਆਨ ਨਹੀਂ ਹੁੰਦਾ, ਸਰੀਰ ਨੂੰ ਸਥਿਰ ਕਰਕੇ ਇਕਸਾਰਤਾ ਲਿਆ ਕੇ ਇਹੋ ਜਿਹੀਆਂ ਆਰੰਭਕ ਗੱਲਾਂ ਕਰਕੇ ਹੀ ਬਹੁਤ ਲਾਭ ਪ੍ਰਾਪਤ ਕੀਤਾ ਜਾ ਸਕਦਾ ਹੈ, ਸਾਹ ਨੂੰ ਇਕਾਗਰ ਕਰਕੇ। ਇਸ ਨੂੰ ਪ੍ਰੈਕਟੀਕਲ ਕਰਕੇ ਦੇਖਿਆ ਗਿਆ ਹੈ ਕਿ ਜਿਹੜੇ ਲੋਕੀ ਭਾਵੁਕ ਹੁੰਦੇ ਹਨ ਉਹ ਇਸ ਦਾ ਪ੍ਰਯੋਗ ਕਰਕੇ ਬਹੁਤ ਲਾਭ ਉਠਾ ਸਕਦੇ ਹਨ। ਜੇ ਇਹੋ ਜਿਹੇ ਅਭਿਆਸ ਵਿਧੀ ਪੂਰਵਕ ਹੌਲੀ ਹੌਲੀ ਕਰਨੇ ਸ਼ੁਰੂ ਕੀਤੇ ਜਾਣ ਤਾਂ ਬਹੁਤ ਸਾਰੇ ਮਨੋਸਰੀਰਕ ਰੋਗ ਖਤਮ ਕੀਤੇ ਜਾ ਸਕਦੇ ਹਨ।

ਸੰਸਾਰ ਦੇ ਉਨ੍ਹਾਂ ਜੀਵਾਂ ਵਾਸਤੇ ਕੀ ਹੋ ਸਕਦਾ ਹੈ ਜਿਨ੍ਹਾਂ ਕੋਲ ਧਿਆਨ ਲਗਾਉਣ ਦਾ ਸਮਾਂ ਹੀ ਨਹੀਂ ਜਾਂ ਉਨ੍ਹਾਂ ਨੂੰ ਧਿਆਨ ਕਰਨ ਦਾ ਠੀਕ ਤਰੀਕਾ ਹੀ ਨਹੀਂ ਪਤਾ? ਉਨ੍ਹਾਂ ਲਈ ਇਹ ਹੈ ਉਹ ਗੀਤਾ ਵਿਚ ਦੱਸੇ ਗਏ ਤਰੀਕੇ ਨਾਲ ਕਰਮ ਕਰਦੇ ਹੋਏ ਹੀ ਧਿਆਨ ਕਰਨ, ਭਾਵ ਨਿਰਲੇਪ ਹੋ ਕੇ ਕਰਮ ਕਰਨ। ਚੇਤਨ ਹੋ ਕੇ ਉਸ ਇਕ ਦੀ ਹੋਂਦ ਨੂੰ ਧਿਆਨ ਵਿਚ ਰੱਖਣ, ਸਾਰੇ ਕਰਮ ਨਿਸੁਆਰਥੀ ਹੋ ਕੇ ਕਰਨ, ਨਿਸ਼ਕਾਮ ਹੋ ਕੇ ਕਰਨ, ਭਾਵੇਂ ਤੁਸੀਂ ਕਿਥੇ ਹੀ ਹੋਵੋਂ, ਦਫਤਰ, ਰਸੋਈ ਵਿਚ, ਬਜ਼ਾਰ ਵਿਚ ਚੀਜ਼ ਖਰੀਦ ਰਹੇ ਹੋਵੋ ਜਾਂ ਭੀੜ ਭੜੱਕੇ ਵਾਲੀ ਥਾਂ ਤੇ ਹੋਵੋ, ਤੁਸੀਂ ਨਿਸ਼ਕਾਮ ਕਰਮ ਹਰ ਸਮੇਂ ਕਰ ਸਕਦੇ ਹੋ, ਪ੍ਰਮਾਤਮਾ ਨੂੰ ਹਰ ਸਮੇਂ ਹਿਰਦੇ ਵਿਚ ਰੱਖ ਸਕਦੇ ਹੋ, ਆਪਣੇ ਕਰਮ, ਕਰਮ ਫਲ ਪ੍ਰਮਾਤਮਾ ਨੂੰ ਸਮਰਪਣ ਕਰ ਸਕਦੇ ਹੋ। ਕਦੀ ਵੀ ਕਿਸੇ ਹਾਲਤ ਵਿਚ ਵੀ ਚੇਤਨਤਾ ਦੇ ਬਿੰਦੂ ਨੂੰ ਨਾ ਭੁੱਲੋ ਭਾਵ ਉਸ ਇਕ ਦੀ ਹੋਂਦ ਜੋ ਤੁਹਾਡੇ ਅੰਦਰ ਵਸਦੀ ਹੈ ਉਸ ਨੂੰ ਨਾ ਭੁੱਲੋ, ਮਨ ਵਿਚ ਖਿੰਡਣ ਨਾ ਦਿਓ, ਜੋ ਕੁਝ ਵੀ ਕਰੋ ਪੂਰੇ ਧਿਆਨ ਨਾਲ ਕਰੋ, ਜੋ ਵੀ ਤੁਸੀਂ ਕਰੋ ਉਸ ਦੀ ਹਾਜ਼ਰੀ ਵਿਚ ਕਰੋ, ਉਸ ਨੂੰ ਯਾਦ ਰੱਖ ਕੇ ਕਰੋ, ਜੇ ਤੁਸੀਂ ਠੀਕ ਹੋ, ਕਰ ਸਕਦੇ ਹੋ, ਚੁੱਪ ਕਰਕੇ ਧਿਆਨ

ਵੀ ਲਗਾਓ, ਨਿਸ਼ਕਾਮ ਕਰਮ ਗੀਤਾ ਦਾ ਸੁਨੇਹਾ ਹੈ, ਉਸ ਤੋਂ ਬਿਨਾਂ ਕਰਮ ਯੋਗ ਤੇ ਚਲਣਾ ਔਖਾ ਹੈ।

5. ਅਤੇ ਇਹ ਯੋਗ ਅਰੂੜਤਾ ਕਲਿਆਣ ਹੇਤੂ ਕਹੀ ਹੈ। ਇਸ ਲਈ ਮਨੁੱਖ ਨੂੰ ਚਾਹੀਦਾ ਹੈ ਕਿ ਆਪਣੇ ਦੁਆਰਾ ਆਪ ਹੀ ਸੰਸਾਰ ਸਮੁੰਦਰ ਤੋਂ ਉਧਾਰ ਕਰੇ ਅਤੇ ਆਪਣੇ ਜੀਵ ਆਤਮਾ ਨੂੰ ਅਧੋਗਤੀ ਵਿਚ ਨ ਪਹੁੰਚਾਵੇ ਕਿਉਂਕਿ ਇਹ ਜੀਵ ਆਤਮਾ ਆਪ ਹੀ ਤਾਂ ਅਪਨਾ ਮਿਤ੍ਰ ਹੈ ਅਤੇ ਆਪ ਹੀ ਅਪਨਾ ਸ਼ਤਰੂ ਹੈ ਅਰਥਾਤ ਹੋਰ ਕੋਈ ਦੂਜਾ ਸ਼ਤਰੂ ਜਾਂ ਮਿਤ੍ਰ ਨਹੀਂ ਹੈ।

6. ਓਸ ਜੀਵ-ਆਤਮਾ ਦਾ ਤਾਂ ਉਹ ਆਪ ਹੀ ਮਿਤ੍ਰ ਹੈ ਜਿਸ ਜੀਵ-ਆਤਮਾ ਦੁਆਰਾ ਮਨ ਅਤੇ ਇੰਦ੍ਰੀਆਂ ਸਹਿਤ ਸਰੀਰ ਜਿੱਤ ਚੁਕਿਆ ਹੈਂ ਅਤੇ ਜਿਸਦੇ ਦੁਆਰਾ ਮਨ ਅਤੇ ਇੰਦ੍ਰੀਆਂ ਸਹਿਤ ਸਰੀਰ ਨਹੀਂ ਜਿਤਿਆ ਗਿਆ ਹੈ, ਉਸ ਦਾ ਓਹ ਆਪ ਹੀ ਸ਼ਤਰੂ ਵਾਂਗੂ ਸ਼ਤ੍ਰਤਾ ਵਿਚ ਵਰਤਦਾ ਹੈ।

ਜਦੋਂ ਜਗਿਆਸੂ ਇਹ ਜਾਣਦਾ ਹੈ ਕਿ ਉਹ ਇਸ ਯੋਗ ਹੈ ਅਤੇ ਸੂਝ ਬੂਝ ਵਾਲਾ ਹੈ ਉਹ ਪੂਰੇ ਵਿਸ਼ਵਾਸ਼ ਨਾਲ ਅੰਦਰ ਦੇ ਰਸਤੇ ਤੇ ਤੁਰਨਾ ਸ਼ੁਰੂ ਕਰਦਾ ਹੈ। ਬਾਹਰ ਦੇ ਸਾਧਨਾਂ ਤੇ ਨਿਰਭਰ ਰਹਿ ਕੇ ਉਸ ਲਈ ਅੰਤਰਮੁਖੀ ਹੋਣਾ ਔਖਾ ਹੈ। ਚਿਰਾਂ ਤੋਂ ਮਨੁੱਖ ਬਾਹਰ ਦੇ ਸਾਧਨਾਂ ਤੇ ਨਿਰਭਰ ਹੈ। ਇਹੋ ਹੀ ਕਾਰਨ ਹੈ ਕਿ ਉਸ ਲਈ ਅੰਦਰ ਜਾਣਾ ਬਹੁਤ ਹੀ ਔਖਾ ਹੈ। ਉਹ ਸੋਚਦਾ ਹੈ ਕਿ ਇਕ ਤੋਂ ਦੂਸਰੇ, ਦੂਸਰੇ ਤੋਂ ਤੀਸਰੇ ਮੰਦਰ ਜਾਣਾ ਸਹਾਇਕ ਹੋਵੇਗਾ, ਇਕ ਤੋਂ ਦੂਸਰੇ ਗੁਰੂ, ਦੂਸਰੇ ਤੋਂ ਤੀਸਰੇ ਗੁਰੂ ਕੋਲ ਜਾਣ ਨਾਲ ਉਹ ਕੁਝ ਪ੍ਰਾਪਤ ਕਰ ਸਕੇਗਾ ਪਰ ਉਸਦੇ ਦੇ ਅੰਦਰ ਦੀ ਪਿਆਸ ਨਹੀਂ ਬੁਝਦੀ, ਉਹ ਉਸੇ ਤਰ੍ਹਾਂ ਹੀ ਰਹਿੰਦੀ ਹੈ। ਜਦੋਂ ਤਕ ਮਨੁੱਖ ਬਾਹਰ ਦੇ ਪਦਾਰਥਾਂ ਤੋਂ ਪ੍ਰਸੰਨਤਾ ਪ੍ਰਾਪਤ ਕਰਨ ਦੀ ਸੋਚਦਾ ਰਹਿੰਦਾ ਹੈ, ਉਦੋਂ ਤਕ ਉਸ ਨੂੰ ਸੱਚੀ ਪ੍ਰਸੰਨਤਾ ਪ੍ਰਾਪਤ ਹੀ ਨਹੀਂ ਹੁੰਦੀ। ਸੋ ਸਭ ਤੋਂ ਪਹਿਲਾਂ ਤਾਂ ਜਗਿਆਸੂ ਨੂੰ ਮਹਿਸੂਸ ਕਰਵਾਉਣਾ ਹੈ ਕਿ ਉਹ ਇਸ ਮਾਰਗ ਤੇ ਚੱਲਣ ਦੀ ਸਮਰੱਥਾ ਰਖਦਾ ਹੈ, ਦੂਸਰਾ ਕਿ ਬਾਹਰ ਦੇ ਪਦਾਰਥ ਉਸ ਦੀ ਪ੍ਰਸੰਨਤਾ ਦਾ ਕਾਰਣ ਨਹੀਂ ਬਣ ਸਕਦੇ, ਬਾਹਰ ਟੋਲਣਾ ਬੇਅਰਥ ਹੈ, ਅੰਦਰ ਟੋਲਣਾ ਹੀ ਕੇਵਲ ਮਾਤਰ ਇਕੋ ਇਕ ਸਾਧਨ ਹੈ। ਦ੍ਰਿੜ੍ਹ ਵਿਸ਼ਵਾਸ਼ ਨਾਲ, ਇੱਛਾ ਸ਼ਕਤੀ ਨਾਲ ਸਾਰੇ ਸਾਧਨ ਇਕੱਠੇ ਕਰਕੇ ਉਹ ਇਸ ਮਾਰਗ ਤੇ ਜੁਟ ਜਾਏ। ਭਾਵੇਂ ਕਿੰਨੀ ਵੀ ਤੀਬਰ ਇੱਛਾ ਕਿਉਂ ਨਾ ਹੋਵੇ ਗਿਆਨ ਪ੍ਰਾਪਤ ਕਰਨ ਦੀ, ਜਦੋਂ ਤਕ ਠੀਕ ਰਸਤਾ ਨਾ ਮਿਲੇ, ਵਿਸ਼ਵਾਸ਼ ਨਾ ਹੋਵੇ, ਸਾਧਨਾ ਦਾ ਠੀਕ ਤਰੀਕਾ ਨਾ ਹੋਵੇ ਉਦੋਂ ਤਕ ਸਮਾਂ ਤੇ ਸ਼ਕਤੀ ਖੇਰੂੰ ਕਰਨ ਵਾਲੀ ਗੱਲ ਹੈ, ਅੱਗੇ ਚਲ ਕੇ ਇਨ੍ਹਾਂ ਕਾਰਨਾਂ ਕਰਕੇ ਨਿਰਾਸਤਾ ਵੀ ਹੋ ਸਕਦੀ ਹੈ, ਉਹ ਨਿਰਾਸਤਾ ਉਸ ਦਾ ਉਤਸ਼ਾਹ ਵੀ ਖਤਮ ਕਰ ਸਕਦੀ ਹੈ। ਜਦੋਂ ਤੁਸੀਂ ਅੰਤਰਮੁਖੀ ਹੁੰਦੇ ਹੋ, ਬਹੁਤ ਛੇਤੀ ਹੀ ਇਹ ਮਹਿਸੂਸ ਕਰਨ ਲਗ ਪੈਂਦੇ ਹੋ ਕਿ ਜੋ ਕੁਝ ਤੁਸੀਂ ਬਾਹਰ ਢੂੰਡ ਰਹੇ ਸੀ ਉਹ ਵਾਸਤਵ

ਵਿਚ ਅੰਦਰ ਹੀ ਹੈ, ਤੁਸੀਂ ਜਾਣ ਜਾਂਦੇ ਹੋ ਕਿ ਤੁਹਾਡੇ ਕੋਲ ਸਾਰੇ ਉਹ ਸਾਧਨ ਹਨ ਜਿਸ ਨਾਲ ਤੁਸੀਂ ਉਸ ਤੱਤ ਤਕ ਪਹੁੰਚ ਸਕਦੇ ਹੋ, ਉਸਦੀ ਹੋਂਦ ਜਾਣ ਸਕਦੇ ਹੋ, ਉਦੋਂ ਤੁਸੀਂ ਅੰਦਰ ਦੇ ਚਾਨਣ ਰਾਹੀਂ ਜਾਨਣ ਦੇ ਮਾਰਗ ਤੇ ਪਹੁੰਚ ਜਾਂਦੇ ਹੋ ਅਤੇ ਜਾਣ ਜਾਂਦੇ ਹੋ ਕਿ ਆਪਾ ਜਾਨਣ ਲਈ ਆਪਾ ਹੀ ਸਾਧਣਾ ਪੈਂਦਾ ਹੈ ਭਾਵ ਆਪਾਂ ਚੀਨਣ ਤੋਂ ਬਿਨਾਂ ਆਪੇ ਦੀ ਪ੍ਰਾਪਤੀ, ਆਤਮ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ, ਆਪਾ ਹੀ ਆਤਮਾ ਤਕ ਪਹੁੰਚਾਉਂਦਾ ਹੈ, ਆਪਣੇ ਹੀ ਸਾਧਨ ਤੁਹਾਨੂੰ ਪ੍ਰਾਪਤੀ ਤਕ ਲੈ ਜਾਂਦੇ ਹਨ, ਅੰਦਰ ਦੇ ਚਾਨਣ ਮਾਰਗ ਤੇ ਤੁਰਨਾ ਇਕ ਬਹੁਤ ਵੱਡਾ ਤਜਰਬਾ ਹੈ ਜਿਹੜਾ ਹਰ ਮਨੁੱਖ ਕਰ ਸਕਦਾ ਹੈ।

ਜਦੋਂ ਸੂਰਜ ਛੁਪ ਜਾਂਦਾ ਹੈ, ਹਨ੍ਹੇਰਾ ਛਾ ਜਾਂਦਾ ਹੈ, ਪਰ ਜੇ ਕੋਈ ਸਦਾ ਲਈ ਸੂਰਜ ਦੀ ਪ੍ਰਾਪਤੀ ਕਰ ਲਵੇ, ਉਸ ਨੂੰ ਕਦੇ ਹਨ੍ਹੇਰਾ ਦੇਖਣਾ ਹੀ ਨਹੀਂ ਪਵੇਗਾ, ਅੰਦਰ ਦੇ ਸੰਸਾਰ ਵਿਚ ਪੱਥ ਪਦਰਸ਼ਕ ਸਦਾ ਹੀ ਹੈ, ਤੁਸੀਂ ਕਦੀ ਵੀ ਇਕੱਲੇ ਨਹੀਂ ਹੁੰਦੇ, ਪਰ ਬਾਹਰੀ ਸੰਸਾਰ ਵਿਚ ਤੁਹਾਨੂੰ ਬਹੁਤ ਵਾਰੀ ਉਨ੍ਹਾਂ ਚੀਜ਼ਾਂ ਤੇ ਨਿਰਭਰ ਹੋਣਾ ਪੈਂਦਾ ਹੈ ਜਿਹੜੀਆਂ ਹਰ ਸਮੇਂ ਉਪਲਬਧ ਨਹੀਂ ਹੁੰਦੀਆਂ ਅਤੇ ਸਭ ਤੋਂ ਵੱਧ ਲੋੜ ਹੁੰਦੀ ਹੈ, ਗੁਰੂ ਦੀ ਸਿਖਿਆ ਦੀ, ਗ੍ਰੰਥਾਂ ਦੇ ਗਿਆਨ ਦੀ। ਜਦੋਂ ਬਾਹਰ ਦੇ ਸਾਧਨ ਦੀ ਸੀਮਾ ਤੁਸੀਂ ਜਾਣ ਲੈਂਦੇ ਹੋ ਫੇਰ ਤੁਸੀਂ ਅੰਤਰਮੁਖੀ ਹੁੰਦੇ ਹੋ, ਉਹ ਦਿਨ ਜੀਵਨ ਦਾ ਸਭ ਤੋਂ ਸੁਨਿਹਰਾ ਦਿਨ ਹੁੰਦਾ ਹੈ, ਹੈ ਉਹ ਹੁਣ ਵੀ ਜਗਿਆਸੂ ਹੈ ਪਰ ਹੁਣ ਉਸ ਦੀ ਜਗਿਆਸਾ ਅੰਤਰਮੁਖੀ ਹੋ ਗਈ ਹੈ।

ਤੁਹਾਨੂੰ ਅੰਦਰ ਬਹੁਤ ਸਾਰੀਆਂ ਕ੍ਰਮਿਤ ਘਟਨਾਵਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ, ਤੁਸੀਂ ਥੋੜ੍ਹੀ ਦੇਰ ਲਈ ਭਾਵੇਂ ਹੈਰਾਨ ਹੀ ਹੋ ਜਾਓ, ਭਾਵੇਂ ਗਦ ਗਦ ਹੋ ਜਾਓ, ਆਪਣੇ ਆਪ ਨੂੰ ਤੁਛ ਮਹਿਸੂਸ ਕਰੋ ਭਾਵੇਂ ਥੋੜ੍ਹੀ ਦੇਰ ਲਈ ਆਪਣੇ ਆਪ ਨੂੰ ਸੂਖਸ਼ਮ ਅਨੁਭਵਾਂ ਨਾਲ ਇਕਮਿਕ ਵੀ ਨਾ ਕਰ ਸਕੋ, ਪਰ ਜਦੋਂ ਤੁਸੀਂ ਸਾਧਨਾ ਕਰਨ ਲਗ ਪੈਂਦੇ ਹੋ, ਤੁਸੀਂ ਦੋ ਪ੍ਰਕਾਰ ਦੇ ਅਨੁਭਵਾਂ ਨੂੰ ਨਿਖੇੜਨ ਲਗ ਪੈਂਦੇ ਹੋ, ਕੁਝ ਨਿਖੇਦੀ ਵਾਲੇ ਹੁੰਦੇ ਹਨ, ਕੁਝ ਪ੍ਰਤੱਖਵਾਦੀ, ਕੁਝ ਅਨੁਭਵ ਲਾਭਦਾਇਕ ਹੁੰਦੇ ਹਨ, ਕੁਝ ਹਾਨੀਕਾਰਕ ਹੁੰਦੇ ਹਨ, ਕੁਝ ਗੁਮਰਾਹ ਕਰਨ ਵਾਲੇ ਹੁੰਦੇ ਹਨ, ਕੁਝ ਸਹਾਇਕ ਹੁੰਦੇ ਹਨ, ਹੌਲੀ-ਹੌਲੀ ਤੁਸੀਂ ਹਾਨੀਕਾਰਕ ਅਨੁਭਵਾਂ ਨੂੰ ਛੱਡਣਾ ਸਿੱਖ ਜਾਂਦੇ ਹੋ ਅਤੇ ਲਾਭਦਾਇਕ ਅਨੁਭਵਾਂ ਨੂੰ ਰੱਖਣਾ ਸਿੱਖ ਲੈਂਦੇ ਹੋ, ਤਾਂ ਜੋ ਤੁਸੀਂ ਸਾਧਨਾ ਵਿਚ ਡੂੰਘੇ ਜਾ ਸਕੋ। ਜੇ ਤੁਸੀਂ ਧੀਰਜ ਵਾਲੇ ਹੋ, ਸ਼ਾਂਤ ਸੁਭਾਅ ਹੋ, ਆਪਣੀ ਅੰਦਰ ਦੀ ਸ਼ਕਤੀ ਤੇ ਭਰੋਸਾ ਰਖਦੇ ਹੋ ਤਾਂ ਤੁਸੀਂ ਦ੍ਰਿੜ੍ਹ ਹੋ ਕੇ ਸਾਧਨ ਵਿਚ ਲੱਗੇ ਰਹੋਗੇ ਅਤੇ ਚੰਗੇ ਬੁਰੇ ਦਾ ਨਿਰਣਾ ਲੈ ਸਕੋਗੇ ਤੇ ਬੁਰੇ ਨੂੰ ਛੱਡ ਕੇ ਚੰਗੇ ਨੂੰ ਅਪਣਾਅ ਸਕੋਗੇ। ਜਦੋਂ ਤੁਸੀਂ ਅੰਦਰ ਜਾਨਣ ਲਗਦੇ ਹੋ, ਆਪਾ ਚੀਨਣ ਲਗਦੇ ਹੋ ਵਧੇਰੇ ਘਬਰਾਹਟ ਪੈਦਾ ਹੋ ਸਕਦੀ ਹੈ, ਪਰ ਸਾਧਨਾ ਦੀ ਸਹਾਇਤਾ ਨਾਲ ਤੇ ਅੰਦਰ ਦੇ ਚਾਨਣ ਨਾਲ ਤੁਹਾਨੂੰ ਚਾਨਣਾ ਮਹਿਸੂਸ ਹੋਵੇਗਾ, ਤੁਹਾਡਾ ਮਨ ਨਿਰਮਲ ਹੁੰਦਾ ਜਾਵੇਗਾ ਅਤੇ ਤੁਸੀਂ ਸਾਰੀਆਂ ਔਕੜਾਂ ਨੂੰ ਪਾਰ ਕਰ ਲਵੋਂਗੇ, ਫੇਰ ਤੁਸੀਂ ਅੰਦਰ ਦੇ ਚਾਨਣ ਦੇ ਨਾਲ-ਨਾਲ ਤੁਰਦੇ ਆਤਮਾ ਤਕ, ਪਹੁੰਚ

ਜਾਂਦੇ ਹੋ ਤੁਸੀਂ ਆਪ ਜਗਿਆਸੂ ਰੂਪ ਵਿਚ, ਚਾਨਣ ਅਤੇ ਸਾਧਨ ਸਾਰੇ ਹੀ ਮਿਲ ਕੇ ਪਰਮ ਅਨੰਦ ਤਕ ਆਤਮਾ ਤਕ ਪਹੁੰਚਾ ਦਿੰਦੇ ਹਨ, ਇਸ ਤਰ੍ਹਾਂ ਜਗਿਆਸੂ ਆਪ ਹੀ ਆਪਣੇ ਹੱਥੀਂ ਆਪਣਾ ਕਾਰਜ ਸਵਾਰ ਲੈਂਦਾ ਹੈ।

ਜਗਿਆਸੂ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਕਦੀ ਵੀ ਪੁਰਾਣੀਆਂ ਆਦਤਾਂ ਵਿਚ ਮੁੜ ਕੇ ਨਾ ਪੈਣ ਦੇਵੇ, ਆਤਮਾ ਹੀ ਤੁਹਾਡਾ ਸੱਚਾ ਮਿਤਰ ਹੈ, ਪਰ ਜੇ ਜਗਿਆਸੂ ਆਪਣੇ ਸਾਧਨਾ ਦੀ ਵਰਤੋਂ ਨਾ ਕਰੇ, ਉਹ ਸਾਧਨ ਜਿਹੜੇ ਉਸ ਦੇ ਅੰਦਰ ਹਨ, ਉਸ ਦੇ ਉਲਟ ਉਹ ਬਾਹਰ ਦੇ ਸਾਧਨਾ ਤੇ ਨਿਰਭਰ ਰਹੇ, ਉਹ ਆਪ ਹੀ ਆਪਣਾ ਵੈਰੀ ਬਣ ਜਾਂਦਾ ਹੈ, ਤੁਸੀਂ ਆਪ ਹੀ ਆਪਣੇ ਮਿਤਰ ਹੋ, ਆਪ ਹੀ ਆਪਣੇ ਵੈਰੀ ਹੋ। ਜਿਸ ਨੇ ਆਪਣਾ ਆਪਾ ਅੰਦਰ ਦੇ ਚਾਨਣ ਰਾਹੀਂ ਕਾਬੂ ਕਰ ਲਿਆ ਹੈ ਉਹ ਆਪਣਾ ਮਿਤ੍ਰ ਬਣ ਗਿਆ ਹੈ, ਪਰ ਜਿਸ ਨੇ ਆਪਣਾ ਆਪ ਕਾਬੂ ਨਹੀਂ ਕੀਤਾ, ਸੰਜਮ ਵਿਚ ਨਹੀਂ ਆਇਆ ਉਹ ਆਪਣਾ ਵੈਰੀ ਹੈ। ਆਪਾ ਕਾਬੂ ਕਰਨ ਲਈ ਸੰਜਮ ਬਹੁਤ ਹੀ ਜ਼ਰੂਰੀ ਹੈ। ਸੰਜਮ ਇਕ ਬਹੁਤ ਵੱਡਾ ਮਿਤ੍ਰ ਹੈ। ਇਸ ਤੋਂ ਬਿਨਾਂ ਮਨ ਦੀਆਂ ਸ਼ਕਤੀਆਂ ਰੁਕਾਵਟ ਪੈਦਾ ਕਰਦੀਆਂ ਹਨ, ਸੰਜਮ ਸਾਡਾ ਮਿਤਰ ਹੈ, ਬਿਨਾਂ ਸੰਜਮ ਤੁਸੀਂ ਆਪਣੇ ਵੈਰੀ ਹੋ।

ਜਗਿਆਸੂ ਜਾਂ ਆਮ ਵਿਦਿਆਰਥੀ ਆਪਣੀਆਂ ਕਮਜ਼ੋਰੀਆਂ ਨੂੰ ਦੂਸਰਿਆਂ ਦੀਆਂ ਬਣਾ ਕੇ ਦਸਦੇ ਹਨ, ਇਸ ਤਰ੍ਹਾਂ ਨਾਲ ਉਹ ਆਪਣੇ ਆਪ ਤੋਂ ਸੌਖਾ ਹੀ ਛੁਟਕਾਰਾ ਪਾ ਲੈਂਦੇ ਹਨ, ਕਦੀ ਵੀ ਕੋਈ ਆਪਣੀਆਂ ਕਮਜ਼ੋਰੀਆਂ ਦੀ ਜ਼ਿੰਮੇਵਾਰੀ ਨਹੀਂ ਲੈਣੀ ਚਾਹੁੰਦਾ, ਆਪਣੀਆਂ ਗਲਤੀਆਂ ਨਹੀਂ ਮੰਨਣਾ ਚਾਹੁੰਦਾ ਪਰ ਜਦੋਂ ਵਿਦਿਆਰਥੀ ਇਸ ਗੱਲ ਤੋਂ ਜਾਣੂੰ ਹੋ ਜਾਏ ਕਿ ਉਹ ਆਪਣਾ ਮਿਤ੍ਰ ਹੈ ਅਤੇ ਆਪ ਹੀ ਆਪਣਾ ਵੈਰੀ ਹੈ, ਫੇਰ ਉਹ ਵਿਵੇਕੀ ਹੋ ਜਾਂਦਾ ਹੈ ਅਤੇ ਇਸ ਤਰ੍ਹਾਂ ਉਹ ਆਤਮ ਮਾਰਗ ਦੀ ਇਕ ਪੌੜੀ ਹੋਰ ਉਤੇ ਚੜ੍ਹ ਜਾਂਦਾ ਹੈ।

ਜਿਸ ਜਗਿਆਸੂ ਨੂੰ ਗ੍ਰੰਥਾਂ ਦਾ ਗਿਆਨ ਨਹੀਂ ਅਤੇ ਉਸ ਨੂੰ ਕਿਸੇ ਗੁਰੂ ਨੇ ਸਿਖਿਆ ਵੀ ਨਹੀਂ ਦਿਤੀ, ਉਹ ਵਿਵੇਕੀ ਨਹੀਂ ਬਣ ਸਕਦਾ ਅਤੇ ਆਤਮਾ ਅਤੇ ਮੈਂ ਭਾਵ ਵਿਚ ਫਰਕ ਨਹੀਂ ਦੇਖ ਸਕਦਾ। ਮੈਂ ਭਾਵ ਪ੍ਰਕ੍ਰਿਤੀ ਹੈ, ਹਉਮੈ ਹੈ, ਕੇਵਲ ਸਰੀਰ, ਇੰਦ੍ਰੀਆਂ ਸ੍ਵਾਸ ਚੇਤਨ ਮਨ ਅਚੇਤ ਮਨ ਹੈ, ਇਹ ਸਦਾ ਬਦਲਦਾ ਰਹਿੰਦਾ ਹੈ, ਇਸੇ ਕਰਕੇ ਹੀ ਇਸਨੂੰ ਕੇਵਲ ਆਪਾ ਹੀ ਕਿਹਾ ਗਿਆ ਹੈ ਜਾਂ ਜੀਵ ਆਤਮਾ ਕਿਹਾ ਗਿਆ ਹੈ, ਇਸ ਆਪੇ ਦੇ ਪਿਛੇ, ਇਸ ਜੀਵ ਆਤਮਾ ਦੇ ਪਿਛੇ ਇਕ ਸਥਾਈ ਚਾਨਣ ਹੈ, ਆਤਮਾ ਨਾ ਮਰਦੀ ਹੈ, ਨਾ ਜੰਮਦੀ ਹੈ, ਇਹ ਅਜਰ ਹੈ, ਅਮਰ ਹੈ ਇਹ ਕਦੀ ਬਦਲਦੀ ਵੀ ਨਹੀਂ। ਸਿਖਣ ਦੀ ਲੋੜ ਹੈ ਹੰਗਤਾ ਤੇ ਮਮਤਾ ਤੋਂ ਉਪਰ ਉਠ ਕੇ ਆਤਮਾ ਨੂੰ ਪਛਾਨਣ ਦੀ, ਉਸ ਦੀ ਪਛਾਣ ਕਰਕੇ ਹੀ ਤੁਸੀਂ ਆਤਮਾ ਵਿਚ ਲੀਨ ਹੋ ਸਕਦੇ ਹੋ।

7. ਜਿਸ ਨੇ ਆਪਾ ਕਾਬੂ ਕਰ ਲਿਆ ਹੈ, ਜਿਸ ਲਈ ਸਭ ਕੁਝ ਸਮਾਨ ਹੈ, ਸਰਦੀ ਗਰਮੀ ਸੁੱਖ, ਦੁਖ, ਮਾਨ, ਅਪਮਾਨ ਉਹ ਸ਼ਾਂਤ ਹੈ ਉਹ

ਪ੍ਰਮਾਤਮਾ ਨਾਲ ਇਕ ਹੋ ਗਿਆ ਹੈ।

8. ਜਿਸ ਦੀ ਆਤਮਾ ਗਿਆਨ ਨਾਲ ਤ੍ਰਿਪਤ ਹੋ ਚੁੱਕੀ ਜੋ ਵਿਗਿਆਨ ਨਾਲ ਭਰਪੂਰ ਹੈ ਜਿਸ ਦਾ ਮਨ ਸਥਿਰ ਹੈ ਜਿਸ ਨੇ ਇੰਦ੍ਰੀਆਂ ਤੇ ਕਾਬੂ ਪਾ ਲਿਆ ਹੈ, ਜਿਸ ਨੂੰ ਸੋਨਾ ਪੱਥਰ ਤੇ ਮਿੱਟੀ ਇਕੋ ਸਮਾਨ ਹਨ, ਉਹ ਯੋਗੀ ਆਤਮਲੀਨ ਹੈ।

9. ਜਿਹੜਾ ਸੁਹਰਿਦ ਹੈ ਮਿਤ੍ਰ ਵੈਰੀ, ਉਦਾਸੀਨ, ਮਸਤ, ਦ੍ਵੈਸ਼ੀ, ਸਬੰਧੀ ਸਾਧੂਆਂ ਅਤੇ ਪਾਪੀਆਂ ਨੂੰ ਇਕ ਸਮਾਨ ਦੇਖਦਾ ਹੈ, ਇਕ ਹੀ ਨਜ਼ਰ ਨਾਲ ਦੇਖਦਾ ਹੈ, ਉਹ ਯੋਗੀਆਂ ਵਿਚੋਂ ਸ੍ਰੇਸ਼ਟ ਹੈ।

ਜਿਸ ਨੇ ਆਪਣਾ ਆਪ ਸੰਸਾਰ ਵਿਚ ਵਿਚਰਨ ਵਾਲਾ ਆਪਾ ਹੰਗਤਾ ਤੇ ਮਮਤਾ ਨੂੰ ਜਿੱਤ ਲਿਆ ਹੈ, ਸਾਰੀਆਂ ਇੰਦ੍ਰੀਆਂ ਜਿੱਤ ਲਈਆਂ ਹਨ, ਤ੍ਰਿਸ਼ਨਾ ਤੇ ਕਾਬੂ ਪਾ ਲਿਆ ਹੈ, ਉਸ ਨੇ ਪਰਮ ਅਨੰਦ ਪ੍ਰਾਪਤ ਕਰ ਲਿਆ ਹੈ, ਉਹ ਹਰ ਤਰ੍ਹਾਂ ਦੇ ਵਿਪਰੀਤ ਤੋਂ ਉਪਰ ਹੋ ਗਿਆ ਹੈ ਭਾਵ ਉਸ ਲਈ ਸੁਖ, ਦੁਖ, ਠੰਢ, ਗਰਮੀ, ਸੋਨਾ, ਮਿੱਟੀ, ਸਮਾਨ ਹੋ ਗਿਆ ਹੈ, ਇਹੋ ਜਿਹਾ ਮਨੁੱਖ ਗਿਆਨ ਪ੍ਰਾਪਤ ਕਰਕੇ ਸਾਧਨ ਰਾਹੀਂ ਪਰਮ ਅਨੰਦ ਵਿਚ ਸਥਿਤ ਹੋ ਗਿਆ ਹੈ, ਸਦਾ ਆਤਮਾ ਵਿਚ ਲੀਨ ਰਹਿੰਦਾ ਹੈ, ਉਸ ਨੇ ਸੰਸਾਰ ਦੇ ਸੀਮਤ ਭੋਗਾਂ ਨੂੰ ਜਾਣ ਲਿਆ ਹੈ, ਉਸ ਨੂੰ ਵਿਪਰੀਤ ਵੀ ਪ੍ਰਭਾਵਿਤ ਨਹੀਂ ਕਰ ਸਕਦੇ, ਉਸ ਲਈ ਮਿੱਟੀ ਅਤੇ ਸੋਨੇ ਦਾ ਢੇਲਾ ਬਰਾਬਰ ਹਨ ਭਾਵ ਇਕੋ ਹੀ ਮਹੱਤਵ ਰਖਦੇ ਹਨ ਇਹੋ ਜਿਹੇ ਪਹੁੰਚੇ ਹੋਏ ਨੂੰ ਸ੍ਰੇਸ਼ਟ ਯੋਗੀ ਕਹਿੰਦੇ ਹਨ।

ਜਿਸ ਨੇ ਇੰਦ੍ਰੀਆਂ ਨੂੰ ਜਿੱਤ ਲਿਆ ਹੈ, ਆਪਣੇ ਆਪ ਤੇ ਕਾਬੂ ਪਾ ਲਿਆ ਹੈ ਉਸ ਨੂੰ ਆਤਮ-ਜੀਤਾ ਕਹਿੰਦੇ ਹਨ। ਇਹੋ ਜਿਹਾ ਯੋਗੀ ਸੰਸਾਰ ਦੇ ਲੋਭ ਮੋਹ ਤੋਂ ਮੁਕਤ ਹੁੰਦਾ ਹੈ ਕੇਵਲ ਆਤਮਕ ਅਨੰਦ ਵਿਚ ਹੀ ਰਹਿੰਦਾ ਹੈ, ਆਤਮਕ ਅਨੰਦ ਜਿਹੜਾ ਅੰਦਰ ਹੈ ਉਹ ਸਥਾਈ ਹੈ, ਸੰਸਾਰ ਦੇ ਸੁਖ, ਭੋਗ ਕੇਵਲ ਛਿਨਭੰਗਰ ਹੀ ਹੁੰਦੇ ਹਨ, ਸੰਸਾਰ ਦੇ ਸੁਖ ਛੇਤੀ ਹੀ ਦੁਖ ਵਿਚ ਬਦਲ ਜਾਂਦੇ ਹਨ, ਸੰਸਾਰ ਵਿਚ ਰਹਿੰਦਿਆਂ ਜਾਂ ਤੁਸੀਂ ਸੁਖੀ ਮਹਿਸੂਸ ਕਰਦੇ ਹੋ ਜਾਂ ਦੁਖੀ, ਇਹ ਗੱਲ ਯੋਗੀ ਤੇ ਲਾਗੂ ਨਹੀਂ ਹੁੰਦੀ, ਉਹ ਸਦਾ ਪਰਮ ਅਨੰਦ ਅਵਸਥਾ ਵਿਚ ਰਹਿੰਦਾ ਹੈ, ਇਹੋ ਜਿਹੇ ਯੋਗੀ ਦੀ ਪਛਾਣ ਕੋਈ ਸੌਖੀ ਨਹੀਂ, ਆਮ ਮਨੁੱਖ ਆਪਣੇ ਆਪੇ ਨੂੰ ਸਮੇਟ ਸਮੇਟ ਕੇ ਰਖਦਾ ਰਹਿੰਦਾ ਹੈ, ਉਸ ਵਿਚ ਹੀ ਵੱਡਾਪਨ ਸਮਝਦੇ ਹਨ। ਸ਼ੋਹਰਤ ਤੇ ਆਪਣਾ ਨਾਮ ਉਚਾ ਕਰਨ ਲਈ ਉਹ ਆਪਣੇ ਝੂਠੇ ਪਾਸੇ ਨਾਲ ਜੁੜ ਜਾਂਦਾ ਹੈ, ਉਹ ਹਉਮੈ ਦਾ ਹੀ ਪ੍ਰਤੀਕ ਹੁੰਦਾ ਹੈ। ਜਿਹੜੇ ਮਹਾਂਪੁਰਖ ਯੋਗੀ ਅੰਦਰ ਦੇ ਮਾਰਗ, ਆਤਮ ਮਾਰਗ ਤੇ ਚਲਦੇ ਹਨ ਉਹ ਸੰਸਾਰਕ ਸ਼ੋਹਰਤ ਤੇ ਮਾਨ ਤੋਂ, ਅਪਮਾਨ ਤੋਂ ਉਚੇ ਉਠ ਕੇ ਅਨੰਦ ਵਿਚ ਰਹਿੰਦੇ ਹਨ। ਜਿਹੜੇ ਆਪਾ ਚੀਨ ਲੈਂਦੇ ਹਨ, ਆਤਮਾ ਨੂੰ ਜਾਣ ਜਾਂਦੇ ਹਨ ਉਹ ਇਸ ਧਰਤੀ ਉਤੇ ਵੀ ਅਨੰਦ ਹੀ ਬਿਖਰਾਂਦੇ ਹਨ। ਉਨ੍ਹਾਂ ਨੂੰ ਮਾਨ ਅਪਮਾਨ ਨਾਲ ਕੋਈ ਵਾਸਤਾ ਨਹੀਂ ਹੁੰਦਾ, ਉਹ ਦੁਖ ਸੁਖ ਤੋਂ ਉਪਰ ਹੁੰਦੇ ਹਨ। ਸੰਸਾਰ

ਭਾਵੇਂ ਉਨ੍ਹਾਂ ਲਈ ਕੁਝ ਸੋਚੇ ਉਹ ਸਦਾ ਹੀ ਆਪਣੇ ਆਪ ਨੂੰ ਸੰਸਾਰ ਵਿਚ ਇਕ ਮੁਸਾਫਿਰ ਦੀ ਤਰ੍ਹਾਂ ਹੀ ਵਿਚਰਦੇ ਹਨ, ਸੰਸਾਰ ਇਕ ਵਿਸ਼ਰਾਮ ਗ੍ਰਹਿ ਦੀ ਤਰ੍ਹਾਂ ਹੈ, ਉਹ ਕਦੀ ਵੀ ਇਸ ਨੂੰ ਆਪਣਾ ਘਰ ਨਹੀਂ ਸਮਝਦੇ, ਆਮ ਮਨੁੱਖ ਉਨ੍ਹਾਂ ਨੂੰ ਪਛਾਣ ਹੀ ਨਹੀਂ ਸਕਦੇ, ਬਹੁਤ ਥੋੜ੍ਹੇ ਹੁੰਦੇ ਹਨ ਸੰਸਾਰ ਤੇ ਜਿਹੜੇ ਉਨ੍ਹਾਂ ਨੂੰ ਪਛਾਣਦੇ ਹਨ; ਕੇਵਲ ਦੂਸਰੇ ਸੰਤ ਹੀ, ਬ੍ਰਹਮਗਿਆਨੀ ਹੀ ਉਨ੍ਹਾਂ ਨੂੰ ਪਛਾਣ ਸਕਦੇ ਹਨ ਜਿਹੜੇ ਆਪ ਪਹੁੰਚੇ ਹਨ।

ਪਹਿਲਾ ਕ੍ਰਿਸ਼ਨ ਜੀ ਅਰਜਨ ਨੂੰ ਆਪਣੀ ਸ਼ੋਹਰਤ ਮਾਣ ਬਾਰੇ ਚੇਤਨ ਕਰਾਉਂਦੇ ਹਨ, ਹੁਣ ਜੋ ਸਿਖਿਆ ਦਿਤੀ ਜਾ ਰਹੀ ਹੈ ਉਹ ਪਹਿਲੀ ਸਿਖਿਆ ਤੋਂ ਵਿਪਰੀਤ ਨਹੀਂ ਹੈ। ਕ੍ਰਿਸ਼ਨ ਜੀ ਅਰਜਨ ਨੂੰ ਆਪਣੀਆਂ ਡੀਊਟੀਆਂ ਬਾਰੇ ਦਸ ਰਹੇ ਸਨ, ਉਸ ਨੂੰ ਯਾਦ ਕਰਾ ਰਹੇ ਸਨ ਕਿ ਉਹ ਇਕ ਆਗੂ ਹੈ, ਯੋਧਾ ਹੈ, ਉਹ ਇਕ ਬੁਜ਼ਦਿਲ ਕਾਇਰ ਕਮਜ਼ੋਰ ਨਹੀਂ, ਨਾ ਹੀ ਉਹ ਕੋਈ ਆਮ ਮਨੁੱਖ ਹੈ, ਸ੍ਵੈਮਾਨ, ਸ੍ਵੈਸਨਮਾਨ, ਆਪਣੀਆਂ ਡੀਊਟੀਆਂ ਨੂੰ ਯਾਦ ਕਰਾਉਂਦਾ ਹੈ, ਉਨ੍ਹਾਂ ਕੰਮਾਂ ਦਾ ਯਾਦ ਕਰਾਉਂਦੇ ਹਨ ਜਿਹੜੇ ਉਸ ਨੂੰ ਪੂਰੇ ਕਰਨੇ ਚਾਹੀਦੇ ਹਨ, ਇਹੋ ਜਿਹੇ ਸਨਮਾਨ, ਝੂਠੇ ਭਰੋਸੇ ਨਹੀਂ ਦਿਵਾਉਂਦੇ, ਜਿਹੜੇ ਭਰਮਾਂ ਵਿਚ ਰਹਿੰਦੇ ਹਨ, ਮਾਇਆ ਵਿਚ ਉਲਝੇ ਰਹਿੰਦੇ ਹਨ, ਜਿਨ੍ਹਾਂ ਨੂੰ ਆਪਣੇ ਆਪ ਉਤੇ ਭਰੋਸਾ ਨਹੀਂ ਹੁੰਦਾ, ਉਨ੍ਹਾਂ ਨੂੰ ਆਪਣੀਆਂ ਡੀਊਟੀਆਂ ਦਾ ਵੀ ਗਿਆਨ ਨਹੀਂ ਹੁੰਦਾ। ਉਹ ਸੁਆਰਥੀ ਹੁੰਦੇ ਹਨ, ਹਉਮੈ ਦੇ ਭਰੇ ਹੁੰਦੇ ਹਨ ਕੇਵਲ ਆਪਣੀ ਤ੍ਰਿਸ਼ਨਾ ਲਈ ਹੀ ਕੰਮ ਕਰਦੇ ਹਨ, ਇਨ੍ਹਾਂ ਦਾ ਕੋਈ ਸ੍ਵੈਮਾਨ ਨਹੀਂ ਹੁੰਦਾ ਕਿਉਂਕਿ ਇਹ ਜਾਣਦੇ ਹਨ ਕਿ ਅੰਦਰੋਂ ਇਹ ਉਹ ਨਹੀਂ ਹਨ ਜੋ ਸੰਸਾਰ ਨੂੰ ਬਣ ਕੇ ਦਿਖਾ ਰਹੇ ਹਨ, ਉਹ ਲਾਚਾਰ ਬਣੇ ਰਹਿੰਦੇ ਹਨ ਕਿਉਂਕਿ ਉਹ ਵਿਸ਼ੇ ਭੋਗਾਂ ਦੇ ਨਸ਼ੇ ਵਿਚ ਡੁੱਬੇ ਰਹਿੰਦੇ ਹਨ ਅਤੇ ਆਪਣੇ ਬਚਾਅ ਲਈ ਆਲੇ ਦੁਆਲੇ ਕੰਧਾਂ ਉਸਾਰ ਲੈਂਦੇ ਹਨ, ਆਪਣੇ ਅੰਦਰ ਦੇ ਭੈ ਤੋਂ ਬਚਣ ਲਈ। ਇਹ ਦੋ ਤਰ੍ਹਾਂ ਦੇ ਮਨੁੱਖਾਂ ਵਿਚ ਬਹੁਤ ਫਰਕ ਹੁੰਦੇ ਹਨ, ਇਕਨਾਂ ਦਾ ਸੱਚਾ ਸ੍ਵੈਮਾਨ ਹੁੰਦਾ ਹੈ ਦੂਸਰੇ ਕੇਵਲ ਦੇਖਣ ਵਿਚ ਸ੍ਵੈਮਾਨੀ ਲਗਦੇ ਹਨ।

ਗੁਰੂ ਅਤੇ ਅਧਿਆਪਕ ਆਪਣੇ ਸ਼ਿਸ਼ਾਂ ਅਤੇ ਚੇਲਿਆਂ ਨੂੰ ਚੰਗੀ ਤਰ੍ਹਾਂ ਦੇਖਦਾ ਹੈ, ਉਨ੍ਹਾਂ ਦਾ ਆਚਾਰ ਵਿਹਾਰ ਦੇਖਦਾ ਹੈ, ਉਹ ਦੇਖ ਲੈਂਦਾ ਹੈ ਕਿਸੇ ਸ਼ਿਸ਼ ਵਿਚ ਸ੍ਵੈਮਾਨ ਨਹੀਂ ਹੁੰਦਾ, ਇਸਦੇ ਉਲਟ ਉਹ ਆਪਣੇ ਆਪ ਨੂੰ ਨਿਖੇਦਦੇ ਹਨ ਅਤੇ ਇਸ ਤਰ੍ਹਾਂ ਕਰਕੇ ਉਹ ਆਪਣਾ ਕਮਜ਼ੋਰ ਤੇ ਬੁਰਾ ਹਿੱਸਾ ਲੁਕਾ ਲੈਂਦੇ ਹਨ ਤੇ ਆਪਣੇ ਆਪ ਤੇ ਮਖੌਟਾ ਪਾ ਲੈਂਦੇ ਹਨ, ਜਿਹੜੀ ਰੂਪ ਰੇਖਾ ਉਹ ਦੂਸਰਿਆਂ ਅੱਗੇ ਰਖਦੇ ਹਨ ਇਹ ਉਨ੍ਹਾਂ ਦੇ ਸ੍ਵੈ ਤੇ ਬਿਲਕੁਲ ਭਰੋਸਾ ਨਹੀਂ ਦਰਸਾਉਂਦੀ, ਇਹ ਬੱਚਿਆਂ ਲਈ ਹਾਨੀਕਾਰਕ ਹੋ ਕੇ ਉਨ੍ਹਾਂ ਦੀ ਤਰੱਕੀ ਵਿਚ ਰੁਕਾਵਟ ਬਣਦੀ ਹੈ। ਇਕ ਅੱਛਾ ਸ਼ਿਸ਼ ਆਪਾਂ ਚੰਗੀ ਤਰ੍ਹਾਂ ਜਾਣਦਾ ਹੈ, ਆਪਣੇ ਗੁਣ ਅਵਗੁਣ ਬਹੁਤ ਅੱਛੀ ਤਰ੍ਹਾਂ ਜਾਣਦਾ ਹੈ ਉਹ ਆਪਣੇ ਚੇਤਨ ਵਿਚ ਸਾਰੇ ਗੁਣ ਅਵਗੁਣ ਰਖਦਾ ਹੈ, ਇਹ ਹੀ ਸੱਚਾ ਸ੍ਵੈਮਾਨ ਹੈ, ਜੇ ਸਵੈਮਾਨ ਖਤਮ ਹੋ ਜਾਵੇ ਤਾਂ ਮਨੁੱਖ ਅੰਦਰੋਂ ਖੋਖਲਾ ਹੋ ਜਾਂਦਾ ਹੈ।

ਸੰਤਾਂ ਨੂੰ ਕੋਈ ਫਰਕ ਨਹੀਂ ਪੈਂਦਾ, ਉਨ੍ਹਾਂ ਨੂੰ ਕੋਈ ਜਾਣੇ ਚਾਹੇ ਨਾ ਜਾਣੇ, ਜਿਹੜੇ ਉਥੇ ਤਕ ਪਹੁੰਚ ਗਏ ਹਨ, ਉਹ ਹੀ ਉਨ੍ਹਾਂ ਨੂੰ ਪਛਾਣ ਸਕਦੇ ਹਨ, ਉਨ੍ਹਾਂ ਤੋਂ ਕੁਝ ਪ੍ਰਾਪਤ ਕਰ ਸਕਦੇ ਹਨ, ਅਰਜਨ ਤਾਂ ਇਕ ਆਗੂ ਹੈ, ਯੋਧਾ ਹੈ ਉਸ ਨੂੰ ਲੱਖਾਂ ਲੋਕ ਮੰਨਦੇ ਹਨ। ਜੇ ਉਸ ਨੂੰ ਹੀ ਧਰਮ ਦਾ ਗਿਆਨ ਨਹੀਂ ਹੋਵੇਗਾ, ਉਹ ਹੀ ਆਪਣੀ ਡੀਊਟੀ ਨਹੀਂ ਕਰੇਗਾ ਉਸ ਨੂੰ ਕੋਈ ਸਤਿਕਾਰੇਗਾ ਨਹੀਂ, ਕੋਈ ਵੀ ਉਸ ਨੂੰ ਸਲਾਹੇਗਾ ਨਹੀਂ, ਉਸ ਦੀ ਸਥਿਤੀ ਸੰਤਾਂ ਨਾਲੋਂ ਵਖਰੀ ਹੈ, ਉਸ ਨੂੰ ਧਰਮ ਨਿਭਾਉਣ ਦੀ ਲੋੜ ਹੈ, ਆਪਣੀ ਡੀਊਟੀ ਸੁਚੱਜੀ ਤਰ੍ਹਾਂ ਕਰਨ ਦੀ ਲੋੜ ਹੈ, ਨਿਸੁਆਰਥ ਹੋ ਕੇ ਕਰਨ ਦੀ ਲੋੜ ਹੈ, ਪਿਆਰ ਨਾਲ ਕਰਨ ਦੀ ਲੋੜ ਹੈ, ਆਗੂਆਂ ਦਾ ਆਚਾਰ ਵਿਹਾਰ ਆਮ ਮਨੁੱਖ ਲਈ ਇਕ ਮਿਸਾਲ ਵਜੋਂ ਹੁੰਦਾ ਹੈ, ਇਸ ਕਰਕੇ ਉਨ੍ਹਾਂ ਨੂੰ ਸਤ੍ਰਕ ਰਹਿਣਾ ਚਾਹੀਦਾ ਹੈ, ਆਪਣੀਆਂ ਡੀਊਟੀਆਂ ਲਈ ਚੇਤਨ ਰਹਿਣਾ ਚਾਹੀਦਾ ਹੈ, ਤਾਂ ਜੋ ਕੋਈ ਕਿਸੇ ਕਿਸਮ ਦਾ ਭਰਮ ਨਾ ਰਹੇ। ਆਮ ਲੋਕੀ ਆਮ ਤੌਰ ਤੇ ਆਪਣੇ ਆਗੂਆਂ ਨੂੰ ਸਤਿਕਾਰਦੇ ਹਨ ਪਰ ਸੱਚੇ ਆਗੂ ਇਨ੍ਹਾਂ ਗੱਲਾਂ ਤੋਂ ਪ੍ਰਭਾਵਿਤ ਨਹੀਂ ਹੁੰਦੇ, ਕਿਸੇ ਕਿਸਮ ਦਾ ਸਤਿਕਾਰ ਉਨ੍ਹਾਂ ਨੂੰ ਛੋਂਹਦਾ ਨਹੀਂ।

ਮਾਨਵਤਾ ਦੇ ਵੱਡੇ ਵੱਡੇ ਆਗੂ ਤੇ ਪੱਥ ਪਰਦਰਸ਼ਕ ਆਪਣੀਆਂ ਰੁਚੀਆਂ ਬਦਲਿਆ ਨਹੀਂ ਕਰਦੇ, ਨਾ ਹੀ ਕਦੀ ਆਪਣੀ ਸ਼ਾਂਤੀ ਨੂੰ ਭੰਗ ਹੋਣ ਦਿੰਦੇ ਹਨ, ਨਾ ਹੀ ਆਪਣੀ ਸੰਤੁਲਤਾ ਗਵਾਉਂਦੇ ਹਨ, ਉਹ ਸਦਾ ਹੀ ਅਣਛੋਹ ਰਹਿੰਦੇ ਹਨ, ਭਾਵੇਂ ਕੋਈ ਉਨ੍ਹਾਂ ਦਾ ਸਤਿਕਾਰ ਕਰੇ ਨਾ ਕਰੇ, ਕੋਈ ਉਨ੍ਹਾਂ ਨੂੰ ਠੀਕ ਸਮਝੇ ਜਾਂ ਨਾ ਸਮਝੇ, ਉਹ ਤਾਂ ਆਪਣਾ ਧਰਮ ਨਿਭਾਅ ਰਹੇ ਹੁੰਦੇ ਹਨ, ਆਪਣੀ ਡੀਊਟੀ ਕਰ ਰਹੇ ਹੁੰਦੇ ਹਨ, ਇਹੋ ਜਿਹੇ ਆਗੂ ਸਭ ਨੂੰ ਇਕੋ ਤਰ੍ਹਾਂ ਦੇਖਦੇ ਹਨ ਉਹ ਪਾਪੀ ਤੇ ਸੰਤਾਂ ਨੂੰ ਇਕੋ ਹੀ ਤਰ੍ਹਾਂ ਦੇਖਦੇ ਹਨ। ਇਹ ਦੂਸਰਿਆਂ ਦਾ ਨਿਰਣਾ ਨਹੀਂ ਕਰਦੇ, ਉਹ ਤਾਂ ਹਰ ਇਕ ਨੂੰ ਸਵੀਕਾਰ ਕਰਦੇ ਹਨ, ਉਹ ਆਮ ਤੌਰ ਤੇ ਨਾ ਕਿਸੇ ਦੀ ਸ਼ਲਾਘਾ ਕਰਦੇ ਹਨ, ਨਾ ਕਿਸੇ ਦੀ ਨਿੰਦਿਆ ਕਰਦੇ ਹਨ, ਇਕ ਸੰਤ ਦੀ ਰੁਚੀ ਰਵਯਾ ਦੂਸਰੇ ਸੰਤ ਵਲ ਅਤੇ ਇਕ ਬੁਰਾਈ ਕਰਨ ਵਾਲੇ ਵਲ ਇਕੋ ਜਿਹਾ ਹੁੰਦਾ ਹੈ, ਉਨ੍ਹਾਂ ਦੀ ਨਿਰਣਾ ਸ਼ਕਤੀ ਸਦਾ ਸਮ ਰਹਿੰਦੀ ਹੈ, ਉਨ੍ਹਾਂ ਨੇ ਸਮਤਾ ਪ੍ਰਾਪਤ ਕਰ ਲਈ ਹੈ, ਉਹ ਨਾ ਤਾਂ ਸੰਤਾਂ ਦੀ ਤਰਫਦਾਰੀ ਕਰਦੇ ਹਨ, ਨਾ ਹੀ ਬੁਰਾ ਕਰਨ ਵਾਲਿਆਂ ਨਾਲ ਕਰੂਰ ਹੁੰਦੇ ਹਨ, ਉਨ੍ਹਾਂ ਨੇ ਸ਼ਾਂਤੀ, ਸਮਾਨਤਾ, ਸਮਾਚਿਤਤਾ ਪ੍ਰਾਪਤ ਕਰ ਲਈ ਹੈ, ਉਹ ਇਸ ਪੱਧਰ ਤੇ ਪਹੁੰਚ ਚੁੱਕੇ ਹਨ ਜਿਥੇ ਕੁਝ ਵੀ ਉਨ੍ਹਾਂ ਤੇ ਪ੍ਰਭਾਵ ਨਹੀਂ ਪਾ ਸਕਦਾ, ਯੋਗ ਅਨੁਸਾਰ ਇਸ ਸਥਿਤੀ ਨੂੰ ਇਕ ਸਾਖੀ (ਦੇਖਣ ਵਾਲੇ) ਦੀ ਸਥਿਤੀ ਕਿਹਾ ਜਾਂਦਾ ਹੈ, ਜਿਥੇ ਤੁਸੀਂ ਸਾਖੀ ਹੋ ਕੇ ਸਭ ਕੁਝ ਦੇਖ ਰਹੇ ਹੋ ਪਰ ਉਸ ਵਿਚ ਆਪਣੇ ਆਪ ਨੂੰ ਉਸ ਦਾ ਹਿੱਸਾ ਨਹੀਂ ਬਣਾਉਂਦੇ।

10. ਯੋਗੀ ਮਨ ਤੇ ਸਰੀਰ ਨੂੰ ਕਾਬੂ ਵਿਚ ਰੱਖ ਕੇ ਆਸਾ ਰਹਿਤ ਹੋ ਕੇ, ਅਪਰਿਗ੍ਰਹੀ (ਅਤਿਅਵਸ਼ਕ ਚੀਜ਼ਾਂ ਰੱਖ ਕੇ) ਹੋ ਕੇ ਇਕਾਂਤ ਵਿਚ ਰਹਿ ਕੇ ਆਪਣੇ ਮਨ ਚਿਤ ਨੂੰ ਇਕਾਗਰ ਕਰਕੇ ਨਿਰੰਤਰ ਜੋੜੇ।

11. ਸਮ ਧਰਤੀ ਜੋ ਨਾ ਬਹੁਤ ਉਚੀ ਹੋਵੇ, ਨਾ ਨੀਵੀਂ, ਇਕ ਪਵਿੱਤਰ ਸਥਾਨ ਤੇ ਕੁਸ਼ਾ ਵਿਛਾ ਕੇ ਉਸ ਉਤੇ ਕਾਲੀ ਮ੍ਰਿਗਸ਼ਾਲਾ ਵਿਛਾ ਕੇ, ਕਪੜਾ ਵਿਛਾ ਕੇ ਆਸਨ ਲਗਾਓ।

12. ਉਸ ਆਸਨ ਤੇ ਬੈਠ ਕੇ ਮਨ ਚਿਤ ਇਕਾਗਰ ਕਰਕੇ ਇੰਦ੍ਰੀਆਂ ਨੂੰ ਬਾਹਰ ਜਾਣ ਤੋਂ ਰੋਕ ਕੇ, ਆਤਮ ਸੁਧੀ ਲਈ ਯੋਗ ਵਿਚ ਜੁੜੇ।

13. ਧੜ, ਸਿਰ ਅਤੇ ਗਰਦਨ ਨੂੰ ਸਿੱਧਾ ਰੱਖਕੇ ਹਿਲਾਵੇ ਨਾ, ਦ੍ਰਿਸ਼ਟੀ ਨੂੰ ਹਿਲਾਏ ਬਿਨਾ ਇਕ ਟਕ ਨੱਕ ਦੀ ਨੋਕ ਤੇ ਟਿਕਾਵੇ, ਹੋਰ ਕਿਸੇ ਪਾਸੇ ਨਾ ਦੇਖੇ।

14. ਸ਼ਾਂਤ ਚਿੱਤ ਹੋ ਕੇ ਜਤੀ, ਨਿਰਭੈ, ਯੁਕਤੀ (ਯੋਗੀ) ਹੋ ਕੇ, ਮਨ ਕਾਬੂ ਕਰਕੇ ਮੇਰੇ ਵਲ ਲੱਗੇ, ਮੇਰੇ ਪਰਾਇਣ ਹੋ ਕੇ ਅਭਿਆਸ ਕਰੇ।

15. ਇਹੋ ਜਿਹਾ ਯੋਗੀ ਮਨ ਵਸ ਕਰਕੇ ਸਦਾ ਆਤਮਾ ਨਾਲ ਜੁੜਿਆ ਹੋਇਆ, ਪਰਮ ਸ਼ਾਂਤੀ ਨੂੰ ਪ੍ਰਾਪਤ ਹੁੰਦਾ ਹੈ ਉਹ ਸ਼ਾਂਤੀ ਨਿਰਵਾਣ ਵਿਚ ਜਾ ਮਿਲਾਉਂਦੀ ਹੈ ਜੋ ਵਾਸਤਵ ਵਿਚ ਮੈਂ ਹੀ ਹਾਂ।

ਦਸਵੇਂ ਸ਼ਲੋਕ ਤੋਂ ਪ੍ਰੈਕਟੀਕਲ ਸਿਖਿਆ ਦਿਤੀ ਜਾ ਰਹੀ ਹੈ ਜਿਹੜੀ ਸੰਸਾਰ ਵਿਚ ਰਹਿਣ ਵਾਲਿਆਂ ਨੂੰ ਅਤੇ ਸਾਧੂਆਂ ਨੂੰ ਬਹੁਤ ਲਾਭਦਾਇਕ ਹੈ, ਬਾਹਰੀ ਗਿਆਨ ਸਾਧਕ ਲਈ ਪ੍ਰੇਰਕ ਹੋ ਸਕਦਾ ਹੈ, ਸਾਧਕ ਨੂੰ ਰਾਹੇ ਪਾ ਸਕਦਾ ਹੈ ਪਰ ਪ੍ਰਤੱਖ ਗਿਆਨ ਤੋਂ ਬਿਨਾਂ, ਅਨੁਭਵ ਤੋਂ ਬਿਨਾਂ ਗਿਆਨ ਦੀ ਜਾਨਣ ਦੀ ਭੁੱਖ ਨਹੀਂ ਬੁਝਿਆ ਕਰਦੀ, ਜਦੋਂ ਸਾਧਕ ਗਿਆਨ ਦੀ ਜੋਤੀ ਜਗਾਉਣੀ ਸਿੱਖ ਲੈਂਦਾ ਹੈ ਉਹ ਆਤਮ ਮਾਰਗ ਤੇ ਟੁਰਨਾ ਸਿੱਖ ਲੈਂਦਾ ਹੈ। ਉਹ ਇਹੋ ਜਿਹੀ ਸਥਿਤੀ ਤੇ ਪਹੁੰਚ ਜਾਂਦਾ ਹੈ ਜਿਥੇ ਸਾਰੇ ਸੰਸਕਾਰ ਭਸਮ ਕਰ ਦਿਤੇ ਜਾਂਦੇ ਹਨ, ਉਹ ਸ਼ੁਧ ਹੋ ਜਾਂਦਾ ਹੈ। ਜਦੋਂ ਅਸੀਂ ਕਹਿੰਦੇ ਹਾਂ ਹਰ ਇਕ ਨੂੰ ਸ਼ੁਧ ਹੋਣ, ਸੋਧੇ ਜਾਣ ਦੀ ਲੋੜ ਹੈ, ਇਸ ਤੋਂ ਭਾਵ ਹੈ ਕਿ ਮਨ ਇਕ ਗੁਲਾਮ ਦੀ ਤਰ੍ਹਾਂ ਸੰਸਕਾਰਾਂ ਅਨੁਸਾਰ ਜਾਂ ਆਦਤਾਂ ਅਨੁਸਾਰ ਕੰਮ ਕਰਦਾ ਹੈ, ਸੋਧਿਆ ਹੋਇਆ ਬਾਹਰ ਨਹੀਂ ਦੌੜਦਾ, ਮਨ ਨੂੰ ਕਾਬੂ ਕਰਨਾ ਉਸ ਦੀਆਂ ਕ੍ਰਿਆਵਾਂ ਨੂੰ ਸੋਧਣਾ ਅਵਸ਼ਕ ਹੈ, ਮਨ ਨੂੰ ਸੋਧਣਾ ਤੇ ਸੋਧਣ ਲਈ ਦ੍ਰਿੜ੍ਹਤਾ ਅਤੇ ਪ੍ਰੈਕਟੀਕਲ ਤਰੀਕਿਆਂ ਦੀ ਲੋੜ ਹੈ, ਜਦੋਂ ਸੱਚ ਨੂੰ ਜਾਨਣ ਦੀ ਇੱਛਾ ਹੁੰਦੀ ਹੈ ਅਤੇ ਉਹ ਆਪਣੇ ਤੁਛ ਹੋਣ ਦਾ ਅਹਿਸਾਸ ਕਰਦਾ ਹੈ, ਫੇਰ ਸਾਧਨਾ ਹੀ ਇਕ ਰਸਤਾ ਰਹਿ ਜਾਂਦਾ ਹੈ, ਅੰਦਰ ਦੇ ਅਭਿਆਸ ਕਰਨ ਦਾ ਰਸਤਾ, ਰੌਸ਼ਨੀ ਦਾ ਮਾਰਗ।

ਯੋਗੀ ਦੇ ਜੀਵਨ ਦਾ ਮਨੋਰਥ ਆਪਣੇ ਆਪ ਨੂੰ ਸੱਚੇ ਨਾਲ ਜੋੜਨਾ, ਪਰਮਾਤਮਾ ਨਾਲ ਜੋੜਨਾ ਹੈ, ਯੋਗੀ ਸ਼ਬਦ ਉਨ੍ਹਾਂ ਲਈ ਵਰਤਿਆ ਜਾਂਦਾ ਹੈ ਜਿਹੜਾ ਪ੍ਰਮਾਤਮਾ ਨਾਲ ਜੁੜਨ ਲਈ ਸੱਚੀ ਕੋਸ਼ਿਸ਼ ਕਰ ਰਿਹਾ ਹੈ, ਅਭਿਆਸ ਕਰ ਰਿਹਾ ਹੈ, ਸਮਾਧੀ ਵਿਚ ਜੁੜਨ ਦਾ ਅਭਿਆਸ ਕਰਦਾ ਹੈ। ਜਿਹੜੇ ਮਾਰਗ ਤੇ ਯੋਗੀ ਚਲਦੇ ਹਨ, ਉਸ ਨੂੰ ਯੋਗ ਸਾਧਨਾ ਕਹਿੰਦੇ ਹਨ, ਜੇ ਤੁਹਾਡੇ ਅੰਦਰ ਅਭਿਆਸ ਦੀ ਇੱਛਾ ਹੈ ਤੁਸੀਂ ਸਾਧਨਾ ਦਾ ਮਾਰਗ ਜ਼ਰੂਰ

ਪਕੜੋਗੇ, ਸਾਧਨਾ ਲਈ ਗੀਤਾ ਵਿਚ ਇਕ ਸੰਪੂਰਨ ਤੇ ਪ੍ਰੈਕਟੀਕਲ ਤਰੀਕਾ ਦੱਸਿਆ ਗਿਆ ਹੈ। ਸਾਧਨਾ ਲਈ ਚੁੱਪ ਵਿਚ ਰਹਿਣਾ ਇਕੱਲ ਵਿਚ ਰਹਿਣ ਦਾ ਫੈਸਲਾ ਹੀ ਜੀਵਨ ਦੀ ਜੋਤ ਜਗਾਉਣਾ ਹੈ, ਕੋਈ ਸਮਾਂ, ਕੋਈ ਥਾਂ ਅਤਿ ਅਵਸ਼ਕ ਹੁੰਦੀ ਜਿਥੇ ਤੁਸੀਂ ਬਿਨਾਂ ਕਿਸੇ ਵਿਘਨ ਦੇ ਬੈਠ ਕੇ ਸਾਧਨਾ ਕਰ ਸਕੋ, ਜਿਹੜਾ ਵੀ ਸਥਾਨ ਤੁਸੀਂ ਰੱਖੋ ਉਥੇ ਨਾ ਬਹੁਤੀ ਠੰਢ ਹੋਵੇ, ਨਾ ਗਰਮੀ, ਨਾ ਸਲਾਭਾ, ਸੂਰਜ ਚੜ੍ਹਨ ਤੋਂ ਪਹਿਲਾਂ ਅਤੇ ਸੂਰਜ ਛਿਪਣ ਤੋਂ ਬਾਅਦ ਦਾ ਸਮਾਂ ਬਹੁਤ ਹੀ ਠੀਕ ਰਹਿੰਦਾ ਹੈ। ਉਸ ਸਮੇਂ ਧਿਆਨ ਠੀਕ ਜੋੜਿਆ ਜਾ ਸਕਦਾ ਹੈ, ਯੋਗਾ ਆਸਣ ਕਿਸੇ ਸਮੇਂ ਵੀ ਕੀਤੇ ਜਾ ਸਕਦੇ ਹਨ, ਪ੍ਰਾਣਾਯਾਮ ਤੇ ਆਸਨ ਦੋਨਾਂ ਦਾ ਹੀ ਅਭਿਆਸ ਕਰਨਾ ਚਾਹੀਦਾ ਹੈ, ਵਰਜਿਸ਼ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ, ਪ੍ਰਾਣਾਯਾਮ ਸਾਹ ਨੂੰ ਇਕਸਾਰ ਕਰਨ ਵਿਚ ਸਹਾਇਤਾ ਕਰਦਾ ਹੈ, ਸਰੀਰ ਦੀ ਤੰਦਰੁਸਤੀ ਤੋਂ ਬਿਨਾਂ ਸਾਹ ਦੀ ਇਕਸਾਰਤਾ ਤੋਂ ਬਿਨਾਂ ਫੇਫੜਿਆਂ ਦੀ ਗਤੀ ਬਰਾਬਰ ਕੀਤੇ ਬਿਨਾਂ ਸਾਧਨਾ ਨਹੀਂ ਕੀਤੀ ਜਾ ਸਕਦੀ, ਦੂਸਰੀ ਜ਼ਰੂਰੀ ਗੱਲ ਸਾਧਨਾ ਕਰਨ ਲਈ ਤੁਹਾਡਾ ਆਹਾਰ ਹੈ। ਨਰੋਆ, ਸਾਦਾ, ਤਾਜਾ ਆਹਾਰ ਪੂਰੀ ਤਰ੍ਹਾਂ ਚਬਾ ਕੇ ਖਾਧਾ ਆਹਾਰ ਅਤੇ ਜਿੰਨੀ ਭੁੱਖ ਹੋਵੇ ਓਨਾਂ ਸਾਦਾ ਆਹਾਰ ਬਹੁਤ ਜ਼ਰੂਰੀ ਹੈ, ਪਰ ਭੋਜਨ ਤੇ ਬਹੁਤ ਸਮਾਂ ਲਾਉਣਾ ਤੇ ਉਸ ਨੂੰ ਬਹੁਤ ਸਵਾਦ ਬਣਾਉਣ ਦੀ ਖੇਚਲ ਨਹੀਂ ਕਰਨੀ ਚਾਹੀਦੀ, ਕੇਵਲ ਸਾਧਨਾ ਹੀ ਤੁਹਾਡੀ ਕ੍ਰਿਆ ਦਾ ਬਿੰਦੂ ਹੋਣਾ ਚਾਹੀਦਾ ਹੈ।

ਧਿਆਨ ਕਰਨ ਦੀ, ਸਮਾਧੀ ਲਗਾਉਣ ਦੀ ਤਿਆਰੀ ਜ਼ਿਆਦਾ ਜ਼ਰੂਰੀ ਹੈ ਸਮਾਧੀ ਲਗਾਉਣ ਦੀ ਤਿਆਰੀ ਤੋਂ ਭਾਵ ਹੈ ਦੋਨੋਂ ਤਰ੍ਹਾਂ ਦੀ ਤਿਆਰੀ ਅੰਦਰ ਦੀ, ਬਾਹਰ ਦੀ ਵੀ। ਬਾਹਰ ਦੇ ਵਾਤਾਵਰਣ ਦੀ ਅਤੇ ਅੰਦਰ ਦੀ ਸੋਧ ਉਸ ਤੋਂ ਬਿਨਾਂ ਧਿਆਨ ਹੋ ਹੀ ਨਹੀਂ ਸਕਦਾ, ਬਾਹਰ ਦਾ ਵਾਤਾਵਰਣ ਸਾਫ ਸੁਥਰਾ ਰੱਖਣਾ ਚਾਹੀਦਾ ਹੈ, ਨਿਰਵਿਘਨ, ਰੌਲੇ ਗੌਲੇ ਤੋਂ ਦੂਰ ਰੱਖਣਾ ਚਾਹੀਦਾ ਹੈ। ਜੋ ਵੀ ਮਨ ਨੂੰ ਅਸ਼ਾਂਤ ਕਰਦਾ ਹੈ, ਉਹ ਧਿਆਨ ਵਿਚ ਵਿਘਨ ਪਾਏਗਾ ਹੀ। ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ : –

1. ਪਹਿਲੇ ਪਹਿਲ ਜਦੋਂ ਤੁਸੀਂ ਧਿਆਨ ਲਗਾਉਣਾ ਸ਼ੁਰੂ ਕਰਦੇ ਹੋ ਤਦ ਇਹ ਅਭਿਆਸ ਸ਼ਾਂਤ ਵਾਤਾਵਰਣ ਵਾਲੇ ਕਮਰੇ ਵਿਚ ਕਰਨਾ ਚਾਹੀਦਾ ਹੈ ਜਿਥੇ ਬਾਹਰ ਦੀਆਂ ਆਵਾਜ਼ਾਂ ਸਾਧਕ ਨੂੰ ਅਸ਼ਾਂਤ ਨਾ ਕਰਨ, ਕਮਰਾ ਠੀਕ ਹੋਵੇ ਆਰਾਮਦਾਇਕ ਹੋਵੇ, ਸਲਾਭ ਵਾਲਾ ਨਾ ਹੋਵੇ, ਧਿਆਨ ਲਗਾਉਂਦਿਆਂ ਧੂਪ ਜਗਾਉਣੀ ਸਿਹਤ ਲਈ ਠੀਕ ਨਹੀਂ। ਜੇ ਚਾਹੋ ਤਾਂ ਪਿਛੋਂ ਜਾਂ ਪਹਿਲਾਂ ਲਗਾ ਸਕਦੇ ਹੋ।

2. ਦੋ ਕਿਸਮ ਦੇ ਯੋਗ ਆਸਨਾਂ ਦਾ ਅਭਿਆਸ ਕਰਨਾ ਚਾਹੀਦਾ ਹੈ। ਸਰੀਰ ਨੂੰ ਠੀਕ, ਸੁਡੌਲ, ਲਚਕਦਾਰ ਰੱਖਣ ਲਈ ਸਰੀਰਕ ਆਸਨ ਕਰਨੇ ਜ਼ਰੂਰੀ ਹਨ, ਜਿਸ ਆਸਨ ਤੇ ਬੈਠ ਕੇ ਧਿਆਨ ਲਗਾਉਣਾ ਹੈ ਉਹ ਬਹੁਤ ਉਚਾ ਨਹੀਂ ਹੋਣਾ ਚਾਹੀਦਾ, ਹੋ ਸਕਦਾ ਹੈ ਸਾਧਕ ਡਿੱਗ ਪਵੇ। ਜੇ ਆਸਨ

ਬਿਲਕੁਲ ਨੀਵਾ ਹੋਵੇਗਾ ਤਾਂ ਕੀੜੇ ਮਕੌੜੇ ਤੰਗ ਕਰਨਗੇ। ਧਰਤੀ ਤੋਂ ਥੋੜ੍ਹਾ ਉਚਾ ਆਸਨ ਲਗਾਉਣਾ ਹੀ ਠੀਕ ਹੈ। ਇਕ ਕਾਰਨ ਇਹ ਹੈ ਕਿ ਧਰਤੀ ਦੀ ਨਮੀ ਅਸਰ ਨਹੀਂ ਕਰੇਗੀ। ਦੂਸਰਾ ਤਾਪਮਾਨ ਦਾ ਵੀ ਬਹੁਤ ਪ੍ਰਭਾਵ ਨਹੀਂ ਪਾਵੇਗਾ, ਲੱਕੜੀ ਦੀ ਚੌਂਕੀ ਠੀਕ ਅੱਛੀ ਸਮਝੀ ਜਾਂਦੀ ਹੈ, ਇਹ ਚੌਂਕੀ ਐਡੀ ਹੋਣੀ ਚਾਹੀਦੀ ਹੈ ਕਿ ਆਰਾਮ ਨਾਲ ਬੈਠਿਆ ਜਾ ਸਕੇ, ਲੱਕੜੀ ਠੰਢ ਅਤੇ ਗਰਮੀ ਨੂੰ ਛੇਤੀ ਨਹੀਂ ਪਕੜਦੀ, ਇਹ ਧਰਤੀ ਉਤੇ ਬੈਠਣ ਨਾਲੋਂ ਜਾਂ ਕਿਸੇ ਧਾਤੂ ਉਤੇ ਬੈਠਣ ਨਾਲੋਂ ਕਿਤੇ ਠੀਕ ਹੈ। ਪੁਰਾਣਿਆਂ ਸਮਿਆਂ ਵਿਚ ਕੁਸ਼ਾ ਘਾਹ ਦੇ ਬਣੇ ਹੋਏ ਆਸਨ ਨੂੰ ਵਿਛਾ ਕੇ ਉਪਰ ਚੌਹਰਾ ਕੰਬਲ ਵਿਛਾਇਆ ਜਾਂਦਾ ਸੀ, ਫੇਰ ਉਪਰ ਕੋਈ ਸੂਤੀ ਕਪੜਾ ਵਿਛਾਇਆ ਜਾਂਦਾ ਸੀ, ਕਈ ਵਾਰੀ ਕੰਬਲ ਦੀ ਥਾਂ ਹਿਰਨ ਜਾਂ ਸ਼ੇਰ ਦੀ ਖੱਲ ਵੀ ਵਿਛਾਈ ਜਾਂਦੀ ਸੀ। ਇਨ੍ਹਾਂ ਸਾਰੀਆਂ ਚੀਜ਼ਾਂ ਦੀ ਵਰਤੋਂ ਇਕ ਗੱਦੀ ਵਾਕਰ ਕੀਤੀ ਜਾਂਦੀ ਸੀ, ਪੁਰਾਣਿਆਂ ਸਮਿਆਂ ਵਿਚ ਬਾਹਰ ਖੁਲ੍ਹੀ ਥਾਂ ਤੇ ਜਾਂ ਗੁਫਾਵਾਂ ਵਿਚ ਬੈਠ ਕੇ ਧਿਆਨ ਲਗਾਇਆ ਜਾਂਦਾ ਸੀ, ਤਾਪਮਾਨ ਨੂੰ ਨਿਅੰਤਰਣ ਵਿਚ ਰੱਖਣ ਲਈ, ਨਮੀ ਨੂੰ ਠੀਕ ਰੱਖਣ ਲਈ, ਕੀੜੇ ਮਕੌੜਿਆਂ ਤੋਂ ਬਚਣ ਲਈ ਅੱਜ ਵਰਗੀਆਂ ਸੁਵਿਧਾ ਉਦੋਂ ਪ੍ਰਾਪਤ ਨਹੀਂ ਸੀ, ਇਸ ਕਰਕੇ ਭਗਵਤ ਗੀਤਾ ਵਿਚ ਦੱਸੀਆਂ ਵਸਤਾਂ ਨੂੰ ਅੱਜ ਦੀ ਲੋੜ ਅਤੇ ਹਾਲਾਤ ਅਨੁਸਾਰ ਬਦਲਿਆ ਜਾ ਸਕਦਾ ਹੈ।

3. ਸਾਧਕ ਨੂੰ ਇਹੋ ਜਿਹੇ ਤਰੀਕੇ ਨਾਲ ਬੈਠਣਾ ਚਾਹੀਦਾ ਹੈ ਕਿ ਉਹ ਆਰਾਮ ਨਾਲ ਬੈਠ ਸਕੇ ਅਤੇ ਉਹ ਆਪਣਾ ਧੜ, ਸਿਰ, ਗਰਦਨ ਬਿਲਕੁਲ ਸਿੱਧੀ ਰੱਖ ਸਕੇ, ਬੜੇ ਥੋੜ੍ਹੇ ਜਿਹੇ ਆਸਨ ਹਨ ਜਿਨ੍ਹਾਂ ਨਾਲ ਠੀਕ ਬੈਠਿਆ ਜਾ ਸਕਦਾ ਹੈ, ਸਾਧਕ ਜਿਸ ਆਸਨ ਨੂੰ ਵਧੇਰੇ ਪਸੰਦ ਕਰਦੇ ਹਨ ਉਹ ਹੈ ਸਿੱਧ ਆਸਨ ਜਿਸ ਨੂੰ ਸਭ ਤੋਂ ਉਤਮ ਸਮਝਿਆ ਜਾਂਦਾ ਹੈ, ਅਰਧ ਪਦਮ-ਆਸਨ। ਦੂਸਰਾ ਹੈ ਸਭ ਤੋਂ ਸੌਖਾ ਹੈ ਸੁਖ ਆਸਨ। ਕਿਹੜਾ ਆਸਨ ਤੁਸੀਂ ਚੁਣਦੇ ਹੋ ਉਹ ਕੋਈ ਮਹੱਤਵ ਨਹੀਂ ਰੱਖਦਾ, ਤੁਸੀਂ ਬਿਲਕੁਲ ਸਿੱਧੇ ਕੁਰਸੀ ਉਤੇ ਵੀ ਬੈਠ ਸਕਦੇ ਹੋ। ਸਭ ਤੋਂ ਜ਼ਰੂਰੀ ਹੈ ਸਿਰ, ਗਰਦਨ, ਧੜ ਨੂੰ ਸਿੱਧੇ ਰੱਖਣਾ ਅਤੇ ਲੱਤਾਂ ਬਾਹਾਂ ਨੂੰ ਇਸ ਤਰ੍ਹਾਂ ਰੱਖਣਾ ਉਹ ਪਰੇਸ਼ਾਨੀ ਪੈਦਾ ਨਾ ਕਰਨ, ਨਾ ਹੀ ਸਰੀਰ ਨੂੰ ਬੇਆਰਾਮ ਕਰਨ।

4. ਸਿੱਧ ਆਸਨ ਵਿਚ ਠੀਕ ਤਰ੍ਹਾਂ ਬੈਠ ਕੇ ਜਾਂ ਹੋਰ ਕਿਸੇ ਆਸਨ ਵਿਚ ਸਾਧਕ ਨੂੰ ਹੌਲੀ ਹੌਲੀ ਨੇਤਰ ਬੰਦ ਕਰਨੇ ਚਾਹੀਦੇ ਹਨ ਅਤੇ ਆਪਣੀ ਨਿਗ੍ਹਾ ਭਰਵੱਟਿਆਂ ਦੇ ਵਿਚਕਾਰ ਵਾਲੀ ਜਗ੍ਹਾ ਤੇ ਟਿਕਾਉਣੀ ਚਾਹੀਦੀ ਹੈ, 'ਨਸਾਅਗਰ' ਸ਼ਬਦ ਤੋਂ ਭਾਵ ਨੱਕ ਦੇ ਸਿਰ ਤੇ ਨਹੀਂ ਜਿਸ ਤਰ੍ਹਾਂ ਕਈ ਵਿਆਖਿਆਕਾਰ ਕਰਦੇ ਹਨ। ਇਸ ਤੋਂ ਭਾਵ ਹੈ ਦੋ ਨਾਸਿਕਾ ਦੇ ਵਿਚਕਾਰ ਪੁਲ ਭਾਵ ਭਰਵੱਟਿਆਂ ਦੇ ਵਿਚਕਾਰ ਇਸ ਜਗ੍ਹਾ ਨਿਗ੍ਹਾ ਟਿਕਾਉਣ ਨਾਲ ਤੁਸੀਂ ਆਪਣੇ ਅੰਦਰ ਜਾਣ ਵਾਲੇ ਅਤੇ ਬਾਹਰ ਆਉਣ ਵਾਲੇ ਸਾਹ ਸੁਆਸ ਲਈ ਸਤਰਕ ਰਹਿ ਸਕਦੇ ਹੋ। ਇਹ ਬੜੇ ਖੇਦ ਦੀ ਗੱਲ ਹੈ ਕਿ ਵਿਆਖਿਆਕਾਰਾਂ ਨੇ ਇਸ ਸ਼ਲੋਕ ਤੇ ਬੜੀ ਵਿਸਤਾਰ ਵਿਆਖਿਆ ਕੀਤੀ ਹੈ ਤੇ ਇਸ ਨਾਲ ਸਾਧਕਾਂ ਨੂੰ ਗਲਤ ਸਿਖਿਆ ਨਾਲ ਗਲਤ ਰਸਤਾ

ਦੱਸਿਆ ਜਾਂਦਾ ਹੈ ਜੋ ਹਾਨੀਕਾਰਕ ਹੋ ਸਕਦਾ ਹੈ। ਤੁਸੀਂ ਨੱਕ ਦੇ ਸਿਰੇ ਤੇ ਕਿਸ ਤਰ੍ਹਾਂ ਧਿਆਨ ਲਗਾ ਸਕਦੇ ਹੋ? ਇਹੋ ਜਿਹੀ ਇਕ ਕ੍ਰਿਆ ਹੈ ਪਰ ਉਸ ਨੂੰ ਤ੍ਰਾਟਕ ਕਹਿੰਦੇ ਹਨ। ਇਹ ਹਠ ਯੋਗ ਵਿਚ ਨੇਤਰ ਸ਼ਕਤੀ ਨੂੰ ਵਿਦਾਉਣ ਲਈ ਕੀਤਾ ਜਾਂਦਾ ਹੈ ਅਤੇ ਇਕਾਗਰ ਕਰਨ ਲਈ ਕੀਤਾ ਜਾਂਦਾ ਹੈ। ਇਹ ਸਮਾਧੀ ਲਗਾਉਣ ਲਈ ਨਾ ਤਾਂ ਆਵਸ਼ਕ ਹੈ ਨਾ ਹੀ ਇਹ ਸਮਾਧੀ ਦਾ ਹਿੱਸਾ ਹੈ। ਧਿਆਨ ਲਗਾਉਣਾ ਤਾਂ ਇੰਦ੍ਰੀਆਂ ਨੂੰ ਸਮੇਟਣ ਨਾਲ ਉਨ੍ਹਾਂ ਤੇ ਕਾਬੂ ਪਾਉਣ ਨਾਲ ਸ਼ੁਰੂ ਹੁੰਦਾ ਹੈ, ਸਾਧਨਾ ਮਨ ਤੇ ਕਾਬੂ ਕਰਕੇ ਇਕਾਗਰ ਹੋ ਕੇ ਇਕ ਜਗ੍ਹਾ ਦੇਖਣ ਨਾਲ ਸ਼ੁਰੂ ਨਹੀਂ ਹੁੰਦੀ। ਨਾਸ ਦਾ ਅਰਥ ਨੱਕ ਦਾ ਸਿਰਾ ਨਹੀਂ, ਨਾਸਕਾ ਹੈ ਅਤੇ ਅਗਰਾ ਭਾਗ ਤੋਂ ਭਾਵ ਨੱਕ ਦਾ ਸਿਰਾ ਨਹੀਂ ਇਹ ਉਹ ਜਗ੍ਹਾ ਹੈ ਜਿਥੋਂ ਦੋ ਨਾਸਕਾ ਵੱਖ-ਵੱਖ ਹੋ ਕੇ ਉਪਰ ਵਾਲੇ ਬੁਲ੍ਹ ਦੇ ਉਪਰ ਵਾਲੇ ਪਾਸੇ ਮਿਲਦੀਆਂ ਹਨ ਤਾਂ ਜੋ ਸਾਧਕ ਅੰਦਰ ਜਾਣ ਵਾਲੇ ਸਾਹ ਅਤੇ ਬਾਹਰ ਆਉਣ ਵਾਲੇ ਸਾਹ ਤੇ ਪਹਿਰਾ ਦੇ ਸਕੇ ਤਾਂ ਜੋ ਸੁਖਮਨਾ ਨੂੰ ਕ੍ਰਿਆਸ਼ੀਲ ਕਰ ਸਕੇ। ਆਮ ਤੌਰ ਤੇ ਇਕ ਨਾਸਿਕਾ ਵਧੇਰੇ ਕੰਮ ਕਰ ਰਹੀ ਹੁੰਦੀ ਹੈ ਪਰ ਜਦੋਂ ਸੁਖਮਨਾ ਕ੍ਰਿਆਸ਼ੀਲ ਹੋ ਜਾਵੇ ਤਾਂ ਦੋਨੋਂ ਹੀ ਨਾਸਿਕਾ ਬਰਾਬਰ ਕੰਮ ਕਰਦੀਆਂ ਹਨ।

5. ਮਨ ਅਤੇ ਸ੍ਵਾਸ ਇਕ ਦੂਸਰੇ ਦੇ ਸਾਥੀ ਹਨ, ਇਕ ਦੂਸਰੇ ਤੇ ਪ੍ਰਭਾਵ ਪਾਉਂਦੇ ਹਨ, ਸ੍ਵਾਸ ਤੁਹਾਡੇ ਮਨ ਅਤੇ ਸਰੀਰ ਦਾ ਬੈਰੋਮੀਟਰ ਹਨ, ਇਹ ਸਾਰੀ ਸਥਿਤੀਆਂ ਵਿਚ ਪ੍ਰਭਾਵਿਤ ਹੁੰਦੇ ਹਨ, ਜੇ ਤੁਸੀਂ ਮਾਨਸਿਕ ਪੱਖੋਂ ਅਸ਼ਾਂਤ ਹੋ, ਤੁਹਾਡੇ ਸ੍ਵਾਸ ਦੀ ਗਤੀ ਬਦਲ ਜਾਏਗੀ, ਜੇ ਸਰੀਰ ਅਰੋਗ ਹੈ ਬੁਖਾਰ ਹੈ, ਜਾਂ ਕੁਛ ਵੀ ਹੋਰ ਸ੍ਵਾਸਾਂ ਵਿਚ ਬਦਲਾਅ ਆਉਣਾ ਜ਼ਰੂਰੀ ਹੈ। ਜੇ ਕੋਈ ਦੁਖ ਦਾ ਸਮਾਚਾਰ ਮਿਲੇ ਸ੍ਵਾਸ ਛੇਤੀ ਛੇਤੀ ਚੱਲਣ ਲਗ ਪੈਂਦੇ ਹਨ, ਫੇਫੜਿਆਂ ਦੀ ਗਤੀ ਵੀ ਬਦਲ ਜਾਂਦੀ ਹੈ, ਹਿਰਦਾ ਦੁਖੀ ਹੁੰਦਾ ਹੈ ਦਿਮਾਗ ਪਰੇਸ਼ਾਨ ਹੋ ਜਾਂਦਾ ਹੈ, ਅੰਤ ਵਿਚ ਮਨ ਦੁਖੀ ਹੋ ਜਾਂਦਾ ਹੈ, ਸ੍ਵਾਸ ਦੇ ਬਹਾਅ ਨੂੰ ਇਕਾਗਰ ਕਰਕੇ ਮਨ ਸ਼ੁਧ ਹੋ ਜਾਂਦਾ ਹੈ, ਸ਼ਾਂਤੀ ਅਨੁਭਵ ਕਰਦਾ ਹੈ। ਸ੍ਵਾਸ ਲੈਣ ਦੇ ਬਹੁਤ ਸਾਰੇ ਤਰੀਕੇ, ਬਹੁਤ ਸਾਰੇ ਪ੍ਰਾਣਾਯਾਮ ਹਨ ਜਿਹੜੇ ਸਾਡੇ ਲਈ ਬੜੇ ਹੀ ਲਾਭਦਾਇਕ ਹਨ। ਇਹ ਦੇਖਿਆ ਗਿਆ ਹੈ ਕਿ ਜਦੋਂ ਭਾਵ ਉਤੇਜਿਤ ਹੁੰਦੇ ਹਨ ਉਦੋਂ ਕੁਝ ਖਾਸ ਵਿਧੀ ਨਾਲ ਜੇ ਸਾਹ ਲਿਆ ਜਾਵੇ ਤਾਂ ਬਹੁਤ ਲਾਭਕਾਰੀ ਹੁੰਦਾ ਹੈ। ਮਨ ਅਤੇ ਸ੍ਵਾਸ ਨੂੰ ਵੱਖ-ਵੱਖ ਨਹੀਂ ਕੀਤਾ ਜਾ ਸਕਦਾ ਇਹ ਜੁੜਵਾਂ ਮਿਤਰ ਹਨ।

6. ਸਾਧਨਾ ਦਾ ਸਭ ਤੋਂ ਵੱਡਾ ਮੰਤਵ ਸੁਖਮਨਾ ਨੂੰ ਕ੍ਰਿਆਸ਼ੀਲ ਕਰਨਾ ਹੈ, ਦੂਸਰਾ ਉਸ ਪ੍ਰਭੂ ਬਾਰੇ ਜਾਨਣ ਅਤੇ ਅੰਦਰ ਦੇ ਸੰਸਾਰ ਦੀਆਂ ਪਰਤਾਂ ਨੂੰ ਜਾਨਣ ਨੂੰ ਕੁੰਡਲਨੀ ਜਾਗਰਨ ਕਰਨਾ ਵੀ ਕਿਹਾ ਜਾਂਦਾ ਹੈ ਅਤੇ ਅੰਤ ਵਿਚ ਸਮਾਧੀ ਸਥਿਤ ਹੋਣਾ।

7. ਸਮਾਧੀ ਦਾ ਅਨੁਭਵ ਕਰਨ ਲਈ ਸਾਧਕ ਬ੍ਰਹਮਚਰੀਯ ਰਹਿਣ ਦੀ ਸ਼ਪਤ ਲੈਂਦਾ ਹੈ। ਬ੍ਰਹਮਚਰੀਯਤੋਂ ਭਾਵ ਕਾਮ ਵਾਸ਼ਨਾ ਨੂੰ ਦਬਾਉਣਾ ਨਹੀਂ,

ਬ੍ਰਹਮਚਰੀਯ ਤੋਂ ਭਾਵ ਹੈ ਬ੍ਰਹਮ ਵਿਚ ਚੇਤਨ ਰਹਿ ਕੇ ਬ੍ਰਹਮ ਵਿਚ ਹੀ ਵਿਚਰਨਾ। ਬ੍ਰਹਮਾ ਤੋਂ ਭਾਵ ਹੈ ਸ਼ਕਤੀ, ਚਾਰੀਆ ਦਾ ਅਰਥ ਹੈ ਸੋਧਣਾ, ਬ੍ਰਹਮਚਰੀਯ ਆਪਣੀ ਸ਼ਕਤੀ ਨੂੰ ਪ੍ਰਾਪਤ ਕਰਕੇ ਫੇਰ ਸੋਧ ਕੇ ਚੇਤਨਤਾ ਦੇ ਸਿਖਰ ਤੇ ਲੈ ਜਾਂਦਾ ਹੈ, ਬ੍ਰਹਮਚਰੀਯ ਕੇਵਲ ਕਾਮ ਤੇ ਹੀ ਕਾਬੂ ਨਹੀਂ ਪਾਉਂਦਾ, ਮਨ, ਕਥਨੀ ਕ੍ਰਿਆ ਤੇ ਪੂਰਾ ਨਿਅੰਤਰਣ ਰੱਖਣ ਨੂੰ ਹੀ ਬ੍ਰਹਮਚਰੀਯ ਕਿਹਾ ਜਾਂਦਾ ਹੈ, ਸਾਰੀਆਂ ਸ਼ਕਤੀਆਂ ਬ੍ਰਹਮ ਚੇਤਨਤਾ ਦੇ ਪਾਸੇ ਹੀ ਲਗਣੀਆਂ ਚਾਹੀਦੀਆਂ ਹਨ ਤਾਂ ਜੋ ਮਨ ਇਕਾਗਰ ਹੋ ਕੇ ਅੰਤਰਮੁਖੀ ਹੋ ਜਾਵੇ। ਇਸ ਤਰ੍ਹਾਂ ਜਦੋਂ ਮਾਨਸਿਕ ਸ਼ਕਤੀਆਂ ਅੰਤਰਮੁਖੀ ਹੋ ਜਾਂਦੀਆਂ ਹਨ ਆਤਮ ਮਾਰਗ ਦੇ ਜੰਦਰੇ ਖੁਲ੍ਹ ਜਾਂਦੇ ਹਨ ਚੇਤਨਤਾ ਦਾ ਬਿੰਦੂ ਦਿਸਣ ਲਗ ਪੈਂਦਾ ਹੈ।

8. ਅੰਤ ਵਿਚ ਯੋਗੀ ਆਪਣੇ ਅੰਦਰ ਦੇ ਅਨੇਕ ਅਨੁਭਵ ਜਾਣ ਜਾਂਦਾ ਹੈ, ਇਹ ਸਾਰੇ ਅਨੁਭਵ ਬੜੇ ਹੀ ਸੁਹਾਵਣੇ ਹੁੰਦੇ ਹਨ, ਇਹੋ ਜਿਹਾ ਮਹਾਂਪੁਰਖ ਅੰਤ ਵਿਚ ਆਤਮਾ ਵਿਚ ਲੀਨ ਹੋ ਜਾਂਦਾ ਹੈ।

16. ਹੇ ਅਰਜਨ! ਜਿਹੜਾ ਬਹੁਤ ਖਾਵੇ ਜਾਂ ਜਿਹੜਾ ਫਾਕੇ ਰੱਖੇ, ਜਿਹੜਾ ਬਹੁਤ ਸੌਂਵੇ ਜਾਂ ਜਿਹੜਾ ਜਾਗਦਾ ਹੀ ਰਹੇ ਉਹ ਯੋਗ ਨਹੀਂ ਕਰ ਸਕਦਾ।

17. ਜਿਸਦਾ ਖਾਣਾ ਪੀਣਾ ਸੰਤੁਲਿਤ ਹੈ, ਜਿਸਦੀ ਸਾਰੀ ਕ੍ਰਿਆ ਸਮ ਹੈ, ਜਿਸ ਦਾ ਸੌਣਾ ਤੇ ਜਾਗਣਾ ਸੰਤੁਲਿਤ ਹੈ, ਉਸ ਦਾ ਕੀਤਾ ਯੋਗ ਅਭਿਆਸ ਦੁਖ ਦੂਰ ਕਰਨ ਵਾਲਾ ਹੁੰਦਾ ਹੈ।

ਜਿਹੜੇ ਲੋੜ ਨਾਲੋਂ ਵੱਧ ਖਾਂਦੇ ਹਨ ਜਾਂ ਜਿਹੜੇ ਲੋਕ ਲੋੜ ਨਾਲੋਂ ਘੱਟ ਖਾਂਦੇ ਹਨ, ਉਹ ਆਪਣੇ ਸਰੀਰ ਲਈ ਸੰਵੇਦਨਸ਼ੀਲ ਨਹੀਂ ਹਨ, ਉਹ ਆਪਣੇ ਮਿਹਦੇ ਨੂੰ ਖਰਾਬ ਕਰ ਲੈਂਦੇ ਹਨ ਅਤੇ ਆਪਣੇ ਪੇਟ ਨੂੰ ਵੀ ਠੀਕ ਨਹੀਂ ਰੱਖ ਸਕਦੇ। ਚੰਗੀ ਸਿਹਤ ਲਈ ਮਿਹਦੇ ਦਾ ਠੀਕ ਹੋਣਾ, ਬਹੁਤ ਜ਼ਰੂਰੀ ਹੈ, ਚੰਗੀ ਸਿਹਤ ਤੋਂ ਬਿਨਾਂ ਸਾਧਨਾ ਹੋ ਨਹੀਂ ਸਕਦੀ। ਯੋਗੀ ਜਦੋਂ ਸਾਰੀਆਂ ਇਛਾਵਾਂ ਤੇ ਕਾਬੂ ਪਾ ਲੈਂਦਾ ਹੈ ਅਤੇ ਕਿਸੇ ਕਿਸਮ ਦੀ ਵਧੀਕੀ ਆਪਣੇ ਸਰੀਰ ਨਾਲ ਨਹੀਂ ਕਰਦਾ, ਇਸ ਤੋਂ ਪਤਾ ਲਗਦਾ ਹੈ ਕਿ ਉਸ ਨੇ ਮਨ ਤੇ ਪੂਰਾ ਕਾਬੂ ਪਾ ਲਿਆ ਹੈ ਪਰ ਜੇ ਤੁਸੀਂ ਆਪਣੀ ਭੁੱਖ ਨੂੰ ਹੀ ਨਹੀਂ ਬੰਨ ਸਕੇ ਤੁਸੀਂ ਕਦੀ ਵੀ ਸੰਪੂਰਨ ਨਹੀਂ ਹੋ ਸਕਦੇ।

ਬਹੁਤ ਸਾਰੇ ਸਾਧਕ ਸੋਚਦੇ ਹਨ ਕਿ ਯੋਗ ਦੇ ਮਾਰਗ ਤੇ ਬਹੁਤ ਦ੍ਰਿੜ੍ਹ, ਕੱਟੜ ਅਭਿਆਸ ਦੀ ਲੋੜ ਹੈ। ਕਈ ਕੱਚੇ ਸਾਧਕ ਵਰਤ ਰਖਦੇ ਹਨ, ਕਈ ਕਈ ਦਿਨ ਵਰਤ ਰਖਦੇ ਹਨ। ਉਹ ਸੋਚਦੇ ਹਨ ਕਿ ਸਰੀਰਕ ਸੰਜਮ ਨਾਲ ਹੀ ਸਰੀਰ ਅਤੇ ਮਨ ਸ਼ੁਧ ਹੁੰਦਾ ਹੈ ਪਰ ਇਹ ਜਾਣ ਲੈਣਾ ਅਵਸ਼ਕ ਹੈ ਕਿ ਪਹਿਲੇ ਪਹਿਲ ਜਦੋਂ ਅੰਦਰੋਂ ਬਾਹਰ ਸਫਾਈ ਹੋ ਰਹੀ ਹੁੰਦੀ ਹੈ, ਕ੍ਰਿਆ ਨਾਲ ਅੰਦਰ ਦੀ ਸਫਾਈ ਕਰ ਰਹੇ ਹੁੰਦੇ ਹਾਂ, ਉਪਰ ਦੇ ਭਾਗ ਦੀ ਥੱਲੇ ਦੇ ਭਾਗ ਦੀ ਤਾਂ ਵੀ ਵਰਤ ਰਖਣੇ ਨਹੀਂ ਦੱਸੇ ਜਾਂਦੇ, ਬਹੁਤ ਜ਼ਿਆਦਾ

ਵਰਤ ਰੱਖਣ ਨਾਲ ਕਮਜ਼ੋਰੀ ਆ ਜਾਂਦੀ ਹੈ ਅਤੇ ਕਈ ਬਿਮਾਰੀਆਂ ਲਗ ਜਾਂਦੀਆਂ ਹਨ, ਯੋਗ ਮਧ ਮਾਰਗ ਹੈ ਇਸ ਨੂੰ ਕਿਸੇ ਤਰ੍ਹਾਂ ਦੀ ਵਧੀਕੀ ਨਹੀਂ ਦਸੀ ਜਾਂਦੀ, ਬਹੁਤ ਖਾਣਾ ਨਹੀਂ, ਬਹੁਤ ਭੁਖੇ ਨਹੀਂ ਰਹਿਣਾ, ਬਹੁਤ ਸੌਣਾ ਨਹੀਂ, ਬਹੁਤ ਦੇਰ ਜਾਗਣਾ ਨਹੀਂ।

ਅੱਜ ਦੇ ਸਮੇਂ ਵਿਚ ਬਹੁਤ ਲੋਕਾਂ ਨੇ ਆਪਣੀ ਭੁੱਖ ਨੂੰ ਹੀ ਨਹੀਂ ਕਾਬੂ ਕੀਤਾ, ਅੱਜ ਦਾ ਮਨੁੱਖ ਤਾਂ ਭੋਗ ਭੋਗਣ ਵਿਚ ਲਗਾ ਹੋਇਆ ਹੈ, ਭਾਵੇਂ ਉਨ੍ਹਾਂ ਭੋਗਾਂ ਦਾ ਕਿੰਨਾ ਹੀ ਮਾੜਾ ਪ੍ਰਭਾਵ ਸਰੀਰ ਤੇ ਕਿਉਂ ਨਾ ਪਵੇ, ਮੋਟੇ ਹੋ ਜਾਣਾ, ਬਿਲਕੁਲ ਨਹੀਂ ਖਾਣਾ, ਜੇ ਖਾਣਾ ਤਾਂ ਖਾ ਕੇ ਕੱਢ ਦੇਣਾ, ਜਾਂ ਫੇਰ ਖਾਈ ਜਾਣਾ, ਜੇ ਚਿੰਤਾ ਹੋਵੇ ਤਾਂ ਖਾਣਾ, ਜਦੋਂ ਕੰਮ ਕਰਨਾ ਤਾਂ ਖਾਣਾ, ਇਹ ਅੱਜ ਦੇ ਮਨੋਵਿਗਿਆਨਿਕਾਂ ਦੀਆਂ ਬੜੀਆਂ ਭਾਰੀਆਂ ਸਮੱਸਿਆਵਾਂ ਹਨ, ਬਹੁਤ ਸਾਰਿਆਂ ਲਈ ਖਾਣ ਦੀ ਕ੍ਰਿਆ ਓਨੀ ਹੀ ਤਸੱਲੀ, ਓਨੀ ਹੀ ਤ੍ਰਿਪਤੀ ਦਿੰਦੀ ਹੈ ਜਿੰਨਾ ਕਿਸੇ ਨੂੰ ਪਿਆਰ ਕਰਕੇ ਜਾਂ ਕਿਸੇ ਦੀ ਦੇਖ ਭਾਲ ਕਰਕੇ, ਕਿਸੇ ਦੀ ਪਿਆਰ ਭਰੀ ਸੰਭਾਲ ਕਰਕੇ ਜਾਂ ਤਾਂ ਕਈ ਲੋਕ ਬਹੁਤ ਖਾਂਦੇ ਹਨ ਅਤੇ ਖਾਣ ਦੀ ਕ੍ਰਿਆ ਨੂੰ ਪਿਆਰ ਦੀ ਥਾਂ ਵਰਤਦੇ ਹਨ, ਕਈ ਦੋਨੋਂ ਹੀ ਕ੍ਰਿਆ ਕਰਦੇ ਹਨ, ਕਦੀ ਬਹੁਤ ਖਾਂਦੇ ਹਨ, ਕਦੀ ਬਿਲਕੁਲ ਫਾਕੇ ਕਰਦੇ ਹਨ, ਕਈ ਮਨੁੱਖ ਰੋਗੀ ਹੋਣ ਕਾਰਣ ਵੀ ਬਹੁਤ ਖਾਂਦੇ ਹਨ।

ਯੋਗ ਅਭਿਆਸ ਤੁਹਾਨੂੰ ਸਰੀਰ ਲਈ ਸੰਵੇਦਨਸ਼ੀਲ ਬਣਾਉਂਦਾ ਹੈ। ਨਾ ਤੁਹਾਨੂੰ ਬਹੁਤ ਖਾਣ ਲਈ ਪ੍ਰੇਰਣਾ ਮਿਲਦੀ ਹੈ, ਨਾ ਹੀ ਭੁਖੇ ਰਹਿਣ ਲਈ, ਇਕ ਸਮਤਾ ਸਰੀਰ ਵਿਚ ਬਣਾਈ ਰੱਖਣ ਦੀ ਪ੍ਰੇਰਨਾ ਦਿਤੀ ਜਾਂਦੀ ਹੈ, ਸਾਧਨਾਂ ਕਰਕੇ ਸਰੀਰ ਤੇ ਕਾਬੂ ਪਾ ਕੇ ਮਨ ਅਤੇ ਇੰਦ੍ਰੀਆਂ ਨੂੰ ਕਾਬੂ ਕੀਤਾ ਜਾਂਦਾ ਹੈ। ਸਰੀਰ ਨੂੰ ਬਿਮਾਰੀ ਤੋਂ ਦੂਰ ਕਮਜ਼ੋਰੀ ਰਹਿਤ ਰੱਖਿਆ ਜਾਂਦਾ ਹੈ, ਮਨ ਨੂੰ ਅਸ਼ਾਂਤੀ ਤੋਂ ਦੂਰ ਰੱਖਿਆ ਜਾਂਦਾ ਹੈ।

18. ਜਦੋਂ ਮਨੁੱਖ ਸਭ ਇੰਦ੍ਰੀਆਂ ਅਤੇ ਵਾਸ਼ਨਾਵਾਂ ਨੂੰ ਕਾਬੂ ਕਰ ਲੈਂਦਾ ਹੈ, ਜਦੋਂ ਚਿੱਤ ਬਿਰਤੀਆਂ ਆਤਮਾ ਵਿਚ ਸਥਿਰ ਹੋ ਜਾਂਦੀਆਂ ਹਨ, ਜਦੋਂ ਮਨੁੱਖ ਵਾਸ਼ਨਾ ਰਹਿਤ ਹੋ ਜਾਂਦਾ ਹੈ ਤਾਂ ਹੀ ਯੋਗ ਯੁਕਤ ਕਹਾਉਂਦਾ ਹੈ।

19. ਜਿਸ ਤਰ੍ਹਾਂ ਜਦੋਂ ਦੀਵਾ ਤੁਸੀਂ ਓਥੇ ਰਖੋ ਜਿਥੇ ਹਵਾ ਨਾ ਲਗਦੀ ਹੋਵੇ ਤਾਂ ਦੀਵੇ ਦੀ ਲਾਟ ਕੰਬਦੀ ਨਹੀਂ ਇਸੇ ਤਰ੍ਹਾਂ ਯੋਗੀ ਜਿਸ ਦਾ ਚਿੱਤ ਆਤਮਾ ਵਿਚ ਟਿਕ ਗਿਆ ਹੋਵੇ, ਨਿਹਚਲ ਹੋ ਗਿਆ ਹੋਵੇ, ਉਹ ਡੋਲਦਾ ਨਹੀਂ।

20. ਜਿਥੇ ਮਨ ਸਥਿਰ ਹੋ ਜਾਂਦਾ ਹੈ, ਟਿਕ ਜਾਂਦਾ ਹੈ। ਯੋਗ ਅਭਿਆਸ ਨਾਲ ਚਿੱਤ ਇੰਦ੍ਰੀਆਂ ਨੂੰ ਪੂਰੀ ਤਰ੍ਹਾਂ ਕਾਬੂ ਕਰ ਲਿਆ ਜਾਂਦਾ ਹੈ ਜਿਥੇ ਜੀਵ-ਆਤਮਾ ਦਾ ਮਿਲਾਪ ਆਤਮਾ ਨਾਲ ਹੋ ਜਾਂਦਾ ਹੈ ਤੇ ਆਤਮਾ ਵਿਚ ਹੀ ਲੀਨ ਹੋ ਕੇ ਸੰਤੁਸ਼ਟ ਹੋ ਜਾਂਦਾ ਹੈ।

ਯੋਗ ਸਾਧਨਾ ਵਿਚ ਸ੍ਵੈ ਸੰਜਮ ਬਹੁਤ ਜ਼ਰੂਰੀ ਹੈ, ਦੇਖਿਆ ਜਾਵੇ ਇਹ

ਸਭ ਤੋਂ ਪਹਿਲੀ ਚੀਜ਼ ਹੈ ਜਿਹੜੀ ਅਪਣਾਈ ਜਾਂਦੀ ਹੈ ਜਿਸ ਨਾਲ ਬ੍ਰਹਮ ਦੀ ਪ੍ਰਾਪਤੀ ਹੁੰਦੀ ਹੈ ਅਤੇ ਯੋਗੀ ਦੀ ਸਮਾਧੀ ਲਗਾਉਣ ਵਿਚ ਸਹਾਇਕ ਹੁੰਦੀ ਹੈ, ਅਤੇ ਕਰਮ ਯੋਗੀ ਲਈ ਸੁਚੱਜੀ ਤਰ੍ਹਾਂ ਨਿਸੁਆਰਥ ਹੋ ਕੇ ਕਰਮ ਕਰਨ ਲਈ ਸਹਾਇਕ ਹੁੰਦੀ ਹੈ। ਨਿਰਲੇਪਤਾ, ਨਿਸ਼ਕਾਮਤਾ ਸੰਜਮ ਦਾ ਹਿੱਸਾ ਹੈ ਅਨੁਸ਼ਾਸ਼ਨ ਦਾ ਭਾਗ ਹੈ। ਅਸੀਂ ਪਹਿਲੇ ਦਸ ਆਏ ਹਾਂ ਕਿ ਨਿਰਲੇਪਤਾ ਅਤੇ ਅਨੁਸ਼ਾਸ਼ਨ ਨੂੰ ਠੀਕ ਤਰ੍ਹਾਂ ਸਮਝਣਾ ਚਾਹੀਦਾ ਹੈ, ਅਨੁਸਾਸ਼ਨ ਨੂੰ ਦੰਡ ਰੂਪ ਵਿਚ ਨਹੀਂ ਦੇਖਣਾ ਚਾਹੀਦਾ, ਨਾ ਹੀ ਇਸ ਤਰ੍ਹਾਂ ਦੇਖਣਾ ਚਾਹੀਦਾ ਹੈ ਕਿ ਗੁਰੂ ਜਾਂ ਅਧਿਆਪਕ ਜ਼ਬਰਦਸਤੀ ਥੋਪਦੇ ਹਨ, ਨਾ ਨਿਰਲੇਪਤਾ ਨੂੰ ਬੇਪ੍ਰਵਾਹੀ ਸਮਝਣਾ ਚਾਹੀਦਾ ਹੈ, ਨਾ ਹੀ ਇਹ ਸਮਝਣਾ ਚਾਹੀਦਾ ਹੈ ਕਿ ਇਸ ਵਿਚ ਦੂਸਰਿਆਂ ਲਈ ਪਿਆਰ ਦੀ ਕੋਈ ਕਮੀ ਹੁੰਦੀ ਹੈ, ਜਿਹੜੇ ਅਨੁਸਾਸ਼ਨ ਲਾਗੂ ਨਹੀਂ ਕਰ ਸਕੇ ਉਹ ਇਸ ਦਾ ਚੰਗਾ ਪ੍ਰਭਾਵ ਨਹੀਂ ਦੇਖ ਸਕਦੇ, ਉਹ ਸਮਝਦੇ ਹਨ ਕਿ ਅਨੁਸਾਸ਼ਨ ਦੀ ਲੋੜ ਹੀ ਨਹੀਂ, ਬਹੁਤ ਸਾਰੇ ਮਨੁੱਖ ਆਪਣੇ ਆਪ ਨੂੰ ਸੰਜਮ ਵਿਚ ਨਹੀਂ ਲਿਆਉਂਦੇ, ਅਨੁਸਾਸ਼ਨ ਵਿਚ ਨਹੀਂ ਲਿਆਉਂਦੇ ਤਾਂ ਜੋ ਛੋਟੀਆਂ ਛੋਟੀਆਂ ਖੁਸ਼ੀਆਂ ਤੋਂ ਉਹ ਵਾਂਝੇ ਨਾ ਰਹਿ ਜਾਣ, ਇਹੋ ਹਾਲ ਉਨ੍ਹਾਂ ਦਾ ਹੈ ਜਿਹੜੇ ਰਿਸ਼ਤਿਆਂ ਨੂੰ, ਚੀਜ਼ਾਂ ਨੂੰ ਸਹਾਰਾ ਬਣਾ ਕੇ ਤੁਰਦੇ ਹਨ, ਉਨ੍ਹਾਂ ਨੂੰ ਇਕ ਸੋਟੀ ਦੀ ਤਰ੍ਹਾਂ ਵਰਤਦੇ ਹਨ ਅਤੇ ਆਪਣੀਆਂ ਇਛਾਵਾਂ ਦੀ ਤ੍ਰਿਪਤੀ ਕਰਦੇ ਹਨ, ਇਹੋ ਜਿਹੇ ਮਨੁੱਖ ਹੀ ਨਿਰਲੇਪਤਾ ਨੂੰ ਗਲਤ ਸਮਝਦੇ ਹਨ, ਨਿਰਲੇਪਤਾ ਨਾਲ ਇਲਾਹੀ ਰੂਹਾਨੀ ਪਿਆਰ ਦੀ ਬਖਸ਼ਿਸ਼ ਹੁੰਦੀ ਹੈ ਜਿਸ ਨਾਲ ਉਹ ਪਰਤਾਂ ਖੁਲ੍ਹਦੀਆਂ ਹਨ, ਦਿਸਦੀਆਂ ਹਨ ਜਿਸ ਨਾਲ ਰੂਹਾਨੀ ਖੁਸ਼ੀਆਂ ਦੀ ਪ੍ਰਾਪਤੀ ਹੁੰਦੀ ਹੈ।

ਇਸ ਸੰਸਾਰ ਵਿਚ ਕੋਈ ਵੀ ਪੂਰੀ ਤਰ੍ਹਾਂ ਤ੍ਰਿਪਤ ਨਹੀਂ, ਹਰ ਇਕ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦਾ ਹੈ ਅਤੇ ਸਮਝਦਾ ਹੈ ਪਰ ਬਹੁਤ ਸਾਰੇ ਡਰਦੇ ਹਨ, ਉਸ ਕੋਲੋਂ ਡਰਦੇ ਹਨ ਜਿਸ ਨੂੰ ਉਨ੍ਹਾਂ ਨੇ ਦੇਖਿਆ ਨਹੀਂ, ਨਾ ਹੀ ਉਸ ਨੂੰ ਲੱਭਣ ਦੀ ਕੋਸ਼ਿਸ਼ ਕਰਦੇ ਹਨ। ਆਮ ਮਨੁੱਖ ਇਹ ਨਹੀਂ ਜਾਣਦਾ ਕਿ ਪ੍ਰਮਾਤਮਾ ਦੀ ਖੋਜ ਉਸ ਨੂੰ ਕੁਝ ਵੱਧ ਜਾਂ ਕੁਛ ਉਹ ਵਸਤੂ ਦੇ ਸਕਦੀ ਹੈ ਜੋ ਉਸ ਕੋਲ ਇਸ ਸਮੇਂ ਹੈ ਹੀ ਨਹੀਂ। ਜਿਸ ਹਾਲ ਵਿਚ ਉਹ ਹੈ ਉਸ ਵਿਚ ਉਹ ਖੁਸ਼ ਨਹੀਂ ਪਰ ਪ੍ਰਮਾਤਮਾ ਨੂੰ ਲੱਭਣ ਨੂੰ ਉਹ ਤਿਆਰ ਨਹੀਂ, ਅਸੰਤੁਸ਼ਟੀ ਅਤੇ ਡਰ ਅੱਜ ਦੇ ਮਨੁੱਖ ਦੇ ਜੋ ਵੱਡੇ ਵੈਰੀ ਹਨ, ਇਹ ਮਨੁੱਖ ਦੀਆਂ ਪ੍ਰਾਪਤੀਆਂ ਲਈ ਵੱਡੀਆਂ ਅੜਚਨਾਂ ਹਨ, ਦੋ ਵੱਡੀਆਂ ਦੀਵਾਰਾਂ ਹਨ, ਆਮ ਮਨੁੱਖ ਆਪਣੀ ਅਸੰਤੁਸ਼ਟੀ ਨੂੰ ਚਮੜਿਆ ਰਹਿੰਦਾ ਹੈ ਕਿਉਂਕਿ ਉਸ ਨੂੰ ਉਸ ਤੋਂ ਚੰਗੀ ਚੀਜ਼ ਦਾ ਪਤਾ ਹੀ ਨਹੀਂ, ਪਰ ਜੇ ਕਿਤੇ ਉਹ ਸੰਜਮ ਵਿਚ ਆ ਜਾਵੇ, ਅਨੁਸਾਸ਼ਨ ਵਿਚ ਆ ਜਾਵੇ ਅਤੇ ਨਿਰਲੇਪ ਹੋ ਜਾਵੇ, ਨਿਸ਼ਕਾਮ ਹੋ ਜਾਵੇ, ਬਹੁਤ ਛੇਤੀ ਹੀ ਉਸ ਨੂੰ ਕੁਝ ਚੰਗੀ ਚੀਜ਼ ਦੀ ਪ੍ਰਾਪਤੀ ਹੋ ਜਾਵੇਗੀ ਜੋ ਕੁਝ ਉਸ ਕੋਲ ਘਟੀਆ ਚੀਜ਼ ਹੈ ਉਹ ਛੱਡ ਦੇਵੇਗਾ।

ਸਾਧਕ ਦਾ ਮਨ ਜਦੋਂ ਭਟਕਣਾ ਬੰਦ ਹੋ ਜਾਏ, ਸਾਧਨਾ ਦੇ ਅਭਿਆਸ ਵਿਚ ਟਿਕ ਜਾਏ, ਇਕਾਗਰ ਹੋ ਜਾਏ, ਜਦੋਂ ਸੰਸਾਰਕ ਇਛਾਵਾਂ ਤੋਂ ਉਪਰਾਮ

ਹੋ ਜਾਵੇ ਇਸ ਸਥਿਤੀ ਵਾਲੇ ਮਨੁੱਖ ਨੂੰ ਯੋਗੀ ਕਹਿੰਦੇ ਹਨ। ਇਥੇ ਇਹ ਦਸਣਾ ਜ਼ਰੂਰੀ ਹੈ ਕਿ ਕੇਂਦਰ ਬਿੰਦੂ ਤੇ ਟਿਕਿਆ ਹੋਇਆ ਮਨ ਕੀ ਹੈ, ਹਰ ਮਨੁੱਖ ਦਾ ਮਨ ਵਖਰਾ ਹੈ। ਕਿਸੇ ਦਾ ਮਨ ਕਿਸੇ ਦੂਸਰੇ ਵਰਗਾ ਨਹੀਂ ਹੈ, ਦੇਖਣ ਦੀ, ਸੰਕਲਪ ਦੀ ਹਰ ਇਕ ਵੱਖ ਵੱਖ ਸ਼ਕਤੀ ਹੈ, ਉਸ ਦੇ ਗੁਣ ਵੀ ਵੱਖ ਵੱਖ ਦਿਸਦੇ ਹਨ, ਉਨ੍ਹਾਂ ਦੀ ਦਸ਼ਾ ਵੀ ਵੱਖ ਵੱਖ ਦਿਸਦੀ ਹੈ, ਇਸ ਕਾਰਣ ਜਿਸ ਚੀਜ਼ ਤੇ ਸਾਧਕ ਨੂੰ ਮਨ ਇਕਾਗਰ ਕਰਨ ਲਈ ਕਿਹਾ ਜਾਂਦਾ ਹੈ, ਉਹ ਬਹੁਤ ਹੀ ਕੋਮਲ ਵਿਸ਼ਾ ਹੈ। ਜੇ ਉਹ ਚੀਜ਼ ਉਹ ਤਸਵੀਰ ਜਾਂ ਕੋਈ ਵੀ ਹੋਰ ਚੀਜ਼ ਸਾਧਕ ਨੂੰ ਠੀਕ ਨਾ ਲਗਦੀ ਹੋਵੇ ਸਾਧਕ ਮਨ ਨੂੰ ਇਕਾਗਰ ਨਹੀਂ ਕਰ ਸਕੇਗਾ, ਅਭਿਆਸ ਨਹੀਂ ਕਰ ਸਕੇਗਾ, ਸਾਧਕ ਦੀ ਆਪਣੇ ਅੰਦਰ ਇਕ ਖਿਚੋਤਾਣ ਸ਼ੁਰੂ ਹੋ ਜਾਂਦੀ ਹੈ, ਉਹ ਹੀ ਆਪਣੇ ਆਪ ਨੂੰ ਸਮਝ ਨਹੀਂ ਸਕਦਾ, ਮਨ ਵਿਚ ਪਹਿਲਾਂ ਹੀ ਬੇਅੰਤ ਵਿਸ਼ੇ ਹੁੰਦੇ ਹਨ, ਮਨ ਆਪ ਹੀ ਕਿੰਨੇ ਵਿਸ਼ੇ ਵਸਤੂ ਘੜਦਾ ਰਹਿੰਦਾ ਹੈ ਅਤੇ ਉਨ੍ਹਾਂ ਨੂੰ ਚਿੰਨ੍ਹਾਂ ਰਾਹੀਂ ਸੰਕੇਤਾਂ ਰਾਹੀਂ ਦਰਸਾਉਂਦਾ ਵੀ ਰਹਿੰਦਾ ਹੈ, ਕਦੀ ਵਿਚਾਰਾਂ ਰਾਹੀਂ, ਕਦੀ ਭਰਮਾਂ ਰਾਹੀਂ, ਕਦੀ ਸੁਪਨਿਆਂ ਰਾਹੀਂ ਵੀ ਪ੍ਰਗਟਾਉਂਦਾ ਹੈ। ਪ੍ਰਸ਼ਨ ਇਹ ਉਠਦਾ ਹੈ ਕਿ ਇਕ ਹੋਰ ਵਿਸ਼ੇ ਨੂੰ ਦਿਮਾਗ ਵਿਚ ਪਾਉਣ ਦਾ ਕੀ ਲਾਭ ਹੋਵੇਗਾ? ਉਨੀਵੇਂ ਸ਼ਲੋਕ ਵਿਚ ਦੱਸਿਆ ਗਿਆ ਹੈ ਕਿ ਧਿਆਨ ਦਾ ਵਿਸ਼ਾ ਕੇਵਲ ਆਤਮਾ ਹੀ ਹੋਣਾ ਚਾਹੀਦਾ ਹੈ। ਮਨ ਦੇ ਬਾਕੀ ਸਾਰੇ ਵਿਸ਼ੇ ਅਧੂਰੇ ਹਨ, ਕੇਵਲ ਆਤਮਾ ਦਾ ਵਿਸ਼ਾ ਹੀ ਸੰਪੂਰਨ ਹੈ। ਸਾਰਿਆਂ ਵਿਸ਼ਿਆਂ ਵਿਚ ਸੰਸਾ ਭਰਿਆ ਪਿਆ ਹੈ। ਇਸ ਤੋਂ ਇਕ ਹੋਰ ਪ੍ਰਸ਼ਨ ਉਠਦਾ ਹੈ ਧਿਆਨ ਦਾ ਵਿਸ਼ਾ ਸੂਖਸ਼ਮ ਕਿਸ ਤਰ੍ਹਾਂ ਹੋ ਸਕਦਾ ਹੈ? ਸਮੇਂ ਰਹਿਤ ਕਿਸ ਤਰ੍ਹਾਂ ਹੋ ਸਕਦਾ ਹੈ? ਅਸੀਮ ਕਿਸ ਤਰ੍ਹਾਂ ਹੋ ਸਕਦਾ ਹੈ? ਅਟੱਲ ਕਿਸ ਤਰ੍ਹਾਂ ਹੋ ਸਕਦਾ ਹੈ? ਇਸ ਪ੍ਰਸ਼ਨ ਦਾ ਉਤਰ ਦੇਣ ਲਈ ਤੁਹਾਨੂੰ ਇਕਾਗਰਤਾ ਅਤੇ ਧਿਆਨ ਅਤੇ ਸਮਾਧੀ ਵਿਚ ਅੰਤਰ ਜਾਨਣਾ ਪਵੇਗਾ, ਇਹ ਦੋ ਵੱਖ-ਵੱਖ ਸਥਿਤੀਆਂ ਹਨ, ਇਹ ਦੋ ਵੱਖ-ਵੱਖ ਅਨੁਭਵ ਹਨ, ਜਿਹੜੇ ਅੰਦਰ ਦੇ ਮਾਰਗ ਤੇ ਚਲਦਿਆਂ ਤੁਸੀਂ ਮਹਿਸੂਸ ਕਰਦੇ ਹੋ।

ਇਕਾਗਰਤਾ ਵਿਚ ਸਮਾਧੀ ਨਹੀਂ ਹੈ ਪਰ ਇਕਾਗਰਤਾ ਸਮਾਧੀ ਦਾ ਅਵੱਸ਼ਕ ਭਾਗ ਹੈ। ਅੱਜਕਲ੍ਹ ਬਹੁਤ ਸਾਰੇ ਗੁਰੂ ਸੋਚਦੇ ਹਨ ਕਿ ਬਿਨਾਂ ਇਕਾਗਰਤਾ ਤੋਂ ਸਮਾਧੀ ਲਗ ਸਕਦੀ ਹੈ, ਇਹ ਇਕ ਭੁਲੇਖਾ ਹੈ। ਇਹ ਮੰਨਣਾ ਇਕ ਗਲਤੀ ਹੈ ਜੋ ਮਨ ਦੀ ਦਸ਼ਾ ਹੈ ਇਹ ਤਾਂ ਖਿੰਡਿਆ ਹੀ ਰਹਿੰਦਾ ਹੈ, ਮਨ ਨੂੰ ਇਕੱਠੇ ਕੀਤੇ ਬਿਨਾਂ ਮਨ ਦੀ ਸ਼ਕਤੀ ਨੂੰ ਇਕੱਠੇ ਕੀਤੇ ਬਿਨਾਂ ਸਮਾਧੀ ਦੀ ਸਥਿਤੀ ਤੇ ਪਹੁੰਚਣਾ ਬਹੁਤ ਔਖਾ ਹੈ, ਜਿਹੜਾ ਵੀ ਸਾਧਕ ਇਕ ਪਾਸੇ ਇਕਾਂਤ ਵਿਚ ਬੈਠਣ ਲਗ ਪੈਂਦਾ ਹੈ, ਇਕੱਲੇ ਹੋਣ ਦਾ ਅਭਿਆਸ ਕਰਨ ਲਗ ਪੈਂਦਾ ਹੈ ਤੇ ਭਾਵੇਂ ਥੋੜ੍ਹੀ ਦੇਰ ਲਈ ਬੈਠੇ ਪਰ ਉਹ ਇਕ ਪ੍ਰਸੰਨਤਾ ਮਹਿਸੂਸ ਕਰਨ ਲਗ ਪੈਂਦਾ ਹੈ, ਭਾਵੇਂ ਉਹ ਅੰਤਰ ਧਿਆਨ ਹੋ ਕੇ ਹਾਲੇ ਅਨੰਦ ਅਵਸਥਾ ਵਿਚ ਨਹੀਂ ਪਹੁੰਚਿਆ ਤਾਂ ਵੀ ਉਹ ਇਕ ਖੁਸ਼ੀ ਜਿਹੀ ਮਹਿਸੂਸ ਕਰਦਾ ਹੈ, ਇਕਾਗਰਤਾ ਤੋਂ ਡਰਨਾ ਕਿਉਂ? ਕਈ ਕਹਿੰਦੇ ਹਨ ਕਿ ਇਕਾਗਰਤਾ ਬਹੁਤ ਦਬਾਅ ਪਾ ਦਿੰਦੀ ਹੈ, ਬਹੁਤ ਜ਼ੋਰ ਲਗਦਾ ਹੈ ਇਸ ਕਰਕੇ ਇਕਾਗਰ ਹੋਣ ਦਾ ਅਭਿਆਸ ਨਹੀਂ ਕਰਨਾ

ਚਾਹੀਦਾ, ਕਈ ਤਾਂ ਇਹ ਵੀ ਕਹਿੰਦੇ ਹਨ ਕਿ ਸੰਜਮ ਦੀ, ਅਨੁਸਾਸ਼ਨ ਦੀ ਵੀ ਲੋੜ ਨਹੀਂ। ਉਹ ਇਕ ਸੌਖਾ ਜਿਹਾ ਤਰੀਕਾ ਕੱਢ ਲੈਂਦੇ ਹਨ ਅਤੇ ਉਸ ਨੂੰ ਧਿਆਨ, ਸਮਾਧੀ ਆਖ ਲੈਂਦੇ ਹਨ, ਇਨ੍ਹਾਂ ਤਰੀਕਿਆਂ ਨਾਲ ਔਖੀ ਸਾਧਨਾ ਸੌਖੀ ਲਗਣ ਲਗ ਪੈਂਦੀ ਹੈ, ਪਰ ਇਨ੍ਹਾਂ ਸੌਖੇ ਤਰੀਕਿਆਂ ਨਾਲ ਉਚਾਈਆਂ ਦੀ ਪ੍ਰਾਪਤੀ ਨਹੀਂ ਹੁੰਦੀ।

ਮਨ ਨੂੰ ਇਕਾਗਰ ਕਰਨ ਲਈ ਕੋਈ ਵੀ ਸਥੂਲ ਸਾਕਾਰ, ਅਕਾਰ ਦੀ ਲੋੜ ਹੁੰਦੀ ਹੈ, ਕਿਸੇ ਚਿੰਨ੍ਹ ਦੀ ਜਿਸ ਨਾਲ ਤੁਸੀਂ ਕੋਈ ਸਬੰਧ ਜੋੜ ਸਕੋ, ਸੂਖਸ਼ਮ ਵਿਚਾਰ ਨਾਲ ਤੁਸੀਂ ਚਿੰਤਨ ਅਨੁਭਵ ਤਾਂ ਮਹਿਸੂਸ ਕਰ ਸਕਦੇ ਹੋ ਪਰ ਮਨ ਦੀ ਇਕਾਗਰਤਾ ਨਹੀਂ ਮਹਿਸੂਸ ਕਰ ਸਕਦੇ, ਮਨ ਇਕਾਗਰ ਕਰਨ ਲਈ ਕਿਸੇ ਆਕਾਰ ਚਿੰਨ੍ਹ ਜਾਂ ਸਾਕਾਰ ਦੀ ਮੂਰਤ ਦਸਣੀ, ਇਕ ਬੜੇ ਹੀ ਪਹੁੰਚੇ ਹੋਏ ਮਹਾਂਪੁਰਖ ਦਾ ਕਮ ਹੈ, ਬੜੇ ਹੀ ਸੂਝਬੂਝ ਵਾਲੇ ਗੁਰੂ ਦਾ ਕੰਮ ਹੈ, ਹਰ ਕੋਈ ਨਹੀਂ ਕਰ ਸਕਦਾ, ਅੰਦਰ ਆਉਂਦੇ, ਬਾਹਰ ਆਉਂਦੇ ਸਾਹ ਤੇ ਇਕਾਗਰਤਾ ਸਭ ਤੋਂ ਵਧੇਰੀ ਚੰਗੀ ਤਰ੍ਹਾਂ ਹੁੰਦੀ ਹੈ, ਮਨ ਨੂੰ ਅੰਦਰ ਆਉਂਦੇ ਬਾਹਰ ਜਾਂਦੇ ਸ੍ਵਾਸਾਂ ਤੇ ਬਹੁਤ ਚੰਗੀ ਤਰ੍ਹਾਂ ਇਕਾਗਰ ਕੀਤਾ ਜਾ ਸਕਦਾ ਹੈ, ਇਸ ਕ੍ਰਿਆ ਦੇ ਬਹੁਤ ਲਾਭ ਹਨ, ਸਭ ਤੋਂ ਪਹਿਲਾ ਮਨ ਅਤੇ ਸ੍ਵਾਸ ਜੋ ਇਕ ਦੂਜੇ ਨਾਲ ਸਬੰਧਤ ਹਨ ਇਕ ਦੂਸਰੇ ਨਾਲ ਮਿਲ ਕੇ ਚੱਲਣ ਲਗ ਪੈਂਦੇ ਹਨ, ਫੇਰ ਜਦੋਂ ਇਕਾਗਰਤਾ ਕਿਸੇ ਸਮੇਂ ਹਟਦੀ ਜਾਵੇ ਇਹ ਇਕ ਹੋ ਕੇ ਚੱਲਣ ਦੀ ਕ੍ਰਿਆ ਅਚੇਤ ਹੀ ਚਲਦੀ ਰਹਿੰਦੀ ਹੈ, ਪਹਿਲਾਂ ਇਹ ਮਿਲ ਕੇ ਚੱਲਣ ਦੀ ਕੋਸ਼ਿਸ਼ ਤੁਹਾਨੂੰ ਚੇਤਨ ਹੋ ਕੇ ਹੀ ਕਰਨੀ ਪਵੇਗੀ। ਦੂਸਰਾ ਜਦੋਂ ਸਾਧਕ ਸ੍ਵਾਸਾਂ ਤੇ ਇਕਾਗਰ ਕਰਦਾ ਹੈ ਉਹ ਆਪਣੇ ਸ੍ਵਾਸ ਲੈਣ ਦੇ ਤਰੀਕੇ ਲਈ ਚੇਤਨ ਹੋ ਕੇ ਉਸ ਦੇ ਅਵਗੁਣ ਜਾਣ ਲੈਂਦਾ ਹੈ ਅਤੇ ਚੇਤਨ ਹੋ ਕੇ ਉਨ੍ਹਾਂ ਨੂੰ ਦੂਰ ਕਰ ਲੈਂਦਾ ਹੈ, ਜਿਵੇਂ ਕਿ ਰੁਕ ਰੁਕ ਕੇ ਸ੍ਵਾਸ ਲੈ ਰਿਹਾ ਹੋਵੇ, ਸ੍ਵਾਸ ਲੈਣ ਵਿਚ ਅਵਾਜ਼ ਆਉਂਦੀ ਹੋਵੇ ਜਾਂ ਸਾਹ ਅੰਦਰ ਲੈਣ ਅਤੇ ਬਾਹਰ ਕੱਢਣ ਵਿਚ ਰੁਕਾਵਟ ਆਉਂਦੀ ਹੋਵੇ, ਇਨ੍ਹਾਂ ਅਵਗੁਣਾਂ ਕਰਕੇ ਕਈ ਸਰੀਰਕ ਅਤੇ ਮਾਨਸਿਕ ਰੋਗ ਉਤਪੰਨ ਹੋ ਜਾਂਦੇ ਹਨ, ਜਿਹੜੇ ਦਵਾਈਆਂ ਨਾਲ ਨਹੀਂ ਠੀਕ ਹੋ ਸਕਦੇ।

ਸੰਸਾਰ ਦੀਆਂ ਬਹੁਤ ਸਾਰੀਆਂ ਧਿਆਨ ਲਗਾਉਣ ਦੀਆਂ ਪਰੰਪਰਾਵਾਂ ਵਿਚ ਸਾਹ ਲੈਣ ਦੀ ਕ੍ਰਿਆ ਹੀ ਸਮਾਧੀ ਦਾ ਆਧਾਰ ਮੰਨਿਆ ਜਾਂਦਾ ਹੈ, ਕੇਵਲ ਉਹ ਗੁਰੂ ਹੀ ਜਿਨ੍ਹਾਂ ਦਾ ਆਪਣਾ ਕੋਈ ਅਨੁਭਵ ਨਾ ਹੋਵੇ ਜਾਂ ਪ੍ਰਤੱਖ ਗਿਆਨ ਨਾ ਹੋਵੇ, ਉਹ ਹੀ ਸ੍ਵਾਸ ਦੀ ਥਾਂ ਕਿਸੇ ਸਾਕਾਰ ਜਾਂ ਕਿਸੇ ਆਕਾਰ ਤੇ ਧਿਆਨ ਇਕਾਗਰ ਕਰਨ ਲਈ ਕਹਿੰਦੇ ਹਨ, ਉਹ ਆਪਣੀ ਸੰਵੇਦਨਾ ਗੁਆ ਬੈਠੇ ਹੁੰਦੇ ਹਨ ਅਤੇ ਚੇਲਿਆਂ ਲਈ ਸੰਵੇਦਨਸ਼ੀਲ ਨਹੀਂ ਹੁੰਦੇ, ਸ੍ਵਾਸ ਨੂੰ ਆਧਾਰ ਬਣਾ ਕੇ ਸਾਧਕ ਨੂੰ ਪਹਿਲਾਂ ਇਕਾਗਰ ਹੋਣਾ ਸਿਖਾਇਆ ਜਾਂਦਾ ਹੈ, ਹੌਲੀ ਹੌਲੀ ਇਹ ਸੂਖਸ਼ਮ ਹੋ ਜਾਂਦਾ ਹੈ, ਸ੍ਵਾਸ ਦੀ ਸੂਖਸ਼ਮ ਡੋਰ ਪਕੜ ਕੇ ਉਹ ਅੰਦਰ ਦੇ ਮਾਰਗ ਤੇ ਚਲਣਾ ਸ਼ੁਰੂ ਕਰਦਾ ਹੈ, ਫੇਰ ਮਨ ਹੋਰ ਸੂਖਸ਼ਮ ਹੁੰਦਾ ਜਾਂਦਾ ਹੈ ਤੇ ਤੁਸੀਂ ਅੰਦਰ ਡੂੰਘੇ ਉਤਰੀ ਜਾਂਦੇ ਹੋ।

ਇਕਾਗਰਤਾ ਅਤੇ ਸਮਾਧੀ ਹੀ ਅੰਤ ਵਿਚ ਆਤਮਾ ਨਾਲ ਮਿਲਾਪ ਦਾ ਵੱਡਾ ਸਾਧਨ ਹੈ। ਮਨ ਦੀ ਇਕਾਗਰਤਾ ਆਤਮ ਮਿਲਾਪ ਲਈ ਆਤਮ ਮਾਰਗ ਲਈ ਬਹੁਤ ਹੀ ਲੋੜੀਂਦੀ ਹੈ। ਜਦੋਂ ਸਾਹ ਤੇ ਇਕਾਗਰ ਹੋ ਕੇ ਸਾਹ ਲੈਣ ਦੇ ਅਵਗੁਣ ਤੁਸੀਂ ਜਾਣ ਲੈਂਦੇ ਹੋ ਫੇਰ ਇਹ ਸਮਝਣ ਦੀ ਕੋਸ਼ਿਸ਼ ਕਰਦੇ ਹੋ ਕਿ ਉਹ ਕੌਣ ਹੈ ਜਿਹੜਾ ਸਾਹ ਲੈਂਦਾ ਹੈ, ਕਈ ਪਰੰਪਰਾਵਾਂ ਇਸ ਤਰ੍ਹਾਂ ਦੀਆਂ ਹਨ ਜਿਹੜੀਆਂ ਮੰਤਰ ਨੂੰ ਹੀ ਸਾਹ ਨਾਲ ਜੋੜ ਲੈਂਦੀਆਂ ਹਨ, ਜਦੋਂ ਸਾਹ ਅੰਦਰ ਲੈਣਾ ਹੈ ਤਾਂ ਮੰਤਰ ਕਹਿਣਾ ਜਦੋਂ ਸਾਹ ਬਾਹਰ ਲੈਣਾ ਤਾਂ ਮੰਤਰ ਉਚਾਰਣ ਕਰਨਾ ਹੈ। ਮੰਤਰ ਸੰਸਕ੍ਰਿਤ ਦਾ ਸ਼ਬਦ ਹੈ, ਆਵਾਜ਼ ਹੈ, ਉਚਾਰਣ ਹੈ, ਮੰਤਰ ਇਕ ਉਹ ਸ਼ਬਦ ਉਚਾਰਣ ਹੈ ਜਿਸ ਨਾਲ ਸਾਰੀਆਂ ਅਸ਼ੁਧੀਆਂ ਖਤਮ ਹੋ ਜਾਂਦੀਆਂ ਹਨ, ਕਈ ਮੰਤਰ ਇਹੋ ਜਿਹੇ ਹਨ ਜਿਹੜੇ ਸ੍ਵਾਸ ਨਾਲ ਜਪੇ ਜਾਂਦੇ ਹਨ ਅਤੇ ਉਹ ਸ੍ਵਾਸ ਦੀ ਗਤੀ ਨੂੰ ਇਕ ਸਾਰ ਚਲਾਉਣ ਲਈ ਸਹਾਇਕ ਹੁੰਦੇ ਹਨ। ਹੌਲੀ ਹੌਲੀ ਸਾਧਕ ਇਸ ਅਵਸਥਾ ਤੇ ਪਹੁੰਚ ਜਾਂਦਾ ਹੈ ਜਿਥੇ ਸੁਤੇ ਹੀ ਸ੍ਵਾਸ ਅੰਦਰ ਜਾਂਦਿਆਂ ਬਾਹਰ ਆਉਂਦਿਆਂ ਮੰਤਰ ਜਾਪ ਚਲਦਾ ਰਹਿੰਦਾ ਹੈ, ਇਸ ਨਾਲ ਮਨ ਸਦਾ ਹੀ ਮੰਤਰ ਵਿਚ ਚੇਤਨ ਰਹਿੰਦਾ ਹੈ, ਜਦੋਂ ਮੰਤਰ ਦੀ ਚੇਤਨਤਾ ਡੂੰਘੀ ਚਲੀ ਜਾਂਦੀ ਹੈ ਮੰਤਰ ਫੇਰ ਇਕ ਪੱਥ ਪਰਦਰਸ਼ਕ ਦਾ ਰੂਪ ਬਣ ਜਾਂਦਾ ਹੈ।

ਫੇਰ ਸਾਧਕ ਨੂੰ ਅੰਦਰ ਦੀ ਜੋਤ ਜਗਾਉਣ ਲਈ ਸਿਖਿਆ ਦਿਤੀ ਜਾਂਦੀ ਹੈ, ਜਦੋਂ ਮਨ ਉਸ ਦਾ ਅਨੁਭਵ ਕਰਦਾ ਹੈ ਉਹ ਇਹੋ ਜਿਹੇ ਅਨੰਦ ਵਿਚ ਆ ਜਾਂਦਾ ਹੈ ਜਿਹੜਾ ਪਹਿਲਾਂ ਉਸ ਨੇ ਕਦੀ ਅਨੁਭਵ ਹੀ ਨਹੀਂ ਕੀਤਾ, ਉਹ ਜੋਤ ਜਿਹੜੀ ਸਾਡੇ ਅੰਦਰ ਜਗਦੀ ਹੈ ਉਸ ਉਤੇ ਧਿਆਨ ਲਗਾਉਣਾ ਇਕਾਗਰ ਹੋ ਕੇ ਸਮਾਧੀ ਲਾਉਣੀ ਸਭ ਤੋਂ ਉਤਮ ਸਮਾਧੀ ਹੈ। ਉਸ ਜੋਤ ਤੋਂ ਬਿਨਾਂ ਅਸੀਂ ਦੇਖ ਨਹੀਂ ਸਕਦੇ, ਪਛਾਣ ਨਹੀਂ ਸਕਦੇ, ਬਾਹਰੀ ਸੰਸਾਰ ਦਾ ਕੰਮ ਕਾਜ ਵੀ ਨਹੀਂ ਕਰ ਸਕਦੇ, ਇਹ ਜੋਤ ਚੇਤਨਤਾ ਦੀ ਜੋਤ ਹੈ ਜਿਹੜੀ ਅਸੀਂ ਇਕਾਗਰ ਹੋ ਕੇ ਅਨੁਭਵ ਕਰਦੇ ਹਾਂ ਇਸ ਤੋਂ ਬਾਅਦ ਮਨ ਬਿਲਕੁਲ ਸਾਫ ਸਪਸ਼ਟ ਦੇਖਣ ਲਗ ਪੈਂਦਾ ਹੈ, ਉਸ ਦਾ ਧੁੰਦਲਾਪਨ ਖਤਮ ਹੋ ਜਾਂਦਾ ਹੈ, ਚੇਤਨਤਾ ਦੀ ਜੋਤ ਅਤੇ ਮੰਤਰ ਇਕ ਹੋ ਜਾਂਦੇ ਹਨ, ਉਥੇ ਉਸ ਸਮੇਂ ਮੰਤਰ ਨਹੀਂ ਜਪਿਆ ਜਾਂਦਾ ਉਸਦੀ ਹੋਂਦ ਮਹਿਸੂਸ ਕੀਤੀ ਜਾਂਦੀ ਹੈ ਅਤੇ ਪ੍ਰਗਟ ਹੁੰਦੀ ਹੈ, ਪਹਿਲੇ ਪਹਿਲ ਮੰਤਰ ਨੂੰ ਸਮੁੱਚੇ ਤੌਰ ਤੇ ਜਪਿਆ ਜਾਂਦਾ ਹੈ, ਹੌਲੀ ਹੌਲੀ ਮੰਤਰ ਸੂਖਸ਼ਮ ਹੁੰਦਾ ਜਾਂਦਾ ਹੈ ਜਦੋਂ ਤੁਸੀਂ ਮੰਤਰ ਲਈ ਹਰ ਸਮੇਂ ਚੇਤਨ ਰਹਿੰਦੇ ਹੋ, ਇਸ ਦਾ ਮਿਲਾਪ ਭਾਵ ਮੰਤਰ ਦਾ ਮਿਲਾਪ ਚੇਤਨਤਾ ਦੇ ਨਿਰੰਤਰ ਪ੍ਰਵਾਹ ਨਾਲ ਹੋ ਜਾਂਦਾ ਹੈ ਜਿਥੇ ਸ਼ਬਦ ਦਾ ਮਿਲਾਪ ਧੁਨ ਨਾਲ ਹੁੰਦਾ ਹੈ ਅਤੇ ਉਹ ਇਕ ਹੋ ਜਾਂਦੇ ਹਨ, ਉਹ ਹੀ ਇਕਾਗਰਤਾ ਦੀ ਸੰਪੂਰਨ ਸਥਿਤੀ ਹੈ, ਉਦੋਂ ਹੀ ਮਨ ਤੇ ਪੂਰਾ ਕਾਬੂ ਪਾਇਆ ਜਾਂਦਾ ਹੈ ਅਤੇ ਮਨ ਦਾ ਮਿਲਾਪ ਆਤਮਾ ਨਾਲ ਹੁੰਦਾ ਹੈ। ਜਦੋਂ ਸਾਧਕ ਦਾ ਮਨ ਟਿਕਦਾ ਹੈ ਤਾਂ ਆਤਮਾ ਤੇ ਇਕਾਗਰ ਹੋ ਕੇ ਹੀ ਟਿਕਦਾ ਹੈ, ਆਮ ਮਨੁੱਖ ਦਾ ਮਨ ਤਾਂ ਖਿੰਡਿਆ ਹੀ ਰਹਿੰਦਾ ਹੈ, ਅਸ਼ਾਂਤ ਰਹਿੰਦਾ ਹੈ, ਡਾਵਾਂਡੋਲ ਹੀ ਰਹਿੰਦਾ ਹੈ, ਪਰ ਸਾਧਕ ਦਾ ਮਨ ਟਿਕਿਆ ਹੋਇਆ ਮਨ ਹੁੰਦਾ ਹੈ, ਟਿਕੇ ਹੋਏ ਮਨ ਵਾਲੇ ਸਾਧਕ ਨੇ ਮਨ ਤੇ ਕਾਬੂ

ਪਾ ਲਿਆ ਹੈ, ਮਨ ਦੀਆਂ ਸ਼ਕਤੀਆਂ ਤੇ ਕਾਬੂ ਪਾ ਲਿਆ ਹੈ, ਸੰਸਾਰ ਤੋਂ ਸੰਕੋਚ ਕਰ ਲਿਆ ਹੈ। ਪਹਿਲਾਂ ਤੋਂ ਹੀ ਇਕਾਗਰ ਹੋਣ ਦਾ ਆਕਾਰ ਬੜੀ ਸੂਝ ਬੂਝ ਨਾਲ ਚੁਣਨਾ ਚਾਹੀਦਾ ਹੈ, ਸਭ ਤੋਂ ਪਹਿਲਾਂ ਸੁਆਸ ਦੀ ਕ੍ਰਿਆ ਤੇ ਹੀ ਮਨ ਇਕਾਗਰ ਕਰਨਾ ਚਾਹੀਦਾ ਹੈ ਨਾਲ ਹੀ ਮੰਤਰ ਤੇ, ਮੰਤਰ ਅਤੇ ਸੁਆਸ ਦਾ ਮੇਲ ਹੀ ਸਭ ਤੋਂ ਉਤਮ ਤਰੀਕਾ ਹੈ ਜਿਸ ਨਾਲ ਮਨ ਨੂੰ ਕਾਬੂ ਕੀਤਾ ਜਾ ਸਕਦਾ ਹੈ। ਉਚੀ ਅਵਸਥਾ ਵਿਚ ਸੁਰਤਿ ਸਬਦਿ ਦਾ ਮਿਲਾਪ, ਉਸ ਤੋਂ ਉਪਰ ਹੈ ਕੇਵਲ ਚੇਤਨਤਾ।

ਧਿਆਨ ਇਕ ਅੰਦਰ ਦੀ ਅਵਸਥਾ ਹੈ, ਅੰਦਰ ਦੀ ਚਿਕਿਤਸਾ ਹੈ ਇਸ ਨਾਲ ਅੰਦਰ ਦੀਆਂ ਸਾਰੀਆਂ ਕਮਜ਼ੋਰੀਆਂ ਅਤੇ ਔਗੁਣਾਂ ਦਾ ਖਾਤਮਾ ਹੋ ਜਾਂਦਾ ਹੈ ਉਹ ਔਗੁਣ ਜਿਹੜੇ ਮਨ ਅਤੇ ਸਰੀਰ ਨੂੰ ਰੋਗੀ ਕਰਦੇ ਹਨ। ਧਿਆਨ ਚਿਕਿਤਸਾ ਬਨਾਵਟੀ ਨੀਂਦਰ ਨਾਲੋਂ ਬਿਲਕੁਲ ਵੱਖਰੀ ਹੈ। ਇਸ ਬਨਾਵਟੀ ਨੀਂਦਰ ਵਿਚ ਤੁਸੀਂ ਪ੍ਰਤੱਖ ਗਿਆਨ ਦੀ ਥਾਂ ਉਸ ਪ੍ਰਮਾਤਮਾ ਨੂੰ ਜਾਨਣ ਦੀ ਥਾਂ, ਤੁਸੀਂ ਕਿਸੇ ਦੇ ਸੁਝਾਓ ਮੰਨ ਰਹੇ ਹੋ, ਹਿਪਨੋਸਿਸ ਦੀ ਚਿਕਿਤਸਾ ਬਿਲਕੁਲ ਬਿਨਾਂ ਕਿਸੇ ਨਿਰਦੇਸ਼ਨ ਤੋਂ ਹੁੰਦੀ ਹੈ, ਕਿਉਂਕਿ ਚਿਕਿਤਸਾ ਅਤੇ ਮਰੀਜ਼ ਦੋਨਾਂ ਨੂੰ ਪਤਾ ਨਹੀਂ ਹੁੰਦਾ, ਉਹ ਕਿਥੇ ਜਾ ਰਹੇ ਹਨ, ਉਨ੍ਹਾਂ ਦਾ ਪੱਥ ਪਰਦਰਸ਼ਕ ਤਾਂ ਚੇਤਨ ਮਨ ਅਤੇ ਅਚੇਤ ਮਨ ਕਰ ਰਹੇ ਹੁੰਦੇ ਹਨ, ਅੰਦਰ ਦੀ ਚੇਤਨਤਾ ਦੀ ਜੋਤ ਨਹੀਂ ਕਰ ਰਹੀ ਹੁੰਦੀ, ਇਸ ਹਾਲਤ ਵਿਚ ਬਹੁਤ ਵਾਰੀ ਚਿਕਿਤਿਸਕ ਦਾ ਸਬੰਧ ਮਰੀਜ਼ ਨਾਲੋਂ ਟੁੱਟ ਜਾਂਦਾ ਹੈ ਅਤੇ ਮਰੀਜ਼ ਦਾ ਸਬੰਧ ਆਪਣੀ ਚੇਤਨਤਾ ਨਾਲੋਂ ਟੁੱਟ ਜਾਂਦਾ ਹੈ ਜਿਸਦੇ ਫਲਸਰੂਪ ਕਈ ਕਿਸਮ ਦੇ ਭਿਆਨਕ ਅਨੁਭਵ ਮਰੀਜ਼ ਦੇ ਸਾਮ੍ਹਣੇ ਆ ਜਾਂਦੇ ਹਨ ਅਤੇ ਉਸ ਨੂੰ ਸੰਭਾਲ ਨਹੀਂ ਸਕਦਾ। ਬਸ ਇਥੋਂ ਤਕ ਹੀ ਉਨ੍ਹਾਂ ਦੀ ਪਹੁੰਚ ਹੈ ਇਸ ਤੋਂ ਅੱਗੇ ਨਹੀਂ। ਪੁਰਾਣੇ ਚਿਕਿਤਸਕਾ ਨੂੰ ਇਹ ਤਰੀਕਾ ਛੱਡਣਾ ਪਿਆ ਸੀ, ਸਮਾਂ ਪਾ ਕੇ ਫੇਰ ਇਸ ਵਿਚ ਕਈ ਸੁਧਾਰ ਕੀਤੇ ਗਏ ਅਤੇ ਇਸ ਨੂੰ ਮੁੜ ਵਰਤੋਂ ਵਿਚ ਲਿਆਂਦਾ ਗਿਆ ਤੇ ਬੜੀ ਸਫਲਤਾ ਵੀ ਪ੍ਰਾਪਤ ਹੋਈ ਪਰ ਜਿਹੜੇ ਦਾ ਅਭਿਆਸ ਕਰਦੇ ਹਨ ਉਹ ਸਿਖਿਆ ਦਾ ਡੂੰਘਾ ਅਤੇ ਪ੍ਰਭਾਵਕ ਪ੍ਰੋਗਰਾਮ ਨਹੀਂ ਚਲਾ ਸਕਦੇ ਜਿਹੜਾ ਗਿਆਨ ਮਾਰਗ ਅਤੇ ਆਤਮ ਮਾਰਗ ਤੇ ਪਹੁੰਚਾ ਦੇਵੇ ਜਦੋਂ ਕਿ ਇਸ ਤੋਂ ਉਲਟ ਧਿਆਨ ਦੇ ਮਾਰਗ ਤੇ ਚਲਦਿਆਂ ਤੁਸੀਂ ਆਤਮ ਮਾਰਗ ਤੇ ਪਹੁੰਚ ਹੀ ਜਾਂਦੇ ਹੋ। ਅਨੰਦ ਦੀ ਅਵਸਥਾ ਵਾਸਤਵ ਵਿਚ ਉਹ ਹੀ ਹੈ ਜੋ ਇੰਦ੍ਰੀਆਂ ਤੋਂ ਪਰ੍ਹੇ ਹੈ ਜਿਸ ਨੂੰ ਬੁੱਧੀ ਨੇ ਜਾਣਿਆ ਹੈ ਜਿਸ ਵਿਚ ਸਥਿਤ ਹੋ ਕੇ ਉਹ ਫੇਰ ਸਥਿਰ ਹੋ ਜਾਂਦਾ ਹੈ।

22. ਜਿਸ ਅਵਸਥਾ ਨੂੰ ਪ੍ਰਾਪਤ ਕਰਕੇ ਉਹ ਇਹ ਜਾਣ ਜਾਏ ਕਿ ਇਸ ਤੋਂ ਉਪਰ ਕੁਝ ਹੈ ਹੀ ਨਹੀਂ, ਜਿਥੇ ਸਥਿਰ ਹੋ ਕੇ ਕੋਈ ਵਸਤੂ ਉਸ ਨੂੰ ਅਸਥਿਰ ਨਹੀਂ ਕਰ ਸਕਦੀ ਭਾਵੇਂ ਕਿੰਨਾ ਦੁਖ ਵੀ ਕਿਉਂ ਨਾ ਆ ਜਾਵੇ।

23. ਜਿਸ ਯੋਗ ਦੀ ਪ੍ਰਾਪਤੀ ਨਾਲ ਜ਼ਰਾ ਜਿੰਨਾਂ ਵੀ ਦੁੱਖ ਨਾ ਲੱਗੇ, ਜਿਸ ਨਾਲ ਸਾਰੇ ਦੁਖਾਂ ਦਾ ਨਾਸ਼ ਹੋ ਜਾਏ, ਉਸ ਯੋਗ ਅਭਿਆਸ ਨੂੰ

ਸ਼ਰਧਾਪੂਰਵਕ ਪ੍ਰਸੰਨਚਿਤ ਹੋ ਕੇ ਕਰਨਾ ਚਾਹੀਦਾ ਹੈ।

ਜਦੋਂ ਨਿਰੋਲ ਚਿੰਤਨ ਸ਼ਕਤੀ ਪ੍ਰਗਟ ਹੋ ਜਾਂਦੀ ਹੈ, ਯੋਗੀ ਨੂੰ ਕਿਸੇ ਦੁਖ ਸੰਤਾਪ ਦਾ ਅਨੁਭਵ ਨਹੀਂ ਹੁੰਦਾ, ਕਿਸੇ ਕਿਸਮ ਦੇ ਵਿਘਨ ਨਹੀਂ ਆਉਂਦੇ, ਕੋਈ ਕਲੇਸ਼ ਕੁਝ ਵੀ ਉਸ ਨੂੰ ਹਟਾ ਨਹੀਂ ਸਕਦਾ। ਵੱਡੇ ਤੋਂ ਵੱਡਾ ਦੁਖ ਵੀ, ਜੋ ਆਮ ਸੰਸਾਰਕ ਮਨੁੱਖ ਨੂੰ ਬਿਲਕੁਲ ਹਿਲਾ ਦਿੰਦਾ ਹੈ ਜਿਹੜਾ ਕਿ ਇਕ ਵੱਡੀ ਬਿਪਤਾ ਗਿਣੀ ਜਾਂਦੀ ਹੈ, ਯੋਗੀ ਉਸ ਵਿਚ ਵੀ ਸਥਿਰ ਰਹਿੰਦਾ ਹੈ ਕਿਉਂਕਿ ਉਸ ਨੇ ਆਪਣੀਆਂ ਇੰਦ੍ਰੀਆਂ ਨੂੰ, ਮਨ ਨੂੰ ਪੂਰੀ ਤਰ੍ਹਾਂ ਕਾਬੂ ਕਰ ਲਿਆ ਹੈ। ਪੂਰਣਤਾ ਸ਼ਬਦ ਬਹੁਤ ਥਾਵਾਂ ਤੇ ਵਰਤਿਆ ਜਾਂਦਾ ਹੈ, ਤੁਸੀਂ ਕਿਸੇ ਵੀ ਕਲਾ, ਕਿਸੇ ਵੀ ਗੁਣ ਵਿਚ ਪੂਰਨ ਹੋ ਸਕਦੇ ਹੋ, ਲਿਖਣ ਵਿਚ, ਗਾਉਣ ਵਿਚ, ਖੇਡਾਂ ਵਿਚ, ਪਰ ਇਥੇ ਪੂਰਨਤਾ ਤੋਂ ਭਾਵ ਹੈ ਪੂਰਨ ਤਰ੍ਹਾਂ ਮਨ ਤੇ ਕਾਬੂ। ਯੋਗੀ ਪੂਰਣਤਾ ਦੀ ਸਥਿਤੀ ਦੀ ਓਦੋਂ ਪ੍ਰਾਪਤੀ ਕਰਦਾ ਹੈ ਜਦੋਂ ਉਸ ਦਾ ਮਨ ਪੂਰੀ ਤਰ੍ਹਾਂ ਇਕਾਗਰ ਹੋ ਕੇ ਨਿਰਵਿਘਨਤਾ ਨਾਲ ਅੰਦਰ ਵਲ ਚੇਤਨਤਾ ਦੇ ਬਿੰਦੂ ਵਲ ਵਹਿਣ ਲਗ ਪੈਂਦਾ ਹੈ, ਇਹ ਸਮਾਧੀ ਦੀ ਡੂੰਘੀ ਅਵਸਥਾ ਹੈ ਅਤੇ ਸਮਾਧੀ ਦੀ ਇਕ ਮੰਜ਼ਲ ਹੈ।

ਇਨ੍ਹਾਂ ਸਲੋਕਾਂ ਵਿਚ ਇਹ ਦੱਸਿਆ ਗਿਆ ਹੈ ਕਿ ਧਿਆਨ ਲਗਾਉਣ ਨਾਲ ਬੁੱਧੀ ਇਕੱਤਰ ਅਤੇ ਇਕਾਗਰ ਹੋ ਜਾਂਦੀ ਹੈ, ਤਿੱਖੀ ਹੋ ਜਾਂਦੀ ਹੈ ਅਤੇ ਤੁਸੀਂ ਜੀਵਨ ਦੀਆਂ ਉਨ੍ਹਾਂ ਪਰਤਾਂ ਤਕ ਪਹੁੰਚ ਸਕਦੇ ਹੋ ਜਿਥੇ ਇੰਦ੍ਰੀਆਂ ਦੀ ਕੋਈ ਪਹੁੰਚ ਨਹੀਂ। ਜਿਹੜਾ ਅਨੰਦ ਉਸ ਸਮੇਂ ਪ੍ਰਾਪਤ ਹੁੰਦਾ ਹੈ ਉਸ ਨੂੰ ਨਾ ਤਾਂ ਨਾਪਿਆ ਜਾ ਸਕਦਾ ਹੈ, ਨਾ ਹੀ ਉਸ ਦਾ ਵਰਨਣ ਕੀਤਾ ਜਾ ਸਕਦਾ ਹੈ ਕਿਉਂਕਿ ਉਹ ਅਨੰਦ ਮਨ ਅਤੇ ਇੰਦ੍ਰੀਆਂ ਦੀ ਪਕੜ ਤੋਂ ਕਿਤੇ ਬਾਹਰ ਅਤੇ ਉਚਾ ਹੁੰਦਾ ਹੈ। ਜਦੋਂ ਇਕ ਵਾਰੀ ਇਸ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ ਫੇਰ ਉਥੋਂ ਪਿਛੇ ਫਿਸਲਣ ਦੀ ਕੋਈ ਵਜਾ ਹੀ ਨਹੀਂ ਰਹਿੰਦੀ, ਮੁੜ ਕੇ ਭੋਗ ਭੋਗਣ ਦਾ ਕੋਈ ਸਵਾਲ ਹੀ ਨਹੀਂ ਉਠਦਾ। ਉਸ ਦਾ ਕਾਰਣ ਹੈ ਕਿ ਜਿਸ ਅਨੰਦ ਦੀ ਪ੍ਰਾਪਤੀ ਹੋ ਗਈ ਹੈ ਉਹ ਕਿਤੇ ਵਧ ਸੰਤੁਸ਼ਟ ਕਰਨ ਵਾਲਾ ਹੈ, ਉਸ ਦੀ ਕੋਈ ਤੁਲਨਾ ਵਿਸ਼ੇ ਵਿਕਾਰਾਂ ਨਾਲ, ਸੰਸਾਰਕ ਭੋਗਾਂ ਨਾਲ ਨਹੀਂ ਕੀਤੀ ਜਾ ਸਕਦੀ। 21, 22 ਅਤੇ 23ਵੇਂ ਸ਼ਲੋਕ ਵਿਚ ਉਸ ਯੋਗੀ ਦੇ ਅਨੰਦ ਦੀ ਵਿਆਖਿਆ ਕੀਤੀ ਗਈ ਹੈ ਜਿਸ ਨੇ ਆਪਣੇ ਮਨ ਤੇ ਪੂਰਾ ਕਾਬੂ ਪਾ ਲਿਆ ਹੈ, ਇੰਦ੍ਰੀਆਂ ਨੂੰ ਕਾਬੂ ਕਰ ਲਿਆ ਅਤੇ ਮਨ ਪੂਰੀ ਤਰ੍ਹਾਂ ਉਸ ਦੇ ਅਧੀਨ ਹੈ, ਬੁੱਧੀ ਉਸ ਦੇ ਅਧੀਨ ਹੈ, ਜਿਹੜਾ ਇਸ ਸਥਾਈ ਅਨੰਦ ਦੀ ਪ੍ਰਾਪਤੀ ਕਰ ਲੈਂਦਾ ਹੈ ਉਸ ਨੂੰ ਬੇਅੰਤ ਅਨੁਭਵ ਹੁੰਦੇ ਹਨ।

1. ਉਹ ਸਦਾ ਖੇੜੇ ਵਿਚ ਰਹਿੰਦਾ ਹੈ, ਸ਼ਾਂਤ ਰਹਿੰਦਾ ਹੈ, ਸਬਰ, ਸੰਤੋਖ ਵਿਚ ਰਹਿੰਦਾ ਹੈ, ਕਿਸੇ ਵੀ ਸਥਿਤੀ ਵਿਚ ਉਹ ਘਬਰਾਉਂਦਾ ਨਹੀਂ।

2. ਉਹ ਇੰਦ੍ਰੀਆਂ ਦੇ ਭੋਗ ਭੋਗਣ ਵਿਚ ਰੁਚੀ ਨਹੀਂ ਰਖਦਾ, ਉਸ ਦਾ ਅਨੰਦ ਵਿਸ਼ੇ ਭੋਗਾਂ ਨਾਲੋਂ ਲੱਖਾਂ ਕਰੋੜਾਂ ਗੁਣਾਂ ਵਧੇਰੇ ਹੈ।

3. ਉਹ ਸੰਸਾਰਕ ਅਨੁਭਵਾਂ ਤੇ ਬਿਲਕੁਲ ਵੀ ਨਿਰਭਰ ਨਹੀਂ, ਉਹ ਆਤਮ ਨਿਰਭਰ ਹੈ।

4. ਉਸ ਦਾ ਅਨੰਦ ਆਤਮਕ ਅਨੰਦ ਹੈ, ਆਤਮਕ ਅਨੁਭਵ ਹੈ।

5. ਉਸ ਦਾ ਧਿਆਨ, ਸਮਾਧੀ ਡੂੰਘੀ ਹੈ, ਉਹ ਸਦਾ ਹੀ ਸਮਾਧੀ ਸਥਿਤ ਹੈ।

6. ਉਸ ਦਾ ਅਨੰਦ ਪਰਮ ਅਨੰਦ ਹੈ ਜਿਸ ਨੂੰ ਦਸਣਾ ਅਤੇ ਨਾਪਣਾ ਸੰਭਵ ਨਹੀਂ।

7. ਉਸ ਅਨੰਦ ਦੀ ਪ੍ਰਾਪਤੀ ਪਿਛੋਂ ਤੁਸੀਂ ਮਹਿਸੂਸ ਕਰਦੇ ਹੋ ਕਿ ਇਸ ਤੋਂ ਅੱਗੇ ਕੁਝ ਵੀ ਨਹੀਂ।

ਗੀਤਾ ਦੇ ਪਹਿਲੇ ਅਧਿਆਏ ਵਿਚ ਅਰਜਨ ਉਪਰਾਮ ਹੈ, ਢਹਿੰਦੀ ਕਲਾ ਵਿਚ ਹੈ, ਕ੍ਰਿਸ਼ਨ ਜੀ ਉਸ ਨੂੰ ਆਤਮ ਗਿਆਨ ਕਰਾਉਂਦੇ ਹਨ, ਉਸ ਨੂੰ ਆਪਣੇ ਆਪ ਦਾ ਗਿਆਨ ਕਰਾਉਂਦੇ ਹਨ, ਉਸ ਉਪਰੰਤ ਅਰਜਨ ਆਪਣੀ ਉਪਰਾਮਤਾ ਤਿਆਗ ਕੇ ਪੂਰਨ ਯੋਗ ਸਾਧਨਾ, ਪੂਰਨ ਸਵੈ ਕਾਬੂ ਅਤੇ ਅਨੰਦ ਵਿਚ ਲਗ ਜਾਂਦਾ ਹੈ, ਇਹ ਅਨੰਦ ਅਨਮੋਲ ਹੈ, ਇਸ ਦਾ ਅਨੁਭਵ ਕੇਵਲ ਅਨੰਦ ਦੇ ਸੋਮੇ ਤੋਂ ਹੀ ਕੀਤਾ ਜਾ ਸਕਦਾ ਹੈ। ਇਹ ਅਨੰਦ ਕਿਸੇ ਵੀ ਹੋਰ ਗੱਲ ਤੇ ਨਿਰਭਰ ਨਹੀਂ, ਇਹ ਇਕ ਡੂੰਘਾ ਪਿਆਰ ਹੈ ਜਿਸ ਵਿਚ ਸਾਕਾਰ ਉਸ ਤਰ੍ਹਾਂ ਨਹੀਂ ਜਿਸ ਤਰ੍ਹਾਂ ਸੰਸਾਰ ਦੇ ਪਿਆਰ ਵਿਚ ਕੋਈ ਦੂਸਰਾ ਹੁੰਦਾ ਹੈ। ਇਹ ਉਹ ਅਨੰਦ ਹੈ ਜਿਸ ਵਿਚ ਕੋਈ ਆਕਾਰ ਨਹੀਂ, ਕੋਈ ਸਾਕਾਰ ਨਹੀਂ; ਇਹ ਇਕ ਅਵਸਥਾ ਹੈ। ਧਿਆਨ, ਸਮਾਧੀ ਆਪਣੇ ਆਪ ਵਿਚ ਪਿਆਰ ਹੈ ਜਿਵੇਂ ਸੰਸਾਰਕ ਪਿਆਰ ਵਿਚ ਤੁਸੀਂ ਬੰਨ੍ਹੇ ਮਹਿਸੂਸ ਕਰਦੇ ਹੋ। ਧਿਆਨ ਨਾਲ, ਸਮਾਧੀ ਨਾਲ, ਸੰਸਾਰਕ ਪਿਆਰ ਤੋਂ ਕਿਤੇ ਵਧ ਪਿਆਰ ਹੋ ਜਾਂਦਾ ਹੈ, ਤੁਸੀਂ ਹਰ ਵੇਲੇ ਉਸ ਵਾਹਿਗੁਰੂ ਦੀ ਹਜ਼ੂਰੀ ਵਿਚ ਉਸ ਦੇ ਪਿਆਰ ਦੇ ਬੱਧੇ ਉਸ ਸਮਾਧੀ ਵਿਚ ਰਹਿੰਦੇ ਹੋ।

24. ਸੰਕਲਪ ਵਿਚੋਂ ਪੈਦਾ ਹੋਣ ਵਾਲੀਆਂ ਸਾਰੀਆਂ ਇਛਾਵਾਂ ਦਾ, ਕਾਮਨਾਵਾਂ ਦਾ ਤਿਆਗ ਕਰਕੇ, ਮਨ ਨਾਲ ਸਾਰੀਆਂ ਇੰਦ੍ਰੀਆਂ ਤੇ ਕਾਬੂ ਪਾ ਕੇ ਸਭ ਪਾਸਿਆਂ ਤੋਂ ਮਨ ਨੂੰ ਰੋਕੇ ਅਤੇ ਮਨ ਤੇ ਕਾਬੂ ਪਾਵੇ।

25. ਹੌਲੀ ਹੌਲੀ ਅਭਿਆਸ ਕਰਦਿਆਂ ਸਥਿਰ ਬੁੱਧੀ ਨਾਲ ਮਨ ਸ਼ਾਂਤ ਕਰਦੇ ਹੋਏ, ਆਤਮਾ ਵਿਚ ਲੀਨ ਕਰਦੇ ਹੋਏ ਬਾਕੀ ਸਾਰਾ ਚਿੰਤਨ ਛੱਡ ਦੇਵੇ, ਕੇਵਲ ਪ੍ਰਮਾਤਮਾ ਦਾ ਚਿੰਤਨ ਕਰੇ।

26. ਇਸ ਚੰਚਲ ਮਨ ਨੂੰ, ਇਸ ਅਸਥਿਰ ਮਨ ਨੂੰ ਜਿਧਰ ਜਿਧਰ ਇਹ ਦੌੜਦਾ ਹੈ ਓਥੋਂ ਰੋਕ ਰੋਕ ਕੇ, ਮੋੜ ਕੇ ਆਤਮ ਚਿੰਤਨ ਵਿਚ ਲਗਾਵੇ।

27. ਜਿਸ ਦਾ ਮਨ ਸ਼ਾਂਤ ਹੈ ਜਿਹੜਾ ਪਾਪ ਤੋਂ ਰਹਿਤ ਹੈ ਜਿਸ ਦਾ ਰਜੋ ਗੁਣ ਸ਼ਾਂਤ ਹੋ ਚੁੱਕਾ ਹੈ, ਜੋ ਪਾਪਾਂ ਤੋਂ ਮੁਕਤ ਹੋ ਗਿਆ ਹੈ ਜਿਹੜਾ ਸਦਾ ਹੀ ਬ੍ਰਹਮਲੀਨ ਰਹਿੰਦਾ ਹੈ, ਉਹ ਹੀ ਪਰਮ ਸੁੱਖ ਮਾਣ ਸਕਦਾ ਹੈ।

28. ਇਸ ਤਰ੍ਹਾਂ ਜਿਹੜਾ ਯੋਗੀ, ਆਤਮਾ ਨਾਲ ਜੁੜ ਕੇ ਪ੍ਰਮਾਤਮਾ ਨਾਲ ਜੁੜਦਾ ਹੈ, ਬ੍ਰਹਮ ਨਾਲ ਜੁੜਦਾ ਹੈ ਉਹ ਪਰਮ ਅਨੰਦ ਦੀ ਪ੍ਰਾਪਤੀ ਕਰਦਾ ਹੈ।

ਚੌਵੀਵੇਂ ਸ਼ਲੋਕ ਤੋਂ ਅਠਾਈਵੇਂ ਸ਼ਲੋਕ ਤਕ ਸਾਧਨਾ ਦੀ ਵਿਆਖਿਆ ਕੀਤੀ ਗਈ ਹੈ ਅਤੇ ਸਾਧਕ ਨੂੰ ਪ੍ਰੇਰਨਾ ਦਿਤੀ ਗਈ ਹੈ। ਹੁਣ ਤਕ ਛੇਵੇਂ ਅਧਿਆਏ ਵਿਚ ਕ੍ਰਿਸ਼ਨ ਜੀ ਯੋਗੀ ਦੀ ਹਾਲਤ ਵਰਨਣ ਕਰ ਰਹੇ ਸਨ, ਹੁਣ ਉਹ ਅੰਦਰ ਦੇ ਅਭਿਆਸ ਦਾ ਤਰੀਕਾ ਦਸਦੇ ਹਨ, ਇਨ੍ਹਾਂ ਸ਼ਲੋਕਾਂ ਵਿਚ ਮਨੁੱਖ ਦਾ ਨਿਰਾਸ਼ਾਵਾਦੀ ਸੁਭਾਅ ਵੀ ਦਰਸਾਇਆ ਗਿਆ ਹੈ। ਇਹ ਵੀ ਸਿਖਿਆ ਦਿਤੀ ਗਈ ਹੈ ਕਿ ਸਾਧਕ ਕੋਈ ਵੀ ਇਹੋ ਜਿਹਾ ਕਰਮ ਨਾ ਕਰੇ, ਜਿਹੜਾ ਉਸ ਲਈ ਹਾਨੀਕਾਰਕ ਹੋਵੇ। ਸਵੇਰ ਤੋਂ ਸ਼ਾਮ ਤਕ, ਸ਼ਾਮ ਤੋਂ ਸਵੇਰ ਤਕ ਸਾਧਕ ਦੀਆਂ ਸਾਰੀਆਂ ਕ੍ਰਿਆ ਸੰਸਕਾਰ ਬੜੇ ਹੀ ਬਲਵਾਨ ਹੁੰਦੇ ਹਨ, ਮਨੁੱਖ ਲੋਭ ਮੋਹ ਦਾ ਭਰਿਆ ਪਿਆ ਹੈ। ਲੋੜ ਹੈ ਇਕਾਗਰ ਮਨ ਦੀ, ਦ੍ਰਿੜ੍ਹਤਾ ਦੀ, ਦ੍ਰਿੜ੍ਹ ਵਿਸ਼ਵਾਸ਼ ਦੀ, ਇੱਛਾ ਸ਼ਕਤੀ ਦੀ; ਇਸ ਤੋਂ ਬਿਨਾਂ ਜੀਵਨ ਮਨੋਰਥ ਦੀ ਪੂਰਤੀ ਨਹੀਂ ਹੋ ਸਕਦੀ।

ਇਕਾਗਰ ਹੋ ਕੇ ਸਾਧਕ ਖਿੰਡੇ ਹੋਏ ਮਨ ਨੂੰ ਸਮੇਟਦਾ ਹੈ, ਆਪਣੀ ਪੂਰੀ ਸਮਰੱਥਾ ਨਾਲ ਫੇਰ ਉਹ ਅੰਦਰ ਦੇ ਮਾਰਗ ਤੇ ਤੁਰਨਾ ਸ਼ੁਰੂ ਕਰਦਾ ਹੈ, ਜਿਹੜਾ ਸੁਚੇਤ ਹੋ ਕੇ ਆਪਣੇ ਰਜੋ ਗੁਣਾਂ ਤੇ ਕਾਬੂ ਪਾ ਲੈਂਦਾ ਹੈ। ਜਿਸ ਦਾ ਮਨ ਸ਼ਾਂਤ ਹੋ ਗਿਆ ਹੈ ਉਸ ਲਈ ਅੰਤਰ ਧਿਆਨ ਹੋਣਾ, ਅੰਦਰ ਦੇ ਮਾਰਗ ਤੇ ਚਲਣਾ ਕੋਈ ਔਖਾ ਨਹੀਂ। ਸਾਰੀਆਂ ਇਛਾਵਾਂ ਤੋਂ ਜਿਸ ਨੇ ਛੁਟਕਾਰਾ ਪਾ ਲਿਆ ਹੈ, ਜਿਹੜਾ ਸੰਸਾਰ ਦੇ ਭੋਗਾਂ ਤੋਂ ਉਪਰ ਹੋ ਗਿਆ, ਜਿਸ ਨੇ ਵਾਸ਼ਨਾਵਾਂ ਤੇ ਕਾਬੂ ਪਾ ਲਿਆ ਹੈ ਇਹੋ ਜਿਹਾ ਯੋਗੀ, ਆਤਮ ਮਾਰਗ ਤੇ ਚਲ ਕੇ ਆਤਮ ਸਾਧਨਾ ਤੇ ਪਹੁੰਚ ਜਾਂਦਾ ਹੈ। ਇਥੇ ਇਹ ਦਸਣਾ ਅਵੱਸ਼ਕ ਹੈ ਕਿ ਇਸ ਅਵਸਥਾ ਦੀ ਪ੍ਰਾਪਤੀ ਉਤਸ਼ਾਹਹੀਨ ਹੋ ਕੇ ਕੀਤੀ ਗਈ ਸਾਧਨਾ ਨਾਲ ਜਾਂ ਫੇਰ ਕਿਤੇ ਕਿਤੇ, ਕਦੀ ਕਦਾਈਂ ਕੀਤੀ ਗਈ ਸਾਧਨਾ ਨਾਲ ਨਹੀਂ ਹੁੰਦੀ, ਇਸ ਤੋਂ ਉਲਟ ਇਸ ਅਵਸਥਾ ਦੀ ਪ੍ਰਾਪਤੀ ਕੇਵਲ ਤਦ ਹੀ ਹੁੰਦੀ ਹੈ ਜਦੋਂ ਜੀਵਨ ਦਾ ਮਨੋਰਥ ਕੇਵਲ ਸਾਧਨਾ ਹੀ ਹੋਵੇ, ਸੋਚਣੀ, ਕਥਨੀ, ਕਰਨੀ ਵੀ ਸਾਧਨਾ ਦੇ ਅਨੁਕੂਲ ਹੋਣ, ਫੇਰ ਸਾਧਨਾ ਪੂਰਨ ਹੁੰਦੀ ਹੈ। ਸਾਧਕ ਜੇਕਰ ਸਬਰ, ਸੰਤੋਖ ਵਾਲਾ ਹੋਵੇ, ਉਸ ਦੀ ਕੇਵਲ ਇਕ ਹੀ ਇੱਛਾ ਹੋਵੇ, ਆਤਮ ਸਾਧਨਾ ਦੀ ਇੱਛਾ, ਤਾਂ ਹੀ ਇਸ ਅਵਸਥਾ ਦੀ ਪ੍ਰਾਪਤੀ ਸੰਭਵ ਹੈ।

ਅੱਜ ਦੇ ਵਿਦਿਆਰਥੀ ਕੋਲ ਸਾਧਕ ਕੋਲ ਨਾ ਤਾਂ ਸਬਰ ਹੈ, ਨਾ ਧੀਰਜ ਹੈ, ਨਾ ਦ੍ਰਿੜ੍ਹਤਾ ਹੈ, ਉਹ ਤਾਂ ਇਹ ਚਾਹੁੰਦੇ ਹਨ ਕਿ ਛੇਤੀਂ ਤੋਂ ਛੇਤੀਂ ਫਲ ਪ੍ਰਾਪਤੀ ਹੋ ਜਾਵੇ, ਮਿਹਨਤ ਨਾ ਕਰਨੀ ਪਵੇ। ਇਨ੍ਹਾਂ ਦਾ ਤਾਂ

ਬਿਲਕੁਲ ਇਹ ਹਾਲ ਹੈ ਜਿਵੇਂ ਬੱਚੇ ਕੋਈ ਬੀਜ ਧਰਤੀ ਵਿਚ ਪਾ ਦੇਣ, ਉਤੋਂ ਪਾਣੀ ਦੇ ਦੇਣ, ਦੂਸਰੇ ਦਿਨ ਸਵੇਰੇ ਦੇਖਣ ਕਿ ਬੀਜ ਕਿਉਂ ਨਹੀਂ ਫੁੱਟ ਕੇ ਬਾਹਰ ਆਇਆ। ਫੇਰ ਧਰਤੀ ਪੁੱਟ ਕੇ ਦੇਖਣੀ ਕਿ ਸੱਚਮੁੱਚ ਬੀਜ ਕਿਉਂ ਨਹੀਂ ਆਇਆ। ਸਾਧਨਾ ਕਰਨ ਲਈ ਧੀਰਜ ਸਭ ਤੋਂ ਵੱਧ ਲੋੜੀਂਦਾ ਗੁਣ ਹੈ। ਜਿਹੜਾ ਵੀ ਪੂਰੀ ਦ੍ਰਿੜ੍ਹਤਾ ਨਾਲ ਸਾਧਨਾ ਕਰਦਾ ਰਹੇ ਅਤੇ ਆਪਣਾ ਮਾਰਗ ਨਾ ਬਦਲੇ ਉਹ ਉਸ ਇਕ ਦੀ, ਅਟੱਲ ਅਮਰ ਦੀ ਪ੍ਰਾਪਤੀ ਕਰ ਲੈਂਦਾ ਹੈ। ਜਿਹੜੇ ਮਾਰਗ ਬਦਲਦੇ ਰਹਿੰਦੇ ਹਨ ਉਨ੍ਹਾਂ ਦਾ ਤਾਂ ਉਹ ਹੀ ਹਾਲ ਹੁੰਦਾ ਹੈ ਜਿਵੇਂ ਜੇ ਕਿਸੇ ਨੇ ਸ਼ਹਿਰ ਜਾਣਾ ਹੋਵੇ ਉਹ ਸੜਕ ਤੇ ਤੁਰ ਪਵੇ, ਥੋੜ੍ਹੀ ਦੂਰ ਜਾ ਕੇ ਮੁੜ ਆਵੇ, ਫੇਰ ਦੂਸਰੇ ਦਿਨ ਸਵੇਰੇ ਉਠ ਕੇ ਦੂਸਰੇ ਰਸਤੇ ਤੇ ਤੁਰ ਪਵੇ, ਥੋੜ੍ਹੀ ਦੂਰ ਜਾ ਕੇ ਫੇਰ ਮੁੜ ਆਵੇ, ਜੇ ਉਹ ਇਸ ਤਰ੍ਹਾਂ ਹੀ ਕਰਦਾ ਰਹੇ ਉਹ ਕਦੀ ਵੀ ਸ਼ਹਿਰ ਨਹੀਂ ਪਹੁੰਚ ਸਕਦਾ। ਰਸਤੇ ਬਦਲਣ ਨਾਲ ਪੈਂਡਾ ਛੇਤੀਂ ਨਹੀਂ ਕੱਟਿਆ ਜਾਂਦਾ। ਪੈਂਡਾ ਕੱਟਣ ਲਈ ਦ੍ਰਿੜ੍ਹਤਾ ਨਾਲ, ਵਿਸ਼ਵਾਸ਼ ਨਾਲ ਇਕੋ ਰਸਤੇ ਉਤੇ ਟੁਰਨਾ ਪਵੇਗਾ।

ਹੇਠ ਲਿਖੀਆਂ ਕੁਝ ਗੱਲਾਂ ਤੇ ਅਮਲ ਕਰਨਾ ਕਿਸੇ ਵੀ ਸਾਧਕ ਲਈ ਬਹੁਤ ਜ਼ਰੂਰੀ ਹੈ।

1. ਜਿਸ ਮਾਰਗ ਤੇ ਵੀ ਸਾਧਕ ਚਲ ਰਿਹਾ ਹੋਵੇ, ਸਾਧਕ ਨੂੰ ਉਸ ਦਾ ਪੂਰਾ ਗਿਆਨ ਹੋਣਾ ਚਾਹੀਦਾ ਹੈ।

2. ਉਸ ਮਾਰਗ ਤੇ ਚੱਲਣ ਲਈ ਉਸ ਨੂੰ ਪੂਰੀ ਪੂਰੀ ਤਿਆਰੀ ਕਰ ਲੈਣੀ ਚਾਹੀਦੀ ਹੈ ਭਾਵ ਜੋ ਜੋ ਵੀ ਲੋੜੀਂਦਾ ਹੈ ਉਸ ਨੂੰ ਆਪਣੇ ਅੰਦਰ ਪੈਦਾ ਕਰ ਲੈਣਾ ਚਾਹੀਦਾ ਹੈ, ਪੂਰੇ ਅਨੁਸਾਸ਼ਨ ਵਿਚ ਆ ਜਾਣਾ ਚਾਹੀਦਾ ਹੈ, ਸੰਜਮ ਧਾਰਨ ਕਰ ਲੈਣਾ ਚਾਹੀਦਾ ਹੈ।

3. ਬੜੇ ਹੀ ਸਬਰ, ਸੰਤੋਖ ਨਾਲ ਦ੍ਰਿੜ੍ਹਤਾ ਨਾਲ ਉਸ ਨੂੰ ਆਪਣੇ ਮਾਰਗ ਤੇ ਚਲਣਾ ਚਾਹੀਦਾ ਹੈ। ਉਸ ਨੂੰ ਆਪਣਾ ਮੰਤਵ ਕਦੀ ਨਹੀਂ ਭੁੱਲਣਾ ਚਾਹੀਦਾ, ਸੰਜਮ ਧਾਰਨ ਕਰ ਲੈਣਾ ਚਾਹੀਦਾ ਹੈ ਭਾਵੇਂ ਕੁਝ ਵੀ ਕਿਉਂ ਨਾ ਹੋ ਜਾਵੇ, ਭਾਵੇਂ ਉਹ ਪੜ੍ਹ ਰਿਹਾ ਹੋਵੇ, ਭਾਵੇਂ ਖਾ ਰਿਹਾ ਹੋਵੇ, ਵਰਜਿਸ਼ ਕਰ ਰਿਹਾ ਹੋਵੇ।

4. ਕਰਮਗਤੀ ਦੇ ਨਿਯਮ ਅਨੁਸਾਰ ਕਦੀ ਵੀ ਕੁਝ ਵਿਅਰਥ ਨਹੀਂ ਜਾਂਦਾ, ਕਰਮਾਂ ਦਾ ਫਲ ਮਿਲਦਾ ਹੀ ਮਿਲਦਾ ਹੈ, ਛੇਤੀਂ ਮਿਲੇ, ਦੇਰ ਨਾਲ ਮਿਲੇ ਉਹ ਗੱਲ ਵੱਖਰੀ ਹੈ, ਸਾਧਕ ਨੂੰ ਇਹ ਵਿਸ਼ਵਾਸ਼ ਹੋਣਾ ਚਾਹੀਦਾ ਹੈ ਕਿ ਉਸ ਦੀ ਸਾਧਨਾ ਅਜਾਈਂ ਨਹੀਂ ਜਾਏਗੀ।

ਖਾਣ ਤੋਂ ਪਹਿਲਾਂ, ਸੌਣ ਤੋਂ ਪਹਿਲਾਂ, ਸਾਧਨਾ ਕਰਨ ਤੋਂ ਪਹਿਲਾਂ, ਹੋਰ ਵੀ ਜਿੰਨੀ ਵਾਰੀ ਹੋ ਸਕੇ ਸਾਧਕ ਨੂੰ ਸਾਧਨਾ ਤੇ ਫਲ ਉਸ ਵਾਹਿਗੁਰੂ ਨੂੰ ਸਮਰਪਣ ਕਰਨੇ ਚਾਹੀਦੇ ਹਨ ਇਨ੍ਹਾਂ ਨਿਯਮਾਂ ਤੇ ਚੱਲ ਕੇ ਸਾਧਕ ਨੂੰ ਉਸ ਅਨੰਤ ਦੀ ਸੋਝੀ ਹੋ ਜਾਂਦੀ ਹੈ ਅਤੇ ਸੰਸਾਰਕ ਪਦਾਰਥ ਉਸ ਨੂੰ ਅਸ਼ਾਂਤ ਨਹੀਂ ਕਰ ਸਕਦੇ। ਇਸ ਤਰ੍ਹਾਂ ਕਰਕੇ ਉਸ ਨੂੰ ਖੁਸ਼ੀਆਂ ਪ੍ਰਾਪਤ ਹੁੰਦੀਆਂ ਹਨ,

ਅਨੰਦ ਦੀ ਪ੍ਰਾਪਤੀ ਹੁੰਦੀ ਹੈ, ਉਹ ਖੁਸ਼ੀ, ਉਹ ਅਨੰਦ ਜਿਹੜਾ ਸਦੀਵੀ ਹੈ, ਅੰਤਰਮੁਖੀ ਹੈ।

29. ਜਿਸ ਨੇ ਆਪਣੀ ਆਤਮਾ ਨੂੰ ਯੋਗ ਵਿਚ ਕਰ ਲਿਆ ਹੈ ਉਹ ਸਭ ਜੀਵਾਂ ਵਿਚ ਆਤਮਾ ਦੇਖਦਾ ਹੈ ਅਤੇ ਸਭ ਜੀਵ ਆਤਮਾ ਵਿਚ ਦੇਖਦਾ ਹੈ ਅਤੇ ਸਦਾ ਇਕ ਨਜ਼ਰ ਰਖਦਾ ਹੈ।

30. ਜੋ ਮੈਨੂੰ ਸਰਵਤ੍ਰ ਦੇਖਦਾ ਹੈ ਭਾਵ ਮੈਨੂੰ ਹੀ ਸਭ ਜਗ੍ਹਾ ਦੇਖਦਾ ਹੈ ਅਤੇ ਸਰਵਤ੍ਰ ਨੂੰ ਮੇਰੇ ਵਿਚ ਦੇਖਦਾ ਹੈ, ਉਹ ਕਦੀ ਵੀ ਮੇਰੇ ਤੋਂ ਵਖਰਾ ਨਹੀਂ ਹੋਵੇਗਾ ਅਤੇ ਨਾ ਹੀ ਮੈਂ ਉਸ ਤੋਂ ਵਖਰਾ ਹੋਵਾਂਗਾ।

31. ਜਿਹੜਾ ਮੇਰੇ ਵਿਚ ਅਭੇਦ ਹੋ ਕੇ ਮੈਨੂੰ ਭਜਦਾ ਹੈ, ਮੈਨੂੰ ਸਰਬ ਵਿਆਪਕ ਜਾਣ ਕੇ ਭਜਦਾ ਹੈ ਉਸ ਦਾ ਜੀਵਨ ਭਾਵੇਂ ਕਿਸ ਤਰ੍ਹਾਂ ਦਾ ਕਿਉਂ ਨਾ ਹੋਵੇ, ਉਹ ਯੋਗੀ ਸਦਾ ਮੇਰੇ ਵਿਚ ਹੀ ਰਹਿੰਦਾ ਹੈ।

32. ਹੇ ਅਰਜਨ! ਜਿਹੜਾ ਸਭ ਨੂੰ ਇਕੋ ਜਿਹਾ ਜਾਣਦਾ ਹੈ, ਆਪਣੇ ਵਰਗਾ ਜਾਣਦਾ ਹੈ, ਹਰ ਇਕ ਦਾ ਦੁਖ ਸੁਖ, ਆਪਣੇ ਦੁਖ ਸੁਖ ਵਰਗਾ ਜਾਣਦਾ ਹੈ, ਉਹ ਸਭ ਤੋਂ ਉਤਮ ਯੋਗੀ ਹੁੰਦਾ ਹੈ।

ਆਤਮ ਸਿੱਧੀ ਵਾਲਾ ਯੋਗੀ ਅਨੰਤ ਨੂੰ ਹਰ ਥਾਂ ਦੇਖਦਾ ਹੈ ਸਰਬਵਿਆਪਕ ਮੰਨਦਾ ਹੈ, ਸਰਬਗਿਆਤਾ ਮੰਨਦਾ ਹੈ ਤੇ ਸ਼ੁਧ ਆਤਮਾ ਰੂਪ ਦੇਖਦਾ ਹੈ। ਉਹ ਆਪਣੇ ਆਪ ਨੂੰ ਸਭ ਵਿਚ ਦੇਖਦਾ ਹੈ ਤੇ ਸਭ ਨੂੰ ਆਪਣੇ ਆਪ ਵਿਚ ਦੇਖਦਾ ਹੈ। ਉਸ ਨੂੰ ਇਸ ਗੱਲ ਦੀ ਸੋਝੀ ਹੈ ਕਿ ਆਤਮਾ ਸਭ ਵਿਚ ਹੈ ਅਤੇ ਸਾਰੇ ਉਸ ਵਾਹਿਗੁਰੂ ਵਿਚ ਵਿਆਪਕ ਹਨ। ਉਹ ਜਾਣਦਾ ਹੈ ਕਿ ਉਸ ਨੂੰ ਵਿਸ਼ਵ ਚੇਤਨਤਾ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਯੋਗੀ ਉਸ ਵਿਚ ਸਮਾਇਆ ਹੈ, ਅਭੇਦ ਹੈ, ਭਾਵ ਉਹ ਆਪ ਹੀ ਵਿਸ਼ਵ ਚੇਤਨਤਾ ਹੈ। ਇਹੋ ਜਿਹੇ ਯੋਗੀ ਦਾ ਮਨ ਸਮਾਨ ਹੁੰਦਾ ਹੈ, ਸਥਿਰ ਹੁੰਦਾ ਹੈ ਉਸ ਲਈ ਦੁਖ ਸੁਖ ਸਮ ਹਨ, ਖੁਸ਼ੀ ਗਮੀ ਇਕ ਹਨ ਪਰ ਉਸ ਦੀ ਵਿਸ਼ੇਸ਼ਤਾ ਇਹ ਹੈ ਕਿ ਜਿਥੇ ਉਹ ਆਪ ਇਨ੍ਹਾਂ ਅਵਸਥਾ ਤੋਂ ਉਪਰ ਹੈ ਫੇਰ ਵੀ ਉਹ ਦੂਸਰਿਆਂ ਦੇ ਦੁਖ ਦਰਦ ਅਤੇ ਸੰਤਾਪ ਤੋਂ ਸਦਾ ਹੀ ਸੰਵੇਦਨਸ਼ੀਲ ਰਹਿੰਦਾ ਹੈ। ਉਸ ਨੂੰ ਸਭ ਸੋਝੀ ਹੈ, ਉਸ ਨੂੰ ਪੂਰੀ ਤਰ੍ਹਾਂ ਪਤਾ ਹੈ ਸੰਤਾਪ ਦਾ ਕੀ ਕਾਰਣ ਹੈ ਅਤੇ ਸੰਸਾਰਕ ਸੁੱਖਾਂ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ। ਭੋਗ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ। ਉਸ ਦੇ ਯੋਗ ਅਭਿਆਸ ਅਤੇ ਸਾਧਨਾ ਸਮਾਧੀ ਉਸ ਨੂੰ ਹਨ੍ਹੇਰੇ ਵਿਚ ਨਹੀਂ ਲੈ ਕੇ ਜਾਂਦੇ, ਵਿਅਰਥ ਨਹੀਂ ਹੁੰਦੇ ਪਰ ਉਸ ਨੂੰ ਪਿਆਰ ਕਰਨ ਦੇ ਕਾਬਲ, ਸਹਾਇਤਾ ਕਰਨ ਦੇ ਕਾਬਲ, ਹਮਦਰਦੀ ਕਰਨ ਦੇ ਕਾਬਲ ਬਣਾਉਂਦੇ ਹਨ ਅਤੇ ਸ਼ਾਂਤ ਰਖਦੇ ਹਨ। ਉਸ ਕੋਲ ਇਕ ਵਿਸ਼ੇਸ਼ ਗਿਆਨ ਹੈ, ਇਹ ਵਿਸ਼ੇਸ਼ਤਾ ਹੈ ਜਿਸ ਨਾਲ ਉਸ ਨੂੰ ਦੂਸਰਿਆਂ ਦੇ ਦੁਖ ਦਾ ਪਤਾ ਲਗਦਾ ਹੈ, ਉਹ ਉਨ੍ਹਾਂ ਦੇ ਦੁਖ ਵਿਚ ਦੁਖੀ ਹੁੰਦਾ ਹੈ ਬਿਲਕੁਲ ਉਸ ਤਰ੍ਹਾਂ ਜਿਵੇਂ ਉਸ ਨੂੰ ਆਪ ਦੁਖ ਹੋ ਰਿਹਾ ਹੋਵੇ। ਇਹ ਉਸ ਯੋਗੀ ਦੀ ਹਾਲਤ ਹੁੰਦੀ ਹੈ ਜਿਹੜਾ ਸੰਵੇਦਨਸ਼ੀਲ

ਹੈ, ਸਥਿਰ ਹੈ, ਸਮ ਹੈ ਉਹ ਦੂਸਰਿਆਂ ਦਾ ਦੁਖ ਮਹਿਸੂਸ ਕਰਦਾ ਹੈ ਉਸ ਵਿਚ ਇਹ ਸਮਰੱਥਾ ਹੈ ਕਿ ਉਹ ਉਨ੍ਹਾਂ ਦੇ ਦੁਖ ਸੰਤਾਪ ਨੂੰ ਮਹਿਸੂਸ ਕਰੇ ਪਰ ਉਸ ਵਿਚ ਧਸਦਾ ਨਹੀਂ। ਉਸ ਨੇ ਜੀਉਣ ਦੀ ਕਲਾ ਤੇ ਹੋਂਦ ਦੀ ਕਲਾ ਪੂਰੀ ਤਰ੍ਹਾਂ ਸਿੱਖ ਲਈ ਹੈ।

ਸਮਤਵ ਭਾਵ ਸਮ ਅਵਸਥਾ ਕੇਵਲ ਇਕ ਯੋਗੀ ਇਕ ਸਮਾਧੀ ਲਗਾਉਣ ਵਾਲਾ ਸਾਧਕ ਹੀ ਪ੍ਰਾਪਤ ਕਰ ਸਕਦਾ ਹੈ, ਬੁੱਧੀਜੀਵੀ ਤੇ ਦੂਸਰੇ ਤਾਂ ਉਸ ਨੂੰ ਬੁੱਧੀ ਦੇ ਪੱਧਰ ਤੇ ਹੀ ਜਾਣ ਸਕਦੇ ਹਨ ਉਸ ਦਾ ਅਰਥ ਹੀ ਲਗਾ ਸਕਦੇ ਹਨ। ਜਦੋਂ ਵੀ ਕੋਈ ਯੋਗੀ ਸਮਾਧੀ ਸਥਿਰ ਹੋ ਕੇ ਅਸੀਮ ਨੂੰ ਛੋਹ ਲੈਂਦਾ ਹੈ ਉਹ ਸਮੇਂ ਦੀਆਂ ਸਾਰੀਆਂ ਹੱਦਾਂ ਟੱਪ ਜਾਂਦਾ ਹੈ, ਉਸ ਲਈ ਭੂਤ ਭਵਿੱਖ ਅਤੇ ਵਰਤਮਾਨ ਸਭ ਇਕ ਹੋ ਜਾਂਦੇ ਹਨ, ਉਹ ਉਸ ਇਕ ਨੂੰ ਇਕ ਹੀ ਹੋ ਕੇ ਦੇਖਦਾ ਹੈ। ਇਹੋ ਜਿਹੇ ਯੋਗੀ ਨੂੰ ਸਮਤੱਵ ਕਿਹਾ ਗਿਆ ਹੈ, ਉਸ ਨੂੰ ਆਤਮਾ ਤੋਂ ਬਿਨਾਂ ਹੋਰ ਕੁਝ ਦਿਸਦਾ ਹੀ ਨਹੀਂ। ਉਸ ਲਈ ਸਮਾਂ ਸਥਾਨ ਅਤੇ ਕਾਰਜ ਕਾਰਣ ਸਬੰਧ ਸਭ ਖਤਮ ਹੋ ਜਾਂਦੇ ਹਨ, ਇਸ ਅਸੀਮ ਗਿਆਨ ਨਾਲ ਉਸ ਦਾ ਮਨ ਸਮ ਹੋ ਜਾਂਦਾ ਹੈ, ਸਮਤੂਮ ਹੋ ਜਾਂਦਾ ਹੈ, ਉਹ ਸਭ ਨੂੰ ਇਕੋ ਜਿਹਾ ਹੀ ਪਿਆਰ ਕਰਦਾ ਹੈ, ਕਿਸੇ ਨੂੰ ਵੀ ਨਫਰਤ ਨਾਲ ਨਹੀਂ ਦੇਖਦਾ ਸਭ ਨੂੰ ਆਪਣਾ ਸਮਝਦਾ ਹੈ ਕੋਈ ਵੀ ਉਸ ਨੂੰ ਓਪਰਾ ਨਹੀਂ ਲਗਦਾ।

ਯੋਗੀ ਆਪਣਾ ਅਸਤਿਤੂ, ਵਿਅਕਤਿਤੂ ਵੀ ਰਖਦਾ ਹੈ ਪਰ ਆਤਮਾ ਲਈ ਵੀ ਸੁਚੇਤ ਰਹਿੰਦਾ ਹੈ, ਅਨੰਤ ਨਾਲ ਇਕ ਹੁੰਦੇ ਹੋਏ ਉਹ ਹਰ ਵਿਨਾਸ਼ ਤੋਂ ਦੂਰ ਰਹਿੰਦਾ ਹੈ ਭਾਵੇਂ ਸੰਸਾਰ ਦੀਆਂ ਸਭ ਵਸਤੂਆਂ ਨਾਸ਼ ਹੋਣ ਵਾਲੀਆਂ ਹਨ, ਇਹੋ ਜਿਹਾ ਯੋਗੀ ਆਪਣੇ ਆਪ ਨੂੰ ਤਿੰਨਾਂ ਗੁਣਾਂ ਦੇ ਬੰਧਨ ਤੋਂ ਛੁਡਾ ਲੈਂਦਾ ਹੈ, ਸਮਾਂ, ਸਥਾਨ ਅਤੇ ਕਾਰਜ ਕਾਰਣ ਤੋਂ ਵੀ ਛੁਡਾ ਲੈਂਦਾ ਹੈ, ਜੀਵਨ ਦਾ ਸਾਰਾ ਸਾਰ ਅਗਿਆਤ ਤੋਂ ਗਿਆਤ ਤਕ, ਗਿਆਤ ਤੋਂ ਅਗਿਆਤ ਤਕ, ਜੀਵਨ ਤੋਂ ਮੌਤ ਤਕ ਮੌਤ ਤੋਂ ਉਪਰੰਤ ਤਕ ਉਸ ਦੇ ਅੱਗੇ ਸਾਰਾ ਪ੍ਰਗਟ ਹੋ ਜਾਂਦਾ ਹੈ, ਕੋਈ ਕਿਸੇ ਕਿਸਮ ਦਾ ਰਹੱਸ ਨਹੀਂ ਰਹਿੰਦਾ, ਉਹ ਸਰਬ ਗਿਆਤਾ ਹੋ ਜਾਂਦਾ ਹੈ, ਪਰ ਸਾਰੇ ਅਨੁਭਵਾਂ ਤੋਂ ਸਾਰੇ ਬਦਲਾਵਾਂ ਤੋਂ ਉਪਰ ਹੁੰਦਾ ਹੈ।

ਇਹ ਬਿਲਕੁਲ ਉਹ ਹੀ ਸਥਿਤੀ ਹੈ ਜਿਵੇਂ ਕੋਈ ਪਾਣੀ ਦਾ ਤਲਾਬ ਪੂਰਾ ਭਰਿਆ ਹੋਣ ਤੋਂ ਬਾਅਦ ਉਸ ਵਿਚੋਂ ਪਾਣੀ ਬਾਹਰ ਨਿਕਲ ਰਿਹਾ ਹੋਵੇ, ਪਰ ਤਲਾਬ ਦੀ ਆਪਣੀ ਇਕ ਹਸਤੀ ਤਾਂ ਰਹਿੰਦੀ ਹੈ, ਪਾਣੀ ਤਲਾਬ ਵਿਚ ਹੈ, ਤਲਾਬ ਦੇ ਬਾਹਰ ਹੈ ਸਾਰੇ ਕਿਤੇ ਪਾਣੀ ਹੈ ਪਰ ਤਲਾਬ ਹੈ। ਇਸੇ ਤਰ੍ਹਾਂ ਯੋਗੀ ਸਥਾਈ ਗਿਆਨ ਨਾਲ ਭਰਪੂਰ ਰਹਿੰਦਾ ਹੈ ਤੇ ਗਿਆਨ ਲਬਾ ਲਬ ਭਰਿਆ ਰਹਿੰਦਾ ਹੈ, ਉਹ ਸਦਾ ਆਪਣੀ ਹੋਂਦ ਤੋਂ ਜਾਣੂੰ ਹੁੰਦਾ ਹੈ ਪਰ ਉਹ ਸੂਖਸ਼ਮ ਨਿਰਮਲ ਹੋਂਦ ਵੀ ਰਖਦਾ ਹੈ, ਪਰ ਉਸ ਤੋਂ ਉਸ ਦਾ ਭਾਵ ਕੇਵਲ ਦੂਸਰਿਆਂ ਦੀ ਸੇਵਾ ਕਰਨਾ ਹੀ ਹੁੰਦਾ ਹੈ, ਆਪਾ ਜਿਤਾਉਣਾ ਨਹੀਂ ਹੁੰਦਾ। ਯੋਗੀ ਤਾਂ ਅਨੰਤ ਵਿਚ ਵਸਦਾ ਹੈ, ਅਭੇਦ ਹੈ,

ਉਹ ਪੂਰੀ ਤਰ੍ਹਾਂ ਨਾਲ ਸ਼ਾਂਤ ਹੈ, ਜੀਵਨ ਸ਼ਾਂਤ ਹੈ, ਵਾਹਿਗੁਰੂ ਦੇ ਚਰਨਾਂ ਵਿਚ ਸ਼ਾਂਤ ਹੈ, ਅੰਦਰੋਂ ਸ਼ਾਂਤ ਹੈ, ਬਾਹਰ ਦੀ ਸ਼ਮਸ਼ਾਨ ਭੂਮੀ ਦੀ ਚੁੱਪ ਨਹੀਂ ਹੈ ਉਥੇ ਸ਼ਮਸ਼ਾਨ ਭੂਮੀ ਵਾਲਾ ਇਕੱਲਾਪਨ ਨਹੀਂ ਹੈ, ਇਹ ਸ਼ਾਂਤੀ ਉਸ ਨੂੰ ਨਹੀਂ ਆਉਂਦੀ ਜਿਹੜਾ ਆਪਣੀ ਡਿਊਟੀ ਨੂੰ ਟਾਲ ਜਾਂਦਾ ਹੈ ਅਤੇ ਇਹ ਸਮਝਦਾ ਹੈ ਕਿ ਇਹ ਉਸ ਦੇ ਵਸ ਦਾ ਨਹੀਂ ਹੈ, ਇਹ ਸ਼ਾਂਤੀ ਤਾਂ ਕੇਵਲ ਉਸ ਨੂੰ ਹੀ ਪ੍ਰਾਪਤ ਹੁੰਦੀ ਹੈ ਜਿਹੜਾ ਉਸ ਕੰਢੇ ਤੇ ਖੜ੍ਹਾ ਹੁੰਦਾ ਹੈ, ਜਿਸ ਕੰਢੇ ਦਾ ਜੋੜ ਉਸ ਬ੍ਰਹਮ ਨਾਲ ਜੁੜਦਾ ਹੈ। ਇਹੋ ਜਿਹਾ ਯੋਗੀ ਧੰਨ ਸਮਝਿਆ ਜਾਂਦਾ ਹੈ, ਬ੍ਰਹਮਗਿਆਨੀ ਮੰਨਿਆ ਜਾਂਦਾ ਹੈ।

33. ਅਰਜਨ ਬੋਲੇ – ਹੇ ਮਧੁਸੂਦਨ! ਚਿੱਤ ਦੀ ਸਮਾਚਿਤਤਾ ਜਿਹੜੀ ਤੁਸੀਂ ਦੱਸੀ ਹੈ ਉਹ ਮੈਂ ਨਹੀਂ ਦੇਖ ਸਕਦਾ ਕਿਉਂਕਿ ਮੇਰਾ ਮਨ ਚੰਚਲ ਹੈ, ਅਸਥਿਰ ਹੈ।

34. ਮਨ ਸਚਮੁੱਚ ਚੰਚਲ ਹੈ, ਵਿਆਕੁਲ ਹੈ, ਬੇਚੈਨ ਹੈ, ਸ਼ਕਤੀਸ਼ਾਲੀ ਹੈ, ਇਸ ਨੂੰ ਕਾਬੂ ਕਰਨਾ ਉਨਾਂ ਹੀ ਔਖਾ ਹੈ ਜਿੰਨਾ ਹਵਾ ਨੂੰ ਕਾਬੂ ਕਰਨਾ।

35. ਸ੍ਰੀ ਭਗਵਾਨ ਬਚਨ ਕਰਦੇ ਹਨ –

ਬੇਸ਼ੱਕ ਮਨ ਬਹੁਤ ਚੰਚਲ ਹੈ ਅਤੇ ਇਸ ਨੂੰ ਰੋਕਣਾ ਮੋੜਨਾ ਬੜਾ ਹੀ ਔਖਾ ਹੈ ਪਰ ਹੇ ਕੁੰਤੀ ਪੁਤਰ! ਇਸ ਮਨ ਨੂੰ ਬੈਰਾਗ ਅਤੇ ਅਭਿਆਸ ਨਾਲ ਰੋਕਿਆ ਜਾ ਸਕਦਾ ਹੈ।

36. ਜਿਸ ਨੂੰ ਆਪਣੇ ਆਪ ਤੇ ਕਾਬੂ ਨਹੀਂ, ਉਸ ਲਈ ਯੋਗ ਔਖਾ ਹੈ। ਮੇਰਾ ਇਹ ਵਿਚਾਰ ਹੈ ਜਿਸ ਨੂੰ ਆਪਣੇ ਆਪ ਤੇ ਕਾਬੂ ਹੈ, ਉਹ ਯੋਗ ਕਰ ਸਕਦਾ ਹੈ।

ਅਰਜਨ ਸ੍ਰੀ ਕ੍ਰਿਸ਼ਨ ਜੀ ਦੀ ਸਿੱਖਿਆ ਨੂੰ ਸਿਰ ਮੱਥੇ ਤੇ ਰਖਦਾ ਹੈ ਪਰ ਹੈਰਾਨ ਹੈ ਕਿ ਕੀ ਸੱਚੀ ਮੁਚੀ ਇਸ ਤਰ੍ਹਾਂ ਹੋ ਸਕਦਾ ਹੈ, ਸਾਰੇ ਹੀ ਸਾਧਕ ਇਸ ਤਰ੍ਹਾਂ ਮਹਿਸੂਸ ਕਰਦੇ ਹਨ? ਅਰਜਨ ਮਹਿਸੂਸ ਕਰਦੇ ਹਨ, ਕੀ ਉਹ ਇਹ ਸੁਚਿਤਤਾ ਪ੍ਰਾਪਤ ਕਰ ਸਕੇਗਾ? ਉਹ ਜਾਣਦਾ ਹੈ ਉਸ ਦਾ ਮਨ ਕਿੰਨਾ ਚੰਚਲ ਹੈ, ਕਿੰਨਾ ਢੀਠ ਹੈ, ਕਿੰਨਾ ਔਖਾ ਹੈ ਉਸ ਨੂੰ ਕਾਬੂ ਕਰਨਾ, ਸਾਰੇ ਵੇਦਾਂ ਵਿਚ, ਸਾਸ਼ਤਰਾਂ, ਉਪਨਿਸ਼ਦਾਂ ਵਿਚ ਮਨ ਨੂੰ ਸਭ ਤੋਂ ਵੱਡਾ ਸਾਧਨ ਵੀ ਦੱਸਿਆ ਗਿਆ ਹੈ, ਸੁਚੇਤ ਮਨ ਪੂਰੇ ਮਨ ਦਾ ਇਕ ਬੜਾ ਹੀ ਛੋਟਾ ਜਿਹਾ ਭਾਗ ਹੁੰਦਾ ਹੈ, ਅਜੋਕੀ ਵਿਦਿਆ ਕੇਵਲ ਇਸ ਚੇਤਨ ਮਨ ਦਾ ਹੀ ਵਿਕਾਸ ਕਰਦੀ ਹੈ, ਜੋ ਕੇਵਲ ਸਾਡੀ ਜਾਗਦੀ ਅਵਸਥਾ ਵਿਚ ਹੀ ਕੰਮ ਕਰਦਾ ਹੈ। ਬਾਕੀ ਦਾ ਮਨ ਅਗਿਆਤ ਹੀ ਰਹਿੰਦਾ ਹੈ, ਇਸ ਅਗਿਆਤ ਮਨ ਨੂੰ ਅਚੇਤ ਮਨ ਕਹਿੰਦੇ ਹਨ, ਅਚੇਤ ਦੇ ਕਾਰਜ ਨੂੰ ਸਮਝਣਾ ਕਾਫੀ ਔਖਾ ਹੈ, ਉਸ ਨੂੰ ਕਾਬੂ ਕਰਨਾ ਸਾਧਕ ਵਾਸਤੇ ਹੋਰ ਵੀ ਔਖਾ ਹੈ। ਜਦੋਂ ਯੋਗੀ ਮਨ ਨੂੰ ਕਾਬੂ ਕਰਨ ਦੀ ਗੱਲ ਕਰਦੇ ਹਨ ਉਨ੍ਹਾਂ ਦਾ ਭਾਵ ਸਮੁੱਚੇ ਮਨ ਤੋਂ ਹੁੰਦਾ ਹੈ, ਕੇਵਲ ਚੇਤਨ ਮਨ ਤੋਂ ਨਹੀਂ ਹੁੰਦਾ।

ਅਰਜਨ ਕਹਿੰਦੇ ਹਨ ਮਨ ਨੂੰ ਕਾਬੂ ਕਰਨਾ ਐਨਾ ਹੀ ਔਖਾ ਹੈ ਜਿੰਨਾ ਹਵਾ ਨੂੰ ਕਾਬੂ ਕਰਨਾ, ਜਿਸ ਤਰ੍ਹਾਂ ਹਵਾ ਨੂੰ ਕਾਬੂ ਕਰਨਾ ਅਸੰਭਵ ਹੈ।

ਯੋਗ ਸਾਧਨਾ ਦਾ ਮਨੋਰਥ ਹੈ ਮਨ ਨੂੰ ਸਮਝਿਆ ਜਾਵੇ ਉਸ ਦੀ ਕ੍ਰਿਆ ਨੂੰ ਕਾਰਜ ਨੂੰ ਜਾਣਿਆ ਜਾਵੇ, ਉਸ ਦੇ ਅੰਦਰ ਦੇ ਰੂਪ ਤੇ ਬਾਹਰੀ ਰੂਪ ਨੂੰ ਪੂਰੀ ਤਰ੍ਹਾਂ ਪਰਖਿਆ ਜਾਵੇ ਫੇਰ ਉਸ ਉਤੇ ਕਾਬੂ ਪਾਇਆ ਜਾਵੇ। ਆਤਮ ਸੰਜਮ ਉਹ ਸਥਿਤੀ ਹੈ ਜਿਸ ਵਿਚ ਕੋਈ ਸੁਆਰਥ ਨਹੀਂ ਹੁੰਦਾ, ਕੋਈ ਸੁਆਰਥੀ ਇੱਛਾ ਨਹੀਂ ਹੁੰਦੀ ਕੋਈ ਭੋਗ ਨਹੀਂ ਹੁੰਦੇ, ਜੋ ਮੋਹ ਨੂੰ ਜਨਮ ਦੇਣ। ਸ੍ਵੈ-ਅਨੁਸਾਸ਼ਨ ਜਾਂ ਸੰਜਮ ਲਿਆਉਣਾ ਬਹੁਤ ਕਠਿਨ ਹੈ, ਅਰਜਨ ਦੀ ਅਨਿਸ਼ਚਿਤਤਾ ਦੇਖ ਕੇ ਸ੍ਰੀ ਕ੍ਰਿਸ਼ਨ ਉਤਰ ਦਿੰਦੇ ਹਨ, ਹੇ ਅਰਜਨ! ਨਿਰਸੰਦੇਹ ਮਨ ਚੰਚਲ ਹੈ ਇਸ ਨੂੰ ਕਾਬੂ ਕਰਨਾ ਬਹੁਤ ਹੀ ਔਖਾ ਹੈ ਪਰ ਜਦੋਂ ਸਾਧਕ ਸੱਚੇ ਮਨ ਨਾਲ ਯਤਨ ਕਰਦਾ ਹੈ, ਆਪਣੇ ਮਨ ਨੂੰ ਭੋਗਾਂ ਤੋਂ ਰੋਕਦਾ ਹੈ, ਮੋਹ ਤੋਂ ਰੋਕਦਾ ਹੈ ਤਾਂ ਅੰਤ ਸਫਲ ਹੋ ਹੀ ਜਾਂਦਾ ਹੈ। ਬੈਰਾਗ ਮਨ ਨੂੰ ਕਾਬੂ ਕਰਨ ਲਈ ਬਹੁਤ ਜ਼ਰੂਰੀ ਹੈ ਇਸ ਨੂੰ ਸਮਝ ਕੇ ਅਭਿਆਸ ਕਰਨਾ ਚਾਹੀਦਾ ਹੈ।

ਮਨੁੱਖ ਇਸ ਸੰਸਾਰ ਵਿਚ ਬਹੁਤ ਥੋੜ੍ਹੀ ਦੇਰ ਵਾਸਤੇ ਆਉਂਦੇ ਹਨ, ਵਾਹਿਗੁਰੂ ਦੇ ਮਿਲਾਪ ਲਈ ਇਹ ਇਕ ਕੈਂਪ ਦੀ ਭਾਂਤੀ ਹੈ, ਇਥੇ ਕਿਸੇ ਚੀਜ਼ ਨਾਲ ਮੋਹ ਨਹੀਂ ਪਾਉਣਾ ਚਾਹੀਦਾ। ਸਦਾ ਇਹ ਯਾਦ ਰੱਖੋ, ਕਿਸੇ ਨੇ ਸਦਾ ਇਥੇ ਬੈਠੇ ਨਹੀਂ ਰਹਿਣਾ। ਸਭ ਜਾਣਦੇ ਹਨ ਸਭ ਨੂੰ ਬਾਰ-ਬਾਰ ਦੱਸਿਆ ਵੀ ਜਾਂਦਾ ਹੈ, ਪਰ ਫੇਰ ਵੀ ਅਸੀਂ ਭੋਗਾਂ ਵਿਚ ਪਏ ਰਹਿੰਦੇ ਹਾਂ। ਮਨ ਭੋਗਾਂ ਦੇ ਵਸ ਹੀ ਪਿਆ ਰਹਿੰਦਾ ਹੈ। ਜਦੋਂ ਵੀ ਸਾਡੇ ਵਿਚੋਂ ਕਿਸੇ ਦਾ ਕੋਈ ਚੜ੍ਹਾਈ ਕਰ ਜਾਂਦਾ ਹੈ ਅਸੀਂ ਉਦਾਸ ਹੋ ਜਾਂਦੇ ਹਾਂ, ਮਹਿਸੂਸ ਹੁੰਦਾ ਹੈ ਸਭ ਨੇ ਮਰਨਾ ਹੈ, ਇਸ ਸੰਸਾਰ ਵਿਚ ਕੁਝ ਵੀ ਸਥਾਈ ਨਹੀਂ, ਕੁਝ ਵੀ ਸਥਿਰ ਨਹੀਂ, ਹਰ ਚੀਜ਼ ਨਾਸ਼ਵਾਨ ਹੈ, ਮੌਤ ਹਰੇਕ ਨੂੰ ਚੌਕਾਂ ਦਿੰਦੀ ਹੈ, ਬਾਰ-ਬਾਰ ਇਹ ਦਰਸਾਉਂਦੀ ਹੈ ਮੋਹ ਛੱਡੋ, ਸੰਸਾਰ ਦਾ ਮੋਹ ਦੁਖਾਂ ਦਾ ਘਰ ਹੈ।

ਬੈਰਾਗ ਉਹ ਗਿਆਨ ਹੈ ਜੋ ਬਾਰ-ਬਾਰ ਸਾਨੂੰ ਯਾਦ ਕਰਾਉਂਦਾ ਹੈ। ਮੋਹ ਕਿੰਨਾ ਦੁਖਦਾਈ ਹੈ, ਜਦੋਂ ਵੀ ਕਦੇ ਸਾਨੂੰ ਸੰਸਾਰਕ ਚੋਟ ਪਹੁੰਚਦੀ ਹੈ ਉਹ ਮੋਹ ਦੇ ਕਾਰਨ ਹੀ ਪਹੁੰਚਦੀ ਹੈ। ਸਾਨੂੰ ਇਹ ਯਾਦ ਕਰਾਉਣ ਲਈ ਹੀ ਦੁੱਖ ਆਉਂਦਾ ਹੈ ਅਸੀਂ ਮੋਹ ਛੱਡੀਏ, ਬੈਰਾਗ ਜਦ ਸਾਨੂੰ ਆਪਣੇ ਵਲ ਖਿਚਦਾ ਹੈ ਪਰ ਸਾਡੇ ਸੰਸਕਾਰ ਸਾਡੀਆਂ ਮਾੜੀਆਂ ਆਦਤਾਂ, ਇਛਾਵਾਂ, ਸਾਡੇ ਭੋਗ ਮੁੜ ਮੁੜ ਕੇ ਸਾਨੂੰ ਆਪਣੇ ਵਲ ਖਿਚਦੇ ਹਨ, ਸਿਵਿਆਂ ਵਿਚ ਖੜ੍ਹੇ ਖੜ੍ਹੇ ਬੜੀ ਥੋੜ੍ਹੀ ਦੇਰ ਲਈ ਬੈਰਾਗ ਪੈਦਾ ਹੁੰਦਾ ਹੈ, ਜਿਸ ਨੂੰ ਅਸੀਂ ਸਿਵਿਆਂ ਦਾ ਬੈਰਾਗ ਕਹਿੰਦੇ ਹਾਂ, ਉਥੇ ਹਰੇਕ ਸੰਸਾਰ ਦੇ ਵਿਨਾਸ਼ ਹੋਣ ਦੀ ਗੱਲ ਕਰਦਾ ਹੈ ਇਥੇ ਕਿਸੇ ਨੇ ਨਹੀਂ ਰਹਿਣਾ, ਉਥੇ ਹਰੇਕ ਉਸ ਇਕ ਨਾਲ ਜੁੜਨ ਦੀ ਗੱਲ ਕਰਦਾ ਹੈ, ਪਰ ਇਕ ਵਾਰੀ ਜਦੋਂ ਉਥੋਂ ਵਾਪਸ ਆ ਜਾਂਦੇ ਹਨ ਮੁੜ ਕੇ ਆਪਣੇ ਕੰਮਾਂ ਕਾਰਾਂ ਵਿਚ ਲਗ ਜਾਂਦੇ ਹਨ ਫੇਰ ਉਸ ਇਕ ਸਚਾਈ ਨੂੰ, ਉਸ ਵਾਹਿਗੁਰੂ ਨੂੰ ਭੁੱਲ ਜਾਂਦੇ ਹਨ ਫੇਰ ਉਹ ਹੀ

ਰੋਜ਼ ਦੇ ਕੰਮ ਕਾਜ, ਉਹ ਹੀ ਸੰਸਾਰਕ ਭੋਗ, ਜਦੋਂ ਤਕ ਮੁੜ ਕੇ ਫੇਰ ਨਾ ਸਿਵਿਆਂ ਵਿਚ ਜਾਣਾ ਪਵੇ।

ਹਾਨੀ ਤੇ ਲਾਭ ਦੋ ਅਨੁਭਵ ਜੀਵਨ ਦੇ, ਜਿਹੜੇ ਹਰ ਸਮੇਂ ਮਨੁੱਖ ਦੇ ਸਾਮ੍ਹਣੇ ਆਉਂਦੇ ਹਨ। ਜਦੋਂ ਕੋਈ ਲਾਭ ਹੁੰਦਾ ਹੈ ਮਨੁੱਖ ਫੁਲਿਆ ਨਹੀਂ ਸਮਾਉਂਦਾ, ਕਿੰਨਾ ਖੁਸ਼ ਹੁੰਦਾ ਹੈ, ਧਰਤੀ ਤੇ ਪੈਰ ਨਹੀਂ ਟਿਕਦੇ ਤੇ ਜਦੋਂ ਕੁਝ ਗੁਆ ਬੈਠਦਾ ਹੈ ਤਾਂ ਉਨਾਂ ਹੀ ਉਦਾਸ, ਦੁਖੀ। ਇਹ ਸਮਝਣ ਦੀ ਕੋਸ਼ਿਸ਼ ਨਹੀਂ ਕਰਦਾ ਕਿ ਜੋ ਅੱਜ ਮਿਲਿਆ ਹੈ, ਉਹ ਖੁਸ ਵੀ ਜਾਣਾ ਹੈ। ਜਦੋਂ ਤਕ ਮਨੁੱਖ ਨੂੰ ਇਹ ਗਿਆਨ ਨਹੀਂ ਹੁੰਦਾ ਕਿ ਹਾਨੀ ਲਾਭ ਇਕੋ ਸਿੱਕੇ ਦੇ ਦੋ ਪਾਸੇ ਹਨ; ਜੇ ਅੱਜ ਹਾਨੀ ਹੈ ਤਾਂ ਕੱਲ ਲਾਭ ਹੈ, ਇਹ ਦੋਨੋਂ ਅਨੁਭਵ ਨਾਲ-ਨਾਲ ਹੀ ਰਹਿੰਦੇ ਹਨ ਜਿਵੇਂ ਧੁੱਪ ਤੇ ਛਾਂ; ਮਨੁੱਖ ਦੁਖੀ ਹੀ ਰਹੇਗਾ, ਜਿਸ ਦਿਨ ਇਹ ਗਿਆਨ ਹੋ ਗਿਆ ਕਿ ਮੋਹ ਸਾਰੇ ਦੁਖਾਂ ਦਾ ਕਾਰਣ ਹੈ, ਉਸ ਦਿਨ ਹੀ ਉਹ ਇਸ ਤੱਤ ਨੂੰ ਜਾਣ ਸਕੇਗਾ। ਯੋਗੀ ਇਸ ਗੱਲ ਨੂੰ ਜਾਣਦਾ ਹੈ ਕਿ ਸੰਸਾਰ ਵਿਚ ਰਹਿੰਦਿਆਂ ਉਸ ਨੂੰ ਇਕ ਨਾ ਇਕ ਦਿਨ ਸਭ ਤੋਂ ਪਿਆਰੀ ਵਸਤੂ ਵੀ ਛੱਡਣੀ ਪਵੇਗੀ। ਉਹ ਸਦਾ ਹੀ ਇਹ ਯਾਦ ਰਖਦਾ ਹੈ ਕਿ ਮਰਨਾ ਵਸਤਰ ਬਦਲਣ ਦੀ ਤਰ੍ਹਾਂ ਇਕ ਅਤਿ ਅਵਸ਼ਕ ਕ੍ਰਿਆ ਹੈ। ਉਹ ਸਦਾ ਹੀ ਆਪਣੀ ਚੇਤਨਤਾ ਨੂੰ ਆਤਮਾ ਵਿਚ ਟਿਕਾਅ ਕੇ ਰਖਦਾ ਹੈ, ਇਸ ਸੰਸਾਰ ਵਿਚ ਸਦਾ ਹੀ ਆਪਣੇ ਆਪ ਨੂੰ ਸੰਤੁਲਨ ਰਖਦਾ ਹੈ।

ਮਨ ਤੇ ਕਾਬੂ ਪਾਉਣ ਲਈ ਬੈਰਾਗ ਅਵਸ਼ਕ ਹੈ। ਸਾਧਨਾ ਕਰਦੇ ਹੋਏ ਹੋਰ ਹਰ ਤਰ੍ਹਾਂ ਦਾ ਸੰਜਮ ਆਪਣੇ ਉਤੇ ਲਗਾਉਂਦੇ ਹੋਏ ਕਾਬੂ ਪਾਉਣਾ ਸੰਭਵ ਹੋ ਜਾਂਦਾ ਹੈ। ਸਾਧਨਾ ਕਰਨ ਦੇ ਆਪਣੇ ਤਰੀਕੇ ਬਣਾਉਣ ਨਾਲ ਕੰਮ ਸੌਖਾ ਨਹੀਂ ਹੋ ਸਕਦਾ, ਸਾਧਨਾ ਸੌਖੀ ਨਹੀਂ ਹੋ ਸਕਦੀ। ਮਨ, ਕਥਨੀ ਤੇ ਕਰਨੀ ਤੇ ਕਾਬੂ ਪਾਉਣ ਲਈ ਆਪਣੇ ਬਣਾਏ ਹੋਏ ਸਾਧਨ, ਹੋ ਸਕਦਾ ਹੈ ਐਨੇ ਚੰਗੇ ਨਾ ਸਾਬਤ ਹੋਣ। ਸੰਜਮ ਦੇ ਠੀਕ ਤਰੀਕੇ ਉਹ ਹੀ ਹਨ ਜਿਹੜੇ ਪਹਿਲਾਂ ਅਨੁਭਵ ਕੀਤੇ ਜਾ ਚੁੱਕੇ ਹਨ। ਉਹ ਤਰੀਕੇ ਯੋਗੀਆਂ ਨੇ ਆਪ ਅਨੁਭਵ ਕੀਤੇ ਹਨ।

37. ਹੇ ਕ੍ਰਿਸ਼ਨ! ਜਿਹੜਾ ਪੂਰੇ ਯਤਨ ਨਹੀਂ ਕਰਦਾ, ਆਪਣੇ ਉਤੇ ਨਿਅੰਤਰਣ ਨਹੀਂ ਰਖਦਾ, ਜਿਸ ਦਾ ਮਨ ਯੋਗ ਵਿਚ ਨਹੀਂ ਟਿਕਦਾ ਪਰ ਉਹ ਸ਼ਰਧਾ ਰਖਦਾ ਹੈ, ਉਹ ਯੋਗ ਸਿੱਧੀ ਤਾਂ ਨਹੀਂ ਪ੍ਰਾਪਤ ਕਰਦਾ ਪਰ ਕਿਸ ਗਤੀ ਨੂੰ ਪ੍ਰਾਪਤ ਹੁੰਦਾ ਹੈ, ਇਹ ਦੱਸਣ ਦੀ ਕ੍ਰਿਪਾ ਕਰੋ।

38. ਦੋਹਾਂ ਨੂੰ ਗੁਆ ਕੇ (ਕਰਮ ਯੋਗ ਅਤੇ ਧਿਆਨ ਯੋਗ) ਨਿਆਸਰੇ ਹੋ ਕੇ ਬ੍ਰਹਮ ਦੇ ਰਸਤੇ ਨੂੰ ਨਾ ਜਾਣਦੇ ਹੋਏ, ਕੀ ਉਹ ਫਟੇ ਹੋਏ ਬੱਦਲ ਦੀ ਤਰ੍ਹਾਂ ਨਸ਼ਟ ਹੋ ਜਾਂਦਾ ਹੈ।

39. ਹੇ ਕ੍ਰਿਸ਼ਨ! ਮੇਰੇ ਇਸ ਸੰਦੇਹ ਨੂੰ ਦੂਰ ਕਰੋ, ਆਪ ਤੋਂ ਬਿਨਾਂ ਮੇਰਾ ਇਹ ਸੰਦੇਹ ਕੋਈ ਨਹੀਂ ਦੂਰ ਕਰ ਸਕਦਾ।

ਇਨ੍ਹਾਂ ਤਿੰਨਾਂ ਸਲੋਕਾਂ ਵਿਚ ਅਰਜਨ ਉਹ ਹੀ ਪ੍ਰਸ਼ਨ ਪੁਛਦਾ ਹੈ ਜਿਹੜਾ ਅਜ ਦੇ ਵਿਦਿਆਰਥੀ ਪੁਛਦੇ ਹਨ। ਬਹੁਤ ਵਾਰੀ ਸਾਧਕ ਬਹੁਤ ਹੀ ਸੱਚਾ ਹੋ ਕੇ ਜਤਨ ਕਰਦਾ ਹੈ, ਸ਼ਰਧਾ ਵੀ ਰਖਦਾ ਹੈ, ਭਰੋਸਾ ਵੀ ਹੈ, ਜਿਸ ਮਾਰਗ ਤੇ ਚਲ ਰਿਹਾ ਹੈ ਉਸ ਮਾਰਗ ਤੇ ਵੀ ਭਰੋਸਾ ਹੈ, ਪਰ ਫੇਰ ਵੀ ਉਸ ਨੂੰ ਕੋਈ ਬਹੁਤ ਸਫਲਤਾ ਪ੍ਰਾਪਤ ਨਹੀਂ ਹੁੰਦੀ, ਉਹ ਇਕ ਜਗ੍ਹਾ ਅਟਕਿਆ ਮਹਿਸੂਸ ਕਰਦਾ ਹੈ। ਉਸ ਨੂੰ ਲਗਦਾ ਹੈ ਕਿ ਹੁਣ ਉਹ ਅੱਗੇ ਨਹੀਂ ਚਲ ਰਿਹਾ, ਉਹ ਰੁਕ ਗਿਆ ਹੈ, ਉਹ ਆਪਣੇ ਗੋਲ ਤੇ ਨਹੀਂ ਪਹੁੰਚ ਸਕੇਗਾ। ਇਹ ਸ਼ੰਕੇ ਹਨ ਜੋ ਅਰਜਨ ਕ੍ਰਿਸ਼ਨ ਜੀ ਨੂੰ ਬੇਨਤੀ ਕਰਦੇ ਹਨ ਉਹ ਨਵਿਰਤ ਕਰਨ। ਉਹ ਜਾਣਨਾ ਚਾਹੁੰਦਾ ਹੈ ਕਿ ਇਹੋ ਜਿਹੇ ਲੋਕਾਂ ਦਾ ਕੀ ਅੰਤ ਹੁੰਦਾ ਹੈ? ਕੀ ਉਨ੍ਹਾਂ ਲਈ ਕੋਈ ਦੂਸਰਾ ਮਾਰਗ ਹੈ? ਬਹੁਤ ਵਾਰੀ ਸਾਧਕ ਦੇ ਪੂਰਾ ਜ਼ੋਰ ਲਾਉਣ ਤੋਂ ਬਾਅਦ ਵੀ ਸਾਧਕ ਉਹ ਤਰੱਕੀ ਨਹੀਂ ਕਰਦਾ ਜਿਸ ਦੀ ਉਸ ਨੂੰ ਆਸ ਹੁੰਦੀ ਹੈ, ਇਸ ਨਾਲ ਉਸ ਦੇ ਮਨ ਵਿਚ ਭਰਮ ਪੈ ਜਾਂਦੇ ਹਨ, ਉਹ ਆਪਣੇ ਆਪ ਨੂੰ ਭਟਕਦਾ ਸਮਝਣ ਲਗ ਪੈਂਦਾ ਹੈ। ਕਈ ਵਾਰੀ ਤਾਂ ਉਹ ਇਹ ਸਮਝਣ ਲਗ ਪੈਂਦਾ ਹੈ ਕਿ ਉਹ ਅਧਿਆਤਮ ਮਾਰਗ ਤੇ ਚੱਲਣ ਦੇ ਕਾਬਲ ਹੀ ਨਹੀਂ ਅਤੇ ਨਾ ਹੀ ਉਹ ਇਸ ਸੰਸਾਰ ਵਿਚ ਰਹਿਣ ਦੇ ਕਾਬਲ ਹੈ।

'ਆਤਮ ਮਾਰਗ' ਤੇ ਅਨੰਤ ਦੇ ਮਾਰਗ ਤੇ ਮਨੁੱਖ ਇਕ ਮੁਸਾਫਿਰ ਦੀ ਭਾਂਤੀ ਹੈ। ਕਿਸੇ ਵੀ ਸੱਚੇ ਮੁਸਾਫਿਰ ਨੂੰ ਆਪਣਾ ਸਫਰ ਪੂਰਾ ਕਰਨ ਤੋਂ ਕਿਉਂ ਇਨਕਾਰ ਕੀਤਾ ਜਾਵੇ, ਕਿਉਂ ਉਸਦੀ ਸਚਾਈ, ਸੋਝੀ, ਸੁਹਿਰਦਤਾ ਦੇ ਹੁੰਦਿਆਂ ਉਹ ਤਰੱਕੀ ਨਾ ਕਰ ਸਕੇ? ਕਿਉਂ ਉਸ ਦਾ ਮਾਰਗ ਇਕਾ ਇਕ ਬੰਦ ਹੋ ਜਾਂਦਾ ਹੈ? ਕਿਉਂ ਔਕੜਾਂ ਆਉਂਦੀਆਂ ਹਨ? ਕਿਉਂ ਉਹ ਵਿਚਕਾਰ ਲਟਕ ਜਾਂਦਾ ਹੈ? ਇਹ ਸ਼ੰਕੇ ਕੇਵਲ ਅਰਜਨ ਦੇ ਹੀ ਨਹੀਂ, ਇਹ ਸਾਰੇ ਸਾਧਕਾਂ ਦੇ ਹਨ।

40. ਸ੍ਰੀ ਭਗਵਾਨ ਬਚਨ ਕਰਦੇ ਹਨ –

ਉਸ ਪੁਰਖ ਦਾ ਨਾ ਤਾਂ ਲੋਕ ਵਿਚ ਅਤੇ ਨਾ ਹੀ ਪਰਲੋਕ ਵਿਚ ਨਾਸ਼ ਹੁੰਦਾ ਹੈ ਕਿਉਂਕਿ ਹੇ ਪਿਆਰੇ! ਸ਼ੁਭ ਕਰਮ ਕਰਨ ਵਾਲਾ ਕਦੇ ਵੀ ਦੁਰਗਤੀ ਪ੍ਰਾਪਤ ਨਹੀਂ ਕਰਦਾ।

41. ਯੋਗ ਭ੍ਰਿਸ਼ਟ ਮਨੁੱਖ ਉਸ ਲੋਕ ਵਿਚ ਜਾ ਕੇ ਬਹੁਤ ਸਮੇਂ ਤਕ ਰਹਿੰਦੇ ਹਨ ਜਿਥੇ ਸ਼ੁਭ ਕਰਮ ਕਰਨ ਵਾਲੇ ਲੋਕ ਰਹਿੰਦੇ ਹਨ ਅਤੇ ਫੇਰ ਉਹ ਅੱਛੇ ਪੁਰਖਾਂ ਦੇ ਘਰ ਜਨਮ ਲੈਂਦੇ ਹਨ।

42. ਭਾਵ ਉਹ ਯੋਗੀਆਂ ਦੇ ਘਰ ਜਨਮ ਲੈਂਦੇ ਹਨ, ਉਨ੍ਹਾਂ ਦੀ ਕੁਲ ਵਿਚ ਜਨਮ ਲੈਂਦੇ ਹਨ ਅਤੇ ਐਸਾ ਜਨਮ ਇਸ ਸੰਸਾਰ ਵਿਚ ਬੜਾ ਦੁਰਲੱਭ ਹੈ।

43. ਪਿਛਲੇ ਜਨਮ ਦੇ ਸੰਸਕਾਰਾਂ ਦੇ ਵਸ ਹੋਇਆ ਉਹ ਫੇਰ ਯੋਗ ਸਿੱਧੀ ਲਈ ਯਤਨ ਕਰਦਾ ਹੈ ਤੇ ਉਸਦੀ ਪਿਛਲੇ ਜਨਮ ਦੀ ਬੁੱਧੀ ਫੇਰ ਪ੍ਰਗਟ ਹੋ ਜਾਂਦੀ

ਹੈ।

44. ਪਿਛਲੇ ਜਨਮ ਦੇ ਸੰਸਕਾਰਾਂ ਦੇ ਕਾਰਨ, ਅਭਿਆਸ ਦੇ ਕਾਰਨ ਉਹ ਬੇਵਸ ਹੋਇਆ ਯੋਗ ਵਲ ਖਿਚਿਆ ਜਾਂਦਾ ਹੈ। ਯੋਗ ਦਾ ਜਗਿਆਸੂ ਸ਼ਬਦ ਬ੍ਰਹਮ (ਵੇਦਕ ਕਰਮਕਾਂਡ) ਤੋਂ ਪਰ੍ਹੇ ਚਲਿਆ ਜਾਂਦਾ ਹੈ।

45. ਦ੍ਰਿੜ੍ਹਤਾ ਨਾਲ ਸਾਧਨਾ ਕਰਦਾ, ਯਤਨ ਕਰਦਾ ਉਹ ਪਾਪਾਂ ਤੋਂ ਛੁਟਕਾਰਾ ਪਾ ਲੈਂਦਾ ਹੈ ਅਤੇ ਅਨੇਕਾਂ ਜਨਮਾਂ ਦੀ ਸਿੱਧੀ ਪ੍ਰਾਪਤ ਕੀਤੀ ਕਾਰਨ ਉਹ ਪਰਮਗਤੀ ਨੂੰ ਪ੍ਰਾਪਤ ਹੁੰਦਾ ਹੈ।

ਅਰਜਨ ਦੇ ਸ਼ੰਕੇ ਨਵਿਰਤ ਕਰਦੇ ਹੋਏ ਕ੍ਰਿਸ਼ਨ ਜੀ ਬਚਨ ਕਰਦੇ ਹਨ ਕਿ ਚੰਗੇ ਕਰਮ ਕਦੇ ਬੇਅਰਥ ਨਹੀਂ ਜਾਂਦੇ, ਇਹੋ ਜਿਹੀ ਕੋਈ ਵੀ ਬੁਰਿਆਈ ਨਹੀਂ ਜਿਹੜੀ ਸਾਧਕ ਨੂੰ ਸਾਧਨਾ ਕਰਨ ਦੇ ਯਤਨਾਂ ਤੋਂ ਰੋਕ ਸਕੇ। ਅਰਜਨ ਸੋਚਦਾ ਹੈ, ਯੋਗ ਭ੍ਰਿਸ਼ਟ ਹੋਏ ਲਈ ਕੋਈ ਵੀ ਸਥਾਨ ਨਹੀਂ ਹੈ - ਨਾ ਲੋਕ ਵਿਚ ਨਾ ਪ੍ਰਲੋਕ ਵਿਚ; ਇਹ ਸੱਚ ਨਹੀਂ ਹੈ। ਬਹੁਤ ਥੋੜ੍ਹੇ ਹੁੰਦੇ ਹਨ ਜਿਹੜੇ ਯੋਗ ਦੀ ਉਤਮ ਪਦਵੀ ਪ੍ਰਾਪਤ ਕਰਦੇ ਹਨ, ਬਾਕੀ ਜਿਹੜੇ ਸਫਲਤਾ ਪ੍ਰਾਪਤ ਨਹੀਂ ਕਰ ਸਕਦੇ ਉਹ ਜਨਮ ਲੈਂਦੇ ਰਹਿੰਦੇ ਹਨ, ਯਤਨ ਜਾਰੀ ਰਖਦੇ ਹਨ, ਆਤਮ ਮਾਰਗ ਤੇ ਚਲਦੇ ਰਹਿੰਦੇ ਹਨ; ਇਹੋ ਜਿਹੀਆਂ ਕੁਲਾਂ ਵਿਚ ਜਨਮ ਲੈਂਦੇ ਹਨ ਜਿਥੇ ਉਹ ਆਪਣੇ ਯਤਨ ਜਾਰੀ ਰੱਖ ਸਕਣ, ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਕਿ ਤੁਸੀਂ ਆਪਣਾ ਕੰਮ ਅੱਜ ਪੂਰਾ ਨਾ ਕਰ ਸਕੋ, ਬਹੁਤ ਜ਼ਰੂਰੀ ਕੰਮ ਹੈ ਤੁਸੀਂ ਕਲ੍ਹ ਜ਼ਰੂਰ ਪੂਰਾ ਕਰੋਂਗੇ, ਕਰਨ ਦੀ ਕੋਸ਼ਿਸ਼ ਕਰੋਂਗੇ। ਇਸ ਤਰ੍ਹਾਂ ਹੀ ਜਿਹੜੇ ਸੰਸਕਾਰ ਪੈਦਾ ਹੋ ਜਾਂਦੇ ਹਨ ਉਹ ਅਚੇਤ ਮਨ ਵਿਚ ਚਲੇ ਜਾਂਦੇ ਹਨ, ਉਨ੍ਹਾਂ ਸੰਸਕਾਰਾਂ ਅਨੁਸਾਰ ਹੀ ਅਗਲਾ ਜਨਮ ਮਿਲਦਾ ਹੈ, ਆਤਮਾ ਨੂੰ ਉਨ੍ਹਾਂ ਸੰਸਕਾਰਾਂ ਅਨੁਸਾਰ ਹੀ ਵਸਤਰ ਪਾਉਣੇ ਪੈਂਦੇ ਹਨ। ਇਸ ਤਰ੍ਹਾਂ ਜਦੋਂ ਤੁਸੀਂ ਜਨਮ ਲੈਂਦੇ ਹੋ, ਤੁਸੀਂ ਸ਼ੁਰੂ ਤੋਂ ਨਹੀਂ ਸ਼ੁਰੂ ਕਰਦੇ, ਤੁਸੀਂ ਉਥੋਂ ਸ਼ੁਰੂ ਕਰਦੇ ਹੋ ਜਿਥੇ ਤੁਸੀਂ ਪਿਛਲੇ ਜਨਮ ਵਿਚ ਛੱਡ ਕੇ ਆਏ ਹੋ, ਆਤਮ ਸਾਧਨਾ ਵਰਗਾ ਔਖਾ ਕੰਮ ਇਕ ਜਨਮ ਵਿਚ ਪੂਰਾ ਹੋਣਾ ਅਸੰਭਵ ਹੈ।

ਜਨਮ ਲੈਣ ਦੀ ਕ੍ਰਿਆ ਨਾ ਤਾਂ ਇਕ ਦਮ ਹੁੰਦੀ ਹੈ, ਨਾ ਹੀ ਬਿਨਾਂ ਕਿਸੇ ਯੋਜਨਾ ਦੇ ਹੁੰਦੀ ਹੈ, ਨਾ ਹੀ ਜਨਮ ਇਕ ਘਟਨਾ ਹੁੰਦੀ ਹੈ, ਜਨਮ ਤੋਂ ਹੀ ਸਾਡੀਆਂ ਪ੍ਰੇਰਨਾਵਾਂ ਵਿਚ ਫਰਕ ਹੁੰਦਾ ਹੈ, ਇਛਾਵਾਂ ਵੱਖ-ਵੱਖ ਹੁੰਦੀਆਂ ਹਨ, ਸਮਰਥਾ ਵਖ ਵਖ ਹੁੰਦੀ ਹੈ। ਪੱਛਮੀ ਫਿਲੌਸਫਰ ਹਾਲੇ ਵੀ ਇਹ ਸਮਝਣ ਤੋਂ ਅਸਮਰਥ ਹਨ ਕਿ ਇਹ ਸਭ ਕੁਝ ਇਸ ਤਰ੍ਹਾਂ ਕਿਉਂ ਹੈ, ਕਿਉਂ ਹਰੇਕ ਮਨੁੱਖ ਦੀਆਂ ਮਨੋਬਿਰਤੀਆਂ, ਸੁਭਾਅ, ਇਛਾਵਾਂ ਸਭ ਕੁਝ ਵੱਖ-ਵੱਖ ਹੁੰਦਾ ਹੈ? ਉਹ ਇਸ ਗੱਲ ਤੇ ਵੀ ਹੈਰਾਨ ਹਨ ਕਿ ਅਸੀਂ ਕੁਝ ਇਕ ਗੁਣ ਅਵਗੁਣ ਲੈ ਕੇ ਕਿਉਂ ਜੰਮਦੇ ਹਾਂ? ਬਹੁਤ ਸਾਰੇ ਪੱਛਮੀ ਫਿਲੌਸਫਰ ਵੀ ਪੁਨਰ ਜਨਮ ਵਿਚ ਵਿਸ਼ਵਾਸ਼ ਰਖਦੇ ਹਨ, ਪਰ ਪੱਛਮੀ ਮਨੋਵਿਗਿਆਨਕ ਇਸ ਨੂੰ ਨਹੀਂ ਮੰਨਦੇ ਕਿ ਪੁਨਰ ਜਨਮ ਹੈ। ਮਨੋਵਿਗਿਆਨ ਤਾਂ ਆਪਣਾ ਸਮਾਂ ਇਸ ਗੱਲ ਵਿਚ ਲਗਾ ਰਹੇ ਹਨ ਕਿ

ਸਾਡੇ ਗੁਣ ਅਵਗੁਣ ਸਿੱਖਣ ਨਾਲ ਪੈਦਾ ਹੁੰਦੇ ਹਨ ਜਾਂ ਅਸੀਂ ਲੈ ਕੇ ਪੈਦਾ ਹੁੰਦੇ ਹਾਂ, ਇਸ ਗੱਲ ਦਾ ਉਤਰ ਉਹ ਬੁੱਧੀ ਦੇ ਪੱਧਰ ਤੇ ਲੱਭਣਾ ਚਾਹੁੰਦੇ ਹਨ; ਅਸੀਂ ਦੇਖਦੇ ਹਾਂ ਅਨੇਕਾਂ ਹੀ ਪੁਨਰ ਜਨਮ ਨਾਲ ਸਬੰਧਿਤ ਕੰਮ ਪੂਰਬ ਤੇ ਪੱਛਮ ਵਿਚ ਸਾਡੇ ਸਾਮ੍ਹਣੇ ਆਉਂਦੇ ਹਨ। ਜਿਹੜੇ ਅਧਿਆਤਮਕ ਮਾਰਗ ਤੇ ਚਲਦੇ ਹਨ, ਚਲਦੇ ਰਹੇ ਹਨ ਉਨ੍ਹਾਂ ਦੀਆਂ ਯਾਦਾਂ ਵੀ ਅਸੀਮ ਹਨ ਅਤੇ ਉਹ ਬੜੀ ਸਹਿਜ ਨਾਲ ਆਪਣੀਆਂ ਯਾਦਾਂ ਨੂੰ ਤਾਜ਼ਾ ਕਰ ਸਕਦੇ ਹਨ। ਚੇਤਨਤਾ ਦੇ ਹਰ ਪੱਧਰ ਨੂੰ ਨਰੀਖਣ ਤੋਂ ਬਿਨਾਂ ਇਹ ਕਿਵੇਂ ਕਿਹਾ ਜਾ ਸਕਦਾ ਹੈ ਕਿ ਅਸੀਂ ਪਹਿਲਾਂ ਨਹੀਂ ਸੀ, ਪਰ ਹੁਣ ਹਾਂ ਕਿਉਂਕਿ ਅਸੀਂ ਹੁਣ ਹਾਂ, ਇਹ ਸਭ ਤੋਂ ਵੱਡਾ ਸਬੂਤ ਹੈ ਕਿ ਅਸੀਂ ਪਹਿਲਾਂ ਵੀ ਸੀ।

ਕ੍ਰਿਸ਼ਨ ਜੀ ਅਰਜਨ ਨੂੰ ਦਸਦੇ ਹਨ ਕਿ ਜਿਹੜਾ ਯੋਗੀ ਆਪਣਾ ਕਾਰਜ ਪੂਰਾ ਨਾ ਕਰ ਸਕਿਆ ਹੋਵੇ ਉਹ ਵਿਚ ਵਿਚਾਲੇ ਹੀ ਨਹੀਂ ਰਹਿ ਜਾਂਦਾ। ਇਸ ਦੇ ਉਲਟ ਉਹ ਦੁਬਾਰਾ ਜਨਮ ਲੈਂਦਾ ਹੈ ਤੇ ਆਪਣਾ ਕਾਰਜ ਪੂਰਾ ਕਰਦਾ ਹੈ, ਉਹ ਇਹੋ ਜਿਹੇ ਪਰਿਵਾਰ ਵਿਚ ਜਨਮ ਲੈਂਦਾ ਹੈ ਜਿਹੜਾ ਉਸ ਨੂੰ ਸਾਰੀਆਂ ਸੁਵਿਧਾ ਦੇ ਸਕੇ, ਇਹੋ ਜਿਹਾ ਵਾਤਾਵਰਣ ਦੇ ਸਕੇ ਜਿਸ ਨਾਲ ਉਸ ਦਾ ਕਾਰਜ ਸੌਖਾ ਹੋ ਜਾਵੇ। ਇਹੋ ਜਿਹਾ ਸਾਧਕ ਇਹ ਮਹਿਸੂਸ ਕਰਦਾ ਹੈ ਕਿ ਕੋਈ ਸ਼ਕਤੀ ਉਸ ਦਾ ਮਾਰਗ ਦਰਸ਼ਨ ਕਰ ਰਹੀ ਹੈ, ਵਾਸਤਵ ਵਿਚ ਇਹ ਉਸ ਦੀ ਆਪਣੀ ਇੱਛਾ, ਬਲਵਾਨ ਇੱਛਾ ਹੁੰਦੀ ਹੈ ਜਿਹੜੀ ਉਸ ਨੂੰ ਪ੍ਰੇਰਤ ਕਰਦੀ ਹੈ ਤੇ ਉਸ ਨੂੰ ਇਸ ਮਾਰਗ ਤੇ ਮੁੜ ਮੁੜ ਕੇ ਲਿਆਉਂਦੀ ਹੈ। ਸਾਧਕ ਨੂੰ ਆਪ ਇਹ ਨਹੀਂ ਪਤਾ ਹੁੰਦਾ ਕਿਉਂਕਿ ਉਸ ਦਾ ਚੌਗਿਰਦਾ ਉਸ ਦਾ ਆਲਾ ਦੁਆਲਾ ਹੋਰ ਹੁੰਦਾ ਹੈ, ਉਸ ਦਾ ਦਿਮਾਗ ਵੀ ਫਰਕ ਰਖਦਾ ਹੈ। ਆਤਮ ਮਾਰਗ ਤੇ, ਜੇ ਤੁਸੀਂ ਸਰਲ ਹੋਵੋ, ਸੁਹਿਰਦ ਹੋਵੋ, ਸ਼ਰਧਾਵਾਨ ਹੋਵੋ, ਪਰ ਤੁਹਾਡੇ ਕੋਲ ਠੀਕ ਮਾਰਗ ਨਾ ਹੋਵੇ, ਠੀਕ ਲੋੜੀਂਦਾ ਵਾਤਾਵਰਣ ਨਾ ਹੋਵੇ, ਤੁਸੀਂ ਤਰੱਕੀ ਨਹੀਂ ਕਰ ਸਕਦੇ। ਠੀਕ ਤਰੀਕੇ ਤੋਂ ਭਾਵ ਹੈ ਅਰੋਗ ਸਰੀਰ, ਠੀਕ ਸਾਫ ਸੁਥਰਾ ਵਾਤਾਵਰਣ, ਅਰੋਗ ਮਨ, ਦ੍ਰਿੜ੍ਹਤਾ, ਇੱਛਾ ਸ਼ਕਤੀ, ਸ੍ਵੈਮਾਨ, ਬੈਰਾਗ। ਜੇ ਇਨ੍ਹਾਂ ਵਿਚੋਂ ਇਕ ਵੀ ਗੁਣ ਨਾ ਹੋਵੇ, ਤਰੱਕੀ ਨਹੀਂ ਹੋ ਸਕਦੀ ਪਰ ਜਦੋਂ ਵਾਤਾਵਰਣ ਠੀਕ ਹੋਵੇ ਉਹ ਸਹਾਇਕ ਬਣ ਸਕਦਾ ਹੈ। ਜੇ ਉਤਲੇ ਸਾਰੇ ਗੁਣ ਹੋਣ ਤਾਂ ਉਹ ਹੋਰ ਪੱਕੇ ਹੋ ਜਾਂਦੇ ਹਨ ਤੇ ਔਕੜਾਂ ਆਪਣੇ ਆਪ ਹੀ ਖਤਮ ਹੋਣ ਲਗ ਪੈਂਦੀਆਂ ਹਨ, ਉਨ੍ਹਾਂ ਦਾ ਸਮਾਧਾਨ ਸੌਖਾ ਹੋ ਜਾਂਦਾ ਹੈ ਤੇ ਹੌਲੀ ਹੌਲੀ ਤੁਸੀਂ ਸੰਪੂਰਨ ਹੋ ਜਾਂਦੇ ਹੋ।

ਕਈ ਵਾਰੀ ਖਾਸ ਕਿਸਮ ਦੇ ਸਾਧਕ ਆਪਣੇ ਗੁਣ ਸਮਰਥਾ ਅਤੇ ਵਿਸ਼ੇਸ਼ਤਾਵਾਂ ਤੋਂ ਅਣਜਾਣ ਰਹਿ ਜਾਂਦੇ ਹਨ ਤੇ ਫੇਰ ਬਹੁਤ ਵਾਰੀ ਕੋਈ ਸਦਮਾ, ਕਿਸੇ ਸੰਤ ਮਹਾਤਮਾ ਨਾਲ ਗੱਲਬਾਤ ਜਾਂ ਕਿਸੇ ਥਾਂ ਤੇ ਜਾ ਕੇ ਉਨ੍ਹਾਂ ਨੂੰ ਆਪਣੇ ਅਤੀਤ ਦੀ ਯਾਦ ਆ ਜਾਂਦੀ ਹੈ ਅਤੇ ਉਹ ਆਪਣੇ ਵਿਅਕਤੀਤ੍ਵ ਦੇ ਉਸ ਪੱਧਰ ਨੂੰ ਜਾਣ ਲੈਂਦੇ ਹਨ ਜਿਹੜਾ ਹੁਣ ਤਕ ਲੁਕਿਆ ਪਿਆ ਸੀ।

ਬਹੁਤ ਸਾਰੇ ਸਾਧਕ ਇਹ ਜਾਨਣਾ ਚਾਹੁੰਦੇ ਹਨ ਕਿ ਆਤਮ ਮਾਰਗ ਦਾ ਮਾਰਗ ਆਤਮ ਸਾਧਨਾ ਦਾ ਮਾਰਗ ਕਿੰਨੇ ਜਨਮਾਂ ਵਿਚ ਪੂਰਾ ਹੋਵੇਗਾ, ਇਸ ਗੱਲ ਦਾ ਫੈਸਲਾ ਸਾਧਕ ਆਪ ਹੀ ਕਰਦਾ ਹੈ। ਇਹ ਫੈਸਲਾ ਗੁਰੂ ਜਾਂ ਦੂਰ ਦ੍ਰਿਸ਼ਟੀ ਨਾਲ ਨਹੀਂ ਕੀਤਾ ਜਾ ਸਕਦਾ। ਜੇ ਜਗਿਆਸੂ ਇਕਾਗਰ ਹੋ ਕੇ ਇਕ ਮਨ ਇਕ ਚਿੱਤ ਹੋ ਕੇ ਅੰਤਰਮੁਖੀ ਹੋ ਕੇ ਆਪਣੇ ਮਾਰਗ ਉਤੇ ਤੁਰ ਪਵੇ ਤਾਂ ਉਹ ਆਪਣੇ ਮਨੋਰਥ ਤੇ, ਆਪਣੀ ਮੰਜ਼ਲ ਉਤੇ ਇਸ ਜਨਮ ਵਿਚ ਹੀ ਪਹੁੰਚ ਸਕਦਾ ਹੈ। ਜਿਨ੍ਹਾਂ ਦਾ ਦੀਵਾ ਤੇਲ ਨਾਲ ਭਰਿਆ ਹੋਇਆ ਹੈ ਉਸ ਵਿਚ ਬੱਤੀ ਬਣੀ ਪਈ ਹੈ, ਤਿਆਰ ਹੈ, ਕੇਵਲ ਜੋਤ ਦੇ ਲਗਣ ਦੀ ਹੀ ਦੇਰ ਹੈ, ਉਹ ਉਡੀਕ ਵਿਚ ਹਨ। ਇਹ ਸੱਚ ਹੈ ਜਦੋਂ ਜਗਿਆਸੂ ਤਿਆਰ ਹੋਵੇ ਗੁਰੂ ਪ੍ਰਗਟ ਹੋ ਹੀ ਜਾਂਦੇ ਹਨ। ਦੀਵੇ ਵਿਚ ਜੋਤ ਜਗਣ ਦਾ ਕੰਮ ਦੋਨਾਂ ਉਤੇ ਇਕੋ ਜਿਹਾ ਹੀ ਹੈ- ਗੁਰੂ ਉਤੇ ਅਤੇ ਸਾਧਕ ਉਤੇ। ਜਗਿਆਸੂ ਦਾ ਦੀਵਾ ਤਾਂ ਗੁਰੂ ਹੀ ਜਗਾਉਂਦਾ ਹੈ, ਪਰ ਇਹ ਨਹੀਂ ਭੁਲਣਾ ਚਾਹੀਦਾ, ਉਹ ਜੋਤ ਗੁਰੂ ਦੀ ਆਪਣੀ ਜੋਤ ਨਹੀਂ, ਗੁਰੂਦੇਵ ਨੂੰ ਵੀ ਉਹ ਜੋਤ ਆਪਣੇ ਗੁਰੂ ਤੋਂ ਇਸੇ ਤਰ੍ਹਾਂ ਹੀ ਮਿਲੀ ਸੀ, ਇਹ ਰੂਹਾਨੀ ਨਿਯਮ ਹਨ।

46. ਯੋਗੀ ਤਪਸਵੀ ਤੋਂ ਉਤਮ ਹੈ, ਗਿਆਨੀ ਤੋਂ ਉਤਮ ਹੈ, ਕਰਮ ਕਾਂਡ ਕਰਨ ਵਾਲੇ ਤੋਂ ਵੀ ਯੋਗੀ ਉਤਮ ਹੈ, ਇਸੇ ਲਈ ਹੇ ਅਰਜਨ! ਤੂੰ ਯੋਗੀ ਬਣ, ਯੋਗੀ ਹੋ ਕੇ ਉਤਮ ਬਣ।

47. ਯੋਗੀਆਂ ਵਿਚੋਂ ਵੀ ਉਹ ਹੀ ਸ੍ਰੇਸ਼ਟ ਹੈ ਜਿਹੜਾ ਆਪਣਾ ਮਨ ਮੇਰੇ ਨਾਲ ਜੋੜਦਾ ਹੈ, ਮੇਰਾ ਭਜਨ ਕਰਦਾ ਹੈ, ਮੇਰੇ ਨਾਲ ਇਕ ਹੋ ਜਾਂਦਾ ਹੈ, ਉਹ ਉਤਮ ਹੈ।

ਸੈਂਤੀ ਸਲੋਕ, ਸੰਤਾਲੀ ਸ਼ਲੋਕ ਦਾ ਉਤਰ ਹੈ ਜਿਸ ਵਿਚ ਅਰਜਨ ਦੂਸਰੇ ਮਾਰਗ ਬਾਰੇ ਪੁਛਦੇ ਹਨ, ਜੇ ਯੋਗ ਵਿਚ ਸੰਪੂਰਨਤਾ ਨਾ ਪ੍ਰਾਪਤ ਕੀਤੀ ਹੋਵੇ ਫੇਰ ਕਿਹੜਾ ਮਾਰਗ ਠੀਕ ਹੈ ਜਿਵੇਂ ਕਿ ਇਕ ਨਾਪ ਦੇ ਕੱਪੜੇ ਸਾਰਿਆਂ ਨੂੰ ਪੂਰੇ ਨਹੀਂ ਆ ਸਕਦੇ ਇਸੇ ਤਰ੍ਹਾਂ ਹੀ ਇਕ ਮਾਰਗ ਸਾਰਿਆਂ ਲਈ ਠੀਕ ਨਹੀਂ ਹੋ ਸਕਦਾ। ਮਾਰਗ ਵੱਖ-ਵੱਖ ਹਨ, ਨਿਸ਼ਾਨਾ ਇਕ ਹੈ, ਮੰਜ਼ਲ ਇਕ ਹੈ, ਯੋਗ ਦਾ ਮਾਰਗ ਸਾਧਨਾ ਦੇ ਅਭਿਆਸ ਨਾਲੋਂ ਉਤਮ ਹੈ, ਸਾਧਨਾ ਕੇਵਲ ਮਨ ਦੀ ਸ਼ੁਧੀ ਲਈ ਹੀ ਕੀਤੀ ਜਾਂਦੀ ਹੈ, ਸਾਧਨਾ ਕੇਵਲ ਆਪਾ ਸਾਧਣ ਲਈ ਮਨ ਅਤੇ ਸਰੀਰ ਨੂੰ ਸੋਧਣ ਲਈ ਕੀਤੀ ਜਾਂਦੀ ਹੈ। ਸਾਧਨਾ ਵੱਖ-ਵੱਖ ਤਰੀਕੇ ਨਾਲ ਕੀਤੀ ਜਾਂਦੀ ਹੈ, ਅਗਿਆਨੀ ਬਹੁਤ ਕੱਟੜ ਤਰੀਕੇ ਨਾਲ ਕਰਦੇ ਹਨ, ਗਿਆਨੀ ਕੇਵਲ ਮਨ, ਇੰਦ੍ਰੀ ਦੀ ਸ਼ੁਧੀ ਲਈ ਕਰਦੇ ਹਨ। ਯੋਗੀ ਵੀ ਸਾਧਨਾ ਕਰਦੇ ਹਨ ਪਰ ਉਹ ਹੋਰ ਡੂੰਘੇ ਤੇ ਉਚੇ ਅਭਿਆਸ ਕਰਦੇ ਹਨ, ਮਨ ਤੇ ਕਾਬੂ ਪਾਉਣ ਲਈ ਅਤੇ ਮਨ ਨੂੰ ਸ਼ੁਧ ਕਰਨ ਲਈ ਇਹ ਅਭਿਆਸ ਕਰਦੇ ਹਨ। ਯੋਗੀ ਫੇਰ ਸਾਰੀਆਂ ਸ਼ਕਤੀਆਂ ਸੰਪੂਰਨਤਾ ਵਿਚ ਲਾ ਦਿੰਦਾ ਹੈ ਉਸ ਦਾ ਨਿਸ਼ਾਨਾ ਸਮਾਧੀ ਤਕ ਪਹੁੰਚਣਾ ਹੁੰਦਾ ਹੈ।

ਯੋਗੀਆਂ ਦੀ ਇਕ ਹੋਰ ਸ਼ਾਖਾ ਵੀ ਹੈ ਜਿਨ੍ਹਾਂ ਦੇ ਮਨ ਪੂਰੀ ਤਰ੍ਹਾਂ ਸ਼ਰਧਾ ਵਿਚ ਹਨ, ਜਿਨ੍ਹਾਂ ਨੂੰ ਪੂਰਾ ਭਰੋਸਾ ਹੈ ਜੋ ਪੂਰੀ ਤਰ੍ਹਾਂ ਵਾਹਿਗੁਰੂ ਦੀ ਸ਼ਰਨ ਵਿਚ ਹਨ ਉਹ ਵਾਹਿਗੁਰੂ ਦੇ ਖਾਸ ਪ੍ਰੇਮੀ ਹਨ, ਸੇਵਕ ਹਨ। ਏਨਾਂ ਹੀ ਨਹੀਂ, ਉਹ ਵਾਹਿਗੁਰੂ ਨਾਲ ਅਭੇਦ ਹਨ। ਕ੍ਰਿਸ਼ਨ ਜੀ ਵੱਖ-ਵੱਖ ਜਗਿਆਸੂਆਂ ਦੀ ਤੁਲਨਾ ਕਰਦੇ ਹਨ ਅਤੇ ਅਰਜਨ ਨੂੰ ਸਮਝਾਉਂਦੇ ਹਨ ਕਿ ਕਿਵੇਂ ਅਟੱਲ ਭਰੋਸਾ ਇਕ ਐਸੀ ਸ਼ਕਤੀ ਹੈ ਜਿਹੜੀ ਉਸ ਨੂੰ ਉਚੇਰੀਆਂ ਤੇ ਡੂੰਘੀਆਂ ਉਡਾਰੀਆਂ ਤੇ ਪਹੁੰਚਾ ਦਿੰਦੀ ਹੈ। ਜਿਸ ਮਾਰਗ ਤੇ ਤੁਸੀਂ ਸਭ ਕੁਝ ਪਿਆਰ ਨਾਲ ਭੇਂਟ ਕਰ ਦਿੰਦੇ ਹੋ, ਸਭ ਕੁਝ ਅਰਪਣ ਕਰ ਦਿੰਦੇ ਹੋ, ਕੋਈ ਕਿੰਤੂ ਪਰੰਤੂ ਨਹੀਂ ਕਰਦੇ, ਉਸ ਮਾਰਗ ਤੇ ਚੱਲਣ ਲਈ ਬੇਅੰਤ ਸ਼ਕਤੀ ਚਾਹੀਦੀ ਹੈ - ਆਪਣੇ ਅੰਦਰ ਦੀ ਸ਼ਕਤੀ। ਇਸ ਕਰਕੇ ਹੀ ਉਸ ਮਾਰਗ ਤੇ ਭਰੋਸਾ ਵਧੇਰੇ ਜ਼ਰੂਰੀ ਹੈ। ਸਾਧਨਾ ਨਾਲੋਂ ਵੀ ਉਚਾ ਹੈ ਭਰੋਸਾ। ਇਥੇ ਪਹਿਲੀ ਵਾਰੀ ਕ੍ਰਿਸ਼ਨ ਜੀ ਸ਼ਰਧਾ ਦੀ ਗੱਲ ਕਰਦੇ ਹਨ। ਸ਼ਰਧਾ ਦਾ ਮਾਰਗ, ਕੇਵਲ ਭਾਵਨਾ ਦਾ ਮਾਰਗ ਹੀ ਨਹੀਂ ਜਿਸ ਨਾਲ ਲੋਕੀ ਨਚਦੇ ਗਾਉਂਦੇ ਹਨ, ਅਨੰਦ ਵਿਚ ਆਉਂਦੇ ਹਨ ਜਾਂ ਫੇਰ ਰੋਂਦੇ ਹਨ; ਇਹ ਉਹ ਮਾਰਗ ਹੈ ਜਿਥੇ ਤੁਸੀਂ ਅਰਪਣ, ਹੋਰ ਅਰਪਣ, ਹੋਰ ਸਮਰਪਣ ਕਰਦੇ ਹੋ ਉਦੋਂ ਤਕ ਕਿ ਤੁਸੀਂ ਆਪਣਾ ਆਪ ਸਮਰਪਣ ਕਰ ਦਿੰਦੇ ਹੋ। ਪ੍ਰਮਾਤਮਾ ਕਹਿੰਦੇ ਹਨ, "ਆਪਣਾ ਭਾਂਡਾ ਖਾਲੀ ਕਰੋ ਤਾਂ ਜੋ ਮੈਂ ਉਸ ਨੂੰ ਭਰ ਸਕਾਂ।" ਖਾਲੀ ਕਰਨ ਲਈ ਤੁਹਾਨੂੰ ਸਾਗਰ ਦੀ ਤਰ੍ਹਾਂ ਹੋਣਾ ਪਵੇਗਾ ਸਾਗਰ ਤੋਂ ਭਾਫ ਬਣਦੀ ਰਹਿੰਦੀ ਹੈ ਫੇਰ ਵੀ ਸਾਗਰ ਭਰਿਆ ਹੀ ਰਹਿੰਦਾ ਹੈ, ਜੋ ਅਰਪਣ ਕਰੋਂਗੇ ਉਹ ਹੀ ਵਾਪਸ ਮਿਲੇਗਾ, ਦੇ ਕੇ ਹੀ ਤੁਸੀਂ ਸੰਪੂਰਨ ਮਹਿਸੂਸ ਕਰਦੇ ਹੋ, ਪਿਆਰ ਕੇਵਲ ਦੇਣਾ ਹੀ ਹੈ ਅਤੇ ਦੇਣਾ ਹੀ ਸੰਪੂਰਨਤਾ ਹੈ।

ਇਥੇ ਛੇਵੇਂ ਅਧਿਆਏ ਦਾ ਅੰਤ ਹੁੰਦਾ ਹੈ ਜਿਸ ਵਿਚ ਸਮਾਧੀ ਦਾ ਮਾਰਗ ਅਤੇ ਹੋਰ ਮਾਰਗ ਦੱਸੇ ਗਏ ਹਨ।

# ਸਤਵਾਂ ਅਧਿਆਇ

## ਨਿਰੰਕੁਸ਼ ਨਾਲ ਅਭੇਦ ਹੋਣ ਦਾ ਗਿਆਨ

1. ਹੇ ਪਾਰਥ! ਆਪਣਾ ਮਨ ਚਿੱਤ ਮੇਰੇ ਵਿਚ ਲਾ ਕੇ ਦੇਖ, ਮੇਰਾ ਬਣ ਕੇ ਦੇਖ, ਮੇਰਾ ਹੋ ਕੇ ਦੇਖ› ਯੋਗ ਦੁਆਰਾ ਨਿਰਸੰਦੇਹ ਹੋ ਕੇ ਜਿਸ ਤਰ੍ਹਾਂ ਤੂੰ ਮੈਨੂੰ ਜਾਣੇਗਾ, ਉਹ ਮੇਰੇ ਕੋਲੋਂ ਸੁਣ।

2. ਮੈਂ ਤੈਨੂੰ ਹੁਣ ਉਹ ਗਿਆਨ ਵਿਗਿਆਨ ਦਸਦਾ ਹਾਂ ਜਿਸ ਨੂੰ ਜਾਣ ਕੇ ਫੇਰ ਹੋਰ ਕੁਝ ਜਾਨਣ ਦੀ ਲੋੜ ਨਹੀਂ ਰਹਿੰਦੀ।

3. ਹਜ਼ਾਰਾਂ ਮਨੁੱਖਾਂ ਵਿਚੋਂ ਕੋਈ ਵਿਰਲਾ ਹੀ ਹੁੰਦਾ ਹੈ ਜੋ ਸਿੱਧੀ ਦਾ ਯਤਨ ਕਰਦਾ ਹੈ ਅਤੇ ਇਨ੍ਹਾਂ ਯਤਨ ਕਰਨ ਵਾਲਿਆਂ ਵਿਚੋਂ ਵੀ ਕੋਈ ਵਿਰਲਾ ਹੀ ਮੈਨੂੰ ਚੰਗੀ ਤਰ੍ਹਾਂ ਜਾਣਦਾ ਹੈ।

ਅਰਜਨ ਨਾਲ ਗੱਲਬਾਤ ਕਰਦਿਆਂ ਆਮ ਤੌਰ ਤੇ ਕ੍ਰਿਸ਼ਨ ਜੀ 'ਮੈਂ' ਸ਼ਬਦ ਵਰਤਦੇ ਹਨ। ਇਹ ਸ਼ਬਦ ਨਿਰੋਲ ਆਤਮਾ ਲਈ, ਸ਼ੁਧ ਆਪੇ ਲਈ ਵਰਤਿਆ ਗਿਆ ਹੈ। ਅੱਜ ਦਾ ਜਗਿਆਸੂ, ਅੱਜ ਦਾ ਪਾਠਕ ਬਹੁਤ ਵਾਰੀ ਹੈਰਾਨ ਹੋ ਜਾਂਦਾ ਹੈ ਤੇ ਧੋਖਾ ਖਾ ਜਾਂਦਾ ਹੈ ਪਰ ਸਦਾ ਇਹ ਚੇਤੇ ਰੱਖਣ ਦੀ ਲੋੜ ਹੈ ਕਿ ਕ੍ਰਿਸ਼ਨ ਜੀ ਇਕ ਸੰਪੂਰਨ ਬ੍ਰਹਮਗਿਆਨੀ ਸਨ, ਅਵਤਾਰ ਸਨ, ਇਸ ਕਰਕੇ ਜਦੋਂ ਉਹ 'ਮੈਂ' ਸ਼ਬਦ ਦੀ ਵਰਤੋਂ ਕਰਦੇ ਹਨ, ਉਹ ਬਿਲਕੁਲ ਠੀਕ ਹੈ, ਉਸ ਰਾਹੀਂ ਉਹ ਸਾਨੂੰ ਵਾਹਿਗੁਰੂ ਦਾ ਗਿਆਨ ਕਰਾਉਂਦੇ ਹਨ। ਉਹ ਅਰਜਨ ਨੂੰ ਆਪਣਾ ਬਣਾ ਕੇ ਗਿਆਨ ਕਰਾ ਰਹੇ ਹਨ। ਅੱਜ ਦੇ ਗੁਰੂ, ਅੱਜ ਦੇ ਅਧਿਆਪਕ ਇਸ ਗੱਲ ਦੀ ਰੀਸ ਕਰਨ ਲੱਗ ਪੈਂਦੇ ਹਨ ਤੇ ਇਸ ਤਰ੍ਹਾਂ ਹੀ ਗੱਲ ਕਰਨ ਲਗ ਪੈਂਦੇ ਹਨ ਪਰ ਇਸ ਤਰ੍ਹਾਂ ਜਦ ਉਹ ਮੈਂ ਭਾਵ ਵਿਚ ਆ ਕੇ ਗੱਲ ਕਰਦੇ ਹਨ, ਉਹ ਤਾਂ ਪੂਰਨਤਾ ਦੇ ਕਿਤੇ ਨੇੜੇ ਵੀ ਨਹੀਂ ਲੱਗੇ ਹੁੰਦੇ, ਕੇਵਲ ਦਿਖਾਵਾ ਹੀ ਕਰ ਰਹੇ ਹੁੰਦੇ ਹਨ। ਉਸ ਨਾਲ ਵਿਦਿਆਰਥੀ ਕੁਰਾਹੇ ਪੈ ਜਾਂਦੇ ਹਨ। ਇਹ ਕੇਵਲ ਗੁਰੂ-ਪੁਣੇ ਦਾ ਪ੍ਰਚਾਰ ਹੁੰਦਾ ਹੈ ਨਾ ਕਿ ਪ੍ਰਮਾਤਮਾ ਦੇ ਆਗੂ ਹੋਣ ਦਾ। ਅੱਜ ਦੇ ਸਮੇਂ ਵਿਚ ਜਿਹੜੇ ਵੀ ਆਪਣੇ ਆਪ ਨੂੰ ਪ੍ਰਮਾਤਮਾ ਦੇ ਅਖਵਾਉਂਦੇ ਹਨ, ਉਹ ਬਿਲਕੁਲ ਵੀ ਪ੍ਰਮਾਤਮਾ ਵਰਗੇ ਨਹੀਂ ਹਨ, ਉਹ ਕੇਵਲ ਸਾਧਾਰਣ ਮਨੁੱਖ ਹੀ ਹਨ। ਅਸੀਂ ਪਹਿਲਾਂ ਪੜ੍ਹ ਆਏ ਹਾਂ ਕਿ ਸੱਚਾ ਗੁਰੂ ਨਿਸੁਆਰਥੀ ਹੁੰਦਾ ਹੈ, ਪ੍ਰੇਮ ਦਾ ਸਾਗਰ ਹੁੰਦਾ ਹੈ। ਅੱਜ ਦਾ ਗੁਰੂ ਜਦੋਂ ਜਗਿਆਸੂ ਨੂੰ ਕਹਿੰਦਾ ਹੈ ਕਿ ਤੁਸੀਂ ਆਪਣਾ ਸਮਾਂ, ਪੈਸਾ ਤੇ ਸ਼ਕਤੀ ਸਭ ਕੁਛ ਮੈਨੂੰ ਦੇ ਦਿਓ, ਪਰਤੱਖ ਹੈ ਕਿ ਉਸ ਦਾ ਗਿਆਨ ਹਉਮੈ ਤੇ ਸੁਆਰਥ ਭਰਪੂਰ ਹੈ। ਜੇਕਰ ਗੁਰੂ ਤੇ ਚੇਲੇ ਦੀਆਂ ਜ਼ਰੂਰਤਾਂ ਇਕੋ ਜਿਹੀਆਂ ਹੀ ਹਨ ਫੇਰ ਦੋਨਾਂ ਵਿਚ ਫਰਕ ਹੀ ਕੀ ਹੈ? ਇਹੋ ਜਿਹਾ ਗੁਰੂ ਕਿਵੇਂ ਜਗਿਆਸੂਆਂ ਦਾ ਭਲਾ ਕਰ ਸਕਦਾ ਹੈ? ਇਕ ਚੰਗਾ ਗੁਰੂ ਬਿਲਕੁਲ ਨਿਸੁਆਰਥੀ ਹੁੰਦਾ ਹੈ, ਉਹ ਹੀ ਉਸ ਦੀ ਸਭ ਤੋਂ ਵੱਡੀ ਨਿਸ਼ਾਨੀ ਹੈ। ਜੇ ਇਹ ਗੁਣ ਗੁਰੂ ਵਿਚ

ਨਹੀਂ ਹਨ ਤਾਂ ਉਸ ਦੇ ਪਿਛੇ ਬਿਲਕੁਲ ਨਹੀਂ ਲਗਣਾ ਚਾਹੀਦਾ ਸਗੋਂ ਉਸ ਤੋਂ ਚੰਗਾ ਤਾਂ ਇਹ ਹੀ ਹੋਵੇਗਾ ਕਿ ਗੁਰੂ ਨਾ ਹੀ ਰੱਖੋ, ਬਜਾਏ ਇਸ ਦੇ ਕਿ ਤੁਸੀਂ ਗਲਤ ਸਿਖਿਆ ਵਿਚ ਲਪੇਟੇ ਜਾਓ। ਅੱਜ ਦੇ ਗੁਰੂ ਨੂੰ ਕਦੀ ਵੀ ਕ੍ਰਿਸ਼ਨ ਜੀ ਨਾਲ ਤੁਲਨਾ ਨਹੀਂ ਦਿਤੀ ਜਾ ਸਕਦੀ, ਐਸਾ ਕਰਨਾ ਵੀ ਨਹੀਂ ਚਾਹੀਦਾ। ਕ੍ਰਿਸ਼ਨ ਜੀ ਇਕ ਮਹਾਨ ਯੋਗੀ ਸਨ। ਉਹੋ ਜਿਹਾ ਯੋਗੀ ਕਦੀ ਇਸ ਧਰਤੀ ਤੇ ਪਹਿਲਾਂ ਨਹੀਂ ਹੋਇਆ। ਉਨ੍ਹਾਂ ਦਾ ਗਿਆਨ ਵੀ ਬਹੁਤ ਉਤਮ ਗਿਆਨ ਸੀ।

ਕ੍ਰਿਸ਼ਨ ਜੀ ਆਪਣੇ ਪਿਆਰੇ ਸ਼ਿਸ਼ ਦਾ ਅਗਿਆਨ ਦੂਰ ਕਰਦੇ ਹਨ ਅਤੇ ਉਸ ਨੂੰ ਗਿਆਨ ਵਿਗਿਆਨ ਦੀ ਕਲਾ ਬਖਸ਼ਦੇ ਹਨ ਤਾਂ ਜੋ ਉਹ ਸਤਿ ਨੂੰ ਦੇਖ ਸਕੇ। ਉਹ ਦਸਦੇ ਹਨ ਕਿ ਜਗਿਆਸੂ ਨੂੰ ਚਾਹੀਦਾ ਹੈ ਕਿ ਉਹ ਆਪਣਾ ਮਨ ਉਚੇ ਟੀਚੇ ਤੇ ਰੱਖੇ ਤੇ ਆਪਣਾ ਜੀਵਨ ਉਸ ਦੀ ਪਹੁੰਚ ਵਿਚ ਲਗਾ ਦੇਵੇ। ਧਿਆਨ ਰਹੇ ਕਿ ਜਗਿਆਸੂ ਆਪਣੇ ਸੰਵੇਗ, ਆਪਣਾ ਮਨ ਹੋਰ ਕਿਤੇ ਇਧਰ ਉਧਰ ਨਾ ਜਾਣ ਦੇਵੇ। ਆਪਣਾ ਮਨ ਕੇਵਲ ਉਸ ਅਚੇਤ ਸਚਾਈ ਦੀ ਭਾਲ ਵਿਚ ਹੀ ਲਗਾਈ ਰੱਖੇ – ਉਹ ਸਚਾਈ ਜਿਥੋਂ ਚਿਰ ਸਥਾਈ ਸਤਿ ਦਾ ਗਿਆਨ ਭਰਪੂਰ ਹੋ ਕੇ ਵਹਿ ਰਿਹਾ ਹੈ। ਜਦੋਂ ਉਹ ਗਿਆਨ ਪ੍ਰਾਪਤ ਹੋ ਜਾਂਦਾ ਹੈ ਹੋਰ ਕੁਝ ਪ੍ਰਾਪਤ ਕਰਨ ਨੂੰ ਰਹਿੰਦਾ ਹੀ ਨਹੀਂ। ਹਜ਼ਾਰਾਂ ਆਦਮੀ ਆਤਮ ਮਾਰਗ ਤੇ ਤੁਰਦੇ ਹਨ ਪਰ ਕੋਈ ਵਡਭਾਗਾ ਹੀ ਇਸ ਸੰਪੂਰਨਤਾ ਤਕ ਪਹੁੰਚਦਾ ਹੈ।

ਛੇਵੇਂ ਅਧਿਆਇ ਵਿਚ ਅਸੀਂ ਪੜ੍ਹਿਆ ਸੀ ਕਿ ਇਸ ਤੱਤ ਨੂੰ ਸਮਾਧੀ ਲਗਾ ਕੇ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ। ਸਮਾਧੀ ਲਗਾਉਣ ਦਾ ਤਰੀਕਾ ਸਮਝ ਲੈਣ ਤੋਂ ਬਾਅਦ ਅਰਜਨ ਸਮਾਧੀ ਲਗਾਉਣ ਦਾ ਉਦੇਸ਼ ਜਾਨਣਾ ਚਾਹੁੰਦਾ ਹੈ ਤੇ ਨਾਲ ਹੀ ਦੂਸਰੇ ਤਰੀਕੇ ਵੀ ਜਾਨਣਾ ਚਾਹੁੰਦਾ ਹੈ, ਉਹ ਤਰੀਕੇ ਜਿਨ੍ਹਾਂ ਰਾਹੀਂ ਤੱਤ ਤਕ ਪਹੁੰਚਿਆ ਜਾਵੇ, ਖਾਸ ਤੌਰ ਤੇ ਉਹ ਤਰੀਕੇ ਜਿਹੜੇ ਯੋਗੀ ਵਰਤਦੇ ਹਨ। ਸਤਵੇਂ ਅਧਿਆਇ ਤੋਂ ਗਿਆਰ੍ਹਵੇਂ ਅਧਿਆਇ ਤਕ ਇਹੋ ਹੀ ਦਸਿਆ ਗਿਆ ਹੈ ਤੇ ਅਰਜਨ ਨੂੰ ਇਨ੍ਹਾਂ ਬਾਰੇ ਗਿਆਨ ਦਿਤਾ ਗਿਆ ਹੈ।

ਇਕ ਸੰਪੂਰਨ ਗੁਰੂ ਦੇ ਗਿਆਨ ਦਾ ਪ੍ਰਭਾਵ ਮਨ ਤੇ ਬਹੁਤ ਡੂੰਘਾ ਪੈਂਦਾ ਹੈ – ਪੜ੍ਹ ਕੇ ਜਾਂ ਸੁਣ ਕੇ ਨਹੀਂ, ਗੁਰੂ ਦੇ ਮੁਖਾਰਬਿੰਦ ਤੋਂ ਨਿਕਲੇ ਸ਼ਬਦ ਸਿੱਧੇ ਹਿਰਦੇ ਵਿਚ ਉਤਰਦੇ ਚਲੇ ਜਾਂਦੇ ਹਨ। ਜਿਨ੍ਹਾਂ ਸਵਾਲਾਂ ਦਾ ਜਵਾਬ ਧਾਰਮਿਕ ਪੁਸਤਕਾਂ ਵਿਚ ਨਹੀਂ ਮਿਲਦਾ, ਮਹਾਤਮਾ ਤੋਂ ਨਹੀਂ ਮਿਲਦਾ, ਉਨ੍ਹਾਂ ਸਵਾਲਾਂ ਦਾ ਜਵਾਬ ਸਿਖਰ ਤੇ ਪਹੁੰਚ ਕੇ ਅਨੁਭਵ ਰਾਹੀਂ ਮਿਲਦਾ ਹੈ, ਅਨੁਭਵ ਤੋਂ ਬਿਨਾਂ ਸ਼ੰਕੇ ਬਣੇ ਹੀ ਰਹਿੰਦੇ ਹਨ। ਹਰ ਜਗਿਆਸੂ ਅਨੁਭਵ ਲੋਚਦਾ ਹੈ, ਇਸ ਤੋਂ ਭਾਵ ਇਹ ਨਹੀਂ ਕਿ ਉਹ ਗੁਰੂਆਂ ਦੀ ਸਿਖਿਆ ਵਿਚ ਵਿਸ਼ਵਾਸ਼ ਨਹੀਂ ਰਖਦਾ, ਇਹ ਗੱਲ ਨਹੀਂ; ਉਸ ਨੇ ਉਤਸ਼ਾਹ ਉਨ੍ਹਾਂ ਤੋਂ ਹੀ ਲਿਆ ਹੈ ਉਥੋਂ ਹੀ ਇਹ ਬੂਟੇ ਨੇ ਜਨਮ ਲਿਆ ਹੈ, ਪਰ ਆਤਮ ਗਿਆਨ ਕੇਵਲ ਅਨੁਭਵ ਤੋਂ ਹੀ ਪ੍ਰਾਪਤ ਹੁੰਦਾ ਹੈ। ਲੋੜ ਪੈਂਦੀ

ਹੈ ਇਕ ਸੰਪੂਰਨ ਤਰੀਕੇ ਦੀ ਜਿਸ ਰਾਹੀਂ ਗਿਆਨ ਪ੍ਰਾਪਤ ਕੀਤਾ ਜਾ ਸਕੇ।

ਇਸ ਅਧਿਆਇ ਦੀ ਪਹਿਲੀ ਸਿਖਿਆ ਇਹੀ ਹੈ ਕਿ ਆਪਾ ਹੈ, ਮੈਂ ਹਾਂ। ਇਹ ਸਥਿਤੀ ਪ੍ਰਾਪਤ ਕਰਨ ਲਈ ਸਾਧਨਾ ਕਰਨੀ ਚਾਹੀਦੀ ਹੈ, ਬਿਨਾਂ ਕਿਸੇ ਨਿਸ਼ਾਨੇ ਦੇ, ਬਿਨਾਂ ਕਿਸੇ ਟੀਚੇ ਦੇ ਕੀਤੀ ਗਈ ਸਾਧਨਾ ਕਿਤੇ ਨਹੀਂ ਪਹੁੰਚਾਉਂਦੀ। ਜੇਕਰ ਸਾਧਨਾ ਬੜੀ ਮਿਹਨਤ ਨਾਲ ਵੀ ਕੀਤੀ ਜਾਵੇ, ਬੜੀ ਡੂੰਘੀ ਕੀਤੀ ਜਾਵੇ ਪਰ ਜੇ ਨਿਸ਼ਾਨਾ ਸਾਮ੍ਹਣੇ ਨਹੀਂ ਹੈ, ਜੇ ਇਹ ਨਹੀਂ ਧਾਰਿਆ ਕਿ ਕੀ ਪ੍ਰਾਪਤ ਕਰਨਾ ਹੈ, ਸਾਰੀ ਸਾਧਨਾ ਬਿਫਲ ਹੋ ਜਾਂਦੀ ਹੈ। ਕਾਰਣ ਇਹ ਹੈ ਕਿ ਸਾਧਨਾ ਦੇ ਰਸਤੇ ਤੇ ਬਹੁਤ ਸਾਰੀਆਂ ਲੁਭਾਏਮਾਨ ਚੀਜ਼ਾਂ ਮਿਲ ਜਾਂਦੀਆਂ ਹਨ ਜਿਨ੍ਹਾਂ ਵਿਚ ਲਗ ਕੇ ਮਨੁੱਖ ਆਪਣਾ ਮੰਤਵ ਭੁੱਲ ਜਾਂਦਾ ਹੈ। ਕਈ ਵਿਦਿਆਰਥੀ ਸਮਾਧੀ ਲਾਉਣੀ ਸ਼ੁਰੂ ਕਰਦੇ ਹਨ ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਉਹ ਕਿਉਂ ਕਰ ਰਹੇ ਹਨ, ਉਹ ਕਿਉਂ ਅਭਿਆਸ ਕਰ ਰਹੇ ਹਨ। ਬਿਨਾਂ ਮੰਤਵ ਦੇ ਸਮਾਧੀ ਲਗਾਉਣੀ, ਸਿਮਰਨ ਕਰਨਾ ਬਿਲਕੁਲ ਉਸ ਤਰ੍ਹਾਂ ਹੀ ਹੈ ਜਿਵੇਂ ਕਿ ਤੁਸੀਂ ਤੁਰ ਪਏ ਹੋ ਪਰ ਤੁਹਾਨੂੰ ਇਹ ਨਾ ਪਤਾ ਹੋਵੇ ਕਿ ਤੁਸੀਂ ਜਾਣਾ ਕਿਥੇ ਹੈ। ਪਹਿਲਾਂ ਸਭ ਚੀਜ਼ ਦਾ ਪਤਾ ਹੋਣਾ ਚਾਹੀਦਾ ਹੈ, ਸਾਰੀ ਗੱਲ ਦੀ ਸਮਝ ਹੋਣੀ ਚਾਹੀਦੀ ਹੈ, ਫੇਰ ਅਭਿਆਸ ਸ਼ੁਰੂ ਕਰਨਾ ਚਾਹੀਦਾ ਹੈ।

ਗਿਆਨ ਅਤੇ ਵਿਗਿਆਨ ਦੋ ਤਰ੍ਹਾਂ ਦਾ ਗਿਆਨ ਸਾਨੂੰ ਗ੍ਰੰਥਾਂ ਵਿਚ ਮਿਲਦਾ ਹੈ। ਗਿਆਨ ਸਾਨੂੰ ਪ੍ਰਮਾਤਮਾ ਬਾਰੇ ਦਸਦਾ ਹੈ, ਇਕੋ ਸਚਾਈ ਤੋਂ ਜਾਣੂੰ ਕਰਾਉਂਦਾ ਹੈ। ਵਿਗਿਆਨ ਸਾਨੂੰ ਸਾਧਨਾ ਬਾਰੇ ਪੂਰੀ ਤਰ੍ਹਾਂ ਜਾਣੂੰ ਕਰਾਉਂਦਾ ਹੈ, ਸਾਧਨਾ ਦੇ ਕੀ ਤਰੀਕੇ ਹਨ, ਕਿਹੜਾ ਸਭ ਤੋਂ ਚੰਗਾ ਹੈ ਇਹ ਸਾਰਾ ਗਿਆਨ। ਕੋਈ ਵਿਰਲਾ ਹੀ ਉਸ ਪੂਰਨਤਾ ਤਕ ਪਹੁੰਚਦਾ ਹੈ ਜਿਹੜੀ ਦੱਸੀ ਗਈ ਹੈ ਤੇ ਉਨ੍ਹਾਂ ਵਿਚੋਂ ਵੀ ਕੋਈ ਵਿਰਲਾ ਹੀ ਵਾਸਤਵਿਕ ਆਪੇ ਨੂੰ ਜਾਣ ਸਕਦਾ ਹੈ। ਤੱਤ ਗਿਆਨ ਉਹ ਗਿਆਨ ਹੈ ਜਿਸ ਦੇ ਜਾਨਣ ਤੋਂ ਬਾਅਦ ਕੁਝ ਹੋਰ ਜਾਨਣਾ ਬਾਕੀ ਰਹਿ ਹੀ ਨਹੀਂ ਜਾਂਦਾ। ਤੀਸਰੇ ਸ਼ਲੋਕ ਵਿਚ ਦੱਸਿਆ ਗਿਆ ਹੈ ਕਿ ਜੇ ਸਮਾਧੀ ਦੀ ਸਥਿਤੀ ਵਿਚ ਪਹੁੰਚਣ ਤੋਂ ਬਾਅਦ ਵੀ ਉਸ ਤੋਂ ਉਚੀ ਸਥਿਤੀ ਹੈ – ਉਹ ਹੈ ਸ੍ਵੈ-ਪੂਰਨਤਾ ਦੀ। ਸੰਪੂਰਨਤਾ ਵਿਚ ਜਗਿਆਸੂ ਉਤਮ ਪ੍ਰਾਪਤੀ ਦੇ ਕਾਬਲ ਹੋ ਜਾਂਦਾ ਹੈ। ਪਰ ਆਖਰੀ ਕਦਮ ਉਹ ਕਦਮ ਹੈ ਜਿਸ ਵਿਚ ਉਹ ਪ੍ਰਾਪਤ ਕੀਤੇ ਗਿਆਨ ਦਾ ਵਿਸਤਾਰ ਕਰਦਾ ਹੈ ਤੇ ਪ੍ਰਮਾਤਮਾ ਨਾਲ ਇਕ ਹੋ ਜਾਂਦਾ ਹੈ।

4. ਪ੍ਰਿਥਵੀ, ਜਲ, ਅਗਨੀ, ਹਵਾ, ਅਕਾਸ਼, ਮਨ, ਬੁੱਧੀ ਇਹ ਮੇਰੀ ਵੱਖ-ਵੱਖ ਅੱਠ ਪ੍ਰਕਾਰ ਦੀ ਪ੍ਰਕ੍ਰਿਤੀ ਹੈ।

5. ਇਹ ਪ੍ਰਕ੍ਰਿਤੀ ਅਪਰਾ ਹੈ, ਹੇ ਮਹਾਂਬਾਹੋ! ਇਸ ਤੋਂ ਵਖਰੀ ਇਕ ਪਰਾ ਪ੍ਰਕ੍ਰਿਤੀ ਹੈ ਤੇ ਇਸ ਨੇ ਹੀ ਜਗ ਧਾਰਨ ਕੀਤਾ ਹੈ, ਜੀਵ ਰੂਪ ਧਾਰਨ ਕੀਤਾ ਹੈ।

6. ਇਸ ਨੂੰ ਚੰਗੀ ਤਰ੍ਹਾਂ ਜਾਣ ਲੈ। ਇਹ ਸਭ ਜੀਵਾਂ ਦੇ ਪੈਦਾ ਹੋਣ

ਦਾ ਮੂਲ ਹੈ, ਸਾਰੇ ਜਗਤ ਦੀ ਉਤਪਤੀ ਹੈ ਪਰਲੈ ਰੂਪ ਮੈਂ ਹੀ ਹਾਂ।

7. ਹੇ ਧੰਨਜਯ! ਮੇਰੇ ਤੋਂ ਪਰ੍ਹੇ ਹੋਰ ਕੁਝ ਨਹੀਂ ਹੈ ਇਹ ਮੇਰੇ ਨਾਲ ਇਸ ਤਰ੍ਹਾਂ ਸਭ ਕੁਝ ਜੁੜਿਆ ਹੋਇਆ ਹੈ ਜਿਵੇਂ ਧਾਗੇ ਵਿਚ ਮੋਤੀ ਪਰੋਤੇ ਹੁੰਦੇ ਹਨ।

ਸੰਸਾਰ ਦੀ ਹਰ ਇਕ ਵਸਤੂ ਬੜੀ ਵਚਿਤਰ ਹੈ, ਉਸ ਦੇ ਵਚਿੱਤਰ ਗੁਣ ਹਨ। ਜੋ ਕੁਝ ਵੀ ਅਸੀਂ ਸੰਸਾਰ ਵਿਚ ਦੇਖਦੇ ਹਾਂ ਉਨ੍ਹਾਂ ਦੇ ਕੁਝ ਗੁਣ ਹਨ ਜੋ ਕਿ ਤੁਹਾਨੂੰ ਹੋਰ ਕਿਤੇ ਵੀ ਨਹੀਂ ਮਿਲਦੇ। ਇਹ ਕਹਿਣਾ ਪਵੇਗਾ ਕਿ ਸਭ ਕੁਝ ਦਾ ਸਰੋਤ ਇਕ ਹੀ ਹੈ ਜਿਸ ਤੋਂ ਸਭ ਕੁਝ ਵੱਖ-ਵੱਖ ਦ੍ਰਿਸ਼ਟੀਮਾਨ ਹੋਇਆ ਹੈ ਪਰ ਉਹ ਸਰੋਤ ਮਨੁੱਖੀ ਨੇਤਰਾਂ ਤੋਂ ਉਹਲੇ ਹੀ ਰਹਿੰਦਾ ਹੈ।

ਇਸ ਸ਼ਲੋਕ ਵਿਚ ਕ੍ਰਿਸ਼ਨ ਜੀ ਸ੍ਰਿਸ਼ਟੀ ਦੇ ਵੱਖ-ਵੱਖ ਰੂਪ ਦਸਦੇ ਹਨ - ਸਮੁੱਚੇ ਤੋਂ ਗੁੱਝੇ ਤੱਤਾਂ ਤਕ। ਉਹ ਅਰਜਨ ਨੂੰ ਲੰਮੀਆਂ ਬਾਹਾਂ ਵਾਲਾ ਕਹਿ ਕੇ ਸੰਬੋਧਿਤ ਕਰਦੇ ਹਨ, ਉਸ ਤੋਂ ਉਨ੍ਹਾਂ ਦਾ ਭਾਵ ਹੈ ਕਿ ਉਹ ਜਿਹੜਾ ਸਾਰਾ ਗਿਆਨ ਸਮੇਟ ਸਕੇ। ਇਹੋ ਜਿਹਾ ਗਿਆਨ ਕੋਈ ਗੁਰੂ ਤਦ ਹੀ ਆਪਣੇ ਸ਼ਿਸ਼ ਨੂੰ ਦਿੰਦਾ ਹੈ ਜਦੋਂ ਸ਼ਿਸ਼ ਨੇ ਆਪਣੇ ਗਿਆਨ ਦੇ ਅਨੁਭਵ ਦੀ ਸੀਮਾ ਅਕਾਸ਼ ਜਿੱਡੀ ਕਰ ਲਈ ਹੋਵੇ। ਕ੍ਰਿਸ਼ਨ ਜੀ ਕਹਿੰਦੇ ਹਨ ਕਿ ਇਸ ਸੰਸਾਰ ਵਿਚ ਅੱਠ ਤੱਤ ਹਨ -ਧਰਤੀ, ਪਾਣੀ ਅੱਗ, ਹਵਾ, ਪੁਲਾੜ, ਮਨ, ਬੁੱਧੀ ਤੇ ਜੀਵ। ਉਹ ਅਰਜਨ ਨੂੰ ਦਸਦੇ ਹਨ ਕਿ ਇਹ ਅੱਠ ਤੱਤ ਮੇਰੇ ਹੇਠਲੇ ਸਰੀਰ ਦੇ ਤੱਤ ਹਨ, ਪਰ ਇਨ੍ਹਾਂ ਦੇ ਅੰਦਰ ਹੀ ਉਚੇ ਤੱਤ ਵੀ ਹਨ ਜਿਸ ਤੇ ਇਸ ਦੀ ਹੋਂਦ ਟਿਕੀ ਹੋਈ ਹੈ। ਮੈਂ ਸਾਰਾ ਸੰਸਾਰ ਪੈਦਾ ਕਰਨ ਵਾਲਾ ਹਾਂ, ਰੱਖਿਆ ਕਰਨ ਵਾਲਾ ਹਾਂ ਤੇ ਮਾਰਨ ਵਾਲਾ ਹਾਂ। ਜਿਵੇਂ ਧਾਗੇ ਵਿਚ ਮੋਤੀ ਪਰੋਏ ਜਾਂਦੇ ਹਨ, ਬਿਲਕੁਲ ਇਸ ਤਰ੍ਹਾਂ ਹੀ ਮੇਰੇ ਦੁਆਲੇ ਸਾਰਾ ਕੁਝ ਲਪੇਟਿਆ ਹੋਇਆ ਹੈ।

ਜਗਿਆਸੂ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਪ੍ਰਕਾਸ਼ ਦੇ ਸਰੋਤ ਨਾਲ ਜੋੜ ਕੇ ਰੱਖੇ। ਇਸ ਤਰ੍ਹਾਂ ਕਰਨ ਨਾਲ ਉਸ ਲਈ ਗੀਤਾ ਦੇ ਗਿਆਨ ਦੀ ਪਕੜ ਕਰਨੀ ਸੌਖੀ ਹੋ ਸਕਦੀ ਹੈ। ਜਗਿਆਸੂ ਜੇ ਭਰੋਸੇ ਵਾਲਾ ਹੋਵੇ, ਗਿਆਨ ਪ੍ਰਾਪਤੀ ਦੀ ਇੱਛਾ ਰਖਦਾ ਹੋਵੇ ਅਤੇ ਜਦੋਂ ਉਹ ਪੂਰੀ ਸ਼ਰਧਾ ਨਾਲ ਗਿਆਨ ਪ੍ਰਕਾਸ਼ ਦੀ ਪਕੜ ਰਖਦਾ ਹੋਵੇ ਤਾਂ ਗਿਆਨ ਸਹਿਜੇ ਹੀ ਪ੍ਰਗਟ ਹੋ ਜਾਂਦਾ ਹੈ। ਚੇਤੇ ਰੱਖਣ ਵਾਲੀ ਗੱਲ ਇਹ ਹੈ ਕਿ ਜਗਿਆਸੂ ਨੂੰ ਅਥਾਹ ਗੂੜ੍ਹੀ ਤੇ ਡੂੰਘੀ ਸਾਧਨਾ ਦੀ ਲੋੜ ਹੈ, ਉਹ ਸਾਧਨਾ ਜਿਹੜੀ ਉਸਦੀ ਯੋਗਤਾ ਤੇ ਸਮਰਥਾ ਦੇ ਅਨੁਕੂਲ ਹੋਵੇ।

8. ਹੇ ਕੌਂਤੇਯ! ਪਾਣੀ ਵਿਚ ਮੈਂ ਰਸ ਹਾਂ, ਚੰਦਰਮਾ ਤੇ ਸੂਰਜ ਵਿਚ ਮੈਂ ਪ੍ਰਕਾਸ਼ ਹਾਂ, ਸਾਰੇ ਵੇਦਾਂ ਵਿਚ ਮੈਂ ਪੁਰਾਣ ਹਾਂ, (ਓਮ) ਹਾਂ, ਅਕਾਸ਼ ਵਿਚ ਸ਼ਬਦ ਹਾਂ, ਪੁਰਖਾਂ ਵਿਚ ਪੁਰਖਤ੍ਵ ਹਾਂ।

9. ਪ੍ਰਿਥਵੀ ਦੀ ਸੁਗੰਧੀ ਮੈਂ ਹਾਂ, ਅਗਨੀ ਵਿਚ ਤੇਜ਼ ਮੈਂ ਹਾਂ, ਭੂਤਾਂ

ਵਿਚ ਜੀਵ ਮੈਂ ਹਾਂ, ਤਪੱਸਵੀਆਂ ਵਿਚ ਤਪ ਮੈਂ ਹਾਂ।

10. ਹੇ ਪਾਰਥ! ਸਭ ਜੀਵਾਂ ਦਾ ਸਨਾਤਨ ਬੀਜ ਮੈਂ ਹਾਂ, ਬੁੱਧੀ ਰੱਖਣ ਵਾਲਿਆਂ ਦੀ ਬੁੱਧੀ ਮੈਂ ਹਾਂ ਅਤੇ ਤੇਜਸਵੀਆਂ ਵਿਚ ਤੇਜ ਮੈਂ ਹਾਂ।

11. ਬਲਵਾਨਾਂ ਦਾ ਰਾਗ ਅਤੇ ਕਾਮ ਰਹਿਤ ਬਲ ਮੈਂ ਹਾਂ, ਹੇ ਭਰਤਰਸ਼ਭ! ਜੀਵਾਂ ਵਿਚ ਧਰਮ ਅਨੁਸਾਰ ਕਾਮਨਾ ਮੈਂ ਹਾਂ।

12. ਸਤੋ, ਰਜੋ, ਤਮੋ ਮੇਰੇ ਵਿਚੋਂ ਉਤਪੰਨ ਹੋਏ ਹਨ, ਮੈਂ ਉਨ੍ਹਾਂ ਦੇ ਵਸ ਵਿਚ ਨਹੀਂ ਹਾਂ, ਉਹ ਮੇਰੇ ਅਧੀਨ ਹਨ।

ਕ੍ਰਿਸ਼ਨ ਜੀ ਧਰਤੀ ਦੇ ਤੱਤਾਂ ਦੀ ਵਿਆਖਿਆ ਕਰਦੇ ਹਨ - ਧਰਤੀ, ਪਾਣੀ, ਅੱਗ, ਹਵਾ ਤੇ ਆਕਾਸ਼। ਉਹ ਅਰਜਨ ਨੂੰ ਦਸਦੇ ਹਨ ਕਿ ਬ੍ਰਹਿਮੰਡ ਦੀਆਂ ਜਿੰਨੀਆਂ ਸ਼ਕਤੀਆਂ ਹਨ, ਧਰਤੀ ਦੀ ਸੁਗੰਧ, ਪਾਣੀ ਦਾ ਰਸ, ਅਗਨੀ ਦਾ ਤੇਜ, ਹਵਾ ਦਾ ਸਪਰਸ਼, ਅਕਾਸ਼ ਦਾ ਸ਼ਬਦ, ਸੂਰਜ ਦਾ ਤੇਜ, ਚੰਦਰਮਾ ਦੀ ਚਮਕ, ਓਮ ਦੀ ਆਵਾਜ਼, ਜੀਵ ਦੇ ਪ੍ਰਾਣ, ਜੀਵਾਂ ਦਾ ਸਨਾਤਨ ਬੀਜ, ਕਰਤੱਵ ਕਰਨ ਦੀ ਇੱਛਾ, ਬਲਵਾਨਾਂ ਦਾ ਬਲ, ਇਹ ਸਭ ਕੁਝ ਇਕ ਤੋਂ ਹੀ ਉਤਪੰਨ ਹੋਇਆ ਹੈ, ਉਹ ਇਕ ਮੈਂ ਹੀ ਹਾਂ। ਇਸ ਸ਼ਲੋਕ ਵਿਚ ਉਤਪਤੀ ਦਾ ਸਾਧਨ ਨਹੀਂ ਦੱਸਿਆ ਗਿਆ, ਉਸਦਾ ਪ੍ਰਗਟਾਵਾ ਦੱਸਿਆ ਗਿਆ ਹੈ। ਇਨ੍ਹਾਂ ਦੋਨਾਂ ਵਿਚ ਅੰਤਰ ਹੈ। ਉਤਪਤੀ ਸ਼ਬਦ ਦ੍ਵੈਦ ਦੀ ਫਿਲੌਸਫੀ ਵਿਚ ਵਰਤਿਆ ਜਾਂਦਾ ਹੈ ਕਿਉਂਕਿ ਉਹ ਵਿਸ਼ਵਾਸ਼ ਰਖਦੇ ਹਨ ਕਿ ਪ੍ਰਮਾਤਮਾ ਤੋਂ ਬਿਨਾਂ ਉਸ ਦੀ ਸਾਜੀ ਹੋਈ ਉਸ ਤੋਂ ਵੱਖ ਹੈ, ਸੁਤੰਤਰ ਹੈ, ਇਸ ਦਾ ਮਾਇਆ ਦੀ ਸਹਾਇਤਾ ਨਾਲ ਪ੍ਰਮਾਤਮਾ ਨੇ ਸੰਸਾਰ ਦੀ ਰਚਨਾ ਕੀਤੀ। ਇਸ ਬਾਰੇ ਇਕ ਵਿਚਾਰ ਹੋਰ ਵੀ ਹੈ ਕਿ ਪ੍ਰਮਾਤਮਾ ਬ੍ਰਹਿਮੰਡ ਦਾ ਮਾਲਕ ਹੈ, ਸ੍ਰਿਸ਼ਟੀ ਅਤੇ ਜੀਵ ਸਾਰੇ ਆਪਣੀ ਆਪਣੀ ਥਾਂ ਸੁਤੰਤਰ ਹਨ ਪਰ ਅਦ੍ਵੈਤ ਦੀ ਫਿਲੌਸਫੀ ਇਨ੍ਹਾਂ ਨਾਲ ਸਹਿਮਤ ਨਹੀਂ ਹੈ; ਉਹ ਇਹ ਹੈ ਕਿ ਕੇਵਲ ਇਕ ਹੀ ਹੈ, ਇਕ ਤੋਂ ਬਗੈਰ ਹੋਰ ਕੋਈ ਹੈ ਹੀ ਨਹੀਂ, ਜੋ ਵੀ ਅਸੀਂ ਦੇਖਦੇ ਹਾਂ ਉਹ ਕੇਵਲ ਉਸ ਇਕ ਦਾ ਹੀ ਪਸਾਰਾ ਹੈ।

ਅਰਜਨ ਦੀ ਚੇਤਨਤਾ ਦਾ ਪਸਾਰਾ ਕਰਨ ਲਈ ਹੀ ਕ੍ਰਿਸ਼ਨ ਜੀ ਉਸ ਨੂੰ ਦਸਦੇ ਹਨ ਕਿ ਧਰਤੀ ਦੀ ਸੁਗੰਧ, ਪਾਣੀ ਦਾ ਰਸ, ਅੱਗ ਦਾ ਤੇਜ, ਹਵਾ ਦਾ ਸਪਰਸ਼, ਅਕਾਸ਼ ਦਾ ਸ਼ਬਦ ਉਸ ਇਕ ਦਾ ਹੀ ਪ੍ਰਦਰਸ਼ਨ ਹਨ। ਜਗਿਆਸੂ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਇਹ ਸਾਰੇ ਤੱਤ ਉਸ ਇਕ ਦੇ ਵੱਖ-ਵੱਖ ਗੁਣ ਹਨ।

ਅਠਵੇਂ ਸ਼ਲੋਕ ਵਿਚ ਓਂਮ ਜੋ ਆਕਾਸ਼ ਦਾ ਸ਼ਬਦ ਹੈ ਉਸ ਬਾਰੇ ਦੱਸਿਆ ਗਿਆ ਹੈ। ਓਂਮ ਸ਼ਬਦ ਹੀ ਉਪਨਿਸ਼ਦਾਂ ਦਾ, ਵੇਦਾਂ ਦਾ ਵਿਸ਼ਾ ਹੈ। ਇਹ ਤਿੰਨ ਅੱਖਰਾਂ ਨੂੰ ਜੋੜ ਕੇ ਬਣਿਆ ਹੈ - AUM. ਇਹ ਤਿੰਨ ਅੱਖਰ ਤਿੰਨ ਪੱਧਰਾਂ ਦੇ ਪ੍ਰਤੀਕ ਹਨ ਜਾਗ੍ਰਿਤ, ਸ੍ਵਪਨ, ਸਖੋਪਤੀ ਪਰ ਇਸ ਵਿਚ ਚੌਥਾ ਪੱਧਰ ਜੋ ਚੁੱਪ ਦਾ ਪੱਧਰ ਹੈ, ਉਹ ਵੀ ਸ਼ਾਮਲ ਹੈ ਜਿਸ ਨੂੰ

ਤੁਰੀਆ ਅਵਸਥਾ ਕਹਿੰਦੇ ਹਨ। ਜਿਹੜੇ ਬੁੱਝ ਲੈਂਦੇ ਹਨ, ਉਹ ਤੁਰੀਆ ਅਵਸਥਾ ਤਕ ਪਹੁੰਚ ਜਾਂਦੇ ਹਨ। ਉਹ ਇਹ ਤਿੰਨੋ ਅਵਸਥਾ ਵੱਖ-ਵੱਖ ਵੀ ਦੇਖ ਸਕਦੇ ਹਨ ਤੇ ਇਕੱਠੀਆਂ ਵੀ। ਉਹ ਪ੍ਰਮਾਤਮਾ, ਉਹ ਸਿਰਜਣਹਾਰ, ਜੀਵਨ ਦੇਣ ਵਾਲਾ, ਬ੍ਰਹਿਮੰਡ ਸਾਜਣ ਵਾਲਾ, ਚੇਤਨਤਾ ਦੇ ਪੱਧਰਾਂ ਦੇ ਪਿਛੇ ਲੁਕਿਆ ਰਹਿੰਦਾ ਹੈ ਜਿਵੇਂ ਤੁਰੀਆ ਅਵਸਥਾ; ਤੁਰੀਆ ਅਵਸਥਾ ਜਾਗ੍ਰਿਤ, ਸੁਪਨ, ਸਖੋਪਤੀ ਇਨ੍ਹਾਂ ਤੋਂ ਪਰ੍ਹੇ ਹੈ। 'ਓਮ' ਨੂੰ ਪ੍ਰਾਣ ਕਿਹਾ ਗਿਆ ਹੈ। ਓਮ ਦਾ ਜਾਪ ਕਰਦਿਆਂ, ਇਸ ਦੇ ਅਰਥ ਸਮਝਦਿਆਂ ਜਗਿਆਸੂ ਇਸ ਦੀ ਉਚਾਰਣ ਰਹਿਤ ਚੁੱਪ ਤਕ ਪਹੁੰਚ ਜਾਂਦਾ ਹੈ। ਜਦੋਂ ਜਗਿਆਸੂ ਇਸ ਦੀ ਅਵਾਜ਼ ਨੂੰ ਸਮਾਧੀ ਤੇ ਸਿਮਰਨ ਵਿਚ ਲਿਆਉਂਦਾ ਹੈ ਉਸ ਨੂੰ ਇਸ ਦੇ ਵੱਖ-ਵੱਖ ਭੇਦ ਪ੍ਰਗਟ ਹੁੰਦੇ ਹਨ। ਇਕ ਦਾ ਉਚਾਰਣ ਤੇ ਅਵਾਜ਼ ਦੇ ਵੱਖ ਵੱਖ ਪੱਖ; ਸਮੁੱਚਤਾ ਤੋਂ ਸੂਖਮਤਾ ਤਕ; ਵੱਖ-ਵੱਖ ਉਪਨਿਸ਼ਦਾਂ ਵਿਚ ਤੇ ਹੋਰ ਗ੍ਰੰਥਾਂ ਵਿਚ ਜਿਥੇ ਸਾਧਨਾ ਦੇ ਤਰੀਕੇ ਦੱਸੇ ਗਏ ਹਨ, ਉਥੇ ਇਨ੍ਹਾਂ ਦੀ ਵਿਸਥਾਰਪੂਰਵਕ ਚਰਚਾ ਹੈ।

ਇਸ ਤੋਂ ਪਹਿਲਾਂ ਕਿ ਜਗਿਆਸੂ ਭਗਤੀ ਯੋਗ, ਗਿਆਨ ਯੋਗ, ਕਰਮ ਯੋਗ ਦੇ ਰਸਤੇ ਤੇ ਚਲੇ, ਉਸ ਨੂੰ ਆਪਣੇ ਸਰੀਰ ਦਾ ਪੂਰਾ ਪੂਰਾ ਪਤਾ ਹੋਣਾ ਚਾਹੀਦਾ ਹੈ, ਸਰੀਰ ਦਾ ਗਿਆਨ ਹੋਣਾ ਚਾਹੀਦਾ ਹੈ, ਗਿਆਨ ਇੰਦ੍ਰੀਆਂ ਦਾ ਗਿਆਨ ਹੋਣਾ ਚਾਹੀਦਾ ਹੈ, ਆਪਣੀ ਬੁੱਧੀ ਦਾ ਪਤਾ ਹੋਣਾ ਚਾਹੀਦਾ ਹੈ, ਆਪਣੇ ਸ੍ਵੈ ਦਾ ਪਤਾ ਹੋਣਾ ਚਾਹੀਦਾ ਹੈ, ਇਸ ਵਿਸ਼ਵ ਦੇ ਸਰੋਤ ਦਾ ਪਤਾ ਹੋਣਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਅਭਿਆਸ ਰਾਹੀਂ ਇਹ ਸਾਰਾ ਗਿਆਨ ਪ੍ਰਾਪਤ ਕਰ ਸਕੇ। ਜਦੋਂ ਜਗਿਆਸੂ ਆਪਣੇ ਆਪ ਨੂੰ ਆਪਣੇ ਵਾਸਤਵਿਕਤਾ ਬਾਰੇ ਜਾਣ ਕੇ ਆਪਣੀ ਚੇਤਨਾ ਦਾ ਵਿਸਥਾਰ ਆਪਣੀ ਹੋਂਦ ਨਾਲ ਕਰਦਾ ਹੈ, ਉਹ ਆਪਣੇ ਆਪ ਨੂੰ ਸੰਸਾਰ ਦੇ ਪਦਾਰਥਾਂ ਨਾਲ ਨਹੀਂ ਜੋੜਦਾ। ਗਿਆਨ ਤੁਹਾਨੂੰ ਵਿਅਕਤੀਗਤ ਚੇਤਨਤਾ ਤੋਂ ਵਿਸ਼ਵ ਚੇਤਨਤਾ ਤਕ ਪਹੁੰਚਾ ਦਿੰਦਾ ਹੈ, ਸਾਧਨਾ ਨਾਲ ਤੁਸੀਂ ਜਗਿਆਸੂ ਸਮੁੱਚੇ ਸ੍ਵੈ ਤੋਂ ਸੂਖਮ ਹੋਂਦ ਤੇ ਪਹੁੰਚ ਕੇ ਇਹ ਮਹਿਸੂਸ ਕਰਦੇ ਹੋ ਕਿ ਤੁਹਾਡਾ ਸਵੈ, ਵਿਸ਼ਵ ਦਾ ਸਵੈ ਹੀ ਹੈ।

ਵਿਸ਼ਵ ਦੇ ਵੀ ਤਿੰਨ ਗੁਣ ਹਨ ਜਿਵੇਂ ਕਿ ਮਨੁੱਖ ਦੇ। ਸਤੋ ਗੁਣ ਇਕਸੁਰਤਾ ਦਾ ਗੁਣ ਹੈ, ਰਜੋ ਗੁਣ ਕਰਮ, ਤੀਬਰਤਾ ਤੇ ਸੰਵੇਗਸ਼ੀਲਤਾ ਦਾ ਪ੍ਰਤੀਕ ਹੈ, ਤਮੋ ਗੁਣ ਸਥਿਲਤਾ, ਸੁਸਤੀ ਦਾ ਪ੍ਰਤੀਕ ਹੈ। ਸੰਸਾਰ ਦੀਆਂ ਸਾਰੀਆਂ ਸ਼ਕਲਾਂ, ਮੂਰਤਾਂ, ਆਕਾਰ ਇਨ੍ਹਾਂ ਤਿੰਨਾਂ ਗੁਣਾਂ ਵਿਚੋਂ ਹੀ ਪੈਦਾ ਹੋਏ ਹਨ, ਇਹ ਸਾਰੇ ਗੁਣ ਇਕੋ ਸਰੋਤ ਤੋਂ ਨਿਕਲਦੇ ਹਨ, ਪੈਦਾ ਹੁੰਦੇ ਹਨ – ਉਹ ਹੈ ਜੀਵਨ ਦਾਤਾ ਤੇ ਵਿਸ਼ਵ। ਸੂਰਜ, ਚੰਦਰਮਾ, ਤਾਰਿਆਂ ਦਾ ਝੁਰਮਟ, ਧਰਤੀ ਦੇ ਤੱਤ, ਸਭ ਜੀਵਨ ਦਾਤਾਂ ਬ੍ਰਹਮ ਤੋਂ ਉਤਪੰਨ ਹੁੰਦੇ ਹਨ, ਇਨ੍ਹਾਂ ਤੱਤਾਂ ਕਰਕੇ ਹੀ ਅਸੀਂ ਸਰੋਤ ਦੇ ਅਸਚਰਜ ਬਾਰੇ, ਸਿਰਜਨਹਾਰ ਬਾਰੇ ਸੁਚੇਤ ਹੁੰਦੇ ਹਾਂ, ਇਨ੍ਹਾਂ ਦੀ ਹੋਂਦ ਉਸ ਇਕ ਦੇ ਨਾਲ ਹੀ ਹੈ, ਉਸ ਕਰਕੇ ਹੀ ਹੈ। ਬਾਕੀ ਸਭ ਕੁਝ ਕਰਕੇ ਉਹ ਨਹੀਂ ਹੈ, ਉਸ ਕਰਕੇ ਹੀ ਬਾਕੀ ਸਭ ਕੁਝ ਹੈ। ਇਸ ਕਰਕੇ ਹੀ ਕਿਹਾ ਜਾਂਦਾ ਹੈ ਕਿ ਇਹ ਸਾਰੇ ਤੱਤ ਮੇਰੇ ਅੰਦਰ ਹਨ, ਪਰ ਮੈਂ ਇਨ੍ਹਾਂ ਦੇ ਅੰਦਰ ਨਹੀਂ ਹਾਂ।

ਸਾਰੇ ਤੱਤ, ਸਾਰੀਆਂ ਵਸਤੂਆਂ ਪ੍ਰਮਾਤਮਾਂ ਵਿਚ ਹਨ ਪਰ ਉਹ ਸਾਰੀਆਂ ਵਿਚ ਨਹੀਂ ਹੈ।

13. ਸਾਰਾ ਸੰਸਾਰ ਤਿੰਨਾਂ ਗੁਣਾਂ ਦੇ ਭਾਵ ਵਿਚ ਲਿਪਟਿਆ ਹੋਇਆ ਮੈਨੂੰ ਨਹੀਂ ਜਾਣਦਾ, ਮੈਂ ਇਸ ਤੋਂ ਪਰ੍ਹੇ ਹਾਂ, ਅਬਿਨਾਸ਼ੀ ਹਾਂ।

14. ਇਹ ਤ੍ਰੈ ਗੁਣੀ ਮਾਇਆ ਬੜੀ ਪਾਰਗਾਮੀ ਹੈ ਜਿਹੜੇ ਮੇਰੀ ਸ਼ਰਨ ਲੈਂਦੇ ਹਨ ਉਹ ਇਸ ਮਾਇਆ ਤੋਂ ਪਾਰ ਲੰਘ ਸਕਦੇ ਹਨ।

15. ਮੂੜ੍ਹ, ਪਾਪੀ, ਨੀਚ ਜਿਨ੍ਹਾਂ ਦੀ ਬੁੱਧੀ ਮਾਇਆ ਨੇ ਨਸ਼ਟ ਕਰ ਦਿਤੀ ਹੈ, ਦ੍ਵੈਤ ਸੁਭਾਅ ਵਾਲੇ ਮੇਰੇ ਕੋਲ ਨਹੀਂ ਆਉਂਦੇ।

ਸਾਰਾ ਸੰਸਾਰ ਮਾਇਆ ਦੀ ਸ਼ਕਤੀ ਵਿਚ ਡੁੱਬਿਆ ਪਿਆ ਹੈ। ਮਾਇਆ ਤੋਂ ਭਾਵ ਹੈ ਜੋ ਦਿਸਦਾ ਹੈ ਪਰ ਵਾਸਤਵ ਵਿਚ ਹੈ ਨਹੀਂ। ਤਿੰਨਾਂ ਗੁਣਾਂ ਨੇ ਸਾਰੀ ਮਨੁੱਖਤਾ ਤੇ ਮਾਇਆ ਪਾਈ ਹੋਈ ਹੈ ਉਹ ਮਾਇਆ ਦੇ ਪਿਛੇ ਲੁਕੀ ਸ਼ਕਤੀ ਨੂੰ ਨਹੀਂ ਦੇਖ ਸਕਦੇ, ਮਨੁੱਖ ਦੀ ਕਰਨੀ, ਮਨ ਤੇ ਕਥਨੀ ਸਾਰੇ ਤਿੰਨਾਂ ਗੁਣਾਂ ਦੇ ਹੱਥ ਵਿਚ ਹੈ, ਇਹ ਤਿੰਨ ਗੁਣ ਉਸ ਨੂੰ ਸੰਸਾਰ ਵਿਚ ਮੌਜ ਮੇਲਾ ਕਰਨ ਲਈ ਪ੍ਰੇਰਿਤ ਕਰਦੇ ਹਨ ਪਰ ਇਨ੍ਹਾਂ ਪਿਛੇ ਛੁਪੀ ਸਚਾਈ, ਤੱਤ ਬਾਰੇ ਜਾਣੂੰ ਹੋਣ ਲਈ ਉਸ ਨੂੰ ਚੇਤਨ ਨਹੀਂ ਹੋਣ ਦਿੰਦੇ। 'ਈਸ਼ ਉਪਨਿਸ਼ਦ' ਵਿਚ ਇਕ ਪ੍ਰਾਰਥਨਾ ਇਸ ਤਰ੍ਹਾਂ ਹੈ, "ਹੇ ਪ੍ਰਮਾਤਮਾ ਇਹ ਚਮਕ ਦੂਰ ਕਰ ਜਿਸ ਨੇ ਸਚਾਈ ਦੇ ਤੱਤ ਨੂੰ ਛੁਪਾਇਆ ਹੋਇਆ ਹੈ।" ਜਿਸ ਤੋਂ ਭਾਵ ਹੈ ਮਾਇਆ ਭਰਮਾਉਂਦੀ ਹੈ, ਲਲਚਾਉਂਦੀ ਹੈ ਜਿਸ ਨਾਲ ਗਿਆਨ ਇੰਦ੍ਰੀਆਂ ਵਿਚ ਸੰਸਾਰਕ ਵਸਤੂਆਂ ਲਈ ਇੱਛਾ ਪੈਦਾ ਹੁੰਦੀ ਹੈ। ਅਸੀਂ ਸਾਰੇ ਇਸ ਗੱਲ ਤੋਂ ਭਲੀ ਪ੍ਰਕਾਰ ਜਾਣੂੰ ਹਾਂ ਕਿ ਨਾ ਤਾਂ ਸੰਸਾਰ, ਨਾ ਸੰਸਾਰਕ ਵਸਤੂਆਂ ਹੀ ਸਥਾਈ ਹਨ ਪਰ ਫੇਰ ਵੀ ਸਾਡਾ ਮਨ ਇਨ੍ਹਾਂ ਸੰਸਾਰਕ ਸੁਖਾਂ ਦੀ ਪ੍ਰਾਪਤੀ ਵਿਚ ਹੀ ਲੱਗਾ ਰਹਿੰਦਾ ਹੈ। ਸਾਡੇ ਸਾਰੇ ਦੁਖ ਭੋਗ ਮਾਇਆ ਜਾਲ ਵਿਚ ਫਸੇ ਹੋਣ ਕਰਕੇ ਹੀ ਹਨ। ਮਨੁੱਖੀ ਮਨ ਤੇ ਗਿਆਨ ਇੰਦ੍ਰੀਆਂ ਸੰਸਾਰ ਵਿਚ ਭਰਮਾਈਆਂ ਰਹਿੰਦੀਆਂ ਹਨ।

ਮਾਇਆ ਦੀ ਕੋਈ ਹੋਂਦ ਨਹੀਂ। ਇਹ ਕੋਈ ਉਸ ਤਰ੍ਹਾਂ ਦਾ ਤੱਤ ਨਹੀਂ ਹੈ, ਉਸ ਤਰ੍ਹਾਂ ਦੀ ਹੋਂਦ ਨਹੀਂ ਜਿਸ ਤਰ੍ਹਾਂ ਸੂਰਜ, ਚੰਦਰਮਾ ਦੀ ਹੈ। ਮਾਇਆ ਕੇਵਲ ਇਕ ਭੁਲੇਖਾ ਹੈ, ਛਲੇਡਾ ਹੈ ਜੋ ਇਸ ਬ੍ਰਹਿਮੰਡ ਵਿਚ ਹੈ। ਜਿਹੜੇ ਇਸ ਗੱਲ ਤੋਂ ਜਾਣੂੰ ਹੋ ਜਾਂਦੇ ਹਨ, ਜਿਹੜੇ ਇਸ ਨੂੰ ਬੁੱਝ ਲੈਂਦੇ ਹਨ ਕਿ ਇਸ ਮਾਇਆ ਜਾਲ ਦੇ ਪਿਛੇ ਇਕ ਚਿਰ ਸਥਾਈ ਜੋਤ ਹੈ, ਜੀਵਨ ਜੋਤ ਹੈ ਜੋ ਸ੍ਵੈ ਸਥਾਪਤ ਹੈ, ਉਹ ਇਸ ਸੰਸਾਰ ਰੂਪੀ ਭਵਜਲ ਨੂੰ ਪਾਰ ਕਰ ਲੈਂਦੇ ਹਨ। ਕੇਵਲ ਜਿਹੜੇ ਸੱਚੇ ਸੁੱਚੇ ਹੋ ਕੇ ਇਸ ਰਸਤੇ ਤੇ ਲਗਦੇ ਹਨ, ਵਾਹਿਗੁਰੂ ਉਨ੍ਹਾਂ ਤੇ ਮਿਹਰ ਕਰਦਾ ਹੈ, ਉਹ ਨਿਰੰਤਰ ਚੇਤਨਤਾ ਦੀ ਅਵਸਥਾ ਪ੍ਰਾਪਤ ਕਰਕੇ ਸੰਸਾਰ ਭਵਸਾਗਰ ਪਾਰ ਕਰਕੇ ਵਾਹਿਗੁਰੂ ਨਾਲ

ਇਕ ਹੋ ਜਾਂਦੇ ਹਨ। ਜਿਨ੍ਹਾਂ ਨੇ ਆਪਣਾ ਮਨ ਇਕਾਗਰ ਕਰ ਲਿਆ ਹੈ, ਅੰਤਰਮੁਖੀ ਹੋ ਗਏ ਹਨ, ਉਨ੍ਹਾਂ ਨੇ ਤੱਤ ਨੂੰ ਜਾਣ ਲਿਆ ਹੈ। ਖਿੰਡਿਆ ਹੋਇਆ ਮਨ ਸਦਾ ਬਾਹਰ ਦੌੜਦਾ ਹੈ, ਵਿਸ਼ੇ ਵਿਕਾਰਾਂ ਵਲ ਜਾਂਦਾ ਹੈ। ਮ੍ਰਿਗ ਤ੍ਰਿਸ਼ਨਾ ਦੀ ਤਰ੍ਹਾਂ ਮਾਇਆ ਦਾ ਅੰਤ ਪਾਉਣਾ ਔਖਾ ਹੈ, ਨਿਰਣਾ ਕਰਨ ਦੀ ਸ਼ਕਤੀ, ਵਿਵੇਕ ਤੇ ਨਿਪਟਾਰਾ ਕਰਨ ਦੀਆਂ ਸ਼ਕਤੀਆਂ ਤੇ ਮਾਇਆ ਆਪਣਾ ਪੜਦਾ ਪਾਈ ਰਖਦੀ ਹੈ, ਮਨੁੱਖ ਇਨ੍ਹਾਂ ਯੋਗਤਾਵਾਂ ਨੂੰ ਭੁੱਲ ਕੇ ਮਾਇਆ ਵਿਚ ਹੀ ਲਿਪਟੇ ਰਹਿੰਦੇ ਹਨ। ਜਿਨ੍ਹਾਂ ਦੀਆਂ ਇਹ ਯੋਗਤਾਵਾਂ ਮੱਧਮ ਪੈ ਗਈਆਂ ਹਨ ਉਨ੍ਹਾਂ ਨੂੰ ਦ੍ਵੈਤ ਕਿਹਾ ਜਾਂਦਾ ਹੈ, ਉਹ ਆਪ ਵੀ ਦੁਖੀ ਰਹਿੰਦੇ ਹਨ ਤੇ ਦੂਸਰਿਆਂ ਨੂੰ ਵੀ ਦੁਖੀ ਕਰਦੇ ਹਨ। ਦ੍ਵੈਤਾਂ ਵਾਲੀਆਂ ਕਰਨੀਆਂ ਕਰਕੇ ਉਹ ਗਿਆਨ ਗੁਆ ਲੈਂਦੇ ਹਨ ਕਿਉਂਕਿ ਉਹ ਬਹੁਤ ਛੇਤੀਂ ਹੀ ਮੋਹੇ ਜਾਂਦੇ ਹਨ।

ਹਰ ਜਗਿਆਸੂ ਦੇ ਮਨ ਵਿਚ ਇਹ ਪ੍ਰਸ਼ਨ ਉਠਦਾ ਹੈ ਕਿ ਮਾਇਆ ਕੀ ਹੈ? ਮਾਇਆ ਤੋਂ ਕੀ ਭਾਵ ਹੈ? ਮਾਇਆ ਕਲਾ ਹੈ, ਜਾਂ ਸੁਚੱਜਤਾ ਹੈ ਜਾਂ ਕੋਈ ਕਾਰੀਗਰੀ ਹੈ ਜਿਵੇਂ ਘੁਮਿਆਰ ਆਪਣੀ ਕਲਾ ਨਾਲ ਇਕ ਮਿੱਟੀ ਦੇ ਢੇਲੇ ਤੋਂ ਸੋਹਣਾ ਘੜਾ ਬਣਾ ਦਿੰਦਾ ਹੈ, ਇਸ ਤਰ੍ਹਾਂ ਹੀ ਮਾਇਆ ਆਪਣੇ ਤਿੰਨਾਂ ਗੁਣਾਂ ਦਾ ਵਰਤਾਰਾ ਕਰਕੇ ਇਸ ਤਰ੍ਹਾਂ ਦਾ ਜਾਲ ਵਿਛਾ ਦਿੰਦੀ ਹੈ ਜਿਸ ਵਿਚ ਮਨੁੱਖ ਭਰਮਾਇਆ ਰਹਿੰਦਾ ਹੈ। ਮਿੱਟੀ ਦੇ ਢੇਲੇ ਦਾ ਘੜਾ ਬਣਾ ਕੇ ਘੁਮਿਆਰ ਆਪਣੀ ਮਾਇਆ ਵਿਚ ਹੀ ਭਰਮਿਆ ਰਹਿੰਦਾ ਹੈ, ਘੁਮਿਆਰ ਦਾ ਫੇਰ ਘੜੇ ਨਾਲ ਮੋਹ ਪੈ ਜਾਂਦਾ ਹੈ। ਜਦੋਂ ਉਹ ਮਿੱਟੀ ਦਾ ਢੇਲਾ ਸੀ ਉਦੋਂ ਤਕ ਉਸ ਦਾ ਕੋਈ ਉਸ ਨਾਲ ਮੋਹ ਨਹੀਂ ਸੀ ਪਰ ਜਦੋਂ ਉਸ ਨੇ ਮਿੱਟੀ ਨੂੰ ਆਪਣੀ ਕਲਾ ਨਾਲ ਘੜਾ ਬਣਾ ਲਿਆ, ਉਹ ਉਸ ਦੇ ਮੋਹ ਵਿਚ ਫਸ ਗਿਆ। ਮਨੁੱਖ ਕਈ ਪ੍ਰਕਾਰ ਦੇ ਬੁੱਤ ਘੜਦਾ ਹੈ, ਉਸਾਰਦਾ ਹੈ ਤੇ ਢਾਹੁੰਦਾ ਹੈ, ਉਨ੍ਹਾਂ ਦੇ ਮੋਹ ਵਿਚ ਗ੍ਰਸਿਆ ਰਹਿੰਦਾ ਹੈ, ਬੱਝਿਆ ਰਹਿੰਦਾ ਹੈ, ਭੰਬਲ ਭੂਸਿਆਂ ਵਿਚ ਪਿਆ ਰਹਿੰਦਾ ਹੈ, ਦੁਖੀ ਹੁੰਦਾ ਰਹਿੰਦਾ ਹੈ। ਜਿਹੜਾ ਮਨੁੱਖ ਇਸ ਤਰ੍ਹਾਂ ਭਰਮਿਆ ਰਹੇਗਾ, ਉਹ ਤੱਤ ਨਹੀਂ ਦੇਖ ਸਕੇਗਾ। ਉਹ ਇਹ ਨਹੀਂ ਜਾਣ ਸਕੇਗਾ ਕਿ ਘੜਾ ਵਾਸਤਵ ਵਿਚ ਇਕ ਮਿਟੀ ਦਾ ਢੇਲਾ ਹੈ ਜਿਸ ਨੂੰ ਘੁਮਿਆਰ ਨੇ ਆਪਣੀ ਕਲਾ ਨਾਲ ਇਕ ਮੂਰਤ ਦਿਤੀ ਹੈ, ਸ਼ਕਤੀ ਦਿਤੀ ਹੈ ਤੇ ਉਸ ਵਲ ਮੋਹਿਆ ਗਿਆ ਹੈ। ਜਿਹੜੀਆਂ ਕੀਮਤਾਂ ਕਦਰਾਂ ਉਹ ਘੜੇ ਵਲ ਪ੍ਰਗਟ ਕਰਦਾ ਹੈ ਉਹ ਆਪ ਹੀ ਉਸ ਨਾਲ ਖੁਸ਼ ਹੁੰਦਾ ਹੈ ਪਰ ਫੇਰ ਉਹ ਆਪ ਹੀ ਡਰ ਜਾਂਦਾ ਹੈ ਕਿ ਘੜਾ ਕਿਤੇ ਟੁੱਟ ਨਾ ਜਾਵੇ, ਜੇ ਕਿਤੇ ਘੜਾ ਟੁੱਟ ਗਿਆ ਉਹ ਬਹੁਤ ਨਿਰਾਸ਼ ਹੋ ਜਾਵੇਗਾ ਕਿਉਂਕਿ ਮਨੁੱਖ ਕੋਲ ਇਹ ਕਲਾ ਹੈ ਕਿ ਉਹ ਮਿੱਟੀ ਦੇ ਢੇਲੇ ਨੂੰ ਘੜਾ ਬਣਾ ਸਕਦਾ ਹੈ ਪਰ ਉਸ ਦੇ ਮੋਹ ਵਿਚ ਫਸ ਕੇ ਸਾਰੀਆਂ ਸਮੱਸਿਆ ਸ਼ੁਰੂ ਹੁੰਦੀਆਂ ਹਨ ਜਿਸ ਵਿਚ ਉਸ ਦੀ ਸਾਰੀ ਸ਼ਕਤੀ ਲਗ ਜਾਂਦੀ ਹੈ। ਜਦੋਂ ਅਸੀਂ ਇਹ ਸਾਰੀ ਸਮਸਿਆ ਦੇਖਦੇ ਹਾਂ ਤਾਂ ਮਹਿਸੂਸ ਕਰਦੇ ਹਾਂ ਕਿ ਤ੍ਰੈ ਗੁਣੀ ਮਾਇਆ ਦਾ ਪਸਾਰਾ ਹੀ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਹੈ।

ਆਓ ਹੁਣ ਅਸੀਂ ਤ੍ਰੈ ਗੁਣੀ ਮਾਇਆ ਦਾ ਨਰੀਖਣ ਕਰੀਏ। ਮਨੁੱਖ ਤਮੋ ਗੁਣਾਂ ਦੇ ਵਧੇਰੇ ਜ਼ੋਰ ਪੈਣ ਕਰਕੇ ਹੀ ਸੌਂਦਾ ਹੈ। ਜਦੋਂ ਹੀ ਉਠ ਕੇ ਉਹ ਤੁਰਨ ਲਗਦਾ ਹੈ, ਰਜੋ ਗੁਣਾਂ ਦਾ ਜ਼ੋਰ ਪੈਂਦਾ ਹੈ, ਉਹ ਕ੍ਰਿਆ ਕਰਮ ਕਰਦਾ ਹੈ, ਫੇਰ ਉਹ ਵਿਸ਼ੇ ਵਿਕਾਰਾਂ ਵਿਚ ਪੈਂਦਾ ਹੈ, ਇੰਦ੍ਰੀਆਂ ਦਾ ਭੋਗ ਭੋਗਦਾ ਹੈ। ਜਦੋਂ ਸਤੋ ਗੁਣਾਂ ਦਾ ਬੋਲ ਬਾਲਾ ਹੁੰਦਾ ਹੈ, ਉਹ ਸ਼ਾਂਤ ਰਹਿੰਦਾ ਹੈ, ਅਨੰਦਮਈ ਹੁੰਦਾ ਹੈ। ਇਸ ਤਰ੍ਹਾਂ ਨਾਲ ਜਗਿਆਸੂ ਹਰ ਮਾਨਸਿਕ, ਸਰੀਰਕ ਕ੍ਰਿਆ ਰਾਹੀਂ ਇਨ੍ਹਾਂ ਤਿੰਨਾਂ ਗੁਣ ਨੂੰ ਪਰਖਦਾ ਹੈ, ਇਸ ਤਰ੍ਹਾਂ ਨਾਲ ਉਹ ਸਾਧਨਾ ਵਿਚ ਕੀਤੀ ਤਰੱਕੀ ਨੂੰ ਵੀ ਜਾਂਚ ਸਕਦਾ ਹੈ ਇਹ ਦੇਖ ਕੇ, ਕਿ ਉਸ ਦੇ ਰੋਜ਼ ਦੇ ਜੀਵਨ ਵਿਚ ਕਿਹੜੇ ਗੁਣ ਵਧੇਰੇ ਪ੍ਰਧਾਨ ਹਨ। ਜਦੋਂ ਉਹ ਉਦਾਸ ਹੁੰਦਾ ਹੈ, ਨਿਰਾਸ ਹੁੰਦਾ ਹੈ, ਦੁਖੀ ਹੁੰਦਾ ਹੈ, ਕਲੇਸ਼ਾਂ ਵਿਚ ਪੈਂਦਾ ਹੈ, ਉਦੋਂ ਤਮੋ ਗੁਣ ਪ੍ਰਧਾਨ ਹੁੰਦਾ ਹੈ, ਜਦੋਂ ਉਹ ਕੁਝ ਕਰਦਾ ਹੈ, ਕਰਨਾ ਚਾਹੁੰਦਾ ਹੈ ਉਦੋਂ ਰਜੋ ਗੁਣਾਂ ਦਾ ਜ਼ੋਰ ਹੁੰਦਾ ਹੈ, ਜਦੋਂ ਉਹ ਸ਼ਾਂਤ ਹੁੰਦਾ ਹੈ, ਅੰਦਰੋਂ ਅਨੰਦ ਮਹਿਸੂਸ ਕਰਦਾ ਹੈ ਉਦੋਂ ਸਤੋ ਗੁਣਾਂ ਦਾ ਪ੍ਰਵਾਹ ਚਲ ਰਿਹਾ ਹੁੰਦਾ ਹੈ। ਯੋਗੀ ਆਪਣੇ ਯੋਗਿਕ ਬਲ ਨਾਲ ਸਦਾ ਸਤੋ ਗੁਣ ਵਿਚ ਵਿਚਰਦੇ ਹਨ, ਉਹ ਸ੍ਵਾਸਾਂ ਤੇ ਧਿਆਨ ਇਕਾਗਰ ਕਰਕੇ ਸਦਾ ਸੁਖਮਨਾ ਨਾੜੀ ਵਿਚ ਹੀ ਉਨ੍ਹਾਂ ਨੂੰ ਰਖਦੇ ਹਨ, ਉਸ ਵਿਚ ਰਹਿੰਦਿਆਂ ਸੁਤੇ ਹੀ ਉਹ ਆਪਣੀ ਚੇਤਨਤਾ ਨੂੰ ਉਪਰ ਲੈ ਜਾਂਦੇ ਹਨ, ਉਪਰ ਦੇ ਪੱਧਰ ਤੇ ਪਹੁੰਚਾ ਲੈਂਦੇ ਹਨ। ਸ਼ਾਂਤੀ ਤੇ ਚੁੱਪ ਸਮਾ-ਚਿਤਤਾ ਦਾ ਪ੍ਰਤੀਕ ਹਨ ਅਤੇ ਸਤੋ ਗੁਣਾਂ ਦਾ ਪ੍ਰਗਟਾਵਾ ਹਨ।

ਤ੍ਰੈ ਗੁਣੀ ਮਾਇਆ ਦਾ ਸਰੋਤ ਜੀਵਨ ਵਿਚੋਂ ਹੀ ਹੈ, ਜੀਵਨ ਹੀ ਹੈ, ਪਰ ਸਰਵੋਤਮ ਇਕ ਇਨ੍ਹਾਂ ਗੁਣਾਂ ਦੇ ਪਿਛੇ ਹੀ ਛੁਪਿਆ ਰਹਿੰਦਾ ਹੈ। ਮਾਇਆ ਨੂੰ ਰੂਹਾਨੀ ਵੀ ਮੰਨਿਆ ਜਾਂਦਾ ਹੈ, ਇਹ ਪ੍ਰਮਾਤਮਾ ਦੀ ਹੀ ਸ਼ਕਤੀ ਹੈ, ਇਹ ਆਮ ਸਾਧਨਾ, ਸੰਜਮ ਨਾਲ ਛੇਤੀਂ ਹਟਾਈ ਨਹੀਂ ਜਾ ਸਕਦੀ। ਇਸ ਤੋਂ ਛੁਟਕਾਰਾ ਪਾਉਣ ਲਈ ਕਰੜੀ ਤਪੱਸਿਆ ਦੀ ਲੋੜ ਹੈ, ਖਾਸ ਸਾਧਨਾ ਦੀ ਲੋੜ ਹੈ, ਉਸ ਤੋਂ ਬਿਨਾਂ ਇਸ ਦੇ ਬੰਧਨ ਨਹੀਂ ਤੋੜੇ ਜਾ ਸਕਦੇ। ਜਦੋਂ ਕੋਈ ਵੀ ਸਾਧਨ ਮਾਇਆ ਤੋਂ ਛੁਟਕਾਰਾ ਪਾਉਣ ਲਈ ਕੰਮ ਨਹੀਂ ਕਰਦਾ ਤਾਂ ਅੰਤ ਵਿਚ ਜਗਿਆਸੂ ਇਸ ਤਰ੍ਹਾਂ ਰੋਂਦਾ ਹੈ, ਵਿਰਲਾਪ ਕਰਦਾ ਹੈ ਜਿਵੇਂ ਛੋਟਾ ਬੱਚਾ ਮਾਂ ਦੀ ਗੋਦੀ ਵਿਚ ਜਾਣ ਲਈ ਕਰਦਾ ਹੈ। ਕੇਵਲ ਉਹ ਇਕ ਹੀ ਸਾਧਨ ਹੈ ਜਿਸ ਨਾਲ ਵਾਹਿਗੁਰੂ ਅਪਾਰ ਕ੍ਰਿਪਾ ਕਰਦੇ ਹਨ, ਜਗਿਆਸੂ ਤੇ ਦਿਆਲ ਹੁੰਦੇ ਹਨ। ਜਦੋਂ ਯੋਗੀ ਆਪਣੀ ਸੱਚੀ ਯੋਗ ਸਾਧਨਾ ਕਰਦਾ ਹੈ ਤੇ ਸਤੋ ਗੁਣ ਪ੍ਰਾਪਤ ਕਰਦਾ ਹੈ ਫੇਰ ਉਸ ਭਾਵ ਨਾਲ ਪ੍ਰਮਾਤਮਾ ਨੂੰ ਚਿਤਵਦਾ ਹੈ, ਫੇਰ ਉਹ ਮਾਇਆ ਜਾਲ ਤੋਂ ਛੁਟਕਾਰਾ ਪਾ ਲੈਂਦਾ ਹੈ। ਤਮੋ ਗੁਣਾਂ ਦੇ ਅਧੀਨ ਹੋ ਕੇ ਜਿਹੜੇ ਮਾਇਆ ਵਿਚ ਗ੍ਰਸੇ ਰਹਿੰਦੇ ਹਨ, ਹਰ ਵੇਲੇ ਵਿਸ਼ੇ ਵਿਕਾਰ ਭੋਗਦੇ ਹਨ, ਭੋਗਣ ਦੀ ਇੱਛਾ ਰਖਦੇ ਹਨ, ਉਹ ਸਦਾ ਦੁਖੀ ਹੀ ਰਹਿੰਦੇ ਹਨ, ਆਪਣੀ ਲਾਲਸਾ ਕਰਕੇ ਉਹ ਆਪਣੇ ਆਪ ਲਈ ਹਨ੍ਹੇਰੇ ਬੰਨ੍ਹ ਲੈਂਦੇ ਹਨ। ਇਹੋ ਜਿਹੇ ਮੂਰਖ ਲੋਕ ਮਨੁੱਖਤਾ ਦੀ ਸਭ ਤੋਂ ਵੱਡੀ, ਪ੍ਰਮਾਤਮਾ ਦੀ ਬਖਸ਼ਿਸ਼ ਗੁਆ ਲੈਂਦੈ ਹਨ।

16. ਹੇ ਅਰਜਨ! ਭੁੱਲੇ ਆਦਮੀ ਜੋ ਮੈਨੂੰ ਭਜਦੇ ਹਨ ਉਹ ਚਾਰ ਪ੍ਰਕਾਰ ਦੇ ਹਨ, ਹੇ ਭਰਤਰਸ਼ਭ! ਦੁਖੀ, ਜਗਿਆਸੂ, ਅਰਥ-ਭਾਵੀ ਤੇ ਗਿਆਨੀ।

17. ਗਿਆਨੀ ਇਨ੍ਹਾਂ ਸਭ ਵਿਚੋਂ ਉਤਮ ਹੈ, ਉਹ ਇਕ ਦੀ ਹੀ ਭਗਤੀ ਕਰਦਾ ਹੈ। ਗਿਆਨੀ ਮੈਨੂੰ ਪਿਆਰ ਕਰਦਾ ਹੈ, ਮੈਂ ਗਿਆਨੀ ਨੂੰ।

18. ਇਹ ਸਾਰੇ ਹੀ ਭਾਵੇਂ ਉਤਮ ਹਨ, ਪਰ ਗਿਆਨੀ ਮੇਰਾ ਹੀ ਰੂਪ ਹੈ। ਇਹ ਮੇਰਾ ਮਤ ਹੈ। ਉਹ ਆਤਮਾ ਨਾਲ ਜੁੜਿਆ ਹੋਇਆ ਹੈ। ਮੈਂ ਜੋ ਪਰਮ ਗਤੀ ਹਾਂ, ਮੇਰੇ ਵਿਚ ਸਥਿਤ ਹੈ।

19. ਬਹੁਤ ਜਨਮਾਂ ਵਿਚ ਭਰਮਣ ਤੋਂ ਬਾਅਦ ਗਿਆਨਵਾਨ ਮਨੁੱਖ ਮੇਰੇ ਤਕ ਪਹੁੰਚਦਾ ਹੈ, ਉਹ ਸਭ ਨੂੰ ਵਾਸਦੇਵ ਹੀ ਸਮਝਦਾ ਹੈ। ਐਸਾ ਮਹਾਤਮਾ ਦੁਰਲੱਭ ਹੈ।

ਸੰਸਾਰ ਵਿਚ ਚਾਰ ਤਰ੍ਹਾਂ ਦੇ ਮਨੁੱਖ ਹਨ ਜਿਹੜੇ ਪ੍ਰਮਾਤਮਾ ਦੇ ਸ਼ਰਧਾਲੂ ਬਣਦੇ ਹਨ। ਇਕ ਤਾਂ ਉਹ ਹਨ ਜਿਹੜੇ ਦੁਖੀ ਹੁੰਦੇ ਹਨ, ਲੋੜਵੰਦ ਹੁੰਦੇ ਹਨ, ਮਾਨਸਿਕ ਤੇ ਸਰੀਰਕ ਦੁਖਾਂ ਨਾਲ ਘਿਰੇ ਹੁੰਦੇ ਹਨ। ਇਨ੍ਹਾਂ ਕੋਲ ਸੰਸਾਰਕ ਧਨ ਵੀ ਨਹੀਂ ਹੁੰਦਾ। ਇਹ ਬਹੁਤ ਦੁਖੀ ਹੁੰਦੇ ਹਨ। ਇਨ੍ਹਾਂ ਨੂੰ ਕਈ ਪ੍ਰਕਾਰ ਦੇ ਰੋਗ ਵੀ ਲੱਗੇ ਹੁੰਦੇ ਹਨ, ਇਹੋ ਜਿਹੇ ਲੋਕੀ ਪ੍ਰਮਾਤਮਾ ਨੂੰ ਪੂਜਦੇ ਹਨ ਤਾਂ ਜੋ ਉਨ੍ਹਾਂ ਦੀਆਂ ਸੰਸਾਰਕ ਲੋੜਾਂ ਪੂਰੀਆਂ ਹੋ ਜਾਣ, ਇਛਾਵਾਂ ਪੂਰੀਆਂ ਹੋ ਜਾਣ। ਇਨ੍ਹਾਂ ਨੂੰ ਆਤਮਾ ਬਾਰੇ ਕੁਝ ਪਤਾ ਨਹੀਂ ਹੁੰਦਾ, ਕੋਈ ਗਿਆਨ ਨਹੀਂ ਹੁੰਦਾ। ਜਦੋਂ ਇਹੋ ਜਿਹੇ ਮਨੁੱਖਾਂ ਦੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ, ਇਹ ਪ੍ਰਮਾਤਮਾ ਨੂੰ ਚੇਤੇ ਕਰਨਾ ਛੱਡ ਦਿੰਦੇ ਹਨ। ਇਹੋ ਜਿਹੇ ਸ਼ਰਧਾਲੂ ਬਹੁਤ ਹੀ ਘਟੀਆ ਕਿਸਮ ਦੇ ਹੁੰਦੇ ਹਨ, ਪਰ ਜੇ ਇਹ ਦੇਖਿਆ ਜਾਵੇ ਕਿ ਸੰਸਾਰ ਵਿਚ ਉਹ ਵੀ ਹਨ ਜਿਹੜੇ ਕਦੀ ਵੀ ਪ੍ਰਮਾਤਮਾ ਨੂੰ ਚੇਤੇ ਹੀ ਨਹੀਂ ਕਰਦੇ, ਉਸ ਦੀ ਹੋਂਦ ਦੀ ਉਨ੍ਹਾਂ ਨੂੰ ਚੇਤਨਤਾ ਹੀ ਨਹੀਂ ਹੈ, ਉਨ੍ਹਾਂ ਨਾਲੋਂ ਤਾਂ ਇਹ ਚੰਗੇ ਹੀ ਹਨ। ਘੱਟੋ ਘੱਟ ਜਦੋਂ ਲੋੜ ਪੈਂਦੀ ਹੈ, ਉਦੋਂ ਤਾਂ ਯਾਦ ਕਰਦੇ ਹੀ ਹਨ ਤੇ ਉਸ ਦੀ ਹੋਂਦ ਨੂੰ ਤਾਂ ਮੰਨਦੇ ਹਨ। ਇਨ੍ਹਾਂ ਦੀ ਪ੍ਰਾਥਨਾ ਅੰਤ ਵਿਚ ਇਨ੍ਹਾਂ ਨੂੰ ਨਿਸੁਆਰਥ ਹੋ ਕੇ ਵਾਹਿਗੁਰੂ ਨੂੰ ਧਿਆਉਣ ਬਾਰੇ ਚੇਤਨ ਕਰਾਉਂਦੀ ਹੈ ਤੇ ਇਹ ਆਤਮ ਸਿੱਧੀ ਵਲ ਤੁਰ ਪੈਂਦੇ ਹਨ, ਜਿਹੜਾ ਜੀਵਨ ਦਾ ਇਕ ਮਾਤਰ ਉਦੇਸ਼ ਹੈ। ਪ੍ਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ਼ ਰਖਣਾ, ਭਾਵੇਂ ਕਿਸੇ ਕਾਰਨ ਕਰਕੇ ਰੱਖਣਾ, ਨਾ ਵਿਸ਼ਵਾਸ਼ ਰਖਣ ਨਾਲੋਂ ਕਿਤੇ ਚੰਗਾ ਹੈ। ਉਹ ਸਚਮੁੱਚ ਹੀ ਕਿੰਨੇ ਮੰਦ ਭਾਗੇ ਹਨ ਜਿਹੜੇ ਆਤਮ ਸਿੱਧੀ ਦਾ ਯਤਨ ਹੀ ਨਹੀਂ ਕਰਦੇ। ਇਸ ਤੋਂ ਭਾਵ ਹੈ ਕਿ ਉਹ ਆਪਣੀ ਹੋਂਦ ਨੂੰ ਵੀ ਨਹੀਂ ਮੰਨਦੇ।

ਦੂਸਰੀ ਤਰ੍ਹਾਂ ਦੇ ਲੋਕ ਉਹ ਹਨ ਜਿਹੜੇ ਗਿਆਨ ਪ੍ਰਾਪਤੀ ਦੀ ਇੱਛਾ ਇਸ ਕਰਕੇ ਰਖਦੇ ਹਨ ਤਾਂ ਜੋ ਉਹ ਮਨੁਖੀ ਸਬੰਧਾਂ ਨੂੰ ਜਾਣ ਸਕਣ,

ਜੀਵਨ ਨੂੰ ਜਾਣ ਸਕਣ, ਵਿਸ਼ਵ ਨੂੰ ਜਾਣ ਸਕਣ। ਇਨ੍ਹਾਂ ਦੀ ਸ਼ਰਧਾ ਦੁਖ ਜਾਂ ਸੰਤਾਪ ਜਾਂ ਅਸੰਤੁਸ਼ਟੀ ਤੋਂ ਪੈਦਾ ਨਹੀਂ ਹੋਈ ਹੁੰਦੀ ਪਰ ਉਸ ਇਕ ਨੂੰ ਜਾਨਣ ਦੀ ਇੱਛਾ ਤੋਂ ਪੈਦਾ ਹੋਈ ਹੁੰਦੀ ਹੈ, ਸੱਚ ਨੂੰ ਜਾਨਣ ਦੀ ਇੱਛਾ ਤੋਂ, ਪ੍ਰਮਾਤਮਾ ਨੂੰ ਜਾਨਣ ਦੀ ਇੱਛਾ ਤੋਂ। ਇਹ ਆਪਣੀ ਬੁੱਧੀ ਅਤੇ ਤੀਬਰ ਇੱਛਾ ਨੂੰ ਸੰਤੁਸ਼ਟ ਕਰਨਾ ਚਾਹੁੰਦੇ ਹਨ, ਇਹ ਇਸ ਲਈ ਆਤਮ ਮਾਰਗ ਤੇ ਤੁਰਦੇ ਹਨ। ਜੇ ਇਹੋ ਜਿਹਾ ਮਨੁੱਖ ਆਤਮ ਮਾਰਗ ਤੇ ਬਹੁਤ ਦੇਰ ਤਕ ਚਲਦਾ ਰਹੇ ਤੇ ਆਪਣੀਆਂ ਪਰਤਾਂ ਖੋਲ੍ਹ ਦੇਵੇ, ਉਥੇ ਤਕ ਪਹੁੰਚ ਜਾਵੇ ਜਿਥੇ ਨਿਰੋਲ ਤਰਕ ਹੈ, ਫੇਰ ਉਹ ਸੰਸਾਰ ਤੇ ਉਸ ਤੱਤ ਦੇ ਭੇਦ ਨੂੰ ਸਮਝ ਲੈਂਦਾ ਹੈ। ਸੋ ਇਹੋ ਜਿਹੇ ਮਨੁੱਖ ਪਹਿਲਾਂ ਵਾਲਿਆਂ ਨਾਲੋਂ ਕਿਤੇ ਉਤਮ ਹਨ ਕਿਉਂਕਿ ਉਹ ਤਾਂ ਬਿਪਤਾ ਵਿਚ ਹੀ ਪ੍ਰਮਾਤਮਾ ਨੂੰ ਚੇਤੇ ਕਰਦੇ ਹਨ। ਉਸ ਇਕ ਨੂੰ ਜਾਨਣ ਦੀ ਇੱਛਾ ਸੰਸਾਰਕ ਇਛਾਵਾਂ ਦੀ ਪੂਰਤੀ ਤੋਂ ਕਿਤੇ ਉਚੀ ਹੈ।

ਤੀਸਰੀ ਕਿਸਮ ਦੇ ਲੋਕ ਉਹ ਹਨ ਜਿਨ੍ਹਾਂ ਨੇ ਵਿਵੇਕ ਨੂੰ ਤੀਖਣ ਕੀਤਾ ਹੈ ਤੇ ਇਹ ਜਾਣਿਆ ਹੈ ਕਿ ਆਤਮਾ ਕੀ ਹੈ ਤੇ ਕੀ ਨਹੀਂ ਹੈ, ਭਾਵ ਜਿਨ੍ਹਾਂ ਨੇ ਨਾਸ਼ਵਾਨ ਤੇ ਅਟੱਲ, ਅਜਰ, ਅਮਰ ਦੇ ਭੇਦ ਨੂੰ ਜਾਣਿਆ ਹੈ। ਇਹੋ ਜਿਹਾ ਜਗਿਆਸੂ ਉਸ ਇਕ ਦੀ ਪ੍ਰਾਪਤੀ ਲਈ ਬਹੁਤ ਹੀ ਸੱਚੀ ਸੁੱਚੀ ਘਾਲਣਾ ਘਾਲਦਾ ਹੈ, ਉਹ ਇਕ ਆਦਰਸ਼ ਗੁਰੂ ਦੀ ਭਾਲ ਕਰਦਾ ਹੈ ਤੇ ਆਤਮ ਮਾਰਗ ਤੇ ਚਲਦਾ ਹੈ ਤੇ ਜੋ ਮਾਰਗ ਦਰਸ਼ਨ ਗੁਰੂ ਕਰਾਉਂਦਾ ਹੈ ਉਹ ਕਰਦਾ ਰਹਿੰਦਾ ਹੈ। ਸਿਮਰਨ ਸਾਧਨਾ ਕਰਕੇ ਉਹ ਆਪਣੀ ਸਾਰੀ ਸ਼ਕਤੀ ਆਤਮ ਸਿੱਧੀ ਲਈ ਹੀ ਲਾ ਦਿੰਦਾ ਹੈ। ਉਹ ਇਕ ਉਤਮ ਕਿਸਮ ਦਾ ਜਗਿਆਸੂ ਹੈ, ਉਸ ਦੀ ਸ਼ਰਧਾ ਸੰਸਾਰਕ ਪਦਾਰਥਾਂ ਕਾਰਨ ਨਹੀਂ ਹੈ, ਸੰਸਾਰਕ ਚਿੰਤਾ ਕਰਕੇ ਨਹੀਂ ਹੈ, ਨਾ ਹੀ ਬੌਧਿਕ ਗਿਆਨ ਕਾਰਨ ਹੈ, ਉਹ ਤਾਂ ਕੇਵਲ ਨਿਰੋਲ ਉਤਮ ਸਤਿ ਦੀ ਭਾਲ ਵਿਚ ਹੈ, ਨਿਰੋਲ ਮਨ ਤੇ ਹਿਰਦੇ ਨਾਲ ਉਹ ਇਸ ਪਾਸੇ ਚਲ ਰਿਹਾ ਹੈ। ਜਿਹੜੇ ਇਸ ਰਸਤੇ ਤੇ ਚਲਦੇ ਰਹੇ ਹਨ ਉਹ ਇਸ ਤੇ ਹੀ ਉਦੋਂ ਤਕ ਚਲਦੇ ਰਹਿੰਦੇ ਹਨ ਜਦੋਂ ਤਕ ਸਤਿ ਦੀ ਪ੍ਰਾਪਤੀ ਨਾ ਕਰ ਲੈਣ।

ਚੌਥੀ ਕਿਸਮ ਦੇ ਲੋਕ ਉਹ ਵਡਭਾਗੇ ਹਨ ਜਿਨ੍ਹਾਂ ਨੂੰ ਗਿਆਨ ਪ੍ਰਾਪਤ ਹੋ ਗਿਆ ਹੈ। ਜਿਸ ਜਗਿਆਸੂ ਨੇ ਆਤਮ ਸਿੱਧੀ ਪ੍ਰਾਪਤ ਕਰ ਲਈ ਹੈ ਉਸ ਲਈ ਹੋਰ ਕੋਈ ਪ੍ਰਾਪਤੀ ਬਾਕੀ ਨਹੀਂ ਰਹਿ ਜਾਂਦੀ, ਉਸ ਨੇ ਤਾਂ ਸਮਾਚਿਤ ਦੀ ਪ੍ਰਾਪਤੀ ਕਰ ਲਈ ਹੈ। ਇਹ ਉਪਰ ਦੱਸੇ ਗਏ ਜਗਿਆਸੂਆਂ ਵਿਚੋਂ ਸਭ ਤੋਂ ਉਤਮ ਹਨ। ਇਹੋ ਜਿਹਾ ਗਿਆਨ ਯੋਗੀ ਸਭ ਤੋਂ ਉਤਮ ਹੈ, ਇਹ ਪ੍ਰਮਾਤਮਾ ਦਾ ਪਿਆਰਾ ਗਿਆਨੀ ਹੈ, ਇਸ ਨੂੰ ਮਹਾਤਮਾ ਕਹਿੰਦੇ ਹਨ। ਇਹੋ ਜਿਹੇ ਮਹਾਤਮਾ ਬਹੁਤ ਘੱਟ ਹਨ। ਇਹੋ ਹੀ ਪੱਥ ਪਦਰਸ਼ਕ ਬਣਦੇ ਹਨ ਤੇ ਜਗਿਆਸੂਆਂ ਨੂੰ ਰਾਹ ਦਿਖਾਉਂਦੇ ਹਨ। ਇਹੋ ਜਿਹੇ ਮਹਾਤਮਾ ਕਾਰਣ ਹੀ ਅਧਿਆਤਮਕ ਗਿਆਨ ਅੱਗੇ ਤੋਂ ਅੱਗੇ ਚਲਦਾ ਰਹਿੰਦਾ ਹੈ।

ਭਾਵੇਂ ਉਤੇ ਦੱਸੀਆਂ ਚਾਰੋਂ ਕਿਸਮਾਂ ਦੇ ਮਨੁੱਖ ਇਕੋ ਪ੍ਰਮਾਤਮਾ ਦੀ ਪੂਜਾ ਕਰਦੇ ਹਨ, ਪਰ ਸਭ ਤੋਂ ਉਤਮ ਉਹ ਹੀ ਹਨ ਜਿਨ੍ਹਾਂ ਨੇ ਆਤਮ ਸਿੱਧੀ ਕਰ ਲਈ ਹੈ, ਸਮਾਚਿਤ ਹਨ, ਸੰਤੁਲਨ ਵਿਚ ਹਨ, ਚੌਥੇ ਪਦ ਵਿਚ ਵਿਚਰਨ ਵਾਲੇ ਤਾਂ ਬਿਲਕੁਲ ਸਥਿਰ ਟਿਕੇ ਹੋਏ, ਦ੍ਰਿੜ੍ਹ ਨਿਸ਼ਚੇ ਵਾਲੇ ਹੁੰਦੇ ਹਨ ਕਿਉਂਕਿ ਉਨ੍ਹਾਂ ਨੇ ਸਤਿ ਨੂੰ ਜਾਣ ਲਿਆ ਹੈ, ਉਹ ਭਲੀ ਪ੍ਰਕਾਰ ਜਾਣਦੇ ਹਨ ਕਿ ਸੰਸਾਰ ਉਸ ਸਤਿ ਦਾ ਹੀ ਪਸਾਰਾ ਹੈ, ਗਿਆਨੀ ਕਦੀ ਵੀ ਥਿੜਕ ਨਹੀਂ ਸਕਦਾ, ਉਹ ਸਥਿਰ ਹੈ, ਦ੍ਰਿੜ੍ਹ ਹੈ ਕਿਉਂਕਿ ਉਹ ਉਸ ਬ੍ਰਹਮ ਨਾਲ ਇਕ ਹੋ ਚੁੱਕਾ ਹੈ ਉਹ ਵੀ ਬ੍ਰਹਮ ਹੋ ਚੁੱਕਾ ਹੈ।

ਜਦੋਂ ਅਸੀਂ ਜੀਵਨ ਬਾਰੇ ਤੇ ਜੀਵਨ ਦੇ ਉਦੇਸ਼ ਬਾਰੇ ਸੋਚਦੇ ਹਾਂ ਤਾਂ ਇਹ ਪ੍ਰਤੱਖ ਹੋ ਜਾਂਦਾ ਹੈ ਕਿ ਇਕ ਜੀਵਨ ਵਿਚ ਸਤਿ ਦੀ ਪ੍ਰਾਪਤੀ ਕਠਿਨ ਹੈ, ਆਤਮ ਸਿੱਧੀ ਤਾਂ ਬੜੇ ਜੀਵਨਾਂ ਦੀ ਘਾਲਣਾ ਨਾਲ ਪ੍ਰਾਪਤ ਹੁੰਦੀ ਹੈ ਤੇ ਜੇ ਕੋਈ ਇਹ ਘਾਲਣਾ ਨਿਰੰਤਰ ਨਿਰਵਿਘਨ ਕਰਦਾ ਰਿਹਾ ਹੋਵੇ ਤਾਂ ਆਤਮ ਸਿੱਧੀ ਪ੍ਰਾਪਤ ਹੁੰਦੀ ਹੈ।

20. ਜਿਨ੍ਹਾਂ ਦਾ ਗਿਆਨ ਕਾਮ ਕਾਰਨ ਭੰਗ ਹੋ ਗਿਆ ਹੈ, ਉਹ ਆਪਣੀ ਆਪਣੀ ਪ੍ਰਕ੍ਰਿਤੀ ਅਨੁਸਾਰ ਕਈ ਇਛਾਵਾਂ ਰਖਦੇ ਹੋਏ ਹੋਰ ਹੋਰ ਦੇਵਤਿਆਂ ਵਲ ਜਾਂਦੇ ਹਨ।

21. ਜੋ ਜੋ ਵੀ ਦੇਵਤਿਆਂ ਨੂੰ ਸ਼ਰਧਾ ਨਾਲ ਪੂਜਦਾ ਹੈ, ਉਸ ਦੀ ਸ਼ਰਧਾ ਮੈਂ ਉਸੇ ਦੇਵਤੇ ਵਿਚ ਦ੍ਰਿੜ੍ਹ ਕਰ ਦਿੰਦਾ ਹਾਂ।

22. ਉਸ ਸ਼ਰਧਾ ਨੂੰ ਮੁੱਖ ਰਖ ਕੇ ਉਹ ਮਨੁੱਖ ਉਸ ਦੇਵਤੇ ਦੀ ਪੂਜਾ ਕਰਦਾ ਹੈ ਤੇ ਆਪਣੀ ਇੱਛਾ ਪੂਰਤੀ ਕਰਦਾ ਹੈ; ਸਫਲ ਕਰਨ ਵਾਲਾ ਮੈਂ ਹੀ ਹਾਂ।

23. ਤੁਛ ਬੁੱਧੀ ਵਾਲੇ ਮਨੁੱਖਾਂ ਦੀਆਂ ਕਾਮਨਾਵਾਂ ਦਾ ਫਲ ਨਾਸ਼ਵਾਨ ਹੈ। ਜੋ ਦੇਵਤਿਆਂ ਦੀ ਉਪਾਸ਼ਨਾ ਕਰਦੇ ਹਨ, ਉਹ ਫਲ ਉਨ੍ਹਾਂ ਨੂੰ ਪ੍ਰਾਪਤ ਹੁੰਦੇ ਹਨ। ਜਿਹੜੇ ਮੇਰੀ ਅਰਾਧਨਾ ਕਰਦੇ ਹਨ ਉਹ ਮੈਨੂੰ ਪ੍ਰਾਪਤ ਹੁੰਦੇ ਹਨ।

ਰਾਹ ਭਾਵੇਂ ਵੱਖਰੇ ਵਖਰੇ ਹਨ ਪਰ ਆਦਰਸ਼ ਸਭ ਦਾ ਇਕ ਹੀ ਹੈ, ਨਿਸ਼ਾਨਾ ਸਭ ਦਾ ਇਕ ਹੀ ਹੈ। ਜਿਨ੍ਹਾਂ ਦੀ ਬੁੱਧੀ ਤੁੱਛ ਹੈ, ਅਲਪ ਹੈ, ਉਨ੍ਹਾਂ ਨੂੰ ਤਾਂ ਜੀਵ ਦੀ ਹੋਂਦ ਦਾ ਵੀ ਗੂੜ੍ਹ ਗਿਆਨ ਨਹੀਂ, ਸੰਸਾਰ ਦਾ ਵੀ ਪਤਾ ਨਹੀਂ, ਉਨ੍ਹਾਂ ਦੀ ਬੁੱਧੀ ਦਾ ਵਿਸਥਾਰ ਹੀ ਨਹੀਂ ਹੋਇਆ, ਉਹ ਵੱਖ-ਵੱਖ ਦੇਵਤਿਆਂ ਦੀ ਪੂਜਾ ਕਰਦੇ ਹਨ ਤੇ ਉਨ੍ਹਾਂ ਰਾਹੀਂ ਆਪਣੀਆਂ ਇਛਾਵਾਂ ਦੀ ਪੂਰਤੀ ਕਰਦੇ ਹਨ ਪਰ ਉਹ ਨਹੀਂ ਜਾਣਦੇ ਕਿ ਸਤਿ ਇਕ ਹੈ, ਜੀਵਨ ਸਰੋਤ ਇਕ ਹੈ, ਇਕ ਦਾ ਹੀ ਪਸਾਰਾ ਹੈ। ਇਕ ਸਤਿ ਦਾ ਪਸਾਰਾ ਅਨੇਕਾਂ ਤਰ੍ਹਾਂ ਕੀਤਾ ਗਿਆ ਹੈ। ਜਦੋਂ ਤੁਸੀਂ ਇਕ ਪਾਸੇ ਦੀ ਪੂਜਾ ਕਰਦੇ ਹੋ, ਸ਼ਾਂਤੀ ਮਿਲਦੀ ਹੈ, ਸਹਾਰਾ ਮਿਲਦਾ ਹੈ ਪਰ ਉਸ ਇਕ ਦੀ ਪ੍ਰਾਪਤੀ ਨਹੀਂ ਹੁੰਦੀ। ਜਿਹੜੇ ਤੱਤ ਨੂੰ ਜਾਣਦੇ ਹਨ, ਉਹ ਹੀ ਮੁਕਤੀ

ਪ੍ਰਾਪਤ ਕਰਦੇ ਹਨ।

ਜਿਹੜਾ ਜਗਿਆਸੂ ਸੰਸਾਰ ਦੇ ਭੋਗ ਭੋਗਣ ਵਿਚ ਰੁਚੀ ਰਖਦਾ ਹੈ, ਉਹ ਆਪਣਾ ਗਿਆਨ ਗੁਆ ਬੈਠਦਾ ਹੈ ਕਿਉਂਕਿ ਇਛਾਵਾਂ, ਪ੍ਰਾਪਤੀ ਵਿਚ ਬਾਧਾ ਬਣਦੀਆਂ ਹਨ। ਇਹੋ ਜਿਹਾ ਜਗਿਆਸੂ ਤਿੰਨਾਂ ਗੁਣਾਂ ਵਿਚ ਹੀ ਵਿਚਰਦਾ ਹੈ ਜਿਹੜੇ ਉਸ ਦੇ ਮਨ ਨੂੰ ਧੁੰਦਲਾਅ ਦਿੰਦੇ ਹਨ, ਉਹ ਕਈ ਹੋਰ ਦੇਵਤਿਆਂ ਆਦਿ ਦੀ ਪੂਜਾ ਕਰਨ ਲਗ ਪੈਂਦਾ ਹੈ, ਹੋਰ ਤਰ੍ਹਾਂ ਦੇ ਉਸ ਦੇ ਅਨੁਭਵ ਤੇ ਪ੍ਰਾਪਤੀਆਂ ਇਸ ਸੰਸਾਰ ਵਿਚ ਹੋ ਜਾਂਦੀਆਂ ਹਨ।

ਇਨ੍ਹਾਂ ਸ਼ਲੋਕਾਂ ਦਾ ਸਬੰਧ ਕੇਵਲ ਦੇਵਤਿਆਂ ਨਾਲ ਨਹੀਂ ਜਿਵੇਂ ਅਸੀਂ ਸੋਚਦੇ ਹਾਂ। ਜਦੋਂ ਕਿਸੇ ਦੀ ਵੀ ਕੋਈ ਵੀ ਤੀਬਰ ਇੱਛਾ ਹੁੰਦੀ ਹੈ ਉਹ ਪੂਰਨ ਹੋਣੀ ਸੁਭਾਵਿਕ ਹੀ ਹੈ। ਜਦੋਂ ਕਿਸੇ ਵੀ ਚੀਜ਼ ਦੀ ਇੱਛਾ ਹੋਵੇ ਭਾਵੇਂ ਕਿਸੇ ਚੀਜ਼ ਨੂੰ ਪ੍ਰਾਪਤ ਕਰਨ ਦੀ, ਭਾਵੇਂ ਕੁਝ ਅਹੁਦਾ ਹਾਸਲ ਕਰਨਾ ਹੋਵੇ, ਉਹ ਪੂਰਨ ਹੁੰਦੀ ਹੈ। ਜੇ ਇੱਛਾ ਤੀਬਰ ਹੋਵੇ, ਪੂਰੀ ਹੋਣੀ ਲਾਜ਼ਮੀ ਹੈ। ਜਦੋਂ ਮਨੁੱਖ ਇੱਛਾ ਪੂਰਤੀ ਪਿਛੇ ਲੱਗਿਆ ਰਹਿੰਦਾ ਹੈ, ਉਹ ਹੀ ਉਸ ਦੇ ਜੀਵਨ ਦਾ ਉਦੇਸ਼ ਬਣ ਜਾਂਦਾ ਹੈ, ਉਹ ਹੀ ਉਸ ਲਈ ਰੱਬ ਦਾ ਰੂਪ ਬਣ ਜਾਂਦਾ ਹੈ, ਉਸ ਇੱਛਾ ਦਾ ਪੂਰਾ ਹੋਣਾ ਹੀ ਰੱਬ ਦੀ ਪ੍ਰਾਪਤੀ ਬਣ ਜਾਂਦੀ ਹੈ। ਮਨੁੱਖ ਨੂੰ ਉਹ ਸਭ ਕੁਝ ਮਿਲ ਜਾਂਦਾ ਹੈ ਜਿਸ ਦੇ ਪਿਛੇ ਉਹ ਲੱਗਾ ਹੋਇਆ ਹੈ। ਪੁਰਾਣੀ ਬਾਈਬਲ ਵਿਚ ਲਿਖਿਆ ਹੋਇਆ ਹੈ ਕਿ ਤੂੰ ਹੋਰ ਕਿਸੇ ਰੱਬ ਨੂੰ ਮੇਰੇ ਤੋਂ ਸਿਵਾ ਨਹੀਂ ਮੰਨੇਗਾ, ਭਾਵ ਕਿਸੇ ਹੋਰ ਚੀਜ਼ ਨੂੰ ਪ੍ਰਾਪਤੀ ਦੀ, ਕਿਸੇ ਅਹੁਦੇ ਦੀ, ਕਿਸੇ ਵਸਤੂ ਪ੍ਰਾਪਤੀ ਦੀ ਲਗਨ ਨਹੀਂ ਰੱਖਣੀ। ਕ੍ਰਿਸ਼ਨ ਜੀ ਕਹਿੰਦੇ ਹਨ ਕਿ ਜੇ ਕਿਸੇ ਦੀਆਂ ਸੰਸਾਰਕ ਇਛਾਵਾਂ ਹਨ, ਉਹ ਪ੍ਰਮਾਤਮਾ ਭਗਤੀ ਰਾਹੀਂ ਪੂਰੀਆਂ ਹੋਣੀਆਂ ਹੀ ਹੋਣੀਆਂ ਹਨ ਪਰ ਇਹ ਇਛਾਵਾਂ ਛਿਨ ਭੰਗਰ ਹਨ, ਸੰਸਾਰਕ ਹਨ। ਜਿਸ ਨੂੰ ਜਿਸ ਚੀਜ਼ ਦੀ ਵੀ ਇੱਛਾ ਹੁੰਦੀ ਹੈ ਉਹ ਪ੍ਰਮਾਤਮਾ ਪੂਰੀ ਕਰਦਾ ਹੀ ਹੈ। ਜੇ ਕੋਈ ਉਸ ਪ੍ਰਮਾਤਮਾ ਦੀ ਇੱਛਾ ਹੀ ਨਹੀਂ ਰਖਦਾ, ਉਸ ਪਰੀਪੂਰਨ ਦੀ ਇੱਛਾ ਨਹੀਂ ਰਖਦਾ, ਉਸ ਨੂੰ ਪ੍ਰਮਾਤਮਾ ਪ੍ਰਾਪਤੀ ਨਹੀਂ ਹੋ ਸਕਦੀ।

ਆਮ ਮਨੁੱਖ ਕੋਈ ਚਿੰਨ੍ਹ ਚੁਣ ਲੈਂਦੇ ਹਨ ਤੇ ਉਸ ਦੀ ਪੂਜਾ ਕਰਨ ਲਗ ਪੈਂਦੇ ਹਨ ਤੇ ਉਸੇ ਨੂੰ ਹੀ ਆਪਣੀ ਸ਼ਰਧਾ ਦਾ ਪ੍ਰਤੀਕ ਬਣਾ ਲੈਂਦੇ ਹਨ। ਮਨੁੱਖ ਉਸੇ ਦੁਆਲੇ ਬਹੁਤ ਸਾਰੇ ਰਸਮੋ-ਰਿਵਾਜ ਪੂਜਾ ਅਰਚਾ ਕਰਨ ਲਗ ਪੈਂਦਾ ਹੈ। ਮਨੁੱਖ ਨੂੰ ਕੋਈ ਸਾਖਸ਼ਾਤ ਰੂਪ ਦੀ ਲੋੜ ਹੈ, ਕਿਸੇ ਚਿਹਰੇ, ਕਿਸੇ ਠੋਸ ਚੀਜ਼ ਦੀ ਲੋੜ ਹੈ। ਉਹ ਨਿਰਾਕਾਰ ਨੂੰ ਆਪਣੇ ਵਿਚਾਰਾਂ ਵਿਚ ਲਿਆ ਕੇ ਉਸ ਦਾ ਗਿਆਨ ਨਹੀਂ ਲੈ ਸਕਦਾ। ਜਿਹੜੇ ਮਨੁੱਖ ਆਪਣੀ ਬੁੱਧੀ ਨਾਲ ਹੀ ਕੰਮ ਕਰਦੇ ਹਨ, ਉਹ ਨਿਰਾਕਾਰ ਤੇ ਉਸ ਦੀਆਂ ਸ਼ਕਤੀਆਂ ਤੇ ਹੋਰ ਗੱਲਾਂ ਦੇ ਵਿਸਥਾਰ ਦਾ ਅੰਦਾਜ਼ਾ ਹੀ ਨਹੀਂ ਲਗਾ ਸਕਦੇ। ਅੱਜ ਬਹੁਤ ਸਾਰੇ ਧਰਮ ਇਸ ਤਰ੍ਹਾਂ ਦੇ ਹਨ ਜਿਹੜੇ ਇਹ ਸੋਚਦੇ ਹਨ ਕਿ ਪ੍ਰਮਾਤਮਾ ਦਾ ਕੋਈ ਮਨੁੱਖੀ ਰੂਪ ਹੈ ਤੇ ਉਹ ਉਨ੍ਹਾਂ ਦੀਆਂ ਇਛਾਵਾਂ ਪੂਰੀਆਂ ਕਰਦਾ ਹੈ ਜਿਹੜੇ ਉਸ ਅੱਗੇ ਬੇਨਤੀਆਂ ਕਰਦੇ ਹਨ,

ਜੋਦੜੀ ਕਰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ, ਇਹ ਇਕ ਬਹੁਤ ਵੱਡੀ ਗੱਲ ਹੈ ਤੇ ਕਿਸੇ ਹੱਦ ਤਕ ਬਹੁਤ ਸਹਾਇਕ ਵੀ ਹੈ ਪਰ ਮਨੁੱਖ ਆਪਣੀ ਸਮਝ ਦੇ ਛੋਟੇ ਜਿਹੇ ਘੇਰੇ ਵਿਚ ਬੰਦ ਹੈ, ਉਸ ਵਿਚੋਂ ਨਿਕਲਣਾ ਬਹੁਤ ਔਖਾ ਹੈ। ਆਮ ਮਨੁੱਖ ਪ੍ਰਮਾਤਮਾ ਦੀ ਪੂਜਾ ਕਰਦਾ ਹੈ, ਉਸ ਦੀ ਹੋਂਦ ਨੂੰ ਮੰਨਦਾ ਹੈ ਪਰ ਇਹ ਨਹੀਂ ਜਾਣਦਾ ਕਿ ਕੇਵਲ ਇਕ ਹੀ ਸਤਿ ਹੈ, ਇਕ ਤੋਂ ਬਿਨਾਂ ਏਥੇ ਹੈ ਹੀ ਕੋਈ ਨਹੀਂ।

ਕ੍ਰਿਸ਼ਨ ਜੀ ਅਰਜਨ ਨੂੰ ਦਸਦੇ ਹਨ - ਮਨੁੱਖਤਾ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਇਕ ਕੇਵਲ ਉਹ ਹਨ ਜਿਹੜੇ ਇੰਦ੍ਰੀਆਂ ਦਾ ਭੋਗ ਭੋਗਣ ਹੀ ਆਏ ਹਨ ਤੇ ਉਹ ਉਸ ਵਿਚ ਹੀ ਲੱਗੇ ਹੋਏ ਹਨ; ਦੂਸਰੇ ਉਹ ਹਨ ਜਿਹੜੇ ਜਗਿਆਸਾ ਕਾਰਣ ਪ੍ਰਮਾਤਮਾ ਨੂੰ ਜਾਨਣਾ ਚਾਹੁੰਦੇ ਹਨ ਤੇ ਮੰਨਦੇ ਹਨ ਭਾਵ ਜਾਨਣ ਵਾਸਤੇ ਹੀ ਮੰਨਦੇ ਹਨ। ਤੀਸਰੇ ਉਹ ਹਨ ਜੋ ਬਹੁਤ ਥੋੜ੍ਹੇ ਹਨ ਜਿਹੜੇ ਯੋਗ ਦੇ ਮਾਰਗ ਤੇ ਚੱਲ ਕੇ ਸਤਿ ਦੀ ਪ੍ਰਾਪਤੀ ਕਰਦੇ ਹਨ; ਚੌਥੇ ਉਹ ਹਨ ਜੋ ਬਹੁਤ ਹੀ ਥੋੜ੍ਹੇ ਹਨ, ਵਿਰਲੇ ਵਿਰਲੇ ਹਨ, ਜਿਹੜੇ ਆਤਮ ਸਿੱਧੀ ਪ੍ਰਾਪਤ ਕਰ ਚੁੱਕੇ ਹਨ ਤੇ ਦੂਸਰਿਆਂ ਨੂੰ ਰਾਹ ਦਿਖਾ ਸਕਦੇ ਹਨ।

ਆਮ ਮਨੁੱਖ ਆਪਣੇ ਗੁਣਾਂ ਦੇ ਅਨੁਸਾਰ ਜਿਹੜਾ ਵੀ ਗੁਣ ਉਸ ਵਿਚ ਪ੍ਰਧਾਨ ਹੁੰਦਾ ਹੈ, ਉਸ ਅਨੁਸਾਰ ਸੋਚਦਾ ਹੈ, ਕਰਮ ਕਰਦਾ ਹੈ, ਪੂਜਾ ਅਰਚਾ ਕਰਦਾ ਹੈ। ਕ੍ਰਿਸ਼ਨ ਜੀ ਦਸਦੇ ਹਨ ਕਿ ਜਿਸ ਨੂੰ ਆਤਮਾ ਦਾ ਕੋਈ ਗਿਆਨ ਨਹੀਂ, ਕੁਝ ਜਾਣਦਾ ਹੀ ਨਹੀਂ, ਅਗਿਆਨੀ ਹੈ, ਉਹ ਤਾਂ ਪੂਜਾ ਅਰਚਾ ਦਾ ਮਖੌਲ ਹੀ ਉਡਾਉਂਦਾ ਹੈ ਕਿਉਂਕਿ ਉਹ ਅਗਿਆਨੀ ਹੈ। ਜਿਨ੍ਹਾਂ ਨੂੰ ਸਤ ਦਾ, ਤੱਤ ਦਾ ਕੋਈ ਗਿਆਨ ਨਹੀਂ, ਜਿਹੜੇ ਉਸ ਤੱਤ ਦੀ ਹੋਂਦ ਨੂੰ ਜਾਣਦੇ ਹੀ ਨਹੀਂ, ਉਹ ਨਾ ਕੇਵਲ ਪ੍ਰਮਾਤਮਾ ਵਲ ਇਕ ਲੋਭੀ ਦੀ ਤਰ੍ਹਾਂ ਖਿਚੇ ਹੋਏ ਉਸ ਦੀ ਪੂਜਾ ਅਰਚਾ ਕਰਦੇ ਹਨ, ਉਹ ਸਤਿ ਨਹੀਂ ਜਾਣਦੇ ਪਰ ਜਿਹੜੇ ਕੋਈ ਵੀ ਨਿਸ਼ਾਨ ਦੀ ਪੂਜਾ ਨਹੀਂ ਕਰਦੇ, ਜਿਨ੍ਹਾਂ ਦੇ ਮਨ ਸਥਾਈ, ਸਥਿਰ ਹੋ ਚੁੱਕੇ ਹਨ, ਫੁਰਨੇ ਰਹਿਤ ਹੋ ਚੁੱਕੇ ਹਨ, ਜਿਹੜੇ ਸਮਾਚਿਤ ਹੋ ਚੁੱਕੇ ਹਨ, ਉਹ ਵਾਸਤਵ ਵਿਚ ਮੁਕਤ ਹੋ ਚੁੱਕੇ ਹਨ।

24. ਬੁੱਧੀ ਤੋਂ ਖਾਲੀ ਮਨੁੱਖ ਮੈਨੂੰ ਵਿਅਕਤ ਕਰਕੇ ਹੀ ਜਾਣਦੇ ਹਨ ਜਦੋਂ ਕਿ ਮੈਂ ਅਵਿਅਕਤ ਹਾਂ। ਇਹ ਮੇਰੇ ਅਬਿਨਾਸ਼ੀ ਸਰੂਪ ਤੇ ਪਰਮ ਸਰੂਪ ਨੂੰ ਨਹੀਂ ਜਾਣਦੇ।

25. ਮੈਂ ਸਭ ਲਈ ਪ੍ਰਤੱਖ ਨਹੀਂ ਹਾਂ, ਮੈਂ ਯੋਗ ਮਾਇਆ ਦੇ ਪੜਦੇ ਪਿਛੇ ਲੁਕਿਆ ਹੋਇਆ ਹਾਂ, ਇਹ ਮਾਇਆਧਾਰੀ ਮੇਰੇ ਅਵਿਨਾਸ਼ੀ ਤੇ ਅਜਨਮ ਸਰੂਪ ਤੋਂ ਗਿਆਤ ਨਹੀਂ।

26. ਹੇ ਅਰਜਨ! ਮੈਂ ਭੂਤ ਭਵਿੱਖ ਤੇ ਵਰਤਮਾਨ ਤਿੰਨਾਂ ਕਾਲਾਂ ਦੇ ਪ੍ਰਾਣੀਆਂ ਨੂੰ ਜਾਣਦਾ ਹਾਂ ਪਰ ਮੈਨੂੰ ਕੋਈ ਨਹੀਂ ਜਾਣਦਾ।

27. ਹੇ ਭਾਰਤ! ਇਸ ਸੰਸਾਰ ਵਿਚ ਰਾਗ, ਦ੍ਵੈਸ਼ ਤੋਂ ਉਤਪੰਨ ਦਵੰਦ

ਅਤੇ ਮੋਹ ਦੇ ਵਸ ਹੋ ਕੇ ਸਭ ਜੀਵ ਭਰਮ ਵਿਚ ਫਸੇ ਹੋਏ ਸੰਸਾਰ ਵਿਚ ਚਲ ਰਹੇ ਹਨ, ਹੇ ਪਰਤੰਤਰ।

ਸਤਿ ਕਦੀ ਖਤਮ ਨਹੀਂ ਹੁੰਦਾ, ਕਦੀ ਨਹੀਂ ਮਰਦਾ, ਇਹ ਸਰਵੋਤਮ ਹੈ। ਪ੍ਰਮਾਤਮਾ ਤਿੰਨਾਂ ਕਾਲਾਂ ਦੇ ਜੀਵਨ ਨੂੰ ਜਾਣਦਾ ਹੈ – ਭੂਤ, ਭਵਿੱਖ ਤੇ ਵਰਤਮਾਨ, ਪਰ ਪ੍ਰਮਾਤਮਾ ਨੂੰ ਕੋਈ ਨਹੀਂ ਜਾਣਦਾ, ਪ੍ਰਮਾਤਮਾ ਆਪਣੀ ਪਸਾਰੀ ਹੋਈ ਮਾਇਆ ਦੇ ਪਿਛੇ ਹੀ ਲੁਕਿਆ ਬੈਠਾ ਹੈ, ਉਸ ਦੀ ਪ੍ਰਾਪਤੀ ਕੋਈ ਸੌਖੀ ਨਹੀਂ। ਅਗਿਆਨੀ ਇਹ ਸਚਾਈ ਨਹੀਂ ਜਾਣਦੇ, ਉਹ ਤਾਂ ਸੰਸਾਰ ਦੇ ਭੋਗਾਂ ਵਿਚ ਗ੍ਰਸੇ ਪਏ ਹਨ, ਉਹ ਤਾਂ ਪ੍ਰਮਾਤਮਾ ਤੇ ਉਸ ਦੇ ਅਵਤਾਰਾਂ ਨੂੰ ਜਾਣਦੇ ਹੀ ਨਹੀਂ, ਅਗਿਆਨੀ, ਅਵਿਨਾਸ਼ੀ ਅਜਰ, ਅਟੱਲ, ਅਮਰ, ਜਨਮ ਤੋਂ ਰਹਿਤ ਨੂੰ ਜਾਨਣ ਦੀ ਸਮਰਥਾ ਹੀ ਨਹੀਂ ਰਖਦੇ। ਇਛਾਵਾਂ ਦ੍ਵੰਦ ਦੀ ਜੜ੍ਹ ਹਨ; ਖੁਸ਼ੀ ਹੋਏਗੀ ਤਾਂ ਸੰਤਾਪ ਵੀ ਹੋਵੇਗਾ, ਹਰ ਕੋਈ ਦਵੰਦ ਵਿਚ ਹੈ, ਉਸੇ ਲੋਭ ਵਿਚ ਡੁੱਬਿਆ ਪਿਆ ਹੈ ਤੇ ਜਿਹੜੇ ਏਸ ਦਵੰਦ ਵਿਚ ਹਨ, ਉਹ ਉਸ ਇਕ ਸਤਿ ਨੂੰ ਜਾਣ ਨਹੀਂ ਸਕਦੇ, ਉਸ ਦੀ ਸ਼ਾਨ ਨੂੰ ਨਹੀਂ ਜਾਣ ਸਕਦੇ, ਉਨ੍ਹਾਂ ਦਾ ਮਨ ਤੇ ਗਿਆਨ ਇੰਦ੍ਰੀਆਂ ਸਦਾ ਸੰਸਾਰ ਦੇ ਸੁੱਖ ਤੇ ਭੋਗਾਂ ਵਿਚ ਹੀ ਲੱਗੀਆਂ ਰਹਿੰਦੀਆਂ ਹਨ, ਉਹ ਆਪਾ ਸੁਧਾਰਣ ਦਾ ਸੋਚਦੇ ਹੀ ਨਹੀਂ। ਜਿਹੜੇ ਵਡਭਾਗੇ ਲੋਭ ਤੋਂ ਮੁਕਤ ਹਨ, ਦਵੰਦ ਤੋਂ ਮੁਕਤ ਹਨ, ਮੋਹ ਤੋਂ ਬਚੇ ਹੋਏ ਹਨ ਉਹ ਸਦਾ ਉਸ ਪਿਆਰੇ ਦੇ ਚਰਨੀਂ ਹੀ ਰਹਿੰਦੇ ਹਨ, ਸਦਾ ਉਸ ਦੇ ਨਾਲ ਅਭੇਦ ਹਨ।

ਸੰਸਾਰਕ ਵਸਤੂਆਂ ਦੀ ਕਲਪਨਾ ਕਰਨੀ, ਉਨ੍ਹਾਂ ਦਾ ਧਿਆਨ ਕਰਨਾ ਹੋਰ ਦਵੰਦ ਪੈਦਾ ਕਰਦਾ ਹੈ। ਪਰ ਉਹ ਜਗਿਆਸੂ ਜਿਹੜਾ ਇਨ੍ਹਾਂ ਗੱਲਾਂ ਬਾਰੇ ਚੇਤਨ ਹੈ, ਉਹ ਕੇਵਲ ਸਤਿ ਦਾ ਹੀ ਧਿਆਨ ਕਰਦਾ ਹੈ, ਉਸ ਦੀ ਹੀ ਕਲਪਨਾ ਕਰਦਾ ਹੈ, ਸਵੈ-ਅਨੁਸ਼ਾਸ਼ਨ ਨਾਲ ਇਹੋ ਜਿਹਾ ਜਗਿਆਸੂ ਅਲੌਕਿਕ ਸ਼ਕਤੀਆਂ ਪ੍ਰਾਪਤ ਕਰ ਲੈਂਦਾ ਹੈ, ਸਰਵੋਤਮ ਗਿਆਨ ਦੀ ਸ਼ਕਤੀ ਪ੍ਰਾਪਤ ਕਰ ਲੈਂਦਾ ਹੈ, ਅਨੁਭਵੀ ਹੋ ਜਾਂਦਾ ਹੈ ਜੋ ਕਿ ਸਾਰੇ ਗਿਆਨ ਦਾ ਸਰੋਤ ਹੈ। ਬਹੁਤ ਸਾਰੇ ਜਗਿਆਸੂ ਪ੍ਰਗਟ ਤੇ ਅਪ੍ਰਗਟ ਵਿਚ ਫਰਕ ਹੀ ਨਹੀਂ ਜਾਣਦੇ। ਅਵਿਅਕਤ ਤੋਂ ਭਾਵ ਹੈ ਨਾ ਜਾਣੇ ਜਾਣ ਵਾਲਾ, ਨਾ ਦੇਖੇ ਜਾ ਸਕਣ ਵਾਲਾ; ਵਿਅਕਤ ਤੋਂ ਭਾਵ ਹੈ ਦੇਖਿਆ ਜਾ ਸਕਣ ਵਾਲਾ, ਗਿਆਨ ਇੰਦ੍ਰੀਆਂ ਨਾਲ ਅਨੁਭਵ ਹੋ ਸਕਣ ਵਾਲਾ, ਸਾਧਕ ਵਿਅਕਤ ਤੋਂ ਅੱਗੇ ਜਾ ਕੇ ਅਵਿਅਕਤ ਦੀ ਪ੍ਰਾਪਤੀ ਕਰਨਾ ਚਾਹੁੰਦਾ ਹੈ ਪਰ ਅਗਿਆਨੀ ਤਾਂ ਮਾਇਆ ਤੋਂ ਅੱਗੇ ਜਾ ਹੀ ਨਹੀਂ ਸਕਦਾ, ਉਹ ਤਾਂ ਪੂਰੀ ਤਰ੍ਹਾਂ ਲੋਭ ਮੋਹ ਵਿਚ ਧੱਸਿਆ ਪਿਆ ਹੈ, ਅਗਿਆਨੀ ਨੂੰ ਪਤਾ ਹੀ ਨਹੀਂ ਕਿ ਭੋਗਾਂ ਤੋਂ ਅੱਗੇ ਵੀ ਕੁਛ ਹੈ, ਉਨ੍ਹਾਂ ਦਾ ਮਨ ਹਰ ਸਮੇਂ ਭੋਗ ਭੋਗਣ ਵਿਚ ਹੀ ਲੱਗਾ ਰਹਿੰਦਾ ਹੈ, ਉਨ੍ਹਾਂ ਨੂੰ ਅਣਦਿਸਦੇ ਜੀਵਨ ਦਾ ਕੋਈ ਅਭਾਸ ਹੀ ਨਹੀਂ, ਉਨ੍ਹਾਂ ਨੂੰ ਪ੍ਰਮਾਤਮਾ ਦੀ ਹੋਂਦ ਦਾ ਕੋਈ ਅਹਿਸਾਸ ਨਹੀਂ, ਸਤਿ ਅਨੰਦ ਤੋਂ ਉਹ ਬਿਲਕੁਲ ਜਾਣੂੰ ਨਹੀਂ ਹਨ। ਅਗਿਆਨੀ ਅਨਾਤਮ ਨੂੰ ਸੱਚ ਸਮਝਦੇ ਹਨ, ਸਤਿ ਨੂੰ ਉਹ ਸੋਚ ਹੀ ਨਹੀਂ ਸਕਦੇ, ਸਮੁੱਚੇ ਪ੍ਰਮਾਤਮਾ ਬਾਰੇ ਜਾਨਣਾ ਉਨ੍ਹਾਂ ਦੇ ਵਸ ਵਿਚ ਨਹੀਂ। ਸਮੁੱਚੇ ਨੂੰ ਜਾਨਣਾ ਹੀ ਗਿਆਨ ਹੈ, ਪਰ

ਉਸ ਸਮੁੱਚੇ ਨੂੰ ਇਕ ਮਨੁੱਖ ਰੂਪ ਵਿਚ ਸੋਚਣਾ ਦੇਖਣਾ ਬੜਾ ਭਾਰੀ ਅਗਿਆਨ ਹੈ।

ਉਸ ਦੇ ਭਾਗ ਨੂੰ ਸਮੁੱਚ ਸਮਝਣਾ ਬੜੀ ਭਾਰੀ ਗਲਤੀ ਹੈ ਜਿਵੇਂ ਕਿ ਸਾਗਰ ਦੀ ਲਹਿਰ ਸਾਗਰ ਨਹੀਂ ਹੁੰਦੀ, ਇਸ ਤਰ੍ਹਾਂ ਹੀ ਇਹ ਸਾਰੀ ਸ੍ਰਿਸ਼ਟੀ ਉਹ ਨਹੀਂ ਹੈ ਕੇਵਲ ਉਸ ਦਾ ਪ੍ਰਗਟਾਵਾ ਹੈ। ਉਸ ਸਮੁੱਚੇ ਨੂੰ ਮਨੁੱਖ ਦਾ ਆਕਾਰ ਦੇਣ ਤੋਂ ਭਾਵ ਹੈ ਕਿ ਉਸ ਸਮੁੱਚੇ ਨੂੰ ਵੰਡ ਦੇਣਾ, ਉਸ ਦੇ ਭਾਗ ਕਰ ਦੇਣੇ। ਸੂਰਜ, ਚੰਦਰਮਾ, ਸਤਾਰੇ, ਪੁਲਾੜ, ਧਰਤੀ, ਅੱਗ, ਪਾਣੀ ਉਸ ਸਮੁੱਚੇ ਦਾ ਪਸਾਰਾ ਹਨ, ਉਸ ਅਨੰਤਤਾ ਦਾ ਅਸੀਮ ਦਾ ਹਿੱਸਾ ਹਨ। ਵਿਸ਼ਵ ਹੀ ਕਲਪਨਾ ਤੇ ਧਿਆਨ ਕਰਨ ਨਾਲੋਂ, ਗਿਆਨੀ ਸਮੁੱਚੇ ਤੇ ਹੀ ਧਿਆਨ ਲਗਾਉਂਦੇ ਹਨ, ਉਹ ਜਿਹੜਾ ਜੀਵਨ ਦਾ ਵਿਸ਼ਵ ਦਾ ਸਭ ਦਾ ਸਰੋਤ ਹੈ, ਜਿਹੜਾ ਇਹ ਸਾਰੀ ਸ੍ਰਿਸ਼ਟੀ ਚਲਾਉਂਦਾ ਹੈ। ਅਗਿਆਨੀ ਅਗਿਆਨ ਕਾਰਨ ਦੇਵੀ ਦੇਵਤਿਆਂ ਦੀ ਪੂਜਾ ਕਰਨ ਲਗ ਪੈਂਦੇ ਹਨ, ਜਿਨ੍ਹਾਂ ਦੇ ਮਨ ਖਿੰਡੇ ਹੋਏ ਹਨ ਉਨ੍ਹਾਂ ਦਾ ਮਨ ਉਨ੍ਹਾਂ ਦੇ ਕਾਬੂ ਨਹੀਂ, ਉਹ ਕੇਵਲ ਕਿਸੇ ਆਕਾਰ ਤੇ ਹੀ ਧਿਆਨ ਲਗਾ ਸਕਦੇ ਹਨ ਪਰ ਹੌਲੀ ਹੌਲੀ ਉਹ ਨਿਰਾਕਾਰ ਤੇ ਜਾ ਸਕਦੇ ਹਨ, ਨਿਰਾਕਾਰ ਤੇ ਆਪਣਾ ਧਿਆਨ ਕੇਂਦਰਤ ਕਰ ਸਕਦੇ ਹਨ।

ਧਿਆਨ ਲਗਾਉਣ ਦੇ ਦੋ ਪੱਖ ਹਨ; ਇਕ ਉਹ ਹਨ ਜਿਹੜੇ ਕਿਸੇ ਵੀ ਆਕਾਰ ਤੇ ਧਿਆਨ ਲਗਾਂਦੇ ਹਨ; ਦੂਸਰੇ ਨਿਰਾਕਾਰ ਤੇ ਕਿਉਂਕਿ ਸਾਧਾਰਨ ਮਨ ਨਿਰਾਕਾਰ ਤੇ ਛੇਤੀਂ ਧਿਆਨ ਨਹੀਂ ਲਗਾ ਸਕਦਾ, ਉਸ ਲਈ ਆਕਾਰ ਦੀ ਲੋੜ ਹੈ - ਖਾਸ ਕਰਕੇ ਸ਼ੁਰੂ ਵਿਚ, ਤਾਂ ਜੋ ਉਸ ਦਾ ਮਨ ਇਕਾਗਰ ਹੋ ਸਕੇ। ਅੰਤ ਵਿਚ ਧਿਆਨ ਬਹੁਤ ਡੂੰਘਾ ਚਲਿਆ ਜਾਣਾ ਚਾਹੀਦਾ ਹੈ ਜਿਥੇ ਨਾ ਕੋਈ ਆਕਾਰ ਹੋਵੇ, ਨਾ ਕੋਈ ਨਾਮ।

28. ਜਿਨ੍ਹਾਂ ਜੀਵ ਆਤਮਾਵਾਂ ਦੇ ਪਾਪ ਦੂਰ ਹੋ ਗਏ ਹਨ, ਦ੍ਵੰਦ ਵਿਚੋਂ ਛੁਟ ਗਏ ਹਨ, ਉਹ ਦ੍ਰਿੜ੍ਹ ਹੋ ਕੇ ਮੇਰਾ ਭਜਨ ਕਰਦੇ ਹਨ।

29. ਜਿਹੜੇ ਮੇਰੀ ਸ਼ਰਨ ਆਉਂਦੇ ਹਨ, ਬੁਢਾਪੇ ਤੇ ਮਰਨ ਦੇ ਦੁੱਖ ਤੋਂ ਛੁਟ ਜਾਣ ਦਾ ਜਤਨ ਕਰਦੇ ਹਨ, ਉਹ ਬ੍ਰਹਮ, ਆਤਮ ਗਿਆਨ ਤੇ ਕਰਮ ਨੂੰ ਜਾਣਦੇ ਹਨ।

30. ਜੋ ਮੈਨੂੰ ਅਧਿਭੂਤ, ਅਧਿਦੈਵ ਅਤੇ ਅਧਿਯੱਗ ਜਾਣਦੇ ਹਨ ਉਹ ਯੁਕਤ-ਚਿੱਤ ਵਾਲੇ ਦੇਹ ਤਿਆਗਣ ਸਮੇਂ ਵੀ ਮੈਨੂੰ ਜਾਣਦੇ ਹਨ।

ਸੋਝੀ ਨਾਲ ਤੇ ਸ਼ਰਧਾ ਪੂਰਵਕ ਕੀਤੇ ਕਰਮ ਹੀ ਪ੍ਰਬੀਨਤਾ ਲਿਆ ਸਕਦੇ ਹਨ। ਜਦੋਂ ਮਨ ਨੂੰ ਕੇਵਲ ਇਕ ਹੀ ਦਿਸ਼ਾ ਵਿਚ ਲਗਾ ਲਿਆ ਜਾਵੇ, ਸਾਰੀਆਂ ਸ਼ਕਤੀਆਂ ਆਤਮ ਸਿੱਧੀ ਵਲ ਲਗਾ ਦਿਤੀਆਂ ਜਾਣ, ਸਾਰੇ ਕਰਮ ਪੂਜਾ ਹੀ ਬਣ ਜਾਂਦੇ ਹਨ। ਜਗਿਆਸੂ ਆਪਣੇ ਆਪ ਨੂੰ ਸਤਿ, ਚਿੱਤ, ਅਨੰਦ ਬਣਾ ਲੈਂਦਾ ਹੈ। ਉਹ ਇਹ ਵੀ ਜਾਣ ਜਾਂਦਾ ਹੈ ਕਿ ਪੂਜਾ ਕਰਨ ਵਾਲਾ ਤੇ ਕਰਾਉਣ ਵਾਲਾ ਇਕ ਹੀ ਹੈ। ਸਾਗਰ ਦੇ ਸਾਰੇ ਗੁਣ

ਉਸ ਦੀ ਇਕ ਬੂੰਦ ਵਿਚ ਵੀ ਮੌਜੂਦ ਹੁੰਦੇ ਹਨ, ਉਨ੍ਹਾਂ ਦੇ ਗੁਣ ਇਕ ਹੀ ਹੁੰਦੇ ਹਨ, ਸਤਿ ਦੀ ਪ੍ਰਾਪਤੀ ਕਰਕੇ ਜਗਿਆਸੂ ਜੀਵਨ ਮਨੋਰਥ ਪੂਰਾ ਕਰਦਾ ਹੈ ਅਤੇ ਪੂਰਨਤਾ ਪ੍ਰਾਪਤ ਕਰਦਾ ਹੈ, ਫੇਰ ਉਸ ਨੂੰ ਦੂੰਦ ਛੂਹ ਵੀ ਨਹੀਂ ਸਕਦਾ।

ਜਿਨ੍ਹਾਂ ਨੇ ਸੱਚੇ ਯਤਨ ਕੀਤੇ ਹਨ, ਘਾਲਣਾ ਘਾਲੀਆਂ ਹਨ ਉਹ ਬੁਢਾਪੇ ਤੋਂ ਤੇ ਮਰਨ ਤੋਂ ਛੁਟਕਾਰਾ ਪਾ ਲੈਂਦੇ ਹਨ। ਆਮ ਤੌਰ ਤੇ ਬੁਢੇਪੇ ਵਿਚ ਮਨ ਭੂਤਕਾਲ ਦੀਆਂ ਸੋਚਾਂ ਸੋਚਦਾ ਰਹਿੰਦਾ ਹੈ ਪਰ ਜਦੋਂ ਜਗਿਆਸੂ ਬਣ ਕੇ ਸਿਮਰਨ ਸਮਾਧੀ ਵਿਚ ਲਗ ਜਾਂਦਾ ਹੈ ਤਾਂ ਅੰਤਰਮੁਖੀ ਹੋ ਜਾਂਦਾ ਹੈ ਤੇ ਧਿਆਨ ਦੂਸਰਿਆਂ ਪਾਸਿਆਂ ਵਿਚ ਨਹੀਂ ਜਾਂਦਾ, ਫੇਰ ਮਰਨ ਦਾ ਰਹੱਸ ਵੀ ਉਸ ਨੂੰ ਪਤਾ ਲਗ ਜਾਂਦਾ ਹੈ ਤੇ ਇਹ ਸਮਝ ਵੀ ਆ ਜਾਂਦੀ ਹੈ ਕਿ ਆਤਮਾ ਮਰਨ ਤੋਂ ਬਾਅਦ ਵੀ ਜੀਵਤ ਰਹਿੰਦੀ ਹੈ। ਆਤਮਾ ਅਜਰ, ਅਮਰ, ਅਟੱਲ ਹੈ, ਕੇਵਲ ਇਹ ਸਰੀਰ ਹੀ ਖਤਮ ਹੁੰਦਾ ਹੈ। ਉਸ ਨੂੰ ਮਰਨ ਦਾ ਡਰ ਨਹੀਂ ਰਹਿੰਦਾ, ਇਥੇ ਤੇ ਅੱਗੇ ਉਹ ਨਿਰਭੈ ਰਹਿੰਦਾ ਹੈ, ਸਭ ਨਾਲ ਹੀ ਉਸ ਨੇ ਇਹ ਨਿਰਭੈਤਾ ਪ੍ਰਾਪਤ ਕੀਤੀ ਹੈ। ਬਹੁਤ ਸਾਰੇ ਜਗਿਆਸੂ ਮਰਨ ਸਮੇਂ ਆਪਣੀ ਚੇਤਨਤਾ ਨੂੰ ਪਰਾ ਚੇਤਨਤਾ ਤੇ ਜੋੜਨ ਦੀ ਕੋਸ਼ਿਸ਼ ਕਰਦੇ ਹਨ ਪਰ ਕਰ ਨਹੀਂ ਸਕਦੇ ਕਿਉਂਕਿ ਉਨ੍ਹਾਂ ਨੂੰ ਅਹਿਸਾਸ ਥੋੜ੍ਹਾ ਹੁੰਦਾ ਹੈ, ਸਮਾਧੀ ਦੀ ਸਥਿਤੀ ਪੱਕੀ ਨਹੀਂ ਹੋਈ ਹੁੰਦੀ, ਉਨ੍ਹਾਂ ਦਾ ਮਨ ਬਾਰ-ਬਾਰ ਆਪਣੇ ਪਿਛੋਕੜ ਨੂੰ ਜਾਂਦਾ ਹੈ। ਪਰ ਜਿਹੜੇ ਜੀਉਂਦਿਆਂ ਪਰਾਚੇਤਨਤਾ ਤੇ ਧਿਆਨ ਲਗਾਉਂਦੇ ਰਹੇ ਹਨ, ਉਹ ਇਸ ਧਰਤੀ ਤੋਂ ਜਾਣ ਲੱਗਿਆਂ, ਨਿਰਭੈ ਹੋ ਕੇ, ਮੁਕਤ ਹੋ ਕੇ ਅਨੰਦ ਵਿਚ ਜਾਂਦੇ ਹਨ।

# ਅੱਠਵਾਂ ਅਧਿਆਇ

## ਸੱਤ ਦਾ ਗਿਆਨ

ਅਰਜਨ ਉਪਵਾਚ –

1. ਹੇ ਪੁਰਸ਼ੋਤਮ! ਬ੍ਰਹਮ ਕੀ ਹੈ? ਅਧਿਆਤਮ ਕੀ ਹੈ? ਕਰਮ ਕੀ ਹੈ? ਅਧਿਭੂਤ ਕੀ ਹੈ? ਅਧਿਦੈਵ ਕੀ ਹੈ?

2. ਹੇ ਮਧੂਸੂਦਨ! ਇਸ ਦੇਹ ਵਿਚ ਅਧਿਯੱਗ ਕੌਣ ਹੈ? ਜਿਸ ਨੇ ਆਪਣੇ ਉਤੇ ਕਾਬੂ ਪਾ ਲਿਆ ਹੈ ਉਹ ਦੇਹ ਤਿਆਗਣ ਸਮੇਂ ਤੁਹਾਨੂੰ ਕਿਸ ਤਰ੍ਹਾਂ ਜਾਣੇ?

3. ਬ੍ਰਹਮ ਅਵਿਨਾਸ਼ੀ ਹੈ, ਉਤਮ ਹੈ, ਉਸ ਦੇ ਸੁਭਾਅ (ਆਤਮ) ਨੂੰ ਅਧਿਆਤਮਕ ਕਿਹਾ ਜਾਂਦਾ ਹੈ। ਸਾਰੇ ਜੀਵਾਂ ਦੀ ਉਤਪਤੀ ਦਾ ਕਾਰਣ ਕਰਮ ਹੈ।

4. ਦੇਹ ਧਾਰੀਆਂ ਵਿਚੋਂ ਸ੍ਰੇਸ਼ਟ! ਨਾਸ਼ਵਾਨ ਭਾਵ ਅਧਿਭੂਤ ਹੈ, ਪੁਰਸ਼ ਅਧਿਦੇਵ ਹੈ ਅਤੇ ਦੇਹੀ ਵਿਚ ਅਧਿਯੱਗ ਮੈਂ ਹਾਂ।

ਸੱਤਵੇਂ ਅਧਿਆਇ ਦੇ ਅੰਤ ਵਿਚ ਕ੍ਰਿਸ਼ਨ ਜੀ ਅਰਜਨ ਨੂੰ ਦਸਦੇ ਹਨ ਕਿ ਬ੍ਰਹਮ ਦਾ ਗਿਆਨ ਹੋਣਾ ਚਾਹੀਦਾ ਹੈ, ਅਧਿਆਤਮ ਕਰਮ, ਅਭੀਭੂਤ, ਅਧਿਦੇਵ ਤੇ ਅਧਿਯੁੱਗ ਤੇ ਜਦੋਂ ਕਾਲ ਆ ਜਾਏ, ਮਨੁੱਖ ਨੂੰ ਉਸ ਇਕ ਤੇ ਧਿਆਨ ਲਾਉਣਾ ਚਾਹੀਦਾ ਹੈ। ਅਰਜਨ ਨੂੰ ਇਹ ਸਭ ਸਮਝ ਨਹੀਂ ਆ ਰਿਹਾ, ਉਹ ਇਸ ਸਭ ਕੁਝ ਨੂੰ ਚੰਗੀ ਤਰ੍ਹਾਂ ਸਮਝਣਾ ਚਾਹੁੰਦਾ ਹੈ, ਇਸ ਦੀ ਡੂੰਘਾਈ ਵਿਚ ਜਾਣਾ ਚਾਹੁੰਦਾ ਹੈ।

ਇਸ ਅੱਠਵੇਂ ਅਧਿਆਇ ਵਿਚ ਕ੍ਰਿਸ਼ਨ ਜੀ ਅਰਜਨ ਦੇ ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਉਤਰ ਦਿੰਦੇ ਹਨ। ਪਹਿਲਾਂ ਉਹ ਦਸਦੇ ਹਨ ਕਿ ਬ੍ਰਹਮ ਸਭ ਤੋਂ ਉਤਮ ਨਿਯਮ ਹੈ। ਕੇਵਲ ਇਕ ਬ੍ਰਹਮ ਦਾ ਹੀ ਪਸਾਰਾ ਹੈ। ਬ੍ਰਹਮ ਹੀ ਸਤਿ ਹੈ, ਬ੍ਰਹਮ ਹੀ ਅਟੱਲ ਹੈ, ਬ੍ਰਹਮ ਹੀ ਅਵਿਨਾਸ਼ੀ ਹੈ। ਬ੍ਰਹਮ ਹੀ ਅੰਤਰ ਆਤਮਾ ਹੈ, ਬ੍ਰਹਮ ਹੀ ਇਕ ਸੁਤੰਤਰ ਚੇਤਨਤਾ ਹੈ, ਇਹ ਹੀ ਉਹ ਅਵਸਥਾ ਹੈ ਜਿਥੇ ਕ੍ਰਿਸ਼ਨ ਜੀ ਦਾ ਵਾਸਾ ਹੈ। ਜਗਿਆਸੂ ਇਸ ਚੇਤਨਤਾ ਦੀ ਅਵਸਥਾ ਦੀ ਪ੍ਰਾਪਤੀ ਕਰ ਸਕਦਾ ਹੈ। ਜਿਨ੍ਹਾਂ ਨੇ ਸ਼ਾਂਤੀ ਦੀ ਅਵਸਥਾ ਪ੍ਰਾਪਤ ਕਰ ਲਈ ਹੈ, ਜਿਨ੍ਹਾਂ ਨੇ ਸਮਾਨ ਬਿਰਤੀ ਦੀ ਪ੍ਰਾਪਤੀ ਕਰ ਲਈ ਹੈ ਉਨ੍ਹਾਂ ਨੇ ਬ੍ਰਹਮ ਦੀ ਪ੍ਰਾਪਤੀ ਕਰ ਲਈ ਹੈ।

ਅਧਿਆਤਮ ਸ਼ਬਦ ਦੀ ਵਰਤੋਂ ਬ੍ਰਹਮ ਲਈ ਹੀ ਕੀਤੀ ਗਈ ਹੈ, ਜਿਹੜਾ ਆਤਮਾ ਵਿਚ ਵਸਦਾ ਹੈ। ਬ੍ਰਹਮ ਦੇ ਦੋ ਪੱਖ ਹਨ – ਅਣਦਿਸਦਾ ਤੇ ਦਿਸਦਾ। ਜਿਵੇਂ ਹੀ ਬ੍ਰਹਮ ਆਪਣਾ ਪਸਾਰਾ ਸ਼ੁਰੂ ਕਰਦਾ ਹੈ, ਉਹ ਅਨੁਭਵ ਤੋਂ ਪਰ੍ਹੇ ਅਧਿਆਤਮ ਬਣ ਜਾਂਦਾ ਹੈ ਤੇ ਅਣਦਿਸਦੇ ਦਾ ਸ਼ਰੋਤ

ਬਣ ਜਾਂਦਾ ਹੈ, ਮੂਲ ਪ੍ਰਕ੍ਰਿਤੀ ਬਣ ਜਾਂਦਾ ਹੈ। ਅਧਿਆਤਮ ਤੋਂ ਭਾਵ ਹੈ ਬ੍ਰਹਮ ਜਿਵੇਂ ਉਹ ਅਨੁਭਵ ਤੋਂ ਪਰ੍ਹੇ ਹਰ ਮਨੁੱਖ ਵਿਚ ਵਸਦਾ ਹੈ।

ਜੋ ਕੁਝ ਵੀ ਕੀਤਾ ਜਾਂਦਾ ਹੈ ਉਹ ਕਰਮ ਦਾ ਰੂਪ ਧਾਰਨ ਕਰ ਲੈਂਦਾ ਹੈ। ਕਰਮ ਹੀ ਇਕ ਇਹੋ ਜਿਹੀ ਸ਼ਕਤੀ ਹੈ ਜਿਹੜੀ ਬਾਰ ਬਾਰ ਮਨੁੱਖ ਨੂੰ ਜਨਮ ਲੈਣ ਤੇ ਮਜ਼ਬੂਰ ਕਰਦੀ ਹੈ। ਕਰਮ ਉਹ ਸਿਰਜਨਾਤਮਕ ਅੱਗ ਹੈ ਜਿਸ ਵਿਚੋਂ ਜੀਵਨ ਪੁੰਗਰਦਾ ਹੈ, ਪਸਾਰਾ ਹੁੰਦਾ ਹੈ ਤੇ ਵਿਕਾਸ ਹੁੰਦਾ ਹੈ। ਸ੍ਰਿਸ਼ਟੀ ਦੇ ਸਾਰੇ ਚੇਤਨ ਦਾ ਪਸਾਰਾ ਕਰਮਾਂ ਦੇ ਬੰਧਨ ਨਾਲ ਹੈ। ਮੂਲ ਪ੍ਰਕ੍ਰਿਤੀ ਦਾ ਅਧਾਰ, ਅਧਿਆਤਮ ਸਿਰਜਨਾ ਦਾ ਸਿਧਾਂਤ, ਕਰਮ, ਇਹ ਸਭ ਬ੍ਰਹਮ ਦੇ ਹੀ ਪੱਖ ਹਨ।

ਕ੍ਰਿਸ਼ਨ ਜੀ ਦਸਦੇ ਹਨ ਕਿ ਉਨ੍ਹਾਂ ਦਾ ਪ੍ਰਗਟਾਵਾ ਹਰੇਕ ਪੱਖ ਵਿਚ ਹੋਣਾ ਚਾਹੀਦਾ ਹੈ, ਉਹ ਸਾਰੇ ਜਿਹੜੇ ਹੋਂਦ ਵਿਚ ਆਉਂਦੇ ਹਨ ਉਨ੍ਹਾਂ ਨੂੰ ਭੂਤ ਕਿਹਾ ਜਾਂਦਾ ਹੈ। ਸੰਸਾਰ ਦੇ ਸਾਰੇ ਨਾਮ, ਆਕਾਰ ਸਾਰੇ ਹੀ ਨਾਸ਼ਵਾਨ ਹਨ, ਜੋ ਕੁਝ ਵੀ ਸੰਸਾਰ ਵਿਚ ਦਿਸਦਾ ਹੈ, ਸਭ ਕੁਝ ਪ੍ਰਕ੍ਰਿਤੀ ਦੇ ਹੀ ਰੂਪ ਹਨ ਤੇ ਆਦਿਭੂਤ ਨਾਸ਼ਵਾਨ ਨੂੰ ਕਿਹਾ ਜਾਂਦਾ ਹੈ। ਇਸ ਤੋਂ ਉਲਟ ਅਧੀਦੇਵਤਾ ਨਿਰੋਲ ਚੇਤਨਤਾ ਦਾ ਸਿਧਾਂਤ ਹੈ। ਪੁਰਸ਼ ਜੋ ਹਰੇਕ ਜਗ੍ਹਾਂ ਵਿਚਰ ਰਿਹਾ ਹੈ, ਸਾਰੀ ਈਸ਼ਵਰਤਾ ਤੋਂ ਉਪਰ ਹੈ। ਅਧਿਯਾਜਨ ਤੋਂ ਭਾਵ ਹੈ 'ਮੈਂ ਕੁਰਬਾਨੀ ਲਈ ਹਾਂ, ਕ੍ਰਿਸ਼ਨ ਜੀ ਪ੍ਰਮਾਤਮਾ ਹਨ, ਨਿਰੋਲ ਚੇਤਨਤਾ ਹਨ।

5. ਜੋ ਦੇਹ ਤਿਆਗਣ ਸਮੇਂ ਕੇਵਲ ਮੇਰਾ ਹੀ ਸਿਮਰਨ ਕਰਦਾ ਹੈ, ਉਹ ਮੇਰੇ ਸਰੂਪ ਨੂੰ ਪ੍ਰਾਪਤ ਹੁੰਦਾ ਹੈ, ਇਸ ਵਿਚ ਕੋਈ ਸੰਦੇਹ ਨਹੀਂ।

6. ਹੇ ਕੌਂਤੇਯ! ਦੇਹ ਤਿਆਗਣ ਸਮੇਂ ਜਿਸ ਜਿਸ ਭਾਵ ਦਾ ਕੋਈ ਧਿਆਨ ਕਰਦਾ ਹੈ ਉਸ ਵਿਚ ਲਿਵ ਲਗਣ ਕਰਕੇ ਉਸੇ ਭਾਵ ਨੂੰ ਪ੍ਰਾਪਤ ਹੁੰਦਾ ਹੈ।

7. ਇਸ ਕਰਕੇ ਤੂੰ ਹਰ ਸਮੇਂ ਮੇਰਾ ਹੀ ਸਿਮਰਨ ਕਰਦੇ ਹੋਏ ਯੁੱਧ ਕਰ, ਮੇਰੇ ਵਿਚ ਹੀ ਮਨ ਤੇ ਬੁਧਿ ਲਗਾਉਣ ਨਾਲ ਨਿਰਸੰਦੇਹ ਤੂੰ ਮੈਨੂੰ ਪ੍ਰਾਪਤ ਹੋਵੇਂਗਾ।

8. ਹੇ ਪਾਰਥ! ਜੋ ਅਭਿਆਸ ਨਾਲ ਯੋਗ ਮੁਕਤ ਹੋ ਕੇ ਹੋਰ ਕਿਸੇ ਦਾ ਧਿਆਨ ਨਹੀਂ ਕਰਦੇ, ਉਹ ਪਰਮ ਪ੍ਰਕਾਸ਼ੀ ਪੁਰਸ਼ ਨੂੰ ਪ੍ਰਾਪਤ ਹੁੰਦੇ ਹਨ।

ਪੰਜਵੇਂ ਤੋਂ ਅੱਠਵੇਂ ਸ਼ਲੋਕ ਵਿਚ ਕ੍ਰਿਸ਼ਨ ਜੀ ਦਸਦੇ ਹਨ ਕਿ ਅਗਲੇ ਜੀਵਨ ਦੀ ਕਿਸ ਤਰ੍ਹਾਂ ਤਿਆਰੀ ਕਰਨੀ ਚਾਹੀਦੀ ਹੈ। ਮਨੁੱਖ ਨੂੰ ਸਾਰੇ ਵਿਚਾਰਾਂ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ, ਇਛਾਵਾਂ ਤੋਂ ਮੁਕਤ ਹੋਣਾ ਚਾਹੀਦਾ ਹੈ, ਮੋਹ ਤੋਂ ਮੁਕਤ ਹੋਣਾ ਚਾਹੀਦਾ ਹੈ। ਮਨੁੱਖ ਨੂੰ ਕੇਵਲ ਪ੍ਰਮਾਤਮਾ ਦਾ ਹੀ ਧਿਆਨ ਕਰਨਾ ਚਾਹੀਦਾ ਹੈ ਕਿਉਂਕਿ ਜੋ ਕੁਝ ਵੀ ਅੰਤ ਸਮੇਂ ਧਿਆਨ ਵਿਚ ਰਖੋਗੇ, ਜਿਸ ਕਿਸੇ ਚੀਜ਼ ਵਿਚ ਵੀ ਅੰਤ ਸਮੇਂ ਸੁਰਤ ਕਰੋਗੇ

ਉਸ ਤਰ੍ਹਾਂ ਦਾ ਹੀ ਜਨਮ ਹੋਏਗਾ। ਜੇ ਅੰਤ ਸਮੇਂ ਕੇਵਲ ਪ੍ਰਮਾਤਮਾ ਨੂੰ ਹੀ ਧਿਆਏਗਾ ਤਾਂ ਕੋਈ ਵੀ ਚੀਜ਼ ਉਸ ਦੇ ਪ੍ਰਮਾਤਮਾ ਨਾਲ ਮਿਲਾਪ ਨੂੰ ਰੋਕ ਨਹੀਂ ਸਕਦੀ। ਹਰ ਸਮੇਂ ਪ੍ਰਮਾਤਮਾ ਨੂੰ ਕਿਵੇਂ ਯਾਦ ਰੱਖਿਆ ਜਾ ਸਕਦਾ ਹੈ। ਹਰੇਕ ਪਰੰਪਰਾ ਤੁਹਾਨੂੰ ਪ੍ਰਮਾਤਮਾ ਦੇ ਨਾਮ ਸਿਮਰਨ ਦੇ ਤਰੀਕੇ ਦਸਦੀ ਹੈ ਕਿ ਮੰਤਰ ਜਾਪ ਕਰਕੇ ਪ੍ਰਮਾਤਮਾ ਨੂੰ ਯਾਦ ਰੱਖਿਆ ਜਾ ਸਕਦਾ ਹੈ, ਕੋਈ ਸ਼ਬਦ ਜਾਂ ਹੋਰ ਕੁਝ ਵੀ। ਜਦੋਂ ਪ੍ਰਾਣ, ਜਿਹੜੇ ਚੇਤਨ ਅਤੇ ਅਚੇਤ ਦਾ ਸਬੰਧ ਜੋੜਦੇ ਹਨ, ਜੀਵਨ ਦਾ ਅਧਾਰ ਹਨ, ਆਪਣਾ ਕੰਮ ਛੱਡ ਦਿੰਦੇ ਹਨ, ਚੇਤਨ ਮਨ, ਸੁਆਸ, ਇੰਦ੍ਰੀਆਂ ਤੇ ਸਰੀਰ ਅਚੇਤ ਮਨ ਤੋਂ ਅਲੱਗ ਹੋ ਜਾਂਦਾ ਹੈ। ਸਾਰੀਆਂ ਇਛਾਵਾਂ, ਗੁਣ ਅਵਗੁਣ ਅਚੇਤ ਮਨ ਵਿਚ ਰਹਿੰਦੇ ਹਨ। ਮਨੁੱਖ ਦੀਆਂ ਪ੍ਰਮੁੱਖ ਇਛਾਵਾਂ ਉਸ ਨੂੰ ਦੂਸਰਾ ਜਨਮ ਲੈਣ ਲਈ ਮਜ਼ਬੂਰ ਕਰਦੀਆਂ ਹਨ, ਉਸ ਨੂੰ ਹੀ ਪੁਨਰ ਜਨਮ ਕਿਹਾ ਜਾਂਦਾ ਹੈ।

ਸਰੀਰ ਬਦਲੀ ਦੇ ਸਮੇਂ ਮੰਤਰ ਦਾ ਜਾਪ, ਮੰਤਰ ਦੁਹਰਾਨਾ ਲਾਭਕਾਰੀ ਸਿੱਧ ਹੁੰਦਾ ਹੈ। ਇਸ ਨਾਲ ਪੈਂਡਾ ਸੌਖਾ ਤੇ ਆਰਾਮਦਾਇਕ ਹੋ ਜਾਂਦਾ ਹੈ। ਮਰਨ ਲੱਗਿਆਂ ਆਮ ਬੰਦਾ ਮੋਹ ਵਿਚ ਫਸ ਜਾਂਦਾ ਹੈ, ਭੋਗ ਵਿਲਾਸ ਯਾਦ ਕਰਦਾ ਹੈ, ਉਸ ਨਾਲ ਦੁਖ ਬਹੁਤ ਵੱਧ ਜਾਂਦਾ ਹੈ ਪਰ ਜਗਿਆਸੂ, ਜਿਸ ਦਾ ਮਨ ਸਾਫ ਹੈ, ਉਹ ਪ੍ਰਮਾਤਮਾ ਦਾ ਨਾਮ ਹੀ ਲੈਂਦਾ ਹੈ, ਉਸ ਨੂੰ ਫੇਰ ਭਿਆਨਕ ਅਨੁਭਵ ਨਹੀਂ ਹੁੰਦੇ ਤੇ ਉਹ ਇਸ ਸੰਸਾਰ ਤੋਂ ਸੌਖਾ ਚਲਾ ਜਾਂਦਾ ਹੈ। ਜਦੋਂ ਚੇਤਨ ਮਨ ਨਾਲ ਮੰਤਰ ਦਾ ਜਾਪ ਕੀਤਾ ਜਾਂਦਾ ਹੈ, ਇਹ ਅਚੇਤ ਮਨ ਵਿਚ ਵੀ ਹੌਲੀ ਹੌਲੀ ਰਿਕਾਰਡ ਹੋਣਾ ਸ਼ੁਰੂ ਹੋ ਜਾਂਦਾ ਹੈ। ਚਲਾਣੇ ਦੇ ਸਮੇਂ ਜਦੋਂ ਚੇਤਨ ਮਨ ਆਪਣਾ ਕੰਮ ਛੱਡ ਦਿੰਦਾ ਹੈ, ਜਿਹੜੀ ਵੀ ਇੱਛਾ ਜਾਂ ਜਿਹੜਾ ਵੀ ਵਿਚਾਰ ਅਚੇਤ ਮਨ ਵਿਚ ਪ੍ਰਬਲ ਹੁੰਦਾ ਹੈ ਉਸ ਦੇ ਅਨੁਸਾਰ ਹੀ ਮਨੁੱਖ ਨੂੰ ਜਨਮ ਮਿਲਦਾ ਹੈ। ਪ੍ਰਮਤਾਮਾ ਦਾ ਨਾਮ ਬਾਰ-ਬਾਰ ਲੈਣਾ ਬਹੁਤ ਹੀ ਜ਼ਰੂਰੀ ਹੈ, ਜਿਉਂਦਿਆਂ ਹੀ ਇਸ ਨਾਮ ਨੂੰ ਅੰਦਰ ਵਸਾਉਣਾ ਬਹੁਤ ਅਵਸ਼ਕ ਹੈ ਤਾਂ ਜੋ ਅਚੇਤ ਮਨ ਵਿਚ ਇਹ ਡੂੰਘੀ ਤਰ੍ਹਾਂ ਉਕਰਿਆ ਜਾਵੇ। ਇਹ ਸਭ ਤੋਂ ਵੱਡਾ ਪ੍ਰੇਰਕ ਬਣ ਜਾਂਦਾ ਹੈ ਤੇ ਆਗੂ ਬਣ ਕੇ ਅਗਵਾਈ ਕਰਦਾ ਹੈ। ਬਹੁਤ ਸਾਰੇ ਜਗਿਆਸੂਆਂ ਨੂੰ ਇਸ ਮੰਤਰ ਉਚਾਰਣ ਦੀ ਉਤਮਤਾ ਤੇ ਡੂੰਘਾਈ ਪਤਾ ਹੀ ਨਹੀਂ ਉਨ੍ਹਾਂ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਕੋਈ ਵੀ ਇਹੋ ਜਿਹਾ ਕਰਮ ਨਹੀਂ ਹੁੰਦਾ ਜਿਹੜਾ ਅਚੇਤ ਮਨ ਵਿਚ ਨਾ ਉਕਰਿਆ ਜਾਵੇ। ਜਗਿਆਸੂ ਨੂੰ ਚਾਹੀਦਾ ਹੈ ਕਿ ਚੇਤਨ ਮਨ ਵਿਚ ਮੰਤਰ ਯਾਦ ਕਰਨ ਲਈ ਬਹੁਤ ਪਰੇਸ਼ਾਨ ਨਾ ਹੋਵੇ, ਉਸ ਦੇ ਨਤੀਜੇ ਲਈ ਵੀ ਨਾ ਘਬਰਾਏ। ਉਸ ਨੂੰ ਚਾਹੀਦਾ ਹੈ ਕਿ ਉਹ ਮੰਤਰ ਨੂੰ ਦ੍ਰਿੜ੍ਹ ਕਰੀ ਜਾਏ, ਉਦੋਂ ਤਕ ਜਦੋਂ ਤਕ ਮੰਤਰ ਉਸ ਦੇ ਅਚੇਤ ਮਨ ਦਾ ਹਿੱਸਾ ਨਹੀਂ ਬਣ ਜਾਂਦਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਹੜਾ ਵੀ ਮਰਨ ਸਮੇਂ ਪ੍ਰਮਾਤਮਾ ਨੂੰ ਧਿਆਉਂਦਾ ਹੈ ਉਹ ਮੁਕਤੀ ਪਾ ਹੀ ਜਾਂਦਾ ਹੈ।

ਬਹੁਤ ਸਾਰੇ ਵਿਦਿਆਰਥੀ ਹੁਣ ਤੋਂ ਬਾਅਦ ਵਾਲੇ ਜੀਵਨ ਬਾਰੇ ਸੋਚਦੇ

ਹਨ। ਮਰਨ ਉਪਰੰਤ ਕੋਈ ਨਰਕ ਸਵਰਗ ਨਹੀਂ ਜਾਂਦਾ, ਉਹ ਤਾਂ ਆਪਣੇ ਸੁਭਾਅ, ਆਪਣੀਆਂ ਆਦਤਾਂ ਵਿਚ ਹੀ ਜਕੜਿਆ ਰਹਿੰਦਾ ਹੈ। ਸਵਰਗ ਨਰਕ ਆਪਣੇ ਮਨ ਦੀ ਹੀ ਕਲਪਨਾ ਹਨ। ਜਿਹੜੇ ਜੀਵਨ ਦਾ ਅਰਥ ਜਾਣਦੇ ਹਨ, ਸਮਝਦੇ ਹਨ, ਚਲਾਣੇ ਤੋਂ ਪਹਿਲਾਂ ਦਾ ਇਕ ਘੰਟਾ ਫੈਸਲੇ ਦੀ ਘੜੀ ਹੁੰਦੀ ਹੈ, ਇਹ ਫੈਸਲਾ ਕਿ ਮਰਨ ਉਪਰਾਂਤ ਸਫਲ ਸੁਖਾਲਾ ਹੋਵੇਗਾ ਜਾਂ ਦੁਖਦਾਈ ਹੋਵੇਗਾ। ਉਹ ਆਪਣੇ ਆਪ ਨੂੰ ਉਸ ਘੜੀ ਲਈ ਤਿਆਰ ਕਰ ਲੈਂਦੇ ਹਨ, ਉਹ ਇਸ ਸੰਸਾਰ ਤੋਂ ਸਵਤੰਤਰ ਮਨ ਚਿਤ ਨਾਲ ਜਾਂਦੇ ਹਨ, ਉਹ ਉਸ ਅੰਤਮ ਪੈਂਡੇ ਤੇ ਅਨੰਦ ਮਾਣਦੇ ਹੋਏ, ਉਸ ਪਰਮ ਸਤਿ ਕੋਲ ਜਾਂਦੇ ਹਨ। ਜਿਸ ਅਵਸਥਾ ਨੂੰ ਮਰਨ ਲੱਗਿਆਂ ਜਗਿਆਸੂ ਯਾਦ ਰਖਦਾ ਹੈ, ਉਸ ਵਿਚੋਂ ਹੀ ਉਹ ਮੁੜ ਕੇ ਸ਼ੁਰੂ ਕਰਦਾ ਹੈ। ਜਿਹੜਾ ਉਸ ਘੜੀ ਪ੍ਰਮਾਤਮਾ ਨੂੰ ਯਾਦ ਕਰਦਾ ਹੈ, ਉਹ ਉਸ ਨੂੰ ਪ੍ਰਾਪਤ ਹੋ ਜਾਂਦਾ ਹੈ। ਜਿਹੜਾ ਸੰਸਾਰਕ ਭੋਗਾਂ ਨੂੰ ਯਾਦ ਕਰਦਾ ਹੈ, ਉਹ ਮੁੜ ਕੇ ਉਨ੍ਹਾਂ ਵਿਚ ਪੈ ਜਾਂਦਾ ਹੈ, ਉਸ ਦੀਆਂ ਇਛਾਵਾਂ ਵਿਸ਼ਰਾਮ ਵਾਲੇ ਸਮੇਂ ਵਿਚ ਪੂਰੀਆਂ ਨਹੀਂ ਹੋ ਸਕਦੀਆਂ ਕਿਉਂਕਿ ਉਸ ਸਮੇਂ ਨਾ ਤਾਂ ਉਸ ਦੀਆਂ ਇੰਦ੍ਰੀਆਂ ਹੁੰਦੀਆਂ ਹਨ, ਨਾ ਹੀ ਕੋਈ ਵਸਤੂਆਂ ਇਹੋ ਜਿਹੀਆਂ ਹੁੰਦੀਆਂ ਹਨ, ਜਿਹੜੀਆਂ ਉਸ ਦੀਆਂ ਇਛਾਵਾਂ ਪੂਰੀਆਂ ਕਰ ਸਕਣ। ਇਸ ਕਰਕੇ ਉਹ ਉਸ ਸਮੇਂ ਤਾਂ ਕਸ਼ਟ ਵਿਚ ਹੀ ਹੁੰਦਾ ਹੈ। ਜਿਹੜੇ ਸਮਾਧੀ ਲਾਉਣੀ ਜਾਣਦੇ ਹਨ ਉਹ ਤਾਂ ਡੂੰਘੀ ਸਮਾਧੀ ਹੀ ਲੈ ਲੈਂਦੇ ਹਨ। ਸੰਸਾਰਕ ਇਛਾਵਾਂ ਉਨ੍ਹਾਂ ਨੂੰ ਤੰਗ ਨਹੀਂ ਕਰਦੀਆਂ, ਉਹ ਪ੍ਰਭੂ ਵਿਚ ਹੀ ਲੀਨ ਹੋ ਜਾਂਦੇ ਹਨ।

9. ਜਿਹੜਾ ਮਨੁੱਖ ਸਵਰਗ ਅਨਾਦਿ ਸਾਰੇ ਜਗਤ ਦਾ ਸੁਆਮੀ ਸੂਖਮ ਤੋਂ ਭੀ ਸੂਖਮ, ਸਭ ਦਾ ਧਾਰਨ ਕਰਨ ਵਾਲਾ, ਅਚਿੰਤ ਰੂਪ ਸੂਰਜ ਵਾਂਗ ਪ੍ਰਕਾਸ਼ਵਾਨ ਅਤੇ ਅੰਧੇਰੇ ਤੋਂ ਪਰ੍ਹੇ ਹੈ ਉਸ ਦਾ ਧਿਆਨ ਕਰਦਾ ਹੋਇਆ।

10. ਮਰਨ ਸਮੇਂ ਇਕ ਚਿੱਤ ਹੋ ਕੇ ਭਗਤੀ ਵਿਚ ਦ੍ਰਿੜ੍ਹ, ਯੋਗ ਸ਼ਕਤੀ ਨਾਲ ਪ੍ਰਾਣਾਂ ਨੂੰ ਤ੍ਰਿਕੁਟੀ ਵਿਚ ਲੈ ਜਾਂਦਾ ਹੈ, ਉਹ ਉਸ ਪ੍ਰਮਾਤਮਾ ਨੂੰ ਪ੍ਰਾਪਤ ਹੁੰਦਾ ਹੈ।

11. ਵੇਦ-ਵੇਤਾ ਜਿਸ ਨੂੰ ਅਵਿਨਾਸ਼ੀ ਆਖਦੇ ਹਨ ਜਿਸ ਵਿਚ ਰਾਗ ਤੋਂ ਛੁਟੇ ਹੋਏ ਸਵੈ ਅਨੁਸ਼ਾਸੀ ਪ੍ਰਵੇਸ਼ ਕਰਦੇ ਹਨ, ਜਿਸ ਦੇ ਜਾਨਣ ਲਈ ਬ੍ਰਹਮਚਰਯ ਕਰਦੇ ਹਨ, ਉਸ ਪਦ ਦਾ ਮੈਂ ਤੈਨੂੰ ਸੰਖੇਪ ਦਸਦਾ ਹਾਂ।

12. ਸਭ ਦੁਆਰਾਂ ਨੂੰ ਠਾਕ ਕੇ, ਮਨ ਨੂੰ ਹਿਰਦੇ ਵਿਚ ਰੋਕ ਕੇ ਯੋਗ ਦੁਆਰਾ ਪ੍ਰਾਣ ਸਿਰ ਵਿਚ ਲੈ ਜਾ ਕੇ -

13. 'ਓਂ' ਇਕ ਅੱਖਰ ਬ੍ਰਹਮ ਦਾ ਜੋ ਸਿਮਰਣ ਕਰਦਾ ਹੈ ਤੇ ਮੇਰਾ ਧਿਆਨ ਕਰਦਾ ਹੋਇਆ ਇਹ ਦੇਹ ਤਿਆਗਦਾ ਹੈ, ਉਹ ਪਰਮਗਤਿ ਨੂੰ ਪ੍ਰਾਪਤ ਹੁੰਦਾ ਹੈ।

ਪ੍ਰਮਾਤਮਾ ਸਰਬ ਵਿਆਪਕ ਹੈ, ਸਰਬ ਸ਼ਕਤੀਮਾਨ ਹੈ, ਸਰਬ ਗਿਆਨੀ

ਹੈ, ਉਹ ਸਭ ਤੋਂ ਪੁਰਾਤਨ ਸਿੱਧ ਪੁਰਸ਼ ਹੈ। ਐਸੀ ਕੋਈ ਚੀਜ਼ ਨਹੀਂ ਜਿਹੜੀ ਉਹ ਨਾ ਜਾਣਦਾ ਹੋਵੇ। ਉਹ ਸਰਬ ਦਾਤਾ ਹੈ, ਸਭ ਕੁਝ ਨੂੰ ਕੰਟਰੋਲ ਕਰਨ ਵਾਲਾ ਹੈ ਤੇ ਸਭ ਤੇ ਉਸ ਦਾ ਰਾਜ ਹੈ, ਉਹ ਸੂਖਮ ਤੋਂ ਵੀ ਸੂਖਮ ਹੈ, ਉਹ ਅਦ੍ਰਿਸ਼ਟ ਹੈ। ਸਾਡੇ ਕੋਲ ਉਹ ਨੇਤਰ ਨਹੀਂ ਹਨ ਜਿਹੜੇ ਉਸ ਨੂੰ ਦੇਖ ਸਕਣ, ਉਸ ਤੇ ਧਿਆਨ ਲਗਾਉਣਾ ਬਹੁਤ ਔਖਾ ਹੈ, ਉਹ ਪ੍ਰਕਾਸ਼ ਹੈ, ਕੇਵਲ ਪ੍ਰਕਾਸ਼, ਉਥੇ ਥੋੜ੍ਹਾ ਜਿਹਾ ਭੋਰਾ ਭਰ ਵੀ ਹਨ੍ਹੇਰਾ ਨਹੀਂ ਹੈ। ਸੰਸਾਰ ਛੱਡਣ ਲੱਗਿਆਂ ਸਮਾਧੀ ਸਥਿਤ ਹੀ ਰਹਿਣਾ ਚਾਹੀਦਾ ਹੈ, ਉਸ ਪ੍ਰਮਾਤਮਾ ਨੂੰ ਹੀ ਧਿਆਉਣਾ ਚਾਹੀਦਾ ਹੈ - ਇਕਾਗਰ ਹੋ ਕੇ ਇਕ ਸੁਰ ਹੋ ਕੇ ਇਕ ਸਾਰ ਹੋ ਕੇ।

ਕ੍ਰਿਸ਼ਨ ਜੀ ਸੰਖੇਪ ਵਿਚ ਧਿਆਨ ਲਗਾਉਣ ਦੇ ਅਭਿਆਸ ਬਾਰੇ ਦਸਦੇ ਹਨ। ਬੜੇ ਸੂਖਮ ਤਰੀਕੇ ਨਾਲ ਸ੍ਵਾਸਾਂ ਨੂੰ ਕਾਬੂ ਕਰਨਾ ਵੀ ਦਸਦੇ ਹਨ। ਜਦੋਂ ਜਗਿਆਸੂ ਸ਼ਾਂਤ ਹੋਣਾ ਸਿਖਦਾ ਹੈ, ਬਾਹਰੀ ਸਰੀਰ ਨੂੰ ਸਥਿਰ ਕਰਦਾ ਹੈ, ਅੰਦਰ ਆਉਂਦਾ ਤੇ ਬਾਹਰ ਜਾਂਦਾ ਸ੍ਵਾਸ ਉਸ ਦਾ ਧਿਆਨ ਖਿਚਦਾ ਹੈ, ਉਸ ਦਾ ਮਨ ਘੜੀ ਘੜੀ ਉਥੇ ਜਾਂਦਾ ਹੈ। ਸਮਾਧੀ ਤਾਂ ਹੀ ਡੂੰਘੀ ਲਗ ਸਕਦੀ ਹੈ ਜੇ ਸੁਖਮਨਾ ਜਾਗਰਣ ਹੋ ਜਾਏ। ਸੁਖਮਨਾ ਅੰਨਮਈ ਅਵਸਥਾ ਹੈ, ਇਸ ਵਿਚ ਸੁਤੇ ਹੀ ਸ਼ਾਂਤੀ ਮਿਲਦੀ ਹੈ, ਬਾਹਰੋਂ ਕੋਈ ਵੀ ਆਕਰਸ਼ਨ ਨਹੀਂ ਹੁੰਦਾ। ਸਭ ਤੋਂ ਵੱਡਾ ਚਿੰਨ੍ਹ ਇਹ ਹੈ ਕਿ ਸ੍ਵਾਸ ਬੜੀ ਆਸਾਨੀ ਨਾਲ ਅੰਦਰ ਜਾਂਦਾ ਤੇ ਬਾਹਰ ਆਉਂਦਾ ਹੈ। ਦੋਨੋਂ ਨਾਸਿਕਾ ਬਰਾਬਰ ਚਲਦੀਆਂ ਹਨ, ਆਮ ਅਵਸਥਾ ਵਿਚ ਇਕ ਨਾਸਿਕਾ ਹੀ ਚਲਦੀ ਹੈ।

ਮਨ ਤੇ ਸ੍ਵਾਸ ਇਕ ਦੂਸਰੇ ਤੇ ਨਿਰਭਰ ਹਨ ਤੇ ਕਿਸੇ ਵੀ ਹਾਲਤ ਵਿਚ ਇਕੱਠੇ ਹੀ ਪ੍ਰਤੀਕਿਰਿਆ ਕਰਦੇ ਹਨ। ਜਦੋਂ ਸ੍ਵਾਸ ਸ਼ਾਂਤ ਹੋਣ, ਮਨ ਅਨੰਦਮਈ ਹੁੰਦਾ ਹੈ। ਜਗਿਆਸੂ ਨੂੰ ਚਾਹੀਦਾ ਹੈ ਕਿ ਭਰਵੱਟਿਆਂ ਦੇ ਵਿਚ ਵਾਲੀ ਜਗ੍ਹਾ ਤੇ ਮਨ ਨੂੰ ਇਕਾਗਰ ਕਰਕੇ ਜੀਵਨ ਜੋਤ ਦੇਖਣ ਦੀ ਕੋਸ਼ਿਸ਼ ਕਰੇ, ਜਿਸ ਦੁਆਰਾ ਮਨੁੱਖ ਦੇਖ ਸਕਦਾ ਹੈ, ਮਹਿਸੂਸ ਕਰ ਸਕਦਾ ਹੈ ਤੇ ਜਾਣ ਸਕਦਾ ਹੈ। ਜਦੋਂ ਧਿਆਨ ਪਕ ਜਾਂਦਾ ਹੈ, ਜੋਤੀ ਹੋਰ ਗੂੜ੍ਹੀ ਹੋ ਜਾਂਦੀ ਹੈ ਤੇ ਅੰਤ ਵਿਚ ਉਹ ਜੋਤ ਦੇ ਸਰੋਤ ਨੂੰ ਪ੍ਰਾਪਤ ਕਰ ਲੈਂਦਾ ਹੈ। ਜਿਹੜਾ ਯੋਗੀ ਦੇਰ ਤਕ ਸਮਾਧੀ ਸਥਿਤ ਹੋ ਕੇ ਅਭਿਆਸ ਕਰਦਾ ਹੈ ਉਹ ਇਹ ਸਥਿਤੀ ਪ੍ਰਾਪਤ ਕਰ ਲੈਂਦਾ ਹੈ। ਚੇਤਨਤਾ ਦੇ ਬਿੰਦੂ ਨੂੰ ਪ੍ਰਾਪਤ ਕਰਨ ਦੀ ਇੱਛਾ ਉਸ ਨੂੰ ਬ੍ਰਹਮਚਰਯ ਰਹਿਣ ਲਈ ਪਕੜੀ ਰਖਦੀ ਹੈ, ਇਥੇ ਬ੍ਰਹਮਚਰਯ ਤੋਂ ਭਾਵ ਕੇਵਲ ਸਰੀਰਕ ਬ੍ਰਹਮਚਰੀਯ ਹੀ ਨਹੀਂ, ਮਾਨਸਿਕ ਪੱਖੋਂ, ਕਰਮ ਤੇ ਕਥਨੀ ਦੇ ਰੂਪ ਵਿਚ ਉਸ ਦਾ ਅਭਿਆਸ ਕਰਨਾ ਅਵੱਸ਼ਕ ਹੈ।

ਜਿਹੜਾ ਯੋਗੀ ਸੁਖਮਨਾ ਨਾੜੀ ਰਾਹੀਂ ਉਸ ਦਾ ਜਾਪ ਕਰਦਾ ਹੈ ਉਹ ਇਸ ਤਰ੍ਹਾਂ ਦਾ ਨਿਯੰਤਰਣ ਬਹੁਤ ਛੇਤੀਂ ਹੀ ਪ੍ਰਾਪਤ ਕਰ ਲੈਂਦਾ ਹੈ। ਇਥੇ ਇਹ ਜਾਣ ਲੈਣਾ ਬੜਾ ਜ਼ਰੂਰੀ ਹੈ ਕਿ ਸਾਰੇ ਮੰਤਰ ਤੁਸੀਂ ਸ੍ਵਾਸਾਂ ਨਾਲ ਨਹੀਂ ਚਲਾ ਸਕਦੇ ਭਾਵ ਸਾਹ ਅੰਦਰ ਲੈਣ ਤੇ ਸਾਹ ਬਾਹਰ ਕੱਢਦੇ ਸਮੇਂ 'ਓਮ' ਇਕ

ਬਹੁਤ ਹੀ ਮਧੁਰ ਅਵਾਜ਼ ਹੈ, ਬੜੀ ਹੀ ਇਕ ਸਾਰ ਆਵਾਜ਼ ਹੈ। ਇਹ ਆਵਾਜ਼ ਕੋਈ ਝਟਕਾ ਪੈਦਾ ਨਹੀਂ ਕਰਦੀ, ਇਕ ਲੈਅ ਵਿਚ ਉਚਾਰਣ ਯੋਗ ਹੈ, ਉਚਾਰੀ ਜਾਂਦੀ ਹੈ। ਯੋਗੀ ਇਸ ਆਵਾਜ਼ ਨੂੰ ਸਦਾ ਯਾਦ ਰਖਦੇ ਹਨ। ਇਸ ਦੀ ਪ੍ਰਸੰਸਾ ਵੇਦਾਂ ਵਿਚ ਵੀ ਕੀਤੀ ਗਈ ਹੈ, ਵੇਦ ਸਭ ਤੋਂ ਪੁਰਾਣੀਆਂ ਪੁਸਤਕਾਂ ਮੰਨੀਆਂ ਜਾਂਦੀਆਂ ਹਨ।

ਜਿਹੜੇ ਪ੍ਰਭੂ ਨੂੰ ਸਿਮਰਦਿਆਂ ਹੋਇਆਂ ਸਰੀਰ ਤਿਆਗਦੇ ਹਨ, ਉਹ ਉਤਮ ਪਦਵੀ ਨੂੰ ਪ੍ਰਾਪਤ ਹੁੰਦੇ ਹਨ ਪਰ ਮਨੁੱਖ ਨੂੰ ਅੰਤ ਦਾ ਇੰਤਜ਼ਾਰ ਨਹੀਂ ਕਰਨਾ ਚਾਹੀਦਾ। ਧਿਆਨ ਅਤੇ ਸਿਮਰਨ, ਮਰਨ ਤੋਂ ਥੋੜ੍ਹੀ ਪਹਿਲਾਂ ਹੀ ਨਹੀਂ ਸਿਖਣਾ ਚਾਹੀਦਾ। ਗਿਆਨੀ ਜਾਣਦੇ ਹਨ ਕਿ ਕਾਲ ਦਾ ਗੁਲੇਲਾ ਤਾਂ ਕਿਸੇ ਸਮੇਂ ਵੀ ਆ ਸਕਦਾ ਹੈ। ਅਸੀਂ ਦਿਨ ਵਿਚ ਕਿੰਨੀ ਵਾਰੀ ਮਰਦੇ ਹਾਂ ਕਿੰਨੀ ਵਾਰੀ ਜੀਉਂਦੇ ਹਾਂ; ਇਕ ਘੜੀ ਜਿਹੜੀ ਬੀਤਦੀ ਹੈ ਉਹ ਇਕ ਤਰ੍ਹਾਂ ਦੀ ਮੌਤ ਹੀ ਹੈ, ਜਿਹੜੀ ਅਗਲੀ ਘੜੀ ਆਈ ਹੈ ਉਹ ਜਨਮ ਹੈ, ਇਕ ਅਨੁਭਵ ਮਰਦਾ ਹੈ ਦੂਸਰਾ ਜਨਮ ਲੈਂਦਾ ਹੈ। ਜਨਮ ਤੋਂ ਬਾਅਦ ਮੌਤ, ਮੌਤ ਤੋਂ ਬਾਦ ਜਨਮ ਇਸ ਤਰ੍ਹਾਂ ਹੀ ਚਲਦਾ ਹੈ। ਫੇਰ ਵੀ ਅਸੀਂ ਚੇਤਨ ਅਨੁਭਵ ਦੀ ਨਿਰੰਤਰਤਾ ਮਹਿਸੂਸ ਕਰਦੇ ਹਾਂ। ਇਸੇ ਤਰ੍ਹਾਂ ਨਿਰੋਲ ਚੇਤਨਤਾ ਉਸ ਤਰ੍ਹਾਂ ਹੀ ਮਰਨ ਜੰਮਣ ਵਿਚ ਉਸੇ ਤਰ੍ਹਾਂ ਰਹਿੰਦੀ ਹੈ।

ਮਨੁੱਖ ਯਾਤਰਾ ਤੇ ਆਇਆ ਹੋਇਆ ਹੈ। ਇਸ ਦਾ ਆਦਰਸ਼ ਸਤਿ ਤਕ ਪਹੁੰਚਣਾ ਹੈ ਜਿਥੇ ਭਰਪੂਰ ਅਨੰਦ ਹੈ, ਸ਼ਾਂਤੀ ਹੈ, ਕ੍ਰਿਪਾ ਹੈ। ਅਗਿਆਨੀ ਲੋਕ ਇਸ ਧਰਤੀ ਨੂੰ ਹੀ ਆਪਣਾ ਸਦੈਵੀ ਘਰ ਸਮਝ ਬੈਠਦੇ ਹਨ। ਜਦੋਂ ਤਕ ਅਸੀਂ ਉਸ ਸਤਿ ਨੂੰ ਪ੍ਰਾਪਤ ਨਹੀਂ ਕਰ ਲੈਂਦੇ, ਉਦੋਂ ਤਕ ਇਕ-ਇਕ ਖਿਣ ਅਮੋਲਕ ਹੈ, ਇਸ ਕਰਕੇ ਸ੍ਵਾਸ ਸ੍ਵਾਸ ਪ੍ਰਮਾਤਮਾ ਦਾ ਭਜਨ ਸਿਮਰਨ ਕਰਨਾ ਚਾਹੀਦਾ ਹੈ, ਇਸ ਅਨੁਭਵ ਨੂੰ ਅਜਪਾ ਜਾਪ ਕਹਿੰਦੇ ਹਨ। ਜਿਹੜੇ ਹਰ ਸ੍ਵਾਸ ਨਾਲ ਉਸ ਇਕ ਨੂੰ ਧਿਆਉਂਦੇ ਹਨ, ਯਾਦ ਕਰਦੇ ਹਨ, ਉਹ ਸਚਮੁੱਚ ਵਡਭਾਗੇ ਹਨ। ਜਦੋਂ ਜਗਿਆਸੂ ਚੁੱਪ ਕਰਕੇ ਪ੍ਰਭੂ ਦਾ ਨਾਂ ਇਕਾਗਰ ਚਿੱਤ ਹੋ ਕੇ ਲੈਂਦਾ ਹੈ ਤੇ ਇਸ ਅਭਿਆਸ ਨੂੰ ਪੱਕਾ ਕਰਦਾ ਹੈ, ਜਿਥੇ ਵੀ ਹੋਵੇ ਜਿਵੇਂ ਵੀ ਹੋਵੇ ਇਸ ਤਰ੍ਹਾਂ ਕਰਦਿਆਂ ਅਜਪਾ ਜਾਪ ਨਾਲ ਸਵੈ ਜਾਗ੍ਰਿਤੀ ਆ ਜਾਂਦੀ ਹੈ, ਉਸ ਨਾਲ ਅੰਤ ਸਮੇਂ ਬਹੁਤ ਸੌਖਾ ਹੋ ਜਾਂਦਾ ਹੈ।

14. ਹੇ ਪਾਰਥ! ਜੋ ਸਭ ਕੁਝ ਛੱਡ ਕੇ ਕੇਵਲ ਮੇਰਾ ਹੀ ਸਿਮਰਨ ਕਰਦਾ ਹੈ, ਨਿਰੰਤਰ ਮੇਰੇ ਨਾਲ ਹੀ ਜੁੜਿਆ ਰਹਿੰਦਾ ਹੈ, ਉਹ ਯੋਗੀ ਮੈਨੂੰ ਸੌਖਾ ਹੀ ਆ ਮਿਲਦਾ ਹੈ।

15. ਉਹ ਮਹਾਤਮਾ ਜਿਹੜੇ ਮੈਨੂੰ ਪ੍ਰਾਪਤ ਹੁੰਦੇ ਹਨ, ਉਹ ਸਭ ਦੁਖਾਂ ਤੋਂ ਮੁਕਤ ਹੋ ਜਾਂਦੇ ਹਨ, ਜਨਮ ਮਰਨ ਦੇ ਚੱਕਰ ਤੋਂ ਛੁਟਕਾਰਾ ਪਾ ਲੈਂਦੇ ਹਨ, ਪਰਮ ਸਿੱਧੀ, ਪਰਮ ਗਤੀ ਨੂੰ ਪ੍ਰਾਪਤ ਹੋ ਜਾਂਦੇ ਹਨ।

16. ਹੇ ਅਰਜਨ! ਬ੍ਰਹਮ ਲੋਕ ਤਕ ਜਿੰਨੇ ਲੋਕ ਹਨ ਉਨ੍ਹਾਂ ਸਭ ਨੂੰ

ਜਨਮ ਮਰਨ ਵਿਚ ਆਉਣਾ ਪੈਂਦਾ ਹੈ। ਹੇ ਕੌਂਤਯ! ਮੈਨੂੰ ਪ੍ਰਾਪਤ ਹੋਣ ਤੋਂ ਬਾਅਦ ਜਨਮ ਮਰਨ ਦੇ ਚੱਕਰ ਵਿਚੋਂ ਨਿਕਲ ਜਾਂਦੇ ਹਨ।

ਜਦੋਂ ਜਗਿਆਸੂ ਆਪਣੀ ਹੋਂਦ ਦਾ ਨਰੀਖਣ ਕਰਦਾ ਹੈ ਉਹ ਮਹਿਸੂਸ ਕਰਦਾ ਹੈ ਕਿ ਇਹ ਸੰਸਾਰ ਚਲਾਏਮਾਨ ਹੈ ਫੇਰ ਉਹ ਆਪਣਾ ਮਨ ਕੇਵਲ ਪ੍ਰਮਾਤਮਾ ਤੇ ਹੀ ਇਕਾਗਰ ਕਰਦਾ ਹੈ ਤੇ ਸਦਾ ਉਸੇ ਨੂੰ ਹੀ ਚੇਤੇ ਰੱਖਣ ਦੀ ਕੋਸ਼ਿਸ਼ ਕਰਦਾ ਹੈ, ਨਿਰੰਤਰ ਪ੍ਰਭੂ ਸਿਮਰਨ ਨਾਲ ਮਨ ਇਕਾਗਰ ਰਹਿੰਦਾ ਹੈ, ਚਿੱਤ ਬਿਰਤੀਆਂ ਖਿੰਡਦੀਆਂ ਨਹੀਂ। ਇਸ ਤਰ੍ਹਾਂ ਕਰਦਿਆਂ ਉਹ ਆਪਣੀ ਉਸ ਸਦੈਵੀ ਸਤਿ ਚੇਤਨਤਾ ਨਾਲ ਬਣਾ ਲੈਂਦਾ ਹੈ। ਇਹੋ ਜਿਹਾ ਯੋਗੀ ਬਾਰ-ਬਾਰ ਨਹੀਂ ਜੰਮਦਾ ਮਰਦਾ, ਉਹ ਚੌਰਾਸੀ ਦੇ ਗੇੜ ਵਿਚ ਨਹੀਂ ਪੈਂਦਾ। ਉਸ ਨੂੰ ਜਨਮ ਮਰਨ ਦੇ ਗੇੜੇ ਕੱਟਣ ਦੀ ਲੋੜ ਹੀ ਨਹੀਂ, ਉਹ ਤਾਂ ਮੁਕਤ ਹੋ ਚੁੱਕਾ ਹੈ, ਚੌਰਾਸੀ ਦਾ ਗੇੜ ਉਸ ਉਤੇ ਲਾਗੂ ਹੀ ਨਹੀਂ ਹੁੰਦਾ।

17. ਜਿਹੜੇ ਬ੍ਰਹਮਾ ਦੇ ਇਕ ਦਿਨ ਤੇ ਇਕ ਰਾਤ ਨੂੰ ਜਾਣਦੇ ਹਨ ਕਿ ਬ੍ਰਹਮਾ ਦਾ ਦਿਨ ਹਜ਼ਾਰਾਂ ਜੁਗਾਂ ਦਾ ਹੁੰਦਾ ਹੈ ਤੇ ਰਾਤ ਹਜ਼ਾਰਾਂ ਜੁਗਾਂ ਦੀ ਹੁੰਦੀ ਹੈ ਉਹ ਹੀ ਦਿਨ ਰਾਤ ਨੂੰ ਸਮਝਦੇ ਹਨ।

18. ਦਿਨ ਹੋਣ ਨਾਲ ਅਵਿਅਕਤ ਵਿਚੋਂ ਸਭ ਦੇਹ ਧਾਰੀ ਪ੍ਰਗਟ ਹੁੰਦੇ ਹਨ, ਰਾਤ ਹੋਣ ਤੇ ਉਸੇ ਅਵਿਅਕਤ ਵਿਚ ਸਮਾਅ ਜਾਂਦੇ ਹਨ।

19. ਹੇ ਅਰਜਨ! ਇਹ ਸਾਰੇ ਪ੍ਰਾਣੀ ਬਾਰ-ਬਾਰ ਪ੍ਰਗਟ ਹੋਏ ਰਾਤ ਆਉਣ ਤੇ ਲੈਅ ਹੋ ਜਾਂਦੇ ਹਨ ਅਤੇ ਦਿਨ ਆਉਣ ਤੇ ਫੇਰ ਪ੍ਰਗਟ ਹੋ ਜਾਂਦੇ ਹਨ।

ਚਾਰ ਯੁੱਗ ਹਨ - ਸਤਿਜੁਗ, ਤ੍ਰੇਤਾ, ਦੁਆਪਰ, ਕਲਿਜੁਗ; ਚਾਰਾਂ ਨੂੰ ਮਿਲਾ ਕੇ ਮਹਾਂਯੁਗ ਕਿਹਾ ਜਾਂਦਾ ਹੈ। ਇਕ ਮਹਾਂਯੁੱਗ ਵਿਚ 17,28,000 ਸਾਲ ਹੁੰਦੇ ਹਨ। ਇਕ ਹਜ਼ਾਰ ਮਹਾਂਯੁੱਗ ਦਾ ਬ੍ਰਹਮਾ ਦਾ ਇਕ ਦਿਨ ਹੁੰਦਾ ਹੈ, ਇੰਨੇ ਦੀ ਹੀ ਬ੍ਰਹਮਾ ਦੀ ਇਕ ਰਾਤ ਹੁੰਦੀ ਹੈ। ਦਿਨ ਰਾਤ ਨੂੰ ਮਿਲਾ ਕੇ ਇਕ ਕਲਪ ਕਿਹਾ ਜਾਂਦਾ ਹੈ, 360 ਇਹੋ ਜਿਹੇ ਦਿਨ ਤੇ ਰਾਤ ਨੂੰ ਮਿਲਾ ਕੇ ਬ੍ਰਹਮਾ ਦਾ ਇਕ ਸਾਲ ਬਣਦਾ ਹੈ ਤੇ 100 ਇਹੋ ਜਿਹੇ ਦਿਨ ਬ੍ਰਹਮਾ ਦਾ ਜੀਵਨ ਹੈ। ਬ੍ਰਹਮਾ ਦੇ ਹਰ ਦਿਨ ਨਾਲ ਵਿਸ਼ਵ ਦੀ ਹੋਂਦ ਹੁੰਦੀ ਹੈ ਤੇ ਦਿਨ ਖਤਮ ਹੋਣ ਤੇ ਸਾਰਿਆਂ ਦੀ ਹੋਂਦ ਖਤਮ ਹੁੰਦੀ ਹੈ, ਇਹ ਇਸ ਤਰ੍ਹਾਂ ਹੀ ਨਿਰੰਤਰ ਚਲਦਾ ਰਹਿੰਦਾ ਹੈ।

ਇਨ੍ਹਾਂ ਸਲੋਕਾਂ ਵਿਚ ਜੋ ਦੱਸਿਆ ਗਿਆ ਹੈ ਉਸ ਨੂੰ ਭੌਤਿਕ ਵਿਗਿਆਨ ਤੇ ਤਾਰਿਆਂ ਦਾ ਵਿਗਿਆਨ ਖੋਜਣ ਦੀ ਕੋਸ਼ਿਸ਼ ਕਰ ਰਿਹਾ ਹੈ। ਜਦੋਂ ਇਹ ਵਿਸ਼ਵ ਬਣਿਆ, ਕਿਸ ਤਰ੍ਹਾਂ ਦਾ ਸੀ? ਕਿਸ ਤਰ੍ਹਾਂ ਇਹ ਬਦਲਦਾ ਰਿਹਾ? ਕਦੋਂ ਤੇ ਕਿਸ ਤਰ੍ਹਾਂ ਇਹ ਖਤਮ ਹੋਵੇਗਾ? ਇਸ ਵਿਚਾਰ ਅਨੁਸਾਰ ਕਿੰਨੀ ਵਾਰੀ ਇਹ ਸੰਸਾਰ ਬਣਿਆ ਤੇ ਖਤਮ ਹੋਇਆ? ਇਹੋ ਜਿਹੇ ਹਰ ਚੱਕਰ ਨੂੰ ਕਿੰਨਾ ਹੀ ਸਮਾਂ ਲੱਗਾ ਹੋਵੇਗਾ। ਜਦੋਂ ਅਸੀਂ ਇਸ ਨੂੰ ਮਨੁੱਖ ਦੇ ਪੱਖੋਂ ਦੇਖਦੇ ਹਾਂ ਤਾਂ ਬਹੁਤ ਹੀ ਲੰਮਾ ਮਹਿਸੂਸ ਹੁੰਦਾ ਹੈ ਪਰ ਜਿਨ੍ਹਾਂ ਦੀ ਚੇਤਨਤਾ ਵਿਸਤ੍ਰਿਤ ਹੋ ਚੁੱਕੀ ਹੈ, ਉਨ੍ਹਾਂ ਲਈ ਬਹੁਤ ਥੋੜ੍ਹਾ ਸਮਾਂ

ਮਹਿਸੂਸ ਹੁੰਦਾ ਹੈ। ਭੌਤਿਕ ਵਿਗਿਆਨ ਨੇ ਦਸ ਦਿਤਾ ਹੈ ਕਿ ਸਮਾਂ ਪ੍ਰਾਸੰਗਕ ਹੈ, ਹੁਣ ਅਸੀਂ ਦੇਖਦੇ ਹਾਂ ਕਿ ਪੁਰਾਣੇ ਸਮੇਂ ਵਿਚ ਇਸ ਤਰ੍ਹਾਂ ਹੀ ਸੀ, ਵੇਦਾਂ ਵਿਚ ਇਸ ਤਰ੍ਹਾਂ ਹੀ ਦੱਸਿਆ ਗਿਆ ਹੈ।

ਇਨ੍ਹਾਂ ਸਲੋਕਾਂ ਵਿਚ ਕ੍ਰਿਸ਼ਨ ਜੀ ਅਰਜਨ ਨੂੰ ਵਿਸ਼ਵ ਬਾਰੇ ਸੂਚਕ ਕਰਾਉਂਦੇ ਹਨ ਤੇ ਉਸ ਸਭ ਕੁਝ ਬਾਰੇ ਉਸ ਨੂੰ ਦਸਦੇ ਹਨ, ਜਿਸ ਨਾਲ ਅਰਜਨ ਦਾ ਮੋਹ ਹੈ। ਨਾਲ ਹੀ ਅਰਜਨ ਨੂੰ ਇਸ ਦੀ ਸੋਝੀ ਦਿੰਦੇ ਹਨ ਕਿ ਉਹ ਕਿੱਡੇ ਵੱਡੇ ਵਿਸ਼ਵ ਦੀ ਪ੍ਰਧਾਨਗੀ ਕਰਦੇ ਹਨ।

20. ਇਸ ਅਵਿਅਕਤ ਤੋਂ ਪਰ੍ਹੇ ਹੋਰ ਸਨਾਤਨ ਅਵਿਅਕਤ ਵੀ ਹੈ ਜਿਹੜਾ ਸਾਰੇ ਪ੍ਰਾਣੀਆਂ ਦੇ ਨਾਸ਼ ਹੋਣ ਤੇ ਵੀ ਨਾਸ਼ ਨਹੀਂ ਹੁੰਦਾ।

21. ਇਸ ਅਵਿਅਕਤ ਨੂੰ ਅਬਿਨਾਸੀ ਪਰਮ ਗਤੀ ਕਹਿੰਦੇ ਹਨ ਜਿਸ ਨੂੰ ਪ੍ਰਾਪਤ ਕਰਕੇ ਫੇਰ ਸੰਸਾਰ ਵਿਚ ਨਹੀਂ ਆਉਂਦਾ, ਇਹ ਹੀ ਮੇਰਾ ਪਰਮ ਸਥਾਨ ਹੈ।

22. ਹੇ ਪਾਰਥ! ਜਿਸ ਵਿਚ ਸਾਰੇ ਜੀਵ ਸਮਾਏ ਹੋਏ ਹਨ, ਜਿਹੜਾ ਇਸ ਜਗਤ ਵਿਚ ਪਰੀਪੂਰਨ ਹੈ, ਉਸ ਪ੍ਰਮਾਤਮਾ ਦੀ ਪ੍ਰਾਪਤੀ ਨਿਰੰਤਰ ਭਗਤੀ ਨਾਲ ਹੁੰਦੀ ਹੈ।

ਇਕ ਸਮਾਂ ਇਹੋ ਜਿਹਾ ਆਉਂਦਾ ਹੈ ਜਦੋਂ ਸਾਡਾ ਵਿਸ਼ਵ ਨਾਸ਼ ਹੋ ਜਾਂਦਾ ਹੈ, ਇਹ ਉਸ ਪ੍ਰਮਾਤਮਾ ਦੀ ਹੀ ਇਕ ਖੇਡ ਹੈ। ਜਦੋਂ ਸਭ ਕੁਝ ਨਾਸ਼ ਹੋ ਜਾਂਦਾ ਹੈ, ਇਕ ਸਥਿਰ ਸਿਧਾਂਤ ਸਦਾ ਹੀ ਰਹਿੰਦਾ ਹੈ ਉਸ ਸਿਧਾਂਤ ਨੂੰ ਅਵਿਨਾਸ਼ੀ ਕਹਿੰਦੇ ਹਨ, ਆਤਮਾ ਹੀ ਪ੍ਰਮਾਤਮਾ ਦਾ ਸਥਾਨ ਹੈ। ਜਿਸ ਜਗਿਆਸੂ ਨੇ ਆਤਮਾ ਨੂੰ ਜਾਣ ਲਿਆ, ਗਿਆਨ ਪ੍ਰਾਪਤ ਕਰ ਲਿਆ ਤੇ ਪ੍ਰਮਾਤਮਾ ਨਾਲ ਆਤਮਾ ਨੂੰ ਮੇਲ ਲਿਆ ਹੈ, ਉਹ ਚੌਰਾਸੀ ਦੇ ਗੇੜ ਤੋਂ ਛੁਟ ਜਾਂਦਾ ਹੈ। ਇਹ ਸਤ ਅਟੱਲ ਸਦੈਵੀ ਸਿਧਾਂਤ ਦੀ ਪ੍ਰਾਪਤੀ ਹੀ ਜਗਿਆਸੂ ਦਾ ਮੰਤਵ ਹੈ, ਟੀਚਾ ਹੈ, ਉਸ ਵਿਚ ਹੀ ਸਭ ਦਾ ਵਾਸਾ ਹੈ, ਇਹ ਗੁਪਤ ਨਿਰੋਲ ਚੇਤਨਤਾ ਹੈ ਜਿਹੜੀ ਸਤਿ ਹੈ, ਸਥਿਰ ਹੈ, ਬਾਕੀ ਸਭ ਕੁਝ ਚੌਰਾਸੀ ਦੇ ਗੇੜ ਵਿਚ ਹੈ, ਨਾਸ਼ਵਾਨ ਹੈ, ਉਹ ਗੁਪਤ ਸਤਿ ਪ੍ਰਕ੍ਰਿਤੀ ਤੋਂ ਪਰ੍ਹੇ ਹੈ। ਜਦੋਂ ਸਭ ਕੁਝ ਨਾਸ਼ ਹੁੰਦਾ ਹੈ, ਉਹ ਹੀ ਸਥਿਰ ਰਹਿੰਦਾ ਹੈ। ਆਤਮਾ ਅਜਰ ਹੈ, ਅਮਰ ਹੈ, ਅਟੱਲ ਹੈ, ਅਸੀਮ ਹੈ।

23. ਹੇ ਭਰਤਰਸ਼ਤ! ਜਿਸ ਸਮੇਂ ਵਿਚ ਪ੍ਰਾਣ ਤਿਆਗ ਕੇ ਯੋਗੀ ਫੇਰ ਜਨਮ ਨਹੀਂ ਲੈਂਦੇ ਤੇ ਜਿਸ ਸਮੇਂ ਪ੍ਰਾਣ ਤਿਆਗ ਕੇ ਫੇਰ ਜਨਮ ਲੈਂਦੇ ਹਨ, ਉਹ ਮੈਂ ਤੈਨੂੰ ਦਸਦਾ ਹਾਂ।

24. ਅਗਨੀ, ਰੋਸ਼ਨੀ, ਦਿਨ ਅਤੇ ਰੂਪ, ਜਦੋਂ ਸੂਰਜ ਉਤਰਾਇਣ ਵਿਚ ਹੋਵੇ, ਬ੍ਰਹਮਵੇਤਾ ਦੇਹ ਤਿਆਗ ਕੇ ਬ੍ਰਹਮ ਵਿਚ ਲੀਨ ਹੋ ਜਾਂਦੇ ਹਨ।

25. ਧੂੰਆਂ, ਰਾਤ, ਕ੍ਰਿਸ਼ਨ ਪੱਥ ਦਖਣਾਇਣ ਦੇ ਛੇ ਮਹੀਨੇ, ਇਸ ਸਮੇਂ ਪ੍ਰਾਣ ਤਿਆਗ ਕੇ ਯੋਗੀ ਚੰਦ੍ਰ ਲੋਕ ਨੂੰ ਜਾ ਕੇ ਫੇਰ ਜਨਮ ਲੈਂਦਾ

ਹੈ।

26. ਸ਼ੁਕਲ ਤੇ ਕ੍ਰਿਸ਼ਨ – ਇਹ ਦੋਨੋਂ ਸਨਾਤਨ ਮਾਰਗ ਯੋਗੀਆਂ ਦੇ ਆਣ ਜਾਣ ਦੇ ਮਾਰਗ ਹਨ। ਜਿਹੜਾ ਪਹਿਲੇ ਰਸਤੇ ਜਾਂਦਾ ਹੈ, ਉਹ ਮੁੜ ਕੇ ਨਹੀਂ ਆਉਂਦਾ, ਜੋ ਦੂਸਰੇ ਰਸਤੇ ਜਾਂਦਾ ਹੈ ਉਹ ਮੁੜ ਕੇ ਆਉਂਦਾ ਹੈ।

ਕ੍ਰਿਸ਼ਨ ਜੀ ਅਰਜਨ ਨੂੰ ਗਿਆਨ ਦਿੰਦੇ ਦਸਦੇ ਹਨ ਕਿ ਦੋ ਰਸਤੇ ਹਨ ਜਿਹੜੇ ਮਰਨ ਦੀ ਕਲਾ ਤੇ ਵਿਗਿਆਨ ਦਸਦੇ ਹਨ। ਕਿਹੜਾ ਸਮਾਂ ਠੀਕ ਹੈ ਜਿਸ ਸਮੇਂ ਸੰਸਾਰ ਤੋਂ ਜਾਣਾ ਚਾਹੀਦਾ ਹੈ? ਜਿਹੜੇ ਸ੍ਵੈ ਜਾਗ੍ਰਤ ਹੁੰਦੇ ਹਨ ਉਹ ਆਪਣਾ ਸਰੀਰ ਉਦੋਂ ਤਿਆਗਦੇ ਹਨ ਜਦੋਂ ਦਿਨ ਦਾ ਸਮਾਂ ਹੁੰਦਾ ਹੈ, ਸ਼ੁਕਲ ਪੱਖ ਹੁੰਦਾ ਹੈ, ਚਾਨਣ ਹੁੰਦਾ ਹੈ, ਸੂਰਜ ਉਤਰਾਇਣ ਵਿਚ ਹੁੰਦਾ ਹੈ, ਉਹ ਬ੍ਰਹਮ ਵਿਚ ਲੀਨ ਹੋ ਜਾਂਦੇ ਹਨ। ਜਿਹੜੇ ਕਰਮ ਦੇ ਮਾਰਗ ਤੇ ਚਲਦੇ ਹਨ ਉਹ ਰਾਤ ਨੂੰ ਆਪਣਾ ਸਰੀਰ ਤਿਆਗਦੇ ਹਨ। ਕ੍ਰਿਸ਼ਨ ਪੱਖ ਭਾਵ ਹਨ੍ਹੇਰੇ ਪੱਖ ਵਿਚ, ਤੇ ਜਦੋਂ ਸੂਰਜ ਦਖਸ਼ਾਇਣ ਵਿਚ ਹੁੰਦਾ ਹੈ, ਇਹ ਫੇਰ ਜਨਮ ਲੈਂਦੇ ਹਨ। ਜਿਹੜੇ ਗਿਆਨੀ ਹੁੰਦੇ ਹਨ, ਸ੍ਵੈ ਜਾਗ੍ਰਤ ਹੁੰਦੇ ਹਨ ਉਨ੍ਹਾਂ ਦੇ ਮਾਰਗ ਨੂੰ ਚਾਨਣ ਦਾ ਮਾਰਗ ਕਿਹਾ ਜਾਂਦਾ ਹੈ। ਜਿਹੜੇ ਉਦੋਂ ਸਰੀਰ ਛੱਡਦੇ ਹਨ, ਜਦੋਂ ਸੂਰਜ ਦੱਖਣ ਵਿਚ ਹੁੰਦਾ ਹੈ, ਉਸ ਨੂੰ ਧੂਏਂ ਦਾ ਮਾਰਗ ਕਹਿੰਦੇ ਹਨ। ਦੋਨੋਂ ਮਾਰਗ ਅੰਦਰ ਦੇ ਮਾਰਗ ਹਨ – ਇਕ ਸੁਤੰਤਰਤਾ ਦਾ ਮਾਰਗ ਹੈ, ਦੂਸਰਾ ਮੁੜ ਜਨਮ ਲੈਣ ਦਾ ਮਾਰਗ ਹੈ। ਅਗਨੀ, ਜੋਤੀ, ਸ਼ੁਕਲ ਇਹ ਚਾਨਣ ਪੱਖ ਲਈ ਵਰਤੇ ਗਏ ਹਨ ਤੇ ਉਸ ਚਾਨਣ ਦਾ ਪ੍ਰਤੀਕ ਹਨ ਜਿਹੜਾ ਮਾਰਗ ਦਰਸ਼ਨ ਕਰਦਾ ਹੈ। ਧੂੰਆਂ, ਰਾਤ, ਕ੍ਰਿਸ਼ਨ ਪੱਖ ਹਨ੍ਹੇਰਾ ਪੱਖ ਦਸਦੇ ਹਨ, ਇਹ ਪ੍ਰਤੀਕ ਹਨ ਅਗਿਆਨ ਦੇ, ਅੰਧੇਰੇ ਦੇ। ਇਹ ਸ਼ਲੋਕ ਕੇਵਲ ਬਾਹਰ ਦੇ ਵਿਸ਼ਵ, ਬਾਹਰ ਦੇ ਸੰਸਾਰ ਅਤੇ ਅੰਦਰ ਦੀ ਦਸ਼ਾ ਵੀ ਦਸਦੇ ਹਨ, ਮਨੁੱਖ ਦੇ ਅੰਦਰ ਵਾਪਰਦੇ ਹਾਲਾਤ ਵੀ ਦਸਦੇ ਹਨ।

ਇਹ ਦੋ ਮਾਰਗ ਹਨ – ਇਕ ਸੋਹਣਾ ਚੰਗਾ (ਨਿਸੁਆਰਥ), ਦੂਸਰਾ ਮਾਰਗ ਹੈ ਬੁਰਾ (ਸੁਆਰਥ ਦਾ)। ਚੰਗੇ ਮਾਰਗ ਤੇ ਚਲਦਿਆਂ, ਨਿਸੁਆਰਥ ਕਰਮ ਕਰਦਿਆਂ, ਕਰਮਾਂ ਦਾ ਫਲ ਅਰਪਣ ਕਰਦਿਆਂ ਮਨੁੱਖ ਸੁਤੰਤਰ ਰਹਿੰਦਾ ਹੈ ਤੇ ਸੁਤੰਤਰ ਹੋ ਕੇ ਕਰਮ ਕਰਦਾ ਹੈ। ਭੋਗਾਂ ਦਾ ਜੀਵਨ ਜੀਉਂਦਿਆਂ ਸੁਆਰਥੀ ਹੋ ਕੇ ਕਰਮ ਕੀਤੇ ਦੁਖ ਕਲੇਸ਼ ਦਾ ਕਾਰਣ ਬਣਦੇ ਹਨ। ਚੰਗਾ ਰਾਹ ਸੁਤੰਤਰਤਾ ਦਾ ਮਾਰਗ ਹੈ, ਸੁਆਰਥ ਦਾ ਰਾਹ ਚੌਰਾਸੀ ਵਲ ਧਕਦਾ ਹੈ।

ਯੋਗ ਅਨੁਸਾਰ ਤਿੰਨ ਮਾਰਗ ਹਨ – ਪਿੰਗਲਾ ਦਾ ਰਾਹ (ਸੱਜੀ ਨਾਸਕਾ ਤੋਂ ਸ੍ਵਾਸ ਲੈਣਾ) ਇਹ ਮਾਰਗ ਸੂਰਜ ਦਾ, ਰੋਸ਼ਨੀ ਦਾ, ਦਿਨ ਦਾ ਮਾਰਗ ਹੈ; ਇੜਾ (ਖੱਬੇ ਪਾਸੇ ਦੀ ਨਾਸਕਾ ਤੋਂ ਸਾਹ ਲੈਣਾ) ਦਾ ਮਾਰਗ ਰਾਤ ਦਾ ਮਾਰਗ ਹੈ ਹਨ੍ਹੇਰੇ ਦਾ ਮਾਰਗ ਹੈ। ਜਿਹੜਾ ਯੋਗੀ ਇੜਾ ਤੋਂ ਪਿੰਗਲਾ, ਪਿੰਗਲਾ ਤੋਂ ਇੜਾ ਆਪਣੀ ਇੱਛਾ ਅਨੁਸਾਰ ਸ੍ਵਾਸ ਬਦਲ ਸਕਦਾ

ਹੈ ਉਸ ਦਾ ਆਪਣੇ ਸੁਆਸਾਂ ਉਤੇ ਪੂਰਾ ਕਾਬੂ ਹੈ। ਇਹੋ ਜਿਹੇ ਯੋਗੀ ਨੂੰ ਇਹ ਵੀ ਪਤਾ ਹੈ ਕਿ ਉਸ ਨੇ ਕਦੋਂ ਸੁਖਮਨਾ ਵਿਚ ਸੁਾਸ ਲੈ ਜਾਣੇ ਹਨ, ਉਹ ਉਥੇ ਸੁਆਸਾਂ ਨੂੰ ਟਿਕਾ ਕੇ ਸ਼ਾਂਤੀ ਨਾਲ ਸਮਾਧੀ ਲਗਾ ਲੈਂਦਾ ਹੈ ਇਹ ਤੀਸਰਾ ਰਸਤਾ ਹੈ। ਗੀਤਾ ਵਿਚ ਕੇਵਲ ਦੋ ਮਾਰਗ ਹੀ ਦਿਤੇ ਹੋਏ ਹਨ – ਚਾਨਣ ਦਾ ਮਾਰਗ, ਹਨ੍ਹੇਰੇ ਦਾ ਮਾਰਗ। ਜਿਹੜਾ ਯੋਗੀ ਚਾਨਣ ਦਾ ਮਾਰਗ ਲੈਂਦਾ ਹੈ ਉਸ ਨੂੰ ਹਨ੍ਹੇਰੇ ਦੇ ਧੱਕੇ ਨਹੀਂ ਖਾਣੇ ਪੈਂਦੇ ਪਰ ਜਿਸ ਨੂੰ ਯੋਗ ਦਾ ਗਿਆਨ ਨਹੀਂ, ਜੋ ਯੋਗ ਦਾ ਅਭਿਆਸ ਨਹੀਂ ਕਰਦਾ ਉਸ ਨੂੰ ਹਨ੍ਹੇਰੇ ਦੇ ਮਾਰਗ ਤੇ ਚਲਣਾ ਹੀ ਪੈਂਦਾ ਹੈ। ਸੰਸਾਰਕ ਵਸਤੂਆਂ ਵਿਚ ਉਸ ਦਾ ਧਿਆਨ ਲਗਾ ਰਹਿੰਦਾ ਹੈ, ਉਸ ਦੀ ਦ੍ਰਿਸ਼ਟੀ ਧੁੰਦਲੀ ਹੋ ਜਾਂਦੀ ਹੈ ਤੇ ਅੱਖਾਂ ਤੇ ਪੱਟੀ ਬੰਨ੍ਹੀ ਰਹਿੰਦੀ ਹੈ, ਉਸ ਦਾ ਜੀਵਨ ਗੁਣਾਂ ਦੇ ਵਸ ਹੀ ਪਿਆ ਰਹਿੰਦਾ ਹੈ, ਉਹ ਸਹਿਜ ਸੰਜਮ ਦੇ ਮਾਰਗ ਦਾ ਅਭਿਆਸ ਹੀ ਨਹੀਂ ਕਰਦਾ ਪਰ ਯੋਗੀ ਸਹਿਜ ਸੰਜਮ ਦਾ ਜੀਵਨ ਜੀਉਂਦਾ ਹੈ, ਉਹ ਚਾਨਣ ਦੇ ਮਾਰਗ ਤੇ ਚਲਦਾ ਬ੍ਰਹਮਾ ਵਿਚ ਹੀ ਲੀਨ ਹੋ ਜਾਂਦਾ ਹੈ, ਅਗਿਆਨੀ ਤਾਂ ਚੌਰਾਸੀ ਦੇ ਗੇੜ ਵਿਚ ਲੱਗੇ ਰਹਿੰਦੇ ਹਨ ਤੇ ਆਪਣਾ ਸੁਆਰਥ ਹੋਣ ਕਰਕੇ ਭੁਗਤਦੇ ਹਨ।

ਆਮ ਮਨੁੱਖ ਨੂੰ ਸੰਸਾਰ ਤੋਂ ਜਾਣ ਦੇ ਸਮੇਂ ਦਾ ਬਿਲਕੁਲ ਵੀ ਪਤਾ ਨਹੀਂ। ਉਹ ਤਾਂ ਪ੍ਰਕ੍ਰਿਤੀ ਦੇ ਤਿੰਨਾਂ ਗੁਣਾਂ ਵਿਚ ਵਿਚਰ ਰਿਹਾ ਹੈ, ਉਹ ਹੀ ਉਸ ਦਾ ਜੀਵਨ ਚਲਾ ਰਹੇ ਹਨ ਪਰ ਯੋਗੀ ਦਾ ਆਪਣੀਆਂ ਗਿਆਨ ਇੰਦ੍ਰੀਆਂ ਤੇ ਪੂਰਾ ਕਾਬੂ ਹੈ, ਆਪਣੇ ਮਨ ਤੇ ਪੂਰਾ ਕਾਬੂ ਹੈ, ਉਹ ਆਪਣਾ ਸਰੀਰ ਆਪਣੀ ਮਰਜ਼ੀ ਅਨੁਸਾਰ ਛਡ ਸਕਦਾ ਹੈ। ਯੋਗੀ ਜੀਵਨ ਦਾ ਰਹੱਸ ਜਾਣਦਾ ਹੈ, ਉਸ ਦੀ ਕੀਮਤ ਜਾਣਦਾ ਹੈ, ਉਹ ਸਰੀਰ ਜਾਂ ਹੋਰ ਕਿਸੇ ਵੀ ਚੀਜ਼ ਨਾਲ ਮੋਹ ਨਹੀਂ ਰਖਦਾ। ਯੋਗੀ ਲਈ ਸਰੀਰ ਛੱਡਣਾ, ਕਪੜੇ ਬਦਲਣ ਦੀ ਤਰ੍ਹਾਂ ਹੀ ਹੈ। ਜਦੋਂ ਸਰੀਰ ਪੂਰੀ ਤਰ੍ਹਾਂ ਠੀਕ ਨਹੀਂ ਰਹਿੰਦਾ, ਆਪਣੀ ਕਿਰਿਆ ਨਹੀਂ ਕਰ ਸਕਦਾ, ਯੋਗੀ ਇਸ ਨੂੰ ਛੱਡਣ ਦਾ ਫੈਸਲਾ ਕਰ ਲੈਂਦਾ ਹੈ। ਆਮ ਮਨੁੱਖ ਦੀ ਇੱਛਾ ਐਡੀ ਬਲਵਾਨ ਤਾਂ ਹੁੰਦੀ ਨਹੀਂ, ਨਾ ਹੀ ਉਸ ਨੂੰ ਸਰੀਰ ਦੇ ਆਤਮਾ ਨਾਲ ਸਬੰਧ ਦਾ ਪਤਾ ਹੁੰਦਾ ਹੈ, ਗਿਆਨ ਦਾ ਮਾਰਗ, ਚਾਨਣ ਦਾ ਮਾਰਗ, ਸੂਰਜ ਦਾ ਮਾਰਗ ਸੋਝੀ ਵਾਲਿਆਂ ਲਈ ਹੀ ਹੁੰਦਾ ਹੈ।

27. ਹੇ ਪਾਰਥ! ਇਨ੍ਹਾਂ ਦੋਨਾਂ ਮਾਰਗਾਂ ਨੂੰ ਜਾਨਣ ਵਾਲਾ ਯੋਗੀ ਅਗਿਆਨ ਵਿਚ ਨਹੀਂ ਪੈਂਦਾ। ਹੇ ਅਰਜਨ! ਤੂੰ ਯੋਗ ਵਿਚ ਹੀ ਨਿਪੁੰਨ ਹੈਂ।

28. ਵੇਦ, ਤਪ, ਯੱਗ ਅਤੇ ਦਾਨ ਆਦਿ ਦਾ ਫਲ ਜੋ ਵੀ ਹੈ ਯੋਗੀ ਇਸ ਦੇ ਤੱਤ ਨੂੰ ਜਾਣਦਾ ਹੈ, ਉਹ ਇਸ ਤੋਂ ਉਪਰ ਉਠ ਜਾਂਦਾ ਹੈ ਤੇ ਉਹ ਉਤਮ ਪਰਮ ਪਦ ਨੂੰ ਪ੍ਰਾਪਤ ਹੁੰਦਾ ਹੈ।

ਜਿਸ ਨੂੰ ਦੋਨੋਂ ਮਾਰਗਾਂ ਦਾ ਗਿਆਨ ਹੈ – ਚਾਨਣ ਦੇ ਮਾਰਗ ਦਾ, ਗਿਆਨ ਦੇ ਮਾਰਗ ਦਾ ਅਤੇ ਹਨ੍ਹੇਰੇ ਦੇ ਮਾਰਗ, ਅਗਿਆਨ ਦੇ ਮਾਰਗ

ਦਾ, ਉਹ ਕਦੇ ਅਗਿਆਨ ਵਿਚ ਨਹੀਂ ਫਸਦਾ, ਉਹ ਦੋਨਾਂ ਦੇ ਨਤੀਜੇ ਜਾਣਦਾ ਹੈ। ਇਹੋ ਜਿਹਾ ਯੋਗੀ ਕਦੀ ਵੀ ਮੋਹ, ਮਾਇਆ ਦੇ ਜਾਲ ਵਿਚ ਨਹੀਂ ਫਸਦਾ। ਇਕ ਇਕ ਖਿਨ ਵੀ ਉਸ ਦਾ ਯੋਗ ਦੇ ਮਾਰਗ ਤੇ ਲਗਦਾ ਹੈ, ਉਹ ਯੋਗ ਅਭਿਆਸ ਕਦੀ ਨਹੀਂ ਛਡਦਾ। ਉਸ ਦੇ ਡਿੱਗਣ ਦਾ, ਪਿਛੇ ਹਟਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ, ਉਹ ਯੋਗ ਅਭਿਆਸ ਨੂੰ ਪੂਰੀ ਨਿਸ਼ਠਾ ਨਾਲ, ਪੂਰੀ ਇਕਾਗਰਤਾ ਨਾਲ ਨਿਭਾਉਂਦਾ ਹੈ। ਯੋਗ ਇਕ ਕਲਾ ਵੀ ਹੈ ਤੇ ਵਿਗਿਆਨ ਵੀ ਹੈ। ਇਸ ਤੋਂ ਭਾਵ ਹੈ - ਕਲਾ ਨੂੰ ਵਰਤਣਾ, ਸੁਖ ਦੁਖ ਵਿਚ ਸਮਾਚਿਤਤਾ ਵਰਤਣੀ, ਪੂਰੀ ਤਰ੍ਹਾਂ ਮੋਹ ਤੋਂ ਮੁਕਤ ਰਹਿਣਾ, ਭੋਗ ਬਿਲਾਸ ਵਿਚ ਨਹੀਂ ਪੈਣਾ। ਜਿਹੜਾ ਵੀ ਯੋਗ ਮਾਰਗ ਤੇ ਚਲਦਾ ਹੈ, ਕਦੀ ਵੀ ਛਲਿਆ ਨਹੀਂ ਜਾਂਦਾ।

ਗ੍ਰੰਥਾਂ ਦਾ ਗਿਆਨ ਕਿਸੇ ਹਦ ਤਕ ਸਹਾਈ ਹੋ ਸਕਦਾ ਹੈ। ਸਦਾ ਯੋਗੀ ਅਨੁਭਵ ਰਾਹੀਂ ਗਿਆਨ ਪ੍ਰਾਪਤ ਕਰਦਾ ਹੈ ਜਿਸ ਨਾਲ ਉਹ ਵੇਦਾਂ ਦੀ ਤਹਿ ਤਕ ਡੂੰਘਾ ਪਹੁੰਚਦਾ ਹੈ। ਇਹੋ ਜਿਹਾ ਯੋਗੀ ਦੂਸਰੇ ਯੋਗੀ ਤੋਂ ਆਪਣੇ ਆਪ ਉਚਾ ਹੈ ਜਿਹੜਾ ਕੇਵਲ ਗ੍ਰੰਥ ਪੜ੍ਹ ਕੇ ਬਲੀਦਾਨ ਦਿੰਦਾ ਹੈ, ਤਿਆਗ ਕਰਦਾ ਹੈ, ਗ੍ਰੰਥਾਂ ਵਿਚ ਦਿਤੀਆਂ ਗਈਆਂ ਸਿਖਿਆ ਅਨੁਸਾਰ ਚਲਦਾ ਹੈ। ਆਪਣਾ ਪ੍ਰਾਪਤ ਕੀਤਾ ਗਿਆਨ ਹੀ ਮੁਕਤੀ ਦਾ ਸਾਧਨ ਹੋ ਸਕਦਾ ਹੈ। ਯੋਗੀਆਂ ਦੀਆਂ ਦੋ ਪ੍ਰਣਾਲੀਆਂ ਇਥੇ ਦੱਸੀਆਂ ਗਈਆਂ ਹਨ। ਉਹ ਵਡਭਾਗੇ ਹਨ ਜਿਹੜੇ ਮੋਹ ਤੋਂ ਮੁਕਤ ਹਨ, ਜਿਨ੍ਹਾਂ ਨੇ ਸੋਝੀ ਨਾਲ ਕਰਮ ਕੀਤੇ ਹਨ, ਉਹ ਉਨ੍ਹਾਂ ਤੋਂ ਉਚੇ ਹਨ ਜਿਹੜੇ ਆਪਣੀਆਂ ਡਿਊਟੀਆਂ ਕਰਦੇ ਹਨ, ਰੋਜ਼ ਦੇ ਕੰਮ ਕਰਦੇ ਹਨ ਤੇ ਸੰਸਾਰ ਵਿਚ ਰਹਿੰਦੇ ਹਨ। ਪਹਿਲੀ ਪ੍ਰਣਾਲੀ ਦੇ ਯੋਗੀ ਉਚੀ ਅਵਸਥਾ ਪ੍ਰਾਪਤ ਕਰਦੇ ਹਨ, ਸ਼ਾਂਤੀ ਸਮਾਚਿਤਤਾ ਦੀ ਪ੍ਰਾਪਤੀ ਕਰਕੇ ਬਾਹਰ ਦੇ ਸੰਸਾਰ ਦੇ ਪ੍ਰਭਾਵ ਤੋਂ ਅਣਲੱਗ ਹੀ ਰਹਿੰਦੇ ਹਨ, ਉਹ ਕਦੀ ਵੀ ਅਸ਼ਾਂਤ ਨਹੀਂ ਹੁੰਦੇ। ਕ੍ਰਿਸ਼ਨ ਜੀ ਅਰਜਨ ਨੂੰ ਇਸ ਮਾਰਗ ਤੇ, ਸੋਝੀ ਦੇ ਮਾਰਗ ਤੇ ਚੱਲਣ ਦੀ ਪ੍ਰੇਰਨਾ ਕਰਦੇ ਹਨ, ਨਿਸੁਆਰਥ ਹੋ ਕੇ ਮੋਹ ਤੋਂ ਮੁਕਤ ਹੋਣ ਦੀ ਪ੍ਰੇਰਨਾ ਦਿੰਦੇ ਹਨ।

ਇਥੇ ਅਠਵਾਂ ਅਧਿਆਇ ਖਤਮ ਹੁੰਦਾ ਹੈ। ਇਸ ਵਿਚ ਤੱਤ ਦੇ ਗਿਆਨ ਦੀ ਵਿਆਖਿਆ ਕੀਤੀ ਗਈ ਹੈ।

# ਨੌਵਾਂ ਅਧਿਆਇ

## ਗੁਪਤ ਰਾਜਸੀ ਮਾਰਗ ਦਾ ਗਿਆਨ

1. ਸ੍ਰੀ ਭਗਵਾਨ ਉਪਵਾਚ –

ਤੂੰ ਦੋਸ਼ ਤੋਂ ਰਹਿਤ ਹੈਂ, ਵਿਗਿਆਨ ਸਹਿਤ ਜੋ ਅਤੀ ਗੁਪਤ ਗਿਆਨ ਹੈ ਉਹ ਮੈਂ ਤੈਨੂੰ ਦਸਦਾ ਹਾਂ ਜਿਸ ਨੂੰ ਜਾਣ ਕੇ ਤੂੰ ਪਾਪ ਤੋਂ ਛੁਟ ਜਾਵੇਂਗਾ।

2. ਇਹ ਗਿਆਨ ਸਾਰੀਆਂ ਵਿਦਿਆ ਵਿਚੋਂ ਰਾਜ ਵਿਦਿਆ ਹੈ, ਸਾਰੇ ਭੇਦਾਂ ਦਾ ਰਾਜਾ ਹੈ, ਪਵਿਤਰ ਹੈ, ਉਤਮ ਹੈ, ਧਰਮ ਅਨੁਸਾਰ ਹੈ, ਪ੍ਰਤੱਖ ਫਲ ਵਾਲਾ ਹੈ, ਇਹ ਸੌਖਾ ਹੈ ਇਹ ਨਾਸ਼ ਹੋਣ ਵਾਲਾ ਨਹੀਂ ਹੈ।

3. ਹੇ ਪਰੰਤਪ! ਜਿਹੜੇ ਇਸ ਗਿਆਨ ਧਰਮ ਵਿਚ ਸ਼ਰਧਾ ਨਹੀਂ ਰਖਦੇ, ਉਹ ਮੈਨੂੰ ਨਹੀਂ ਮਿਲਦੇ, ਉਹ ਸੰਸਾਰ ਵਿਚ ਮਰਦੇ ਜੰਮਦੇ ਰਹਿੰਦੇ ਹਨ।

ਸੱਤ ਦਾ ਗਿਆਨ ਤੇ ਉਤਮ ਗਿਆਨ ਵੱਖ-ਵੱਖ ਦੱਸੇ ਗਏ ਹਨ। ਉਹ ਗਿਆਨ ਜਿਹੜਾ ਇਸ ਦਿਸਦੇ ਸੰਸਾਰ ਨਾਲ ਸਬੰਧ ਰਖਦਾ ਹੈ, ਉਸ ਨੂੰ ਪਰਾ ਵਿਦਿਆ ਦਾ ਗਿਆਨ ਕਹਿੰਦੇ ਹਨ ਪਰ ਇਸ ਤੋਂ ਅੱਗੇ ਹੋਰ ਉਪਰ ਦੀ ਸਥਿਤੀ ਹੈ ਜਿਸ ਨੂੰ ਉਤਮ ਗਿਆਨ, ਅਪਰਾ ਵਿਦਿਆ ਕਹਿੰਦੇ ਹਨ, ਇਸ ਰਾਹੀਂ ਪੂਰੀ ਤਰ੍ਹਾਂ ਸੁਤੰਤਰਤਾ ਪ੍ਰਾਪਤ ਹੁੰਦੀ ਹੈ, ਮਨੁੱਖ ਦੁਖ ਸੁਖ ਤੋਂ ਛੁਟ ਜਾਂਦਾ ਹੈ। ਇਸ ਤੋਂ ਪਹਿਲਾਂ ਕਿ ਮਨੁੱਖ ਅਪਰਾ ਵਿਦਿਆ ਗ੍ਰਹਿਣ ਕਰੇ, ਪਰਾ ਵਿਦਿਆ ਦਾ ਗਿਆਨ ਜ਼ਰੂਰੀ ਹੈ। ਪਰਾ ਵਿਦਿਆ ਗਿਆਨ ਇੰਦ੍ਰੀਆਂ ਰਾਹੀਂ ਪ੍ਰਤੱਖ ਗਿਆਨ ਨਾਲ ਪ੍ਰਾਪਤ ਕੀਤੀ ਜਾਂਦੀ ਹੈ। ਜਦੋਂ ਤੁਸੀਂ ਸੰਸਾਰਕ ਵਸਤੂਆਂ ਦਾ ਸੁਭਾਅ ਦੇਖਦੇ ਹੋ ਤੇ ਦਿਖਦਾ ਸੰਸਾਰ ਦੇਖਦੇ ਹੋ ਤਾਂ ਤੁਹਾਨੂੰ ਸੋਝੀ ਆਉਂਦੀ ਹੈ ਕਿ ਦਿਸਦਾ ਸੰਸਾਰ ਸਾਰਾ ਚਲਾਇਮਾਨ ਹੈ। ਫੇਰ ਇਹ ਇੱਛਾ ਪੈਦਾ ਹੁੰਦੀ ਹੈ ਕਿ ਜਿਹੜਾ ਇਸ ਸਭ ਕੁਝ ਨੂੰ ਚਲਾਉਣ ਵਾਲਾ ਹੈ, ਜੋ ਨਹੀਂ ਦਿਸਦਾ, ਉਸ ਨੂੰ ਖੋਜਿਆ ਜਾਵੇ। ਫੇਰ ਉਹ ਦੋ ਘਟਨਾਵਾਂ ਵਿਚ ਫਰਕ ਦੇਖਦਾ ਹੈ ਤੇ ਮਹਿਸੂਸ ਕਰਦਾ ਹੈ ਕਿ ਇਕ ਚਲਾਇਮਾਨ ਹੈ, ਦੂਸਰਾ ਸਥਿਰ ਹੈ।

ਕ੍ਰਿਸ਼ਨ ਜੀ ਅਨੰਤ ਦਾ ਗੁਪਤ ਗਿਆਨ ਅਰਜਨ ਨੂੰ ਦਿੰਦੇ ਹਨ। ਪਹਿਲੇ ਸ਼ਲੋਕ ਵਿਚ ਗੋਹੀਆ ਸ਼ਬਦ ਦੀ ਵਰਤੋਂ ਕੀਤੀ ਗਈ ਹੈ ਜਿਸ ਤੋਂ ਭਾਵ ਹੈ ਛੁਪਿਆ ਹੋਇਆ, ਜਿਸ ਨੂੰ ਹਰੇਕ ਨਹੀਂ ਦੇਖ ਸਕਦਾ ਪਰ ਗਿਆਨ ਦੇ ਮਾਰਗ ਤੇ ਕੁਝ ਵੀ ਗੁਪਤ ਨਹੀਂ। ਜੋ ਵੀ ਇਸ ਗਿਆਨ ਨੂੰ ਪ੍ਰਾਪਤ ਕਰਨ ਦੀ ਇੱਛਾ ਰਖਦਾ ਹੈ ਉਹ ਪ੍ਰਾਪਤ ਕਰ ਹੀ ਲੈਂਦਾ ਹੈ। ਜਿਹੜਾ ਸੰਸਾਰ ਦੇ ਭੋਗ ਵਿਲਾਸ ਵਿਚ ਡੁੱਬਿਆ ਰਹਿੰਦਾ ਹੈ, ਜਿਸ ਦਾ ਮਨ ਖਿੰਡਿਆ ਰਹਿੰਦਾ ਹੈ, ਅਸ਼ਾਂਤ ਰਹਿੰਦਾ ਹੈ, ਉਹ ਇਸ ਗਿਆਨ ਨੂੰ ਨਾ ਤਾਂ ਸਮਝ ਸਕਦਾ ਹੈ, ਨਾ ਹੀ ਅੰਦਰ ਸਮਾਅ ਸਕਦਾ ਹੈ, ਇਸ ਕਰਕੇ ਇਹ ਉਹਦੇ

ਲਈ ਗੁਪਤ ਰਹਿੰਦਾ ਹੈ। ਇਹ ਸਲੋਕ ਦਸਦੇ ਹਨ ਕਿ ਇਸ ਉਤਮ ਗਿਆਨ ਗੁਪਤ ਗਿਆਨ ਦਾ ਰਾਜਸੀ ਮਾਰਗ ਕੇਵਲ ਉਨ੍ਹਾਂ ਨੂੰ ਹੀ ਦਿਤਾ ਜਾਂਦਾ ਹੈ ਜਿਹੜੇ ਇਕਾਗਰ ਮਨ ਰਖਦੇ ਹਨ, ਜਿਹੜੇ ਯੋਗ ਮਾਰਗ ਤੇ ਚਲਦੇ ਹਨ, ਜਿਨ੍ਹਾਂ ਨੇ ਇਹ ਦ੍ਰਿੜ੍ਹ ਫੈਸਲਾ ਕਰ ਲਿਆ ਹੈ ਕਿ ਉਹ ਆਪਣਾ ਜੀਵਨ ਇਸ ਅਨੰਤ ਦੇ ਗਿਆਨ ਦੀ ਪ੍ਰਾਪਤੀ ਲਈ ਅਰਪਣ ਕਰ ਦੇਣਗੇ। ਇਕ ਉਤਮ ਗੁਰੂ ਜਗਿਆਸੂ ਦੇ ਮਨ ਦੀ ਸਥਿਤੀ ਅਨੁਸਾਰ ਹੀ ਉਸ ਨੂੰ ਸਿਖਿਆ ਦਿੰਦਾ ਹੈ। ਜਿਵੇਂ-ਜਿਵੇਂ ਜਗਿਆਸੂ ਅੱਗੇ ਵਧਦਾ ਹੈ ਉਸ ਤਰ੍ਹਾਂ ਹੀ ਗੁਰੂ ਵੀ ਹੋਰ-ਹੋਰ ਗੁਪਤ ਗਿਆਨ ਉਸ ਨੂੰ ਦੱਸੀ ਜਾਂਦਾ ਹੈ, ਹੋਰ ਗੁੱਝੇ ਭਾਵ ਦਸਦਾ ਹੈ ਜਿਹੜੇ ਉਹ ਪਹਿਲੇ ਨਹੀਂ ਸੀ ਦਸ ਸਕਦਾ।

ਜਿਹੜਾ ਗਿਆਨ ਇਸ ਅਧਿਆਇ ਵਿਚ ਦੱਸਿਆ ਜਾ ਰਿਹਾ ਹੈ, ਉਸ ਨੂੰ ਰਾਜ ਵਿਦਿਆ ਕਹਿੰਦੇ ਹਨ। ਦੂਸਰੇ ਗਿਆਨ ਤੇ ਰਾਜ ਗਿਆਨ ਵਿਚ ਅੰਤਰ ਹੈ। ਜਿਹੜਾ ਮਾਰਗ ਰਾਜ ਵਿਦਿਆ ਨੂੰ ਜਾਂਦਾ ਹੈ ਉਹ ਸਾਫ ਸੁਥਰਾ ਮਾਰਗ ਹੈ ਤੇ ਜਗਿਆਸੂ ਦਾ ਮਾਰਗ ਦਰਸ਼ਨ ਕਰਦਾ ਹੈ। ਉਸ ਮਾਰਗ ਤੇ ਇਹੋ ਜਿਹੇ ਚਿੰਨ੍ਹ ਲੱਗੇ ਹੋਏ ਹਨ ਜਿਸ ਤੋਂ ਜਗਿਆਸੂ ਨੂੰ ਇਹ ਪਤਾ ਲਗਦਾ ਹੈ ਕਿ ਉਸ ਨੇ ਕਿੰਨਾ ਪੈਂਡਾ ਤੈਅ ਕਰ ਲਿਆ ਹੈ, ਕਿੰਨਾ ਬਾਕੀ ਹੈ, ਕਿਥੇ ਮੁੜਨਾ ਹੈ ਤੇ ਕਿਹੜੇ ਪਾਸੇ ਜਾਣਾ ਹੈ। ਅੱਜ ਦੇ ਸ਼ਿਸ਼ ਇਸ ਮਾਰਗ ਤੇ ਚਲਣ ਦੀ ਕੋਸ਼ਿਸ਼ ਕਰਦੇ ਹਨ। ਇਹ ਇਕ ਬਹੁਤ ਵਿਧੀ ਵਾਲਾ ਮਾਰਗ ਹੈ। ਜੇ ਕੋਈ ਭਰੋਸੇ ਤੇ ਨਿਸ਼ਠਾ ਨਾਲ ਇਸ ਮਾਰਗ ਤੇ ਚਲਦਾ ਰਹੇ, ਉਹ ਰਾਜ ਵਿਦਿਆ ਤਕ ਪਹੁੰਚ ਹੀ ਜਾਂਦਾ ਹੈ ਜਿਥੇ ਰਾਜਾ ਰਹਿੰਦਾ ਹੈ ਤੇ ਆਪਣੀ ਸ਼ਾਨ ਤੇ ਮਿਹਰ ਵਰਸਾ ਰਿਹਾ ਹੈ।

ਇਸ ਸਲੋਕ ਦਾ ਇਕ ਹੋਰ ਅਰਥ ਵੀ ਹੈ। ਰਾਜ ਵਿਦਿਆ ਉਹ ਵਿਦਿਆ ਹੈ ਜਿਸ ਨਾਲ ਉਹ ਗੁਪਤ ਗਿਆਨ ਪ੍ਰਾਪਤ ਹੁੰਦਾ ਹੈ ਜਿਹੜਾ ਗੁਪਤ ਰਾਜ ਨੂੰ ਚਲਾਉਂਦਾ ਹੈ। ਰਾਜੇ ਨੂੰ ਕਿਵੇਂ ਵਿਹਾਰ ਕਰਨਾ ਚਾਹੀਦਾ ਹੈ? ਕਿਵੇਂ ਆਪਣਾ ਰਾਜ ਚਲਾਉਣਾ ਚਾਹੀਦਾ ਹੈ? ਇਕ ਵਿਅਕਤੀ ਕਿਵੇਂ ਆਪਣੇ ਜੀਵਨ ਦਾ ਰਾਜ ਚਲਾ ਸਕਦਾ ਹੈ, ਆਪਣੇ ਅੰਦਰ ਦੇ ਰਾਜ ਨੂੰ ਤੇ ਬਾਹਰ ਦੇ ਰਾਜ ਨੂੰ; ਨੂੰ ਚਲਾਉਣ ਵਾਸਤੇ ਸਮਚਿੱਤਤਾ ਦੀ ਲੋੜ ਹੈ। ਇਸ ਤੋਂ ਬਿਨਾਂ ਸ੍ਵੈ ਰਾਜ, ਭਾਵੇਂ ਉਹ ਅੰਦਰ ਦਾ ਹੋਵੇ ਜਾਂ ਬਾਹਰ ਦਾ, ਸੰਭਵ ਨਹੀਂ। ਆਗੂ ਨੂੰ ਅੰਦਰ ਦਾ ਡੂੰਘਾ ਗਿਆਨ ਹੋਣਾ ਚਾਹੀਦਾ ਹੈ ਅਤੇ ਬਾਹਰ ਦਾ ਵੀ ਓਨਾਂ ਹੀ ਡੂੰਘਾ ਗਿਆਨ ਹੋਣਾ ਚਾਹੀਦਾ ਹੈ, ਇਸ ਨੂੰ ਪ੍ਰਾਪਤ ਕਰਕੇ ਹੀ ਉਸ ਨੂੰ ਰਾਜ ਦੀ ਵਾਗਡੋਰ ਹੱਥ ਵਿਚ ਲੈਣੀ ਚਾਹੀਦੀ ਹੈ। ਜਿਸ ਨੇ ਆਪਣੇ ਆਪ ਤੇ ਕਾਬੂ ਨਹੀਂ ਪਾਇਆ, ਉਹ ਦੂਸਰਿਆਂ ਤੇ ਰਾਜ ਨਹੀਂ ਕਰ ਸਕਦਾ, ਉਹ ਦੂਸਰਿਆਂ ਤੇ ਨਿਆਂ ਨਹੀਂ ਕਰ ਸਕਦਾ, ਜੇ ਉਸ ਨੇ ਸਮਾਚਿਤਤਾ ਪ੍ਰਾਪਤ ਨਹੀਂ ਕੀਤੀ।

ਆਪਣੇ ਅਨੁਭਵ ਨਾਲ ਯੋਗੀ ਉਹ ਸਾਰੇ ਸਿਧਾਂਤ ਜਾਣ ਲੈਂਦਾ ਹੈ ਜਿਹੜੇ ਸਰੀਰ ਨੂੰ ਚਲਾਉਂਦੇ ਹਨ। ਯੋਗੀ ਨੂੰ ਅਨੰਤ ਦਾ ਸਿਧਾਂਤ ਵੀ ਪਤਾ ਹੁੰਦਾ ਹੈ ਜਿਹੜਾ ਡੂੰਘਾ ਉਸ ਦੇ ਅੰਦਰ ਪਿਆ ਰਹਿੰਦਾ ਹੈ, ਯੋਗੀ ਆਪਣੇ

ਸਰੀਰ ਦੇ ਨਗਰ ਤੇ ਰਾਜ ਕਰਨਾ ਸਿੱਖ ਲੈਂਦਾ ਹੈ ਤੇ ਉਸ ਦਾ ਮਾਲਕ ਬਣ ਜਾਂਦਾ ਹੈ ਜਦੋਂ ਕਿ ਇਕ ਆਮ ਮਨੁੱਖ ਨੂੰ ਇਸ ਦੀ ਸੋਝੀ ਹੀ ਨਹੀਂ ਹੁੰਦੀ। ਉਹ ਪ੍ਰਾਕ੍ਰਿਤੀ ਦੇ ਗੁਣਾਂ ਅਨੁਸਾਰ ਹੀ ਚਲਦਾ ਹੈ ਤੇ ਉਹ ਸੰਸਾਰ ਦੇ ਭੋਗ ਭੋਗਣਾ ਚਾਹੁੰਦਾ ਹੈ। ਉਹ ਆਪਣੀਆਂ ਇਛਾਵਾਂ ਦਾ ਗੁਲਾਮ ਹੈ। ਜਿਹੜਾ ਯੋਗ ਦੇ ਮਾਰਗ ਤੇ ਨਹੀਂ ਚਲਦਾ ਪਰ ਆਪਣੇ ਕਰਮਾਂ ਦਾ ਫਲ ਭੋਗਣਾ ਚਾਹੁੰਦਾ ਹੈ, ਉਹ ਮੁੜ-ਮੁੜ ਕੇ ਸੰਸਾਰ ਤੇ ਆਉਂਦਾ ਹੈ। ਉਹ ਬਿਲਕੁਲ ਇਸ ਤਰ੍ਹਾਂ ਹੀ ਹੈ ਜਿਸ ਤਰ੍ਹਾਂ ਉਹ ਬਿਨਾਂ ਕਿਸੇ ਮੰਤਵ ਤੋਂ ਜਨਮ ਲੈਂਦਾ ਹੈ ਤੇ ਮਰਦਾ ਹੈ।

ਇਸ ਅਧਿਆਇ ਵਿਚ ਕ੍ਰਿਸ਼ਨ ਜੀ ਉਹ ਉਤਮ ਗਿਆਨ ਦਸਦੇ ਹਨ ਜਿਹੜਾ ਅਰਜਨ ਨੂੰ ਆਪਣਾ ਅੰਤਰ ਸੰਗਠਨ ਕਰਨ ਦੀ ਸਹਾਇਤਾ ਕਰੇਗਾ ਅਤੇ ਜੋ ਉਸ ਨੂੰ ਮਾਇਆ ਵਿਚੋਂ ਕੱਢੇਗਾ। ਪਹਿਲਾਂ ਕ੍ਰਿਸ਼ਨ ਜੀ ਉਸ ਨੂੰ ਦਿਸਦੇ ਸੰਸਾਰ ਦਾ ਗਿਆਨ ਦਿੰਦੇ ਹਨ, ਫੇਰ ਉਸ ਨੂੰ ਹੌਲੀ-ਹੌਲੀ ਉਤਮ ਅਨੰਤ ਦੇ ਗਿਆਨ ਵਲ ਲੈ ਜਾਂਦੇ ਹਨ; ਇਹ ਗਿਆਨ ਆਪ ਹੀ ਪ੍ਰਾਪਤ ਹੋ ਸਕਦਾ ਹੈ - ਆਪਣੇ ਅਨੁਭਵ ਨਾਲ, ਹੋਰ ਕਿਸੇ ਸ੍ਰੋਤ ਤੋਂ ਨਹੀਂ। ਗ੍ਰੰਥਾਂ ਦਾ ਗਿਆਨ ਤੇ ਰਿਸ਼ੀ-ਮੁਨੀ ਸਾਨੂੰ ਪ੍ਰੇਰਨਾ ਜ਼ਰੂਰ ਦਿੰਦੇ ਹਨ ਪਰ ਕੇਵਲ ਪ੍ਰਤੱਖ ਗਿਆਨ, ਜਿਹੜਾ ਆਪਣੇ ਅਨੁਭਵ ਨਾਲ ਪ੍ਰਾਪਤ ਕੀਤਾ ਹੋਵੇ, ਉਹ ਹੀ ਉਤਮ ਗਿਆਨ ਦੀ ਪ੍ਰਾਪਤੀ ਵਿਚ ਸਹਾਇਕ ਹੁੰਦਾ ਹੈ।

4. ਇਸ ਸਾਰੇ ਜਗਤ ਵਿਚ ਮੈਂ ਹੀ ਅਵਿਅਕਤ ਰੂਪ ਨਾਲ ਵਿਆਪ ਰਿਹਾ ਹਾਂ; ਸਾਰੇ ਪ੍ਰਾਣੀ ਮੇਰੇ ਵਿਚ ਵਸਦੇ ਹਨ, ਮੈਂ ਉਨ੍ਹਾਂ ਵਿਚ ਸੀਮਤ ਨਹੀਂ ਹਾਂ।

5. ਜੀਵ ਮੇਰੇ ਵਿਚ ਸਥਿਤ ਨਹੀਂ, ਇਹ ਮੇਰਾ ਅਸਚਰਜ ਹੈ, ਸਭ ਜੀਵਾਂ ਦਾ ਆਸਰਾ ਹੋ ਕੇ ਵੀ ਮੈਂ ਉਨ੍ਹਾਂ ਵਿਚ ਸਥਿਤ ਨਹੀਂ, ਮੇਰੀ ਆਤਮਾ ਹੀ ਭੂਤਾਂ ਦੀ ਉਤਪੰਨ ਕਰਨ ਵਾਲੀ ਹੈ।

6. ਜਿਸ ਤਰ੍ਹਾਂ ਹਰ ਜਗ੍ਹਾ ਵਿਚਰ ਰਹੀ ਹਵਾ ਆਕਾਸ਼ ਵਿਚ ਸਥਿਤ ਹੈ, ਬਿਲਕੁਲ ਉਸ ਤਰ੍ਹਾਂ ਹੀ ਸਾਰੇ ਜੀਵ ਮੇਰੇ ਵਿਚ ਸਥਿਤ ਹਨ, ਤੂੰ ਇਸ ਤਰ੍ਹਾਂ ਹੀ ਸਮਝ।

ਉਹ ਜਿਹੜਾ ਆਪਣੇ ਆਪ ਵਿਚ ਸੰਪੂਰਨ ਹੈ, ਸਰਬਵਿਆਪਕ ਹੈ, ਪਰੀਪੂਰਨ ਹੈ, ਉਸ ਨੂੰ ਕਿਸੇ ਦੀ ਸਹਾਇਤਾ ਦੀ ਲੋੜ ਨਹੀਂ, ਸਾਰਾ ਦ੍ਰਿਸ਼ਟਮਾਨ ਸੰਸਾਰ ਉਸ ਅਦ੍ਰਿਸ਼ਟਮਾਨ ਦਾ ਹੀ ਪਸਾਰਾ ਹੈ, ਉਸ ਇਕ ਅਨੰਤ ਸ਼ਕਤੀ ਦਾ ਹੀ ਪਸਾਰਾ ਹੈ। ਸਾਰੇ ਜੀਵ ਉਸ ਇਕ ਸ਼ਕਤੀ ਤੇ ਹੀ ਭਰੋਸਾ ਕਰਦੇ ਹਨ ਪਰ ਉਹ ਇਕ ਪਰੀਪੂਰਨ ਸ਼ਕਤੀ ਕਿਸੇ ਤੇ ਵੀ ਨਿਰਭਰ ਨਹੀਂ ਹੈ, ਉਹ ਅਨੰਤ ਸ਼ਕਤੀ ਸਰਬ ਸ਼ਕਤੀਮਾਨ ਹੈ, ਸਵਤੰਤਰ ਹੈ, ਆਪਣੇ ਆਪ ਵਿਚ ਸੰਪੂਰਨ ਹੈ। ਉਹ ਸਭ ਦੀ ਪਾਲਕ ਹੈ, ਸਾਰਿਆਂ ਨੂੰ ਸੁਰਖਸ਼ਤ ਰਖਦੀ ਹੈ ਪਰ ਫੇਰ ਵੀ ਇਕ ਥਾਂ ਸੀਮਤ ਨਹੀਂ, ਸਥਾਪਤ ਨਹੀਂ। ਆਤਮਾ ਹੀ ਸਾਰੇ ਕਰਮਾਂ ਦਾ ਸਰੋਤ ਹੈ। ਜੋ ਵੀ ਕੁਝ ਮਨੁੱਖ ਕਰਦਾ ਹੈ, ਆਤਮਾ

ਤੋਂ ਹੀ ਉਤਪੰਨ ਹੁੰਦਾ ਹੈ; ਜਿਵੇਂ ਹਵਾ ਬ੍ਰਹਿਮੰਡ ਵਿਚ ਹੈ, ਉਸ ਤਰ੍ਹਾਂ ਹੀ ਸਭ ਕੁਝ ਦਾ ਨਿਵਾਸ ਪ੍ਰਮਾਤਮਾ ਵਿਚ ਹੈ।

ਕਿਸੇ ਵੀ ਸੰਸਥਾ ਵਿਚ ਕਈ ਅਫਸਰ ਹੁੰਦੇ ਹਨ ਪਰ ਸਾਰੇ ਅਫਸਰਾਂ ਉਤੇ ਇਕ ਉਹ ਅਫਸਰ ਹੁੰਦਾ ਹੈ ਜਿਸ ਕੋਲ ਸਾਰੇ ਹੀ ਅਧਿਕਾਰ ਹੁੰਦੇ ਹਨ ਉਹ ਜਿਸ ਤਰ੍ਹਾਂ ਚਾਹੇ, ਸੰਸਥਾ ਨੂੰ ਚਲਾ ਸਕਦਾ ਹੈ, ਇਸ ਤਰ੍ਹਾਂ ਹੀ ਜੀਵਨ ਦੇ ਨਗਰ ਵਿਚ ਕਿੰਨੇ ਹੀ ਸੰਚਾਲਕ ਹਨ ਪਰ ਸਭ ਤੋਂ ਉਪਰ ਹੈ ਪ੍ਰਮਾਤਮਾ। ਮਨੁੱਖ ਤੇ ਵਿਸ਼ਵ ਵਿਚ ਸਭ ਤੋਂ ਉਤਮ ਹੈ ਪ੍ਰਮਾਤਮਾ ਜਿਹੜਾ ਸੰਸਾਰ ਦਾ ਸੰਚਾਲਕ ਹੈ, ਜੀਵ ਦਾ ਸੰਚਾਲਕ ਹੈ, ਜੀਵਨ ਦਾ ਸੰਚਾਲਕ ਹੈ ਜਿਹੜਾ ਸਿਧਾਂਤ ਸੰਸਾਰ ਦਾ ਸੰਚਾਲਕ ਹੈ, ਉਹ ਜੀਵਨ ਦਾ ਸੰਚਾਲਕ ਹੈ।

7. ਹੇ ਕੌਂਤੇਅ! ਕਲਪ ਦੇ ਅੰਤ ਵਿਚ ਸਭ ਭੂਤ ਮੇਰੀ ਪ੍ਰਕ੍ਰਿਤੀ ਵਿਚ ਲੀਨ ਹੋ ਜਾਂਦੇ ਹਨ ਤੇ ਕਲਪ ਦੇ ਆਦਿ ਵਿਚ ਫੇਰ ਮੇਰੇ ਵਿਚੋਂ ਉਪਜਦੇ ਹਨ।

8. ਮੈਂ ਆਪਣੀ ਹੀ ਪ੍ਰਾਕ੍ਰਿਤ ਵਿਚ ਛੁਪਿਆ ਹੋਇਆ ਇਨ੍ਹਾਂ ਸਭ ਜੀਵਾਂ ਆਦਿ ਨੂੰ ਪ੍ਰਕ੍ਰਿਤੀ ਦੇ ਪ੍ਰਾਧੀਨ ਕਾਰਣ ਬਾਰ-ਬਾਰ ਬਾਹਰ ਭੇਜਦਾ ਹਾਂ।

9. ਹੇ ਧਨੰਜਅ! ਇਹ ਕਰਮ ਮੈਨੂੰ ਨਹੀਂ ਬੰਨ੍ਹਦੇ ਕਿਉਂਕਿ ਮੈਂ ਕਰਮਾਂ ਤੋਂ ਨਿਰਲੇਪ ਹਾਂ, ਉਦਾਸੀਨ ਰਹਿੰਦਾ ਹਾਂ।

10. ਹੇ ਕੌਂਤੇਅ! ਮੈਂ ਹੀ ਪ੍ਰਕ੍ਰਿਤੀ ਦਾ ਮਾਲਕ ਹਾਂ ਮੇਰੇ ਹੀ ਹੁਕਮ ਨਾਲ ਪ੍ਰਕ੍ਰਿਤੀ ਚਰਾਚਰ ਪ੍ਰਾਣੀਆਂ ਨੂੰ ਰਚਦੀ ਰਹਿੰਦੀ ਹੈ, ਇਸੇ ਕਰਕੇ ਇਸ ਸੰਸਾਰ ਦਾ ਚੱਕਰ ਚਲਦਾ ਰਹਿੰਦਾ ਹੈ।

ਵੈਦਕ ਗ੍ਰੰਥਾਂ ਅਨੁਸਾਰ ਅੱਧਾ ਕਲਪ (ਬ੍ਰਹਮਾ ਦਾ ਇਕ ਦਿਨ) ਸੰਸਾਰ ਦੇ 4, 32,60,00,000 ਦਿਨਾਂ ਦੇ ਬਰਾਬਰ ਹੁੰਦਾ ਹੈ। ਇਹ ਸੰਸਾਰ ਦਾ ਆਦਿ ਤੇ ਅੰਤ ਹੈ। ਜਦੋਂ ਸੰਸਾਰ ਖਤਮ ਹੁੰਦਾ ਹੈ ਸਾਰੇ ਮਨੁੱਖ ਮੂਲ ਸਰੋਤ ਵਿਚ ਬਦਲ ਜਾਂਦੇ ਹਨ, ਯੁੱਗ ਬਦਲ ਜਾਂਦੇ ਹਨ ਫੇਰ ਅਗਲੇ ਯੁੱਗ ਸ਼ੁਰੂ ਹੋਣ ਤੇ ਹੋਂਦ ਵਿਚ ਆਉਂਦੇ ਹਨ। ਇਹ ਚੱਕਰ ਚਲਦਾ ਹੀ ਰਹਿੰਦਾ ਹੈ। ਇਕ ਸ਼ੁਧ ਆਤਮਾ ਹੀ ਇਸ ਸਭ ਕੁਝ ਦੇ ਉਪਰ ਰਹਿੰਦੀ ਹੈ, ਪ੍ਰਕਿਰਤੀ ਦੇ ਪ੍ਰਗਟਾਵੇ ਦੇ ਉਤੇ ਹੈ, ਸਾਰੇ ਨਾਮ ਆਕਾਰ ਤੋਂ ਉਪਰ ਹਨ।

ਖਤਮ ਹੋਣ ਤੇ, ਅਤੇ ਮੁੜ ਸ਼ੁਰੂ ਹੋਣ ਤੇ ਆਤਮਾ ਨਿਰੋਲ ਰਹਿੰਦੀ ਹੈ, ਉਹ ਪ੍ਰਕ੍ਰਿਤੀ ਦੇ ਮੂਲ ਰੂਪ ਤੋਂ ਵੀ ਉਪਰ ਰਹਿੰਦੀ ਹੈ। ਨਿਰੋਲ ਆਤਮਾ ਪ੍ਰਕ੍ਰਿਤੀ ਦੁਆਰਾ ਵਿਸ਼ਵ ਦਾ ਪ੍ਰਗਟਾਵਾ ਕਰਦੀ ਹੈ। ਅਨਾਦਿ ਜੜ੍ਹ ਤੇ ਸਥੂਲ ਦੋਨਾਂ ਰਾਹੀਂ ਪ੍ਰਗਟਾ ਹੁੰਦਾ ਹੈ, ਕਲਪ ਸਮੇਂ ਸਾਰੇ ਹੀ ਬਹੁਤ ਮਜ਼ਬੂਰੀ ਦੀ ਤਰ੍ਹਾਂ ਹੁਕਮ ਅਨੁਸਾਰ ਹੋਂਦ ਵਿਚ ਆ ਜਾਂਦੇ ਹਨ ਜਾਂ ਖਤਮ ਹੋ ਜਾਂਦੇ ਹਨ। ਅੰਤ ਸਾਰਿਆਂ ਤੋਂ ਉਤੇ ਸ਼ਕਤੀ ਆਤਮਾ ਦੀ ਹੀ ਹੁੰਦੀ ਹੈ, ਪ੍ਰਗਟਾਵੇ ਦਾ ਸਾਰਾ

ਕਰਮ ਇਸ ਕਰਕੇ ਹੁੰਦਾ ਹੈ ਤਾਂ ਕਿ ਉਨ੍ਹਾਂ ਦੀ ਚੇਤਨਤਾ ਉਚੀ ਉਠ ਸਕੇ ਤੇ ਆਪਣੀ ਹੋਂਦ ਨੂੰ ਵਿਸ਼ਵ ਦੀ ਹੋਂਦ ਦੇ ਨਾਲ ਪਹਿਚਾਣ ਸਕੇ। ਦਸਵੇਂ ਸ਼ਲੋਕ ਵਿਚ ਸਬਦ ਸੁਅਤਿ ਦੀ ਵਰਤੋਂ ਕੀਤੀ ਗਈ ਹੈ। ਇਹ ਸ਼ਬਦ ਸੂ ਤੋਂ ਲਿਆ ਹੈ ਜਿਸ ਦਾ ਭਾਵ ਹੈ ਖੁਸ਼ਹਾਲੀ ਲਿਆਉਣੀ। ਜੋ ਵੀ ਪ੍ਰਗਟ ਹੁੰਦਾ ਹੈ, ਆਤਮਾ ਉਸ ਵਿਚ ਖੁਸ਼ਹਾਲੀ ਲਿਆਉਂਦੀ ਹੈ।

11. ਮੈਂ ਸਭ ਜੀਵਾਂ ਦਾ ਪ੍ਰਮੇਸ਼ਵਰ ਹਾਂ, ਅਗਿਆਨੀ ਮੇਰੇ ਪਰਮ ਤੱਤ ਨੂੰ ਨਹੀਂ ਜਾਣਦੇ, ਜਦੋਂ ਮੈਂ ਮਨੁੱਖ ਰੂਪ ਧਾਰਨ ਕਰਦਾ ਹਾਂ, ਉਹ ਮੇਰਾ ਆਦਰ ਨਹੀਂ ਕਰਦੇ।

12. ਇਹ ਆਸ਼ਾਹੀਨ, ਕਰਮਹੀਨ, ਗਿਆਨਹੀਨ, ਵਿਚਾਰਹੀਨ, ਅਸੁਰੀ, ਰਾਖਸ਼ੀ ਤੇ ਮੋਹਣੀ ਪ੍ਰਕ੍ਰਿਤੀ ਦਾ ਆਸਰਾ ਲੈਂਦੇ ਹਨ।

ਜਦੋਂ ਲੋੜ ਪੈਂਦੀ ਹੈ ਪ੍ਰਮਾਤਮਾ ਮਨੁੱਖੀ ਰੂਪ ਧਾਰਨ ਕਰਕੇ ਸੰਸਾਰ ਦੇ ਪ੍ਰਾਣੀਆਂ ਦੀ ਸਹਾਇਤਾ ਕਰਨ ਆਉਂਦਾ ਹੈ, ਉਹ ਮਨੁੱਖਾਂ ਦੀ ਤਰ੍ਹਾਂ ਹੀ ਸੰਸਾਰ ਵਿਚ ਵਿਚਰਦਾ ਹੈ ਤੇ ਆਮ ਲੋਕੀ ਉਸ ਨੂੰ ਸਮਝ ਹੀ ਨਹੀਂ ਸਕਦੇ, ਉਹ ਉਸ ਨੂੰ ਪਛਾਣ ਹੀ ਨਹੀਂ ਸਕਦੇ। ਉਸ ਦਾ ਪ੍ਰਮਾਤਮ ਸਰੂਪ ਉਹ ਨਹੀਂ ਜਾਣਦੇ ਜਿਹੜੇ ਮਾਇਆ ਵਿਚ ਡੁੱਬੇ ਪਏ ਹਨ, ਘਬਰਾਏ ਹੋਏ ਹਨ, ਉਹ ਪ੍ਰਮਾਤਮਾ ਨੂੰ ਨਾ ਜਾਣਦੇ ਹਨ, ਨਾ ਪਛਾਣਦੇ ਹਨ; ਉਹ ਇਹ ਨਹੀਂ ਜਾਣਦੇ ਕਿ ਦੇਹ ਧਾਰ ਕੇ ਪ੍ਰਮਾਤਮਾ ਪ੍ਰਗਟ ਹੋਇਆ ਹੈ। ਬਹੁਤ ਵਾਰੀ ਗਿਆਨੀ ਵੀ ਇਹ ਗੱਲ ਨਹੀਂ ਜਾਣਦੇ ਕਿ ਦੇਹ ਵਿਚ ਇਹ ਅਨੰਤ ਕਿਵੇਂ ਸਮਾਅ ਕੇ ਤੁਰਿਆ ਫਿਰਦਾ ਹੈ, ਪ੍ਰਮਾਤਮਾ ਕਿਵੇਂ ਸਰੀਰ ਧਾਰਨ ਕਰਕੇ ਆ ਸਕਦਾ ਹੈ, ਸੰਸਾਰ ਵਿਚ ਖੁਲ੍ਹੀ ਤਰ੍ਹਾਂ ਕਿਵੇਂ ਵਿਚਰ ਸਕਦਾ ਹੈ। ਬਹੁਤ ਸਾਰੇ ਲੋਕੀ ਉਸ ਦੀ ਪ੍ਰਵਾਹ ਹੀ ਨਹੀਂ ਕਰਦੇ, ਕਈ ਤਾਂ ਉਸ ਨੂੰ ਪੂਰਾ ਮਾਣ ਆਦਰ ਵੀ ਨਹੀਂ ਦਿੰਦੇ, ਉਹ ਤਾਂ ਮਾਇਆ ਵਿਚ ਡੁੱਬਿਆਂ ਦਾ ਸਹਾਰਾ ਬਣਦਾ ਹੈ, ਭੋਗ ਭੋਗਦਿਆਂ ਨੂੰ ਕੱਢਣ ਲਈ ਸਹਾਇਕ ਹੁੰਦਾ ਹੈ, ਜਿੰਨੇ ਸੰਸਾਰ ਵਿਚ ਧੱਸੇ ਪਏ ਹਨ ਉਹ ਤਾਂ ਉਨ੍ਹਾਂ ਨੂੰ ਕੱਢਣ ਲਈ ਹੀ ਸੰਸਾਰ ਵਿਚ ਆਇਆ ਹੈ। ਉਹ ਆਪਣੇ ਆਪ ਵਿਚ ਹੀ ਰੁਝੇ ਪਏ ਹਨ, ਮੋਹ ਵਿਚ ਫਸੇ ਪਏ ਹਨ। ਜਿਹੜਾ ਵੀ ਉਨ੍ਹਾਂ ਨੂੰ ਕੱਢਣ ਦੀ ਕੋਸ਼ਿਸ਼ ਕਰਦਾ ਹੈ ਉਹ ਉਸ ਦੇ ਹੀ ਮਗਰ ਹੋ ਜਾਂਦੇ ਹਨ; ਉਸ ਨੂੰ ਹੀ ਨਹੀਂ, ਉਸ ਦੀ ਸਿਖਿਆ ਨੂੰ ਬਿਲਕੁਲ ਪਸੰਦ ਨਹੀਂ ਕਰਦੇ। ਜੋ ਗੱਲ ਵੀ ਉਨ੍ਹਾਂ ਦੇ ਭੋਗਾਂ ਨੂੰ, ਮੋਹ ਨੂੰ ਗਲਤ ਕਹੇਗੀ, ਉਹ ਉਸ ਤੋਂ ਉਲਟ ਹੀ ਚਲਣਗੇ। ਇਸ ਕਰਕੇ ਵੱਡੇ-ਵੱਡੇ ਗੁਰੂ, ਜਿਨ੍ਹਾਂ ਨੇ ਮੋਹ ਤੋਂ ਮੁਕਤ ਹੋਣ ਦੀ ਪ੍ਰੇਰਨਾ ਦਿਤੀ, ਉਨ੍ਹਾਂ ਨੂੰ ਮਾਰ ਦਿਤਾ ਗਿਆ। ਸੰਸਾਰ ਵਾਲਿਆਂ ਨੇ ਉਨ੍ਹਾਂ ਨੂੰ ਜਿਊਣ ਹੀ ਨਹੀਂ ਦਿਤਾ। ਦੁਨੀਆਦਾਰਾਂ ਨੇ ਉਨ੍ਹਾਂ ਨੂੰ ਧਰਤੀ ਤੇ ਹੀ ਨਹੀਂ ਰਹਿਣ ਦਿਤਾ। ਸੰਸਾਰਕ ਬੰਦੇ ਉਨ੍ਹਾਂ ਸਭ ਤੋਂ ਉਲਟ ਹੀ ਚਲਦੇ ਹਨ। ਜਿਹੜਾ ਗਿਆਨ ਦੇਣ ਵਾਲਾ ਹੋਵੇ, ਗਿਆਨ ਦੀ ਗੱਲ ਕਰਨ ਵਾਲਾ ਹੋਵੇ ਜਿਹੜੇ ਚਾਨਣ ਮੁਨਾਰੇ ਹੋਣ, ਉਹ ਸਦਾ ਹੀ ਸੰਸਾਰ ਤੋਂ ਦੂਸਰੇ ਪਾਸੇ ਹੀ ਖੜ੍ਹਿਆ ਕਰਦੇ ਹਨ।

ਪ੍ਰਮਾਤਮਾ ਦੀ ਸ਼ਕਤੀ ਜਿਹੜੀ ਮਨੁੱਖ ਦੇ ਅੰਦਰ ਵਸਦੀ ਹੈ ਉਹ ਦੇਖੀ ਨਹੀਂ ਜਾ ਸਕਦੀ, ਉਹ ਗਿਆਨ ਇੰਦ੍ਰੀਆਂ ਰਾਹੀਂ ਨਹੀਂ ਸਮਝੀ ਜਾ ਸਕਦੀ। ਉਹ ਸ਼ਕਤੀ ਸਭ ਤੋਂ ਉਤਮ ਸ਼ਕਤੀ ਹੈ, ਇਹ ਸਭ ਦੇ ਅੰਦਰ ਹੈ ਪਰ ਅਗਿਆਨੀ ਉਸ ਨੂੰ ਨਹੀਂ ਪਛਾਣਦੇ, ਉਹ ਇਸ ਸ਼ਕਤੀਆਂ ਦੀ ਉਤਮ ਸ਼ਕਤੀ ਨੂੰ ਨਹੀਂ ਜਾਣਦੇ, ਸੰਸਾਰ ਦੇ ਭੁਲੇਖੇ ਵਿਚ ਉਹ ਪ੍ਰਮਾਤਮਾ ਨੂੰ ਵੀ ਨਫਰਤ ਕਰਦੇ ਹਨ ਤੇ ਪ੍ਰਮਾਤਮਾ ਦੇ ਬੰਦਿਆਂ ਨਾਲ ਵੀ ਨਫਰਤ ਕਰਦੇ ਹਨ। ਸੱਚ ਦੀ ਸਦਾ ਹੀ ਜਿੱਤ ਹੁੰਦੀ ਹੈ। ਅੰਤ ਵਿਚ ਉਹ ਗਲਤ ਸਿੱਧ ਹੁੰਦੇ ਹਨ ਕਿਉਂਕਿ ਉਹ ਬੁਰਾਈ ਵਲ ਖਿਚੇ ਹੁੰਦੇ ਹਨ, ਉਹ ਅਗਿਆਨੀ ਹੋ ਕੇ ਗਲਤ ਕੰਮ ਕਰਦੇ ਹਨ ਤੇ ਆਪਣੇ ਆਪ ਹੀ ਦੁਖ ਸੰਤਾਪ ਪੈਦਾ ਕਰਦੇ ਹਨ, ਉਹ ਆਪਣੇ ਕਰਮਾਂ ਨਾਲ ਹੀ ਡੁਬਦੇ ਹਨ।

ਇਹ ਵਿਧਾਤਾ ਦਾ ਇਕ ਅਸੂਲ ਹੈ। ਅਗਿਆਨੀ ਅੰਤ ਵਿਚ ਆਪਣੇ ਕਰਮਾਂ ਦੇ ਬੱਧੇ ਹੋਏ, ਪ੍ਰੇਰੇ ਹੋਏ, ਆਪਣੀਆਂ ਇਛਾਵਾਂ ਦੇ ਵਸ ਹੋ ਕੇ, ਸੁਆਰਥੀ ਹੋ ਕੇ ਦੁਖਾਂ ਸੰਤਾਪਾਂ ਵਿਚ ਪਏ ਰਹਿੰਦੇ ਹਨ। ਸੁਆਰਥੀ ਹੋਣ ਨਾਲ ਵਿਅਕਤਿਤੂ ਵਿਸ਼ਾਲ ਨਹੀਂ ਹੋ ਸਕਦਾ, ਜੀਵਨ ਦਾ ਨਿਯਮ ਹੈ – ਵਿਸਤ੍ਰਿਤ ਹੋਣਾ। ਜਿਹੜਾ ਵਿਸਤ੍ਰਿਤ ਹੋਣਾ ਸਿੱਖ ਲੈਂਦਾ ਹੈ, ਆਪਣੀ ਚੇਤਨਤਾ ਨੂੰ ਵਿਸਤ੍ਰਿਤ ਕਰ ਲੈਂਦਾ ਹੈ, ਵਿਸ਼ਵ ਚੇਤਨਤਾ ਨਾਲ ਮਿਲਾ ਲੈਂਦਾ ਹੈ, ਉਹ ਨਿਸੁਆਰਥੀ ਹੋ ਜਾਂਦਾ ਹੈ, ਮੋਹ ਤੋਂ ਮੁਕਤ ਹੋ ਜਾਂਦਾ ਹੈ, ਉਹ ਆਪਣੇ ਮੂਲ ਰੂਪ ਨੂੰ ਪਛਾਣ ਲੈਂਦਾ ਹੈ; ਮੂਲ ਰੂਪ ਹੈ – ਸ਼ਾਂਤੀ, ਅਨੰਦ ਤੇ ਕ੍ਰਿਪਾ।

13. ਹੇ ਪਾਰਥ! ਦੈਵੀ ਪ੍ਰਕ੍ਰਿਤੀ ਦਾ ਆਸਰਾ ਰੱਖਣ ਵਾਲੇ ਮਹਾਤਮਾ ਜਨ ਮੈਨੂੰ ਸਭ ਜੀਵਾਂ ਦਾ ਆਦਿ ਅਤੇ ਅਵਿਨਾਸ਼ੀ ਜਾਣ ਕੇ ਇਕਾਗਰ ਚਿੱਤ ਨਾਲ ਮੇਰਾ ਹੀ ਭਜਨ ਕਰਦੇ ਹਨ।

14. ਇਹ ਦ੍ਰਿੜ੍ਹ ਨਿਸ਼ਠਾ ਵਾਲੇ ਮੇਰਾ ਹੀ ਕੀਰਤਨ ਕਰਦੇ ਹਨ, ਮੈਨੂੰ ਹੀ ਨਮਸ਼ਕਾਰ ਕਰਦੇ ਹਨ, ਮੇਰੀ ਪ੍ਰਾਪਤੀ ਦਾ ਯਤਨ ਕਰਦੇ ਹਨ, ਮੇਰੇ ਨਾਲ ਇਕ ਹੋ ਕੇ, ਮੈਨੂੰ ਧਿਆ ਕੇ ਮੇਰੀ ਉਪਾਸਨਾ ਕਰਦੇ ਹਨ।

15. ਕੋਈ ਗਿਆਨ ਰੂਪੀ ਯੱਗ ਨਾਲ ਮੇਰੀ ਉਪਾਸ਼ਨਾ ਕਰਦੇ ਹਨ, ਕੋਈ ਮੇਰੇ ਅਤੇ ਆਪਣੇ ਵਿਚ ਅਭੇਦ ਭਾਵ ਅਤੇ ਕੋਈ ਭੇਦ ਭਾਵ ਮੰਨ ਕੇ, ਕੋਈ ਮੈਨੂੰ ਅਨੇਕ ਰੂਪ ਧਾਰਨ ਕਰਨ ਵਾਲਾ ਮੰਨ ਕੇ ਮੇਰੀ ਉਪਾਸ਼ਨਾ ਕਰਦੇ ਹਨ।

ਗਿਆਨੀ ਮੇਰੇ ਤੇ ਧਿਆਨ ਲਗਾ ਕੇ ਮੇਰਾ ਸਿਮਰਨ ਕਰਦੇ ਹਨ, ਮੇਰੀ ਪ੍ਰਾਪਤੀ ਕਰਦੇ ਹਨ। ਇਸ ਤਰ੍ਹਾਂ ਕਰਕੇ ਉਹ ਮੇਰੇ ਨਾਲ ਮਿਲ ਜਾਂਦੇ ਹਨ ਤੇ ਉਹ ਮੇਰੇ ਵਰਗੇ ਹੋ ਜਾਂਦੇ ਹਨ। ਉਨ੍ਹਾਂ ਦੇ ਮਨ ਸਦਾ ਮੇਰੇ ਵਲ ਇਕਾਗਰ ਰਹਿੰਦੇ ਹਨ, ਉਹ ਸਦਾ ਇਸ ਗਿਆਨ ਵਿਚ ਰਹਿੰਦੇ ਹਨ ਕਿ ਪ੍ਰਮਾਤਮਾ ਤੋਂ ਸਭ ਉਪਜੇ ਹਨ ਤੇ ਪ੍ਰਮਾਤਮਾ ਅਵਿਨਾਸ਼ੀ ਹੈ। ਇਕਾਗਰ ਹੋ ਕੇ, ਇਕ ਚਿੱਤ ਹੋ ਕੇ ਉਹ ਆਪਣਾ ਜੀਵਨ, ਮਨ, ਕਰਮ, ਬੋਲਣਾ

ਸਭ ਪ੍ਰਮਾਤਮਾ ਨੂੰ ਹੀ ਅਰਪਣ ਕਰਦੇ ਹਨ ਤੇ ਉਹ ਲਗਨ ਨਾਲ, ਸ਼ੁਧ ਲਗਨ ਤੇ ਨਿਸ਼ਠਾ ਨਾਲ ਪ੍ਰਮਾਤਮਾ ਦੀ ਸੇਵਾ ਕਰਦੇ ਹਨ। ਉਨ੍ਹਾਂ ਦਾ ਇਕ ਹੀ ਮੰਤਵ ਹੁੰਦਾ ਹੈ – ਮਾਨਵ ਜੀਵਨ ਦਾ ਲਕਸ਼ ਪ੍ਰਾਪਤ ਕਰਨਾ। ਉਨ੍ਹਾਂ ਦੀ ਸਾਰੀ ਸ਼ਕਤੀ ਪ੍ਰਮਾਤਮਾ ਦੇ ਪਾਸੇ ਹੀ ਲਗਦੀ ਹੈ, ਉਹ ਆਪਣੇ ਇਰਾਦੇ ਦੇ ਅਟੱਲ ਹਨ, ਅਨੁਸਾਸ਼ਨ ਵਿਚ ਰਹਿੰਦੇ ਹਨ, ਸਬਰ ਸੰਤੋਖ ਨਾਲ ਜੀਵਨ ਬਿਤਾਉਂਦੇ ਹਨ। ਉਹ ਹਰ ਥਾਂ ਹਰ ਚੀਜ਼ ਵਿਚ ਬ੍ਰਹਮ ਦੇਖਦੇ ਹਨ, ਉਹ ਸਭ ਨੂੰ ਹੀ ਪ੍ਰਣਾਮ ਕਰਦੇ ਹਨ ਕਿਉਂਕਿ ਉਹ ਜਾਣਦੇ ਹਨ ਕਿ ਪ੍ਰਮਾਤਮਾ ਸਭ ਵਿਚ ਵਸਦਾ ਹੈ।

ਇਕ ਉਹ ਹਨ ਜਿਹੜੇ ਗਿਆਨ ਪ੍ਰਾਪਤ ਕਰਨ ਲਈ ਤਿਆਗ ਕਰਦੇ ਹਨ। ਇਹੋ ਜਿਹੇ ਯੋਗੀ ਸਭ ਕੁਝ ਸਮਰਪਣ ਕਰਦੇ ਹਨ ਤੇ ਮਨ ਦੀਆਂ ਸੀਮਾ ਅੰਦਰ ਸਭ ਕੁਝ ਜਾਣਦੇ ਹਨ। ਉਹ ਖਾਲੀ ਹੋ ਕੇ ਅਨੰਤ ਗਿਆਨ ਲਈ ਭਾਂਡਾ ਸਾਫ ਕਰਕੇ ਤੇ ਖੋਲ੍ਹ ਕੇ ਰਖਦੇ ਹਨ। ਗਿਆਨ ਨਾਲ ਜੀਵਨ ਮਨੋਰਥ ਪ੍ਰਾਪਤ ਹੁੰਦਾ ਹੈ। ਯੋਗੀ ਦਾ ਧਨ ਉਸ ਦਾ ਗਿਆਨ ਹੈ, ਉਸ ਦੀਆਂ ਕੋਈ ਇਛਾਵਾਂ ਨਹੀਂ ਹੁੰਦੀਆਂ, ਕੋਈ ਮੋਹ ਨਹੀਂ ਹੁੰਦਾ। ਤਿਆਗ ਦੇ ਮਾਰਗ ਤੇ ਯੋਗੀ ਸਭ ਕੁਝ ਤਿਆਗਦਾ ਹੈ ਤੇ ਯੋਗੀ ਕੋਲ ਕੇਵਲ ਗਿਆਨ ਹੀ ਹੁੰਦਾ ਹੈ ਜਿਸ ਦਾ ਉਹ ਤਿਆਗ ਕਰ ਸਕਦਾ ਹੈ; ਉਹ ਗਿਆਨ ਦਾ ਤਿਆਗ ਕਰਕੇ ਪ੍ਰਮਾਤਮਾ ਨਾਲ ਇਕ ਹੋ ਜਾਂਦਾ ਹੈ। ਉਹ ਝੱਟ ਹੀ ਅਨੰਤ ਦੀ ਪ੍ਰਾਪਤੀ ਕਰ ਲੈਂਦਾ ਹੈ। ਉਹ ਅਚੇਤ ਵਿਚ ਨਹੀਂ ਜਾਂਦਾ, ਉਹ ਪੂਰੀ ਤਰ੍ਹਾਂ ਚੇਤਨ ਹੀ ਰਹਿੰਦਾ ਹੈ, ਆਪਣੇ ਆਪ ਨੂੰ ਚੇਤਨ ਦੇ ਕੇਂਦਰ ਤੇ ਹੀ ਰਖਦਾ ਹੈ। ਉਹ ਸ਼ੁਧ ਚੇਤਨਤਾ ਨਾਲ ਹੀ ਜੁੜਿਆ ਰਹਿੰਦਾ ਹੈ। ਇਹ ਅਵਸਥਾ ਗਿਆਨ ਦੀ ਬੜੀ ਡੂੰਘੀ ਅਵਸਥਾ ਹੁੰਦੀ ਹੈ। ਇਹ ਅਚੇਤ ਦੀ ਅਵਸਥਾ ਨਹੀਂ ਹੁੰਦੀ ਜਿਵੇਂ ਕਿ ਬਹੁਤ ਸਾਰੇ ਅੱਜ ਦੇ ਮਨੋਵਿਗਿਆਨਕ ਦਸਦੇ ਹਨ।

ਇਕ ਉਹ ਹਨ ਜਿਹੜੇ ਆਪਣੀ ਡਿਊਟੀ ਪੂਰੀ ਤਨਮੈਤਾ ਨਾਲ, ਸੋਝੀ ਨਾਲ ਕਰਦੇ ਹਨ, ਨਿਸੁਆਰਥ ਹੋ ਕੇ ਕਰਦੇ ਹਨ, ਪੂਰੀ ਰੁਚੀ ਨਾਲ, ਨਿਸ਼ਠਾ ਨਾਲ ਕਰਦੇ ਹਨ, ਇਹ ਆਤਮ ਮਾਰਗ ਬੜੀ ਦ੍ਰਿੜ੍ਹ ਨਿਸ਼ਠਾ ਨਾਲ ਪੂਰਾ ਕਰਦੇ ਹਨ। ਇਹੋ ਜਿਹੇ ਮਨੁੱਖ ਸਭ ਦੀ ਭਲਾਈ ਲਈ ਕੰਮ ਕਰਦੇ ਹਨ। ਸੰਤ ਮਹਾਤਮਾ ਮਹਾਂਪੁਰਖ ਹੀ ਉਸ ਅਨੰਤ ਦੀ ਸ਼ਕਤੀ ਨੂੰ ਜਾਣਦੇ ਹਨ ਤੇ ਉਹ ਇਹ ਵੀ ਜਾਣਦੇ ਹਨ ਕਿ ਉਸ ਸ਼ਕਤੀ ਰਾਹੀਂ ਹੀ ਸਮਾਜ ਦੀ ਭਲਾਈ, ਲੋਕਾਂ ਦਾ ਉਥਾਨ ਹੋ ਸਕਦਾ ਹੈ, ਦੇਸ਼ ਖੁਸ਼ਹਾਲੀ ਪ੍ਰਾਪਤ ਕਰ ਸਕਦਾ ਹੈ। ਸਮਤਾ ਦੀ ਰੁਚੀ ਰਖਦੇ ਹੋਏ ਇਹ ਲੋਕ ਨਿਸੁਆਰਥ ਹੋ ਕੇ ਕੰਮ ਕਰਦੇ ਹਨ, ਜਨਤਾ ਦੀ ਭਲਾਈ ਲਈ ਬੜੇ ਉਤਸ਼ਾਹ ਨਾਲ ਕੰਮ ਕਰਦੇ ਹਨ। ਇਹ ਪਹੁੰਚੇ ਹੋਏ ਲੋਕ ਬੜੇ ਸਾਦੇ, ਸੰਤ ਸੁਭਾਅ ਤੇ ਦਿਆਲੂ ਹੁੰਦੇ ਹਨ, ਇਹ ਸਦਾ ਹੀ ਸਮਾਜ ਦੇ ਸੁਧਾਰ ਲਈ ਕੰਮ ਕਰਦੇ ਹਨ।

16. ਮੈਂ ਹੀ ਕ੍ਰਿਤ ਹਾਂ, ਮੈਂ ਹੀ ਯੱਗ ਹਾਂ, ਮੈਂ ਹੀ ਅਹੂਤੀ ਹਾਂ, ਮੈਂ ਹੀ ਔਸ਼ਧੀ ਹਾਂ, ਮੈਂ ਹੀ ਮੰਤਰ ਹਾਂ, ਮੈਂ ਹੀ ਘਿਓ ਹਾਂ, ਮੈਂ ਹੀ ਅਗਨੀ ਹਾਂ,

ਮੈਂ ਹੀ ਹੋਮ ਹਾਂ।

17. ਮੈਂ ਹੀ ਜਗਤ ਪਿਤਾ ਹਾਂ, ਮਾਤਾ ਵੀ ਮੈਂ ਹਾਂ। ਧਾਰਨ ਕਰਨ ਵਾਲਾ ਮੈਂ ਹੀ ਹਾਂ, ਜਗਤ ਪਿਤਾ ਮੈਂ ਹੀ ਹਾਂ, ਪ੍ਰਾਪਤ ਕਰਨ ਯੋਗ ਮੈਂ ਹੀ ਹਾਂ, ਪਵਿੱਤਰ ਮੈਂ ਹੀ ਹਾਂ, ਓਅੰਕਾਰ, ਰਿਗ, ਸਾਮ ਤੇ ਯਜੁਰਵੇਦ ਮੈਂ ਹੀ ਹਾਂ।

18. ਮੈਂ ਹੀ ਗਤੀ ਹਾਂ, ਭਰਤਾ, ਸੁਆਮੀ, ਸਰਬਵਿਆਪਕ, ਸਭ ਦਾ ਨਿਵਾਸ ਸਥਾਨ, ਸਭ ਦਾ ਰਖਿਅਕ, ਸਭ ਨੂੰ ਪਿਆਰ ਕਰਨ ਵਾਲਾ, ਸਭ ਦਾ ਆਧਾਰ ਹਾਂ, ਸਭ ਦਾ ਅਵਿਨਾਸ਼ੀ ਬੀਜ ਮੈਂ ਹੀ ਹਾਂ।

19. ਹੇ ਅਰਜਨ! ਮੈਂ ਹੀ ਗਰਮੀ ਪੈਦਾ ਕਰਦਾ ਹਾਂ, ਮੈਂ ਹੀ ਜਲ ਵਰਸਾਉਂਦਾ ਹਾਂ, ਰੋਕਦਾ ਵੀ ਹਾਂ, ਮੈਂ ਹੀ ਅੰਮ੍ਰਿਤ ਹਾਂ, ਮੈਂ ਹੀ ਮ੍ਰਿਤੂ ਹਾਂ, ਸਤਿ, ਅਸਤਿ ਵੀ ਮੈਂ ਹੀ ਹਾਂ।

ਪ੍ਰਮਾਤਮਾ ਕਰਤਾ ਪੁਰਖ ਹੈ, ਅਕਾਲ ਮੂਰਤ ਹੈ, ਅਜੂਨੀ ਤੇ ਸੈਭੰ ਹੈ। ਜਦੋਂ ਕੁਝ ਨਹੀਂ ਸੀ ਉਸ ਸਮੇਂ ਵੀ ਉਹ ਸੀ, ਹੁਣ ਜਦੋਂ ਸਭ ਕੁਝ ਹੈ ਉਹ ਤਾਂ ਵੀ ਹੈ, ਜਦੋਂ ਕੁਝ ਨਹੀਂ ਹੋਵੇਗਾ ਉਹ ਤਾਂ ਵੀ ਹੋਵੇਗਾ। ਸੰਸਾਰ ਦਾ ਆਦਿ ਅੰਤ ਸਭ ਉਸ ਦੇ ਵਿਚ ਹੀ ਹੈ, ਉਹ ਆਪ ਹੀ ਨਾਸ਼ੀ ਤੇ ਅਵਿਨਾਸ਼ੀ ਹੈ, ਉਹ ਸਾਰੇ ਪਰੀਪੂਰਨ ਹੈ ਉਸ ਤੋਂ ਬਿਨਾਂ ਸੰਸਾਰ ਵਿਚ ਕੁਝ ਨਹੀਂ, ਉਹ ਹੀ ਸਭ ਕੁਝ ਹੈ।

ਜਦੋਂ ਕੋਈ ਰਸਮ ਕੀਤੀ ਜਾਂਦੀ ਹੈ ਤੇ ਬਲੀ ਦਿਤੀ ਜਾਂਦੀ ਹੈ, ਕੁਝ ਜੜੀਆਂ ਬੂਟੀਆਂ ਵੀ ਨਾਲ ਰੱਖੀਆਂ ਜਾਂਦੀਆਂ ਹਨ, ਮੰਤਰ ਪੜ੍ਹੇ ਜਾਂਦੇ ਹਨ, ਅਗਨੀ ਵਿਚ ਘਿਓ ਪਾਇਆ ਜਾਂਦਾ ਹੈ, ਵੱਖ-ਵੱਖ ਤਰੀਕੇ ਨਾਲ ਭੇਟਾ ਚੜ੍ਹਾਈ ਜਾਂਦੀ ਹੈ। ਬ੍ਰਹਮਾ ਦੀ ਪੂਜਾ ਕੀਤੀ ਜਾਂਦੀ ਹੈ, ਬੜੀ ਨਿਸ਼ਠਾ ਨਾਲ ਪੂਜਾ ਕੀਤੀ ਜਾਂਦੀ ਹੈ, ਚੜ੍ਹਾਵੇ ਚੜ੍ਹਾਏ ਜਾਂਦੇ ਹਨ, ਚੀਜ਼ਾਂ ਮਣਸੀਆਂ ਜਾਂਦੀਆਂ ਹਨ, ਜਿਹੜੇ ਮਣਸਦੇ ਹਨ ਉਹ ਸਾਰੇ ਬ੍ਰਹਮ ਹੀ ਹਨ। ਦੇਣ ਵਾਲੇ, ਭੋਗਣ ਵਾਲੇ, ਸਾਰੇ ਪਦਾਰਥ, ਖਾਣ ਵਾਲੇ ਸਾਰੇ ਹੀ ਬ੍ਰਹਮ ਹਨ। ਦੇਖਣ ਵਾਸਤੇ ਭਾਵੇਂ ਚੀਜ਼ਾਂ ਵੱਖ-ਵੱਖ ਲਗਦੀਆਂ ਹਨ, ਅਸਲ ਵਿਚ ਉਹ ਚੀਜ਼ਾਂ ਇਕ ਸਤਿ ਦੇ ਵੱਖ-ਵੱਖ ਰੂਪ ਹਨ ਜਿਵੇਂ ਸੋਨਾ ਤਾਂ ਇਕੋ ਹੀ ਹੁੰਦਾ ਹੈ ਪਰ ਉਸ ਦੇ ਗਹਿਣੇ ਵੱਖ-ਵੱਖ ਬਣਦੇ ਹਨ। ਸਿਧਾਂਤ ਇਕ ਹੈ ਕਿ ਪ੍ਰਮਾਤਮਾ ਵੱਖ-ਵੱਖ ਰੂਪ ਰੇਖਾ ਨਾਲ ਹਰ ਥਾਂ ਪਰੀਪੂਰਨ ਹੈ।

ਪ੍ਰਮਾਤਮਾ ਇਸ ਵਿਸ਼ਵ ਦਾ ਮਾਤਾ ਪਿਤਾ ਹੈ। ਇਹ ਸਾਰਾ ਬ੍ਰਹਿਮੰਡ ਉਸ ਨੇ ਹੀ ਸਾਜਿਆ ਹੈ, ਉਹ ਹੀ ਪਾਲਣਹਾਰ ਹੈ ਤੇ ਉਸੇ ਵਿਚ ਹੀ ਸਮਾਅ ਜਾਣਾ ਹੈ। ਸਭ ਤੋਂ ਵੱਡਾ ਪ੍ਰਮਾਤਮਾ ਹੈ, ਉਹ ਓਮ ਹੈ, ਸ਼ਬਦ ਹੈ, ਉਹ ਕਰਤਾ ਹੈ, ਵਾਕ ਹੈ। 'ਅਵਾਤੀ ਓਮ' ਤੋਂ ਭਾਵ ਹੈ ਜਿਹੜਾ ਪਾਲਦਾ ਹੈ, ਰੱਖਿਆ ਕਰਦਾ ਹੈ, ਉਹ 'ਓਮ' ਹੈ। ਕੇਵਲ ਪ੍ਰਮਾਤਮਾ ਹੀ ਰੱਖਿਆ ਕਰਦਾ ਹੈ, ਹੋਰ ਕੋਈ ਨਹੀਂ। ਚਾਰ ਵੇਦ - ਰਿਗਵੇਦ, ਸਾਮਵੇਦ, ਯਜੁਰਵੇਦ ਤੇ ਅਥਰਵੇਦ ਉਸ ਇਕ ਦੇ ਹੀ ਗੁਣ ਗਾਉਂਦੇ ਹਨ। ਉਹ ਵੀ ਪ੍ਰਮਾਤਮਾ

ਦਾ ਹੀ ਇਕ ਰੂਪ ਹਨ, ਅਗਨੀ, ਸੂਰਜ, ਚੰਦਰਮਾ, ਤਾਰੇ, ਹਵਾ, ਪਾਣੀ, ਧਰਤੀ ਉਸ ਇਕ ਦਾ ਹੀ ਪ੍ਰਗਟਾਵਾ ਹਨ - ਉਸ ਇਕ ਸਤਿ ਦਾ। ਜਗਿਆਸੂ ਨੂੰ ਸਦਾ ਇਕ ਹੀ ਸਚਾਈ ਲਈ ਸੁਚੇਤ ਰਹਿਣਾ ਚਾਹੀਦਾ ਹੈ ਭਾਵੇਂ ਉਹ ਉਸ ਸਤਿ ਨੂੰ ਵੱਖ-ਵੱਖ ਰੂਪਾਂ ਵਿਚ ਦੇਖਦਾ ਹੈ, ਵੱਖ-ਵੱਖ ਨਾਵਾਂ ਨਾਲ ਜਾਣਦਾ ਹੈ। ਜਦੋਂ ਜਗਿਆਸੂ ਨੂੰ ਅਨੇਕ ਵਿਚ ਏਕਤਾ ਦਾ ਅਭਾਸ ਹੋ ਜਾਂਦਾ ਹੈ, ਉਸ ਨੂੰ ਸ਼ੁਧ ਆਤਮਾ, ਵਿਸ਼ਵ ਆਤਮਾ ਜੋ ਸਭ ਜਗ੍ਹਾ ਪਰੀਪੂਰਨ ਹੈ, ਉਸ ਦਾ ਪਤਾ ਲਗ ਜਾਂਦਾ ਹੈ।

20. ਤਿੰਨ ਵੇਦਾਂ ਦੇ ਗਿਆਤਾ ਸੋਮ ਰਸ ਪੀਣ ਵਾਲੇ, ਆਪਣੇ ਪਾਪਾਂ ਤੋਂ ਪਵਿੱਤਰ ਹੋ ਕੇ, ਯੋਗ ਰਾਹੀਂ ਮੈਨੂੰ ਪੂਜਦੇ ਹਨ ਤੇ ਸਵਰਗ ਜਾਣ ਦੀ ਇੱਛਾ ਰਖਦੇ ਹਨ, ਉਹ ਸਵਰਗ ਜਾ ਕੇ ਦੇਵਤਿਆਂ ਦਾ ਭੋਗ ਭੋਗਦੇ ਹਨ।

21. ਸਵਰਗ ਲੋਕ ਵਿਚ ਉਹ ਆਪਣੇ ਭੋਗ ਭੋਗ ਕੇ, ਪੁੰਨ ਖਤਮ ਹੋ ਜਾਣ ਤੇ ਮੁੜ ਕੇ ਇਥੇ ਧਰਤੀ ਤੇ ਜਨਮ ਲੈਂਦੇ ਹਨ। ਇਸੇ ਤਰ੍ਹਾਂ ਵੇਦਾਂ ਅਨੁਸਾਰ ਯੱਗ ਕਰਨ ਵਾਲੇ ਕਾਮਨਾ ਦੇ ਅਭਿਲਾਸ਼ੀ ਆਵਾਗੌਣ ਦੇ ਚੱਕਰ ਵਿਚ ਪਏ ਰਹਿੰਦੇ ਹਨ।

22. ਜਿਹੜੇ ਇਕ ਚਿੱਤ ਹੋ ਕੇ ਮੈਨੂੰ ਧਿਆਉਂਦੇ ਹਨ, ਮੇਰੀ ਉਪਾਸ਼ਨਾ ਕਰਦੇ ਹਨ, ਉਨ੍ਹਾਂ ਦੀਆਂ ਸਾਰੀਆਂ ਲੋੜਾਂ ਮੈਂ ਪੂਰੀਆਂ ਕਰਦਾ ਹਾਂ, ਯੱਗ ਸੰਪੰਨ ਕਰਦਾ ਹਾਂ।

ਜਿਹੜੇ ਸੰਸਾਰਕ ਸੁਖ ਭੋਗਦੇ ਹਨ ਅਤੇ ਸਵਰਗ ਵਿਚ ਵੀ ਉਹ ਹੀ ਭੋਗ ਭੋਗਣੇ ਚਾਹੁੰਦੇ ਹਨ, ਉਹ ਚੰਗੇ ਕਰਮ ਕਰਦੇ ਹਨ, ਭਾਵ ਦਾਨ ਦਿੰਦੇ ਹਨ। ਤਿਆਗ, ਸੰਜਮ ਇਹ ਸਾਰੇ ਸੁਆਰਥੀ ਕਰਮਾਂ ਤੋਂ ਚੰਗੇ ਕਰਮ ਹਨ। ਆਪਣੇ ਕਰਮਾਂ ਦੇ ਚੰਗੇ ਫਲ ਭੋਗਣੇ ਵੀ ਥੋੜ੍ਹੀ ਦੇਰ ਵਾਸਤੇ ਖੁਸ਼ੀ ਦੇ ਸਕਦੇ ਹਨ। ਜਿਹੜੇ ਚੰਗੇ ਕਰਮ ਕਰਦੇ ਹਨ ਉਹ ਅੱਗੇ ਚਲ ਕੇ ਫਲ ਲੈਂਦੇ ਹਨ ਪਰ ਸਵਰਗ ਦੇ ਸੁਖ ਵੀ ਸਦੈਵੀ ਨਹੀਂ ਹੁੰਦੇ। ਸਵਰਗ ਦੇ ਸੁੱਖ ਭੋਗਣ ਤੋਂ ਬਾਅਦ ਧਰਤੀ ਤੇ ਫੇਰ ਜਨਮ ਲੈਣਾ ਪੈਂਦਾ ਹੈ ਪਰ ਉਹ ਜਗਿਆਸੂ ਜਿਹੜਾ ਕੇਵਲ ਆਤਮਕ ਸਿੱਧੀ ਦਾ ਹੀ ਇਛੁੱਕ ਹੈ, ਉਹ ਆਪਣਾ ਜੀਵਨ ਕੇਵਲ ਪ੍ਰਮਾਤਮਾ ਨੂੰ ਹੀ ਸਮਰਪਣ ਕਰਦਾ ਹੈ। ਉਸ ਨੂੰ ਨਾ ਤਾਂ ਸੰਸਾਰਕ ਸੁੱਖ ਚਾਹੀਦੇ ਹਨ, ਨਾ ਹੀ ਸਵਰਗ ਦੇ। ਜਿਹੜੇ ਪ੍ਰਮਾਤਮਾ ਵਿਚ ਰੱਤੇ ਹਨ, ਪ੍ਰਮਾਤਮਾ ਉਨ੍ਹਾਂ ਨੂੰ ਆਪ ਸੰਭਾਲਦਾ ਹੈ, ਉਨ੍ਹਾਂ ਦੀ ਖੁਸ਼ੀ ਕਦੀ ਖਤਮ ਨਹੀਂ ਹੁੰਦੀ, ਉਹ ਸਦਾ ਹੀ ਅਨੰਦ ਵਿਚ ਰੱਤੇ ਰਹਿੰਦੇ ਹਨ।

ਵੇਦਾਂ ਵਿਚ ਤਿੰਨ ਤਰ੍ਹਾਂ ਦੀ ਵਿਦਿਆ ਦੱਸੀ ਗਈ ਹੈ-ਸਕਤਾ ਵਿਦਿਆ (ਚੰਗਾ ਬੋਲਣ ਦਾ ਗਿਆਨ, ਚੰਗੇ ਵਿਚਾਰ ਹੋਣੇ), ਯਜੁਰ ਵਿਦਿਆ (ਤਿਆਗ ਦਾ ਗਿਆਨ ਹੋਣਾ), ਸਾਮ ਵਿਦਿਆ (ਸਿਮਰਨ ਦਾ ਗਿਆਨ, ਨਿਸ਼ਠਾ ਦਾ ਗਿਆਨ ਹੋਣਾ)। ਜਿਹੜਾ ਜਗਿਆਸੂ ਸੁਖ ਦੇ ਸਾਧਨ ਜੋੜਨ ਦਾ ਯਤਨ ਕਰਦਾ ਹੈ, ਵਧੇਰੇ ਸਮਾਂ ਇਨ੍ਹਾਂ ਕਰਮਾਂ ਵਿਚ ਲਗਾਉਂਦਾ

ਹੈ, ਸ਼ਰਧਾ ਵਧਾਉਂਦਾ ਹੈ, ਇਹੋ ਜਿਹੇ ਜਗਿਆਸੂ ਨੂੰ 'ਸਕਮ' ਕਹਿੰਦੇ ਹਨ ਜਿਹੜਾ ਪੂਜਾ ਕਰਨ ਦੀ ਇੱਛਾ ਰਖਦਾ ਹੈ। ਬਹੁਤ ਸਾਰੇ ਆਤਮ ਮਾਰਗ ਤੇ ਚੱਲਣ ਵਾਲੇ ਪੂਜਾ ਅਰਚਾ ਕਰਦੇ ਹਨ, ਅਭਿਆਸ ਕਰਦੇ ਹਨ, ਧਾਰਮਿਕ ਰੀਤੀਆਂ ਕਰਦੇ ਹਨ, ਤਿਆਗ ਕਰਦੇ ਹਨ, ਭੇਟਾ ਕਰਦੇ ਹਨ ਪਰ ਇਹ ਸਭ ਕੁਝ ਉਹ ਆਪਣੀਆਂ ਇਛਾਵਾਂ ਦੀ ਪੂਰਤੀ ਲਈ ਕਰਦੇ ਹਨ। ਅੱਜ ਦੇ ਸੰਸਾਰ ਵਿਚ ਬਹੁਤ ਸਾਰੇ ਲੋਕ ਰੱਬ ਨੂੰ ਆਪਣੀਆਂ ਇਛਾਵਾਂ ਦੀ ਪੂਰਤੀ ਲਈ ਹੀ ਪੂਜਦੇ ਹਨ, ਜੋ ਕੁਝ ਚੰਗਾ ਹੈ ਉਹ ਇਸ ਸੰਸਾਰ ਵਿਚ ਕਰਦੇ ਹਨ। ਉਹ ਸੰਸਾਰਕ ਪ੍ਰਾਪਤੀਆਂ ਲਈ ਹੀ ਕਰਦੇ ਹਨ, ਸੁੱਖਾਂ ਲਈ ਹੀ ਕਰਦੇ ਹਨ, ਉਹ ਸਵਰਗ ਦੇ ਸੁਖਾਂ ਦੀ ਵੀ ਚੇਸ਼ਟਾ ਕਰਦੇ ਹਨ, ਇਸ ਨੂੰ ਸਕਮਾਂ ਉਪਾਸ਼ਨਾ ਕਹਿੰਦੇ ਹਨ - ਕੋਈ ਮੰਤਵ ਲੈ ਕੇ ਭਗਤੀ ਕਰਨੀ।

ਪੁਰਾਣੇ ਸਮਿਆਂ ਵਿਚ ਜਗਿਆਸੂ ਵੱਖ-ਵੱਖ ਤਰ੍ਹਾਂ ਦਾ ਤਿਆਗ, ਵੱਖ-ਵੱਖ ਪ੍ਰਾਪਤੀਆਂ ਲਈ ਕਰਦੇ ਰਹੇ ਹਨ, - ਸਭ ਕੁਝ ਭਲਾਈ ਲਈ ਜਾਂ ਸੰਸਾਰਕ ਖੁਸ਼ੀਆਂ ਲਈ। ਕਈ ਜਗਿਆਸੂ ਖਾਸ ਰੀਤੀ ਕਰਦੇ ਰਹੇ ਹਨ ਜਿਸ ਨੂੰ ਸੋਮਯੱਗ ਕਹਿੰਦੇ ਹਨ, ਜਿਹੜੇ ਸੋਮ ਰਸ ਪੀਂਦੇ ਸਨ ਉਹ ਆਪਣੀ ਇੱਛਾ ਤ੍ਰਿਪਤੀ ਲਈ ਇਹ ਕਰਦੇ ਸਨ। ਪੁਰਾਣੇ ਸਮਿਆਂ ਵਿਚ ਸੋਮ ਯੱਗ ਇਕ ਰਸਮੀ ਤੌਰ ਤੇ ਕੀਤਾ ਜਾਂਦਾ ਸੀ ਪਰ ਉਸਦੀ ਤਿਆਰੀ ਬੜੇ ਸੰਜਮ ਨਾਲ ਕੀਤੀ ਜਾਂਦੀ ਸੀ। ਇਹ ਸਾਰੀ ਰੀਤ ਇਕੋ ਪ੍ਰੇਰਨਾ ਲੈ ਕੇ ਕੀਤੀ ਜਾਂਦੀ ਸੀ, ਉਸੇ ਦੀ ਪ੍ਰਾਪਤੀ ਲਈ ਸਾਰਾ ਯਤਨ ਕੀਤਾ ਜਾਂਦਾ ਸੀ। ਵੈਦਕ ਗ੍ਰੰਥਾਂ ਵਿਚ ਸੋਮ ਰਸ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ। ਇਸ ਨੂੰ ਕਿਵੇਂ ਪ੍ਰਾਪਤ ਕੀਤਾ ਜਾਂਦਾ ਸੀ, ਕਿਵੇਂ ਤਿਆਰ ਕਰਦੇ ਸਨ, ਕਿਹਾ ਜਾਂਦਾ ਹੈ ਕਿ ਸੋਮਰਸ ਇਕ ਵੇਲ ਦਾ ਰਸ ਹੈ ਜਿਹੜੀ ਹਿਮਾਲੀਆ ਵਿਚ ਉਗਦੀ ਹੈ। ਇਸ ਦੇ ਰਸ ਵਿਚ ਇਕ ਅਨੋਖਾ ਨਸ਼ਾ ਹੈ ਜਿਹੜਾ ਦਿਮਾਗ ਨੂੰ ਉਤੇਜਿਤ ਕਰਦਾ ਹੈ। ਪੁਰਾਤਨ ਸਮੇਂ ਦੇ ਲੋਕੀ ਇਸ ਦਾ ਰਸ ਕੱਢਣਾ ਜਾਣਦੇ ਸਨ ਤੇ ਸਦਾ ਰੀਤੀ ਵਜੋਂ ਪ੍ਰਯੋਗ ਕਰਦੇ ਸਨ। ਕਿਹਾ ਜਾਂਦਾ ਹੈ ਕਿ ਸੋਮਰਸ ਜਗਿਆਸੂ ਦਾ ਮਨ ਇਕਾਗਰ ਕਰਨ ਤੇ ਅਲੌਕਿਕ ਅਨੁਭਵ ਲੈਣ ਵਿਚ ਸਹਾਇਕ ਹੁੰਦਾ ਹੈ।

ਯੋਗੀ ਸੋਮਰਸ ਨੂੰ ਬਿਲਕੁਲ ਵਖਰੀ ਤਰ੍ਹਾਂ ਪੀਂਦੇ ਹਨ। ਬਹੁਤ ਥੋੜ੍ਹੇ ਯੋਗੀ ਹੀ ਸੋਮ ਰਸ ਨੂੰ ਚੰਗੀ ਤਰ੍ਹਾਂ ਨਿਚੋੜਨਾ ਜਾਣਦੇ ਹਨ, ਉਹ ਆਪਣੀ ਇਸ ਰੂਹਾਨੀ ਕ੍ਰਿਆ ਵਿਚ ਮਸਤ ਰਹਿੰਦੇ ਹਨ। ਜਦੋਂ ਯੋਗੀ ਕੇਛਰੀ ਮੁਦਰਾ ਲਗਾ ਕੇ ਬੈਠਦੇ ਹਨ ਭਾਵ ਜੀਭ ਨੂੰ ਮੋੜ ਕੇ ਤਾਲੂ ਨਾਲ ਲਾਉਂਦੇ ਹਨ ਉਦੋਂ ਜਿਹੜਾ ਰਸ ਤਾਲੂ ਤੋਂ ਆਉਂਦਾ ਹੈ, ਉਹ ਬ੍ਰਹਮਰੰਦਰਾ ਵਿਚੋਂ ਆਉਂਦਾ ਹੈ, ਦਿਮਾਗ ਦੇ ਵਿਚ ਇਕ ਛੇਕ ਹੈ ਜਿਥੋਂ ਇਹ ਆਉਂਦਾ ਹੈ, ਇਸ ਅੰਮ੍ਰਿਤ ਨਾਲ ਯੋਗੀ ਆਪਣਾ ਜੀਵਨ ਵਧਾਉਂਦਾ ਰਹਿੰਦਾ ਹੈ। ਜਿਹੜੇ ਇਸ ਅੰਮ੍ਰਿਤ ਤੋਂ ਵਾਂਝੇ ਰਹਿੰਦੇ ਹਨ ਉਹ ਮੂੜ ਅਗਿਆਨੀ ਹੀ ਰਹਿੰਦੇ ਹਨ ਕਿਉਂਕਿ ਉਨ੍ਹਾਂ ਦਾ ਉਹ ਅੰਮ੍ਰਿਤ ਕੁੰਡਲਨੀ ਪੀਂਦੀ ਰਹਿੰਦੀ ਹੈ ਤੇ ਉਹ ਪੀ ਕੇ ਕੁੰਡਲਨੀ ਜੋ ਕਿ ਸ਼ਕਤੀ ਦਾ ਭੰਡਾਰ ਹੈ, ਸੁੱਤੀ ਰਹਿੰਦੀ ਹੈ। ਯੋਗੀ

ਇਹ ਅੰਮ੍ਰਿਤ ਆਪ ਪੀਂਦਾ ਹੈ ਤੇ ਕੁੰਡਲਨੀ ਨੂੰ ਨਹੀਂ ਪੀਣ ਦਿੰਦੇ। ਜਦੋਂ ਇਹ ਅੰਮ੍ਰਿਤ ਕੁੰਡਲਨੀ ਨੂੰ ਨਹੀਂ ਮਿਲਦਾ, ਕੁੰਡਲਨੀ ਜਾਗ ਉਠਦੀ ਤੇ ਉਹ ਸਾਰੇ ਚੱਕਰਾਂ ਵਿਚ ਹੁੰਦੀ ਹੋਈ ਸਹੰਸਰ ਚੱਕਰ ਤੇ ਪਹੁੰਚ ਜਾਂਦੀ ਹੈ। ਇਸ ਦੇ ਪਹੁੰਚਣ ਨਾਲ ਜੋ ਕੁਝ ਵੀ ਅਚੇਤ ਵਿਚ ਪਿਆ ਹੁੰਦਾ ਹੈ ਜਿਸ ਦਾ ਪਤਾ ਨਹੀਂ ਹੁੰਦਾ, ਉਹ ਅੱਗੇ ਆ ਜਾਂਦਾ ਹੈ ਤੇ ਇਕਾਗਰਤਾ ਦਾ ਗਿਆਨ ਹੋ ਜਾਂਦਾ ਹੈ। ਕੋਈ ਵਿਰਲਾ ਯੋਗੀ ਹੀ ਇਸ ਦਾ ਅਭਿਆਸ ਕਰਦਾ ਹੈ। ਇਹ ਕਰਨ ਲਈ ਕੋਈ ਪਹੁੰਚਿਆ ਹੋਇਆ ਯੋਗੀ ਹੀ ਚਾਹੀਦਾ ਹੈ। ਇਸ ਲਈ ਪੂਰੀ ਤਰ੍ਹਾਂ ਬੰਨ੍ਹ ਲਾਉਣ ਦੀ ਲੋੜ ਵੀ ਪੈਂਦੀ ਹੈ ਤੇ ਕਛੇਰੀ ਮੁਦਰਾ ਤਾਂ ਅਵਸ਼ਕ ਹੈ ਹੀ। ਸੋਮ ਰਸ ਲੈਣ ਦੀ ਕਿਰਿਆ ਯੋਗੀ ਨੂੰ ਅਲੌਕਿਕ ਨਸ਼ੇ ਵਿਚ ਪਹੁੰਚਾ ਦਿੰਦੀ ਹੈ ਜਿਸ ਨਾਲ ਉਸ ਨੂੰ ਆਤਮਕ ਸਿੱਧੀ ਪ੍ਰਾਪਤ ਹੋ ਜਾਂਦੀ ਹੈ। ਬਾਹਰ ਦੀ ਵੇਲ ਤੋਂ ਸੋਮ ਰਸ ਕੱਢ ਕੇ ਪੀਣਾ ਤਾਂ ਕਿਤੇ ਹੇਠਾਂ ਦਾ ਘਟੀਆ ਅਨੁਭਵ ਹੈ।

ਪੁਰਾਤਨ ਸੋਮ ਰਸ ਨੂੰ ਇਕ ਨਕਲੀ ਮਨੋਭਰਾਤੀਆਂ ਪੈਦਾ ਕਰਨ ਵਾਲੀ ਦਵਾਈ ਨਾਲ ਤੁਲਨਾ ਦਿਤੀ ਗਈ ਹੈ ਜਿਹੜੀ ਅੱਜ ਵਰਤੀ ਜਾਂਦੀ ਹੈ ਜਿਵੇਂ ਕਿ ਮੈਸਕਲੀਨ। (Mescaline, Peyote, L S D) ਇਹ ਭਾਵੇਂ ਸੋਮ ਰਸ ਨਾਲੋਂ ਵਖਰੀਆਂ ਹਨ ਪਰ ਇਨ੍ਹਾਂ ਦਾ ਸ੍ਰੋਤ ਇਕ ਵੀ ਹੋ ਸਕਦਾ ਹੈ। ਸਾਰੀਆਂ ਭਰਾਂਤੀਆਂ ਕਰਕੇ ਦਵਾਈਆਂ ਦਾ ਸ੍ਰੋਤ ਇਕ ਹੋ ਸਕਦਾ ਹੈ, ਉਨ੍ਹਾਂ ਦੇ ਅਸਰ ਵੀ ਤਕਰੀਬਨ ਇਕੋ ਜਿਹੇ ਹੀ ਹੋ ਸਕਦੇ ਹਨ। ਅੱਜ ਦੇ ਲੋਕੀ ਬਹੁਤ ਸਾਰੀਆਂ ਦਵਾਈਆਂ ਕਈ ਕਿਸਮ ਦੇ ਅਭਿਆਸ ਕਰਨ ਲਈ ਲੈਂਦੇ ਹਨ ਤੇ ਉਨ੍ਹਾਂ ਨੂੰ ਉਹ ਅਨੁਭਵ ਹੁੰਦੇ ਵੀ ਹਨ ਤੇ ਉਹ ਵੱਖ-ਵੱਖ ਨਜ਼ਾਰੇ ਜਿਹੜੇ ਉਨ੍ਹਾਂ ਦੇ ਦਿਮਾਗ ਵਿਚ ਦਬੇ ਪਏ ਹਨ ਉਹ ਸਾਮ੍ਹਣੇ ਆਉਂਦੇ ਵੀ ਹਨ। ਜੇ ਕਿਸੇ ਨੇ ਰੂਹਾਨੀ ਅਨੁਭਵ ਲੈਣੇ ਹੋਣ, ਰੂਹਾਨੀ ਅਨੁਭਵ ਵਧੇਰੇ ਹੋ ਜਾਣਗੇ, ਸਿਵਾਏ Peyote ਦੀ ਵਰਤੋਂ ਦੇ ਅੱਜ ਹੋਰ ਕੋਈ ਦਵਾਈ ਵਿਧੀ ਪੂਰਵਕ ਲੈਣੀ ਨਹੀਂ ਦੱਸੀ ਜਾਂਦੀ ਜਿਸ ਨਾਲ ਭ੍ਰਾਤੀਆਂ ਉਭਰਨ, ਕਿਸਮ ਕਿਸਮ ਦੇ ਨਜ਼ਾਰੇ ਸਾਮ੍ਹਣੇ ਆਉਣ। ਭਾਵੇਂ ਅੱਜ ਦੇ ਤਜਰਬੇਕਾਰਾਂ ਨੇ ਬਹੁਤ ਕੋਸ਼ਿਸ਼ ਕੀਤੀ ਹੈ ਕਿ ਮਨ ਦੀ ਦਸ਼ਾ ਨੂੰ ਦੇਖ ਕੇ ਇਹ ਦਵਾਈਆਂ ਦਿਤੀਆਂ ਜਾਣ ਤੇ ਤਜਰਬੇ ਜਾਣੇ ਜਾਣ।

ਅੱਜ ਇਸ ਗੱਲ ਉਤੇ ਬਹੁਤ ਬਹਿਸ ਹੋ ਰਹੀ ਹੈ ਕਿ ਇਹ ਭਰਮ ਪਾਉਣ ਵਾਲੀਆਂ ਦਵਾਈਆਂ ਲਾਭਦਾਇਕ ਹਨ ਕਿ ਹਾਨੀਕਾਰਕ ? ਦੋਨੋਂ ਤਰ੍ਹਾਂ ਦੀਆਂ ਦਲੀਲਾਂ ਤੁਹਾਨੂੰ ਮਿਲਦੀਆਂ ਹਨ। ਇਹ ਗੱਲ ਠੀਕ ਹੈ ਕਿ ਮਨ ਨੂੰ ਉਤੇਜਿਤ ਕਰਨ ਵਾਲੀਆਂ ਦਵਾਈਆਂ ਨਾਲ ਬਹੁਤ ਡੂੰਘੀ ਤੇ ਚੰਗੀ ਇਕਾਗਰਤਾ ਹੋ ਸਕਦੀ ਹੈ ਤੇ ਉਸ ਇਕਾਗਰਤਾ ਨਾਲ ਅਚੇਤ ਮਨ ਨੂੰ ਟਟੋਲਿਆ ਜਾ ਸਕਦਾ ਹੈ, ਉਸ ਦੇ ਅੰਦਰ ਪਏ ਵਿਚਾਰਾਂ ਨੂੰ ਖੋਜਿਆ ਜਾ ਸਕਦਾ ਹੈ ਤੇ ਉਸ ਨੂੰ ਚੇਤਨ ਮਨ ਵਿਚ ਲਿਆਇਆ ਜਾ ਸਕਦਾ ਹੈ, ਉਸ ਨੂੰ ਸੂਝ ਦੇ ਪੱਧਰ ਤੇ ਲਿਆਂਦਾ ਜਾ ਸਕਦਾ ਹੈ ਤੇ ਉਸ ਨੂੰ ਆਮ ਭ੍ਰਾਂਤੀ ਦੇ ਬਰਾਬਰ ਲਿਆ ਕੇ ਅਨੁਭਵ ਕੀਤਾ ਜਾ ਸਕਦਾ ਹੈ। ਫੇਰ ਮਨੁੱਖ

ਨੂੰ ਪਤਾ ਲਗਦਾ ਹੈ ਕਿ ਮਨੁੱਖ ਦੀ ਆਮ ਸਚਾਈ ਕਿੰਨੀ ਝੂਠੀ ਹੈ ਤੇ ਕਿੰਨੀ ਸੀਮਿਤ ਹੈ। ਫੇਰ ਇਹ ਪ੍ਰਸ਼ਨ ਉਠਣਾ ਬੜਾ ਜ਼ਰੂਰੀ ਹੋ ਜਾਂਦਾ ਹੈ ਕਿ ਇਹ ਭ੍ਰਾਂਤੀਆਂ ਸੱਚੀਆਂ ਹਨ ਜਾਂ ਝੂਠੀਆਂ? ਕੀ ਇਹ ਉਹੋ ਹੀ ਅਨੁਭਵ ਹੁੰਦੇ ਹਨ ਜਿਹੜੇ ਯੋਗੀ ਇਕਾਗਰ ਹੋ ਕੇ, ਇਕਸਾਰ ਹੋ ਕੇ ਕੇਵਲ ਆਪਣੇ ਯਤਨਾਂ ਨਾਲ ਮਨ ਨੂੰ ਇਕ ਪਾਸੇ ਹੀ ਲਗਾਉਂਦੇ ਹਨ? ਇਹ ਪਤਾ ਲਗਦਾ ਹੈ ਕਿ ਅੱਖਾਂ ਦਾ ਧੋਖਾ ਖਾਣ ਵਾਲੀਆਂ ਦਵਾਈਆਂ ਕੇਵਲ ਉਹੋ ਚੀਜ਼ ਹੀ ਦਿਖਾਉਂਦੀਆਂ ਹਨ ਜਿਹੜੀਆਂ ਪਹਿਲਾਂ ਤੋਂ ਹੀ ਤੁਹਾਡੇ ਅੰਦਰ ਹੋਣ, ਤੁਹਾਡੇ ਅਚੇਤ ਮਨ ਵਿਚ ਹੋਣ।

ਇਹ ਦਵਾਈਆਂ ਪਰਾ ਸੰਵੇਦਨਵਾਦੀ ਦੀ ਝਲਕ ਦਿੰਦੀਆਂ ਹਨ ਤੇ ਉਸ ਸਭ ਕੁਝ ਦਾ ਅਨੁਭਵ ਦਿੰਦੀਆਂ ਹਨ ਜਿਹੜਾ ਭੌਤਿਕ ਸੰਸਾਰ ਵਿਚ ਅਸੀਂ ਇੰਦ੍ਰੀਆਂ ਰਾਹੀਂ ਅਨੁਭਵ ਕਰਦੇ ਹਾਂ। ਪਰ ਇਥੇ ਇਹ ਦਸ ਦੇਣਾ ਬੜਾ ਜ਼ਰੂਰੀ ਹੋਵੇਗਾ ਕਿ ਇਹ ਦਵਾਈਆਂ ਤੁਹਾਨੂੰ ਉਸ ਤੋਂ ਅੱਗੇ ਨਹੀਂ ਪਹੁੰਚਾ ਸਕਦੀਆਂ ਜੋ ਕੁਝ ਤੁਹਾਡੇ ਅੰਦਰ ਹੈ। ਜੋ ਤੁਹਾਡੇ ਅੰਦਰ ਹੈ ਉਸ ਨੂੰ ਪ੍ਰਤੱਖ ਕਰ ਸਕਦੀਆਂ ਹਨ ਉਸ ਤੋਂ ਅੱਗੇ ਨਹੀਂ ਭਾਵੇਂ ਉਹ ਤੁਹਾਡੀਆਂ ਸ਼ਕਤੀਆਂ ਹਨ, ਭਾਵੇਂ ਸਮਝਣ ਦੀ ਯੋਗਤਾ ਹੈ ਭਾਵੇਂ ਉਹ ਸੂਖਮ ਸੰਸਾਰ ਨੂੰ ਜਾਨਣ ਤੇ ਅਨੰਦ ਮਾਨਣ ਦੀ ਗੱਲ ਹੈ। ਭਾਵ ਜੋ ਕੁਝ ਤੁਹਾਡੇ ਅੰਦਰ ਹੈ ਉਹ ਹੀ ਬਾਹਰ ਕੱਢ ਸਕਦੀਆਂ ਹਨ। ਇਹ ਦਵਾਈਆਂ ਪ੍ਰਤੱਖ ਕਰਨ ਤੋਂ ਅੱਗੇ ਅਨੁਭਵ ਤੇ ਤੁਹਾਨੂੰ ਨਹੀਂ ਲੈ ਜਾ ਸਕਦੀਆਂ, ਤੁਹਾਨੂੰ ਬ੍ਰਹਮ ਤਕ ਨਹੀਂ ਪਹੁੰਚਾ ਸਕਦੀਆਂ।

ਜਦੋਂ ਕਿ ਇਹ ਭਰਮਾਉਣ ਵਾਲੀਆਂ ਦਵਾਈਆਂ ਤੁਹਾਨੂੰ ਆਪੇ ਨੂੰ ਇਕ ਪਾਸੇ ਭੁਲਾ ਦੇਣਗੀਆਂ, ਤੁਹਾਡੇ ਆਲੇ ਦੁਆਲੇ ਦੀ ਸਚਾਈ ਤੋਂ ਦੂਰ ਕਰ ਦੇਣਗੀਆਂ, ਹੋਰ ਦੂਸਰੀਆਂ ਸਚਾਈਆਂ ਤੁਹਾਡੇ ਅੱਗੇ ਰੱਖ ਦੇਣਗੀਆਂ, ਪਰ ਜਿਹੜਾ ਇਨ੍ਹਾਂ ਦੀ ਵਰਤੋਂ ਕਰਦਾ ਹੈ ਉਸ ਨੂੰ ਇਹ ਬਹੁਤ ਮਹਿੰਗੀਆਂ ਪੈਂਦੀਆਂ ਹਨ ਭਾਵ ਇਨ੍ਹਾਂ ਦਾ ਸਰੀਰ ਤੇ ਬਹੁਤ ਭੈੜਾ ਅਸਰ ਪੈਂਦਾ ਹੈ। ਇਹ ਅਨੁਭਵ ਆਪਣੇ ਆਪ ਵਿਚ ਹੀ ਨਾੜੀਆਂ ਦੇ ਸਿਸਟਮ ਨੂੰ ਝਟਕਾ ਪਹੁੰਚਾਉਂਦਾ ਹੈ। ਜੇ ਤੁਸੀਂ ਪਹਿਲਾਂ ਇਹੋ ਜਿਹੇ ਤਜਰਬੇ ਲਈ ਤਿਆਰ ਨਹੀਂ ਤਾਂ ਭਾਵਨਾਵਾਂ ਨੂੰ ਵੀ ਧੱਕਾ ਪਹੁੰਚ ਸਕਦਾ ਹੈ। ਇਨ੍ਹਾਂ ਦੀ ਵਰਤੋਂ ਨਾਲ ਜਿਹੜੀ ਬਹੁਤ ਸਾਰੀ ਸ਼ਕਤੀ ਸਰੀਰ ਪੈਦਾ ਕਰਦਾ ਹੈ ਉਸ ਨਾਲ ਸਰੀਰ ਤਾਮਸਿਕ ਬਣ ਜਾਂਦਾ ਹੈ, ਮੁੜ ਕੇ ਆਪਣੀ ਵਾਸਤਵਿਕ ਸ਼ਕਤੀ ਤੇ ਆਉਣ ਲਈ ਬਹੁਤ ਸਮਾਂ ਲਗਦਾ ਹੈ। ਵਧੇਰੇ ਵਰਤੋਂ ਨਾਲ ਸਰੀਰ ਅੰਦਰੋਂ ਸੜ ਜਾਂਦਾ ਹੈ, ਖੋਖਲਾ ਹੋ ਜਾਂਦਾ ਹੈ, ਤੁਸੀਂ ਹਰ ਸਮੇਂ ਢਹਿੰਦੀਆਂ ਕਲਾ ਵਿਚ ਰਹਿੰਦੇ ਹੋ, ਕੰਮ ਕਰਨ ਤੋਂ ਅਸਮਰਥ ਹੋ ਜਾਂਦੇ ਹੋ, ਇਨ੍ਹਾਂ ਨਾਲ ਤੁਹਾਡਾ ਮੰਤਵ ਨਹੀਂ ਹੁੰਦਾ, ਤੁਸੀਂ ਬਹੁਤ ਢਿੱਲੇ ਪੈ ਜਾਂਦੇ ਹੋ, ਦੂਸਰਿਆਂ ਤੇ ਨਿਰਭਰ ਹੋ ਜਾਂਦੇ ਹੋ, ਇਨ੍ਹਾਂ ਅਨੁਭਵਾਂ ਤੇ ਨਿਰਭਰ ਹੋ ਜਾਂਦੇ ਹੋ ਤੇ ਬਹੁਤ ਹੀ ਆਲਸੀ ਹੋ ਜਾਂਦੇ ਹੋ, ਸਦਾ ਹੀ ਨਸ਼ੇ ਵਿਚ ਹੀ ਰਹਿੰਦੇ ਹੋ।

ਆਤਮ ਸਿੱਧੀ ਦੇ ਰਸਤੇ ਤੇ ਕੋਈ ਪਗਡੰਡੀਆਂ ਨਹੀਂ ਹਨ। ਇਸ ਮਾਰਗ ਤੇ ਪੂਰੀ ਨਿਸ਼ਠਾ ਅਤੇ ਭਰੋਸੇ ਨਾਲ ਤੁਰਨਾ ਪੈਂਦਾ ਹੈ। ਸਹਿਜ ਤੇ ਸੰਜਮ ਨਾਲ ਮੋਹ ਤੋਂ ਮੁਕਤ ਹੋਣਾ ਪੈਂਦਾ ਹੈ, ਨਿਰਲੇਪ ਹੋ ਕੇ ਕਰਮ ਕਰਨੇ ਪੈਂਦੇ ਹਨ, ਸਿਮਰਨ ਸਾਧਨਾ ਕਰਨੀ ਪੈਂਦੀ ਹੈ। ਇੱਛਾ ਪੂਰਤੀ ਲਈ ਕੀਤੇ ਗਏ ਕਰਮ ਕਦੀ ਅਨੰਦ ਖੁਸ਼ੀ ਨਹੀਂ ਦਿੰਦੇ, ਇਸੇ ਕਰਕੇ ਯੋਗੀ ਆਪਣਾ ਪੂਰਾ ਜੀਵਨ ਦਿੰਦੇ ਹਨ, ਕੇਵਲ ਇਸ ਯਤਨ ਵਿਚ ਕਿ ਉਹ ਇੱਛਾ ਰਹਿਤ ਕਰਮ ਕਰਨ ਤੇ ਕੋਈ ਫਲ ਉਨ੍ਹਾਂ ਨੂੰ ਨਾ ਭੋਗਣਾ ਪਵੇ। ਇਹੋ ਜਿਹੇ ਪਹੁੰਚੇ ਹੋਏ ਯੋਗੀ ਸਮਾਜ ਦਾ ਮਾਰਗ ਦਰਸ਼ਨ ਕਰਦੇ ਹਨ ਤੇ ਦੂਸਰਿਆਂ ਦੇ ਭਲੇ ਲਈ ਜੀਉਂਦੇ ਰਹਿੰਦੇ ਹਨ, ਉਨ੍ਹਾਂ ਨੂੰ ਕੋਈ ਸੁਆਰਥ ਨਹੀਂ ਹੁੰਦਾ।

23. ਜਿਹੜੇ ਹੋਰ ਦੇਵਤਿਆਂ ਨੂੰ ਪੂਜਦੇ ਹਨ, ਸੇਵਦੇ ਹਨ, ਉਹ ਵੀ ਮੈਨੂੰ ਹੀ ਪੂਜਦੇ ਹਨ ਪਰ ਹੇ ਕੌਂਤੇਅ! ਉਹ ਸੇਵਨ, ਵਿਧੀ ਪੂਰਵਕ ਨਹੀਂ।

24. ਮੈਂ ਹੀ ਸਾਰੇ ਯੱਗਾਂ ਦਾ ਭੋਗ ਲੈਣ ਵਾਲਾ ਹਾਂ, ਸੁਆਮੀ ਹਾਂ ਪਰ ਉਹ ਮੈਨੂੰ ਤੱਤ ਰੂਪ ਵਿਚ ਨਹੀਂ ਜਾਣਦੇ ਇਸ ਲਈ ਉਹ ਡਿਗਦੇ ਹਨ।

25. ਦੇਵਤਿਆਂ ਦੀ ਉਪਾਸ਼ਨਾ ਕਰਨ ਵਾਲੇ ਦੇਵ ਲੋਕ ਨੂੰ ਜਾਂਦੇ ਹਨ, ਪਿਤਰਾਂ ਦੀ ਉਪਾਸ਼ਨਾ ਕਰਨ ਵਾਲੇ ਪਿਤਰ ਲੋਕ ਨੂੰ ਜਾਂਦੇ ਹਨ, ਭੂਤਾਂ ਦੀ ਪੂਜਾ ਕਰਨ ਵਾਲੇ ਭੂਤ ਲੋਕ ਜਾਂਦੇ ਹਨ, ਮੇਰੀ ਉਪਾਸ਼ਨਾ ਕਰਨ ਵਾਲੇ ਮੈਨੂੰ ਪ੍ਰਾਪਤ ਹੁੰਦੇ ਹਨ।

ਭਾਵੇਂ ਕਿਸੇ ਰੂਪ ਵਿਚ ਵੀ ਜਦੋਂ ਕੋਈ ਪੂਜਦਾ ਹੈ - ਦੇਵਤੇ ਨੂੰ, ਮੂਰਤੀ ਨੂੰ ਜਾਂ ਕੋਈ ਹੋਰ, ਉਹ ਬ੍ਰਹਮਾ ਨੂੰ ਪ੍ਰਾਪਤ ਹੁੰਦਾ ਹੈ, ਵਾਸਤਵ ਵਿਚ ਉਹ ਬ੍ਰਹਮਾ ਨੂੰ ਹੀ ਪੂਜ ਰਿਹਾ ਹੁੰਦਾ ਹੈ। ਸਾਰੀ ਪੂਜਾ ਅਰਚਾ, ਰਸਮੋ ਰਿਵਾਜ, ਪ੍ਰਾਰਥਨਾ ਕੇਵਲ ਬ੍ਰਹਮਾ ਨੂੰ ਹੀ ਅਰਪਣ ਕੀਤੇ ਜਾਂਦੇ ਹਨ, ਬ੍ਰਹਮਾ ਹੀ ਕੇਵਲ ਇਕ ਹੈ ਉਸ ਦਾ ਕੋਈ ਦੂਸਰਾ ਰੂਪ ਨਹੀਂ ਹੈ। ਅਗਿਆਨੀ ਜਿਹੜੇ ਬ੍ਰਹਮਾ ਨੂੰ ਨਹੀਂ ਪਛਾਣਦੇ, ਉਹ ਮੁੜ-ਮੁੜ ਕੇ ਸੰਸਾਰ ਵਿਚ ਫਸਦੇ ਹਨ। ਐਸਾ ਉਹ ਆਪਣੇ ਅਗਿਆਨ ਕਰਕੇ ਹੀ ਕਰਦੇ ਹਨ। ਪੂਜਾ ਕਰਨ ਵਾਲਾ ਆਪਣੇ ਆਪ ਨੂੰ ਉਸ ਨਾਲ ਮਿਲਾ ਲੈਂਦਾ ਹੈ, ਜਿਸਦੀ ਪੂਜਾ ਉਹ ਕਰਦਾ ਹੈ ਉਸ ਨੂੰ ਹੀ ਜਾ ਮਿਲਦਾ ਹੈ। ਜਿਹੜੇ ਭੂਤਾਂ ਪ੍ਰੇਤਾਂ ਦੀ ਪੂਜਾ ਕਰਦੇ ਹਨ, ਉਹ ਉਨ੍ਹਾਂ ਨੂੰ ਜਾ ਮਿਲਦੇ ਹਨ, ਜਿਹੜੇ ਬ੍ਰਹਮਾ ਦੀ ਪੂਜਾ ਕਰਦੇ ਹਨ, ਉਹ ਬ੍ਰਹਮਾ ਨੂੰ ਪ੍ਰਾਪਤ ਹੁੰਦੇ ਹਨ।

ਜਦੋਂ ਕੋਈ ਜਗਿਆਸੂ ਬਣ ਕੇ ਖੋਜਣ ਲਗਦਾ ਹੈ, ਉਹ ਸਾਧਨਾ ਦੇ ਸਾਰੇ ਤਰੀਕੇ ਵਰਤਦਾ ਹੈ ਜਿੰਨੇ ਵੀ ਤਰੀਕੇ ਗ੍ਰੰਥਾਂ ਵਿਚ ਦੱਸੇ ਗਏ ਹਨ। ਉਸ ਕੋਲ ਐਨਾ ਸਹਿਜ ਨਹੀਂ ਹੁੰਦਾ ਕਿ ਉਹ ਇਕ ਤਰੀਕੇ ਤੇ ਚੱਲੇ, ਉਹ ਘੜੀ ਘੜੀ ਮਾਰਗ ਬਦਲਦਾ ਹੈ, ਕਈ ਅਗਿਆਨੀ ਤਾਂ ਭੂਤਾਂ ਪ੍ਰੇਤਾਂ ਦੀ ਪੂਜਾ ਵਿਚ ਪੈ ਜਾਂਦੇ ਹਨ ਉਨ੍ਹਾਂ ਨੂੰ ਇਕ ਸਤਿ ਦਾ ਗਿਆਨ ਹੀ ਨਹੀਂ ਹੁੰਦਾ। ਇਨ੍ਹਾਂ ਸ਼ਲੋਕਾਂ ਵਿਚ ਤਾੜਨਾ ਦਿਤੀ ਗਈ ਹੈ ਤਾਂ ਜੋ ਉਹ

ਸਾਰੇ ਮਾਰਗ ਪੂਰੀ ਤਰ੍ਹਾਂ ਸਮਝ ਸਕਣ ਤੇ ਆਪਣਾ ਮਾਰਗ ਚੁਣ ਸਕਣ, ਸੱਚਾ ਸੁੱਚਾ ਮਾਰਗ ਜਿਹੜਾ ਬ੍ਰਹਮ ਤਕ ਲੈ ਜਾਵੇ, ਉਹ ਪਵਿੱਤਰ ਮਾਰਗ ਤੇ ਚਲ ਸਕਣ। ਜਗਿਆਸੂ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਸੱਚੇ ਤੇ ਠੀਕ ਮਾਰਗ ਦੀ ਚੋਣ ਕਰੇ ਤਾਂ ਜੋ ਉਹ ਬ੍ਰਹਮਾ ਤਕ ਪਹੁੰਚ ਸਕੇ। ਇਕ ਸੁਚੱਜਾ ਗੁਰੂ ਸ਼ਿਸ਼ ਨੂੰ ਠੀਕ ਮਾਰਗ ਚੁਣਨ ਵਿਚ ਸਹਾਇਤਾ ਕਰ ਸਕਦਾ ਹੈ।

26. ਜੇ ਕੋਈ ਭਗਤੀ ਨਾਲ ਫਲ, ਫੁੱਲ, ਪੱਤਾ ਜਾਂ ਜਲ ਵੀ ਮੈਨੂੰ ਅਰਪਣ ਕਰਦਾ ਹੈ, ਪਿਆਰ ਨਾਲ ਅਰਪਣ ਕੀਤੇ ਹੋਏ ਨੂੰ ਮੈਂ ਗ੍ਰਹਿਣ ਕਰਦਾ ਹਾਂ।

27. ਹੇ ਕੌਂਤੇਅ! ਜੋ ਵੀ ਤੂੰ ਕਰੇਂ, ਜੋ ਵੀ ਤੂੰ ਖਾਏਂ, ਜਗ ਕਰੇਂ, ਦਾਨ ਕਰੇਂ ਜੋ ਤੂੰ ਕਰੇਂ ਇਹ ਸਭ ਮੇਰੇ ਅਰਪਣ ਕਰ।

28. ਇਸ ਤਰ੍ਹਾਂ ਅੱਛੇ ਬੁਰੇ ਫਲਾਂ ਨੂੰ ਤਿਆਗ ਕੇ ਕਰਮ ਦੇ ਬੰਧਨ ਤੋਂ ਛੁਟ ਜਾਏਂਗਾ, ਸੰਨਿਆਸ ਯੋਗ ਰਾਹੀਂ ਮੇਰੇ ਨਾਲ ਇਕ ਹੋ ਕੇ ਜਦੋਂ ਤੂੰ ਦੇਹ ਤਿਆਗੇਂਗਾ, ਫੇਰ ਤੂੰ ਮੈਨੂੰ ਹੀ ਪ੍ਰਾਪਤ ਹੋਵੇਂਗਾ।

ਪ੍ਰਮਾਤਮਾ ਤਾਂ ਹਰੇਕ ਭੇਟਾ ਕਬੂਲਦਾ ਹੈ ਕੇਵਲ ਉਹ ਭੇਟਾ ਪਿਆਰ ਪ੍ਰੇਮ ਨਾਲ ਕੀਤੀ ਹੋਣੀ ਚਾਹੀਦੀ ਹੈ ਭਾਵੇਂ ਉਹ ਫੁੱਲ ਜਾਂ ਫਲ ਪੱਤਾ, ਭਾਵੇਂ ਪਾਣੀ ਹੀ ਕਿਉਂ ਨਾ ਹੋਵੇ। ਇਹ ਕਹਿਣ ਤੋਂ ਇਹ ਭਾਵ ਨਹੀਂ ਕਿ ਜਗਿਆਸੂ ਕੇਵਲ ਇਨ੍ਹਾਂ ਵਸਤੂਆਂ ਦਾ ਹੀ ਪ੍ਰਯੋਗ ਕਰੇ। ਕਹਿਣ ਤੋਂ ਭਾਵ ਹੈ, ਜੋ ਵੀ ਪ੍ਰੇਮ ਪੂਰਵਕ ਭੇਟਾ ਕੀਤਾ ਜਾਵੇ ਭਾਵੇਂ ਉਹ ਕਿੰਨਾ ਹੀ ਤੁੱਛ ਕਿਉਂ ਨਾ ਹੋਵੇ, ਪ੍ਰਮਾਤਮਾ ਨੂੰ ਕੁਝ ਨਹੀਂ ਚਾਹੀਦਾ, ਉਸ ਕੋਲ ਸਭ ਕੁਛ ਹੈ, 'ਗੋਬਿੰਦ ਭਾਉ ਭਗਤ ਦਾ ਭੁਖਾ' ਉਸ ਨੂੰ ਤਾਂ ਕੇਵਲ ਪਿਆਰ, ਨਿਰੋਲ ਪਿਆਰ ਦੀ ਹੀ ਲੋੜ ਹੈ। ਜੋ ਕੁਝ ਵੀ ਅਸੀਂ ਭੇਟਾ ਕਰਦੇ ਹਾਂ ਉਹ ਸਾਡੇ ਪਿਆਰ ਦਾ ਹੀ ਪ੍ਰਗਟਾਵਾ ਹੈ। ਜਿਹੜਾ ਕੀਤੇ ਕਰਮ ਦਾ ਫਲ ਦੂਸਰਿਆਂ ਨੂੰ ਅਰਪਦਾ ਹੈ, ਨਿਸੁਆਰਥ ਹੋ ਕੇ ਅਰਪਦਾ ਹੈ, ਭਾਵੇਂ ਕੋਈ ਛੋਟਾ ਹੋਵੇ ਭਾਵੇਂ ਵੱਡਾ, ਉਹ ਪ੍ਰਮਾਤਮਾ ਨੂੰ ਹੀ ਅਰਪਣ ਕਰ ਰਿਹਾ ਹੁੰਦਾ ਹੈ। ਦੇਣਾ ਇਕ ਬਹੁਤ ਵੱਡਾ ਗੁਣ ਹੈ, ਆਪਣੇ ਲਈ ਤੇ ਦੂਸਰਿਆਂ ਲਈ ਦੋਨਾਂ ਲਈ ਹੀ ਬਹੁਤ ਲਾਭਦਾਇਕ ਹੈ। ਕੀਤੇ ਕਰਮਾਂ ਦਾ ਫਲ ਭੇਂਟ ਕਰਦਿਆਂ ਦੋ ਤਰ੍ਹਾਂ ਲਾਭ ਹੁੰਦਾ ਹੈ – ਇਕ ਤਾਂ ਨਿਸੁਆਰਥ ਦਾ ਅਭਿਆਸ ਹੁੰਦਾ ਹੈ ਤੇ ਦੂਸਰਾ ਪ੍ਰਮਾਤਮਾ ਦੀ ਹੋਂਦ ਦਾ ਪ੍ਰਤੱਖ ਪਤਾ ਲਗਦਾ ਹੈ। ਦੇਣਾ ਮੋਹ ਤੋੜਨ ਵਲ ਇਕ ਬਹੁਤ ਵੱਡਾ ਯਤਨ ਹੈ, ਦੂਸਰਾ ਇਸ ਗੱਲ ਦੀ ਪੁਸ਼ਟੀ ਕਰਨਾ ਹੈ ਕਿ ਪ੍ਰਮਾਤਮਾ ਹਰੇਕ ਵਿਚ ਵਸਦਾ ਹੈ।

ਛੱਬੀਵੇਂ ਸ਼ਲੋਕ ਵਿਚ ਦੱਸਿਆ ਹੈ ਕਿ ਜਗਿਆਸੂ ਜੋ ਵੀ ਚਾਹੇ, ਜੋ ਵੀ ਕਰ ਸਕੇ, ਭੇਟਾ ਦੇਵੇ ਜੋ ਉਸ ਨੂੰ ਪੁਗਦਾ ਹੋਵੇ ਉਹ ਹੀ ਦੇਵੇ। ਜਿਹੜੇ ਇਹ ਆਦਤ ਪਾ ਲੈਂਦੇ ਹਨ, ਉਹ ਦਿਤੇ ਬਿਨਾਂ ਨਹੀਂ ਰਹਿ ਸਕਦੇ। ਅੰਤ ਵਿਚ ਉਹ ਸਭ ਕੁਝ ਦੇ ਦਿੰਦੇ ਹਨ ਜੋ ਵੀ ਉਨ੍ਹਾਂ ਕੋਲ ਹੁੰਦਾ ਹੈ, ਪ੍ਰਮਾਤਮਾ

ਨੂੰ ਅਰਪਣ ਕਰ ਦਿੰਦੇ ਹਨ। ਦੇਣਾ ਤੇ ਛੱਡ ਦੇਣਾ ਦੋਨਾਂ ਦਾ ਨਤੀਜਾ ਇਕ ਹੀ ਹੁੰਦਾ ਹੈ, ਇਹ ਦੋਨੋਂ ਗੁਣ ਬੜੇ ਵੱਡੇ ਹਨ, ਵਾਸਤਵ ਵਿਚ ਇਹ ਸਭ ਤੋਂ ਵੱਡੇ ਗੁਣ ਹਨ ਇਹ ਆਪੇ ਦੇ ਵਿਸਥਾਰ ਲਈ ਬਹੁਤ ਜ਼ਰੂਰੀ ਹਨ। ਕੋਈ ਵੀ ਨਿਸੁਆਰਥ ਨਾਲ ਕੀਤਾ ਕਰਮ ਪ੍ਰਮਾਤਮਾ ਦੇ ਹੀ ਅਰਪਣ ਹੁੰਦਾ ਹੈ।

ਜਦੋਂ ਵੀ ਜਗਿਆਸੂ ਆਪਣਾ ਸਭ ਕੁਝ ਪ੍ਰਮਾਤਮਾ ਨੂੰ ਦੇ ਦਿੰਦਾ ਹੈ ਤੇ ਆਪਣੀਆਂ ਸਾਰੀਆਂ ਮਨ, ਕਰਮ, ਬਚਨ ਦੀਆਂ ਸ਼ਕਤੀਆਂ ਪ੍ਰਮਾਤਮਾ ਨੂੰ ਹੀ ਸਮਰਪਣ ਕਰ ਦਿੰਦਾ ਹੈ, ਉਸ ਦੇ ਕਰਮ ਤੇ ਉਨ੍ਹਾਂ ਦਾ ਫਲ ਉਸ ਲਈ ਬੰਧਨ ਨਹੀਂ ਬਣਦਾ। ਜਿਹੜੇ ਕਰਮ ਪ੍ਰਮਾਤਮਾ ਦੀ ਪੂਜਾ ਵਿਚ ਕੀਤੇ ਜਾਂਦੇ ਹਨ ਭਾਵ ਉਸ ਨੂੰ ਹੀ ਸਮਰਪਣ ਕੀਤੇ ਜਾਂਦੇ ਹਨ ਉਹ ਕੋਈ ਬੰਧਨ ਨਹੀਂ ਬਣਦੇ। ਮਹਾਂਪੁਰਖ ਜਾਂ ਹੋਰ ਉਹ ਹਸਤੀਆਂ ਜਿਹੜੇ ਵੱਡੇ ਵੱਡੇ ਕੰਮ ਕਰਦੇ ਹਨ, ਉਹ ਆਪਣੇ ਜੀਵਨ ਸਮਰਪਣ ਕਰ ਦਿੰਦੇ ਹਨ ਤੇ ਸਾਰੇ ਕਰਮ ਨਿਸੁਆਰਥ ਹੋ ਕੇ ਕਰਦੇ ਹਨ, ਮਾਨਵਤਾ ਲਈ ਕਰਦੇ ਹਨ, ਉਹ ਕਦੀ ਵੀ ਚੰਗੇ ਮੰਦੇ ਫਲ ਦਾ ਅਨੁਭਵ ਨਹੀਂ ਕਰਦੇ ਕਿਉਂਕਿ ਉਹ ਜੋ ਕੁਝ ਵੀ ਕਰਦੇ ਹਨ ਉਹ ਪ੍ਰਮਾਤਮਾ ਦੀ ਸੇਵਾ ਵਿਚ ਸਮਰਪਣ ਕਰ ਦਿੰਦੇ ਹਨ, ਮਾਨਵਤਾ ਦੇ ਸਮਰਪਣ ਕਰ ਦਿੰਦੇ ਹਨ।

29. ਮੈਂ ਸਾਰੇ ਜੀਵਾਂ ਲਈ ਇਕੋ ਜਿਹਾ ਹਾਂ, ਨਾ ਮੈਂ ਕਿਸੇ ਲਈ ਦ੍ਵੈਸ਼ ਰਖਦਾ ਹਾਂ, ਨਾ ਹੀ ਮੈਨੂੰ ਕੋਈ ਅਤਿ ਪਿਆਰਾ ਹੈ। ਜੋ ਮੈਨੂੰ ਭਗਤੀ ਨਾਲ ਭਜਦੇ ਹਨ, ਪਿਆਰ ਨਾਲ ਧਿਆਉਂਦੇ ਹਨ, ਮੈਂ ਉਨ੍ਹਾਂ ਵਿਚ ਹਾਂ, ਉਹ ਮੇਰੇ ਵਿਚ ਹਨ।

30. ਜੇ ਕੋਈ ਬੜਾ ਪਾਪੀ ਵੀ ਮੈਨੂੰ ਇਕ ਮਨ, ਇਕ ਚਿੱਤ ਹੋ ਕੇ ਭਜਦਾ ਹੈ, ਧਿਆਉਂਦਾ ਹੈ, ਉਸ ਨੂੰ ਵੀ ਸਾਧੂ ਹੀ ਸਮਝਣਾ ਚਾਹੀਦਾ ਹੈ ਕਿਉਂਕਿ ਉਹ ਸਤਿ ਦੇ ਮਾਰਗ ਤੇ ਚਲ ਰਿਹਾ ਹੈ।

ਬੜੀ ਛੇਤੀਂ ਹੀ ਉਹ ਧਰਮਾਤਮਾ ਬਣ ਜਾਂਦਾ ਹੈ ਤੇ ਅਖੰਡ ਸ਼ਾਂਤੀ ਪ੍ਰਾਪਤ ਕਰ ਲੈਂਦਾ ਹੈ। ਹੇ ਕੌਂਤੇਅ! ਇਸ ਗੱਲ ਦਾ ਨਿਸ਼ਚੇ ਰੱਖ, ਮੇਰੇ ਭਗਤ ਦਾ ਕਦੀ ਵੀ ਨਾਸ਼ ਨਹੀਂ ਹੁੰਦਾ।

32. ਹੇ ਪਾਰਥ! ਜੋ ਮੇਰੀ ਸ਼ਰਣ ਆਉਂਦਾ ਹੈ ਉਹ ਭਾਵੇਂ ਚੰਡਾਲ, ਇਸਤ੍ਰੀ, ਵੈਸ਼, ਸ਼ੂਦਰ ਜੋ ਵੀ ਹੋਵੇ ਉਹ ਪਰਮ ਗਤੀ ਨੂੰ ਪ੍ਰਾਪਤ ਹੁੰਦਾ ਹੈ।

33. ਜਦੋਂ ਇਹ ਸੱਚ ਹੈ ਤਾਂ ਫੇਰ ਪਵਿੱਤਰ ਬ੍ਰਾਹਮਣਾਂ, ਰਾਜ ਰਿਸ਼ੀ ਭਗਤਾਂ ਦਾ ਤਾਂ ਕੀ ਕਹਿਣਾ। ਤੂੰ ਇਸ ਅਨਿੱਤ ਦੇ ਦੁਖ ਭਰੇ ਲੋਕ ਵਿਚ ਆ ਕੇ ਮੈਨੂੰ ਸਿਮਰ, ਮੈਨੂੰ ਭਜ।

34. ਕ੍ਰਿਸ਼ਨ ਜੀ ਅਰਜਨ ਨੂੰ ਪ੍ਰਵਚਨ ਜਾਰੀ ਰਖਦੇ ਹੋਏ ਦਸ ਰਹੇ ਹਨ ਕਿ ਆਤਮਾ ਦੀ ਰੁਚੀ ਤਾਂ ਸਭ ਨਾਲ ਇਕੋ ਜਿਹੀ ਹੀ ਹੁੰਦੀ ਹੈ,

ਪ੍ਰਮਾਤਮਾ ਨੂੰ ਨਾ ਕਿਸੇ ਨਾਲ ਦ੍ਵੈਸ਼ ਹੈ, ਨਾ ਹੀ ਕਿਸੇ ਨਾਲ ਬਹੁਤ ਪਿਆਰ। ਜਿਹੜਾ ਜਗਿਆਸੂ ਆਪਣਾ ਜੀਵਨ ਬ੍ਰਹਮਾ ਨੂੰ ਸਮਰਪਣ ਕਰ ਦੇਵੇ, ਉਹ ਬ੍ਰਹਮ ਚੇਤਨਾ ਵਿਚ ਆ ਜਾਂਦਾ ਹੈ, ਬ੍ਰਹਮ ਉਸ ਵਿਚ ਵਸਦੇ ਹਨ। ਜਦੋਂ ਯੋਗੀ ਸਰੀਰ ਤੋਂ ਪਰ੍ਹੇ ਸ਼ਾਂਤੀ ਪ੍ਰਾਪਤ ਕਰ ਲੈਂਦਾ ਹੈ, ਸੁਆਸਾਂ ਨੂੰ, ਗਿਆਨ ਇੰਦ੍ਰੀਆਂ ਨੂੰ, ਸੁਚੇਤ ਮਨ ਨੂੰ ਸ਼ਾਂਤ ਕਰ ਲੈਂਦਾ ਹੈ ਤੇ ਹਰ ਸਮੇਂ ਉਸ ਬ੍ਰਹਮ ਨਾਲ ਜੁੜਿਆ ਰਹਿੰਦਾ ਹੈ, ਆਪਣੇ ਅੰਦਰ ਬ੍ਰਹਮ ਨੂੰ ਵਸਾ ਕੇ ਰਖਦਾ ਹੈ ਉਹ ਇਹ ਵੀ ਜਾਣ ਲੈਂਦਾ ਹੈ ਕਿ ਨਾ ਕੋਈ ਦੁਸ਼ਮਣ ਹੈ, ਨਾ ਕੋਈ ਦੋਸਤ, ਜਿਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ-

***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ॥***
***ਪੰਨਾ - 1299***

ਉਹ ਸਮਾਚਿਤ ਹੋ ਜਾਂਦਾ ਹੈ, ਦ੍ਵੰਦ ਤੋਂ ਉਪਰ ਉਠ ਜਾਂਦਾ ਹੈ। ਉਸ ਦਾ ਜੀਵਨ ਬਿਲਕੁਲ ਬਦਲ ਜਾਂਦਾ ਹੈ ਕਿਉਂਕਿ ਉਸ ਨੂੰ ਹਰ ਵਸਤੂ ਵਿਚ, ਹਰ ਜਗ੍ਹਾ ਬ੍ਰਹਮ ਤੋਂ ਬਿਨਾਂ ਹੋਰ ਕੋਈ ਦਿਸਦਾ ਹੀ ਨਹੀਂ, ਉਹ ਬ੍ਰਹਮ ਵਿਚ ਲੀਨ ਅਤੇ ਬ੍ਰਹਮ ਉਸ ਵਿਚ ਲੀਨ ਹੋ ਜਾਂਦਾ ਹੈ, ਬਿਲਕੁਲ ਇਸ ਤਰ੍ਹਾਂ ਜਿਵੇਂ ਦਰਿਆ ਜਾ ਕੇ ਸਮੁੰਦਰ ਨੂੰ ਮਿਲ ਜਾਂਦਾ ਹੈ। ਜਦੋਂ ਦਰਿਆ ਸਾਗਰ ਨੂੰ ਮਿਲਦਾ ਹੈ ਉਹ ਵੀ ਸਾਗਰ ਬਣ ਜਾਂਦਾ ਹੈ, ਸਦਾ ਬ੍ਰਹਮ ਚੇਤਨਾ ਵਿਚ ਰਹਿਣ ਨਾਲ ਉਹ ਬ੍ਰਹਮ ਹੀ ਹੋ ਜਾਂਦਾ ਹੈ।

ਇਤਿਹਾਸ ਦਸਦਾ ਹੈ ਕਿ ਕਈ ਪਾਪੀਆਂ ਨੇ ਆਪਣੇ ਆਪ ਨੂੰ ਪ੍ਰਮਾਤਮਾ ਨੂੰ ਸਮਰਪਣ ਕਰਕੇ ਆਪਣੇ ਆਪ ਨੂੰ ਮੁਕਤ ਕੀਤਾ। ਇਹੋ ਜਿਹੇ ਬਹੁਤ ਸਾਰੇ ਕਾਇਆਂ ਕਲਪ ਤੋਂ ਬਾਅਦ ਬਹੁਤ ਹੀ ਮੰਨੇ ਪ੍ਰਮੰਨੇ ਬੜੇ ਉਚੇ ਸਾਧੂ ਬਣੇ। ਉਨ੍ਹਾਂ ਨੇ ਆਪਣੇ ਸਾਰੇ ਦ੍ਵੰਦ ਮਿਟਾ ਦਿਤੇ। ਸੋ ਪਾਪੀ ਵੀ ਅਧਿਆਤਮਕ ਪੱਖੋਂ ਉਚਾ ਦਰਜਾ ਪ੍ਰਾਪਤ ਕਰ ਸਕਦੇ ਹਨ, ਹਰ ਕਿਸੇ ਨੂੰ ਇਸ ਜੀਵਨ ਵਿਚ ਮੌਕਾ ਮਿਲਦਾ ਹੈ - ਆਪਣੇ ਆਪ ਨੂੰ ਸੁਧਾਰਨ ਦਾ ਤੇ ਉਚੇ ਚੜ੍ਹਨ ਦਾ। ਇਹ ਤਾਂ ਹੀ ਹੋ ਸਕਦਾ ਹੈ ਜਦੋਂ ਤੁਸੀਂ ਅੰਤਰਮੁਖੀ ਹੋ ਜਾਵੋ, ਪੂਰੇ ਗਿਆਨ ਨਾਲ, ਸਿਮਰ ਸਮਾਧੀ ਨਾਲ, ਸਮਾਚਿਤਤਾ ਦੀ ਅਵਸਥਾ ਪ੍ਰਾਪਤ ਕਰ ਲਵੋ। ਸ਼ਾਂਤ ਮਨ ਵਾਲੇ ਮਨੁੱਖ ਨਾ ਕਿਸੇ ਨੂੰ ਨਫਰਤ ਕਰਦੇ ਹਨ, ਨਾ ਹੀ ਉਨ੍ਹਾਂ ਨੂੰ ਕੋਈ ਲਾਲਚ ਹੁੰਦਾ ਹੈ। ਜਦੋਂ ਮਨੁੱਖ ਦਾ ਮਨ ਨਫਰਤ ਤੇ ਲਾਲਚ ਵਿਚ ਪੈ ਜਾਂਦਾ ਹੈ, ਫੇਰ ਦ੍ਵੰਦ ਵਿਚ ਫਸ ਜਾਂਦਾ ਹੈ ਪਰ ਜਿਨ੍ਹਾਂ ਨੇ ਸਮਾਚਿਤਤਾ ਪ੍ਰਾਪਤ ਕਰ ਲਈ ਹੈ, ਉਹ ਸਦਾ ਸਮ ਹੀ ਰਹਿੰਦੇ ਹਨ, ਉਹ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਰਪੱਖ ਹੋ ਕੇ ਮੋਹ ਤੋਂ ਮੁਕਤ ਹੋ ਕੇ ਕਰਦੇ ਹਨ। ਇਹੋ ਜਿਹੇ ਸਾਧੂ ਸ਼ਾਂਤ ਰਹਿੰਦੇ ਹਨ ਤੇ ਕਦੀ ਵੀ ਘੜਮਸ ਵਿਚ ਨਹੀਂ ਪੈਂਦੇ, ਕਦੀ ਵੀ ਘਬਰਾਹਟ ਦੇ ਜੰਗਲ ਵਿਚ ਨਹੀਂ ਫਸਦੇ। ਪ੍ਰਮਾਤਮਾ ਦਾ ਭਗਤ ਸਦਾ ਹੀ ਸ਼ਾਂਤ ਰਹਿੰਦਾ ਹੈ।

ਬੱਤੀਵੇਂ ਸ਼ਲੋਕ ਵਿਚ ਦਸਿਆ ਹੈ ਕਿ ਜਿਹੜੇ ਆਰਥਕ ਪੱਖੋਂ ਨੀਵਿਆਂ ਘਰਾਂ ਵਿਚ ਵੀ ਜਨਮ ਲੈਂਦੇ ਹਨ, ਜਿਹੜੇ ਐਨੀ ਬੁੱਧੀ ਵੀ ਨਹੀਂ ਰਖਦੇ, ਉਹ ਵੀ ਗਿਆਨ ਪ੍ਰਾਪਤ ਕਰ ਸਕਦੇ ਹਨ ਜੇ ਉਹ ਵੀ ਆਪਣਾ ਜੀਵਨ

ਪ੍ਰਮਾਤਮਾ ਨੂੰ ਸਮਰਪਣ ਕਰ ਦੇਣ। ਇਥੇ ਨੀਵੇਂ ਘਰਾਂ ਵਿਚ ਜਨਮ ਲੈਣ ਤੋਂ ਭਾਵ ਹੈ, ਜਿਹੜੇ ਆਰਥਿਕ ਪੱਖੋਂ ਨੀਵੇਂ ਹਨ ਤੇ ਨਾ ਹੀ ਉਨ੍ਹਾਂ ਨੂੰ ਕੋਈ ਮੌਕਾ ਮਿਲਦਾ ਹੈ, ਨਾ ਹੀ ਉਨ੍ਹਾਂ ਦਾ ਪਾਲਣ ਪੋਸ਼ਣ ਇਸ ਤਰ੍ਹਾਂ ਕੀਤਾ ਜਾਂਦਾ ਹੈ ਜਿਥੇ ਉਨ੍ਹਾਂ ਨੂੰ ਇਹ ਸੋਝੀ ਮਿਲ ਸਕਦੀ ਹੈ ਕਿ ਪ੍ਰਮਾਤਮਾ ਦੇ ਨੇੜੇ ਹੋ ਸਕਣ।

ਜਿਨ੍ਹਾਂ ਨੇ ਪਿਛਲੇ ਜਨਮਾਂ ਵਿਚ ਆਤਮ ਮਾਰਗ ਦਾ ਪੈਂਡਾ ਕੱਟਿਆ ਹੈ, ਉਸ ਉਤੇ ਤੁਰੇ ਹਨ, ਉਹ ਕੁਝ ਗੁਣ ਲੈ ਕੇ ਪੈਦਾ ਹੁੰਦੇ ਹਨ, ਕੁਝ ਸੰਸਕਾਰ ਲੈ ਕੇ ਜਨਮ ਲੈਂਦੇ ਹਨ। ਉਸ ਦਾ ਨਤੀਜਾ ਇਹ ਹੁੰਦਾ ਹੈ ਕਿ ਉਹ ਮੁੜ ਕੇ ਫੇਰ ਆਤਮ ਸਿੱਧੀ ਦੇ ਮਾਰਗ ਤੇ ਤੁਰਨ ਲਗ ਪੈਂਦੇ ਹਨ। ਇਸ ਤਰ੍ਹਾਂ ਉਨ੍ਹਾਂ ਲਈ ਇਹ ਮਾਰਗ ਪੂਰਾ ਕਰਨਾ ਸੌਖਾ ਹੋ ਜਾਂਦਾ ਹੈ। ਜੋ ਕੁਝ ਉਹ ਪਿਛਲੇ ਜੀਵਨ ਵਿਚ ਅਧੂਰਾ ਛੱਡ ਆਏ ਹਨ, ਇਹ ਸਾਰੇ ਜਗਿਆਸੂਆਂ ਲਈ ਚੇਤਾਵਨੀ ਹੈ ਕਿ ਉਹ ਆਪਣਾ ਸਮਾਂ ਬੇਅਰਥ ਨਾ ਗਵਾਉਣ, ਆਪਣੀ ਸ਼ਕਤੀ ਨਾ ਬੇਅਰਥ ਇਧਰ ਉਧਰ ਖਿੰਡਾਰਨ, ਸੰਸਾਰਕ ਭੋਗਾਂ ਵਿਚ ਨਾ ਪੈਣ, ਉਨ੍ਹਾਂ ਲਈ ਇਹੋ ਹੀ ਚੰਗਾ ਹੋਵੇਗਾ ਕਿ ਉਹ ਸਾਰਾ ਸਮਾਂ ਪ੍ਰਮਾਤਮਾ ਪਾਸੇ ਲਗਾਉਣ, ਇਸ ਸੰਸਾਰ ਵਿਚ ਆ ਕੇ ਇਸ ਜੀਵਨ ਦਾ ਲਾਹਾ ਲੈਣ। ਪ੍ਰਮਾਤਮਾ ਨੂੰ ਸਮਰਪਣ ਕੀਤਾ ਜੀਵਨ ਸਭ ਤੋਂ ਚੰਗਾ ਜੀਵਨ ਹੈ, ਇਹੋ ਹੀ ਇਸ ਜੀਵਨ ਦਾ ਮਨੋਰਥ ਹੈ।

34. ਮੇਰੇ ਵਿਚ ਆਪਣਾ ਮਨ ਲਗਾ, ਮੇਰਾ ਹੀ ਭਗਤ, ਮੇਰੇ ਲਈ ਹੀ ਯੱਗ ਕਰ, ਮੈਨੂੰ ਹੀ ਨਮਸ਼ਕਾਰ ਕਰ, ਮੇਰੀ ਸ਼ਰਣ ਵਿਚ ਆ, ਮੇਰੀ ਆਤਮਾ ਨਾਲ ਇਕ ਹੋ ਜਾ, ਇਸ ਤਰ੍ਹਾਂ ਮੇਰੇ ਨਾਲ ਇਕ ਹੋ ਕੇ ਤੂੰ ਮੈਨੂੰ ਪ੍ਰਾਪਤ ਹੋ ਜਾਵੇਂਗਾ।

ਇਸ ਅਧਿਆਇ ਦਾ ਅੰਤਮ ਸ਼ਲੋਕ ਇਕ ਸੱਚੇ ਜਗਿਆਸੂ ਨੂੰ ਚੇਤਾਵਨੀ ਦਿੰਦਾ ਹੈ ਕਿ ਉਹ ਜੀਵਨ ਨੂੰ ਕਰਮਬੱਧ ਕਰਕੇ ਉਚੀ ਸਥਿਤੀ ਪ੍ਰਾਪਤ ਕਰੇ, ਸੰਪੂਰਨ ਬਣੇ, ਮਨ ਨੂੰ ਪੂਰੀ ਤਰ੍ਹਾਂ ਆਤਮਕ ਸਿੱਧੀ ਵਿਚ ਲਗਾ ਦੇਵੇ। ਸਾਡੇ ਅੰਦਰ ਬੈਠੇ ਪ੍ਰਮਾਤਮਾ ਦੀ ਪ੍ਰਾਪਤੀ ਅੰਦਰ ਦੀ ਆਤਮਾ ਦੀ ਪ੍ਰਾਪਤੀ ਹੈ।

ਸਾਡੀ ਸਮਾਧੀ ਦਾ ਇਕ ਮੰਤਵ ਹੋਵੇ। ਜਦੋਂ ਮਨ ਨੂੰ ਇਧਰ ਉਧਰ ਜਾਣ ਤੋਂ ਰੋਕਿਆ ਜਾਂਦਾ ਹੈ, ਫੇਰ ਇਹ ਕੇਵਲ ਪ੍ਰਮਾਤਮਾ ਤੇ ਹੀ ਕੇਂਦਰਤ ਕੀਤਾ ਜਾਂਦਾ ਹੈ। ਇਸ ਨੂੰ ਸ਼ੁਧ ਕੀਤਾ ਜਾਂਦਾ ਹੈ। ਫੇਰ ਇਹ ਇਕਾਗਰ ਹੁੰਦਾ ਹੈ ਤੇ ਅੰਤਰਮੁਖੀ ਹੋ ਜਾਂਦਾ ਹੈ। ਜਦੋਂ ਸਮਾਧੀ ਲਗਾਉਣ ਵਾਲਾ ਮਨ ਨਿਰਵਿਘਨ ਆਪਣੇ ਕੇਂਦਰ ਤੇ ਜਾਂਦਾ ਹੈ, ਇਸ ਨੂੰ ਸ਼ਾਂਤੀ ਪ੍ਰਾਪਤ ਹੋ ਜਾਂਦੀ ਹੈ, ਸਥਿਰਤਾ ਪ੍ਰਾਪਤ ਹੁੰਦੀ ਹੈ, ਅਨੰਦ ਪ੍ਰਾਪਤ ਹੁੰਦਾ ਹੈ।

ਸਮਾਧੀ ਤੇ ਲਗਾਤਾਰ ਬੈਠਣਾ, ਇਕੋ ਹੀ ਤਰੀਕੇ ਨਾਲ ਬੈਠਣਾ, ਸਿਮਰਨ ਕਰਨਾ, ਲਿਵ ਲਗਾਉਣੀ, ਨਿਸ਼ਠਾ ਨਾਲ ਅਰਦਾਸ ਕਰਨੀ, ਬੇਨਤੀ ਕਰਨੀ, ਜੋਦੜੀ ਕਰਨੀ, ਪ੍ਰਮਾਤਮਾ ਦੀ ਸਹਾਇਤਾ ਮੰਗਣੀ, ਇਸ ਸਭ ਕੁਝ

ਨਾਲ ਪ੍ਰਾਪਤੀ ਵਿਚ ਸਹਾਇਤਾ ਮਿਲਦੀ ਹੈ। ਇਹੋ ਜਿਹਾ ਜਗਿਆਸੂ ਸਾਰੇ ਫਲ ਪ੍ਰਮਾਤਮਾ ਨੂੰ ਹੀ ਸਮਰਪਣ ਕਰ ਦਿੰਦਾ ਹੈ, ਉਸ ਦਾ ਮਨ, ਕਰਮ ਤੇ ਬਚਨ ਸਾਰੇ ਪ੍ਰਮਾਤਮਾ ਨੂੰ ਹੀ ਸਮਰਪਣ ਹੁੰਦੇ ਹਨ। ਉਸ ਦੇ ਜੀਵਨ ਦਾ ਉਦੇਸ਼ ਹੁੰਦਾ ਹੈ - ਪ੍ਰਮਾਤਮਾ ਦੀ ਪ੍ਰਾਪਤੀ। ਇਹੋ ਜਿਹੇ ਯੋਗੀ ਸੁਤੰਤਰ ਹੁੰਦੇ ਹਨ, ਉਹ ਸਭ ਤੋਂ ਉਚੀ ਸੰਪੂਰਨਤਾ ਦੀ ਪਦਵੀ ਪ੍ਰਾਪਤ ਕਰ ਲੈਂਦੇ ਹਨ।

ਇਹ ਨੌਵੇਂ ਅਧਿਆਇ ਦਾ ਅੰਤ ਹੈ ਜਿਸ ਵਿਚ ਰਾਜ ਪੱਥ ਦਾ ਗੁਪਤ ਗਿਆਨ ਦੱਸਿਆ ਗਿਆ ਹੈ, ਜਿਸ ਨੂੰ ਰਾਜ ਵਿਦਿਆ ਕਹਿੰਦੇ ਹਨ।

# ਦਸਵਾਂ ਅਧਿਆਇ

## ਪ੍ਰਮਾਤਮਾ ਦਾ ਮਹਾਨ ਪ੍ਰਕਾਸ਼

ਕ੍ਰਿਸ਼ਨ ਜੀ ਬਚਨ ਕਰਦੇ ਹਨ –

1. ਹੇ ਮਹਾਬਾਹੋ, ਫਿਰ ਭੀ ਮੇਰੇ ਪਰਮ ਰਹੱਸ ਯੁਕਤ ਬਚਨ ਸੁਣ ਜੋ ਮੈਂ ਤੈਨੂੰ ਬਹੁਤ ਪ੍ਰੇਮ ਰੱਖਣ ਵਾਲੇ ਦੇ ਲਈ, ਹਿੱਤ ਦੀ ਇੱਛਾ ਕਰਕੇ ਕਹਿ ਰਿਹਾ ਹਾਂ।

2. ਹੇ ਅਰਜਨ! ਮੇਰੀ ਉਤਯੁਕਤ ਨੂੰ ਅਰਥਾਤ ਬਿਭੂਤੀ ਸਹਿਤ ਲੀਲ੍ਹਾ ਕਰਕੇ ਪ੍ਰਗਟ ਹੋਣ ਨੂੰ ਨਾ ਦੇਵਤਾ ਲੋਕ ਅਤੇ ਨਾ ਮਹਾਂਰਿਸ਼ੀ ਹੀ ਜਾਣਦੇ ਹਨ ਕਿਉਂਕਿ ਮੈਂ ਸਭ ਦੇਵਤਿਆਂ ਤੇ ਮਹਾਂਰਿਸ਼ੀਆਂ ਦਾ ਆਦਿ ਕਾਰਨ ਹਾਂ।

3. ਅਤੇ ਜੋ ਮੈਨੂੰ ਅਜਨਮਾ ਅਤੇ ਅਨਾਦਿ ਤਥਾ ਲੋਕਾਂ ਦਾ ਮਹਾਨ ਈਸ਼ਵਰ ਤਤੂ ਤੋਂ ਜਾਣਦਾ ਹੈ ਉਹ ਮਨੁੱਖਾਂ ਵਿਚ ਗਿਆਨਵਾਨ ਪੁਰਸ਼ ਸੰਪੂਰਨ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ।

ਕ੍ਰਿਸ਼ਨ ਜੀ ਦੇ ਡੂੰਘੇ ਬਚਨ ਹੌਲੀ ਹੌਲੀ ਅਰਜਨ ਦੇ ਸ਼ੰਕੇ ਦੂਰ ਕਰਦੇ ਹਨ, ਦੈਵੀ ਗੁਰੂ ਦਾ ਹਿਰਦਾ ਇਕ ਮਾਂ ਦੀ ਤਰ੍ਹਾਂ ਹੁੰਦਾ ਹੈ ਜਿਹੜੀ ਸਦਾ ਬੱਚੇ ਦਾ ਭਲਾ ਹੀ ਲੋਚਦੀ ਹੈ, ਪਰਮ ਸਤਿ ਦਸਦਿਆਂ ਕ੍ਰਿਸ਼ਨ ਜੀ ਦਸਦੇ ਹਨ ਕੇ ਦੇਵਤੇ ਵੀ ਪ੍ਰਮਾਤਮਾ ਨੂੰ ਨਹੀਂ ਜਾਣਦੇ, ਰਿਸ਼ੀ ਮੁਨੀ ਵੀ ਉਸ ਪਰਮ ਸ਼ਕਤੀ ਪ੍ਰਮਾਤਮਾ ਨੂੰ ਪੂਰੀ ਤਰ੍ਹਾਂ ਨਹੀਂ ਸਮਝ ਸਕਦੇ। ਦੇਵਤੇ ਤੇ ਰਿਸ਼ੀ ਮੁਨੀ ਪ੍ਰਮਾਤਮਾ ਤੋਂ ਹੀ ਪੈਦਾ ਹੁੰਦੇ ਹਨ, ਪ੍ਰਮਾਤਮਾ ਸਭ ਦਾ ਪਿਤਾ ਹੈ, ਦੇਵਤਿਆ ਤੇ ਰਿਸ਼ੀਆਂ ਮੁਨੀਆਂ ਦਾ ਵੀ ਪਿਤਾ ਹੈ, ਇਹ ਸਭ ਪ੍ਰਮਾਤਮਾ ਦੇ ਬੱਚੇ ਹਨ। ਪ੍ਰਮਾਤਮਾ ਆਪਣੀ ਪੂਰੀ ਸ਼ਾਨ ਨਾਲ ਦੇਵਤਿਆਂ ਰਿਸ਼ੀਆਂ ਮੁਨੀਆਂ ਤੋਂ ਪਹਿਲੇ ਵੀ ਸੀ ਕਿਉਂਕਿ ਉਹ ਆਦਿ ਤੋਂ ਹੈ। ਦੇਵਤੇ ਤੇ ਰਿਸ਼ੀ ਮੁਨੀ ਵੀ ਪ੍ਰਮਾਤਮਾ ਦੀ ਅਰਾਧਨਾ ਨੂੰ ਨਹੀਂ ਜਾਣ ਸਕੇ। ਜਿਹੜਾ ਪ੍ਰਮਾਤਮਾ ਦੇ ਸਤਿ ਨੂੰ ਜਾਣਦਾ ਹੈ, ਉਹ ਇਹ ਜਾਣਦਾ ਹੈ ਕਿ ਪਰਮ ਸਤ ਪ੍ਰਮਾਤਮਾ ਕਦੀ ਜਨਮਿਆ ਨਹੀਂ, ਉਸ ਦਾ ਨਾ ਕੋਈ ਆਦਿ ਹੈ, ਨਾ ਅੰਤ; ਉਹ ਅਨੰਤ ਹੈ, ਸੰਪੂਰਨ ਹੈ। ਉਹ ਨਿਰਲੇਪ ਹੋ ਕੇ ਸਭ ਕੁਝ ਕਰਦਾ ਹੈ ਤੇ ਮਨੁੱਖਾਂ ਦੀ ਅਧਿਆਤਮ ਪ੍ਰਾਪਤੀ ਵਿਚ ਲੱਗਾ ਰਹਿੰਦਾ ਹੈ। ਉਹ ਦਿਆਲੂ ਹੈ, ਕ੍ਰਿਪਾਲੂ ਹੈ, ਕੀੜੀ ਤੱਕ ਦੀ ਉਹ ਰੱਖਿਆ ਕਰਦਾ ਹੈ। ਇਸ ਸਤਿ ਨੂੰ ਜਾਣ ਕੇ ਜਗਿਆਸੂ ਵੀ ਨਿਸੁਆਰਥ ਹੋ ਕੇ ਜੀਵਨ ਜੀਉਂਦਾ ਹੈ ਅਤੇ ਨਿਰਬਲਾਂ ਦੀ ਸਹਾਇਤਾ ਕਰਦਾ ਹੈ। ਜਿਹੜਾ ਨਿਸੁਆਰਥ ਹੋ ਕੇ ਕੰਮ ਕਰਦਾ ਹੈ, ਉਹ ਸਾਰੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ, ਉਹ ਪਵਿੱਤਰ ਤੇ ਸੁਤੰਤਰ ਹੋ ਜਾਂਦਾ ਹੈ।

4, 5. ਅਤੇ ਹੇ ਅਰਜਨ ਨਿਸ਼ਚਾ ਕਰਨ ਦੀ ਸ਼ਕਤੀ ਅਤੇ ਤਤੂ ਗਿਆਨ ਅਤੇ ਅਮੂੜਤਾ, ਖਿਮਾ, ਸਤਯ ਅਤੇ ਇੰਦ੍ਰੀਆਂ ਨੂੰ ਵਸ ਵਿਚ ਕਰਨਾ ਅਤੇ ਮਨ ਦਾ ਨਿਗ੍ਰਹਿ ਤਥਾ ਸੁਖ ਦੁਖ, ਉਤਪਤਿ ਅਤੇ ਪਰਲੋ

ਏਵੰ ਭੈ ਅਤੇ ਅਭੈ ਭੀ। ਅਹਿੰਸਾ, ਸਮਤਾ, ਸੰਤੋਖ, ਤਪ (ਸਧਰਮ ਦੇ ਆਚਰਣ ਤੋਂ ਇੰਦ੍ਰੀਆਂ ਆਦਿਕਾਂ ਨੂੰ ਸ਼ੁਧ ਕਰਨ ਦਾ ਨਾਮ ਤਪ ਹੈ) ਦਾਨ, ਕੀਰਤੀ, ਅਪਕੀਰਤੀ ਅਜਿਹੇ ਪ੍ਰਾਣੀਆਂ ਨੂੰ ਨਾਨਾ ਪ੍ਰਕਾਰ ਦੇ ਭਾਵ ਮੈਥੋਂ ਹੀ ਹੁੰਦੇ ਹਨ।

6. ਅਤੇ ਹੇ ਅਰਜਨ! ਸੱਤ ਤਾਂ ਮਹਾਂਰਿਸ਼ੀ ਜਨ ਅਤੇ ਚਾਰ ਉਨ੍ਹਾਂ ਤੋਂ ਭੀ ਪਹਿਲਾਂ ਹੋਣ ਵਾਲੇ ਸਨਕਾਦਿਕ ਤਥਾ ਸਾਯੰਭੁਵ ਆਦਿ ਚੌਦਾਂ ਰਤਨ ਇਹ ਮੇਰੇ ਭਾਵ ਵਾਲੇ ਸਭ ਦੇ ਸਭ, ਮੇਰੇ ਸੰਕਲਪ ਤੋਂ ਉਤਪੰਨ ਹੋਏ ਹਨ ਕਿ ਜਿਨ੍ਹਾਂ ਦੀ ਸੰਸਾਰ ਵਿਚ ਇਹ ਸੰਪੂਰਨ ਪਰਜਾ ਹੈ।

7. ਅਤੇ ਜੋ ਪੁਰਸ਼ ਜੋ ਮੇਰੀ ਪਰਮੇਸ਼੍ਵਰ ਰੂਪ ਵਿਭੂਤੀ ਨੂੰ ਅਤੇ ਯੋਗ ਸ਼ਕਤੀ ਨੂੰ ਤਤ੍ਵ ਸੇ ਜਾਣਦਾ ਹੈ ਉਹ ਪੁਰਸ਼ ਨਿਸਚਲ ਧਿਆਨ ਯੋਗ ਦੁਆਰਾ ਮੇਰੇ ਵਿਚ ਹੀ ਏਕੀਭਾਵ ਤੋਂ ਸਥਿਤ ਹੁੰਦਾ ਹੈ ਇਸ ਵਿਚ ਕੁਝ ਭੀ ਸੰਸਾ ਨਹੀਂ ਹੈ।

ਮਨੁੱਖ ਦੇ ਅੰਦਰ ਜਿੰਨੇ ਗੁਣ ਹਨ, ਉਹ ਸਾਰੇ ਅਨੰਤ ਤੋਂ ਹੀ ਜਨਮ ਲੈਂਦੇ ਹਨ, ਪਰੀਪੂਰਨ ਪ੍ਰਮਾਤਮਾ ਤੋਂ ਜਨਮ ਲੈਂਦੇ ਹਨ ਜਿਵੇਂ ਕਿ ਸਪਤ ਰਿਸ਼ੀ, ਚਾਰ ਮੰਨੂ (ਜਿਨ੍ਹਾਂ ਨੇ ਨਿਯਮ ਦਿਤੇ, ਕਾਨੂੰਨ ਵਿਧਾਨ ਦਿਤਾ) ਪ੍ਰਮਾਤਮਾ ਹੀ ਸਾਰੇ ਜੀਵ ਜੰਤੂਆਂ ਦਾ ਜਨਮ ਦਾਤਾ ਹੈ। ਜਿਹੜੀ ਸ਼ਕਤੀ ਸਾਰੇ ਪਰੀਪੂਰਨ ਹੈ ਉਹ ਉਸ ਪ੍ਰਮਾਤਮਾ ਦੀ ਸ਼ਕਤੀ ਹੈ। ਪ੍ਰਮਾਤਮਾ ਦੇ ਸਰਬ ਵਿਆਪਕ ਮਨ ਤੋਂ ਹੀ ਮਨੁੱਖ ਦੀਆਂ ਸਾਰੀਆਂ ਮਾਨਸਿਕ ਸ਼ਕਤੀਆਂ ਨਿਕਲਦੀਆਂ ਹਨ। ਬੁੱਧੀ ਅਤੇ ਗਿਆਨ ਅਨੰਤ ਦੇ ਸਾਗਰ ਤੋਂ ਸਦਾ ਵਹਿਣ ਵਾਲੇ ਦਰਿਆ ਹਨ। ਪ੍ਰਮਾਤਮਾ ਦੀ ਸ਼ਾਨ, ਸ਼ੋਭਾ ਦਾ ਪ੍ਰਗਟਾਵਾ, ਪਸਾਰਾ ਹੀ ਇਨ੍ਹਾਂ ਸ਼ਲੋਕਾਂ ਵਿਚ ਦੱਸਿਆ ਗਿਆ ਹੈ। ਜਿਹੜਾ ਜਗਿਆਸੂ ਇਹ ਜਾਣਦਾ ਹੈ, ਇਸ ਪੱਖੋਂ ਪੂਰੀ ਤਰ੍ਹਾਂ ਸੁਚੇਤ ਹੈ ਕਿ ਸਭ ਕੁਝ ਦਾ ਸ੍ਰੋਤ ਪ੍ਰਮਾਤਮਾ ਆਪ ਹੀ ਹੈ, ਉਹ ਸੰਪੂਰਨ ਹੋ ਜਾਂਦਾ ਹੈ।

ਯੋਗੀ ਉਹ ਹੈ ਜਿਹੜਾ ਪ੍ਰਮਾਤਮਾ ਨਾਲ ਇਕ ਹੈ। ਜਦੋਂ ਯੋਗੀ ਇਹ ਜਾਣ ਲੈਂਦਾ ਹੈ ਕਿ ਖੁਸ਼ੀ, ਸੰਤਾਪ, ਸਫਲਤਾ, ਅਸਫਲਤਾ, ਨਾਮ, ਬਦਨਾਮੀ, ਇਹ ਸਭ ਪ੍ਰਮਾਤਮਾ ਦੇ ਹੀ ਕੀਤੇ ਹੁੰਦੇ ਹਨ, ਧਰਤੀ ਦੇ ਸਾਰੇ ਜੀਵਨ ਉਸ ਦੇ ਬਣਾਏ ਹਨ ਤੇ ਪ੍ਰਮਾਤਮਾ ਦੇ ਹੀ ਥਾਪੇ ਹੋਏ ਹਨ, ਫੇਰ ਉਹ ਹਰ ਹਾਲ ਵਿਚ ਮਨ ਸ਼ਾਂਤ ਰਖਦਾ ਹੈ। ਯੋਗੀ ਲਈ ਇਸ ਵਿਸ਼ਵ ਦਾ ਹਰ ਪਾਸਾ, ਹਰ ਪੱਖ ਪ੍ਰਮਾਤਮਾ ਦਾ ਆਪਣਾ ਪੱਖ ਹੈ। ਜਿਹੜਾ ਵੀ ਪ੍ਰਮਾਤਮਾ ਨਾਲ ਅਭੇਦ ਹੋ ਕੇ ਰਹਿੰਦਾ ਹੈ ਉਹ ਨਿਰਭੈ ਹੋ ਜਾਂਦਾ ਹੈ।

8. ਮੈਂ ਵਾਸਦੇਵ ਹੀ ਸਾਰੇ ਜਗਤ ਦੀ ਉਤਪਤੀ ਦਾ ਕਾਰਣ ਹਾਂ ਅਤੇ ਮੈਥੋਂ ਹੀ ਸ਼ਕਤੀ ਪ੍ਰਾਪਤ ਕਰਕੇ ਸਭ ਜਗਤ ਚੇਸ਼ਟਾ ਕਰ ਰਿਹਾ ਹੈ ਇਸ ਪ੍ਰਕਾਰ ਤਤ੍ਵ ਸੇ ਸਮਝ ਕੇ ਸ਼ਰਧਾ ਅਤੇ ਭਗਤੀ ਸੇ ਯੁਕਤ ਹੂਆ, ਬੁੱਧੀਮਾਨ ਭਗਤ ਜਨ ਮੈਨੂੰ ਪਰਮੇਸ਼੍ਵਰ ਨੂੰ ਹੀ ਨਿਰੰਤਰ ਭਜਦੇ ਹਨ।

9. ਉਨ੍ਹਾਂ ਦੇ ਮਨ ਮੇਰੇ ਵਿਚ ਹੀ ਰਹਿੰਦੇ ਹਨ, ਚਿੱਤ ਮੇਰੇ ਅੰਦਰ

ਹੀ ਰਹਿੰਦਾ ਹੈ, ਮੇਰੇ ਵਿਚ ਹੀ ਉਨ੍ਹਾਂ ਦੇ ਪ੍ਰਾਣ ਵਸਦੇ ਹਨ, ਉਹ ਇਕ ਦੂਸਰੇ ਨੂੰ ਗਿਆਨ ਦਿੰਦੇ ਹਨ, ਸਦਾ ਮੇਰਾ ਹੀ ਕਥਾ ਕੀਰਤਨ ਕਰਦੇ ਹਨ, ਸੰਤੁਸ਼ਟ ਰਹਿੰਦੇ ਹਨ ਤੇ ਸਦਾ ਰਮਣ ਕਰਦੇ ਹਨ।

10. ਜਿਹੜੇ ਸਦਾ ਮੇਰੇ ਨਾਲ ਹੀ ਜੁੜੇ ਰਹਿੰਦੇ ਹਨ, ਮੇਰੇ ਪ੍ਰੇਮ ਵਿਚ ਹੀ ਭਿੱਜੇ ਰਹਿੰਦੇ ਹਨ, ਇਨ੍ਹਾਂ ਨੂੰ ਮੈਂ ਐਸਾ ਬੁਧ ਯੋਗ ਦਿੰਦਾ ਹਾਂ, ਜਿਸ ਨਾਲ ਇਹ ਮੈਨੂੰ ਆ ਮਿਲਦੇ ਹਨ।

11. ਇਨ੍ਹਾਂ ਉਤੇ ਕ੍ਰਿਪਾ ਕਰਨ ਲਈ ਮੈਂ ਇਨ੍ਹਾਂ ਦੇ ਅੰਤਸ਼ਕਰਣ ਵਿਚ ਸਥਿਤ ਹੋ ਕੇ ਇਨ੍ਹਾਂ ਦੇ ਅਗਿਆਨ ਤੋਂ ਉਤਪੰਨ ਹੋਏ ਅੰਧਕਾਰ ਨੂੰ ਪ੍ਰਕਾਸ਼ਮਈ ਤਤ੍ਵ ਗਿਆਨ ਰੂਪ ਦੀਵੇ ਨਾਲ ਦੂਰ ਕਰ ਦਿੰਦਾ ਹਾਂ।

ਪ੍ਰਮਾਤਮਾ ਸਾਰੀ ਸ੍ਰਿਸ਼ਟੀ ਦਾ ਸਰੋਤ ਹੈ। ਸਾਰੇ ਵਿਸ਼ਵ ਵਿਚ ਕੋਈ ਵੀ ਐਸੀ ਚੀਜ਼ ਨਹੀਂ ਜਿਹੜੀ ਪ੍ਰਮਾਤਮਾ ਤੇ ਨਿਰਭਰ ਨਾ ਹੋਵੇ, ਸਾਰੇ ਸੰਸਾਰ ਦਾ ਬਨਾਉਣ ਵਾਲਾ ਪ੍ਰਮਾਤਮਾ ਹੈ। ਇਸ ਸਚਾਈ ਨੂੰ ਜਾਣਦੇ ਹੋਏ ਜਗਿਆਸੂ ਆਪਣਾ ਮਨ ਪ੍ਰਮਾਤਮਾ ਨੂੰ ਸਮਰਪਣ ਕਰਦਾ ਹੈ, ਸਾਰਾ ਜੀਵਨ ਉਸ ਦੇ ਅੱਗੇ ਸਮਰਪਣ ਕਰ ਦਿੰਦਾ ਹੈ। ਉਸ ਸਮਰਪਣ ਨਾਲ ਗਿਆਨ ਪ੍ਰਾਪਤ ਹੁੰਦਾ ਹੈ, ਪ੍ਰਾਪਤ ਕੀਤਾ ਗਿਆਨ ਉਹ ਫੇਰ ਦੂਸਰਿਆਂ ਵਿਚ ਵੰਡਦਾ ਹੈ। ਇਹੋ ਜਿਹਾ ਭਗਤ ਸਦਾ ਪ੍ਰਮਾਤਮਾ ਦੇ ਗੁਣ ਗਾਇਣ ਕਰਦਾ ਹੋਇਆ ਅਨੰਦ ਮਾਣਦਾ ਹੈ। ਜਿਹੜਾ ਜਗਿਆਸੂ ਸਦਾ ਯੋਗਾ ਅਭਿਆਸ ਕਰਦਾ ਹੈ, ਉਹ ਗਿਆਨ ਪ੍ਰਾਪਤ ਕਰ ਹੀ ਲੈਂਦਾ ਹੈ, ਉਹ ਸਦਾ ਪ੍ਰਮਾਤਮਾ ਨਾਲ ਜੁੜਿਆ ਰਹਿੰਦਾ ਹੈ, ਸ਼ੁਧ ਗਿਆਨ ਜਿਹੜਾ ਉਸ ਨੂੰ ਪ੍ਰਾਪਤ ਹੁੰਦਾ ਹੈ ਉਸ ਦਾ ਸਾਰਾ ਅਗਿਆਨ ਖਤਮ ਕਰ ਦਿੰਦਾ ਹੈ ਤੇ ਜਗਿਆਸੂ ਲਈ ਕੁਝ ਵੀ ਪ੍ਰਾਪਤ ਕਰਨਾ ਔਖਾ ਨਹੀਂ ਰਹਿੰਦਾ, ਜੋ ਜਗਿਆਸੂ ਚਾਹੇ ਉਹ ਪ੍ਰਾਪਤ ਕਰ ਸਕਦਾ ਹੈ।

ਜਿਸਨੂੰ ਪ੍ਰਮਾਤਮਾ ਤੇ ਪੂਰਾ ਭਰੋਸਾ ਹੈ, ਪੂਰਾ ਵਿਸ਼ਵਾਸ਼ ਹੈ, ਨਿਸ਼ਠਾ ਹੈ ਉਹ ਸਦਾ ਨਿਰਭੈ ਰਹਿੰਦਾ ਹੈ ਤੇ ਉਹ ਪ੍ਰਮਾਤਮਾ ਦਾ ਪਵਿੱਤਰ ਉਦੇਸ਼ ਲੈ ਕੇ ਚਲਦਾ ਹੈ। ਉਸ ਨੇ ਸਾਰਾ ਜੀਵਨ ਪ੍ਰਮਾਤਮਾ ਨੂੰ ਸਮਰਪਣ ਕਰ ਦਿਤਾ ਹੁੰਦਾ ਹੈ ਤੇ ਉਹ ਬੜੀ ਖੁਸ਼ੀ ਖੁਸ਼ੀ ਪ੍ਰਮਾਤਮਾ ਦਾ ਉਦੇਸ਼ ਪੂਰਨ ਕਰਦਿਆਂ ਕਾਲ ਨੂੰ ਵੀ ਆਪਣਾ ਆਪ ਸਮਰਪਣ ਕਰ ਦਿੰਦਾ ਹੈ, ਉਹ ਧਰਤੀ ਤੇ ਨਿਰਭੈ ਹੋ ਕੇ ਚਲਦਾ ਹੈ ਤੇ ਇਹੋ ਹੀ ਸੰਦੇਸ਼ ਦੂਸਰਿਆਂ ਨੂੰ ਦਿੰਦਾ ਹੈ। ਇਸ ਗਿਆਨ ਨੂੰ ਵੰਡਣਾ ਉਸ ਦਾ ਜੀਵਨ ਮਨੋਰਥ ਬਣ ਜਾਂਦਾ ਹੈ। ਉਹ ਪ੍ਰਮਾਤਮਾ ਦਾ ਦਿਤਾ ਗਿਆਨ ਬੜੇ ਹੀ ਸਰਲ ਤਰੀਕੇ ਨਾਲ ਆਪਣੀ ਡਿਊਟੀ ਸਮਝ ਕੇ ਦੂਸਰਿਆਂ ਨੂੰ ਵੰਡਦਾ ਹੈ। ਜਿਥੇ ਵੀ ਉਹ ਜਾਂਦਾ ਹੈ, ਉਹ ਪ੍ਰਮਾਤਮਾ ਦੇ ਹੀ ਗੁਣ ਗਾਣ ਕਰਦਾ ਰਹਿੰਦਾ ਹੈ ਜਿਸ ਨਾਲ ਉਸ ਨੂੰ ਬਹੁਤ ਅਨੰਦ ਪ੍ਰਾਪਤ ਹੁੰਦਾ ਹੈ। ਜਿਸ ਨੇ ਮਨ ਬਚਨ ਕਰਮ ਪ੍ਰਮਾਤਮਾ ਨੂੰ ਅਰਪਣ ਕੀਤੇ ਹੋਣ, ਉਹ ਸਦਾ ਹੀ ਭਰਪੂਰ ਰਹਿੰਦਾ ਹੈ। ਇਸ ਤਰ੍ਹਾਂ ਦੇ ਮਨੁੱਖ ਨੂੰ ਸਥਾਈ ਯੋਗੀ ਕਹਿੰਦੇ ਹਨ। ਜੀਵਨ ਵਿਚ ਭਾਵੇਂ ਕੁਝ ਵੀ ਕਿਉਂ ਨਾ ਹੋ ਜਾਏ ਉਸ ਦੀ ਸਾਧਨਾ ਕਦੇ ਵੀ ਭੰਗ ਨਹੀਂ

ਹੁੰਦੀ। ਉਸ ਦੇ ਜੀਵਨ ਦਾ ਪ੍ਰੇਮ ਪ੍ਰਮਾਤਮਾ ਹੈ, ਉਸ ਦਾ ਮਨ ਤੇ ਹਿਰਦਾ ਸਦਾ ਪ੍ਰਮਾਤਮਾ ਦੇ ਪ੍ਰੇਮ ਵਿਚ ਹੀ ਡੁੱਬਿਆ ਰਹਿੰਦਾ ਹੈ, ਉਹ ਸਦਾ ਹੀ ਸਾਧਨਾ ਵਿਚ ਰਹਿੰਦਾ ਹੈ। ਸਾਧਨਾ ਹੀ ਉਸ ਦਾ ਜੀਵਨ ਬਣ ਜਾਂਦੀ ਹੈ। ਜਿਸ ਨੇ ਇਹ ਬ੍ਰਹਮ ਗਿਆਨ ਯੋਗ ਪ੍ਰਾਪਤ ਕਰ ਲਿਆ ਉਹ ਸਦਾ ਹੀ ਪ੍ਰਮਾਤਮਾ ਨਾਲ ਇਕ ਹੋ ਕੇ ਰਹਿੰਦਾ ਹੈ, ਉਸ ਤੇ ਪ੍ਰਮਾਤਮਾ ਦੇ ਪ੍ਰੇਮ ਦੀ ਸਥਾਈ ਕ੍ਰਿਪਾ ਰਹਿੰਦੀ ਹੈ। ਇਹੋ ਜਿਹੇ ਯੋਗੀ ਦੇ ਮਨ ਤੇ ਚਿੱਤ ਵਿਚ ਸਦਾ ਹੀ ਪ੍ਰਮਾਤਮਾ ਨਿਵਾਸ ਰਖਦਾ ਹੈ ਕਿਉਂਕਿ ਉਸ ਕੋਲ ਨਿਰੋਲ ਗਿਆਨ ਹੈ ਜਿਸ ਕਾਰਨ ਅਗਿਆਨ ਦੀ ਕੋਈ ਜਗ੍ਹਾ ਹੀ ਨਹੀਂ।

12, 13. ਇਸ ਪ੍ਰਕਾਰ ਭਗਵਾਨ ਦੇ ਬਚਨਾਂ ਨੂੰ ਸੁਣ ਕੇ ਅਰਜਨ ਬੋਲਿਆ, ਹੇ ਭਗਵਾਨ! ਆਪ ਪਰਮ ਬ੍ਰਹਮ ਅਤੇ ਪਰਮ ਧਰਮ ਅਤੇ ਪਰਮ ਪਵਿੱਤਰ ਹੋਂ, ਕਿਉਂਕਿ ਆਪ ਨੂੰ ਸਭ ਰਿਸ਼ੀਜਨ ਸਨਾਤਨ ਦਿਬਯ ਪੁਰਸ਼ ਅਤੇ ਦੇਵਾਂ ਦਾ ਭੀ ਆਦਿ ਦੇਵ, ਅਜਨਮਾ ਅਤੇ ਸਰਬਵਿਆਪੀ ਕਹਿੰਦੇ ਹਨ, ਵੈਸੇ ਹੀ ਦੇਵ ਰਿਸ਼ੀ ਨਾਰਦ ਤਥਾ ਆਸਿਤ ਅਤੇ ਦੇਵ ਰਿਸ਼ੀ ਮਹਾਂਰਿਸ਼ੀ ਵਿਆਸ ਅਤੇ ਸੂੰ ਆਪ ਭੀ ਮੇਰੇ ਪ੍ਰਤੀ ਕਹਿੰਦੇ ਹੋਂ।

14. ਹੇ ਕੇਸ਼ਵ! ਜੋ ਆਪ ਕਹਿ ਰਹੇ ਹੋ, ਉਹ ਮੈਂ ਸਤਿ ਕਰਕੇ ਮੰਨਦਾ ਹਾਂ, ਹੇ ਭਗਵਾਨ! ਆਪ ਦੇ ਲੀਲ੍ਹਾਮਈ ਸਰੂਪ ਨੂੰ ਨਾ ਦੇਵਤੇ ਜਾਣਦੇ ਹਨ, ਨਾ ਦਾਨਵ।

15. ਹੇ ਪਰਸ਼ੋਤਮ! ਹੇ ਸਰਬ ਭੂਤਾਂ ਦੇ ਪੈਦਾ ਕਰਨ ਵਾਲੇ! ਹੇ ਦੇਵਾਂ ਦੇ ਦੇਵ! ਹੇ ਜਗਤ ਦੇ ਸਵਾਮੀ! ਹੇ ਪ੍ਰਸ਼ੋਤਮ! ਆਪਣੇ ਆਪ ਨੂੰ ਆਪਣੇ ਆਪ ਤੋਂ ਹੀ ਜਾਣਦੇ ਹੋ।

16. ਤੁਸੀਂ ਆਪ ਹੀ ਆਪਣੀਆਂ ਦਿਬਯ ਵਿਭੂਤੀਆਂ ਨੂੰ ਪੂਰੀ ਤਰ੍ਹਾਂ ਸੁਣਾਉਣ ਯੋਗ ਹੋ ਜਿਨ੍ਹਾਂ ਵਿਭੂਤੀਆਂ ਦੁਆਰਾ ਆਪ ਸਭ ਲੋਕਾਂ ਨੂੰ ਵਿਆਪਤ ਕਰਕੇ ਸਥਿਤ ਹੋ।

17. ਹੇ ਯੋਗੀਸ਼ਵਰ! ਮੈਂ ਆਪ ਦਾ ਚਿੰਤਨ ਸਦਾ ਹੀ ਕਰਦਾ ਹੋਇਆ ਆਪ ਨੂੰ ਕਿਸ ਤਰ੍ਹਾਂ ਜਾਣਾ? ਹੇ ਭਗਵਾਨ! ਆਪ ਕਿਨ੍ਹਾਂ-ਕਿਨ੍ਹਾਂ ਭਾਵਾਂ ਵਿਚ ਮੇਰੇ ਦੁਆਰਾ ਚਿੰਤਨ ਕਰਨ ਯੋਗ ਹੋਂ?

18. ਅਤੇ ਹੇ ਜਨਾਰਦਨ! ਅਪਨੀ ਯੋਗ ਸ਼ਕਤੀ ਨੂੰ ਅਤੇ ਪਰਮੇਸ਼ੂਰ ਰੂਪ ਵਿਭੂਤੀ ਨੂੰ ਫਿਰ ਭੀ ਵਿਸਥਾਰਪੂਰਵਕ ਕਹੋ ਕਿਉਂਕਿ ਆਪ ਦੇ ਅੰਮ੍ਰਿਤਮਈ ਬਚਨਾਂ ਨੂੰ ਸੁਣਦੇ ਹੋਏ ਮੇਰੀ ਤ੍ਰਿਪਤੀ ਨਹੀਂ ਹੁੰਦੀ ਅਰਥਾਤ ਸੁਣਨ ਦੀ ਉਤਕੰਠਾ ਬਣੀ ਹੀ ਰਹਿੰਦੀ ਹੈ।

ਗਿਆਨ ਪ੍ਰਾਪਤ ਕਰਕੇ ਅਰਜਨ ਨੂੰ ਸੋਝੀ ਆਉਂਦੀ ਹੈ ਕਿ ਪ੍ਰਮਾਤਮਾ ਸਰਬ ਵਿਆਪਕ ਹੈ। ਇਨ੍ਹਾਂ ਸ਼ਲੋਕਾਂ ਵਿਚ ਅਰਜਨ ਸ੍ਰੀ ਕ੍ਰਿਸ਼ਨ ਦੀ ਸਿਖਿਆ ਦੇ ਗੁਣ ਗਾਉਂਦਾ ਹੈ ਤੇ ਉਤਸੁਕਤਾ ਦਿਖਾਉਂਦਾ ਹੈ ਕਿ ਉਹ ਪ੍ਰਮਾਤਮਾ ਦੀ ਸ਼ਾਨ, ਮਹਿਮਾ ਹੋਰ ਵਧੇਰੀ ਜਾਨਣਾ ਚਾਹੁੰਦਾ ਹੈ। ਉਤਮ ਬ੍ਰਹਮ,

ਪਵਿੱਤਰ ਬ੍ਰਹਮ ਉਨ੍ਹਾਂ ਦਾ ਸਥਾਨ, ਇਹ ਹੀ ਹਰ ਜਗਿਆਸੂ ਦਾ ਅੰਤਮ ਪੜਾਅ ਹੈ, ਸਾਧੂਆਂ ਨੇ ਇਹ ਚਾਨਣ ਮਾਰਗ ਤਹਿ ਕਰ ਲਿਆ ਹੁੰਦਾ ਹੈ, ਸ਼ੁਧ ਗਿਆਨ ਪ੍ਰਾਪਤ ਕਰ ਲਿਆ ਹੁੰਦਾ ਹੈ। ਪ੍ਰਮਾਤਮਾ ਨੂੰ ਅਨੰਤ ਦੱਸਿਆ ਹੈ, ਉਨ੍ਹਾਂ ਨੇ ਅਕਾਲ ਮੂਰਤ ਦੱਸਿਆ ਹੈ, ਅਜੂਨੀ ਸੈਭੰ ਦੱਸਿਆ ਹੈ ਤੇ ਸਰਬ ਵਿਆਪਕ ਦੱਸਿਆ ਹੈ। ਉਹ ਪੁਰਸ਼ ਹੈ ਜਿਹੜਾ ਜੀਵ ਦੇ ਰੋਮ ਰੋਮ ਵਿਚ ਵਸਿਆ ਹੋਇਆ ਹੈ ਤੇ ਵਿਸ਼ਵ ਦੇ ਕਣ-ਕਣ ਵਿਚ ਵਸਿਆ ਹੋਇਆ ਹੈ। ਨਾਰਦ, ਅਸਤਿ, ਦੇਵਾਲਾ, ਵਿਆਸ ਜਿਹੇ ਦੇਵਤੇ ਤੇ ਹੋਰ ਕਈ ਜਿਨ੍ਹਾਂ ਨੇ ਆਤਮ ਸਿੱਧੀ ਪ੍ਰਾਪਤ ਕੀਤੀ ਹੈ ਸਭ ਪ੍ਰਮਾਤਮਾ ਨੂੰ ਇਕੋ ਤਰ੍ਹਾਂ ਦਸਦੇ ਹਨ, ਉਨ੍ਹਾਂ ਦਾ ਵਰਨਣ ਕਿਤੇ ਵੀ ਵੱਖੋ ਵੱਖ ਨਹੀਂ ਹੈ।

ਚੌਦਵੇਂ ਸ਼ਲੋਕ ਵਿਚ ਦੱਸਿਆ ਹੈ, ਨਾ ਤਾਂ ਦੇਵਤੇ, ਨਾ ਹੀ ਅਸੁਰ, ਕਿਸੇ ਨੂੰ ਵੀ ਪ੍ਰਮਾਤਮਾ ਦਾ ਗਿਆਨ ਨਹੀਂ ਹੈ। ਦੇਵਤੇ ਤੇ ਅਸੁਰ ਉਨ੍ਹਾਂ ਸ਼ਿਸ਼ਾਂ ਲਈ ਵਰਤੇ ਗਏ ਹਨ ਜਿਨ੍ਹਾਂ ਵਿਚ ਗੁਣ ਹਨ ਤੇ ਅਵਗੁਣ ਹਨ। ਪੁਰਾਤਨ ਸਮਿਆਂ ਵਿਚ ਚੰਗੇ ਆਚਾਰ ਵਾਲੇ ਤੇ ਮਾੜੇ ਆਚਾਰ ਵਾਲੇ ਇਕੱਠੇ ਹੀ ਪੜ੍ਹਿਆ ਕਰਦੇ ਸਨ, ਗੁਰੂ ਕੁਲ ਵਰਗੀਆਂ ਥਾਵਾਂ ਤੇ ਜਾਂ ਹੋਰ ਆਸ਼ਰਮਾਂ ਵਿਚ ਜਾਂ ਹੋਰ ਜਿਥੇ ਅਧਿਆਤਮਕ ਗਿਆਨ ਪ੍ਰਾਪਤ ਹੋ ਸਕਦਾ ਸੀ, ਏਥੇ ਸ਼ਿਸ਼ ਗੁਰੂ ਦੇ ਚਰਨਾਂ ਵਿਚ ਬੈਠ ਕੇ ਅਧਿਆਤਮਕ ਗਿਆਨ ਤੇ ਹੋਰ ਇਲਾਹੀ ਗਿਆਨ ਪ੍ਰਾਪਤ ਕਰਦੇ ਸਨ। ਇਹ ਕਿਹਾ ਜਾਂਦਾ ਹੈ ਕਿ ਇੰਦਰ ਦੇਵਤਾ ਤੇ ਵਿਰੋਚਨ ਅਸੁਰਾਂ ਦਾ ਰਾਜਾ ਪਰਜਾ ਪਤੀ ਗੁਰੂ ਕੁਲ ਵਿਚ ਇਕੱਠੇ ਰਹੇ ਅਤੇ ਆਤਮ ਚਿੰਤਨ, ਆਤਮ ਸਿੱਧੀ ਕਰਦੇ ਰਹੇ ਹਨ। ਪਰ ਦੋਨਾਂ ਵਿਚੋਂ ਕੋਈ ਵੀ ਇਸ ਡੂੰਘੀ ਵਿਦਿਆ ਤਕ ਨਹੀਂ ਪਹੁੰਚ ਸਕਿਆ। ਦੇਵਤਾ ਤਾਂ ਇਹ ਚਾਹੁੰਦਾ ਹੈ ਕਿ ਮਨੁੱਖ ਆਤਮ ਸਿੱਧੀ ਪ੍ਰਾਪਤ ਕਰੇ, ਅਸੁਰ ਚਾਹੁੰਦਾ ਸੀ ਕਿ ਉਹ ਹਰ ਤਰ੍ਹਾਂ ਦੇ ਭੋਗ ਭੋਗੇ। ਇੰਦਰ ਦੇਵਤਾ ਕਿਉਂਕਿ ਦੇਵਤਿਆਂ ਵਿਚੋਂ ਸੀ ਇਹ ਇਕ ਸੌ ਸਾਲ ਗੁਰੂ ਕੁਲ ਵਿਚ ਰਹੇ ਤੇ ਆਪਣਾ ਮੰਤਵ ਪੂਰਾ ਕਰਨ ਦੀ ਕੋਸ਼ਿਸ਼ ਕਰਦੇ ਰਹੇ। ਆਤਮ ਸਿੱਧੀ ਪ੍ਰਾਪਤ ਕਰਨ ਵਿਚ ਲੱਗੇ ਰਹੇ ਪਰ ਵਿਰੋਚਨ ਅਸੁਰਾਂ ਦਾ ਰਾਜਾ ਪੜ੍ਹਾਈ ਛੱਡ ਕੇ ਮੁੜ ਭੋਗ ਬਿਲਾਸਾਂ ਵਿਚ ਪੈ ਗਿਆ।

ਸਭ ਤੋਂ ਉਤਮ ਉਚਾ ਅਨੰਤ ਹੀ ਪ੍ਰਮਾਤਮਾ ਹੁੰਦਾ ਹੈ। ਉਹ ਵਿਸ਼ਵ ਦਾ ਮਾਲਕ ਹੈ, ਕੇਵਲ ਉਹ ਹੀ ਆਪਣੇ ਆਪ ਨੂੰ ਜਾਣਦਾ ਹੈ ਭਾਵੇਂ ਉਹ ਸਰਬ ਵਿਆਪਕ ਹੈ, ਸਰਬ ਸ਼ਕਤੀਮਾਨ ਹੈ, ਉਸ ਦਾ ਪ੍ਰਕਾਸ਼ ਵੱਖ-ਵੱਖ ਥਾਵਾਂ ਤੇ ਵਖਰਾ ਹੈ। ਆਮ ਮਨੁੱਖ ਨਹੀਂ ਜਾਣਦਾ ਕਿ ਪ੍ਰਮਾਤਮਾ ਸਭ ਥਾਂ ਹੈ, ਉਹ ਹਰ ਚੀਜ਼, ਹਰ ਥਾਂ ਤੇ ਹਾਜ਼ਰ ਹੈ, ਇਕ ਛੋਟੇ ਤੋਂ ਛੋਟੇ ਕਣ ਵਿਚ ਵੀ। ਅਰਜਨ ਭਾਵੇਂ ਇਸ ਗੱਲ ਨੂੰ ਜਾਣਦਾ ਹੈ ਕਿ ਪ੍ਰਮਾਤਮਾ ਸਰਬਵਿਆਪਕ ਹੈ ਪਰ ਉਸ ਦੇ ਪ੍ਰਕਾਸ਼ ਦੇ ਰਹੱਸ ਨੂੰ ਜਾਨਣਾ ਚਾਹੁੰਦਾ ਹੈ।

ਅਰਜਨ ਜਿਹੇ ਜਗਿਆਸੂ ਜਿਹੜੇ ਅਨੰਤ ਤੇ ਸਮਾਧੀ ਲਗਾਉਂਦੇ ਹਨ, ਉਹ ਨਿਰੰਕਾਰ ਜਿਹੜਾ ਸਭ ਥਾਂ ਵਿਚਰ ਰਿਹਾ ਹੈ ਉਸ ਨੂੰ, ਉਸ ਵਿਚਾਰ

ਨੂੰ ਬਹੁਤ ਵਾਰੀ ਨਹੀਂ ਸਮਝ ਸਕਦੇ। ਉਹ ਹੈਰਾਨ ਹੁੰਦੇ ਹਨ ਕਿ ਜੋ ਠੋਸ ਚੀਜ਼ ਹੀ ਨਹੀਂ, ਉਸ ਤੇ ਧਿਆਨ ਕਿਸ ਤਰ੍ਹਾਂ ਲਗਾਇਆ ਜਾਵੇ। ਪ੍ਰਮਾਤਮਾ ਨਿਰਾਕਾਰ ਹੈ, ਨਿਰਾਕਾਰ ਤੇ ਕਿਵੇਂ ਧਿਆਨ ਲਗਾਇਆ ਜਾ ਸਕਦਾ ਹੈ, ਕਿਵੇਂ ਕੋਈ ਉਸ ਤੇ ਧਿਆਨ ਲਗਾ ਸਕਦਾ ਹੈ ਜਿਸ ਦੀ ਨਾ ਕੋਈ ਸ਼ਕਲ ਹੈ, ਨਾ ਕੋਈ ਆਕਾਰ ਹੈ। ਅਰਜਨ ਇਹ ਪ੍ਰਸ਼ਨ ਸਤਾਰ੍ਹਵੇਂ ਸ਼ਲੋਕ ਵਿਚ ਪੁਛਦਾ ਹੈ। ਜਗਿਆਸੂਆਂ ਨੂੰ ਜਦੋਂ ਪ੍ਰਮਾਤਮਾ ਦੇ ਨਿਰਾਕਾਰ ਹੋਣ, ਨਿਰਮੂਰਤ ਹੋਣ ਦਾ ਦੱਸਿਆ ਜਾਂਦਾ ਹੈ, ਸਭ ਦਾ ਇਕ ਹੀ ਪ੍ਰਸ਼ਨ ਹੁੰਦਾ ਹੈ। ਅਠਾਰ੍ਹਵੇਂ ਸ਼ਲੋਕ ਵਿਚ ਅਰਜਨ ਇਹ ਮਹਿਸੂਸ ਕਰਦਾ ਹੈ ਕਿ ਸਮਾਧੀ ਲਗਾਉਣ ਲਈ ਉਸ ਨੂੰ ਕਿਸੇ ਆਕਾਰ, ਕਿਸੇ ਚੀਜ਼ ਤੇ ਧਿਆਨ ਲਗਾਉਣਾ ਪਵੇਗਾ, ਇਸ ਲਈ ਉਹ ਸ੍ਰੀ ਕ੍ਰਿਸ਼ਨ ਜੀ ਨੂੰ ਕੁਝ ਪ੍ਰਸ਼ਨ ਪੁਛਦਾ ਹੈ, ਉਹ ਜਾਨਣਾ ਚਾਹੁੰਦਾ ਹੈ ਕਿ ਪ੍ਰਮਾਤਮਾ ਦੀ ਉਹ ਕਿਹੜੀ ਵਿਭੂਤੀ ਹੈ ਜਿਸ ਉਤੇ ਉਹ ਆਪਣਾ ਧਿਆਨ ਲਗਾਏ। ਕ੍ਰਿਸ਼ਨ ਜੀ ਉਸ ਦੇ ਪ੍ਰਸ਼ਨਾਂ ਦਾ ਉਤਰ ਹੇਠ ਲਿਖੇ ਸ਼ਲੋਕ ਵਿਚ ਦਿੰਦੇ ਹਨ।

19. ਹੇ ਕੁਰੂਸ੍ਰੇਸ਼ਟ! ਮੈਂ ਆਪਣੀਆਂ ਪ੍ਰਮੁੱਖ ਦਿਬਯ ਵਿਭੂਤੀਆਂ ਤੈਨੂੰ ਸੁਣਾਉਂਦਾ ਹਾਂ ਕਿਉਂਕਿ ਮੇਰੇ ਵਿਸਥਾਰ ਦਾ ਕੋਈ ਅੰਤ ਨਹੀਂ।

20. ਹੇ ਅਰਜਨ! ਮੈਂ ਸਭ ਜੀਵਾਂ ਵਿਚ ਵਸਣ ਵਾਲੀ ਆਤਮਾ ਹਾਂ ਤੇ ਸਭ ਭੂਤਾਂ ਦਾ ਆਦਿ, ਮੱਧ ਤੇ ਅੰਤ ਹਾਂ।

21. ਮੈਂ ਅਦਿਤਯ ਦੇ ਬਾਰ੍ਹਾਂ ਪੁਤਰਾਂ ਵਿਚ ਵਿਸ਼ਨੂੰ ਹਾਂ, ਅਰਥਾਤ ਬਾਮ੍ਹਣ ਅਵਤਾਰ ਪ੍ਰਕਾਸ਼ਕ ਵਸਤੂਆਂ ਵਿਚ ਸੂਰਜ ਹਾਂ, ਹਵਾਵਾਂ ਵਿਚ ਪਰੀਚ ਹਾਂ ਅਤੇ ਨਛਤਰਾਂ ਵਿਚ ਚੰਦਰਮਾ ਹੈ।

22. ਮੈਂ ਵੇਦਾਂ ਵਿਚ ਸਾਮਵੇਦ ਹਾਂ, ਦੇਵਤਿਆਂ ਵਿਚ ਇੰਦ੍ਰ ਹਾਂ, ਇੰਦ੍ਰੀਆਂ ਵਿਚ ਮਨ ਅਤੇ ਭੂਤ ਪ੍ਰਾਣੀਆਂ ਵਿਚ ਚੇਤਨਤਾ ਅਰਥਾਤ ਗਿਆਨਸ਼ਕਤ ਹਾਂ।

23. ਮੈਂ ਗਿਆਰ੍ਹਾਂ ਰੁਦਰਾ ਵਿਚ ਸ਼ੰਕਰ, ਅਤੇ ਯਖਸ਼ ਤਥਾ ਰਾਖਸ਼ਾਂ ਵਿਚ ਧਨ ਦਾ ਸੁਆਮੀ ਕੁਬੇਰ ਅਤੇ ਅੱਠ ਵਸਤੂਆਂ ਵਿਚ ਅਗਨੀ ਤੇ ਸਿਖਰ ਵਾਲੇ ਪ੍ਰਬਤਾਂ ਵਿਚ ਸੁਮੇਰ ਹਾਂ।

24. ਹੇ ਪਾਰਥ! ਪ੍ਰੋਹਤਾਂ ਵਿਚੋਂ ਮੈਨੂੰ ਦੇਵਤਿਆਂ ਦਾ ਪਰੋਹਤ ਬ੍ਰਹਸਪਤੀ ਜਾਣ, ਸੈਨਾਪਤੀਆਂ ਵਿਚ ਸੁਆਮੀ ਕਾਰਤਕ ਜਾਣ ਅਤੇ ਝੀਲਾਂ ਵਿਚ ਮੈਂ ਸਮੁੰਦਰ ਹਾਂ।

25. ਮੈਂ ਮਹਾਂਰਿਸ਼ੀਆਂ ਵਿਚ ਭ੍ਰਿਗੂ ਹਾਂ, ਵਾਕਾਂ ਵਿਚੋਂ ਇਕ ਅੱਖਰੀ (ਓਅੰਕਾਰ) ਹਾਂ ਅਤੇ ਸਭ ਪ੍ਰਕਾਰ ਦੇ ਯੱਗਾਂ ਵਿਚ ਜਪ ਯੱਗ, ਸਥਿਰ ਰਹਿਣ ਵਾਲਿਆਂ ਵਿਚੋਂ ਮੈਂ ਹਿਮਾਲਿਆ ਪਰਬਤ ਹਾਂ।

26. ਬ੍ਰਿਛਾਂ ਵਿਚੋਂ ਮੈਂ ਪਿੱਪਲ ਦਾ ਦਰਖਤ ਹਾਂ, ਦੇਵ ਰਿਸ਼ੀਆਂ ਵਿਚ

ਮੈਂ ਨਾਰਦ ਹਾਂ, ਗੰਧਰਵਾਂ ਵਿਚੋਂ ਚਿਤਰਥ ਅਤੇ ਸਿੱਧਾਂ ਵਿਚ ਕਪਲਮੁਨੀ ਹਾਂ।

27. ਘੋੜਿਆਂ ਵਿਚੋਂ ਉਚ ਸ਼੍ਵਾ, ਹਾਥੀਆਂ ਵਿਚੋਂ ਐਰਾਵਤ ਅਤੇ ਮਨੁੱਖ ਵਿਚ ਰਾਜਾ ਮੈਨੂੰ ਹੀ ਜਾਣ।

28. ਹਥਿਆਰਾਂ ਵਿਚੋਂ ਮੈਂ ਬਜ੍ਰ, ਗਊਆਂ ਵਿਚੋਂ ਕਾਮਧੇਨ, ਪੈਦਾ ਕਰਨ ਵਾਲਿਆਂ ਵਿਚ ਕਾਮਦੇਵ ਤੇ ਸੱਪਾਂ ਵਿਚ ਵਾਸਕਿ ਹਾਂ।

29. ਮੈਂ ਨਾਗਾਂ ਵਿਚੋਂ ਸ਼ੇਸ਼ ਨਾਗ ਹਾਂ, ਜਲਚਰਾਂ ਵਿਚੋਂ ਵਰੁਣ, ਪਿਤਰਾਂ ਵਿਚੋਂ ਪ੍ਰਤੇਸ਼ਅਰ ਤੇ ਦੰਡ ਧਾਰੀਆਂ ਵਿਚੋਂ ਯਮਰਾਜ ਹਾਂ।

30. ਮੈਂ ਦੈਂਤਾਂ ਵਿਚੋਂ ਹਰਨਾਖਸ਼, ਗਿਣਤੀ ਕਰਨ ਵਾਲਿਆਂ ਵਿਚੋਂ ਸਮਯ, ਚੌਪਾਇਆਂ ਵਿਚੋਂ ਸ਼ੇਰ ਤੇ ਪੰਛੀਆਂ ਵਿਚੋਂ ਗਰੁੜ ਹਾਂ।

31. ਮੈਂ ਪਵਿੱਤਰ ਕਰਨ ਵਾਲਿਆਂ ਵਿਚੋਂ ਹਵਾ, ਸਸ਼ਤਰਧਾਰੀਆਂ ਵਿਚੋਂ ਰਾਮ, ਮੱਛਾਂ ਵਿਚੋਂ ਮਗਰਮੱਛ ਅਤੇ ਨਦੀਆਂ ਵਿਚੋਂ ਗੰਗਾ ਹਾਂ।

32. ਹੇ ਅਰਜਨ! ਮੈਂ ਉਤਪਤੀਆਂ ਵਿਚੋਂ ਆਦਿ, ਮੱਧ ਤੇ ਅੰਤ ਹਾਂ, ਵਿਦਿਆ ਵਿਚੋਂ ਮੈਂ ਅਧਿਆਤਮ ਵਿਦਿਆ ਹਾਂ ਅਤੇ ਵਾਦ ਕਰਨ ਵਾਲਿਆਂ ਵਿਚ ਮੈਂ ਵਾਦੀ ਹਾਂ।

33. ਅਖਰਾਂ ਵਿਚੋਂ ਮੈਂ ਆਕਾਰ ਹਾਂ, ਸਮਾਸਾਂ ਵਿਚੋਂ ਮੈਂ ਦ੍ਵੰਦ ਸਮਾਸ ਹਾਂ। ਅਬਨਾਸ਼ੀ ਕਾਲ ਮੈਂ ਹਾਂ, ਸਭ ਪਾਸੇ ਮੂੰਹ ਰੱਖਣ ਵਾਲਾ, ਕਰਮ ਫਲ ਦੇਣ ਵਾਲਾ ਮੈਂ ਹੀ ਹਾਂ।

34. ਸਭ ਦਾ ਅੰਤ ਕਰਨ ਵਾਲੀ ਮ੍ਰਿਤੂ ਮੈਂ ਹਾਂ, ਅੱਗੇ ਆਉਣ ਵਾਲਿਆਂ ਦੀ ਉਤਪਤੀ ਦਾ ਕਾਰਣ ਮੈਂ ਹਾਂ, ਇਸਤ੍ਰੀਆਂ ਵਿਚ ਮੈਂ ਕੀਰਤੀ, ਬਾਣੀ, ਸਿਮ੍ਰਤੀ ਬੁਧੀ, ਸਹਾਰਨ ਸ਼ਕਤੀ ਅਤੇ ਖਿਮਾ ਹਾਂ।

35. ਸਾਮਾਂ ਵਿਚੋਂ ਬ੍ਰਿਹਤ ਸਾਮ, ਛੰਦਾਂ ਵਿਚ ਗਾਇਤ੍ਰੀ, ਮਹੀਨਿਆਂ ਵਿਚੋਂ ਮਾਘ ਅਤੇ ਰੁਤਾਂ ਵਿਚੋਂ ਬਸੰਤ ਰੁੱਤ ਮੈਂ ਹੀ ਹਾਂ।

36. ਛਲ ਕਰਨ ਵਾਲਿਆਂ ਵਿਚ ਮੈਂ ਜੂਆ ਹਾਂ, ਤੇਜਸਵੀਆਂ ਵਿਚ ਮੈਂ ਤੇਜ ਹਾਂ, ਜਿੱਤਣ ਵਾਲਿਆਂ ਵਿਚ ਮੈਂ ਜਿੱਤ ਹਾਂ, ਨਿਸ਼ਚੇ ਕਰਨ ਵਾਲਿਆਂ ਵਿਚ ਮੈਂ ਨਿਸ਼ਚਾ ਹਾਂ ਅਤੇ ਸਤਵੰਤਿਆਂ ਵਿਚ ਮੈਂ ਸਤ ਹਾਂ।

37. ਕ੍ਰਿਸ਼ਨ ਵੰਸ਼ੀਆਂ ਵਿਚ ਮੈਂ ਵਾਸੁਦੇਵ ਹਾਂ, ਪਾਂਡਵਾਂ ਵਿਚੋਂ ਧਨੰਜਯ, ਮੁਨੀਆਂ ਵਿਚੋਂ ਵਿਆਸ ਤੇ ਕਵੀਆਂ ਵਿਚ ਸ਼ੁਕਰਾਚਾਰੀਆ ਕਵੀ ਭੀ ਮੈਂ ਹੀ ਹਾਂ।

38. ਦੰਡ ਦੇਣ ਵਾਲਿਆਂ ਵਿਚ ਦੰਡ ਸ਼ਕਤੀ ਮੈਂ ਹਾਂ, ਸ਼ਤਰੂ ਨੂੰ ਜਿੱਤਣ ਦੀ ਇੱਛਾ ਕਰਨ ਵਾਲਿਆਂ ਵਿਚ ਨੀਤੀ ਮੈਂ ਹਾਂ, ਛਿਪਣ ਯੋਗ ਚੀਜ਼ਾਂ ਵਿਚ ਮੋਨ ਮੈਂ ਹਾਂ, ਗਿਆਨੀਆਂ ਵਿਚ ਤਤ੍ਵ ਗਿਆਨ ਮੈਂ ਹਾਂ।

39. ਹੇ ਅਰਜਨ! ਸਭ ਜੀਵਾਂ ਦਾ ਬੀਜ ਮੈਂ ਹਾਂ ਭਾਵ ਮੇਰੇ ਤੋਂ ਬਾਹਰ ਕੋਈ ਵੀ ਕੁਝ ਵੀ ਨਹੀਂ ਹੈ। ਸਭ ਕੁਝ ਮੇਰਾ ਹੀ ਸਰੂਪ ਹੈ।

40. ਹੇ ਪਰੰਤਪ! ਮੇਰੀਆਂ ਈਸ਼ਵਰੀ ਵਿਭੂਤੀਆਂ ਦਾ ਕੋਈ ਅੰਤ ਨਹੀਂ, ਇਹ ਜੋ ਕੁਝ ਮੈਂ ਕਿਹਾ ਹੈ ਇਹ ਮੇਰੀਆਂ ਅਨੰਤ ਵਿਭੂਤੀਆਂ ਦਾ ਸੰਖੇਪ ਮਾਤਰ ਹੈ।

ਇਨ੍ਹਾਂ ਸ਼ਲੋਕਾਂ ਵਿਚ ਪ੍ਰਮਾਤਮਾ ਦੀਆਂ ਸ਼ਕਤੀਆਂ ਵਿਭੂਤੀਆਂ ਤੇ ਪ੍ਰਕਾਸ਼ ਦਾ ਵਰਨਣ ਕੀਤਾ ਗਿਆ ਹੈ। ਸ਼ਬਦ ਵਿਭੂਤੀ ਤੋਂ ਭਾਵ ਹੈ ਵਿਜੈ ਅਨੰਦ ਤੇ ਸ਼ਕਤੀ। ਸਵੈ ਸਥਾਪਤ ਸੱਤ ਸੂਰਜ ਤੋਂ ਲੈ ਕੇ ਛੋਟੇ ਤੋਂ ਛੋਟੇ ਕਣ ਵਿਚ ਸਮਾਈ ਹੋਈ ਹੈ, ਸੰਸਾਰ ਦੀ ਹਰ ਵਸਤੂ ਵਿਚ ਵਿਚਰ ਰਹੀ ਹੈ ਪਰ ਆਮ ਮਨੁੱਖ ਪ੍ਰਮਾਤਮਾ ਦਾ ਪ੍ਰਕਾਸ਼ ਕੇਵਲ ਥੋੜ੍ਹੀਆਂ ਜਿਹੀਆਂ ਚੀਜ਼ਾਂ ਵਿਚ ਹੀ ਦੇਖ ਸਕਦਾ ਹੈ, ਉਸ ਨੂੰ ਪ੍ਰਕਾਸ਼ ਕੇਵਲ ਮਜ਼ਹਬੀ ਚਿੰਨਾਂ ਵਿਚ ਹੀ ਦਿਸਦਾ ਹੈ। ਸੱਤ ਤਾਂ ਇਹ ਹੈ ਕਿ ਪ੍ਰਮਾਤਮਾ ਕਣ ਕਣ ਵਿਚ ਪਰੀਪੂਰਨ ਹੈ, ਉਸੇ ਸਮਾਚਿਤਤਾ ਨਾਲ ਸਭ ਵਿਚ ਵਿਚਰ ਰਿਹਾ ਹੈ। ਆਮ ਮਨੁੱਖ ਲਈ ਇਹ ਸੱਚ ਮਹਿਸੂਸ ਕਰਨਾ ਔਖਾ ਹੈ।

ਸਾਡੇ ਵਿਸ਼ਵ ਵਿਚ ਬੇਅੰਤ ਵਸਤੂਆਂ ਹਨ, ਬੇਅੰਤ ਚੀਜ਼ਾਂ ਹਨ, ਇਸੇ ਕਰਕੇ ਪ੍ਰਮਾਤਮਾ ਦਾ ਪ੍ਰਕਾਸ਼ ਵੀ ਬੇਅੰਤ ਹੈ, ਕੋਈ ਥਾਂ ਉਸ ਦੇ ਪ੍ਰਕਾਸ਼ ਤੋਂ ਬਿਨਾਂ ਨਹੀਂ ਪਾਇਆ ਜਾ ਸਕਦਾ, ਉਹ ਇਕ ਹੀ ਹਰੇਕ ਦੀ ਤਹਿ ਵਿਚ, ਹਰੇਕ ਦੇ ਹਿਰਦੇ ਵਿਚ ਵਸ ਰਿਹਾ ਹੈ। ਉਹ ਹੀ ਆਦਿ ਹੈ, ਉਹ ਹੀ ਮੱਧ ਹੈ, ਉਹ ਹੀ ਅੰਤ ਹੈ, ਉਹ ਹੀ ਵਿਸ਼ਵ ਦਾ ਅੰਤ ਹੈ ਉਹ ਹੀ ਹਰੇਕ ਵਸਤੂ, ਹਰੇਕ ਦਾ ਸਵੈ ਹੈ। ਇਕ ਮਿੱਟੀ ਦਾ ਕਣ ਵੀ ਉਸ ਦੀ ਸ਼ਕਤੀ ਦਾ ਹੀ ਪ੍ਰਕਾਸ਼ ਹੈ। ਉਸ ਵਿਚ ਵੀ ਉਹ ਹੀ ਪਰੀਭਾਗ ਹੈ, ਉਸ ਵਿਚ ਵੀ ਉਸ ਦੀ ਪੂਰੀ ਸ਼ਕਤੀ ਹੈ। ਸਾਰਿਆਂ ਵਿਚ ਹੀ ਉਸ ਦਾ ਇਕ ਅਲੌਕਿਕ ਪਸਾਰਾ ਹੈ। ਜਿਹੜੇ ਇਸ ਸਤਿ ਨੂੰ ਸਮਝਣ ਦੇ ਅਸਮਰੱਥ ਹਨ ਉਨ੍ਹਾਂ ਲਈ ਹੀ ਇਥੇ ਸੱਤਰ ਤਰ੍ਹਾਂ ਦਾ ਪ੍ਰਮਾਤਮਾ ਦਾ ਪ੍ਰਕਾਸ਼ ਜਾ ਪ੍ਰਗਟਾਵਾ ਦੱਸਿਆ ਗਿਆ ਹੈ। ਇਹ ਪ੍ਰਮਾਤਮਾ ਦੀਆਂ ਸ਼ਕਤੀਆਂ ਦੀ ਇਕ ਮਿਸਾਲ ਹੈ। ਇਹ ਹਾਲੇ ਵੀ ਕੋਈ ਪੂਰੀ ਸੂਚੀ ਪੱਤਰ ਨਹੀਂ ਹੈ। ਇਹ ਅਰਜਨ ਦੇ ਪ੍ਰਸ਼ਨ ਦਾ ਉਤਰ ਹੈ ਕਿ ਕਿਸ ਨੂੰ ਆਪਣਾ ਧੇਅ ਮੰਨ ਕੇ ਸਮਾਧੀ ਲਗਾਈ ਜਾਵੇ, ਉਸ ਦੇ ਉਤਰ ਵਿਚ ਇਹ ਸੋਹਣੇ ਪ੍ਰਕਾਸ਼ ਦੀਆਂ ਵਸਤੂਆਂ ਗਿਣੀਆਂ ਗਈਆਂ ਹਨ। ਪਰ ਜਗਿਆਸੂ ਲਈ ਇਹ ਜ਼ਰੂਰੀ ਨਹੀਂ ਕਿ ਉਹ ਇਨ੍ਹਾਂ ਵਿਚੋਂ ਇਕ ਨੂੰ ਚੁਣੇ ਕਿਉਂਕਿ ਜਗਿਆਸੂ ਤਾਂ ਪਹਿਲਾਂ ਹੀ ਪ੍ਰਮਾਤਮਾ ਦੀ ਸਰਬਵਿਆਪਕਤਾ ਤੇ ਸਰਬਸ਼ਕਤੀਮਾਨ ਹੋਣ ਬਾਰੇ ਪੂਰੀ ਤਰ੍ਹਾਂ ਜਾਣੂੰ ਹੈ। ਉਹ ਜਾਣਦਾ ਹੈ ਕਿ ਪ੍ਰਮਾਤਮਾ ਮਿੱਟੀ ਦੇ ਛੋਟੇ ਜਿਹੇ ਇਕ ਕਣ ਤੋਂ ਲੈ ਕੇ ਵੱਡੀ ਤੋਂ ਵੱਡੀ ਚੀਜ਼ ਵਿਚ ਪੂਰੀ ਤਰ੍ਹਾਂ ਸਮਾਇਆ ਹੋਇਆ ਹੈ।

ਪਹਿਲਾਂ ਪਹਿਲਾਂ ਜਗਿਆਸੂ ਨੂੰ ਆਪਣਾ ਖਿੰਡਿਆ ਹੋਇਆ ਮਨ ਕਾਬੂ ਕਰਨਾ ਔਖਾ ਲਗਦਾ ਹੈ। ਉਨ੍ਹਾਂ ਲਈ ਗੁਰੂ ਕੋਈ ਇਕ ਠੋਸ ਵਸਤੂ ਜਾਂ ਦਿਖਦੀ ਮੂਰਤ ਤੇ ਧਿਆਨ ਲਗਾਉਣ ਲਈ ਦਸਦਾ ਹੈ, ਕੋਈ ਚਿੰਨ੍ਹ, ਕੋਈ

ਰੋਸ਼ਨੀ, ਕੋਈ ਆਵਾਜ਼, ਕੁਝ ਵੀ ਹੋਵੇ, ਤਾਂ ਜੋ ਜਗਿਆਸੂ ਲਈ ਧਿਆਨ ਲਗਾਉਣਾ ਸੌਖਾ ਹੋ ਜਾਵੇ, ਉਹ ਆਪਣਾ ਮਨ ਇਕਾਗਰ ਕਰਕੇ ਉਸ ਪਾਸੇ ਲਗਾ ਸਕੇ। ਸਾਡੇ ਧਿਆਨ ਲਗਾਉਣ ਦੀ ਪ੍ਰਥਾ ਵਿਚ ਜਗਿਆਸੂ ਨੂੰ ਆਪਣੇ ਸ੍ਵਾਸਾਂ ਤੇ ਧਿਆਨ ਇਕਾਗਰ ਕਰਨ ਲਈ ਕਿਹਾ ਜਾਂਦਾ ਹੈ। ਇਸ ਨੂੰ ਇਸ ਗੱਲ ਲਈ ਜਾਣੂੰ ਕਰਾਇਆ ਜਾਂਦਾ ਹੈ ਕਿ ਸਾਰੇ ਪ੍ਰਾਣੀਆਂ ਦਾ ਆਧਾਰ ਪ੍ਰਾਣ ਹਨ, ਸ੍ਵਾਸਾਂ ਤੇ ਮਨ ਇਕਾਗਰ ਕਰਨ ਨਾਲ ਦੋ ਗੱਲਾਂ ਹੁੰਦੀਆਂ ਹਨ। ਪਹਿਲਾ – ਮਨ ਤੇ ਸ੍ਵਾਸਾਂ ਦਾ ਗਹਿਰਾ ਸਬੰਧ ਹੈ। ਸ੍ਵਾਸਾਂ ਤੇ ਮਨ ਇਕਾਗਰ ਕਰਨ ਨਾਲ ਸ੍ਵਾਸ ਬਿਲਕੁਲ ਸੌਖੇ ਹੋ ਜਾਂਦੇ ਹਨ, ਸ਼ਾਂਤ ਹੋ ਜਾਂਦੇ ਹਨ, ਮਨ ਵੀ ਸਥਿਰ ਹੋ ਜਾਂਦਾ ਹੈ। ਦੂਸਰਾ – ਜਗਿਆਸੂ ਇਸ ਗੱਲ ਤੋਂ ਜਾਣੂੰ ਹੋ ਜਾਂਦਾ ਹੈ ਕਿ ਕੇਵਲ ਇਕ ਵਾਈਟਲ ਫੋਰਸ (vital force) ਸਰੀਰ ਵਿਚ ਹੀ ਹੈ, ਜੋ ਸਾਰੇ ਪ੍ਰਾਣੀਆਂ ਦਾ ਆਧਾਰ ਹੈ, ਉਹ ਹਨ ਸ੍ਵਾਸ। ਇਸ ਗੱਲ ਦੀ ਸੋਝੀ ਹੋ ਜਾਣੀ ਕਿ ਸਭ ਪ੍ਰਾਣੀਆਂ ਦਾ ਆਧਾਰ ਕੇਵਲ ਇਕ ਹੀ ਹੈ, ਇਹ ਇਕ ਸਤਿ ਦੀ ਸੋਝੀ ਹੋ ਜਾਣੀ ਹੈ, ਇਸ ਨਾਲ ਉਹ ਸਭ ਨੂੰ ਓਨਾਂ ਹੀ ਪ੍ਰੇਮ ਕਰਨ ਲਗ ਪੈਂਦਾ ਹੈ ਜਿੰਨਾਂ ਆਪਣੇ ਆਪ ਨੂੰ।

ਕ੍ਰਿਸ਼ਨ ਜੀ ਨੇ ਬਹੁਤ ਸਾਰੀਆਂ ਚੋਣਾਂ ਬਦਲ ਬਦਲ ਕੇ ਦੱਸੀਆਂ ਕਿ ਕਿਨ੍ਹਾਂ ਤੇ ਧਿਆਨ ਲਗਾਇਆ ਜਾ ਸਕਦਾ ਹੈ, ਸੂਰਜ ਉਨ੍ਹਾਂ ਵਿਚੋਂ ਇਕ ਸੀ। ਕਈ ਗ੍ਰੰਥਾਂ ਵਿਚ ਸੂਰਜ ਤੇ ਟਿਕ ਟਿਕੀ ਲਗਾ ਕੇ ਦੇਖਣਾ ਦੱਸਿਆ ਗਿਆ ਹੈ ਪਰ ਉਹ ਨੇਤਰਾਂ ਲਈ ਹਾਨੀਕਾਰਕ ਹੋ ਸਕਦਾ ਹੈ ਤੇ ਨੇਤਰ ਖਤਮ ਵੀ ਹੋ ਸਕਦੇ ਹਨ। ਇਸ ਲਈ ਜਗਿਆਸੂ ਨੂੰ ਸੂਰਜ ਤੇ ਨਹੀਂ ਦੇਖਣਾ ਚਾਹੀਦਾ। ਗ੍ਰੰਥਾਂ ਵਿਚ ਲਿਖਿਆ ਹੋਇਆ ਹੈ ਕਿ ਕਿਵੇਂ ਸੂਰਜ ਵਲ ਦੇਖਿਆ ਜਾ ਸਕਦਾ ਹੈ ਪਰ ਧਿਆਨ ਲਗਾਉਣ ਲਈ ਕਿਸੇ ਚੰਗੇ ਗੁਰੂ ਦੀ ਦੇਖ ਰੇਖ ਹੇਠਾਂ ਹੀ ਇਹ ਸਿਖਣਾ ਚਾਹੀਦਾ ਹੈ। ਯੋਗ ਦਾ ਕੋਈ ਆਸਣ, ਕੋਈ ਵੀ ਕਸਰਤ, ਕੋਈ ਯੋਗ ਸਾਧਨ ਗੁਰੂ ਤੋਂ ਬਿਨਾਂ ਨਹੀਂ ਕਰਨਾ ਚਾਹੀਦਾ ਭਾਵੇਂ ਉਹ ਹੱਠ ਯੋਗ ਹੋਵੇ, ਭਾਵੇਂ ਪ੍ਰਾਣਾਯਾਮ ਹੋਵੇ ਤੇ ਭਾਵੇਂ ਰਾਜ ਯੋਗ ਹੋਵੇ।

ਕ੍ਰਿਸ਼ਨ ਜੀ ਦੀ ਡੂੰਘੀ ਸਿਖਿਆ ਲੈਣ ਤੋਂ ਬਾਅਦ ਅਰਜਨ ਹੁਣ ਧਿਆਨ ਲਗਾਉਣ ਦਾ ਅਨੁਭਵ ਲੈਣਾ ਚਾਹੁੰਦਾ ਹੈ। ਮਹਾਂਪੁਰਖਾਂ ਦਾ ਅਨੁਭਵ ਧਿਆਨ ਦੇ ਮਾਰਗ ਤੇ ਜਗਿਆਸੂ ਦੀ ਸਹਾਇਤਾ ਕਰਦਾ ਹੈ। ਗ੍ਰੰਥ ਦਸਦੇ ਹਨ ਕਿ ਸਭ ਤੋਂ ਪਹਿਲਾਂ ਜਗਿਆਸੂ ਨੂੰ ਵਿਸ਼ਵ ਦਾ ਗਿਆਨ ਹੋਣਾ ਚਾਹੀਦਾ ਹੈ, ਬ੍ਰਹਿਮੰਡ ਦਾ ਗਿਆਨ ਹੋਣਾ ਚਾਹੀਦਾ ਹੈ, ਬ੍ਰਹਮਾ ਦਾ ਗਿਆਨ ਹੋਣਾ ਚਾਹੀਦਾ ਹੈ ਜਿਥੋਂ ਇਹ ਸੰਸਾਰ ਪੈਦਾ ਹੋਇਆ ਹੈ ਜਿਹੜਾ ਇਸ ਨੂੰ ਚਲਾ ਰਿਹਾ ਹੈ ਤੇ ਜਿਥੇ ਇਸ ਨੇ ਜਾ ਕੇ ਮਿਟਣਾ ਹੈ। ਮਨੁੱਖ, ਪੰਛੀ, ਜਾਨਵਰ ਉਨ੍ਹਾਂ ਦਾ ਸਾਡੇ ਨਾਲ ਡੂੰਘਾ ਸਬੰਧ ਹੈ – ਇਸ ਸਭ ਕੁਝ ਦੀ ਭਾਵੇਂ ਇਕ ਦਮ ਤਾਂ ਸਿਮਰਨ ਕਰਨ ਲਈ ਲੋੜ ਨਹੀਂ ਪਰ ਇਨ੍ਹਾਂ ਦੀ ਡੂੰਘੀ ਤੇ ਠੀਕ ਫਿਲੌਸਫੀ ਤੋਂ ਬਿਨਾਂ ਸਿਮਰਨ ਸਾਧਨਾ ਅਧੂਰੀ ਹੈ।

ਪ੍ਰਮਾਤਮਾ ਸਭ ਦਾ ਪਿਤਾ ਹੈ ਜਿਥੋਂ ਸਾਰੇ ਸੰਸਾਰ ਦਾ ਆਦਿ ਹੋਇਆ

ਹੈ, ਜਿਹੜਾ ਸਭ ਦਾ ਪਾਲਣਹਾਰ ਹੈ ਤੇ ਉਸ ਵਿਚ ਹੀ ਸਭ ਨੇ ਅੰਤ ਨੂੰ ਮਿਲ ਜਾਣਾ ਹੈ, ਉਹ ਹੀ ਸਭ ਦਾ ਸ੍ਰੋਤ ਹੈ। ਸੰਸਾਰ ਦੀ ਕੋਈ ਵੀ ਵਸਤੂ ਉਸ ਇਕ ਪਰਮ ਸ਼ਕਤੀ ਤੋਂ ਪਰ੍ਹੇ ਨਹੀਂ, ਉਸ ਤੋਂ ਬਾਹਰ ਨਹੀਂ। ਜਿਹੜੀ ਵਸਤੂ ਉਸ ਦਾ ਵਿਸ਼ੇਸ਼ ਪ੍ਰਕਾਸ਼, ਵਿਸ਼ੇਸ਼ ਵਿਭੂਤੀ ਸਮਝੀ ਜਾਂਦੀ ਹੈ ਜਿਵੇਂ ਸੂਰਜ ਚੰਦਰਮਾ, ਤਾਰੇ, ਸਾਗਰ, ਇਨ੍ਹਾਂ ਸਭ ਵਿਚ ਵੀ ਅਨੰਤ ਦੀ ਉਹ ਹੀ ਸ਼ਕਤੀ ਹੈ ਜਿਹੜੀ ਮਨੁੱਖਾਂ ਵਿਚ, ਜੜ੍ਹ ਤੇ ਚੇਤਨ ਵਿਚ, ਵੱਡੇ ਤੇ ਛੋਟੇ ਸਭ ਵਿਚ ਵਿਚਰ ਰਹੀ ਹੈ। ਸੂਰਜ ਉਨ੍ਹਾਂ ਵਿਚੋਂ ਪ੍ਰਮੁਖ ਹੈ ਜਿਹੜੇ ਚਮਕਦੇ ਹਨ, ਚੰਦਰਮਾ ਚੰਦ ਦੀ ਸਾਰੀ ਪਦਤੀ ਵਿਚੋਂ, ਮਨ ਗਿਆਨ ਦੇ ਮਾਧਿਅਮ ਵਿਚੋਂ, ਓਮ ਸ਼ੁਧ ਆਵਾਜ਼ਾਂ ਵਿਚੋਂ, ਰਾਜਾ ਮਨੁੱਖਾਂ ਵਿਚੋਂ, ਸ਼ੇਰ ਜਾਨਵਰਾਂ ਵਿਚੋਂ, ਗਰੁੜ ਪੰਛੀਆਂ ਵਿਚੋਂ, ਰਾਮ ਬਹਾਦਰਾਂ ਵਿਚੋਂ, ਵਿਆਸ ਰਿਸ਼ੀਆਂ ਵਿਚੋਂ ਮੈਂ ਹੀ ਹਾਂ। ਇਹ ਪ੍ਰਮਾਤਮਾ ਦੇ ਪ੍ਰਕਾਸ਼ ਦੇ ਬਹੁਤ ਉਤਮ ਸਾਧਨ ਹਨ ਭਾਵੇਂ ਉਸ ਦੀਆਂ ਵਿਭੂਤੀਆਂ ਬੇਅੰਤ ਹਨ, ਜਦੋਂ ਮਨੁੱਖ ਨੂੰ ਪ੍ਰਮਾਤਮਾ ਦੀਆਂ ਵਿਭੂਤੀਆਂ, ਉਸ ਦੇ ਪ੍ਰਕਾਸ਼ ਦਾ ਪਤਾ ਲਗ ਜਾਂਦਾ ਹੈ ਫੇਰ ਉਹ ਪ੍ਰਮਾਤਮਾ ਤੇ ਹੀ ਧਿਆਨ ਲਗਾਉਂਦਾ ਹੈ, ਉਹ ਅਨੰਤ, ਉਹ ਸੱਚ ਜਿਹੜਾ ਚਾਨਣ ਦਾ ਸ੍ਰੋਤ ਹੈ, ਜੀਵਨ ਦਾ ਸਰੋਤ ਹੈ, ਗਿਆਨ ਦਾ ਸਰੋਤ ਹੈ, ਸਾਰੇ ਸੰਸਾਰ, ਸਾਰੇ ਵਿਸ਼ਵ ਦਾ ਸਰੋਤ ਹੈ।

41. ਜੋ ਜੋ ਵਸਤੂ ਵੀ ਸੁਭਾਇਮਾਨ ਹੈ, ਚਮਤਕਾਰੀ ਹੈ, ਸ਼ਾਨਦਾਰ ਹੈ, ਤੇਜਸੱਵੀ ਹੈ, ਉਹ ਸਭ ਮੇਰੇ ਹੀ ਤੇਜ ਤੋਂ ਉਤਪੰਨ ਹੋਏ ਜਾਣ।

42. ਹੇ ਅਰਜਨ! ਇਨ੍ਹਾਂ ਸਭ ਵਸਤੂਆਂ ਦਾ ਗਿਆਨ ਤੇਰੇ ਕਿਸ ਕੰਮ? ਇਸ ਜਗਤ ਨੂੰ ਮੈਂ ਆਪਣੇ ਇਕ ਅੰਸ ਮਾਤਰ ਨਾਲ ਧਾਰਨ ਕਰਦਾ ਹੋਇਆ ਸਥਿਤ ਹਾਂ।

ਕਵੀ ਰਿਸ਼ੀ ਮੁਨੀ ਪ੍ਰਮਾਤਮਾ ਦੇ ਵੱਡੇਪਨ ਨੂੰ, ਠਾਠ ਬਾਠ ਨੂੰ, ਸ਼ਾਨ ਨੂੰ, ਸੁਹੱਪਣ ਨੂੰ, ਸ਼ੇਖੀ ਵਿਚ ਆ ਕੇ, ਘੁਮੰਡ ਨਾਲ ਉਸ ਨਾਲ ਸਲਾਹੁੰਦੇ ਹਨ ਪਰ ਪ੍ਰਮਾਤਮਾ ਦਾ ਪ੍ਰਗਟਾਵਾ ਉਸ ਦੀ ਸ਼ਾਨ ਦਾ ਦਸਵਾਂ ਹਿੱਸਾ ਵੀ ਨਹੀਂ। ਸੰਸਾਰ ਵਿਚ ਕੇਵਲ ਤੇ ਕੇਵਲ ਇਕ ਹੀ ਸ਼ਕਤੀ ਪਰੀਪੂਰਨ ਹੈ, ਇਹ ਸੰਸਾਰ ਉਸ ਸ਼ਕਤੀ ਦਾ ਦਸਵਾਂ ਹਿੱਸਾ ਵੀ ਨਹੀਂ ਹੈ। ਇਕ ਛੋਟੇ ਜਿਹੇ ਹਿੱਸੇ ਨੂੰ ਜਾਣ ਲੈਣ ਦਾ ਕੀ ਲਾਭ ਹੈ? ਇਹ ਤਾਂ ਸਮੂੰਹ ਦਾ ਇਕ ਬਹੁਤ ਹੀ ਛੋਟਾ ਹਿੱਸਾ ਹੈ। ਇਸੇ ਕਰਕੇ ਅਰਜਨ ਪੂਰੇ ਦਾ ਪੂਰਨ ਗਿਆਨ ਪ੍ਰਾਪਤ ਕਰਦਾ ਹੈ, ਉਸ ਇਕ ਦਾ ਗਿਆਨ, ਉਸ ਅਨੰਤ ਦਾ ਗਿਆਨ ਪ੍ਰਾਪਤ ਕਰਦਾ ਹੈ। ਜੋ ਵੀ ਠਾਠ ਬਾਠ, ਜੋ ਵੀ ਸੋਹਣਾਪਣ, ਜੋ ਕੁਝ ਉਚ ਦਮਾਲੇ ਦਿਸਦੇ ਹਨ ਉਹ ਪ੍ਰਮਾਤਮਾ ਦਾ ਹੀ ਪ੍ਰਗਟਾਵਾ ਹਨ। ਉਹ ਸੋਹਣਾਪਣ ਭਾਵੇਂ ਮਨੁੱਖਤਾ ਵਿਚ ਹੈ, ਭਾਵੇਂ ਜਾਨਵਰਾਂ ਵਿਚ ਹੈ, ਭਾਵੇਂ ਕਿਸੇ ਵੀ ਹੋਰ ਖੇਤਰ ਵਿਚ ਹੈ, ਸੰਸਾਰ ਵਿਚ ਉਸ ਵਿਚੋਂ ਝਲਕ ਪ੍ਰਮਾਤਮਾ ਦੀ ਮੁਸਕਰਾਹਟ ਦੀ ਹੀ ਹੈ, ਉਹ ਉਸ ਦਾ ਆਪਣਾ ਹੀ ਖੇੜਾ ਹੈ।

ਇਥੇ ਦਸਵਾਂ ਅਧਿਆਇ ਸਮਾਪਤ ਹੁੰਦਾ ਹੈ, ਇਸ ਵਿਚ ਕ੍ਰਿਸ਼ਨ ਜੀ ਨੇ ਪ੍ਰਮਾਤਮਾ ਦੀ ਸ਼ਾਨ, ਠਾਠ ਬਾਠ ਦੇ ਪ੍ਰਕਾਸ਼ ਦਾ ਵਰਨਣ ਕੀਤਾ ਹੈ।

# ਅਧਿਆਇ ਗਿਆਰ੍ਹਾਂ

## ਯੋਗੀ ਵਾਲੀ ਦ੍ਰਿਸ਼ਟੀ

ਅਰਜਨ ਬਚਨ ਕਰਦਾ ਹੈ –

ਜੋ ਆਪ ਨੇ ਮੇਰੇ ਉਤੇ ਕ੍ਰਿਪਾ ਕਰਕੇ ਪਰਮ ਗੁਪਤ ਉਪਦੇਸ਼ ਦਿਤਾ ਹੈ ਉਸ ਨਾਲ ਮੇਰਾ ਮੋਹ ਹਟ ਗਿਆ ਹੈ।

ਹੇ ਕਮਲ ਨੈਣ! ਮੈਂ ਬੜਾ ਵਿਸਥਾਰਪੂਰਵਕ ਸੁਣਿਆ ਹੈ ਕਿ ਸਭ ਜੀਵਾਂ ਦੀ ਉਤਪਤੀ ਤੇ ਨਾਸ ਆਪ ਤੋਂ ਹੀ ਹੁੰਦਾ ਹੈ ਤੇ ਆਪ ਦੇ ਅਬਿਨਾਸ਼ੀ ਹੋਣ ਦੀ ਵਡਿਆਈ ਵੀ ਸੁਣੀ ਹੈ।

3. ਹੇ ਪ੍ਰਮੇਸ਼ਵਰ! ਜਿਸ ਤਰ੍ਹਾਂ ਆਪ, ਆਪਣੇ ਆਪ ਨੂੰ ਦਸਦੇ ਹੋ, ਆਪ ਬਿਲਕੁਲ ਉਸ ਤਰ੍ਹਾਂ ਦੇ ਹੀ ਹੋ। ਹੇ ਪਰਸ਼ੋਤਮ! ਮੈਂ ਆਪ ਦੇ ਸਰੂਪ ਨੂੰ ਹਰ ਰੂਪ ਵਿਚ ਦੇਖਣਾ ਚਾਹੁੰਦਾ ਹਾਂ।

4. ਹੇ ਪ੍ਰਭੂ! ਜੇ ਮੈਂ ਆਪ ਦਾ ਉਹ ਸਰੂਪ ਦੇਖਣ ਯੋਗ ਹਾਂ ਤਾਂ ਹੇ ਯੋਗੀਸ਼ੂਰ! ਉਹ ਆਪਣਾ ਅਬਿਨਾਸ਼ੀ ਸਰੂਪ ਮੈਨੂੰ ਦਿਖਾਓ।

ਇਸ ਅਧਿਆਇ ਦੀ ਮਹੱਤਤਾ ਪਿਛਲੇ ਅਧਿਆਇ ਨਾਲੋਂ ਵਧੇਰੀ ਹੈ। ਕਾਰਣ ਇਹ ਹੈ ਕਿ ਇਹ ਪ੍ਰਮਾਤਮਾ ਦਾ ਆਕਾਰ ਰੂਪ ਤੇ ਨਿਰਾਕਾਰ ਰੂਪ ਦੋਨੋਂ ਹੀ ਪੂਰੀ ਤਰ੍ਹਾਂ ਵਰਨਣ ਕਰਦਾ ਹੈ। ਇਸ ਵਿਚ ਮਨੁਖਤਾ ਦਾ ਨਿਸ਼ਾਨਾ ਵੀ ਦੱਸਿਆ ਗਿਆ ਹੈ। ਇਸ ਵਿਚ ਅਰਜਨ ਇਹ ਦਸਦਾ ਹੈ ਕਿ ਉਸ ਨੂੰ ਅਧਿਆਤਮਵਾਦ ਦਾ ਗੁਪਤ ਗਿਆਨ ਕ੍ਰਿਸ਼ਨ ਜੀ ਨੇ ਬੜੇ ਹੀ ਵਿਸ਼ੇਸ਼ ਰੂਪ ਵਿਚ ਤੇ ਬੜਾ ਵਿਸ਼ੇਸ਼ ਜਾਣ ਕੇ ਦਿਤਾ ਹੈ। ਅਰਜਨ ਇਹ ਵੀ ਦਸਦਾ ਹੈ ਜਿਹੜਾ ਵੀ ਗਿਆਨ ਕ੍ਰਿਸ਼ਨ ਜੀ ਨੇ ਉਸਨੂੰ ਦਿਤਾ ਹੈ ਉਸ ਨਾਲ ਉਸ ਦਾ ਅਗਿਆਨ ਦੂਰ ਹੋ ਗਿਆ ਹੈ। ਉਸ ਨੂੰ ਗੂੜ੍ਹ ਗਿਆਨ ਪ੍ਰਾਪਤ ਹੋਇਆ ਹੈ ਤੇ ਉਸ ਨੂੰ ਪਤਾ ਲੱਗਾ ਹੈ ਕਿ ਸਾਰੇ ਸੰਸਾਰ ਦਾ, ਸਭ ਦਾ ਰਚਨਹਾਰ ਇਕ ਪ੍ਰਮਾਤਮਾ ਹੈ। ਕ੍ਰਿਸ਼ਨ ਜੀ ਨੇ ਉਸ ਨੂੰ ਇਹ ਵੀ ਦੱਸਿਆ ਕਿ ਸਾਰੇ ਬ੍ਰਹਿਮੰਡ ਦੀ ਰਚਨਹਾਰ ਇਕ ਉਹ ਅਨੰਤ ਸ਼ਕਤੀ ਹੈ ਉਹ ਹੀ ਸਭ ਤੋਂ ਵੱਡੀ ਅਤੇ ਸਭ ਦੀ ਮਾਲਕ ਹੈ।

ਯੋਗ ਦੇ ਬਹੁਤ ਵੱਡੇ ਗੁਰੂ ਕ੍ਰਿਸ਼ਨ ਜੀ ਆਪ ਅਰਜਨ ਨੂੰ ਸਵੈ ਚੇਤਨਤਾ ਦੇ ਮਾਰਗ ਤੇ ਲੈ ਜਾ ਰਹੇ ਹਨ ਉਸ ਦਾ ਮਾਰਗ ਦਰਸ਼ਨ ਕਰ ਰਹੇ ਹਨ। ਅਜੇ ਅਰਜਨ ਦੀਆਂ ਦੋ ਇਛਾਵਾਂ ਬਾਕੀ ਹਨ – ਇਕ ਹੈ ਕਿ ਉਹ ਇਹ ਜਾਣ ਲਵੇ ਕਿ ਬ੍ਰਹਮ ਦੀਆਂ ਕੀ ਅਨੰਤ ਅਥਾਹ ਸ਼ਕਤੀਆਂ ਹਨ ਜਿਹੜੀਆਂ ਹੋਰ ਕਿਸੇ ਕੋਲ ਨਹੀਂ, ਬ੍ਰਹਮ ਨਿਰਾਕਾਰ ਹੈ, ਅਕਾਲ ਮੂਰਤ ਹੈ। ਬ੍ਰਹਮ ਨੂੰ ਅਸੀਂ ਨੇਤਰਾਂ ਨਾਲ ਨਹੀਂ ਦੇਖ ਸਕਦੇ, ਨਾ ਹੀ ਇੰਦ੍ਰੀਆਂ ਨਾਲ

ਕਿਸੇ ਤਰ੍ਹਾਂ ਮਹਿਸੂਸ ਕਰ ਸਕਦੇ ਹਾਂ। ਮਨ ਨਾਲ ਵੀ ਨਹੀਂ ਜਾਣਿਆ ਜਾ ਸਕਦਾ। ਅਰਜਨ ਵਾਸਤਵ ਵਿਚ ਬ੍ਰਹਮ ਦੀਆਂ ਦੋਨੋਂ ਤਰ੍ਹਾਂ ਦੀਆਂ ਸ਼ਕਤੀਆਂ ਜਾਨਣਾ ਚਾਹੁੰਦਾ ਹੈ। ਸੂਖਮ ਤੇ ਪ੍ਰਤੱਖ ਦੋਨਾਂ ਦਾ ਪ੍ਰਕਾਸ਼ ਦੇਖਣਾ ਚਾਹੁੰਦਾ ਹੈ। ਅਰਜਨ ਕ੍ਰਿਸ਼ਨ ਜੀ ਨੂੰ ਬੇਨਤੀ ਕਰਦਾ ਹੈ ਕਿ ਉਹ ਉਸ ਨੂੰ ਬ੍ਰਹਮ ਦੇ ਸਵੈ ਵਿਦਮਾਨ ਹੋਣ ਦੀਆਂ ਸ਼ਕਤੀਆਂ ਦਿਖਾਉਣ।

5. ਹੇ ਪਾਰਥ! ਮੇਰੇ ਸੈਂਕੜੇ ਹਜ਼ਾਰਾਂ ਭਾਂਤ ਭਾਂਤ ਦੇ ਵਰਣ ਤੇ ਆਕਾਰਾਂ ਵਾਲੇ ਅਲੌਕਿਕ ਰੂਪਾਂ ਨੂੰ ਦੇਖ।

6. ਹੇ ਭਾਰਤ! ਅਨੇਕ ਸੂਰਜ, ਵਸੂ, ਰੁਦਰ, ਅਸ਼ਵਨੀ ਅਤੇ ਮਰੁਤ ਦੇਖ। ਅਨੇਕ ਅਸਚਰਜ ਰੂਪਾਂ ਨੂੰ ਦੇਖ ਜੋ ਤੂੰ ਪਹਿਲਾਂ ਕਦੇ ਨਹੀਂ ਦੇਖੇ।

7. ਹੇ ਗੁੜਾਕੇਸ਼! ਹੁਣ ਮੇਰੇ ਇਸ ਸਰੀਰ ਵਿਚ ਤੂੰ ਸਾਰੇ ਜਗਤ ਨੂੰ ਇਕੱਠਾ ਹੋਇਆ ਦੇਖ, ਹੋਰ ਵੀ ਜੋ ਕੁਝ ਤੂੰ ਦੇਖਣਾ ਚਾਹੁੰਦਾ ਹੈਂ ਦੇਖ।

8. ਪਰ ਤੂੰ ਇਨ੍ਹਾਂ ਨੇਤਰਾਂ ਨਾਲ ਉਹ ਨਹੀਂ ਦੇਖ ਸਕਦਾ, ਇਸ ਕਰਕੇ ਮੈਂ ਤੈਨੂੰ ਦਿਬਯ ਦ੍ਰਿਸ਼ਟੀ ਦਿੰਦਾ ਹਾਂ ਉਸ ਨਾਲ ਤੂੰ ਮੇਰੇ ਪ੍ਰਭਾਵ ਤੇ ਯੋਗ ਸ਼ਕਤੀ ਨੂੰ ਦੇਖ।

ਕ੍ਰਿਸ਼ਨ ਜੀ ਕਹਿੰਦੇ ਹਨ, "ਹੇ ਅਰਜਨ! ਮੇਰੇ ਬੇਅੰਤ ਰੂਪ ਹਨ, ਰੰਗ ਹਨ, ਆਕਾਰ ਹਨ। ਬੜੀਆਂ ਹੀ ਅਲੌਕਿਕ ਗੱਲਾਂ ਹਨ ਜਿਹੜੀਆਂ ਤੂੰ ਦੇਖੀਆਂ ਨਹੀਂ। ਸਾਰਾ ਸੰਸਾਰ, ਸਾਰੀ ਸ੍ਰਿਸ਼ਟੀ ਜੜ੍ਹ ਤੇ ਚੇਤਨ ਮੇਰੇ ਸਰੀਰ ਦੇ ਇਕ ਹਿੱਸੇ ਵਿਚ ਹੀ ਵਸਦੀ ਹੈ ਮੈਨੂੰ ਸਾਰੇ ਨੂੰ ਤੂੰ ਨਹੀਂ ਦੇਖ ਸਕਦਾ, ਤੂੰ ਮੇਰੇ ਸਮੁੱਚੇਪਨ ਤੋਂ ਅਜੇ ਜਾਣੂੰ ਨਹੀਂ ਹੈਂ, ਤੇਰੇ ਕੋਲ ਉਹ ਨੇਤਰ ਨਹੀਂ ਹਨ, ਇਸ ਕਰਕੇ ਮੈਂ ਤੈਨੂੰ ਦਿਬਯ ਦ੍ਰਿਸ਼ਟੀ ਦਿੰਦਾ ਹਾਂ ਜਿਸ ਨਾਲ ਤੂੰ ਪ੍ਰਮਾਤਮਾ ਦਾ ਸਮੁੱਚਾ ਰੂਪ ਦੇਖ ਸਕੇਂ।

ਯੋਗਿਕ ਗ੍ਰੰਥਾਂ ਅਨੁਸਾਰ ਜਿਹੜਾ ਯੋਗੀ ਸਮਾਧੀ ਸਥਿਤ ਹੋ ਕੇ ਸਮੁੱਚੇ ਸਰੀਰ ਦੀ ਵਰਤੋਂ ਦੇਖਣ ਲਈ ਕਰਦਾ ਹੈ, ਉਸ ਨੂੰ ਗੁਪਤ ਨੇਤਰ ਜਾਂ ਤੀਸਰਾ ਨੇਤਰ ਪ੍ਰਾਪਤ ਹੁੰਦਾ ਹੈ ਜਿਸ ਨਾਲ ਉਹ ਸਾਰੀ ਸ੍ਰਿਸ਼ਟੀ ਨੂੰ ਇਕ ਨਿਗ੍ਹਾ ਨਾਲ ਦੇਖ ਸਕਦਾ ਹੈ। ਜਦੋਂ ਮਨ ਨੂੰ ਸਮੇਂ ਅਤੇ ਸਥਾਨ ਤੋਂ ਪਰ੍ਹੇ ਤੇ ਕਾਰਣ ਤੋਂ ਪਰ੍ਹੇ ਲੈ ਜਾਇਆ ਜਾਂਦਾ ਹੈ, ਇਹ ਅਥਾਹ ਦੀ ਥਾਹ ਪਾ ਲੈਂਦਾ ਹੈ ਅਨੰਤ ਤਕ ਪਹੁੰਚ ਜਾਂਦਾ ਹੈ। ਉਹ ਗੁਰੂ ਜਿਸ ਕੋਲ ਯੋਗ ਦੀ ਪੂਰੀ ਸਾਧਨਾ ਹੈ ਪੂਰੀ ਮਹਾਰਤ ਹੈ ਉਹ ਆਪਣੀ ਚੇਤਨਤਾ ਦਾ ਵਿਸਥਾਰ ਆਪਣੇ ਪਿਆਰੇ ਪਾਠਕ ਨੂੰ ਵੀ ਦੇ ਸਕਦਾ ਹੈ ਤੇ ਉਸ ਦੇ ਦਿਬਯ ਚਕਸ਼ੂ ਵੀ ਖੋਲ੍ਹ ਸਕਦਾ ਹੈ। ਕ੍ਰਿਸ਼ਨ ਜੀ ਸ਼ਕਤੀ ਪਥ ਕਰਕੇ ਅਰਜਨ ਤੇ ਕ੍ਰਿਪਾ ਕਰਦੇ ਹਨ ਜਿਸ ਨਾਲ ਉਹ ਪ੍ਰਮਾਤਮਾ ਦਾ ਸੋਹਣਾ ਰੂਪ ਦੇਖ ਸਕਦਾ ਹੈ। ਜਦੋਂ ਜਗਿਆਸੂ ਸਮਾਧੀ ਲਗਾਉਣ ਦਾ ਅਭਿਆਸ ਕਰਦਾ ਹੈ, ਜਦੋਂ ਉਹ

ਥੱਕ ਜਾਂਦਾ ਹੈ, ਉਸ ਦੇ ਸਾਰੇ ਯਤਨ ਖਤਮ ਹੋ ਜਾਂਦੇ ਹਨ, ਯੋਗੀ ਫੇਰ ਇਕ ਡੂੰਘੀ ਛੋਹ ਆਪਣੇ ਜਗਿਆਸੂ ਨੂੰ ਦਿੰਦਾ ਹੈ ਤੇ ਉਸ ਦੇ ਦਿਬਯ ਨੇਤਰ ਖੋਲ੍ਹ ਦਿੰਦਾ ਹੈ। ਕ੍ਰਿਸ਼ਨ ਜੀ ਜੋ ਇਕ ਸ੍ਰੇਸ਼ਟ ਯੋਗੀ ਹਨ ਇਕ ਉਤਮ ਗੁਰੂ ਹਨ ਅਰਜਨ ਦੇ ਦਿਬਯ ਨੇਤਰ ਖੋਲ੍ਹਦੇ ਹਨ, ਤਾਂ ਜੋ ਉਹ ਪ੍ਰਮਾਤਮਾ ਦੇ ਦਰਸ਼ਨ ਝਲਕ ਲੈ ਸਕੇ।

ਯੋਗੀ ਆਪਣੇ ਦਿਬਯ ਨੇਤਰ ਉਦੋਂ ਖੋਲ੍ਹ ਸਕਦਾ ਹੈ ਜਦੋਂ ਉਹ ਆਪਣੀ ਚੇਤਨਤਾ ਨੂੰ ਅਨੰਤ ਤਕ ਪਹੁੰਚਾ ਲਵੇ। ਮਨ ਦਾ ਸੁਭਾਅ ਹੈ ਜਾਂ ਤਾਂ ਉਹ ਭੂਤਕਾਲ ਬਾਰੇ ਸੋਚ ਕੇ ਝੁਰਦਾ ਰਹਿੰਦਾ ਹੈ ਜਾਂ ਫੇਰ ਭਵਿੱਖ ਬਾਰੇ ਸੋਚਦਾ ਰਹਿੰਦਾ ਹੈ, ਇਸ ਨੂੰ ਵਰਤਮਾਨ ਦਾ ਕੋਈ ਅਨੁਭਵ ਹੀ ਨਹੀਂ, ਸਮਾਧੀ ਸਥਿਤ ਹੋ ਕੇ ਮਨ ਨੂੰ ਵਰਤਮਾਨ ਤੇ ਹੀ ਇਕਾਗਰ ਕੀਤਾ ਜਾਂਦਾ ਹੈ ਤਾਂ ਹੀ ਉਸ ਸਮੇਂ ਮਨ ਭੂਤ ਭਵਿੱਖ ਤੇ ਵਰਤਮਾਨ ਇਕ ਸਾਰ ਹੀ ਦਿਸਣ ਲਗ ਪੈਂਦਾ ਹੈ। ਇਸ ਅਨੁਭਵ ਨੂੰ ਮਨ ਦੀ ਸਮੇਂ ਤੋਂ ਉਪਰ ਦੀ ਅਵਸਥਾ ਕਿਹਾ ਗਿਆ ਹੈ। ਜਿਸ ਨੂੰ ਬਹੁਤ ਦੇਰ ਤੋਂ ਤੇ ਬਹੁਤ ਲੰਮੀ ਸਮਾਧੀ ਲਗਾਉਣ ਦਾ ਅਭਿਆਸ ਹੋਵੇ ਉਹ ਇਸ ਗੱਲ ਨੂੰ ਸਮਝਦਾ ਹੈ ਤੇ ਆਉਣ ਵਾਲੀਆਂ ਘਟਨਾਵਾਂ ਬਹੁਤ ਪਹਿਲਾਂ ਦਸ ਸਕਦਾ ਹੈ। ਇਹੋ ਜਿਹੇ ਅਨੁਭਵ ਕੋਈ ਅਚਾਨਕ ਹੋਣ ਵਾਲੇ ਨਹੀਂ ਹੁੰਦੇ, ਨਾ ਹੀ ਕੋਈ ਭਵਿੱਖ ਬਾਣੀ ਹੁੰਦੀ ਹੈ, ਇਹ ਕੇਵਲ ਇਕਾਗਰ ਮਨ ਦੀ ਅਵਸਥਾ ਹੈ ਜਿਹੜਾ ਸਮੇਂ ਦੀਆਂ ਸੀਮਾਂ ਲੰਘ ਕੇ ਅੱਗੇ ਚਲਾ ਜਾਂਦਾ ਹੈ।

ਆਮ ਲੋਕੀ ਪ੍ਰਮਾਤਮਾ ਦੇ ਵੱਖ ਵੱਖ ਰੂਪ ਦੇਖਦੇ ਹਨ ਜਿਵੇਂ ਸੂਰਜ, ਚੰਦਰਮਾ ਤਾਰੇ ਤੇ ਹੋਰ ਕਈ ਕਿਸਮ ਦੇ ਪ੍ਰਗਟਾਵੇ ਦੇਖਦੇ ਹਨ ਪਰ ਉਨ੍ਹਾਂ ਕੋਲ ਸਾਰੀ ਸ੍ਰਿਸ਼ਟੀ ਦੇਖਣ ਦੀ ਯੋਗਤਾ ਹੀ ਨਹੀਂ। ਇਸੇ ਕਰਕੇ ਕ੍ਰਿਸ਼ਨ ਜੀ ਲਈ ਇਹ ਜ਼ਰੂਰੀ ਹੈ ਕਿ ਉਹ ਅਰਜਨ ਦੇ ਗੁਪਤ ਨੇਤਰ ਖੋਲ੍ਹ ਦੇਣ ਤਾਂ ਕਿ ਉਹ ਸਾਰੀ ਸ੍ਰਿਸ਼ਟੀ ਦੇਖ ਸਕੇ, ਪ੍ਰਮਾਤਮਾ ਦੇਖ ਸਕੇ। ਦਿਬਯ ਦ੍ਰਿਸਟੀ ਤੋਂ ਬਿਨਾਂ ਦਿਬਯ ਯੋਗ ਦਾ ਅਨੁਭਵ ਨਹੀਂ ਕੀਤਾ ਜਾ ਸਕਦਾ।

9. ਸੰਜੈ ਦਸਦਾ ਹੈ – ਹੇ ਰਾਜਨ! ਇਸ ਤਰ੍ਹਾਂ ਕਹਿ ਕੇ ਫੇਰ ਮਹਾਂ ਯੋਗੀਸ਼ੂਰ ਹਰੀ ਨੇ ਆਪਣਾ ਵਿਸ਼ਵ ਰੂਪ ਪਾਰਥ ਨੂੰ ਦਿਖਾਇਆ।

10. ਅਨੇਕ ਮੂੰਹ, ਅਨੇਕ ਨੇਤਰ, ਅਨੇਕ ਅਦਭੂਤ ਦਰਸ਼ਨ ਅਨੇਕ ਪ੍ਰਕਾਰ ਦੇ ਭੂਸ਼ਣ ਤੇ ਅਨੇਕ ਪ੍ਰਕਾਰ ਦੇ ਸਸ਼ਤਰ।

11. ਦਿਬਯ ਮਾਲਾ ਤੇ ਅਲੌਕਿਕ ਕਪੜੇ ਪਾਏ ਹੋਏ, ਅਲੌਕਿਕ ਸੁਗੰਧੀ ਲੱਗੀ ਹੋਈ ਹਰ ਪ੍ਰਕਾਰ ਦੇ ਅਸਚਰਜ ਸਹਿਤ, ਈਸ਼ਵਰ ਅਨੰਤ ਦੇਵ, ਸਾਰੇ ਪਾਸੇ ਜਿਸ ਦੇ ਮੂੰਹ ਹਨ।

12. ਜਿਵੇਂ ਕਿ ਆਕਾਸ਼ ਵਿਚ ਹਜ਼ਾਰਾਂ ਸੂਰਜ ਚੜ੍ਹਨ ਦਾ ਪ੍ਰਕਾਸ਼

ਹੋਵੇ ਤਾਂ ਸ਼ਾਇਦ ਉਹ ਮਹਾਤਮਾ ਦੇ ਕੁਛ ਤੇਜ ਵਰਗਾ ਹੋਵੇਗਾ।

13. ਉਦੋਂ ਅਰਜਨ ਨੇ ਦੇਵਆਦਿ ਦੇਵ ਦੇ ਉਥੇ ਖੜ੍ਹੇ ਇਕ ਸਰੀਰ ਵਿਚ ਸਾਰੇ ਜਗਤ ਨੂੰ ਸਾਰੇ ਅੰਗਾਂ ਵਿਚ ਦੇਖਿਆ।

14. ਉਦੋਂ ਅਰਜਨ ਦੇ ਲੂੰ ਕੰਢੇ ਖੜ੍ਹੇ ਹੋ ਗਏ ਤੇ ਉਸ ਨੇ ਹੱਥ ਜੋੜ ਕੇ ਸਿਰ ਨਿਵਾ ਕੇ ਇਸ ਤਰ੍ਹਾ ਕਿਹਾ –

ਪਾਠਕਾਂ ਨੂੰ ਇਹ ਵੀ ਯਾਦ ਹੋਣਾ ਚਾਹੀਦਾ ਹੈ ਕਿ ਸੰਜੈ ਦੇ ਵੀ ਦਿਬਯ ਨੇਤਰ ਸਨ। ਉਸ ਨੂੰ ਇਹ ਵਰਦਾਨ ਸੀ ਕਿ ਜੋ ਕੁਝ ਵੀ ਯੁੱਧ ਦੇ ਮੈਦਾਨ ਵਿਚ ਹੋਵੇਗਾ ਉਹ ਦੇਖ ਸਕੇਗਾ ਤੇ ਉਸ ਨੇ ਇਹ ਅੱਖੀ ਡਿੱਠਾ ਹਾਲ ਰਿਸ਼ੀ ਵਿਆਸ ਜੀ ਨੂੰ ਵੀ ਦੱਸਿਆ ਸੀ। ਜੋ ਕੁਝ ਵੀ ਵਿਆਸ ਰਿਸ਼ੀ ਨੂੰ ਦੱਸਿਆ ਗਿਆ ਉਨ੍ਹਾਂ ਨੇ ਉਹ ਸਾਰਾ ਲਿਖ ਲਿਆ ਸੀ ਉਨ੍ਹਾਂ ਨੇ ਸਾਰੀ ਸਿਖਿਆ ਜੋ ਕ੍ਰਿਸ਼ਨ ਜੀ ਨੇ ਗੀਤਾ ਰਾਹੀਂ ਅਰਜਨ ਨੂੰ ਦਿਤੀ ਸੀ ਉਹ ਸਾਰੀ ਹੀ ਲਿਖ ਲਈ ਸੀ। ਧ੍ਰਿਤਰਾਸ਼ਟਰ ਜੋ ਕਿ ਨੇਤਰਹੀਨ ਸੀ ਉਸ ਨੇ ਵੀ ਸੰਜੈ ਪਾਸੋਂ ਯੁੱਧ ਦੇ ਮੈਦਾਨ ਦਾ ਅੱਖੀ ਡਿੱਠਾ ਹਾਲ ਸੁਣਿਆ ਸੀ। ਸੰਜੈ ਨੇ ਧ੍ਰਿਤਰਾਸ਼ਟਰ ਨੂੰ ਦੱਸਿਆ ਕਿ ਕ੍ਰਿਸ਼ਨ ਜੀ ਨੇ ਅਰਜਨ ਦੇ ਦਿਬਯ ਨੇਤਰ ਖੋਲ੍ਹ ਦਿਤੇ ਹਨ ਤੇ ਕ੍ਰਿਸ਼ਨ ਜੀ ਉਸ ਨੂੰ ਆਪਣੇ ਵੱਖ ਵੱਖ ਰੂਪ ਦਿਖਾ ਰਹੇ ਹਨ, ਉਸ ਦੇ ਬੇਅੰਤ ਮੁਖ ਹਨ, ਬੇਅੰਤ ਨੇਤਰ ਹਨ, ਅਨੇਕਾਂ ਪ੍ਰਕਾਰ ਦੇ ਆਭੂਸ਼ਣ ਪਹਿਨੇ ਹੋਏ ਹਨ, ਉਨ੍ਹਾਂ ਦੇ ਹੱਥ ਵਿਚ ਅਨੇਕਾਂ ਸ਼ਸ਼ਤਰ ਹਨ, ਹਾਰ ਨਾਲ ਪੂਰੀ ਤਰ੍ਹਾਂ ਨਾਲ ਲੁਕੇ ਪਏ ਹਨ, ਝਿਲਮਿਲ ਝਿਲਮਿਲ ਵਸਤਰ ਪਹਿਨੇ ਹੋਏ ਹਨ, ਨੂਰ ਝਲਕ ਰਿਹਾ ਹੈ। ਜੇ ਹਜ਼ਾਰ ਸੂਰਜ ਵੀ ਇਕੱਠੇ ਹੋ ਕੇ ਚਮਕਣ ਤਾਂ ਵੀ ਐਨਾ ਚਾਨਣ ਨਹੀਂ ਹੋ ਸਕਦਾ।

ਅਰਜਨ ਨੇ ਸਾਰਾ ਅਲੌਕਿਕ ਦ੍ਰਿਸ਼ ਦੇਖਿਆ, ਸਾਰੀ ਸ੍ਰਿਸ਼ਟੀ ਦੇਖੀ ਤੇ ਪ੍ਰਤੱਖ ਕ੍ਰਿਸ਼ਨ ਜੀ ਦੇ ਸਰੀਰ ਵਿਚ ਦੇਖੀ। ਉਹ ਐਨਾ ਹੈਰਾਨ ਹੋਇਆ ਕਿ ਉਸ ਦੇ ਲੂੰ ਕੰਡੇ ਖੜ੍ਹੇ ਹੋ ਗਏ, ਉਹ ਹੱਥ ਜੋੜ ਕੇ ਕ੍ਰਿਸ਼ਨ ਜੀ ਦੇ ਅੱਗੇ ਖੜ੍ਹਾ ਹੋ ਗਿਆ, ਜਦੋਂ ਤੁਸੀਂ ਹੱਥ ਜੋੜ ਕੇ ਅੱਗੇ ਝੁਕਦੇ ਹੋ ਉਸ ਤੋਂ ਭਾਵ ਹੈ ਕਿ ਤੁਸੀਂ ਆਪਾ ਸਮਰਪਣ ਕਰਦੇ ਹੋ, ਦੋਨੋਂ ਹੱਥ ਜੋੜ ਕੇ ਬੇਨਤੀ ਕਰਨ ਤੋਂ ਭਾਵ ਹੈ ਆਤਮਾ ਦਾ ਪ੍ਰਮਾਤਮਾ ਨਾਲ ਮੇਲ, ਮੇਲ ਹੀ ਨਹੀਂ ਤੁਸੀਂ ਇਸ ਬਾਰੇ ਜਾਣਦੇ ਹੋ ਤੇ ਜਾਣਦੇ ਹੋਏ ਤੁਸੀਂ ਹੱਥ ਜੋੜ ਕੇ ਬੇਨਤੀ ਕਰਦੇ ਹੋ। ਇਹ ਆਤਮਾ, ਪ੍ਰਮਾਤਮਾ ਦਾ ਮੇਲ ਹੀ ਜੀਵਨ ਦਾ ਉਦੇਸ਼ ਹੈ। ਹੱਥ ਜੋੜਨ ਤੋਂ ਭਾਵ ਇਹ ਵੀ ਹੈ ਇਕ ਸ਼ਿਸ਼ ਆਪਣੇ ਗੁਰੂ ਨੂੰ ਨਮਸ਼ਕਾਰ ਕਰ ਰਿਹਾ ਹੈ। ਇਸ ਤੋਂ ਇਹ ਵੀ ਭਾਵ ਹੈ, "ਤੁਹਾਡੇ ਅੰਦਰ ਵਸਦੇ ਪ੍ਰਮਾਤਮਾ ਨੂੰ ਮੇਰਾ ਪ੍ਰਣਾਮ ਹੈ।"

ਸੰਜੈ ਨੇ ਸਾਰੀ ਸ੍ਰਿਸ਼ਟੀ ਦੇਖੀ ਕਿਉਂਕਿ ਉਸ ਕੋਲ ਵੀ ਅਰਜਨ ਦੀ ਤਰ੍ਹਾਂ ਦਿਬਯ ਨੇਤਰ, ਉਸ ਨੇ ਵੀ ਪ੍ਰਮਾਤਮਾ ਦੇ ਬਹੁਪੱਖੀ ਰੂਪ ਦੇ ਦਰਸ਼ਨ

ਕੀਤੇ, ਯੁੱਧ ਦੇ ਮੈਦਾਨ ਵਿਚ ਹੋਰ ਵੀ ਹਨ ਜਿਨ੍ਹਾਂ ਨੇ ਇਸ ਅਲੌਕਿਕ ਦ੍ਰਿਸ਼ ਦੇ ਦਰਸ਼ਨ ਕੀਤੇ, ਉਨ੍ਹਾਂ ਦੇ ਦਿਬਯ ਨੇਤਰ ਪ੍ਰਮਾਤਮਾ ਦੀ ਕ੍ਰਿਪਾ ਨਾਲ, ਗੁਰੂ ਕ੍ਰਿਪਾ ਨਾਲ ਖੁਲ੍ਹੇ ਹਨ। ਅਸੀਂ ਬਹੁਤ ਵਾਰੀ ਕ੍ਰਿਪਾ ਦੀ ਗੱਲ ਕਰਦੇ ਹਾਂ, ਸੁਣਦੇ ਹਾਂ ਪਰ ਇਸ ਨੂੰ ਫਿਲੌਸਫੀ ਵਿਚ ਤੇ ਮਨੋਵਿਗਿਆਨ ਵਿਚ ਸਪਸ਼ਟ ਕਰਕੇ ਨਹੀਂ ਦੱਸਿਆ ਗਿਆ। ਕ੍ਰਿਪਾ ਉਸ ਉਤੇ ਹੁੰਦੀ ਹੈ ਜਿਹੜਾ ਉਸ ਦਾ ਅਧਿਕਾਰੀ ਹੁੰਦਾ ਹੈ। ਕ੍ਰਿਪਾ ਇੱਛਾ ਕਰਕੇ, ਇੱਛਾ ਨਾਲ ਨਹੀਂ ਹੁੰਦੀ। ਜਦੋਂ ਜਗਿਆਸੂ ਅਧਿਆਤਮਕ ਗਿਆਨ ਦੇ ਸਿਖਰ ਤੇ ਪਹੁੰਚ ਜਾਂਦਾ ਹੈ, ਜਦੋਂ ਉਹ ਆਪਣਾ ਪੂਰਾ ਤਾਣ ਲਗਾ ਲੈਂਦਾ ਹੈ ਫੇਰ ਕਿਤੇ ਜਾ ਕੇ ਗਿਆਨ ਦੀ ਕਿਰਨ ਉਸ ਅਧਿਕਾਰੀ ਦੇ ਅੰਦਰ ਲਸ਼ਕਾਰਾ ਪਾਉਂਦੀ ਹੈ ਕਿਉਂਕਿ ਉਹ ਸੱਚੀ ਲਗਨ, ਸੁਹਿਰਦ ਹੋ ਕੇ, ਬੜੀ ਤਨਦੇਹੀ ਨਾਲ ਉਸ ਨੇ ਯੋਗ ਦੇ ਮਾਰਗ ਦਾ ਪੈਂਡਾ ਕੱਟਿਆ ਹੈ। ਇਸ ਵਿਚ ਜਰਾ ਵੀ ਸੰਦੇਹ ਨਹੀਂ ਕਿ ਇਹ ਗੁਰੂ ਕ੍ਰਿਪਾ ਹੈ। ਜਗਿਆਸੂ ਤੇ ਕ੍ਰਿਪਾ ਇਸ ਲਈ ਹੁੰਦੀ ਹੈ ਤਾਂ ਜੋ ਉਹ ਆਪਣਾ ਪੈਂਡਾ ਪੂਰਾ ਕਰ ਸਕੇ। ਬਹੁਤ ਸਾਰੇ ਸ਼ਿਸ਼ ਪੂਰੀ ਮਿਹਨਤ ਪੂਰਾ ਯਤਨ ਕੀਤੇ ਬਿਨਾਂ ਹੀ ਪ੍ਰਮਾਤਮਾ ਦੀ ਕ੍ਰਿਪਾ ਲਈ ਅਰਦਾਸ ਕਰਦੇ ਹਨ। ਉਹ ਆਪਣੇ ਮਨ ਚਿਤ ਵਿਚ ਜਾਣਦੇ ਹਨ ਕਿ ਹਾਲੇ ਉਨ੍ਹਾਂ ਤੇ ਕ੍ਰਿਪਾ ਨਹੀਂ ਹੋ ਸਕਦੀ। ਹਾਲੇ ਉਹ ਅਧਿਕਾਰੀ ਨਹੀਂ ਹਨ ਪਰ ਫੇਰ ਵੀ ਉਹ ਇੱਛਾ ਰਖਦੇ ਹਨ। ਭਾਵ ਇੱਛਾ ਰੱਖਣ ਤੋਂ ਨਹੀਂ ਹੈ ਭਾਵ ਅਧਿਕਾਰੀ ਬਣਨ ਤੋਂ ਹੈ, ਜਦੋਂ ਤੁਸੀਂ ਅਧਿਕਾਰੀ ਬਣੋਗੇ ਕ੍ਰਿਪਾ ਜ਼ਰੂਰ ਹੋਵੇਗੀ ਹੀ।

15. ਅਰਜਨ ਕਹਿੰਦਾ ਹੈ ਹੇ ਦੇਵ! ਮੈਂ ਆਪ ਦੀ ਦੇਹ ਵਿਚ ਸਾਰੇ ਦੇਵਤਿਆਂ ਨੂੰ, ਜੀਵਾਂ ਨੂੰ ਅਨੇਕ ਸ਼ਕਲਾਂ ਵਿਚ, ਕਮਲ ਆਸਣ ਤੇ ਬੈਠੇ ਹੋਏ ਬ੍ਰਹਮਾ ਨੂੰ ਜੋ ਪ੍ਰਜਾ ਦਾ ਈਸ਼ਵਰ ਹੈ, ਸਾਰੇ ਰਿਸ਼ੀਆਂ ਨੂੰ ਤੇ ਦਿਬਯ ਸੱਪਾਂ ਨੂੰ ਦੇਖਿਆ ਹੈ।

16. ਹੇ ਵਿਸ਼ੇਸ਼ਵਰ! ਅਨੇਕ ਮੂੰਹ, ਅਨੇਕ ਨੇਤਰ, ਅਨੇਕ ਬਾਹਾਂ ਨਾਲ ਮੈਂ ਆਪ ਨੂੰ ਹਰ ਜਗ੍ਹਾ ਅਨੰਤ ਰੂਪਾਂ ਵਿਚ ਦੇਖਦਾ ਹਾਂ। ਨਾ ਆਪ ਦਾ ਆਦਿ ਹੈ ਨਾ ਆਪ ਦਾ ਮੱਧ ਹੈ, ਨਾ ਅੰਤ ਹੈ, ਮੈਂ ਸਾਰਾ ਵਿਸ਼ਵ ਹੀ ਆਪ ਦਾ ਰੂਪ ਦੇਖਦਾ ਹਾਂ।

17. ਮੈਂ ਆਪ ਨੂੰ ਮੁਕਟ, ਗੱਦਾ ਅਤੇ ਚੱਕਰ ਧਾਰਨ ਕੀਤੇ ਹੋਏ ਦੇਖਦਾ ਹਾਂ, ਆਪ ਤੇਜ, ਪੁੰਜ ਤੇ ਚੁਫੇਰੇ ਪ੍ਰਕਾਸ਼ਮਾਨ ਹੋ, ਲਾਟਾਂ ਛੱਡ ਰਹੀ ਅੱਗ ਅਤੇ ਸੂਰਜ ਵਾਂਗ ਆਪ ਦਾ ਪ੍ਰਕਾਸ਼ ਹੈ ਜੋ ਕਿ ਦੇਖਣਾ ਮੁਸ਼ਕਲ ਹੈ ਅਤੇ ਜੋ ਅਕਾਸ਼ ਵਿਚ ਹਰ ਪਾਸੇ ਅਪ੍ਰਮੇਯ ਹੋ ਕੇ ਫੈਲ ਰਿਹਾ ਹੈ।

18. ਆਪ ਹੀ ਅਵੀਨਾਸ਼ੀ ਹੋ, ਜਾਨਣਯੋਗ ਆਪ ਹੀ ਹੋ, ਆਪ ਹੀ ਸੰਸਾਰ ਦੇ ਅਧਾਰ ਹੋ, ਆਪ ਹੀ ਧਰਮ ਦੇ ਰਾਖੇ ਹੋ ਅਵਿਨਾਸ਼ੀ ਤੇ ਸਨਾਤਨ

ਪੁਰਖ ਆਪ ਹੀ ਹੋ। ਮੈਂ ਇਹ ਜਾਣ ਲਿਆ ਹੈ।

19. ਆਪ ਦਾ ਆਦਿ, ਮਧ ਅੰਤ ਨਹੀਂ ਬੇਅੰਤ ਸ਼ਕਤੀ, ਅਨੰਤ ਬਾਹਾਂ ਸੂਰਜ ਚੰਦਰਮਾ ਆਪ ਦੇ ਨੇਤਰ ਹਨ, ਪ੍ਰਕਾਸ਼ਮਾਨ ਅਗਨੀ ਆਪ ਦੇ ਮੂੰਹ ਵਿਚ ਦੇਖਦਾ ਹਾਂ, ਆਪ ਦੇ ਤੇਜ ਨਾਲ ਇਹ ਸਾਰਾ ਜਗਤ ਤਪਦਾ ਦੇਖਦਾ ਹਾਂ।

20. ਹੇ ਮਹਾਤਮਨ! ਅਕਾਸ਼ ਧਰਤੀ ਦੇ ਵਿਚ ਚਾਰੋਂ ਪਾਸੇ ਮੈਂ ਆਪ ਨੂੰ ਹੀ ਵਿਆਪਕ ਦੇਖਦਾ ਹਾਂ ਆਪ ਦੇ ਇਸ ਅਦਭੁੱਤ ਰੂਪ ਨੂੰ ਦੇਖ ਕੇ ਤ੍ਰੈਲੋਕ ਭੈ ਭੀਤ ਹੋ ਕੇ ਕੰਬ ਜਾਂਦੇ ਹਨ।

21. ਦੇਵਤਿਆਂ ਦੇ ਸਮੂੰਹ ਆਪ ਦੀ ਸ਼ਰਨ ਆਉਂਦੇ ਹਨ, ਬਹੁਤ ਸਾਰੇ ਭੈ ਭੀਤ ਹੋਏ ਹੱਥ ਜੋੜ ਕੇ ਪ੍ਰਾਥਨਾ ਕਰ ਰਹੇ ਹੁੰਦੇ ਹਨ। ਮਹਾਂਰਿਸ਼ੀ ਅਤੇ ਸਿੱਧਾਂ ਦੇ ਝੁੰਡ 'ਸੁਅਸਤੀ' ਕਹਿ ਕੇ ਅਨੇਕ ਪ੍ਰਕਾਰ ਨਾਲ ਆਪ ਦੀ ਹੀ ਉਸਤਤੀ ਕਰਦੇ ਹਨ।

22. ਸਾਰੇ ਰੁਦਰ, ਵਸੂ, ਸਾਧੂ, ਵਿਸ਼ਵਦੇਵ, ਅਸਵਨੀ ਕੁਮਾਰ, ਮਰੁਤ, ਉਸਮਪਾ, ਗੰਧਰਵ, ਯਖ, ਰਾਖਸ਼ ਤੇ ਸਿੱਧ ਸਭ ਵਿਸਮਤ ਹੋ ਕੇ ਆਪ ਵਲ ਦੇਖ ਰਹੇ ਹਨ।

23. ਹੇ ਮਹਾਂਬਾਹੋ! ਆਪ ਦੇ ਅਨੇਕ ਮੁਖ ਹਨ, ਨੇਤਰ ਹਨ, ਬਾਹਾਂ ਹਨ ਪੈਰ ਤੇ ਪੇਟ ਹਨ। ਬਹੁਤ ਸਾਰੀਆਂ ਦਾੜ੍ਹਾਂ ਦੇ ਕਾਰਨ ਆਪ ਦਾ ਰੂਪ ਬੜਾ ਵਿਕਰਾਲ ਦਿਖਦਾ ਹੈ ਇਸ ਮਹਾਨ ਰੂਪ ਨੂੰ ਦੇਖ ਕੇ ਸਭ ਵਿਆਕੁਲ ਹੋ ਜਾਂਦੇ ਹਨ, ਮੈਂ ਵੀ ਭੈ ਭੀਤ ਹੋ ਰਿਹਾ ਹਾਂ।

24. ਆਪ ਦਾ ਆਕਾਸ਼ ਨੂੰ ਛੂੰਹਦਾ ਹੋਇਆ ਸਿਰ, ਅਨੇਕ ਰੰਗਾਂ ਨਾਲ ਪ੍ਰਕਾਸ਼ਮਾਨ ਸਰੀਰ, ਅਤਿ ਹੀ ਵਿਸ਼ਾਲ ਮੂੰਹ ਵੱਡੇ ਵੱਡੇ ਅਗਨੀ ਦੀ ਤਰ੍ਹਾਂ ਲਾਟਾਂ ਮਾਰਦੇ ਨੇਤਰ ਹਨ, ਇਸ ਰੂਪ ਨੂੰ ਦੇਖ ਕੇ ਮੇਰੀ ਆਤਮਾ ਕੰਬ ਰਹੀ ਹੈ। ਹੇ ਵਿਸ਼ਨੂੰ! ਮੇਰੀ ਸ਼ਾਂਤੀ ਤੇ ਬਲ ਦੂਰ ਹੋ ਗਏ ਹਨ।

25. ਕਾਲ ਅਗਨੀ ਵਰਗੇ ਵੱਡੇ ਵੱਡੇ ਵਿਕਰਾਲ ਦੰਦਾਂ ਵਾਲੇ ਆਪ ਦੇ ਮੂੰਹ ਨੂੰ ਦੇਖ ਕੇ ਮੈਂ ਬਹੁਤ ਡਰ ਗਿਆ ਹਾਂ। ਮੈਨੂੰ ਦਿਸ਼ਾਵਾਂ ਦਾ ਵੀ ਪਤਾ ਨਹੀਂ ਰਿਹਾ, ਨਾ ਹੀ ਮੈਨੂੰ ਸ਼ਾਂਤੀ ਆਉਂਦੀ ਹੈ, ਹੇ ਦੇਵਤਿਆਂ ਦੇ ਸੁਆਮੀ। ਹੇ ਜਗਤ ਰਖਕ ਮੇਰੇ ਉਤੇ ਕ੍ਰਿਪਾ ਕਰੋ।

26, 27. ਸਭ ਰਾਜਿਆਂ ਦੇ ਸਮੂੰਹ ਸਮੇਤ ਧ੍ਰਿਤਰਾਸ਼ਟਰ ਦੇ ਪੁੱਤਰ, ਭੀਸ਼ਮ, ਦ੍ਰੋਣਾਚਾਰੀਆ, ਕਰੁਣ ਅਤੇ ਸਾਡੇ ਵਲ ਦੇ ਭੀ ਵੱਡੇ ਵੱਡੇ ਯੋਧਾ ਇਹ ਸਭ ਆਪ ਦੇ ਵਿਕਰਾਲ ਦੰਦਾਂ ਵਾਲੇ ਮੂੰਹ ਵਿਚ ਜਲਦੀ ਜਲਦੀ ਪੈ ਰਹੇ ਹਨ। ਅਨੇਕਾਂ ਦੇ ਸਿਰ ਆਪ ਦੇ ਦੰਦਾਂ ਵਿਚ ਪਿਸ ਗਏ ਹਨ ਤੇ ਉਥੇ ਹੀ ਉਲਝ ਕੇ

ਰਹਿ ਗਏ।

28. ਜਿਵੇਂ ਸਾਰੀਆਂ ਨਦੀਆਂ ਸਮੁੰਦਰ ਵਲ ਨੂੰ ਹੀ ਦੌੜਦੀਆਂ ਹਨ ਉਸ ਤਰ੍ਹਾਂ ਹੀ ਸਭ ਸੂਰਮੇ, ਆਦਮੀਆਂ ਦੇ ਟੋਲੇ ਆਪ ਦੇ ਮੂੰਹ ਜੋ ਜਲਦੀ ਹੋਈ ਅੱਗ ਵਰਗੇ ਹਨ - ਉਨ੍ਹਾਂ ਵਿਚ ਆਪ ਹੀ ਦੌੜ ਦੌੜ ਕੇ ਪੈ ਰਹੇ ਹੋ।

29. ਜਿਵੇਂ ਭਮੱਕੜ ਲਾਟਾਂ ਛਡਦੀ ਅੱਗ ਵਿਚ ਆਪਣੇ ਆਪ ਨੂੰ ਭਸਮ ਕਰ ਲੈਂਦਾ ਹੈ ਉਸ ਤਰ੍ਹਾਂ ਹੀ ਇਹ ਸਭ ਲੋਕ ਆਪਣੇ ਨਾਸ਼ ਲਈ ਆਪ ਦੇ ਮੂੰਹ ਵਿਚ ਪੈ ਰਹੇ ਹਨ।

30. ਹੇ ਵਿਸ਼ਨੂੰ! ਆਪ ਆਪਣੇ ਪ੍ਰਜ੍ਵਲਤ ਮੂੰਹ ਨਾਲ ਸਭ ਨੂੰ ਚੁਫੇਰਿਓਂ ਗ੍ਰਸਦੇ ਚਲੇ ਜਾਂਦੇ ਹੋ ਤੇ ਆਪ ਦਾ ਤੇਜ ਜੋ ਸਭ ਜਗ੍ਹਾ ਫੈਲ ਰਿਹਾ ਹੈ ਉਸ ਦੇ ਤੇਜ ਪ੍ਰਕਾਸ਼ ਨਾਲ ਸਾਰਾ ਜਗਤ ਤਪ ਰਿਹਾ ਹੈ।

31. ਅਜਿਹੇ ਉਗਰ ਰੂਪ ਵਾਲੇ ਆਪ ਕੌਣ ਹੋ? ਸੋ ਕਹੋ! ਮੈਂ ਆਪ ਨੂੰ ਨਮਸ਼ਕਾਰ ਕਰਦਾ ਹਾਂ। ਹੇ ਦੇਵ! ਕ੍ਰਿਪਾ ਕਰੋ, ਮੈਂ ਆਪ ਦੀ ਪ੍ਰਵਿਰਤੀ ਨਹੀਂ ਜਾਣ ਸਕਦਾ, ਇਸ ਲਈ ਮੈਂ ਆਪ ਨੂੰ ਜਾਨਣ ਦੀ ਇੱਛਾ ਕਰਦਾ ਹਾਂ।

ਅਰਜਨ, ਕ੍ਰਿਸ਼ਨ ਜੀ ਦਾ ਅਲੌਕਿਕ ਰੂਪ, ਵਿਰਾਟ ਰੂਪ ਤੇ ਸ੍ਰਿਸ਼ਟੀ ਦੇਖ ਕੇ ਬਹੁਤ ਹੈਰਾਨ ਹੈ ਤੇ ਭੈ ਭੀਤ ਹੈ। ਉਹ ਸਹਿਮ ਗਿਆ ਤੇ ਕਹਿੰਦਾ ਹੈ, "ਹੇ ਪ੍ਰਮਾਤਮਾ! ਮੈਂ ਤੁਹਾਡੇ ਵਿਸ਼ਵ ਸਰੀਰ ਵਿਚ ਸਾਰੀਆਂ ਸ਼ਕਤੀਆਂ ਦੇਖ ਰਿਹਾ ਹਾਂ, ਦੇਵਤਿਆਂ ਦਾ ਰਾਜਾ, ਸਗਲੀ ਸ੍ਰਿਸ਼ਟੀ ਦਾ ਰਾਜਾ ਦੇਖ ਰਿਹਾ ਹਾਂ, ਬ੍ਰਹਮਾ ਨੂੰ ਕਮਲ ਫੁਲ ਤੇ ਬਿਰਾਜਮਾਨ ਦੇਖ ਰਿਹਾ ਹਾਂ। ਰਿਸ਼ੀ ਦੇਖ ਰਿਹਾ ਹਾਂ, ਸਰਪ ਦੇਖ ਰਿਹਾ ਹਾਂ। ਉਹ ਦੇਖ ਰਿਹਾ ਹੈ ਕਿ ਪ੍ਰਮਾਤਮਾ ਕੇਵਲ ਦਿਆਲੂ ਕ੍ਰਿਪਾਲੂ ਹੀ ਨਹੀਂ ਹਨ, ਉਨ੍ਹਾਂ ਦਾ ਵਿਰਾਟ ਰੂਪ ਵੀ ਹੈ ਉਹ ਨਾਸ਼ਵਾਨ ਅਗਨੀ ਵੀ ਦੇਖ ਰਿਹਾ ਹੈ। ਜੀਵਨ ਨੂੰ, ਵਿਸ਼ਵ ਨੂੰ ਉਸ ਦੇ ਦ੍ਵੈਤ ਨਾਲ ਹੀ ਮੰਨ ਲੈਣਾ ਸਵੀਕਾਰ ਕਰ ਲੈਣਾ ਹੀ ਗਿਆਨ ਹੈ।

ਜੋ ਕੁਝ ਵੀ ਸੁਹਾਵਣਾ ਹੈ ਇਹ ਜ਼ਰੂਰੀ ਨਹੀਂ ਕਿ ਉਹ ਚੰਗਾ ਵੀ ਹੋਵੇਗਾ ਤੇ ਜੋ ਚੰਗਾ ਹੋਵੇਗਾ ਇਹ ਜ਼ਰੂਰੀ ਨਹੀਂ ਕਿ ਉਹ ਸੁਹਾਵਣਾ ਹੋਵੇਗਾ।

ਦੁਖ ਸੁਖ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਦੁਖ ਸੁਖ ਇਹ ਕੇਵਲ ਚੇਤਨਤਾ ਦੇ ਪੱਧਰ ਤੇ ਹੀ ਸੱਚ ਹਨ। ਜੋ ਕੁਝ ਵੀ ਇਕ ਆਮ ਮਨੁੱਖ ਦੇਖ ਸਕਦਾ ਹੈ ਉਹ ਬਹੁਤ ਸੀਮਤ ਹੈ ਕਿਉਂਕਿ ਉਸ ਦੀ ਨਿਗ੍ਹਾ ਹੀ ਸੀਮਤ ਹੈ, ਉਸ ਦੀ ਜਾਣਕਾਰੀ ਹੀ ਸੀਮਤ ਹੈ। ਜਦੋਂ ਚੇਤਨਤਾ ਉਚਾ ਉਠਦੀ ਹੈ, ਉਪਰ ਦੇ ਜੀਵਨ ਨੂੰ ਛੋਂਹਦੀ ਹੈ ਉਥੇ ਦਾ ਨਜ਼ਾਰਾ ਕੋਈ ਹੋਰ ਹੀ

ਹੈ। ਜੋ ਵੀ ਦੁਖ ਸੁਖ ਹੈ ਸਮੁੱਚੀ ਚੇਤਨਤਾ ਨੂੰ ਜਿਹੜਾ ਦੁਖ ਸੁਖ ਵਿਚ ਲਪੇਟ ਲੈਂਦਾ ਹੈ ਉਪਰ ਉਠ ਕੇ ਉਹ ਚੰਗਾ ਮੰਦਾ ਦੁਖ ਸੁਖ ਨਹੀਂ ਰਹਿੰਦਾ, ਉਸ ਦਾ ਕੋਈ ਹੋਰ ਹੀ ਰੂਪ ਬਣ ਜਾਂਦਾ ਹੈ, ਬਹੁਤ ਅਲੌਕਿਕ ਤੇ ਫਰਕ ਰੂਪ ਬਣ ਜਾਂਦਾ ਹੈ।

ਜਦੋਂ ਮਨ ਅੰਤਰਮੁਖੀ ਹੋ ਜਾਂਦਾ ਹੈ ਫੇਰ ਉਹ ਅੰਦਰ ਦੀਆਂ ਸਚਾਈਆਂ ਨਾਲ ਜੂਝਦਾ ਹੈ। ਫੇਰ ਮਨੁੱਖ ਹੈਰਾਨ ਰਹਿ ਜਾਂਦਾ ਹੈ ਇਹ ਦੇਖ ਕਿ ਕਿਵੇਂ ਇੰਦ੍ਰੀਆਂ ਦਾ ਪ੍ਰਤੱਖ ਗਿਆਨ ਚੇਤਨਤਾ ਦੇ ਪੱਧਰ ਤੇ ਸਾਰਾ ਹੀ ਬਦਲ ਜਾਂਦਾ ਹੈ। ਇਥੇ ਤੁਸੀਂ ਦੇਖ ਸਕਦੇ ਹੋ, ਨਰੀਖਣ ਕਰ ਸਕਦੇ ਹੋ, ਸਮਝ ਸਕਦੇ ਹੋ ਕਿ ਇੰਦ੍ਰੀਆਂ ਦਾ ਗਿਆਨ ਕਿੰਨਾ ਸੀਮਤ ਹੈ। ਜਦੋਂ ਸਾਰਾ ਮਨ ਨੇਤਰਾਂ ਦਾ ਰੂਪ ਧਾਰਨ ਕਰ ਲੈਂਦਾ ਹੈ ਤਾਂ ਹੀ ਇਹ ਅੰਦਰ ਦੇ ਸੂਖਮ ਨੂੰ ਪਕੜ ਲੈਂਦਾ ਹੈ, ਉਸ ਦੀਆਂ ਡੂੰਘਾਈਆਂ ਤਕ ਪਹੁੰਚ ਜਾਂਦਾ ਹੈ, ਫੇਰ ਇਹ ਅਨੰਤ ਨੂੰ ਜਾਣ ਲੈਂਦਾ ਹੈ ਤੇ ਇਹ ਜਾਨਣ ਲਈ ਫੇਰ ਉਸ ਨੂੰ ਗਿਆਨ ਇੰਦ੍ਰੀਆਂ ਦੀ ਲੋੜ ਨਹੀਂ ਪੈਂਦੀ। ਇਹ ਨਰੀਖਣ ਕਰ ਸਕਦਾ ਹੈ, ਦੇਖ ਸਕਦਾ ਹੈ, ਨਿਰਣਾ ਕਰ ਸਕਦਾ ਹੈ ਇਕ ਰਿਸ਼ੀ ਦੀ ਤਰ੍ਹਾਂ ਉਸ ਅਨੰਤ ਦਾ ਉਸ ਸਮੁੱਚੇ ਦਾ ਜੋ ਕਣ ਕਣ ਵਿਚ ਸਮਾਇਆ ਹੈ।

ਜਦੋਂ ਮਨ ਪਰਮ ਚੇਤਨਤਾ ਵਿਚ ਚਲਾ ਜਾਂਦਾ ਹੈ, ਮਨ ਨੂੰ ਉਸ ਇਕ ਦਾ ਗਿਆਨ ਹੋ ਜਾਂਦਾ ਹੈ, ਮਨ ਨੂੰ ਸਮੁੱਚੇ ਦੇ ਪ੍ਰਗਟਾਵੇ ਦਾ ਕਾਰਣ ਸਮਝ ਆ ਜਾਂਦਾ ਹੈ, ਸੋਝੀ ਹੋ ਜਾਂਦੀ ਹੈ ਜੋ ਕੁਝ ਵੀ ਇੰਦ੍ਰੀਆਂ ਨਾਲ ਅਨੁਭਵ ਹੁੰਦਾ ਹੈ ਉਸ ਦੀ ਵੀ ਸੋਝੀ ਪੈ ਜਾਂਦੀ ਹੈ। ਜਿਹੜੀ ਭਿੰਨਤਾ ਸਮੁੱਚੇ ਦੇ ਪੱਧਰ ਤੇ ਦਿਸਦੀਆਂ ਹਨ ਉਹ ਚੇਤਨਤਾ ਦੇ ਸਮੁੱਚੇ ਪੱਧਰ ਤੇ ਦਿਸਦੀਆਂ ਹਨ ਉਹ ਅੰਦਰ ਦੇ ਪੱਧਰ ਤੇ ਨਹੀਂ ਹਨ ਕਿਉਂਕਿ ਸਹਿਜ ਦੇ ਪੱਧਰ ਤੇ ਸਭ ਕੁਝ ਇਕਮਿਕ ਹੋ ਕੇ ਹੀ ਰਹਿੰਦਾ ਹੈ। ਜੋ ਨਿਯਮਬੱਧ ਹੈ, ਨਿਯਮ ਤੋਂ ਬਾਹਰ ਹੈ, ਚੰਗਾ ਹੈ, ਬੁਰਾ ਹੈ, ਸੁਖਦਾਈ ਹੈ, ਦੁਖਦਾਈ ਹੈ ਇਹ ਬਾਹਰ ਦੇ ਸੰਸਾਰ ਦੇ ਅਨੁਭਵ ਹਨ ਇਨ੍ਹਾਂ ਦਾ ਫੇਰ ਅਨੁਭਵ ਬਦਲ ਜਾਂਦਾ ਹੈ ਬਾਹਰ ਦੇ ਸੰਸਾਰ ਵਿਚ ਜੋ ਦਰਖਤ ਹੈ, ਪਹਾੜ ਹੈ ਸਾਗਰ ਹੈ, ਉਹ ਸੂਖਮ ਪੱਧਰ ਤੇ ਕੇਵਲ ਇਕ ਬੀਜ ਰੂਪ ਵਿਚ ਹੀ ਦੇਖਿਆ ਜਾਂਦਾ ਹੈ ਜੋ ਆਪਣਾ ਪੂਰਾ ਆਕਾਰ ਲੈਣ ਦੇ ਯੋਗ ਹਨ। ਉਸ ਪੱਧਰ ਤੇ ਗਿਆਨ, ਸੋਝੀ ਉਸ ਦੀ ਪਕੜ ਬਿਲਕੁਲ ਵੱਖਰਾ ਹੁੰਦਾ ਹੈ।

ਰਿਸ਼ੀ ਸਭ ਕੁਝ ਸਮੁੱਚੇ ਦੇਖਦੇ ਹਨ, ਪੂਰਾ ਦੇਖਦੇ ਹਨ ਉਸ ਦੀ ਸੰਪੂਰਨਤਾ ਵਿਚ ਦੇਖਦੇ ਹਨ ਜਦੋਂ ਕਿ ਇਕ ਆਮ ਦਿਮਾਗ ਇਸ ਤਰ੍ਹਾਂ ਦੇਖਣ ਦੇ ਕਾਬਲ ਨਹੀਂ ਕਿਉਂਕਿ ਉਸ ਕੋਲ ਦਿਬਯ ਨੇਤਰ ਨਹੀਂ ਹਨ। ਸੰਸਾਰ ਵਿਚ ਬਹੁਤ ਦੇਰ ਰਹਿਣ ਨਾਲ ਸੰਸਾਰ ਦੀਆਂ ਚੀਜ਼ਾਂ ਨਾਲ ਮੋਹ ਪੈ ਜਾਂਦਾ ਹੈ ਉਸ ਨਾਲ ਸੰਸਾਰ ਧੁੰਦਲਾ ਦਿਸਣ ਲਗ ਪੈਂਦਾ ਹੈ। ਜਦੋਂ ਦਿਬਯ ਨੇਤਰ ਖੁਲ੍ਹ ਜਾਂਦੇ ਹਨ ਤਾਂ ਸੰਸਾਰ ਦਾ ਦ੍ਰਿਸ਼ ਬਦਲ ਜਾਂਦਾ ਹੈ,

ਇਕ ਨਵਾਂ ਜੀਵਨ ਸ਼ੁਰੂ ਹੁੰਦਾ ਹੈ, ਸਚਾਈ ਬਿਲਕੁਲ ਅਲੱਗ ਤਰ੍ਹਾਂ ਸਾਮ੍ਹਣੇ ਆਉਂਦੀ ਹੈ।

ਜਿਸ ਜਗਿਆਸੂ ਨੇ ਆਪਣੀ ਸਭ ਤੋਂ ਮੁਢਲੀ ਸ਼ਕਤੀ  ਕੁੰਡਲਨੀ ਨਹੀਂ ਜਾਗਰਣ ਕੀਤੀ, ਜਿਸ ਦਾ ਛੋਟੇ ਤੋਂ ਛੋਟਾ ਅਨੁਭਵ ਵੀ ਸਮੁੱਚੇ ਪੱਧਰ ਤੇ ਅਸਰ ਕਰਦਾ ਹੈ; ਥੱਲੇ ਦੇ ਪੱਧਰ ਦਾ ਮਨ ਕੇਵਲ ਬੁਰਾਈ ਦੈਂਤ, ਭੂਤ ਪ੍ਰੇਤ ਦੇਖਦਾ ਹੈ ਕਿਉਂਕਿ ਉਸ ਦਾ ਥੱਲੇ ਦੇ ਪੱਧਰ ਦਾ ਮਨ ਥੱਲੇ ਦੀ ਬੁੱਧੀ ਦੇ ਪ੍ਰਭਾਵ ਥੱਲੇ ਹੈ। ਜਦੋਂ ਕੁੰਡਲਨੀ ਜਾਗਰਣ ਹੋ ਜਾਂਦੀ ਹੈ ਜਦੋਂ ਚੇਤਨਤਾ ਦਾ ਉਪਰ ਦਾ ਪੱਧਰ ਹੋਰ ਉਪਰ ਹੋ ਜਾਂਦਾ ਹੈ, ਸੂਖਮ ਹੋ ਜਾਂਦਾ ਹੈ ਸਾਰੀਆਂ ਉਚਾਈਆਂ ਪਾਰ ਕਰ ਜਾਂਦਾ ਹੈ, ਫੇਰ ਜਗਿਆਸੂ ਨੂੰ ਸੂਖਮ ਪੱਧਰ ਦੇ ਅਨੁਭਵ ਹੋਣ ਲਗ ਪੈਂਦੇ ਹਨ, ਸਭ ਕੁਝ ਸੋਹਣਾ ਦਿਸਣ ਲਗ ਪੈਂਦਾ ਹੈ। ਜਦੋਂ ਤੁਸੀਂ ਇਕ ਚੀਜ਼ ਇਕ ਪੱਧਰ ਤੋਂ ਦੇਖਦੇ ਹੋ ਉਹ ਬੜੀ ਭੱਦੀ ਲਗਦੀ ਹੈ, ਕੋਹਝੀ ਲਗਦੀ ਹੈ ਪਰ ਜਦੋਂ ਤੁਸੀਂ ਉਸੇ ਚੀਜ਼ ਨੂੰ ਦੂਸਰੇ ਪੱਖੋਂ ਦੇਖਦੇ ਹੋ, ਓਹੀ ਚੀਜ਼ ਸੋਹਣੀ ਲਗਣ ਲਗ ਪੈਂਦੀ ਹੈ, ਦੇਖਣ ਦੇ ਪੱਧਰ ਦਾ ਬੜਾ ਭਾਰਾ ਆਪਣਾ ਸਥਾਨ ਹੈ। ਜਦੋਂ ਤੁਸੀਂ ਉਤਮ ਚੇਤਨਤਾ ਤੇ ਪਹੁੰਚ ਜਾਂਦੇ ਹੋ ਤੇ ਸਭ ਕੁਝ ਉਸ ਅਲੌਕਿਕਤਾ ਨਾਲ ਦੇਖਦੇ ਹੋ, ਸਭ ਕੁਝ ਬਹੁਤ ਹੀ ਵਖਰਾ ਨਜ਼ਰ ਆਉਂਦਾ ਹੈ, ਅਨੰਦ ਮਹਿਸੂਸ ਹੁੰਦਾ ਹੈ, ਸ਼ਾਂਤੀ ਮਹਿਸੂਸ ਹੁੰਦੀ ਹੈ, ਕੋਈ ਦ੍ਵੰਦ ਨਹੀਂ ਦਿਸਦਾ, ਕੋਈ ਗੜਬੜ ਨਹੀਂ ਦਿਸਦੀ ਕਿਉਂਕਿ ਉਥੇ ਤੇ ਸਭ ਕੁਝ ਪੂਰਾ ਹੀ ਦਿਸਦਾ ਹੈ, ਕੋਈ ਭਿੰਨਤਾ ਨਹੀਂ ਦਿਸਦੀ, ਨਾ ਹੀ ਅਧੂਰਾਪਨ ਦਿਸਦਾ ਹੈ, ਕੇਵਲ ਇਕ ਹੀ ਇਕ ਉਹ ਹੀ ਨਜ਼ਰ ਆਉਂਦਾ ਹੈ।

ਜੇ ਅਸੀਂ ਇਹ ਸਭ ਕੁਝ ਦੇਖੀਏ, ਸਮੁੱਚਾ, ਸੂਖਮ, ਸੂਖਮ ਤੋਂ ਸੂਖਮ ਪੱਧਰ ਦੇਖੀਏ ਤੇ ਉਨ੍ਹਾਂ ਨੂੰ ਇਕੱਠਾ ਕਰੀਏ ਸਮੁੱਚਾ ਦੇਖੀਏ ਉਹ ਇਕ ਅਲੌਕਿਕ ਦ੍ਰਿਸ਼ ਹੀ ਹੋਵੇਗਾ। ਜਦੋਂ ਤੁਸੀਂ ਅੰਤਰਮੁਖੀ ਹੁੰਦੇ ਹੋ ਤੇ ਅੰਤਰ ਚੇਤਨਤਾ ਦੀ ਗਹਿਰਾਈ ਤਕ ਪਹੁੰਚਦੇ ਹੋ ਜਿਥੋਂ ਵਿਸ਼ਵ ਦੀ ਸਾਰੀ ਭਿੰਨਤਾ ਆਕਾਰ ਲੈਂਦੀ ਹੈ ਤਾਂ ਪਤਾ ਲਗਦਾ ਹੈ ਕਿ ਸਾਰੀ ਭਿੰਨਤਾ ਦਾ ਇਕ ਹੀ ਸਰੋਤ ਹੈ – ਉਹ ਹੈ ਏਕਤਾ। ਏਕਤਾ ਵਿਚ ਭਿੰਨਤਾ ਇਹ ਹੀ ਜੀਵਨ ਦਾ ਨਿਯਮ ਹੈ। ਜਦੋਂ ਤੁਸੀਂ ਦੋਨੋਂ ਦੇਖਣ ਲਗ ਪੈਂਦੇ ਹੋ, ਤੁਸੀਂ ਹੈਰਾਨ ਹੋ ਜਾਂਦੇ ਹੋ, ਅੰਤਰ ਤੇ ਬਾਹਰ ਦਾ ਕਿੰਨਾ ਭੇਦ ਹੈ।

ਆਪਣੇ ਦਿਬਯ ਨੇਤਰ ਰਾਹੀਂ ਅਰਜਨ ਵਿਸ਼ਵ ਦੀ ਡੂੰਘਾਈ ਦਾ ਦ੍ਰਿਸ਼ ਦੇਖ ਸਕਦਾ ਹੈ, ਮਰਨਾ ਜਨਮ ਲੈਣਾ ਉਸ ਇਕਦੀ ਗਹਿਰਾਈ ਤਕ ਜਾਣਾ ਤੇ ਫੇਰ ਨਵੇਂ ਸਿਰਿਓਂ ਸਭ ਕੁਝ ਸ਼ੁਰੂ ਕਰਨਾ। ਉਸ ਦ੍ਰਿਸ਼ ਨੂੰ ਦੇਖ ਕੇ ਅਰਜਨ ਮਹਿਸੂਸ ਕਰਦਾ ਹੈ ਕਿ ਉਸ ਦੀ ਉਪਰਾਮਤਾ ਉਸ ਦਾ ਦੁਖ ਸਭ ਕੁਝ ਉਸ ਦਾ ਆਪਣਾ ਹੀ ਰਚਿਆ ਹੋਇਆ ਹੈ, ਇਹ ਉਸ ਦੇ ਮੋਹ ਦਾ ਪਰਿਣਾਮ ਹੈ। ਪ੍ਰਮਾਤਮਾ ਦੀ ਕ੍ਰਿਪਾ ਨਾਲ ਇਕ ਮਹਾਂਪੁਰਖ ਜਾਂ ਗੁਰੂ ਹੀ ਵਿਸ਼ਵ ਦਾ ਦ੍ਰਿਸ਼ ਦੇਖ ਸਕਦੇ ਹਨ। ਜਦੋਂ ਮਨੁੱਖ ਦੇ ਯਤਨਾਂ ਦਾ ਜ਼ੋਰ ਸਿਖਰ

ਤੇ ਪਹੁੰਚ ਜਾਂਦਾ ਹੈ ਉਦੋਂ ਸ਼ਕਤੀ ਪੈਦਾ ਹੁੰਦੀ ਹੈ, ਉਤਮ ਸ੍ਵੈ ਪੈਦਾ ਹੁੰਦਾ ਹੈ। ਜਿਨ੍ਹਾਂ ਤੇ ਕ੍ਰਿਪਾ ਹੁੰਦੀ ਹੈ ਉਨ੍ਹਾਂ ਨੂੰ ਗਿਆਨ ਪ੍ਰਾਪਤ ਹੁੰਦਾ ਹੈ, ਗਿਆਨ ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ, ਮਨ ਦੇ ਰਾਹੀਂ ਨਹੀਂ, ਦ੍ਰਿਸ਼ਟੀ ਰਾਹੀਂ ਗਿਆਨ ਪ੍ਰਾਪਤ ਹੁੰਦਾ ਹੈ।

ਪ੍ਰਸ਼ਨ ਉਠਦਾ ਹੈ, ਕ੍ਰਿਸ਼ਨ ਜੀ ਨੇ ਪਹਿਲੇ ਹੀ ਅਰਜਨ ਨੂੰ ਦਿਬਯ ਦ੍ਰਿਸ਼ਟੀ ਕਿਉਂ ਨਹੀਂ ਦੇ ਦਿਤੀ? ਉਤਰ ਹੈ ਕਿ ਉਸ ਸਮੇਂ ਅਰਜਨ ਹਾਲੇ ਦਿਬਯ ਦ੍ਰਿਸ਼ਟੀ ਪ੍ਰਾਪਤ ਕਰਨ ਲਈ ਤਿਆਰ ਹੀ ਨਹੀਂ ਸੀ। ਉਹ ਘਬਰਾਇਆ ਹੋਇਆ ਸੀ, ਉਹ ਉਦਾਸ ਸੀ, ਉਪਰਾਮ ਸੀ। ਅੱਜ ਦੇ ਸਮੇਂ ਵੀ ਜਗਿਆਸੂ ਗੁਰੂ ਕੋਲ ਜਾਂਦਾ ਹੈ, ਉਹ ਘਬਰਾਇਆ ਹੁੰਦਾ ਹੈ ਤੇ ਗੁਰੂ ਉਸ ਨੂੰ ਉਪਰ ਦੇ ਪੱਧਰ ਦੇ ਅਨੁਭਵ ਲਈ ਤਿਆਰ ਕਰਦਾ ਹੈ ਉਸ ਨੂੰ ਪਰਮ ਚੇਤਨ ਲਈ ਤਿਆਰ ਕਰਦਾ ਹੈ, ਪਰ ਜਦੋਂ ਤਕ ਜਗਿਆਸੂ ਪੂਰੀ ਤਰ੍ਹਾਂ ਲੈਣ ਲਈ ਤਿਆਰ ਨਾ ਹੋਵੇ ਗੁਰੂ ਉਸ ਨੂੰ ਸੂਖਮ ਗਿਆਨ ਤੇ ਤਰੀਕੇ ਨਹੀਂ ਦਸਦਾ। ਜਦੋਂ ਅਰਜਨ ਨੇ ਕ੍ਰਿਸ਼ਨ ਜੀ ਨੂੰ ਗੁਰੂ ਮੰਨ ਲਿਆ,ਪ੍ਰਮਾਤਮਾ ਦਾ ਰੂਪ ਮੰਨ ਲਿਆ ਹੈ, ਜੀਵਨ ਤੇ ਵਿਸ਼ਵ ਦਾ ਗਿਆਨ ਲੈ ਲਿਆ ਹੈ, ਹੁਣ ਉਹ ਵਿਸ਼ਵ ਦਾ ਦ੍ਰਿਸ਼ ਦੇਖਣ ਲਈ ਤਿਆਰ ਹੈ। ਸੰਸਾਰ ਨੂੰ ਵੰਡਿਆ ਦੇਖਣ ਤੋਂ ਬਾਅਦ ਅਰਜਨ ਹੁਣ ਪ੍ਰਮਾਤਮਾ ਦਾ ਸਮੁੱਚਾ ਰੂਪ ਦੇਖਣਾ ਚਾਹੁੰਦਾ ਹੈ ਜਿਸ ਵਿਚ ਵਿਸ਼ਵ ਦੇ ਵੱਖ ਵੱਖ ਰੂਪ ਸਮਾਏ ਹੋਏ ਹਨ। ਅਰਜਨ ਨੂੰ ਉਹ ਭਿਆਨਕ ਲਗਦਾ ਹੈ ਜਦੋਂ ਜਗਿਆਸੂ ਦੀ ਕੁੰਡਲਨੀ ਜਾਗਰਣ ਹੁੰਦੀ ਹੈ ਉਸ ਦੇ ਅਨੁਭਵ ਇਸ ਤਰ੍ਹਾਂ ਦੇ ਹੀ ਹੁੰਦੇ ਹਨ, ਕਈ ਵਾਰੀ ਉਹ ਐਨਾ ਭੈ ਭੀਤ ਹੋ ਜਾਂਦਾ ਹੈ, ਉਹ ਸਾਰੇ ਅਭਿਆਸ ਛੱਡ ਦੇਣਾ ਚਾਹੁੰਦਾ ਹੈ, ਉਸ ਸਮੇਂ ਇਕ ਯੋਗ ਅਧਿਆਪਕ ਇਕ ਯੋਗ ਗੁਰੂ ਉਸ ਦਾ ਅਭਿਆਸ ਜਾਰੀ ਰੱਖਣ ਵਿਚ ਸਹਾਇਤਾ ਕਰਦਾ ਹੈ ਜਦੋਂ ਤਕ ਉਹ ਪਰਮ ਚੇਤਨਤਾ ਤਕ ਨਹੀਂ ਪਹੁੰਚ ਜਾਂਦਾ।

# ਅਧਿਆਏ 12

ਅਰਜਨ ਉਪਵਾਚ –

1. ਇਸ ਪ੍ਰਕਾਰ ਭਗਵਾਨ ਦੇ ਬਚਨਾਂ ਨੂੰ ਸੁਣ ਕੇ ਅਰਜਨ ਬੋਲਿਆ, ਹੇ ਮਨਮੋਹਨ! ਜੋ ਅਨਿੰਨ ਪ੍ਰੇਮੀ ਭਗਤ ਜਨ ਇਸ ਪੂਰਬ ਯੁਕਤ ਪ੍ਰਕਾਰ ਨਾਲ ਨਿਰੰਤਰ ਆਪ ਦੇ ਭਜਨ ਧਿਆਨ ਵਿਚ ਲਗੇ ਹੋਏ, ਆਪ ਸਰਗੁਨ ਰੂਪ ਪ੍ਰਮੇਸ਼ਰ ਨੂੰ ਅਤਿ ਸ੍ਰੇਸ਼ਟ ਭਾਵ ਨਾਲ ਉਪਾਸ਼ਦੇ ਹਨ ਅਤੇ ਜੋ ਅਬਿਨਾਸ਼ੀ, ਸਚਿਦਾਨੰਦ, ਨਿਰਾਕਾਰ ਨੂੰ ਹੀ ਉਪਾਸਦੇ ਹਨ ਇਹਨਾਂ ਦੋਹਾਂ ਪ੍ਰਕਾਰ ਦੇ ਭਗਤਾਂ ਵਿਚੋਂ ਉਤਮ ਯੋਗ ਵੇਤਾ ਕੌਣ ਹੈ?

ਅਰਜਨ ਜੋ ਇਹ ਦ੍ਰਿਸ਼ ਦੇਖਦਾ ਹੈ, ਉਹ ਬਹੁਤ ਥੋੜ੍ਹੀ ਦੇਰ ਲਈ ਸੀ। ਉਸ ਨੂੰ ਛੇਤੀ ਹੀ ਸੰਸਾਰ ਵਿਚ ਵਾਪਸ ਆਉਣਾ ਪਿਆ ਤੇ ਸੰਸਾਰਕ ਕਰਮ ਕਰਨੇ ਪਏ। ਪਰ ਇਕ ਅਲੌਕਿਕ ਘਟਨਾ ਜ਼ਰੂਰ ਅਰਜਨ ਦੇ ਜੀਵਨ ਵਿਚ ਵਰਤ ਗਈ ਤੇ ਉਸ ਨੂੰ ਕ੍ਰਿਸ਼ਨ, ਉਨ੍ਹਾਂ ਦੀ ਸਿਖਿਆ ਤੇ ਬਹੁਤ ਵਿਸ਼ਵਾਸ਼ ਹੋ ਗਿਆ। ਜੋ ਵੀ ਘਟਨਾਵਾਂ ਤੇ ਦ੍ਰਿਸ਼ ਇਛੁਕ ਦੇ ਜੀਵਨ ਵਿਚ ਵਾਪਰਦੇ ਹਨ ਇਹ ਆਤਮ ਮਾਰਗ ਤੇ ਚੱਲਣ ਦੇ ਇਕ ਮਾਤ੍ਰ ਚਿੰਨ ਹੁੰਦੇ ਹਨ ਪਰ ਇਹ ਕੋਈ ਪ੍ਰਾਪਤੀ ਨਹੀਂ, ਪੂਰਤੀ ਨਹੀਂ। ਪ੍ਰਾਪਤੀ ਤਾਂ ਆਤਮ ਸਿੱਧੀ ਹੈ।

ਬਾਰ੍ਹਵੇਂ ਅਧਿਆਇ ਦਾ ਪਹਿਲਾ ਸ਼ਲੋਕ ਅਰਜਨ ਵਲੋਂ ਇਕ ਪ੍ਰਸ਼ਨ ਹੈ, ਇਹ ਪ੍ਰਸ਼ਨ ਕ੍ਰਿਸ਼ਨ ਦਾ ਵਿਸ਼ਾਲ ਰੂਪ ਦੇਖਣ ਤੋਂ ਬਾਅਦ ਉਠਿਆ। ਅਰਜਨ ਇਹ ਜਾਨਣਾ ਚਾਹੁੰਦਾ ਹੈ ਕਿ ਉਹ ਨਿਰਗੁਣ ਤੇ ਸਮਾਧੀ ਲਗਾਏ ਕਿ ਸਰਗੁਣ ਸਰੂਪ ਤੇ ਲਗਾਏ। ਸਤਿ ਤਾਂ ਸਾਰੀਆਂ ਇੰਦ੍ਰੀਆਂ ਤੋਂ ਪਰ੍ਹੇ ਹੈ, ਮਨ ਤੋਂ ਪਰ੍ਹੇ ਹੈ, ਬੁੱਧੀ ਤੋਂ ਪਰ੍ਹੇ ਹੈ, ਜਦੋਂ ਤਕ ਤੁਸੀਂ ਸਤਿ ਦੀ ਪ੍ਰਾਪਤੀ ਨਹੀਂ ਕਰ ਲੈਂਦੇ, ਉਦੋਂ ਤਕ ਮੁਕਤੀ ਸੰਭਵ ਨਹੀਂ। ਜੇ ਆਤਮ ਸਿੱਧੀ ਪ੍ਰਾਪਤ ਹੋ ਵੀ ਜਾਵੇ ਤਾਂ ਵੀ ਪ੍ਰਸ਼ਨ ਉਠਦਾ ਹੈ, ਮਨੁੱਖ ਨੂੰ ਸੰਸਾਰ ਵਿਚ ਕਿਵੇਂ ਵਿਚਰਨਾ ਚਾਹੀਦਾ ਹੈ? ਉਹ ਕਿਵੇਂ ਰਹੇ, ਕਿਵੇਂ ਕਰਮ ਕਰੇ? ਸਮਝਣ ਵਾਲੀ ਗੱਲ ਤਾਂ ਇਹ ਹੈ ਕਿ ਉਹ ਸੰਸਾਰ ਵਿਚ ਕਿਵੇਂ ਵਿਚਰੇ।

2. ਇਸ ਪ੍ਰਕਾਰ ਅਰਜਨ ਦੇ ਪੁਛਣ ਤੇ ਸ੍ਰੀ ਕ੍ਰਿਸ਼ਨ ਭਗਵਾਨ ਬੋਲੇ, ਹੇ ਅਰਜਨ! ਮੇਰੇ ਵਿਚ ਮਨ ਨੂੰ ਇਕਾਗਰ ਕਰਕੇ ਨਿਰੰਤਰ ਮੇਰੇ ਭਜਨ, ਧਿਆਨ ਵਿਚ ਲਗੇ ਹੋਏ ਜੋ ਭਗਤ ਜਨ ਅਤੀ ਸ੍ਰੇਸ਼ਠ ਸ਼ਰਧਾ ਨਾਲ ਜੁੜੇ ਹੋਏ ਸਰਗੁਨ ਰੂਪ ਪਰਮੇਸ਼ਰ ਨੂੰ ਭਜਦੇ ਹਨ ਉਹ ਮੈਨੂੰ ਯੋਗੀਆਂ ਤੋਂ ਵੀ ਅਤੀ ਉਤਮ ਯੋਗੀ ਮਾਨਯ ਹਨ ਅਰਥਾਤ ਉਹਨਾਂ ਨੂੰ ਮੈਂ ਅਤੀ ਸ੍ਰੇਸ਼ਟ ਮੰਨਦਾ ਹਾਂ।

ਬਹੁਤ ਸਾਰੇ ਲੋਕੀ ਨਿਰਾਕਾਰ ਤੇ ਧਿਆਨ ਲਗਾਉਣਾ ਸੋਚ ਵੀ ਨਹੀਂ

ਸਕਦੇ। ਘਟ ਹੀ ਇਹੋ ਜਿਹੇ ਵਡਭਾਗੇ ਹਨ ਜਿਹੜੇ ਉਹ ਅਨੰਤ ਦੀ ਅਵਸਥਾ ਨੂੰ ਪ੍ਰਾਪਤ ਹੁੰਦੇ ਹਨ। ਭਗਤੀ ਦਾ ਮਾਰਗ ਉਨ੍ਹਾਂ ਲਈ ਉਤਮ ਹੈ ਜਿਹੜੇ ਨਿਰੋਲ ਆਤਮ ਸਿੱਧੀ ਪ੍ਰਾਪਤ ਨਹੀਂ ਕਰ ਸਕਦੇ। ਕਿਸੇ ਵੀ ਆਕਾਰ ਤੋਂ ਬਿਨਾਂ ਧਿਆਨ ਲਗਾਉਣਾ ਤੇ ਸੋਚਣਾ ਬਹੁਤ ਔਖਾ ਲਗਦਾ ਹੈ। ਇਹ ਮਹਿਸੂਸ ਹੁੰਦਾ ਹੈ ਕਿ ਮਨ ਕਿਸ ਤੇ ਇਕਾਗਰ ਕੀਤਾ ਜਾਵੇ। ਕ੍ਰਿਸ਼ਨ ਜੀ ਅਰਜਨ ਨੂੰ ਕਹਿੰਦੇ ਹਨ ਕਿ ਉਹ ਦ੍ਰਿਸ਼ਟ ਰੂਪ ਤੇ ਹੀ ਆਪਣਾ ਮਨ ਇਕਾਗਰ ਕਰੇ ਤੇ ਪੂਰੇ ਭਰੋਸੇ ਤੇ ਨਿਸ਼ਠਾ ਨਾਲ ਧਿਆਨ ਲਗਾਵੇ। ਇਛੁਕ ਸ਼ਿਸ਼ ਆਪਣਾ ਮਨ ਇਕਾਗਰ ਨਹੀਂ ਕਰ ਸਕਦਾ ਜੇ ਉਸ ਦਾ ਭਰੋਸਾ ਨਾ ਹੋਵੇ, ਉਸ ਦੀ ਨਿਸ਼ਠਾ ਨਾ ਹੋਵੇ। ਧਿਆਨ ਕੇਵਲ ਇਕ ਆਦਤ ਨਹੀਂ ਹੋ ਸਕਦੀ, ਬਿਨਾਂ ਭਰੋਸੇ ਤੇ ਨਿਸ਼ਠਾ ਤੋਂ ਧਿਆਨ ਨਹੀਂ ਲਗਾਇਆ ਜਾ ਸਕਦਾ। ਭਾਵੇਂ ਤੁਸੀਂ ਭਗਤੀ ਮਾਰਗ ਤੇ ਚੱਲੋ ਭਾਵੇਂ ਗਿਆਨ ਮਾਰਗ ਤੇ ਚੱਲੋ। ਇਕਾਗਰ ਮਨ ਦਾ ਹੋਣਾ ਅਤਿ ਅਵੱਸ਼ਕ ਹੈ। ਬਿਨਾਂ ਧਿਆਨ ਦੇ ਇਕਾਗਰ ਮਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਆਤਮ ਮਾਰਗ ਤੇ ਚੱਲਣ ਲਈ ਇਕਾਗਰ ਮਨ ਤੇ ਧਿਆਨ ਦੋਨੋਂ ਹੀ ਬਹੁਤ ਲੋੜੀਂਦੇ ਹਨ। ਇਕ ਆਮ ਸਾਧਕ ਜਾਂ ਇਛੁਕ ਕੋਲ ਠੋਸ ਇਕਾਗਰਤਾ ਤੇ ਧਿਆਨ ਹੋਣਾ ਲੋੜੀਂਦਾ ਹੈ, ਇਸ ਤੋਂ ਪਹਿਲਾਂ ਕਿ ਉਸ ਦਾ ਮਨ ਕਿਸੇ ਉਚੀ ਪ੍ਰਾਪਤੀ ਦੀ ਚੇਸ਼ਟਾ ਕਰੇ।

ਕ੍ਰਿਸ਼ਨ ਜੀ ਕਹਿੰਦੇ ਹਨ ਜਿਹੜੇ ਕੇਵਲ ਉਨ੍ਹਾਂ ਨੂੰ ਹੀ ਸਮਰਪਣ ਕਰ ਦਿੰਦੇ ਹਨ, ਕੇਵਲ ਉਨ੍ਹਾਂ ਦੀ ਹੀ ਉਪਾਸਨਾ ਕਰਦੇ ਹਨ, ਉਹ ਉਤਮ ਭਗਤ ਹੁੰਦੇ ਹਨ। ਇਹੋ ਜਿਹੇ ਭਗਤਾਂ ਦੇ ਤਿੰਨ ਵੱਡੇ ਗੁਣ ਹੁੰਦੇ ਹਨ, ਮਨ ਨਾਲ ਪੂਰਨ ਸਮਰਪਣ, ਜੀਵਨ ਦਾ ਪੂਰਾ ਸਮਰਪਣ ਤੇ ਪੂਰੇ ਭਰੋਸੇ ਨਾਲ ਭਗਤੀ। ਕੇਵਲ ਇਸ ਤਰ੍ਹਾਂ ਕਰਨ ਨਾਲ ਹੀ ਭਗਤੀ ਦਾ ਪੂਰਾ ਫਲ ਪ੍ਰਾਪਤ ਹੁੰਦਾ ਹੈ, ਇਸ ਤਰ੍ਹਾਂ ਕਰਨ ਤੋਂ ਬਾਅਦ ਹੀ ਕਿਸੇ ਨੂੰ ਪੂਰਨ ਭਗਤ ਕਿਹਾ ਜਾ ਸਕਦਾ ਹੈ। ਕ੍ਰਿਸ਼ਨ ਜੀ ਅਰਜਨ ਨੂੰ ਸਲਾਹ ਦਿੰਦੇ ਹਨ, ਉਸ ਸਾਕਾਰ ਰੂਪ ਦੀ ਭਗਤੀ ਕਰ ਜਿਸ ਵਿਚ ਇਹੋ ਜਿਹੇ ਗੁਣ ਹੋਣ ਜਿਸ ਨਾਲ ਉਸ ਵਿਚ ਭਗਤੀ ਭਾਵ ਤੇ ਸਤਿਕਾਰ ਪੈਦਾ ਹੋਵੇ। ਜੇ ਧਿਆਨ ਲਗਾਉਣ ਲਈ ਇਸ਼ਟ ਦੀ ਚੋਣ ਕਰ ਲਈ ਜਾਵੇ ਪਰ ਉਸ ਦੇ ਗੁਣ ਮਨ ਨੂੰ ਨਾ ਲਗਦੇ ਹੋਣ, ਮਨ ਇਕਾਗਰ ਨਹੀਂ ਹੋ ਸਕਦਾ, ਧਿਆਨ ਨਹੀਂ ਲਗ ਸਕਦਾ। ਉਸ ਇਸ਼ਟ ਦੇ ਗੁਣ ਮਨ ਨੂੰ ਖਿਚਣ ਵਾਲੇ ਹੋਣੇ ਚਾਹੀਦੇ ਹਨ, ਪ੍ਰਮਾਤਮਾ ਦਾ ਕੋਈ ਵੀ ਰੂਪ ਧਿਆਨ ਲਗਾਉਣ ਲਈ ਚੁਣਿਆ ਜਾ ਸਕਦਾ ਹੈ ਜਿਹੜਾ ਰੂਪ ਜਗਿਆਸੂ ਨੂੰ ਟਿਕਾ ਸਕੇ, ਭਰੋਸਾ ਕਰਾ ਸਕੇ, ਪੂਰੀ ਸ਼ਰਧਾ ਰੱਖ ਸਕੇ। ਜਿਹੜਾ ਆਪਣਾ ਪੂਰਾ ਜੀਵਨ ਭਗਤੀ ਤੇ ਧਿਆਨ ਵਿਚ ਲਗਾ ਦਿੰਦਾ ਹੈ, ਕਿਸੇ ਵੀ ਸਰੂਪ ਤੇ ਲਗਾ ਦਿੰਦਾ ਹੈ, ਉਹ ਪੂਰਨਤਾ ਨੂੰ ਪ੍ਰਾਪਤ ਹੋ ਜਾਂਦਾ ਹੈ।

3-4 ਅਤੇ ਜੋ ਪੁਰਸ਼ ਇੰਦ੍ਰੀਆਂ ਦੇ ਸਮੁਦਾਇ ਨੂੰ ਅੱਛੀ ਪ੍ਰਕਾਰ ਤੋਂ ਵਸ ਵਿਚ ਕਰਕੇ ਮਨ ਬੁਧੀ ਤੋਂ ਪਰੇ ਸਰਬ ਵਿਆਪੀ ਅਕਥਨੀਯ ਸਰੂਪ

ਅਤੇ ਸਦਾ ਇਕ ਰਸ ਰਹਿਣ ਵਾਲੇ ਨਿਤ, ਅਚਲ, ਨਿਰਾਕਾਰ, ਅਬਿਨਾਸੀ, ਸਚਿਦਾਨੰਦ ਬ੍ਰਹਮ ਨੂੰ ਨਿਰੰਤਰ ਏਕੀ ਭਾਵ ਨਾਲ ਧਿਆਨ ਕਰਦੇ ਹੋਏ ਉਪਾਸਦੇ ਹਨ ਉਹ ਸੰਪੂਰਨ ਭੂਤਾਂ ਹਿਤ ਵਿਚ ਰਤੇ ਹੋਏ ਅਤੇ ਸਭ ਵਿਚ ਸਮਾਨ ਭਾਵ ਵਾਲੇ ਯੋਗੀ ਮੈਨੂੰ ਹੀ ਪ੍ਰਾਪਤ ਹੁੰਦੇ ਹਨ।

5. ਕਿੰਤੂ ਉਸ ਸਚਿਦਾਨੰਦ ਨਿਰਾਕਾਰ ਬ੍ਰਹਮ ਵਿਚ ਆਸਤਕ ਹੋਏ ਚਿਤ ਵਾਲੇ ਪੁਰਸ਼ਾਂ ਨੂੰ ਸਾਧਨ ਵਿਚ ਕਲੇਸ਼ ਅਰਥਾਤ ਪ੍ਰੀਸ਼ਰਮ ਵਿਸ਼ੇਸ਼ ਹੈ ਕਿਉਂਕਿ ਦੇਹ ਅਭਿਮਾਨੀਆਂ ਵਿਚ ਅਵਿਅਕਤ ਵਿਸ਼ਿਅਕ ਗਤੀ ਦੁਖ ਪੂਰਬਕ ਕੀਤੀ ਜਾਂਦੀ ਹੈ ਅਰਥਾਤ ਜਦੋਂ ਤੀਕਰ ਸਰੀਰ ਵਿਚ ਅਭਿਮਾਨ ਰਹਿੰਦਾ ਹੈ ਤਦੋ ਤਕ ਸ਼ੁਧ ਸਚਦਾਨੰਦ ਨਿਰਾਕਾਰ ਬ੍ਰਹਮ ਵਿਚ ਸਥਿਤੀ ਹੋਣੀ ਕਠਿਨ ਹੈ।

ਜਿਹੜੇ ਨਿਰਗੁਣ ਦੇ ਉਪਾਸਕ ਹਨ, ਨਿਰਗੁਣ ਨੂੰ ਧਿਆਉਂਦੇ ਹਨ, ਉਹ ਸੋਚਦੇ ਹਨ ਕਿ ਸਰਗੁਣ ਉਪਾਸਨਾ ਹੇਠਲੇ ਦਰਜੇ ਦੀ ਉਪਾਸਨਾ ਹੈ, ਨਿਰਗੁਣ ਉਪਸਾਨਾ ਕੇਵਲ ਸਤਿ ਤੇ ਹੀ ਧਿਆਨ ਲਗਾਉਂਦੇ ਹਨ, ਸਤ ਦੀ ਨਾ ਤਾਂ ਕੋਈ ਸ਼ਕਲ ਹੈ, ਨਾ ਕੋਈ ਬਨਾਵਟ ਹੈ, ਨਾ ਨਾਮ ਹੈ – 'ਚਕ੍ਰ, ਚਿਹਨ, ਅਰੁ ਬਰਨ ਜਾਤਿ ਅਰ ਪਾਤਿ ਨਹਿਨ ਜਿਹਾ....। ਭਾਵੇਂ ਕੋਈ ਵੀ ਆਕਾਰ ਤੋਂ ਬਿਨਾਂ ਪੂਜਾ ਨਹੀਂ ਕਰ ਸਕਦਾ, ਧਿਆਨ ਕਰ ਸਕਦਾ ਹੈ। ਜਿਹੜੇ ਪ੍ਰਮਾਤਮਾ ਨੂੰ ਉਸ ਦੇ ਸਰੂਪ ਨੂੰ ਛਡ ਕੇ ਧਿਆਨ ਲਗਾਉਣ ਜਾਂ ਧਿਆਉਣ ਵਿਚ ਰੁਚੀ ਰਖਦੇ ਹਨ ਉਹ ਸਰਗੁਣ ਉਪਾਸਨਾ ਨੂੰ ਨੀਵਾਂ ਹੀ ਸਮਝਦੇ ਹਨ। ਨਿਰਗੁਣ ਉਪਾਸਨਾ ਦਾ ਮਾਰਗ ਔਖਾ ਮਾਰਗ ਹੈ, ਤੇ ਹੋ ਸਕਦਾ ਹੈ ਕਿ ਜਗਿਆਸੂ ਰਾਹ ਵਿਚ ਹੀ ਨਿਰਾਸ ਹੋ ਜਾਵੇ, ਥਿੜਕ ਜਾਵੇ। ਆਮ ਤੌਰ ਤੇ ਮਨ ਨੂੰ ਇਕਾਗਰ ਕਰਨ ਲਈ ਕੋਈ ਆਕਾਰ ਦੀ ਲੋੜ ਹੁੰਦੀ ਹੈ। ਮਨ ਦਾ ਸੁਭਾਅ ਹੈ, ਹਰ ਚੀਜ਼ ਨੂੰ ਆਕਾਰ ਵਿਚ, ਠੋਸ ਵਿਚ ਦੇਖਣ ਦਾ ਜੇ ਮਨ ਬੁਧੀ ਅਤਿ ਤੀਖਣ ਤੇ ਸੋਝੀ ਵਾਲੀ ਹੋਵੇ ਤਾਂ ਕਿਤੇ ਜਾ ਕੇ ਸਰਗੁਣ ਨਿਰਗੁਣ ਦੇ ਅੰਤਰ ਸਮਝ ਸਕਦੀ ਹੈ, ਸਤਿ ਅਸਤਿ ਦਾ ਭੇਦ ਜਾਣ ਸਕਦੀ ਹੈ। ਪਰ ਜਦੋਂ ਬੁੱਧੀ ਤੀਖਣ ਹੁੰਦੀ ਹੈ ਤਾਂ ਮਨੁੱਖ ਆਕਾਰ ਤੋਂ ਪਰ੍ਹੇ ਜਾਣ ਦਾ ਗੁਣ ਰਖਦਾ ਹੈ, ਬਹੁਤ ਥੋੜ੍ਹੇ ਵਡਭਾਗੇ ਹੀ ਹੁੰਦੇ ਹਨ ਜਿਹੜੇ ਨਿਰੋਲ ਵਿਵੇਕ ਤੇ ਚਲਦੇ ਹਨ।

6. ਜੋ ਮੇਰੇ ਵਿਚ ਸਮਾ ਕੇ, ਮੇਰੇ ਨਾਲ ਇਕ ਹੋ ਕੇ ਸਭ ਕਰਮ ਮੈਨੂੰ ਅਰਪਣ ਕਰਦੇ ਹਨ ਤੇ ਇਕਾਗਰ ਹੋ ਕੇ ਅਨੰਨਯ ਯੋਗ ਰਾਹੀਂ ਧਿਆਨ ਕਰਦੇ ਹਨ ਤੇ ਮੇਰੀ ਉਪਾਸਨਾ ਕਰਦੇ ਹਨ।

7. ਹੇ ਪਾਰਥ! ਉਹ ਜਿਨ੍ਹਾਂ ਦਾ ਮਨ ਮੇਰੇ ਅੰਦਰ ਹੀ ਵਸਿਆ ਹੋਇਆ ਹੈ, ਮੈਂ ਉਨ੍ਹਾਂ ਨੂੰ ਇਸ ਮੌਤ ਰੂਪੀ ਸੰਸਾਰ ਸਾਗਰ ਤੋਂ ਜਲਦੀ ਹੀ ਕੱਢ ਲੈਂਦਾ ਹਾਂ।

8. ਤੂੰ ਮੇਰੇ ਵਿਚ ਹੀ ਮਨ ਲਗਾ ਤੇ ਮੇਰੇ ਵਿਚ ਹੀ ਬੁੱਧੀ ਲਗਾ

(ਦੇਹ ਤਿਆਗਣ) ਪਿਛੋਂ ਫੇਰ ਤੂੰ ਮੇਰੇ ਵਿਚ ਹੀ ਵਸੇਂਗਾ, ਇਸ ਵਿਚ ਸੰਦੇਹ ਨਹੀਂ।

ਕ੍ਰਿਸ਼ਨ ਜੀ ਭਗਤੀ ਅਤੇ ਗਿਆਨ ਦੇ ਮਾਰਗ ਨੂੰ ਇਕੱਠਾ ਕਰਦੇ ਹਨ, ਅਰਜਨ ਨੂੰ ਨਿਰਗੁਣ ਸਰਗੁਣ ਬਾਰੇ ਦੂੰਦ ਵਿਚ ਦੇਖ ਕੇ ਕ੍ਰਿਸ਼ਨ ਜੀ ਉਸ ਨੂੰ ਦਸਦੇ ਹਨ - 1. ਪ੍ਰਮਾਤਮਾ ਕੇਵਲ ਇਕ ਹੈ ਅਤੇ ਜੀਵਨ ਦਾ ਇਕ ਹੀ ਮਨੋਰਥ ਹੈ। 2. ਇਕ ਨੂੰ ਹੀ ਧਿਆਓ, ਇਕ ਦਾ ਹੀ ਸਿਮਰਨ ਕਰੋ, ਇਕ ਤੋਂ ਬਿਨਾਂ ਇਥੇ ਕੋਈ ਨਹੀਂ 'ਬ੍ਰਹਮ ਦੀਸੈ ਬ੍ਰਹਮ ਸੁਣੀਐ ਏਕੁ ਏਕੁ ਵਖਾਣੀਐ॥ ਆਤਮ ਪਸਾਰਾ ਕਰਨਹਾਰਾ ਪ੍ਰਭ ਬਿਨਾ ਨਹੀਂ ਜਾਣੀਐ॥......3. ਮਨ ਦੀ ਇਕਾਗਰਤਾ ਹੋਰ ਕਿਸੇ ਤੇ ਨਹੀਂ, ਕੇਵਲ ਉਸ ਇਕ ਤੇ ਹੀ ਹੋਣੀ ਚਾਹੀਦੀ ਹੈ, ਉਸ ਇਕ ਸਚਾਈ ਤੇ 4. ਜਗਿਆਸੂ ਦੀ ਸਾਰੀ ਸਾਧਨਾ ਕੇਵਲ ਉਸ ਇਕ ਲਈ ਹੀ ਹੋਣੀ ਚਾਹੀਦੀ ਹੈ ਉਸ ਪ੍ਰਮਾਤਮਾ ਲਈ 5. ਮਨ ਦੀਆਂ ਸਾਰੀਆਂ ਸ਼ਕਤੀਆਂ ਕੇਵਲ ਪ੍ਰਮਾਤਮਾ ਵਲ ਹੀ ਲਗਣੀਆਂ ਚਾਹੀਦੀਆਂ ਹਨ, ਬੁੱਧੀ ਵੀ ਪ੍ਰਮਾਤਮਾ ਵਲ ਲਗਣੀ ਚਾਹੀਦੀ ਹੈ। 6. ਆਪਣੇ ਸਾਰੇ ਕਰਮ ਕੇਵਲ ਉਸ ਇਕ ਨੂੰ ਸਮਰਪਣ ਕਰੋ, ਉਨ੍ਹਾਂ ਦੇ ਫਲ ਵੀ ਉਸ ਇਕ ਨੂੰ ਅਰਪਣ ਕਰੋ। 7. ਇਕ ਯੋਗੀ ਦੀ ਤਰ੍ਹਾਂ ਹੀ ਬਣੋ, ਆਪਣੇ ਸਰੂਪ ਨੂੰ ਪਛਾਣੋ, ਸੰਸਾਰਕ ਸਰੂਪ ਨੂੰ ਛੱਡੋ, ਜਦੋਂ ਆਪਣੇ ਠੀਕ ਸਰੂਪ ਦੀ ਪਛਾਣ ਹੋ ਜਾਂਦੀ ਹੈ ਫੇਰ ਮਨੁੱਖ ਆਪਣੇ ਕਰਮ ਸੋਝੀ ਨਾਲ ਕਰਦਾ ਹੈ, ਨਿਰਲੇਪ ਹੋ ਜਾਂਦਾ ਹੈ, ਉਹ ਜੇਤੂ ਹੁੰਦਾ ਹੈ, ਸੁਤੰਤਰ ਰਹਿੰਦਾ ਹੈ, ਉਹ ਚੌਰਾਸੀ ਦੇ ਗੇੜ ਤੋਂ ਛੁਟਕਾਰਾ ਪਾ ਜਾਂਦਾ ਹੈ, ਮਾਇਆ ਤੋਂ ਛੁਟਕਾਰਾ ਪਾ ਜਾਂਦਾ ਹੈ।

ਇਕਰੂਪਤਾ ਦੀ ਪਛਾਣ ਇਹ ਅੱਜ ਦੇ ਮਨੋਵਿਗਿਆਨ ਦੀ ਮੁੱਖ ਧਾਰਨਾ ਹੈ। ਪਹਿਲਾਂ ਬੱਚਾ ਆਪਣੀ ਪਛਾਣ ਮਾਤਾ ਪਿਤਾ ਰਾਹੀਂ ਕਰਦਾ ਹੈ, ਫੇਰ ਉਹ ਆਪਣੀ ਆਲੇ ਦੁਆਲੇ ਨਾਲ ਪਛਾਣ ਕਰਦਾ ਹੈ, ਇਥੋਂ ਤਕ ਕਿ ਉਹ ਆਪਣੇ ਆਪ ਨੂੰ ਇਕ ਬਾਹਰੀ ਤੱਤ ਹੀ ਸਮਝਦਾ ਹੈ। ਆਪਣੀ ਪਛਾਣ ਉਹ ਮਨੁੱਖਾਂ ਰਾਹੀਂ ਹੀ ਕਰਦਾ ਹੈ, ਖਾਸ ਤੌਰ ਤੇ ਉਨ੍ਹਾਂ ਮਨੁੱਖਾਂ ਰਾਹੀਂ ਕਰਦਾ ਹੈ ਜਿਹੜੇ ਕੁਝ ਹਸਤੀ ਰਖਦੇ ਹਨ, ਵੱਡੇ ਹਨ ਪਰ ਇਹ ਤਾਂ ਸਾਰਾ ਰੌਲਾ ਗੌਲਾ ਹੀ ਹੈ ਕਿਉਂਕਿ ਉਹ ਤਾਂ ਆਕਾਰ ਤੇ ਸ਼ਕਲਾਂ ਦੀ ਦੁਨੀਆਂ ਵਿਚ ਹੀ ਫਸ ਗਿਆ। ਆਪਣੇ ਅੰਦਰ ਉਹ ਕੁਝ ਗੁਣ ਧਾਰਨ ਕਰ ਲੈਂਦਾ ਹੈ, ਬਾਕੀ ਦੇ ਗੁਣ ਉਹ ਬਾਹਰੀ ਸੰਸਾਰ ਤੇ ਥੋਪ ਦਿੰਦਾ ਹੈ। ਯੋਗ ਦੀ ਧਾਰਨਾ ਅਨੁਸਾਰ ਇਹੋ ਜਿਹੀ ਪਛਾਣ ਇਹੋ ਜਿਹੀ ਤਦਰੂਪਤਾ ਬਿਲਕੁਲ ਗਲਤ ਹੈ ਤੇ ਦੂੰਦ ਪੈਦਾ ਕਰਦੀ ਹੈ, ਦੁਖਦਾਈ ਹੈ।

ਕ੍ਰਿਸ਼ਨ ਜੀ ਸਾਧਕ ਨੂੰ ਕਰੜੇ ਸ਼ਬਦਾਂ ਰਾਹੀਂ ਨਸੀਹਤ ਦਿੰਦੇ ਹਨ ਕਿ ਸੰਸਾਰ ਵਿਚ ਗੁਆਚਣ ਨਾਲੋਂ, ਆਪਣੀ ਪਛਾਣ ਸੰਸਾਰ ਵਿਚ ਕਰਨ ਦੀ ਥਾਂ ਪ੍ਰਮਾਤਮਾ ਨਾਲ ਕਰੋ। ਉਹ ਅਰਜਨ ਨੂੰ ਆਦੇਸ਼ ਦਿੰਦੇ ਹਨ ਕਿ ਉਨ੍ਹਾਂ ਦੇ ਅੰਦਰ ਵਸ ਜਾਵੇ, ਉਨ੍ਹਾਂ ਨਾਲ ਅਭੇਦ ਹੋ ਜਾਵੇ ਤੇ ਇਕ ਹੋ ਜਾਵੇ ਤਾਂ ਜੋ ਕੋਈ ਭੇਦ ਨਾ ਰਹੇ। ਇਸ ਤਰ੍ਹਾਂ ਕਰਨ ਨਾਲ ਸਾਧਕ ਪ੍ਰਮਾਤਮਾ

ਦਾ ਸਾਕਾਰ ਰੂਪ ਬਣ ਜਾਂਦਾ ਹੈ ਤੇ ਉਸ ਦੇ ਆਪਣੇ ਕੋਈ ਕਰਮ ਨਾ ਰਹਿ ਕੇ ਸਭ ਕੁਝ ਪ੍ਰਭੂ ਦਾ ਹੀ ਹੋ ਜਾਂਦਾ ਹੈ।

ਬਹੁਤ ਸਾਰੇ ਸਾਧਕ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਨਹੀਂ ਸਕਦੇ। ਉਹ ਸੋਚਦੇ ਹਨ ਕਿ ਉਹ ਆਪਣੇ ਅਧਿਆਪਕ ਨਾਲ ਇਕ ਹੋ ਸਕਦੇ ਹਨ। ਬਹੁਤ ਸਾਰੇ ਅਧਿਆਪਕ ਵੀ ਹੰਕਾਰ ਵਿਚ ਆ ਜਾਂਦੇ ਹਨ ਤੇ ਸ਼ਿਖਸ਼ਕਾਂ ਕੋਲੋਂ ਆਪਣੀ ਪੂਜਾ ਕਰਾਉਣ ਲਗ ਪੈਂਦੇ ਹਨ ਤੇ ਉਨ੍ਹਾਂ ਕੋਲੋਂ ਇਹ ਆਸ ਰਖਦੇ ਹਨ ਕਿ ਉਹ ਅਧਿਆਪਕ ਨਾਲ ਹੀ ਆਪਣੀ ਪਛਾਣ ਰੱਖਣ। ਏਸ ਤਰ੍ਹਾਂ ਕਰਨ ਨਾਲ ਕੇਵਲ ਅਧਿਆਪਕ ਦੀਆਂ ਕਾਰਬਨ ਕਾਪੀਆਂ ਹੀ ਬਣਦੀਆਂ ਹਨ। ਸ਼ਿਸ਼ ਫੇਰ ਕੇਵਲ ਅਧਿਆਪਕ ਦੀ ਤਰ੍ਹਾਂ ਤੁਰਦਾ ਹੈ, ਉਸ ਦੀ ਤਰ੍ਹਾਂ ਹੀ ਕਪੜੇ ਪਾਉਂਦਾ ਹੈ, ਉਸ ਦੇ ਤਰ੍ਹਾਂ ਹੀ ਗੱਲਬਾਤ ਕਰਦਾ ਹੈ। ਤੁਹਾਨੂੰ ਇਹੋ ਜਿਹੇ ਕਈ ਮੂਰਖ ਵਿਦਿਆਰਥੀ ਮਿਲ ਜਾਣਗੇ ਜਿਨ੍ਹਾਂ ਨੇ ਆਪਾ ਦੂਸਰੇ ਨੂੰ ਦੇ ਕੇ ਆਪ ਉਸ ਉਤੇ ਨਿਰਭਰ ਹੋ ਗਏ ਹਨ। ਹੋਣਾ ਤਾਂ ਇਹ ਚਾਹੀਦਾ ਸੀ ਕਿ ਉਹ ਮਾਇਆ ਦੀ ਮ੍ਰਿਗ ਤ੍ਰਿਸ਼ਨਾ ਵਿਚੋਂ ਨਿਕਲਦੇ, ਉਸ ਨੂੰ ਛਡਦੇ ਪਰ ਉਹ ਤਾਂ ਨਾਵਾਂ ਤੇ ਸ਼ਕਲਾਂ ਵਿਚ ਵਧੇਰੇ ਹੀ ਫਸ ਗਏ। ਕ੍ਰਿਸ਼ਨ ਜੀ ਹੋਰਨਾਂ ਅਧਿਆਪਕਾਂ ਦੀ ਤਰ੍ਹਾਂ ਨਹੀਂ ਹਨ, ਆਮ ਗੁਰੂ ਨਹੀਂ ਹਨ। ਉਹ ਤਾਂ ਆਪਣੇ ਜਗਿਆਸੂ ਨੂੰ ਨਾਵਾਂ ਸ਼ਕਲਾਂ ਤੋਂ ਮੁਕਤ ਹੋਣ ਨੂੰ ਕਹਿ ਰਹੇ ਹਨ ਤੇ ਕਹਿ ਰਹੇ ਹਨ ਕਿ ਉਹ ਆਪਣੇ ਆਪ ਨੂੰ ਉਸ ਨਾਲ ਪਛਾਣ ਕਰਾਏ ਜੋ ਇਸ ਸਭ ਕੁਝ ਤੋਂ ਪਰ੍ਹੇ ਹੈ, ਆਪਣਾ ਅਸਲੀ ਰੂਪ ਪਛਾਣੇ।

9. ਹੇ ਧੰਨਜਯ! ਜੇ ਤੂੰ ਚਿੱਤ ਨੂੰ ਸਥਿਰ ਕਰਕੇ ਮੇਰੇ ਵਿਚ ਨਹੀਂ ਲਗਾ ਸਕਦਾ ਤਾਂ ਤੂੰ ਅਭਿਆਸ ਯੋਗ ਦੁਆਰਾ ਮੇਰੀ ਪ੍ਰਾਪਤੀ ਦੀ ਇੱਛਾ ਕਰ।

10. ਜੇ ਤੂੰ ਅਭਿਆਸ ਕਰਨ ਦੇ ਭੀ ਸਮਰੱਥ ਨਹੀਂ ਤਾਂ ਤੂੰ ਮੇਰੇ ਨਮਿਤ ਕਰਮ ਕਰ, ਮੇਰੇ ਨਮਿਤ ਕਰਮ ਕਰਨ ਨਾਲ ਵੀ ਮੇਰੀ ਪ੍ਰਾਪਤੀ ਰੂਪ ਸਿਧ ਨੂੰ ਪ੍ਰਾਪਤ ਹੋਵੇਂਗਾ।

11. ਜੇ ਤੂੰ ਇਹ ਵੀ ਨਹੀਂ ਕਰ ਸਕਦਾ ਤਾਂ ਆਪਣੇ ਤੇ ਕਾਬੂ ਪਾ ਕੇ ਮੇਰੇ ਨਾਲ ਯੁਕਤ ਹੋਣ ਦਾ ਆਸਰਾ ਲੈ ਕੇ ਸਭ ਕਰਮਾਂ ਦੇ ਫਲ ਦਾ ਮੇਰੇ ਲਈ ਤਿਆਗ ਕਰ।

ਇਥੇ ਇਹ ਜਾਣ ਲੈਣਾ, ਇਹ ਸਮਝ ਲੈਣਾ ਬੜਾ ਆਵਸ਼ਕ ਹੈ ਕਿ ਅਰਜਨ ਕੇਵਲ ਆਪਣੀ ਗੱਲ ਨਹੀਂ ਕਰ ਰਿਹਾ, ਇਥੇ ਅਰਜਨ ਤੋਂ ਭਾਵ ਹੈ ਸਾਰੇ ਜਗਿਆਸੂ। ਕ੍ਰਿਸ਼ਨ ਜੀ ਕੇਵਲ ਅਰਜਨ ਦੇ ਪ੍ਰਸ਼ਨਾਂ ਦਾ ਉਤਰ ਨਹੀਂ ਦੇ ਰਹੇ ਉਹ ਸਾਰੇ ਜਗਿਆਸੂਆਂ ਦੇ ਪ੍ਰਸ਼ਨਾਂ ਦੇ ਉਤਰ ਦੇ ਰਹੇ ਹਨ। ਕ੍ਰਿਸ਼ਨ ਜੀ ਅਰਜਨ ਨੂੰ ਕਹਿ ਰਹੇ ਹਨ, ਜੇ ਤੂੰ ਆਪਣਾ ਮਨ ਨਿਰਾਕਾਰ ਜਾਂ ਸਾਕਾਰ ਰੂਪ ਤੇ ਇਕਾਗਰ ਨਹੀਂ ਕਰ ਸਕਦਾ ਜੇ ਸਰਗੁਣ ਜਾਂ ਨਿਰਗੁਣ

ਤੇ ਅਭਿਆਸ ਨਹੀਂ ਕਰ ਸਕਦਾ, ਜੇ ਤੂੰ ਮੇਰੇ ਤੇ ਵੀ ਮਨ ਇਕਾਗਰ ਨਹੀਂ ਕਰ ਸਕਦਾ ਫੇਰ ਤੂੰ ਅਭਿਆਸ ਯੋਗ ਕਰ ਭਾਵ ਮੇਰੇ ਲਈ ਕਰਮ ਕਰ। ਇਸੇ ਤਰ੍ਹਾਂ ਜਿਹੜੇ ਜਗਿਆਸੂ ਇਕਾਗਰ ਹੋ ਕੇ ਧਿਆਨ ਨਹੀਂ ਲਗਾ ਸਕਦੇ, ਸਿਮਰਨ ਨਹੀਂ ਕਰ ਸਕਦੇ ਉਨ੍ਹਾਂ ਲਈ ਵੀ ਰੂਹਾਨੀ ਪੱਥ ਹੈ। ਉਹ ਹੈ ਅਭਿਆਸ, ਅਭਿਆਸ ਹੋਰ ਅਭਿਆਸ ਕਰਦੇ ਰਹੋ ਉਦੋਂ ਤਕ ਕਰੋ ਜਦੋਂ ਤਕ ਪ੍ਰਾਪਤੀ ਨਹੀਂ ਹੋ ਜਾਂਦੀ। ਬਹੁਤ ਵਾਰੀ ਅਭਿਆਸ ਵਿਚ ਇਸ ਤਰ੍ਹਾਂ ਵੀ ਹੁੰਦਾ ਹੈ ਸਾਧਕ ਸਮੇਂ ਦਾ ਪਾਬੰਦ ਨਹੀਂ ਰਹਿ ਸਕਦਾ ਜਾਂ ਰੋਜ਼ ਨਹੀਂ ਕਰ ਸਕਦਾ। ਸ੍ਵੈ ਅਨੁਸ਼ਾਸਨ ਤੋਂ ਬਿਨਾਂ ਇਕਸਾਰਤਾ ਤੋਂ ਬਿਨਾਂ ਜਗਿਆਸੂ ਮੁੜ ਮੁੜ ਕੇ ਥਿੜਕ ਜਾਂਦਾ ਹੈ। ਕੁਝ ਵੀ ਕਿਉਂ ਨਾ ਹੋਵੇ ਜਗਿਆਸੂ ਨੂੰ ਫੇਰ ਉਸ ਮਾਰਗ ਉਤੇ ਆ ਜਾਣਾ ਚਾਹੀਦਾ ਹੈ, ਸਾਧਨਾ ਜਾਰੀ ਰੱਖਣੀ ਚਾਹੀਦੀ ਹੈ ਤੇ ਨਿਯਮ ਬਣਾਉਣਾ ਚਾਹੀਦਾ ਹੈ।

ਅਭਿਆਸ ਨਿਯਮ ਨਾਲ ਕਰਨਾ ਚਾਹੀਦਾ ਹੈ, ਟਿਕ ਕੇ ਤੇ ਠਰੰਮੇ ਨਾਲ ਅਭਿਆਸ ਕਰਨ ਦੀ ਲੋੜ ਹੈ। ਇਸ ਤਰ੍ਹਾਂ ਦੇ ਅਭਿਆਸ ਦੀ ਲੋੜ ਹੈ। ਜੇ ਕੋਈ ਜਗਿਆਸੂ ਇਹ ਸੋਚੇ ਕਿ ਥੋੜ੍ਹੀ ਦੇਰ ਅਭਿਆਸ ਕਰ ਲਿਆ, ਫੇਰ ਛੱਡ ਦਿਤਾ, ਇਸ ਤਰ੍ਹਾਂ ਕਰਨ ਨਾਲ ਕੋਈ ਲਾਭ ਨਹੀਂ ਹੋਵੇਗਾ, ਇਹ ਸੋਚਣੀ ਉਸ ਦੀ ਗਲਤ ਹੈ। ਅਭਿਆਸ ਲਈ ਬੜੀ ਸੱਚੀ ਸੁੱਚੀ ਨਿਰੰਤਰ ਤੇ ਲਗਾਤਾਰ ਕੋਸ਼ਿਸ਼ ਦੀ ਲੋੜ ਹੈ। ਜੇ ਕੋਈ ਐਸੀ ਘਟਨਾ ਘਟ ਜਾਵੇ ਜਿਹੜੀ ਆਪਣੇ ਵਸ ਵਿਚ ਨਹੀਂ ਜਿਵੇਂ ਕੋਈ ਬਿਮਾਰੀ, ਕੋਈ ਐਕਸੀਡੈਂਟ। ਤੇ ਜਗਿਆਸੂ ਨੂੰ ਆਪਣੇ ਸਾਰੇ ਕਰਮ, ਇਥੋਂ ਤਕ ਕੇ ਖਾਣਾ ਪੀਣਾ, ਸੌਣਾ ਸਭ ਕੁਝ ਉਸ ਇਕ ਨੂੰ ਸਮਰਪਣ ਕਰ ਦੇਣਾ ਚਾਹੀਦਾ ਹੈ ਤੇ ਹਰ ਸਮੇਂ ਉਸ ਇਕ ਦੀ ਹਜ਼ੂਰੀ ਵਿਚ ਰਹਿਣਾ ਸਿੱਖਣਾ ਚਾਹੀਦਾ ਹੈ। ਉਸ ਨੂੰ ਆਪਣੇ ਆਪ ਨੂੰ ਕਹਿਣਾ ਚਾਹੀਦਾ ਹੈ, ਮੈਂ ਸਾਰੇ ਕੰਮ ਸਭ ਕਰਮ ਉਸ ਪ੍ਰਭੂ ਲਈ ਕਰਾਂਗਾ ਤੇ ਫਲ ਵੀ ਉਸ ਇਕ ਨੂੰ ਹੀ ਸਮਰਪਣ ਕਰਾਂਗਾ। ਇਸ ਤਰ੍ਹਾਂ ਕਰਨ ਨਾਲ ਮਨ ਇਕ ਪਾਸੇ ਹੀ ਵਹਿ ਤੁਰਦਾ ਹੈ। ਇਸ ਤਰ੍ਹਾਂ ਦਾ ਅਭਿਆਸ ਵੀ ਬਹੁਤ ਲਾਭਕਾਰੀ ਹੁੰਦਾ ਹੈ।

ਬਹੁਤ ਸਾਰੇ ਜਗਿਆਸੂ ਪਹਿਲੇ ਪਹਿਲਾਂ ਭਾਵੁਕ ਹੋ ਕੇ ਵਧੇਰੇ ਧਿਆਨ ਕਰਾਉਂਦੇ ਹਨ ਤੇ ਫੇਰ ਕੁਝ ਦਿਨਾਂ ਬਾਅਦ ਮਹੀਨੇ ਬਾਅਦ ਅਭਿਆਸ ਛੱਡ ਦਿੰਦੇ ਹਨ। ਇਸ ਤਰ੍ਹਾਂ ਕਰਨਾ ਲਾਭਕਾਰੀ ਨਹੀਂ ਹੈ। ਤੁਹਾਨੂੰ ਆਪਣੀ ਯੋਗਤਾ ਪਤਾ ਹੋਣੀ ਚਾਹੀਦੀ ਹੈ। ਉਸ ਨੂੰ ਹੌਲੀ ਹੌਲੀ ਵਧਾਉਣਾ ਚਾਹੀਦਾ ਹੈ, ਬੜੇ ਠਰੰਮੇ ਨਾਲ ਵਧਾਉਣਾ ਚਾਹੀਦਾ ਹੈ, ਭਾਵੁਕ ਹੋ ਕੇ ਹੱਦੋਂ ਵੱਧ ਨਹੀਂ ਕਰਨਾ ਚਾਹੀਦਾ ਹੈ। ਬੜਾ ਸਾਵਾਂ ਜੀਵਨ ਅਪਨਾਉਣਾ ਚਾਹੀਦਾ ਹੈ ਤੇ ਖਾਣਾ, ਪੀਣਾ, ਸੌਣਾ ਤੇ ਹੋਰ ਕਾਰ ਵਿਹਾਰ ਬਹੁਤ ਹੀ ਸਾਵੇਂ ਤਰੀਕੇ ਨਾਲ ਕਰਨਾ ਚਾਹੀਦਾ ਹੈ।

ਪਹਿਲੇ ਪਹਿਲ ਜਗਿਆਸੂ ਨੂੰ ਆਪਣੇ ਵੱਡੇ ਵੱਡੇ ਕਰਮ ਸਮਰਪਤ ਕਰਨੇ ਚਾਹੀਦੇ ਹਨ; ਹੌਲੀ ਹੌਲੀ ਸਾਰੇ ਹੀ ਕਰਮ ਉਸ ਇਕ ਨੂੰ ਸਮਰਪਣ

ਕਰਨ ਦਾ ਅਭਿਆਸ ਪਾਉਣਾ ਚਾਹੀਦਾ ਹੈ, ਇਸ ਤਰ੍ਹਾਂ ਕਰਨ ਨਾਲ ਤੁਹਾਡੀ ਪ੍ਰਭੂ ਲਈ ਚੇਤਨਤਾ ਤੇ ਉਸ ਦੀ ਹੋਂਦ ਦੀ ਸੋਝੀ ਵਧਦੀ ਹੈ। ਜੇ ਜਗਿਆਸੂ ਕਿਸੇ ਕਾਰਨ ਕਰਕੇ ਇਸ ਤਰ੍ਹਾਂ ਨਾ ਕਰ ਸਕਦਾ ਹੋਵੇ ਤਾਂ ਉਸ ਲਈ ਇਕ ਹੋਰ ਤਰੀਕਾ ਹੈ। ਉਹ ਇਹ ਕਿ ਉਹ ਆਪਣੇ ਕਰਮਾਂ ਦੇ ਫਲ ਸਮਰਪਣ ਕਰ ਦੇਵੇ। ਇਸ ਨਾਲ ਉਸ ਦਾ ਕਰਮਾਂ ਤੋਂ ਬੰਧਨ ਟੁਟਦਾ ਜਾਵੇਗਾ। ਜੇ ਸ੍ਵੈ ਸੰਜਮ ਨਹੀਂ ਹੈ, ਮਨ ਦੀ ਇਕਾਗਰਤਾ ਨਹੀਂ ਹੈ, ਕਰਮ ਸਮਰਪਣ ਕਰਨ ਦੀ ਜਗਿਆਸਾ ਨਹੀਂ ਹੈ ਤਾਂ ਕੇਵਲ ਫਲ ਦਾ ਤਿਆਗ ਕਰਨਾ ਹੀ ਬਹੁਤ ਵੱਡੀ ਗੱਲ ਹੈ ਜੋ ਉਸ ਨੂੰ ਸੰਪੂਰਨਤਾ ਵਲ ਲੈ ਜਾਵੇਗੀ। ਜਦੋਂ ਜਗਿਆਸੂ ਫਲ ਤਿਆਗਣ ਦਾ ਅਭਿਆਸ ਕਰਦਾ ਹੈ ਤਾਂ ਹੌਲੀ ਹੌਲੀ ਇਹ ਉਸ ਦੇ ਜੀਵਨ ਦਾ ਹਿੱਸਾ ਬਣ ਜਾਂਦਾ ਹੈ, ਇਹ ਬੜੀ ਡੂੰਘੀ ਤੇ ਠੋਸ ਪੂਜਾ ਹੈ।

ਕੀਤੇ ਕਰਮਾਂ ਦਾ ਫਲ ਸਮਰਪਣ ਕਰ ਦੇਣਾ ਬਹੁਤਿਆਂ ਲਈ ਬਹੁਤ ਸੌਖਾ ਹੈ ਪਰ ਜਿਹੜੇ ਇਹ ਵੀ ਨਹੀਂ ਕਰ ਸਕਦੇ, ਉਨ੍ਹਾਂ ਨੂੰ ਚਾਹੀਦਾ ਹੈ ਉਹ ਸਵੈ ਸੰਜਮ ਦਾ ਅਭਿਆਸ ਕਰਨ ਜਿੰਨਾਂ ਕਰਨ ਦੀ ਉਨ੍ਹਾਂ ਵਿਚ ਸਮਰੱਥਾ ਹੈ ਤੇ ਨਾਲ ਹੀ ਪ੍ਰਭੂ ਮਿਲਾਪ ਦੀ ਇੱਛਾ ਨੂੰ ਵਧਾਉਣ ਤੇ ਜੋ ਕੁਝ ਵੀ ਉਸ ਅੱਗੇ ਸਮਰਪਣ ਕਰ ਸਕਦੇ ਹਨ ਕਰਨ। ਜਿਹੜੇ ਛੋਟੇ ਵੱਡੇ ਕਰਮ ਕਰੋ ਉਨ੍ਹਾਂ ਦੇ ਫਲ ਦਾ ਤਿਆਗ ਆਪਣੇ ਵਿਕਾਸ ਲਈ ਬਹੁਤ ਲਾਭਕਾਰੀ ਹੋਵੇਗਾ। ਜੇ ਜਗਿਆਸੂ ਇਕ ਕੋਈ ਸਦਾਚਾਰ ਦੇ ਨਿਯਮ ਅਪਣਾਅ ਲਵੇ ਤੇ ਫਲ ਨੂੰ ਮਾਨਣ ਦੀ ਥਾਂ ਹੌਲੀ ਹੌਲੀ ਉਸ ਨੂੰ ਸਮਰਪਤ ਕਰਦਾ ਰਹੇ, ਇਸ ਨਾਲ ਆਪੇ ਹੀ ਇਸ ਦੇ ਫਲ ਨੂੰ ਮਾਨਣ ਦੀ ਇੱਛਾ ਖਤਮ ਹੋ ਜਾਵੇਗੀ। ਅੰਤ ਵਿਚ ਇਹ ਇੱਛਾ ਖਤਮ ਹੋ ਜਾਵੇਗੀ ਤੇ ਇਹ ਇੱਛਾ ਰਹਿਤ ਅਵਸਥਾ ਹੀ ਸੰਪੂਰਨਤਾ ਹੈ।

12. ਅਭਿਆਸ ਤੋਂ ਗਿਆਨ, ਗਿਆਨ ਤੋਂ ਧਿਆਨ ਅਤੇ ਧਿਆਨ ਤੋਂ ਕਰਮ ਦੇ ਫਲ ਦਾ ਤਿਆਗ ਸ੍ਰੇਸ਼ਟ ਹੈ, ਤਿਆਗ ਹੋਣ ਤੇ ਸ਼ਾਂਤੀ ਜਲਦੀ ਹੀ ਮਿਲਦੀ ਹੈ।

ਵੱਖ ਵੱਖ ਮਾਰਗਾਂ ਦੀ ਤੁਲਨਾ ਕਰਦੇ ਹੋਏ ਕ੍ਰਿਸ਼ਨ ਜੀ ਕਹਿ ਰਹੇ ਹਨ ਕਿ ਸਾਧਨਾ ਤੋਂ ਉਤਮ ਗਿਆਨ ਹੈ, ਗਿਆਨ ਤੋਂ ਉਤਮ ਧਿਆਨ ਹੈ। ਗਿਆਨ ਦੇ ਮਾਰਗ ਦੀ ਵਿਆਖਿਆ ਦੂਸਰੇ ਅਧਿਆਇ ਵਿਚ ਦਿਤੀ ਗਈ ਸੀ। ਧਿਆਨ ਦਾ ਮਾਰਗ ਸੰਖੇਪ ਵਿਚ ਛੇਵੇਂ ਅਧਿਆਇ ਵਿਚ ਦੱਸਿਆ ਗਿਆ ਸੀ। ਇਸ ਅਧਿਆਇ ਦੇ ਅੱਠਵੇਂ ਸਲੋਕ ਵਿਚ ਕ੍ਰਿਸ਼ਨ ਜੀ ਮਨ ਬੁੱਧੀ ਤੇ ਚਿੱਤ ਨੂੰ ਆਤਮਾ ਤੇ ਇਕਾਗਰ ਕਰਨਾ ਦਸਦੇ ਹਨ। ਉਹ ਜਗਿਆਸੂ ਜਿਹੜੇ ਇਸ ਦਾ ਅਭਿਆਸ ਨਹੀਂ ਕਰ ਸਕਦੇ, ਉਹ ਕੇਵਲ ਕਰਮਾਂ ਦਾ ਫਲ ਹੀ ਉਸ ਇਕ ਨੂੰ ਸਮਰਪਣ ਕਰ ਦੇਣ। ਜਦੋਂ ਤਕ ਜਗਿਆਸੂ ਕਰਮ ਸਮਰਪਣ ਨਹੀਂ ਕਰਦਾ ਉਦੋਂ ਤਕ ਕਿਸੇ ਵੀ ਤਰੀਕੇ ਦੀ ਸਾਧਨਾ ਵੀ ਪ੍ਰਫੁਲਤ ਨਹੀਂ ਹੋਇਆ ਕਰਦੀ, ਸ਼ਾਂਤੀ ਕੇਵਲ ਫਲ ਸਮਰਪਣ

ਕਰਕੇ ਹੀ ਮਿਲਦੀ ਹੈ।

13. ਸਭ ਜੀਵਾਂ ਨਾਲ ਦ੍ਵੈਸ਼ ਤੋਂ ਰਹਿਤ, ਸਭ ਦਾ ਮਿਤ੍ਰ, ਕਰੁਣਾ ਭਾਵ ਰੱਖਣਾ, ਮਮਤਾ ਤੇ ਹੰਕਾਰ ਤੋਂ ਰਹਿਤ, ਦੁਖ ਸੁਖ ਵਿਚ ਇਕੋ ਜਿਹਾ ਰਹਿਣ ਵਾਲਾ ਤੇ ਖਿਮਾ ਕਰਨ ਵਾਲਾ।

14. ਸਦਾ ਸੰਤੋਖੀ, ਯੋਗੀ, ਆਪਣੀ ਆਤਮਾ ਤੇ ਕਾਬੂ ਤੇ ਦ੍ਰਿੜ੍ਹ ਨਿਸ਼ਚੇ ਵਾਲਾ, ਮਨ ਤੇ ਬੁੱਧੀ ਮੇਰੇ ਅਰਪਣ ਕਰਨ ਵਾਲਾ ਇਹੋ ਜਿਹਾ ਭਗਤ ਮੈਨੂੰ ਪਿਆਰਾ ਹੈ।

15. ਜਿਸ ਤੋਂ ਨਾ ਕੋਈ ਡਰੇ, ਨਾ ਉਹ ਕਿਸੇ ਤੋਂ ਡਰੇ। ਜੋ ਖੁਸ਼ੀ ਕ੍ਰੋਧ ਅਤੇ ਭੈ ਉਕਸਾਹਟ ਤੋਂ ਰਹਿਤ ਹੈ, ਉਹ ਮੈਨੂੰ ਪਿਆਰਾ ਹੈ।

16. ਜਿਨ੍ਹਾਂ ਨੂੰ ਕੁਝ ਵੀ ਲੈਣ ਦੀ ਕੋਈ ਇੱਛਾ ਨਹੀਂ ਪਵਿੱਤਰ, ਚਤੁਰ, ਉਦਾਸੀਨ, ਦੁਖਾਂ ਤੋਂ ਪਰ੍ਹੇ ਅਤੇ ਸਭ ਪ੍ਰਕਾਰ ਦੇ ਆਰੰਭ ਦਾ ਤਿਆਗੀ, ਇਹੋ ਜਿਹਾ ਭਗਤ ਮੈਨੂੰ ਪਿਆਰਾ ਹੈ।

17. ਜੋ ਨਾ ਖੁਸ਼ੀ, ਨਾ ਦ੍ਵੈਸ਼, ਨਾ ਚਿੰਤਾ ਕਰਦਾ ਹੈ, ਨਾ ਕੁਛ ਚਾਹੁੰਦਾ ਹੈ, ਸ਼ੁਭ ਅਸ਼ੁਭ ਦੋਹਾਂ ਦਾ ਤਿਆਗੀ ਹੈ, ਭਗਤੀ ਨਾਲ ਭਰਪੂਰ ਹੈ, ਐਸਾ ਆਦਮੀ ਮੈਨੂੰ ਪਿਆਰਾ ਹੈ।

18. ਜਿਹੜਾ ਸ਼ਤਰੂ, ਮਿਤ੍ਰ, ਮਾਨ ਅਪਮਾਨ, ਗਰਮੀ ਸਰਦੀ, ਸੁਖ ਦੁਖ ਨੂੰ ਸਮਾਨ ਸਮਝਦਾ ਹੈ ਅਤੇ ਸੰਗ ਤੋਂ ਰਹਿਤ ਹੈ।

19. ਜਿਸ ਨੂੰ ਨਿੰਦਾ ਉਸਤਤ ਇਕੋ ਜਿਹੀ ਲਗਦੀ ਹੈ, ਚੁੱਪ ਰਹਿਣ ਵਾਲਾ, ਹਰ ਹਾਲ ਵਿਚ ਸੰਤੋਖੀ, ਬਿਨਾਂ ਘਰ, ਸਥਿਰ ਬੁੱਧੀ ਵਾਲਾ, ਭਗਤੀ ਮਾਨ ਐਸਾ ਆਦਮੀ ਮੈਨੂੰ ਪਿਆਰਾ ਹੈ।

20. ਜੋ ਭਗਤ ਸ਼ਰਧਾਪੂਰਵਕ ਮੈਨੂੰ ਪਰਮ ਜਾਣ ਕੇ ਇਸ ਉਪਰ ਕਹੇ ਹੋਏ ਧਰਮ, ਅੰਮ੍ਰਿਤ ਰੂਪ ਉਪਦੇਸ਼ ਦਾ ਪਾਲਨ ਕਰਦਾ ਹੈ, ਉਹ ਮੈਨੂੰ ਅਤਿ ਪਿਆਰਾ ਹੈ।

ਉਪਰ ਦਿਤੇ ਸ਼ਲੋਕ ਉਤਮ ਜਗਿਆਸੂ ਤੇ ਸ਼ਰਧਾਲੂ ਦੇ ਗੁਣ ਦਸਦੇ ਹਨ। ਉਤਮ ਜਗਿਆਸੂ, ਭਗਤ, ਨਾ ਕਿਸੇ ਨਾਲ ਵੈਰ ਰਖਦਾ ਹੈ, ਨਾ ਹੀ ਮੋਹ। ਉਹ ਹਰੇਕ ਨਾਲ ਕ੍ਰਿਪਾਲੂ ਦਿਆਲੂ ਹੁੰਦਾ ਹੈ। ਉਸ ਨੂੰ ਕੋਈ ਅਹੰਕਾਰ ਨਹੀਂ ਹੁੰਦਾ, ਦੁਖ ਸੁਖ ਨੂੰ ਸਮ ਕਰਕੇ ਜਾਣਦਾ ਹੈ, ਹਰੇਕ ਨੂੰ ਬਖਸ਼ਦਾ ਹੈ ਤੇ ਅਧਿਆਤਮ ਅਭਿਆਸ ਵਿਚ ਨਿਯਮਤ ਰੂਪ ਵਿਚ ਪੱਕਾ ਹੁੰਦਾ ਹੈ। ਅਧਿਆਤਮਕ ਅਭਿਆਸ ਨਾਲ ਉਹ ਆਪਣੀਆਂ ਇੰਦ੍ਰੀਆਂ ਤੇ ਕਾਬੂ ਪਾਉਂਦਾ ਹੈ। ਇੰਦ੍ਰੀਆਂ ਤੇ ਕਾਬੂ ਪਾਉਣਾ ਬਹੁਤ ਜ਼ਰੂਰੀ ਹੈ, ਇਹ ਹੀ ਮਨ ਦੀ ਸ਼ਕਤੀ ਨੂੰ ਖੇਰੂੰ ਕਰਦੀਆਂ ਹਨ, ਇਹ ਹੀ ਮਨ ਨੂੰ ਟਿਕਣ

ਨਹੀਂ ਦਿੰਦੀਆਂ। ਜਿਹੜਾ ਇੰਦ੍ਰੀਆਂ ਦੇ ਵਸ ਨਹੀਂ ਹੈ, ਉਨ੍ਹਾਂ ਤੋਂ ਪ੍ਰੇਰਤ ਨਹੀਂ ਹੁੰਦਾ, ਇਛਾਵਾਂ ਦੇ ਵਸ ਨਹੀਂ ਹੁੰਦਾ ਉਨ੍ਹਾਂ ਦੇ ਵਸ ਹੋ ਕੇ ਮੌਜ ਮੇਲੇ ਨਹੀਂ ਮਾਣਦਾ, ਜਿਹੜਾ ਆਪਣੀ ਡਿਊਟੀ ਕਰਦਾ ਹੈ, ਦ੍ਰਿੜ ਹੋ ਕੇ ਸਾਧਨਾ ਕਰਦਾ ਹੈ, ਆਪਣੀ ਸਾਰੀ ਕਲਾ ਕਰਮ ਪ੍ਰਭੂ ਨੂੰ ਸਮਰਪਣ ਕਰਦਾ ਹੈ, ਉਹ ਹੀ ਪ੍ਰਭੂ ਨੂੰ ਪਿਆਰਾ ਲਗਦਾ ਹੈ। ਜਿਹੜਾ ਕਿਸੇ ਨਾਲ ਦ੍ਵੈਸ਼ ਨਹੀਂ ਰਖਦਾ, ਜਿਸ ਨਾਲ ਕੋਈ ਦ੍ਵੈਸ਼ ਨਹੀਂ ਰਖਦਾ, ਜਿਸ ਨੂੰ ਸਫਲਤਾ ਅਸਫਲਤਾ ਪ੍ਰਭਾਵਤ ਨਹੀਂ ਕਰਦੀ, ਜਿਸ ਨੂੰ ਕੋਈ ਭੈ ਨਹੀਂ, ਕੋਈ ਕ੍ਰੋਧ ਨਹੀਂ, ਜਿਹੜਾ ਕੇਵਲ ਪ੍ਰਭੂ ਦਾ ਹੀ ਸ਼ਰਧਾਲੂ ਹੈ, ਆਪਣੀ ਡਿਊਟੀ ਕਰਦਾ ਹੈ, ਕਰਮ ਕਰਦਾ ਹੈ, ਹਾਨ ਲਾਭ ਦਾ ਧਿਆਨ ਹੀ ਨਹੀਂ ਕਰਦਾ ਉਹ ਹੀ ਪ੍ਰਮਾਤਮਾ ਨੂੰ ਪਿਆਰਾ ਹੈ। ਜਿਹੜਾ ਸਮਾਚਿਤਤਾ ਨੂੰ ਪ੍ਰਾਪਤ ਕਰ ਚੁੱਕਾ ਹੈ, ਮਾਨਤਾ ਤੇ ਅਪਮਾਨਤਾ ਤੋਂ ਉਪਰ ਹੈ, ਜਿਹੜਾ ਸਾਰੇ ਦ੍ਵੰਦ ਤੋਂ ਉਪਰ ਹੈ, ਜੋ ਚੁੱਪ ਰਹਿੰਦਾ ਹੈ, ਜਿਸ ਦਾ ਕੋਈ ਆਪਣਾ ਘਰ ਨਹੀਂ ਹੈ, ਜਿਸ ਦਾ ਮਨ ਕੇਵਲ ਇਕ ਉਤੇ ਰਹਿੰਦਾ ਹੈ, ਜਿਸ ਦੇ ਮਨ ਵਿਚ ਪ੍ਰਭੂ ਤੋਂ ਬਿਨਾਂ ਕੋਈ ਨਹੀਂ ਰਹਿੰਦਾ, ਉਸ ਇਕ ਉਤੇ ਜਿਸ ਨੂੰ ਅਥਾਹ ਵਿਸ਼ਵਾਸ਼ ਹੈ, ਕੇਵਲ ਪ੍ਰਮਾਤਮਾ ਨੂੰ ਹੀ ਆਪਣਾ ਰੂਪ ਜਾਣਦਾ ਹੈ, ਜੋ ਪ੍ਰਮਾਤਮਾ ਨਾਲ ਅਭੇਦ ਹੋ ਗਿਆ ਹੈ, ਉਹ ਹੀ ਵਡਭਾਗਾ ਹੈ।

ਸੰਪੂਰਨ ਹੋਣ ਲਈ ਮਨ ਵਿਚੋਂ ਸਾਰੀ ਅਪੂਰਨਤਾ ਕੱਢਣੀ ਪੈਂਦੀ ਹੈ, ਪੂਰਨ ਕਰਮ ਕਰਨੇ ਪੈਂਦੇ ਹਨ ਤੇ ਪੂਰਨ ਬੋਲ ਰੱਖਣਾ ਪੈਂਦਾ ਹੈ। 13ਵੇਂ ਤੋਂ 20ਵੇਂ ਸਲੋਕ ਤਕ ਸ਼ਰਧਾਲੂ ਦੇ ਹੇਠ ਲਿਖੇ ਗੁਣ ਦਸਦੇ ਹਨ ਜਿਹੜੇ ਉਸ ਨੂੰ ਆਤਮ ਮਾਰਗ ਤੇ ਚੱਲਣ ਲਈ ਆਵਸ਼ੱਕ ਹਨ।

1. ਘ੍ਰਿਣਾ ਸਾਰੇ ਦੁਖ ਦੀ ਜੜ੍ਹ ਹੈ, ਦੂਸਰਿਆਂ ਨਾਲ ਘ੍ਰਿਣਾ ਕਰਕੇ ਤੁਸੀਂ ਆਪਣੇ ਆਪ ਨੂੰ ਬਿਲਕੁਲ ਵਖਰਾ ਕਰ ਲੈਂਦੇ ਹੋ, ਇਸ ਕਰਕੇ ਪਿਆਰ ਕਰਨਾ ਸਿੱਖੋ, ਦੇਣਾ ਸਿੱਖੋ, ਵੰਡਣਾ ਸਿੱਖੋ।

2. ਸਭ ਦੇ ਮਿਤ੍ਰ ਬਣ ਕੇ ਰਹੋ, ਕਿਸੇ ਨਾਲ ਵੀ ਵੈਰ ਵਿਰੋਧ ਨਾ ਰੱਖੋ।

3. ਉਦਾਰਤਾ ਤੁਹਾਨੂੰ ਦਿਆਲੂ ਹੋਣਾ ਸਿਖਾਉਂਦੀ ਹੈ ਤੇ ਤੁਸੀਂ ਆਪਣੇ ਪਿਆਰ ਦਾ ਪ੍ਰਗਟਾਵਾ ਕਰ ਸਕਦੇ ਹੋ। ਇਸ ਕਰਕੇ ਸਦਾ ਉਦਾਰ ਰਹੋ, ਮਿਠਬੋਲੜੇ ਰਹੋ ਤੇ ਦੇਣਾ ਸਿੱਖੋ।

4. ਮੇਰਾ ਤੇਰਾ, ਮੈਂ ਤੇ ਮੇਰਾ, ਇਹ ਮਾਇਆ ਜਾਲ ਹੈ ਤੇ ਮੋਹ ਦੇ ਸੰਗਲ ਹਨ, ਇਸ ਕਰਕੇ ਮੋਹ ਵਿਚ ਨਾ ਫਸੋ।

5. ਕੁਝ ਨਾ ਆਪਣਾ ਬਣਾ ਕੇ ਰੱਖੋ, ਘਰ ਵੀ ਆਪਣਾ ਨਹੀਂ, ਦੌਲਤ ਇਕੱਠੀ ਕਰਨੀ ਪੈਸੇ ਨਾਲ ਪਿਆਰ ਹੈ ਤੇ ਇਹ ਲੋਭ ਹੈ।

6. ਹਉਮੈ, ਹੰਕਾਰ ਮਨੁੱਖ ਨੂੰ ਜ਼ੀਰੋ ਬਣਾ ਦਿੰਦਾ ਹੈ ਹਉਮੈ ਦਾ

ਪੜ੍ਹਦਾ ਮਨੁੱਖ ਨੂੰ ਸਤਿ ਨਾਲੋਂ ਦੂਰ ਕਰ ਦਿੰਦਾ ਹੈ, ਯਤਨ ਕਰਕੇ ਹਉਮੈ ਨੂੰ ਸ਼ੁਧ ਕਰਨਾ ਚਾਹੀਦਾ ਹੈ।

7. ਜਦੋਂ ਕਰਮਾਂ ਦੇ ਫਲ ਮਿਲਦੇ ਹਨ, ਸਬਰ, ਸੰਤੋਖ ਰਖਣਾ ਚਾਹੀਦਾ ਹੈ, ਇਹ ਸਭ ਤੋਂ ਵੱਡੀ ਪੂੰਜੀ ਹੈ, ਇਸ ਤੋਂ ਬਿਨਾਂ ਮਨੁੱਖ ਸਦਾ ਹੀ ਅਸੰਤੁਸ਼ਟ ਰਹਿੰਦਾ ਹੈ।

8. ਆਸ ਰੱਖਣ ਤੋਂ ਭਾਵ ਹੈ ਵਿਸ਼ੇ ਵਿਕਾਰਾਂ ਵਿਚ ਪੈਣਾ ਤੇ ਉਨ੍ਹਾਂ ਨੂੰ ਮਾਨਣਾ। ਆਸਾਂ ਪੂਰੀਆਂ ਹੋਣ, ਨਾ ਹੋਣ, ਇਨ੍ਹਾਂ ਤੇ ਨਿਰਭਰ ਹੋ ਕੇ ਮਨੁੱਖ ਆਪਣੀ ਗੌਰਵਤਾ ਗੁਆ ਬੈਠਦਾ ਹੈ, ਉਮੀਦ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ।

9. ਸਦਾ ਹੀ ਸਵੈ ਸੰਜਮ ਦਾ ਅਭਿਆਸ ਕਰੋ, ਇਸ ਤੋਂ ਬਿਨਾਂ ਮਨ ਤੇ ਸ਼ਕਤੀਆਂ ਨੂੰ ਇਕਾਗਰ ਨਹੀਂ ਕੀਤਾ ਜਾ ਸਕਦਾ।

10. ਸ਼ਾਂਤ ਮਨ ਹਰ ਹਾਲ ਵਿਚ ਸਥਿਰ ਰਹਿੰਦਾ ਹੈ, ਚੰਗਾ ਸਮਾਂ ਹੋਵੇ, ਮਾੜਾ ਹੋਵੇ ਜਿਸ ਦਾ ਮਨ ਸ਼ਾਂਤ ਹੈ, ਉਹ ਨਾ ਦੁਖੀ ਹੁੰਦਾ ਹੈ, ਨਾ ਭਰਮਦਾ ਹੈ।

11. ਦ੍ਰਿੜ੍ਹ ਨਿਸ਼ਚਾ ਮਨੋ ਬਲ ਦਿੰਦਾ ਹੈ, ਇੱਛਾ ਸ਼ਕਤੀ ਦਿੰਦਾ ਹੈ, ਹਰ ਪਾਸੇ ਸਫਲਤਾ ਦਿੰਦਾ ਹੈ।

12. ਦ੍ਰਿੜ੍ਹਤਾ ਉਹ ਗੁਣ ਹੈ ਜਿਸ ਨਾਲ ਨਿਰਭੈਤਾ ਤੇ ਸਵੈ ਭਰੋਸਾ ਆਉਂਦਾ ਹੈ।

13. ਮੋਹ ਤੋਂ ਮੁਕਤ ਹੋ ਕੇ ਤੁਸੀਂ ਰੂਹਾਨੀਅਤ ਦੀ ਚੋਟੀ ਤੇ ਪਹੁੰਚ ਸਕਦੇ ਹੋ, ਨਿਰਲਿਪਤ ਹੋਣ ਤੋਂ ਭਾਵ ਹੈ ਮੌਜ ਮੇਲਾ ਮਨਾਉਣ ਦੀ, ਵਿਸ਼ੇ ਵਿਕਾਰਾਂ ਵਿਚ ਪੈਣ ਦੀ ਕੋਈ ਇੱਛਾ ਨਾ ਰੱਖਣੀ।

14. ਨਖੇਧੀ ਦੇ ਭਾਵ ਤੁਹਾਨੂੰ ਬਹੁਤ ਨੀਵੇਂ ਲੈ ਜਾਂਦੇ ਹਨ, ਢਹਿੰਦੀ ਕਲਾ ਵਿਚ ਲੈ ਜਾਂਦੇ ਹਨ, ਉਨ੍ਹਾਂ ਦੀ ਥਾਂ ਚੰਗੇ ਭਾਵ ਪੈਦਾ ਕਰੋ। ਮਿਸਾਲ ਵਜੋਂ ਵਿਰੋਧ ਦੀ ਥਾਂ ਪਿਆਰ ਪੈਦਾ ਕਰੋ।

15. ਕਰਮਾਂ ਦੇ ਚੰਗੇ ਫਲ ਬਹੁਤ ਖੁਸ਼ੀ ਦਿੰਦੇ ਹਨ, ਸੁਤੰਤਰਤਾ ਤੇ ਸ਼ਾਂਤੀ ਦਿੰਦੇ ਹਨ। ਜੋ ਸਭ ਕੁਝ ਦਾ ਤਿਆਗ ਕਰਦਾ ਹੈ, ਉਹ ਹੀ ਮਨੁੱਖਤਾ ਦਾ ਪ੍ਰੇਮੀ ਹੁੰਦਾ ਹੈ।

16. ਮਨੁੱਖ ਨੂੰ ਇਕ ਦਰਸ਼ਕ ਦੀ ਤਰ੍ਹਾਂ ਇਕ ਸਿੱਧ ਪੁਰਖ ਦੀ ਤਰ੍ਹਾਂ ਰਹਿਣਾ ਚਾਹੀਦਾ ਹੈ। ਜੋ ਹੋ ਰਿਹਾ ਹੈ, ਉਸ ਦਾ ਪਾਤਰ ਨਹੀਂ ਬਣਨਾ ਚਾਹੀਦਾ।

17. ਮਨ ਨਾਲ, ਬਚਨਾਂ ਨਾਲ ਤੇ ਕਰਮਾਂ ਨਾਲ ਮਨੁੱਖ ਨੂੰ ਸ਼ੁਧ ਹੋਣਾ ਚਾਹੀਦਾ ਹੈ, ਗਲਤ ਕਰਮ ਨਹੀਂ ਕਰਨੇ ਚਾਹੀਦੇ, ਆਪਣੇ ਤੇ ਕੋਈ ਦਾਗ

ਨਹੀਂ ਲਗਾਉਣਾ ਚਾਹੀਦਾ।

18. ਸਦਾ ਸਤਰਕ ਰਹਿਣਾ ਚਾਹੀਦਾ ਹੈ, ਲਾਪਰਵਾਹੀ ਇਕ ਔਕੜ ਬਣ ਸਕਦੀ ਹੈ।

19. ਫੱਲ ਦੀ ਇੱਛਾ ਰਖਣੀ ਕਰਮ ਕਰਨ ਵਿਚ ਬਾਧਕ ਬਣ ਜਾਂਦੀ ਹੈ, ਇੱਛਾ ਦਾ ਤਿਆਗ ਕਰੋ।

20. ਜਿਹੜਾ ਸਭ ਨੂੰ ਪਿਆਰ ਕਰਦਾ ਹੈ, ਉਹ ਸਭ ਤੋਂ ਪਿਆਰ ਲੈਂਦਾ ਵੀ ਹੈ, ਪ੍ਰੇਮ ਦਾ ਪ੍ਰਗਟਾਵਾ ਨਿਤਾ ਪ੍ਰਤੀ ਜੀਵਨ ਵਿਚ ਵੱਧ ਤੋਂ ਵੱਧ ਵੰਡ ਕੇ ਕਰਨਾ ਚਾਹੀਦਾ ਹੈ।

21. ਜਿਸ ਨੇ ਆਪਣਾ ਮਨ, ਬੁੱਧ ਤੇ ਚਿੱਤ ਸਮਰਪਣ ਕਰ ਦਿਤਾ ਹੈ, ਉਹ ਹੀ ਇਕ ਸੱਚਾ ਯੋਗੀ ਹੈ।

22. ਜਿਸ ਕੋਲ ਹੌਂਸਲਾ ਹੈ, ਮਨੋਬਲ ਹੈ, ਉਹ ਜੀਵਨ ਦੀ ਕੋਈ ਵੀ ਬਿਪਤਾ ਸਹਾਰ ਸਕਦਾ ਹੈ, ਉਹ ਹਰ ਹਾਲ ਵਿਚ ਸਥਿਰ ਰਹੇਗਾ।

23. ਭਰੋਸਾ ਸਭ ਤੋਂ ਵੱਡਾ ਗੁਣ ਹੈ, ਇਹ ਨਿਰੋਲ ਤਰਕ ਨਾਲ ਕੀਤਾ ਜਾਵੇ, ਕੇਵਲ ਕਹਿਣ ਤੇ ਨਹੀਂ। ਉਪਰ ਦਿਤੇ ਸਾਰੇ ਗੁਣ ਤੇ ਚਿੰਨ ਇਕ ਸੱਚੇ ਸੁੱਚੇ ਸ਼ਰਧਾਲੂ ਦੇ ਹਨ। ਧੰਨ ਹਨ, ਉਹ ਵਡਭਾਗੇ ਹਨ, ਉਹ ਜਿਹੜੇ ਮਿਹਨਤ ਕਰਕੇ ਇਨ੍ਹਾਂ ਗੁਣਾਂ ਦੀ ਪ੍ਰਾਪਤੀ ਕਰਦੇ ਹਨ।

ਇਹ ਸਾਰਾ ਅਧਿਆਇ ਭਗਤੀ ਯੋਗ, ਪਿਆਰ ਤੇ ਸ਼ਰਧਾ ਉਤੇ ਹੈ। ਬਹੁਤ ਸਾਰੇ ਜਗਿਆਸੂ ਸੋਚਦੇ ਹਨ ਇਹ ਬਹੁਤ ਸੌਖਾ ਮਾਰਗ ਹੈ ਤੇ ਭਾਵਕਤਾ ਦਾ ਮਾਰਗ ਹੈ ਪਰ ਇਹ ਨਹੀਂ ਹੈ। ਪ੍ਰੇਮ ਕਰਨਾ ਤੇ ਪ੍ਰੇਮ ਵਿਚ ਰੱਤ ਜਾਣਾ ਕੋਈ ਸੌਖਾ ਨਹੀਂ ਹੈ, ਸ਼ਰਧਾ ਦਾ ਮਾਰਗ ਓਨਾਂ ਹੀ ਔਖਾ ਹੈ ਜਿੰਨਾਂ ਗਿਆਨ ਮਾਰਗ ਤੇ ਕਰਮ ਮਾਰਗ। ਦੇਖਿਆ ਜਾਏ ਤਾਂ ਇਹ ਉਨ੍ਹਾਂ ਤੋਂ ਵੀ ਔਖਾ ਹੈ ਕਿਉਂਕਿ ਇਸ ਵਿਚ ਇਕ ਹੋ ਕੇ ਪ੍ਰਮਾਤਮਾ ਦਾ ਸ਼ਰਧਾਲੂ ਹੋਣਾ ਪੈਂਦਾ ਹੈ, ਉਸ ਨਾਲ ਇਕ ਹੋਣਾ ਪੈਂਦਾ ਹੈ, ਮਨ ਤੇ ਚਿਤ ਸ਼ੁਧ ਕਰਕੇ ਪ੍ਰਮਾਤਮਾ ਵਲ ਲਗਣਾ ਪੈਂਦਾ ਹੈ। ਆਪਣੀ ਹੋਂਦ ਨੂੰ ਸੁਚੇਤ ਹੋ ਕੇ ਪ੍ਰਭੂ ਵਿਚ ਲੀਨ ਹੋਣਾ ਪੈਂਦਾ ਹੈ। ਪ੍ਰੇਮਾ ਭਗਤੀ ਦਾ ਮਾਰਗ ਕੇਵਲ ਦੇਣ ਦਾ ਮਾਰਗ ਹੈ, ਦੇਣਾ, ਸਮਰਪਣ ਕਰਨਾ ਤੇ ਕੋਈ ਆਸ ਨਾ ਰੱਖਣੀ, ਇਹ ਕੇਵਲ ਭਾਵਕਤਾ ਨਹੀਂ, ਇਹ ਤਾਂ ਉਹ ਪਰਮ ਅਨੰਦ ਹੈ ਜਿਸ ਵਿਚ ਪ੍ਰੇਮ ਕਰਨ ਵਾਲਾ ਪ੍ਰੇਮੀ ਵਿਚ ਲੀਨ ਹੋ ਜਾਂਦਾ ਹੈ, ਅਭੇਦ ਹੋ ਜਾਂਦਾ ਹੈ, ਇਕ ਹੋ ਜਾਂਦਾ ਹੈ। ਇਸ ਮਾਰਗ ਤੇ ਦੋ ਤਾਂ ਹਨ ਹੀ ਨਹੀਂ, ਕੇਵਲ ਉਹ ਪ੍ਰਭੂ ਹੀ ਹੈ। ਜਿਵੇਂ ਨਦੀ ਸਾਗਰ ਵਿਚ ਜਾ ਮਿਲਦੀ ਹੈ ਤੇ ਆਪਣੀ ਹੋਂਦ ਖਤਮ ਕਰ ਦਿੰਦੀ ਹੈ। ਇਹ ਮਾਰਗ ਸ਼ਰਧਾ ਦਾ ਮਾਰਗ ਹੈ। ਵਡਭਾਗੇ ਹਨ ਜਿਹੜੇ ਉਸ ਪ੍ਰਭੂ ਦੇ ਪਿਆਰ ਵਿਚ ਰੰਗੇ ਹੋਏ ਹਨ, ਸਦਾ ਉਸ ਦੀ ਯਾਦ ਵਿਚ ਰਹਿੰਦੇ ਹਨ, ਸ੍ਵਾਸ ਸ੍ਵਾਸ ਉਸ ਦਾ ਨਾਮ ਜਪਦੇ ਹਨ। ਉਨ੍ਹਾਂ ਨੂੰ ਜਲ ਦਾ

ਕੋਈ ਭੈ ਨਹੀਂ, ਚੌਰਾਸੀ ਦਾ ਕੋਈ ਭੈ ਨਹੀਂ, ਉਹ ਤਾਂ ਉਸ ਇਕ ਨਾਲ ਅਭੇਦ ਹਨ, ਇਕ ਹਨ।

ਇਹ ਬਾਰਵਾਂ ਅਧਿਆਇ ਸੀ ਜਿਸ ਵਿਚ ਸੰਪੂਰਨ ਹੋਣ ਦੇ ਗੁਣ ਦੱਸੇ ਗਏ ਹਨ।

# ਤੇਰ੍ਹਵਾਂ ਅਧਿਆਇ

## ਦੇਹ ਅਤੇ ਦੇਹ ਨੂੰ ਜਾਨਣ ਵਾਲਾ

1. ਅਰਜਨ ਕਹਿੰਦਾ ਹੈ – ਹੇ ਕੇਸ਼ਵ! ਮੈਂ ਪ੍ਰਕ੍ਰਿਤੀ ਅਤੇ ਪੁਰਸ਼, ਸਰੀਰ ਤੇ ਸਰੀਰ ਨੂੰ ਜਾਨਣ ਵਾਲਾ ਜਾਨਣਾ ਚਾਹੁੰਦਾ ਹਾਂ। (ਛੇਤ੍ਰ ਅਤੇ ਛੇਤ੍ਰਗਯ) ਨੂੰ ਜਾਨਣਾ ਚਾਹੁੰਦਾ ਹਾਂ।

2. ਕ੍ਰਿਸ਼ਨ ਜੀ ਬਚਨ ਕਰਦੇ ਹਨ –

ਹੇ ਕੌਂਤਯ! ਇਹ ਸਰੀਰ ਛੇਤ੍ਰ ਕਹਾਉਂਦਾ ਹੈ ਅਤੇ ਜੋ ਇਸ ਵਿਚ ਜਾਨਣ ਵਾਲਾ ਹੈ, ਉਸ ਨੂੰ ਛੇਤ੍ਰਗਯ ਕਹਿੰਦੇ ਹਨ।

ਭਗਤੀ ਯੋਗ ਦਾ ਗਿਆਨ ਦੇਣ ਤੋਂ ਬਾਅਦ, ਪ੍ਰਭੂ ਪ੍ਰੇਮ ਦਾ ਗਿਆਨ ਦੇਣ ਤੋਂ ਬਾਅਦ ਕ੍ਰਿਸ਼ਨ ਜੀ ਅਰਜਨ ਨੂੰ ਦਸਦੇ ਹਨ ਕਿ ਸਰੀਰ ਇਕ ਇਹੋ ਜਿਹਾ ਖੇਤ ਹੈ ਜਿਸ ਵਿਚ ਅੰਮ੍ਰਿਤ ਹੈ। ਜਦੋਂ ਜਗਿਆਸੂ ਨੂੰ ਇਸ ਦੀ ਮਹੱਤਤਾ ਦਾ ਪਤਾ ਲਗ ਜਾਂਦਾ ਹੈ ਤੇ ਜਗਿਆਸੂ ਨੂੰ ਸਰੀਰ ਛੇਤ੍ਰ ਤੇ ਉਸ ਦੇ ਜਾਨਣ ਵਾਲੇ ਵਿਚ ਭੇਦ ਪਤਾ ਲਗ ਜਾਂਦਾ ਹੈ ਤਾਂ ਉਸ ਨੂੰ ਆਤਮ ਗਿਆਨ ਹੋ ਜਾਂਦਾ ਹੈ। ਸਰੀਰ ਦਾ ਡੂੰਘਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ ਤੇ ਸਰੀਰ ਦੀ ਦੇਖ ਰੇਖ ਕਰਨੀ ਵੀ ਬੜੀ ਜ਼ਰੂਰੀ ਹੈ। ਜਿਹੜਾ ਇਸ ਸਰੀਰ ਦੀ ਮਹੱਤਤਾ ਜਾਣਦਾ ਹੈ ਤੇ ਇਹ ਜਾਣਦਾ ਹੈ ਕਿ ਇਸ ਦੇ ਅੰਦਰ ਆਤਮਾ ਦਾ ਵਾਸਾ ਹੈ ਉਹ ਗਿਆਨੀ ਹੈ। ਇਹੋ ਜਿਹਾ ਜਗਿਆਸੂ ਸਰੀਰ ਨੂੰ ਇਕ ਯੰਤਰ ਮੰਨ ਕੇ ਜੀਵਨ ਮਨੋਰਥ ਦੀ ਪ੍ਰਾਪਤੀ ਲਈ ਵਰਤਦਾ ਹੈ। ਇਸ ਅਧਿਆਇ ਵਿਚ ਛੇਤ੍ਰ ਸ਼ਬਦ ਸਰੀਰ ਲਈ ਵਰਤਿਆ ਗਿਆ ਹੈ। ਛੇਤ੍ਰਗਯ ਜੀਵ ਆਤਮਾ ਨੂੰ ਕਿਹਾ ਗਿਆ ਹੈ। ਇਹ ਹਰ ਮਨੁੱਖ ਦੀ ਪਹਿਲੀ ਡਿਊਟੀ ਹੈ ਕਿ ਉਹ ਛੇਤ੍ਰਗਯ ਭਾਵ ਸਰੀਰ ਨੂੰ ਚੰਗੀ ਤਰ੍ਹਾਂ ਜਾਣੇ। ਜਦੋਂ ਆਤਮ ਗਿਆਨ ਹੋ ਜਾਂਦਾ ਹੈ ਤਾਂ ਇਹ ਵੀ ਗਿਆਨ ਹੋ ਜਾਂਦਾ ਹੈ ਕਿ ਸਾਰਾ ਬ੍ਰਹਿਮੰਡ ਸਰੀਰ ਵਿਚ ਹੀ ਹੈ।

***ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥ ਪੰਨਾ – 695***

ਕੇਵਲ ਪ੍ਰਮਾਤਮਾ ਹੀ ਬ੍ਰਹਿਮੰਡ ਦੇ ਸਾਰੇ ਸਰੀਰਾਂ ਦਾ ਮਾਲਕ ਹੈ ਕਿਉਂਕਿ ਉਹ ਹੀ ਸਰਬ ਵਿਆਪਕ ਹੈ, ਸਾਰੇ ਸਰੀਰਾਂ ਵਿਚ ਉਹ ਆਪ ਹੀ ਵਿਚਰ ਰਿਹਾ ਹੈ ਕੇਵਲ ਉਸ ਨੂੰ ਸਾਰਿਆਂ ਦਾ ਡੂੰਘਾ ਗਿਆਨ ਹੈ। ਸੰਸਾਰ ਦੇ ਅਣਗਿਣਤ ਸਰੀਰ ਉਸ ਪ੍ਰਮਾਤਮਾ ਦੇ ਹਨ ਜਿਵੇਂ ਉਹ ਇਕ ਕਿਸਾਨ ਹੋਵੇ ਤੇ ਸਾਰੇ ਸਰੀਰ ਖੇਤ ਹੋਣ। ਸੰਸਾਰ ਵਿਚ ਕੋਈ ਇਹੋ ਜਿਹੀ ਚੀਜ਼ ਨਹੀਂ ਜਿਸਨੂੰ ਪ੍ਰਮਾਤਮਾ ਨਹੀਂ ਜਾਣਦਾ। ਮਨੁੱਖ ਦੇ ਸਰੀਰ ਦੇ ਅੰਦਰ ਆਤਮਾ ਦਾ ਵਾਸਾ ਹੈ ਜੋ ਅਜਰ ਹੈ, ਅਮਰ ਹੈ, ਅਸੀਮ ਹੈ। ਜਗਿਆਸੂ ਨੂੰ ਆਤਮ ਗਿਆਨ ਹੁੰਦਾ ਹੈ ਉਹ ਪੁਰਸ਼ ਤੋਂ ਪਰਸ਼ੋਤਮ ਬਣ ਜਾਂਦਾ ਹੈ

ਕਿਉਂਕਿ ਉਹ ਪ੍ਰਮਾਤਮਾ ਨਾਲ ਇਕ ਹੋ ਜਾਂਦਾ ਹੈ। ਜਗਿਆਸੂ ਨੂੰ ਇਹ ਗਿਆਨ ਹੋਣਾ ਚਾਹੀਦਾ ਹੈ ਜੇ ਇਹ ਗਿਆਨ ਨਾ ਹੋਵੇ ਤਾਂ ਬਾਕੀ ਦਾ ਸਾਰਾ ਗਿਆਨ ਝੂਠਾ ਹੈ, ਭੁਲੇਖਾ ਹੈ। ਆਮ ਮਨੁੱਖ ਦੁਖ ਸੁਖ ਹੋਰ ਚੱਕਰਾਂ ਵਿਚ ਫਸਿਆ ਰਹਿੰਦਾ ਹੈ ਕਿਉਂਕਿ ਉਸ ਨੂੰ ਸੱਚ ਦਾ ਗਿਆਨ ਨਹੀਂ ਹੈ। ਕ੍ਰਿਸ਼ਨ ਜੀ ਅਰਜਨ ਨੂੰ ਸਮਝਾਉਂਦੇ ਹਨ ਕਿ ਸਰੀਰ ਇਕ ਖੇਤ ਹੈ ਤੇ ਜੀਵ ਆਤਮਾ ਇਕ ਜਗਿਆਸੂ ਹੈ। ਦੋਨਾਂ ਦਾ ਗਿਆਨ ਹੀ ਸੱਚਾ ਗਿਆਨ ਮੰਨਿਆ ਜਾਂਦਾ ਹੈ। ਆਤਮਾ ਸਰੀਰ ਦਾ ਰਾਜਾ ਹੈ ਜਿਵੇਂ ਕਿ ਮੋਤੀਆਂ ਦੀ ਇਕ ਮਾਲਾ ਪਰੋਤੀ ਹੋਵੇ ਤੇ ਧਾਗਾ ਹਰ ਮੋਤੀ ਦੇ ਵਿਚੋਂ ਲੰਘਾਇਆ ਹੁੰਦਾ ਹੈ ਬਿਲਕੁਲ ਉਸ ਤਰ੍ਹਾਂ ਹੀ ਇਹ ਬਹੁਮੁਖੀ ਬ੍ਰਹਿਮੰਡ ਇਕ ਬ੍ਰਹਿਮੰਡ ਵਿਚ ਪਰੋਤਾ ਹੋਇਆ ਹੈ ਜਿਹੜਾ ਇਸ ਨੂੰ ਚਲਾ ਰਿਹਾ ਹੈ।

ਸਰੀਰ ਅਤੇ ਮਨੁੱਖ ਦੀ ਆਤਮਾ ਦਾ ਸਬੰਧ ਵੀ ਬਿਲਕੁਲ ਉਸ ਤਰ੍ਹਾਂ ਹੀ ਹੈ ਅਤੇ ਪੁਰਖ ਤੇ ਪ੍ਰਕ੍ਰਿਤੀ ਦਾ ਸਬੰਧ ਵੀ ਇਹੋ ਜਿਹਾ ਹੀ ਹੈ। ਬ੍ਰਹਿਮੰਡ ਦੋ ਮੋਢੀ ਤਤ੍ਵ ਹਨ ਜੋ ਇਕ ਸਤਿ ਤੋਂ ਪੈਦਾ ਹੋਏ ਹਨ, ਸਤਿ ਕੇਵਲ ਇਕ ਹੈ ਪ੍ਰਮਾਤਮਾ ਇਕ ਹੈ। ਪੁਰਖ ਤੇ ਪ੍ਰਕ੍ਰਿਤੀ ਇਨ੍ਹਾਂ ਤੋਂ ਹੀ ਸਾਰੇ ਸੰਸਾਰ ਦਾ ਪਸਾਰਾ ਹੁੰਦਾ ਹੈ, ਜੜ੍ਹ ਚੇਤਨ ਜੰਮਦੇ ਤੇ ਖਤਮ ਹੁੰਦੇ ਹਨ। ਪ੍ਰਮਾਤਮਾ ਦੀ ਪ੍ਰਕ੍ਰਿਤੀ ਤੋਂ ਬਿਨਾਂ ਕੁਝ ਨਹੀਂ, ਸੰਸਾਰ ਦਾ ਸਾਰਾ ਪਸਾਰਾ ਪ੍ਰਕ੍ਰਿਤੀ ਦਾ ਵਖ ਵੱਖ ਪਸਾਰਾ ਹੀ ਹੈ। ਪ੍ਰਕ੍ਰਿਤੀ ਤੇ ਪੁਰਖ ਦੋਨੋਂ ਹੀ ਅਨਾਦੀ ਹਨ। (ਗੁਰਮਤਿ ਪ੍ਰਕ੍ਰਿਤੀ ਨੂੰ ਅਨਾਦੀ ਮੰਨਣ ਦੀ ਥਾਂ ਪ੍ਰਮੇਸ਼ਰ ਤੋਂ ਹੋਈ ਮੰਨਦੀ ਹੈ। ਅਨਾਦੀ ਕੇਵਲ ਪ੍ਰਭੂ ਤਤ੍ਵ ਹੀ ਹੈ)

3. ਇਸ ਲਈ ਉਹ ਛੇਤ੍ਰ ਜੋ ਹੈ ਅਤੇ ਜਿਹੋ ਜਿਹਾ ਹੈ ਯਥਾ ਜਿੰਨਾਂ ਵਿਕਾਰਾਂ ਵਾਲਾ ਹੈ ਅਤੇ ਜਿਸ ਕਾਰਨ ਤੋਂ ਜੋ ਹੋਇਆ ਹੈ ਤਥਾ ਉਹ ਖਸ਼ੇਤਰਗ ਭੀ ਜੋ ਹੈ ਅਤੇ ਜਿਸ ਪ੍ਰਭਾਵ ਵਾਲਾ ਹੈ ਉਹ ਸਭ ਸੰਖੇਪ ਰੂਪ ਵਿਚ ਮੈਥੋਂ ਸੁਣ।

4. ਇਹ ਖਛੇਤਰ ਅਤੇ ਖਛੇਤਰਗ ਦਾ ਤਤ੍ਵ ਰਿਸ਼ੀਆਂ ਦੁਆਰਾ ਬਹੁਤ ਪ੍ਰਕਾਰ ਕਿਹਾ ਗਿਆ ਹੈ ਅਰਥਾਤ ਸਮਝਾਇਆ ਗਿਆ ਹੈ ਅਤੇ ਨਾਨਾ ਪ੍ਰਕਾਰ ਦੇ ਵੇਦ ਮੰਤਰਾਂ ਨਾਲ ਵਿਭਾਗ ਪੂਰਵਕ ਕਿਹਾ ਗਿਆ ਹੈ ਤਥਾ ਅੱਛੀ ਪ੍ਰਕਾਰ ਨਿਸ਼ਚੇ ਕੀਤੇ ਹੋਏ ਯੁਕਤੀ ਯੁਕਤ ਬ੍ਰਹਮ ਸੂਤਰ ਦੇ ਪਦੋਂ ਦੁਆਰਾ ਭੀ ਵੈਸੇ ਹੀ ਕਿਹਾ ਗਿਆ ਹੈ।

ਜਦੋਂ ਜਗਿਆਸੂ ਸਰੀਰ ਅਤੇ ਆਤਮਾ ਦਾ ਡੂੰਘਾ ਗਿਆਨ ਪ੍ਰਾਪਤ ਕਰ ਲੈਂਦਾ ਹੈ, ਗਿਆਨ ਵਿਗਿਆਨ ਪ੍ਰਾਪਤ ਕਰ ਲੈਂਦਾ ਹੈ ਉਹ ਭਰਪੂਰ ਹੋ ਜਾਂਦਾ ਹੈ। ਉਪਨਿਸ਼ਦਾਂ ਵਿਚ ਉਸ ਨੂੰ ਵਿਵੇਕ ਕਿਹਾ ਗਿਆ ਹੈ ਜਿਸ ਨਾਲ ਆਤਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਆਤਮਾ ਜੋ ਅਜਰ, ਅਮਰ, ਅਟਲ ਹੈ ਅਤੇ ਸੰਸਾਰ ਜੋ ਛਿਨ ਭੰਗਰ ਹੈ ਇਨ੍ਹਾਂ ਦਾ ਫਰਕ ਪਤਾ ਲਗਦਾ ਹੈ। ਇਹ ਗਿਆਨ ਜੀਵਨ ਵਿਚ ਪਹਿਲਾਂ ਹੀ ਛੋਟੀ ਆਯੂ ਵਿਚ ਹੀ ਦ੍ਰਿੜ੍ਹ

ਕਰਾ ਦੇਣਾ ਚਾਹੀਦਾ ਹੈ ਤਾਂ ਜੋ ਜੀਵਨ ਦਾ ਅਰਥ ਪਤਾ ਲਗ ਜਾਏ। ਪੁਰਾਣੇ ਸਮਿਆਂ ਵਿਚ ਸੱਚੇ ਜਗਿਆਸੂ ਬ੍ਰਹਮਚਾਰੀ ਰਹਿ ਕੇ ਆਸ਼ਰਮਾਂ ਵਿਚ ਰਹਿੰਦੇ ਪੱਚੀ ਸਾਲ ਦੀ ਆਯੂ ਤਕ ਬ੍ਰਹਮਚਰੀਆ ਨਿਭਾਉਂਦੇ ਸਨ। ਸਾਰੇ ਗਿਆਨ ਦੀ ਪ੍ਰਾਪਤੀ ਉਹ ਇਕਾਗਰ ਚਿਤ ਹੋ ਕੇ ਕਰਦੇ ਸਨ। ਉਸ ਗਿਆਨ ਨੂੰ ਵੱਖ ਵੱਖ ਸ਼ਬਦਾਂ ਨਾਲ ਸੰਬੋਧਨ ਕੀਤਾ ਗਿਆ ਹੈ ਪਰ ਉਹ ਗਿਆਨ ਆਤਮ ਗਿਆਨ ਤੇ ਸੰਸਾਰਕ ਗਿਆਨ ਕਿਹਾ ਜਾ ਸਕਦਾ ਹੈ, ਆਤਮਾ ਤੇ ਦਿਸਦਾ ਸੰਸਾਰ ਦਾ ਗਿਆਨ, ਪੁਰਖ ਤੇ ਪ੍ਰਕ੍ਰਿਤੀ, ਛੇਤ੍ਰ ਤੇ ਛੇਤ੍ਰਗਯ। ਬ੍ਰਹਮ ਸੂਤਰ ਵਿਚ ਗਿਆਨ ਵਧੇਰੇ ਵਿਸਤਾਰ ਨਾਲ ਦਿਤਾ ਗਿਆ ਹੈ। ਬਹੁਤ ਸਾਰੇ ਪੁਰਾਣੇ ਸਤਿ ਪੁਰਖਾਂ ਨੇ ਵੀ ਇਹ ਗਿਆਨ ਵੱਖ ਵੱਖ ਤਰੀਕਿਆਂ ਨਾਲ ਦਿਤਾ ਹੈ।

5. ਅਤੇ ਹੇ ਅਰਜਨ! ਉਹੋ ਹੀ ਮੈਂ ਤੇਰੇ ਲਈ ਕਹਿੰਦਾ ਹਾਂ ਕਿ ਪੰਜ ਮਹਾਂਭੂਤ ਅਰਥਾਤ ਅਕਾਸ਼, ਵਾਯੂ, ਅਗਨ, ਜਲ ਅਤੇ ਪ੍ਰਿਥਵੀ ਦਾ ਸੂਖਸ਼ਮ ਭਾਵ ਅਹੰਕਾਰ, ਬੁੱਧ ਅਤੇ ਮੂਲ ਪ੍ਰਕ੍ਰਿਤੀ ਅਰਥਾਤ ਤ੍ਰਿਗੁਣਮਈ ਮਾਇਆ ਭੀ ਤਥਾ ਦਸ ਇੰਦ੍ਰੀਆਂ ਅਰਥਾਤ ਸ੍ਰਵਣ, ਤਵਚਾ, ਨੇਤ੍ਰ, ਰਸਨਾ ਅਤੇ ਨੱਕ ਏਵੰ ਵਾਕ, ਹੱਥ, ਪੈਰ, ਉਪਸਥ ਅਤੇ ਗੁਦਾ, ਏਵੇਂ ਮਨ ਅਤੇ ਪੰਜ ਇੰਦ੍ਰੀਆਂ ਦੇ ਵਿਸ਼ੇ ਅਰਥਾਤ ਸ਼ਬਦ, ਸਪਰਸ਼, ਰੂਪ, ਰਸ, ਗੰਧ।

6. ਤਥਾ ਇੱਛਾ, ਦ੍ਵੈਸ਼, ਸੁਖ ਅਤੇ ਸਥੂਲ ਦੇਹ ਦਾ ਪਿੰਡ ਅਤੇ ਚੇਤਨਤਾ ਅਤੇ ਘ੍ਰਿਤ ਇਸ ਪ੍ਰਕਾਰ ਇਹ ਖਸ਼ੇਤਰ ਵਿਕਾਰਾਂ ਦੇ ਸਹਿਤ ਸੰਖੇਪ ਸੇ ਕਿਹਾ ਗਿਆ ਹੈ।

7. ਅਤੇ ਹੇ ਅਰਜਨ! ਸ੍ਰੇਸ਼ਠਤਾ ਦੇ ਅਭਿਮਾਨ ਦਾ ਅਭਾਵ, ਦੰਭਾਚਰਣ ਦਾ ਅਭਾਵ, ਪ੍ਰਾਣੀ ਮਾਤਰ ਨੂੰ ਕਿਸੇ ਪ੍ਰਕਾਰ ਭੀ ਨਾ ਸਤਾਣਾ ਅਤੇ ਖਿਮਾ ਭਾਵ ਤਥਾ ਮਨ ਬਾਣੀ ਦੀ ਸਰਲਤਾ ਸ਼ਰਧਾ ਭਗਤ ਸਹਿਤ ਗੁਰੂ ਕੀ ਸੇਵਾ ਬਾਹਰ ਭੀਤਰ ਸ਼ੁਧ ਅੰਤਸ਼ਕਰਣ ਸਥਿਰਤਾ ਮਨ ਅਤੇ ਇੰਦ੍ਰੀਆਂ ਸਹਿਤ ਸਰੀਰ ਦਾ ਨਿਗ੍ਰਹਿ।

8. ਤਥਾ ਇਸ ਲੋਕ ਅਤੇ ਪਰਲੋਕ ਦੇ ਸੰਪੂਰਨ ਭੋਗਾਂ ਵਿਚ ਅਸਕਤਤਾ ਦਾ ਅਭਾਵ ਅਤੇ ਅਹੰਕਾਰ ਦਾ ਭੀ ਅਭਾਵ, ਏਵੰ ਜਨਮ, ਮ੍ਰਿਤੂ, ਬੁਢਾਪਾ ਅਤੇ ਰੋਗ ਆਦਿ ਸੇ ਦੁਖ ਦੋਸ਼ਾਂ ਦਾ ਬਾਰੰਬਾਰ ਵਿਚਾਰ ਕਰਨਾ।

9. ਤਥਾ ਪੁਤਰ, ਇਸਤ੍ਰੀ, ਘਰ, ਧਨ ਆਦਿ ਆਸਕਤ ਦਾ ਅਭਾਵ ਅਤੇ ਮਮਤਾ ਦਾ ਨਾ ਹੋਣਾ, ਤਥਾ ਪ੍ਰਿਅ-ਅਪ੍ਰਿਅ ਦੀ ਪ੍ਰਾਪਤੀ ਵਿਚ ਸਦਾ ਹੀ ਚਿੱਤ ਦਾ ਸਮ ਰਹਿਣਾ, ਅਰਥਾਤ ਮਨ ਦੇ ਅਨੁਕੂਲ ਤਥਾ ਪ੍ਰਤੀਕੂਲ ਪ੍ਰਾਪਤ ਹੋਣ ਪਰ ਹਰਖ, ਸੋਗ ਆਦਿ ਵਿਕਾਰਾਂ ਦਾ ਨਾ ਹੋਣਾ।

10. ਅਤੇ ਮੁਝ ਪ੍ਰਮੇਸ਼ਰ ਮੇਂ ਸਥਿਤ ਰੂਪ ਧਿਆਨ ਯੋਗ ਦੇ ਦੁਆਰਾ ਅਭਿ ਵਿਚਾਰਣੀ ਭਗਤ ਤਥਾ ਇਕਾਂਤ ਅਤੇ ਸੁਧ ਦੇਸ਼ ਵਿਚ ਰਹਿਣ ਦਾ

ਸੁਭਾਵ ਅਤੇ ਵਿਸ਼ੇ ਲਿਪਤ ਮਨੁੱਖਾਂ ਦੇ ਸਮੁਦਾਇ ਪ੍ਰੇਮ ਦਾ ਨਾ ਹੋਣਾ।

11. ਤਥਾ ਅਧਿਆਤਮ ਗਿਆਨ ਨਿਤਯ ਸਥਿਤ ਅਤੇ ਤਤੂ ਗਿਆਨ ਦੇ ਅਪਰਰੂਪ ਪ੍ਰਮਾਤਮਾ ਨੂੰ ਸਰਬਤਰ ਦੇਖਣਾ, ਇਹ ਸਭ ਤਾਂ ਗਿਆਨ ਹੈ ਅਤੇ ਜੋ ਇਸ ਦੇ ਵਿਪਰੀਤ ਹੈ ਉਹ ਅਗਿਆਨ ਹੈ ਐਸਾ ਕਿਹਾ ਹੈ।

12. ਅਤੇ ਹੇ ਅਰਜਨ, ਜੋ ਜਾਨਣ ਯੋਗ ਹੈ ਤਥਾ ਜਿਸਨੂੰ ਜਾਣ ਕੇ ਮਨੁੱਖ ਪਰਮਾਨੰਦ ਨੂੰ ਪ੍ਰਾਪਤ ਹੁੰਦਾ ਹੈ ਉਸ ਨੂੰ ਅੱਛੀ ਤਰ੍ਹਾਂ ਕਹਾਂਗਾ ਉਹ ਆਦਰਹਿਤ ਪਰਮ ਬ੍ਰਹਮ ਕਥਨੀ ਹੋਣ ਤੋਂ ਨ ਸਤਿ ਕਿਹਾ ਜਾਂਦਾ ਹੈ ਅਤੇ ਨਾ ਅਸਤਿ ਹੀ ਕਿਹਾ ਜਾਂਦਾ ਹੈ।

ਇਨ੍ਹਾਂ ਸ਼ਲੋਕਾਂ ਵਿਚ ਕ੍ਰਿਸ਼ਨ ਜੀ ਪ੍ਰਕ੍ਰਿਤੀ ਦੇ ਸਾਰੇ ਭਾਗ ਗਿਣਦੇ ਹਨ, ਇਹ ਮਨੁੱਖੀ ਸਰੀਰ ਦੇ ਵੀ ਭਾਗ ਹਨ ਤੇ ਵਿਸ਼ਵ ਦੇ ਵੀ ਭਾਗ ਹਨ – ਧਰਤੀ, ਪਾਣੀ, ਅੱਗ, ਹਵਾ ਤੇ ਪੁਲਾੜ ਅਹੰਕਾਰ ਦੀ ਹੋਂਦ, ਬੁੱਧੀ ਪ੍ਰਕ੍ਰਿਤੀ ਦਾ ਪ੍ਰਗਟਾਵਾ ਨਹੀਂ ਹਨ। ਸੁੰਘਣ ਦੀ ਸ਼ਕਤੀ, ਸੁਆਦ, ਦੇਖਣਾ, ਸਪਰਸ਼, ਸੁਣਨਾ, ਮੂੰਹ, ਹੱਥ ਪੈਰ, ਇੰਦ੍ਰੀ, ਮਲਮੂਤਰ ਦੇ ਅੰਗ ਮਨ ਇੰਦ੍ਰੀਆਂ ਦੇ ਪੰਜ ਉਦੇਸ਼ (ਸੁੰਘਣਾ, ਸੁਆਦ, ਆਕਾਸ਼, ਸਪਰਸ਼ ਤੇ ਆਵਾਜ਼) ਇਛਾਵਾਂ, ਨਫਰਤ, ਖੁਸ਼ੀ, ਦਰਦ, ਸਾਰਿਆਂ ਦਾ ਇਕ ਸਮੂੰਹ ਚੇਤਨਤਾ, ਪਾਲਣਹਾਰ ਹੈ। ਇਨ੍ਹਾਂ ਸੱਤਾਂ ਨੂੰ ਮਿਲਾ ਕੇ ਪ੍ਰਕ੍ਰਿਤੀ ਦੇ ਇਕੱਠੀ ਰੂਪ ਬਣ ਜਾਂਦੇ ਹਨ ਅਤੇ ਇਹ ਇਕੱਠੀ ਰੂਪ ਮਿਲਾ ਕੇ ਹੀ ਪ੍ਰਯੋਗ ਖੇਤਰ ਕਹਾਉਂਦਾ ਹੈ ਇਸ ਦੇ ਸਾਰੇ ਹਿੱਸੇ ਹੀ ਬਦਲਦੇ ਰਹਿੰਦੇ ਹਨ ਆਪਸ ਵਿਚ ਮਿਲਦੇ ਰਹਿੰਦੇ ਹਨ ਤੇ ਵੱਖ ਵੱਖ ਰੂਪ ਬਦਲਦੇ ਰਹਿੰਦੇ ਹਨ। ਇਹ ਬਦਲ ਕੇ ਵੱਖ ਵੱਖ ਰੂਪ ਧਾਰਨ ਕਰਦੇ ਰਹਿੰਦੇ ਹਨ ਇਹ ਉਹ ਹਿੱਸੇ ਹਨ ਜਿਨ੍ਹਾਂ ਨਾਲ ਵਿਸ਼ਵ ਦੀ ਰਚਨਾ ਹੁੰਦੀ ਹੈ।

ਇਨ੍ਹਾਂ ਸ਼ਲੋਕਾਂ ਵਿਚ ਗਿਆਨ ਨੂੰ ਅਨੁਭਵ ਵਿਚ ਲਿਆਉਣਾ ਦੱਸਿਆ ਹੈ। ਕਿਸੇ ਦੀ ਚੀਜ਼ ਨੂੰ ਬੁਧੀ ਦੇ ਪੱਧਰ ਤੇ ਜਾਣ ਲੈਣਾ ਗਿਆਨ ਨਹੀਂ ਹੈ। ਇਹ ਅਸੀਂ ਸਭ ਜਾਣਦੇ ਹਾਂ ਕਿ ਕੀ ਕਰਨਾ ਚਾਹੀਦਾ ਹੈ ਕੀ ਨਹੀਂ ਕਰਨਾ ਚਾਹੀਦਾ ਪਰ ਸਾਨੂੰ ਗਿਆਨ ਨੂੰ ਯਥਾਰਥ ਵਿਚ ਬਦਲਣਾ ਨਹੀਂ ਆਉਂਦਾ। ਸਾਨੂੰ ਸਭ ਨੂੰ ਕੁਝ ਮੂਲ ਤੱਤ ਪਤਾ ਹਨ ਕਿਵੇਂ ਰਹਿਣਾ ਹੈ, ਪਰ ਅਸੀਂ ਉਨ੍ਹਾਂ ਨੂੰ ਅਭਿਆਸ ਵਿਚ, ਅਨੁਭਵ ਵਿਚ ਨਹੀਂ ਲਿਆ ਸਕਦੇ। ਇਨ੍ਹਾਂ ਤੱਤਾਂ ਨੂੰ ਅਨੁਭਵੀ ਰੂਪ ਵਿਚ ਜਾਨਣਾ ਬੜਾ ਹੀ ਜ਼ਰੂਰੀ ਹੈ। ਬਚਪਨ ਵਿਚ ਹਰ ਤਰ੍ਹਾਂ ਦੀ ਸਿਖਿਆ ਦਿਤੀ ਜਾਂਦੀ ਹੈ ਕੀ ਚੰਗਾ ਹੈ, ਕੀ ਸੋਹਣਾ ਹੈ, ਸਹਾਨੁੰਭੂਤੀ ਕੀ ਹੈ, ਸੁਚੱਜਤਾ ਕੀ ਹੈ। ਪਰ ਇਹ ਨਹੀਂ ਦੱਸਿਆ ਜਾਂਦਾ ਕਿ ਇਨ੍ਹਾਂ ਨੂੰ ਅਨੁਭਵ ਵਿਚ ਕਿਵੇਂ ਲਿਆਇਆ ਜਾਵੇ। ਸਤਿ ਦੇ ਬਾਰੇ ਜਾਨਣਾ ਸੌਖਾ ਹੈ, ਸਤਿ ਨਾਲ ਜੀਵਨ ਜੀਉਣਾ ਔਖਾ ਹੈ। ਇਨ੍ਹਾਂ ਪੰਜਾਂ ਸ਼ਲੋਕਾਂ ਵਿਚ ਉਹ ਗੁਣ ਦੱਸੇ ਗਏ ਹਨ ਜਿਹੜੇ ਤਰਤੀਬ ਨਾਲ ਯੋਗੀ ਦੇ ਰਾਹ ਵਿਕਸਿਤ ਕੀਤੇ ਜਾ ਸਕਦੇ ਹਨ।

ਅਹੰਕਾਰ, ਮਾਣ ਤੇ ਇਹੋ ਜਿਹੇ ਵਿਚਾਰ ਜਿਹੜੇ ਦੂਸਰਿਆਂ ਨੂੰ ਦੁਖ ਦੇਣ ਵਾਲੇ ਹੋਣ ਇਹ ਅਗਿਆਨ ਦੀ ਨਿਸ਼ਾਨੀ ਹੈ। ਦਇਆਵਾਨ ਹੋਣ, ਕੋਮਲ ਹੋਣ, ਕ੍ਰਿਪਾਲੂ, ਹੋਣ, ਪਿਆਰ ਵਾਲੇ ਹੋਣ, ਖਿਮਾ ਕਰਨਾ, ਸਪਸ਼ਟ ਹੋਣਾ, ਵੱਡਿਆਂ ਦੀ ਦੇਖ ਭਾਲ ਕਰਨਾ, ਅਧਿਆਪਕਾਂ ਦੀ ਸੇਵਾ ਕਰਨੀ ਅਧਿਆਤਮਕ ਮਾਰਗ ਆਤਮ ਮਾਰਗ ਤੇ ਚੱਲਣਾ ਇਹ ਸਾਰੇ ਗੁਣ ਗਿਆਨਵਾਨ ਦੇ ਹਨ। ਜੇ ਇਹ ਗੁਣ ਨਾ ਹੋਣ, ਮਨੁੱਖ ਅਗਿਆਨੀ ਹੀ ਰਹਿ ਜਾਂਦਾ ਹੈ। ਸਾਰੇ ਗੁਣ ਤੇ ਬੁਰਿਆਈਆਂ ਨੂੰ ਚੰਗੀ ਤਰ੍ਹਾਂ ਜਾਣ ਲੈਣਾ ਚਾਹੀਦਾ ਹੈ, ਗੁਣਾਂ ਨੂੰ ਅੰਦਰ ਵਸਾਉਣ ਦਾ ਯਤਨ ਕਰਨਾ ਚਾਹੀਦਾ ਹੈ, ਉਸ ਲਈ ਪੂਰੀ ਇੱਛਾ ਸ਼ਕਤੀ ਲਗਾਉਣੀ ਚਾਹੀਦੀ ਹੈ, ਪੂਰੀ ਤਨ ਦੇਹੀ ਨਾਲ ਯਤਨ ਕਰਨਾ ਚਾਹੀਦਾ ਹੈ।

ਜਗਿਆਸੂ ਨੂੰ ਇਨ੍ਹਾਂ ਗੁਣਾਂ ਦਾ ਅਭਿਆਸ ਕਰਨਾ ਚਾਹੀਦਾ ਹੈ, ਇਹ ਗੁਣ ਉਸ ਦੀ ਚੇਤਨਤਾ ਦੇ ਵਿਸਤਾਰ ਲਈ ਸਹਾਇਕ ਹੋਣਗੇ ਤੇ ਉਹ ਚੇਤਨਤਾ ਦੀ ਡੂੰਘਾਈ ਤੇ ਉਚਾਈ ਨੂੰ ਪਕੜ ਸਕੇਗਾ। ਇਸ ਦੀ ਸਹਾਇਤਾ ਨਾਲ ਉਹ ਆਤਮ ਮਾਰਗ ਤੇ ਬਹੁਤ ਚੰਗੀ ਤਰ੍ਹਾਂ ਚਲ ਸਕੇਗਾ। ਮਿਸਾਲ ਵਜੋਂ ਜੇ ਕੋਈ ਪਿਆਰ ਕਰਨ ਦਾ ਅਭਿਆਸ ਕਰਨਾ ਚਾਹੁੰਦਾ ਹੈ ਉਸ ਨੂੰ ਅਹਿੰਸਾ ਦਾ ਅਭਿਆਸ ਕਰਨਾ ਚਾਹੀਦਾ ਹੈ ਭਾਵ ਕਿਸੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਣਾ ਚਾਹੀਦਾ, ਕਿਸੇ ਨੂੰ ਦੁਖ ਨਹੀਂ ਪਹੁੰਚਾਉਣਾ ਚਾਹੀਦਾ। ਜੇ ਅਜੇ ਵੀ ਉਹ ਸੰਸਾਰਕ ਭੋਗਾਂ ਦੇ ਪਿਛੇ ਦੌੜ ਰਿਹਾ ਹੈ, ਮੋਹ ਵਿਚ ਗ੍ਰਸਿਆ ਪਿਆ ਹੈ ਤਾਂ ਉਹ ਅਜੇ ਅਗਿਆਨ ਦੇ ਹਨ੍ਹੇਰੇ ਵਿਚ ਹੀ ਹੈ। ਇਹ ਆਤਮ ਮਾਰਗ ਨਹੀਂ ਹੈ। ਆਤਮ ਮਾਰਗ ਤੇ ਚੱਲਣ ਲਈ ਸਭ ਤੋਂ ਪਹਿਲਾਂ ਮਨੁੱਖ ਆਪਣੀਆਂ ਕਮੀਆਂ ਲਈ ਜਾਣੂੰ ਹੋ ਜਾਂਦਾ ਹੈ, ਦੂਸਰਾ ਉਹ ਫੇਰ ਉਨ੍ਹਾਂ ਤੋਂ ਛੁਟਕਾਰਾ ਪਾਉਣ ਦਾ ਯਤਨ ਕਰਦਾ ਹੈ, ਤੀਸਰੀ ਥਾਂ ਤੇ ਉਹ ਅਹਿੰਸਾ ਵਰਗੇ ਹੋਰ ਗੁਣ ਪੈਦਾ ਕਰਨ ਦੀ ਕੋਸ਼ਿਸ਼ ਕਰਦਾ ਹੈ ਅਹਿੰਸਾ ਪਿਆਰ ਦਾ ਹੀ ਪ੍ਰਗਟਾਵਾ ਹੈ। ਚੌਥੇ ਥਾਂ ਤੇ ਮਨੁੱਖ ਉਹ ਸਾਰੇ ਕਰਮ ਕਰਨ ਤੋਂ ਟਲਦਾ ਹੈ ਜਿਹੜੇ ਉਸ ਦੇ ਆਤਮ ਮਾਰਗ ਤੇ ਚੱਲਣ ਵਿਚ ਬਾਧਕ ਹੁੰਦੇ ਹਨ।

ਜਿਹੜੇ ਅੰਦਰ ਦੀ ਆਤਮਾ ਤੇ ਪੂਰਨ ਵਿਸ਼ਵਾਸ਼ ਰਖਦੇ ਹਨ ਤੇ ਅੰਤਰ ਆਤਮਾ ਨੂੰ ਪਿਆਰ ਕਰਦੇ ਹਨ ਤੇ ਉਸ ਨੂੰ ਪ੍ਰਮਾਤਮਾ ਦਾ ਰੂਪ ਜਾਣਦੇ ਹਨ ਉਹ ਆਪਣੇ ਸਾਥੀ ਨਾਲ ਮੋਹ ਨਹੀਂ ਰਖਦੇ, ਬੱਚਿਆਂ ਤੇ ਘਰ ਨਾਲ ਕੋਈ ਮੋਹ ਨਹੀਂ ਰਖਦੇ। ਜਦੋਂ ਸਥਿਰਤਾ ਪ੍ਰਾਪਤ ਹੋ ਜਾਂਦੀ ਹੈ, ਮਨ ਦਾ ਟਿਕਾਅ ਪ੍ਰਾਪਤ ਹੋ ਜਾਂਦਾ ਹੈ, ਸਮਤਾ ਆ ਜਾਂਦੀ ਹੈ, ਬਾਹਰ ਦੇ ਸਾਰੇ ਬੰਧਨਾਂ ਨਾਲ ਮੋਹ ਖਤਮ ਹੋ ਜਾਂਦਾ ਹੈ ਤੇ ਆਪਣੇ ਅੰਦਰ ਨਾਲ ਮੋਹ ਪੈ ਜਾਂਦਾ ਹੈ, ਇਹੋ ਜਿਹਾ ਜਗਿਆਸੂ ਆਪਣੇ ਆਪ ਨੂੰ ਵਖਰਾ ਕਰ ਲੈਂਦਾ ਹੈ, ਇਕੱਲਾ ਕਰ ਲੈਂਦਾ ਹੈ ਤੇ ਆਪਣੀ ਸਾਰੀ ਸ਼ਕਤੀ ਸਾਧਨਾ ਵਿਚ ਲਗਾ ਦਿੰਦਾ ਹੈ। ਉਸ ਨੂੰ ਇਹ ਹੀ ਠੀਕ ਲਗਦਾ ਹੈ ਕਿ ਉਹ ਭਜਨ ਸਿਮਰਨ ਵਿਚ ਰਹੇ ਜਾਂ ਫੇਰ ਸਾਧੂਆਂ ਦੀ ਸੰਗਤ ਵਿਚ ਰਹੇ ਪਰ ਜਿਹੜੇ ਇਸੇ ਸੰਸਾਰ

ਵਿਚ ਵਿਚਰਦੇ ਰਹਿੰਦੇ ਹਨ, ਮਨ ਇਛਾਵਾਂ ਨਾਲ ਭਰਿਆ ਰਹਿੰਦਾ ਹੈ, ਜਿਹੜੇ ਆਪਣੇ ਅੰਤਰ ਝਾਤੀ ਨਹੀਂ ਮਾਰਦੇ ਉਹ ਅਗਿਆਨ ਵਿਚ ਹੀ ਰਹਿੰਦੇ ਹਨ। ਸੰਤਾਂ ਮਹਾਤਮਾ ਦਾ ਵਿਹਾਰ ਦੇਖ ਕੇ ਤੇ ਅਗਿਆਨ ਦਾ ਵਿਹਾਰ ਦੇਖ ਕੇ, ਬੜੀ ਛੇਤੀ ਹੀ ਸਮਝ ਆ ਜਾਂਦੀ ਹੈ ਕਿ ਦੋਨੋਂ ਰਸਤੇ ਕਿੰਨੇ ਵਿਪਰੀਤ ਹਨ। ਇਕ ਰੌਸ਼ਨੀ ਦਾ ਮਾਰਗ ਹੈ ਦੂਸਰਾ ਹਨ੍ਹੇਰੇ ਦਾ ਮਾਰਗ ਹੈ, ਇਕ ਗਿਆਨ ਦਾ ਮਾਰਗ ਹੈ ਦੂਸਰਾ ਅਗਿਆਨ ਦਾ। ਮਨੁੱਖ ਦੇ ਵਿਹਾਰ ਦੇ ਕੁਝ ਗੁਣਾਂ ਤੋਂ ਪਤਾ ਲਗਦਾ ਹੈ ਕਿ ਉਹ ਗਿਆਨੀ ਹੈ ਜਾਂ ਨਹੀਂ। ਉਸ ਦੇ ਚਜ ਆਚਾਰ ਨੂੰ ਦੇਖ ਕੇ, ਉਹ ਕਿਵੇਂ ਗੱਲਬਾਤ ਕਰਦਾ ਹੈ, ਕੀ ਸੋਚਦਾ ਹੈ, ਕਿਵੇਂ ਕਰਮ ਕਰਦਾ ਹੈ, ਸਾਨੂੰ ਬੜੀ ਛੇਤੀ ਹੀ ਪਤਾ ਲਗ ਜਾਂਦਾ ਹੈ, ਕੌਣ ਗਿਆਨ ਦੇ ਮਾਰਗ ਤੇ ਹੈ। ਦਿਆਲਤਾ, ਮਾਫ ਕਰਨਾ, ਮੋਹ ਤੋਂ ਰਹਿਤ ਹੋਣਾ, ਆਪਣੇ ਤੇ ਕਾਬੂ ਰੱਖਣਾ ਇਹ ਗਿਆਨ ਵਾਲੇ ਦੇ ਗੁਣ ਹਨ। ਦੂਸਰੇ ਪਾਸੇ ਹੰਕਾਰ, ਮਾਣ, ਨਫਰਤ, ਹਉਮੈ, ਮੋਹ ਭੋਗਾਂ ਦੀ ਇੱਛਾ ਇਹ ਅਗਿਆਨ ਦੀਆਂ ਨਿਸ਼ਾਨੀਆਂ ਹਨ।

13. ਪ੍ਰੰਤੂ ਉਹ ਸਭ ਪਾਸਿਓਂ ਹੱਥ-ਪੈਰ ਵਾਲਾ ਅਤੇ ਸਭ ਪਾਸਿਓਂ ਨੇਤ੍ਰ, ਸਿਰ ਅਤੇ ਮੁਖ ਵਾਲਾ ਤਥਾ ਸਭ ਪਾਸਿਓਂ ਸਰੋਤ ਵਾਲਾ ਹੈ ਕਿਉਂਕਿ ਉਹ ਸੰਸਾਰ ਵਿਚ ਸਭ ਨੂੰ ਵਿਆਪਤ ਕਰਕੇ ਸਥਿਰ ਹੈ।

14. ਅਤੇ ਸੰਪੂਰਨ ਇੰਦ੍ਰੀਆਂ ਦੇ ਵਿਸ਼ਿਆਂ ਨੂੰ ਜਾਨਣ ਵਾਲਾ ਹੈ ਪ੍ਰੰਤੂ ਵਾਸਤਵ ਵਿਚ ਸਭ ਇੰਦ੍ਰੀਆਂ ਤੋਂ ਰਹਿਤ ਹੈ ਤਥਾ ਆਸਕਤਿ ਰਹਿਤ ਹੈ ਅਤੇ ਗੁਣਾਂ ਤੋਂ ਅਤੀਤ ਹੁੰਦਾ ਭੀ ਅਪਨੀ ਯੋਗ ਮਾਇਆ ਨਾਲ ਸਭ ਨੂੰ ਧਾਰਨ ਖੋਸ਼ਣ ਕਰਨ ਵਾਲਾ ਅਤੇ ਗੁਣਾਂ ਨੂੰ ਭੋਗਣੇ ਵਾਲਾ ਹੈ।

15. ਤਥਾ ਉਹ ਪ੍ਰਮਾਤਮਾ ਚਰ ਅਚਰ ਸਭ ਭੂਤਾਂ ਦੇ ਬਾਹਰ ਭੀਤਰ ਪਰੀਪੂਰਨ ਹੈ ਅਤੇ ਚਰ ਅਚਰ ਰੂਪ ਭੀ ਓਹੋ ਹੀ ਹੈ ਅਤੇ ਉਹ ਸੂਖਸ਼ਮ ਹੋਣ ਕਰਕੇ ਜਾਨਣ ਵਿਚ ਨਹੀਂ ਆਉਂਦਾ, ਅਤੀ ਨੇੜੇ ਅਤੇ ਦੂਰ ਓਹੋ ਹੀ ਸਥਿਤ ਹੈ।

16. ਉਹ ਸਭ ਜੀਵਾਂ ਵਿਚ ਵੱਖ ਵੱਖ ਵਟਿਆ ਹੋਇਆ ਨਾ ਹੋ ਕੇ ਵੀ ਵਟਿਆ ਹੋਇਆ ਹੈ ਸਥਿਤ ਹੈ, ਸਾਰੇ ਜੀਵਾਂ ਦਾ ਪਾਲਕ ਹੈ, ਲੈਅ ਕਰਨ ਵਾਲਾ ਹੈ ਅਤੇ ਸਭ ਦਾ ਕਰਤਾ ਹੈ।

ਉਪਨਿਸ਼ਦਾਂ ਵਿਚ ਇਕ ਅਰਦਾਸ ਹੈ, "ਹੇ ਪ੍ਰਭੂ! ਮੈਨੂੰ ਅਸਤਿ ਤੋਂ ਸਤਿ ਵਲ ਲੈ ਜਾ, ਹਨ੍ਹੇਰੇ ਤੋਂ ਚਾਨਣ ਵਿਚ ਲੈ ਜਾ, ਨਾਸ਼ਵਾਨ ਤੋਂ ਅਵਿਨਾਸ਼ੀ ਬਣਾ ਦੇ। ਜਦੋਂ ਤੋਂ ਮਨੁੱਖ ਹੋਂਦ ਵਿਚ ਆਇਆ ਹੈ ਉਹ ਅਵਿਨਾਸ਼ੀ ਹੋਣ ਦੀ ਇੱਛਾ ਰਖਦਾ ਹੈ ਤੇ ਸਥਿਰ ਹੋਣ ਦੀ ਤੇ ਚਾਨਣ ਬਣਨ ਦੀ ਇੱਛਾ ਰਖਦਾ ਹੈ। ਮਨੁੱਖ ਅਵਿਨਾਸ਼ ਹੋਣ ਦੀ ਇੱਛਾ ਰਖਦਾ ਹੈ ਪਰ ਇਹ ਜਾਣਦਾ ਹੈ ਕਿ ਸੰਸਾਰ ਵਿਚ ਕੁਝ ਵੀ ਅਵਿਨਾਸ਼ੀ ਨਹੀਂ ਹੈ। ਅੰਤਰ ਦੀ ਖੋਜ ਦਾ ਇਹ ਨਤੀਜਾ ਕੇਵਲ ਅੰਤਰ ਆਤਮਾ ਹੀ ਅਮਰ ਹੈ

ਉਸ ਨੂੰ ਪ੍ਰਾਪਤ ਕਰਨ ਨਾਲ ਪਹਿਲਾਂ ਮਨੁੱਖ ਨੂੰ ਡੂੰਘੀ ਤਰ੍ਹਾਂ ਨਾਲ ਅੰਦਰ ਜਾਣਾ ਪੈਂਦਾ ਹੈ, ਸਤਿ ਮਨੁੱਖ ਦੀਆਂ ਗਿਆਨ ਇੰਦ੍ਰੀਆਂ ਤੇ ਮਨ ਤੋਂ ਪਰ੍ਹੇ ਦੀ ਗੱਲ ਹੈ। ਸਾਨੂੰ ਸਤਿ ਨੂੰ ਲੱਭਣ ਲਈ ਬਾਹਰ ਐਧਰ ਓਧਰ ਦੇਖ ਕੇ ਸਮਾਂ ਬੇਅਰਥ ਨਹੀਂ ਗਵਾਉਣਾ ਚਾਹੀਦਾ, ਸਤਿ ਤਾਂ ਸਾਡੇ ਸਰੀਰ ਦੇ ਅੰਦਰ ਹੀ ਹੈ। ਉਹ ਜਿਹੜਾ ਅਵਿਨਾਸ਼ੀ ਹੈ, ਅਜਰ ਹੈ, ਅਮਰ ਹੈ, ਆਦਿ ਅੰਤ ਤੋਂ ਬਾਹਰ ਹੈ, ਮੋਹ ਤੋਂ ਰਹਿਤ ਹੈ, ਅਤਿ ਚਮਕਦਾਰ ਹੈ, ਸ਼ਾਨਦਾਰ ਹੈ, ਸਰਬ ਵਿਆਪਕ ਹੈ ਅੰਦਰ ਬਾਹਰ ਉਹ ਹੀ ਵਿਚਰ ਰਿਹਾ ਹੈ, ਨਾਲ ਰਹਿੰਦਾ ਹੈ ਪਰ ਬਹੁਤ ਦੂਰ ਹੈ, ਕੇਵਲ ਇਕ ਹੈ ਪਰ ਬਹੁਰੂਪੀ ਦਿਸਦਾ ਹੈ, ਕੇਵਲ ਤੇ ਕੇਵਲ ਉਹ ਹੀ ਜਾਨਣ ਯੋਗ ਹੈ ਉਹ ਹੀ ਪੂਰਨ ਉਚਾ ਸਰਬ ਵਿਆਪਕ, ਹਰ ਇਕ ਦੇ ਅੰਦਰ ਨਿਵਾਸ ਰਖਦਾ ਹੈ।

ਜਗਿਆਸੂ ਨੂੰ ਉਸ ਇਕ ਦੀ ਪ੍ਰਾਪਤੀ ਦੇ ਗਿਆਨ ਦਾ ਅਭਿਆਸ ਕਰਨਾ ਚਾਹੀਦਾ ਹੈ, ਨਾਸ਼ ਤੋਂ ਅਵਿਨਾਸ਼ ਦਾ, ਆਦਿ ਤੋਂ ਅੰਤ ਦਾ, ਅਭਿਆਸ ਹੀ ਕੇਵਲ ਮਾਤਰ ਇਕ ਤਰੀਕਾ ਹੈ। ਅੰਤਰ ਦੇ ਮਾਰਗ ਤੇ ਚੱਲਣ ਲਈ ਸਭ ਤੋਂ ਪਹਿਲਾਂ ਜਗਿਆਸੂ ਨੂੰ ਮੋਹ ਤੋਂ ਮੁਕਤ ਹੋਣਾ ਪੈਂਦਾ ਹੈ, ਮਨ ਨੂੰ ਇਕਾਗਰ ਰੱਖਣਾ ਪੈਂਦਾ ਹੈ, ਸੰਤੋਖ ਵਿਚ ਰਹਿਣਾ ਪੈਂਦਾ ਹੈ। ਇਸ ਤਰ੍ਹਾਂ ਨਾਲ ਅੰਤਰ ਦਾ ਸਫਰ ਆਤਮਾ ਤਕ ਪਹੁੰਚਾ ਦਿੰਦਾ ਹੈ।

17. ਉਹ ਸਭ ਜੋਤੀਆਂ ਦੀ ਜੋਤਿ ਹੈ, ਮਾਇਆ ਤੋਂ ਅਤੀ ਪਰ੍ਹੇ ਗਿਆਨ ਰੂਪ ਹੈ ਜਾਨਣ ਯੋਗ ਹੈ। ਤਤ੍ਵ ਗਿਆਨ ਤੋਂ ਪ੍ਰਾਪਤ ਹੋਣ ਵਾਲਾ ਅਤੇ ਸਭ ਦੇ ਹਿਰਦੇ ਵਿਚ ਸਥਿਰ ਹੈ।

18. ਇਸ ਤਰ੍ਹਾਂ ਛੇਤ੍ਰ, ਗਿਆਨ ਅਤੇ ਗੇਯ ਨੂੰ ਸੰਖੇਪ ਨਾਲ ਕਿਹਾ ਹੈ ਇਸਨੂੰ ਜਾਣ ਕੇ ਮੇਰਾ ਭਗਤ ਮੇਰੇ ਭਾਵ ਨੂੰ ਪ੍ਰਾਪਤ ਹੁੰਦਾ ਹੈ।

19. ਹੇ ਅਰਜਨ, ਪ੍ਰਕ੍ਰਿਤੀ ਅਰਥਾਤ ਤ੍ਰਿਗੁਣੀ ਮਾਇਆ ਅਤੇ ਜੀਵ ਆਤਮਾ ਅਰਥਾਤ ਖਤਰਗਯ ਇਨ੍ਹਾਂ ਦੋਹਾਂ ਨੂੰ ਹੀ ਅਨਾਦੀ ਜਾਣ ਅਤੇ ਰਾਗ ਦ੍ਵੈਸ਼ ਆਦਿ ਵਿਕਾਰਾਂ ਨੂੰ, ਤਥਾ ਤ੍ਰਿਗੁਣਾਤਮਕ ਸੰਪੂਰਨ ਪਦਾਰਥਾਂ ਨੂੰ ਭੀ ਪ੍ਰਕ੍ਰਿਤੀ ਤੋਂ ਉਤਪੰਨ ਹੋਏ ਜਾਣ।

20. ਕਾਰਜ ਅਤੇ ਕਾਰਣ ਦੇ ਪੈਦਾ ਕਰਨ ਵਾਲੀ ਹੋਣ ਕਰਕੇ ਪ੍ਰਾਕ੍ਰਿਤੀ ਕਹੀ ਜਾਂਦੀ ਹੈ, ਜੀਵ ਆਤਮਾ ਸੁਖ ਦੁਖ ਦੇ ਭੋਗਣ ਦਾ ਕਾਰਣ ਹੈ।

ਜਦੋਂ ਜਗਿਆਸੂ ਨੂੰ ਮਾਇਆ ਤੇ ਸਤਿ ਦਾ ਪਤਾ ਲਗ ਜਾਂਦਾ ਹੈ ਛੇਤ੍ਰ ਤੇ ਉਸ ਇਕ ਸੂਝਵਾਨ ਦਾ ਪਤਾ ਲਗ ਜਾਂਦਾ ਹੈ ਜਗਿਆਸੂ ਸਤਿ ਨੂੰ ਪ੍ਰਾਪਤ ਕਰ ਲੈਂਦਾ ਹੈ, ਆਤਮਾ ਤੇ ਆਪਣੇ ਸਰੀਰ ਦੋਨੋਂ ਫੇਰ ਬਹੁਤ ਦੇਰ ਨਹੀਂ ਰਹਿੰਦੇ ਇਸ ਤੋਂ ਇਹ ਭਾਵ ਨਹੀਂ ਕਿ ਜਗਿਆਸੂ ਆਪਣੇ ਸਰੀਰ ਨੂੰ ਨਾ ਜਾਣੇ ਜਾਂ ਇਸ ਦੀ ਪਰਵਾਹ ਨਾ ਕਰੇ ਕਿਉਂਕਿ ਸਰੀਰ ਕਾਰਣ

ਹੈ, ਛੇਤਰ ਹੈ ਇਸ ਦੇ ਰਾਹੀਂ ਹੀ ਸਿਰਜਨਾ, ਕਲਾ ਤੇ ਵਿਗਿਆਨ ਪ੍ਰਗਟਦੇ ਹਨ ਇਸ ਲਈ ਸਰੀਰ ਨੂੰ ਸਮਝਣਾ ਸ੍ਵਾਸਾਂ ਨੂੰ ਸਮਝਣਾ, ਗਿਆਨ ਇੰਦ੍ਰੀਆਂ ਨੂੰ ਸਮਝਣਾ ਤੇ ਮਨ ਨੂੰ ਸਮਝਣਾ ਬੜਾ ਅਵੱਸ਼ਕ ਹੈ ਤੇ ਐਨਾ ਹੀ ਅਵੱਸ਼ਕ ਹੈ ਆਤਮਾ ਨੂੰ ਜਾਨਣਾ।

ਯੋਗੀ ਨੂੰ ਚਾਹੀਦਾ ਹੈ ਕਿ ਆਪਣੇ ਸਰੀਰ ਨੂੰ ਠੀਕ ਰੱਖੇ ਤਾਂ ਜੋ ਉਹ ਜੀਵਨ ਦਾ ਉਦੇਸ਼ (7✿▲⇩) ਪ੍ਰਾਪਤ ਕਰ ਸਕੇ। ਗਿਆਨ ਤੇ ਪ੍ਰਗਟਾਵੇ, ਛੇਤਰ ਨੂੰ ਚੰਗੀ ਤਰ੍ਹਾਂ ਸਮਝਣਾ ਚਾਹੀਦਾ ਹੈ। ਇਹ ਸਰੀਰ ਇਕ ਸਾਧਨ ਹੈ। ਜਿਸ ਰਾਹੀਂ ਸਾਰੀ ਪ੍ਰਾਪਤੀ ਕਰਨੀ ਹੈ ਪਰ ਜੇ ਇਸ ਦੀ ਦੇਖ ਭਾਲ ਨਾ ਕੀਤੀ ਜਾਵੇ ਇਹ ਸਰੀਰ ਬਾਧਾ ਬਣ ਜਾਂਦਾ ਹੈ। ਆਤਮਾ ਨੂੰ ਪਿਆਰ ਕਰਨ ਤੋਂ ਇਹ ਭਾਵ ਨਹੀਂ ਸਰੀਰ ਨੂੰ ਬਿਲਕੁਲ ਦੇਖਿਆ ਹੀ ਨਾ ਜਾਵੇ ਉਸ ਦੀ ਪ੍ਰਵਾਹ ਹੀ ਨਾ ਕੀਤੀ ਜਾਵੇ। ਗੁਰੂਦੇਵ ਕਹਿੰਦੇ ਸਨ ਆਤਮਾ ਨੂੰ ਪਿਆਰ ਕਰੋ ਪਰ ਇਸ ਤੋਂ ਇਹ ਭਾਵ ਨਹੀਂ ਕਿ ਸਰੀਰ ਨਾਲ ਨਫਰਤ ਕਰੋ। ਜਦੋਂ ਜਗਿਆਸੂ ਅੰਤਰ ਮੁਖੀ ਹੋ ਕੇ ਡੂੰਘਾਈ ਵਿਚ ਜਾਂਦਾ ਹੈ ਉਸ ਵੇਲੇ ਬਹੁਤ ਵਾਰੀ ਸਰੀਰ ਦੀ ਪਰਵਾਹ ਨਹੀਂ ਕਰਦਾ ਪਰ ਉਸ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਹੈ ਕਿ ਨਿਰੋਲ ਸਰੀਰ ਇਕ ਅੱਛਾ ਯੰਤਰ ਹੈ, ਆਤਮਕ ਪ੍ਰਾਪਤੀ ਦਾ ਯੰਤਰ ਹੈ, ਬਿਮਾਰ ਸਰੀਰ ਹਰ ਸਮੇਂ ਜਗਿਆਸੂ ਦਾ ਧਿਆਨ ਮੰਗਦਾ ਹੈ ਤੇ ਉਸ ਦੀ ਸਾਧਨਾ ਵਿਚ ਬਾਧਕ ਬਣਦਾ ਹੈ। ਨਿਰੋਲ ਤੇ ਸਵੱਸਥ ਸਰੀਰ, ਨਿਰੋਲ ਤੇ ਸਵੱਸਥ ਮਨ ਸਾਧਕ ਦੇ ਜੰਤਰ ਹਨ।

ਕ੍ਰਿਸ਼ਨ ਜੀ ਅਰਜਨ ਨੂੰ ਯਾਦ ਕਰਾਉਂਦੇ ਹਨ ਕਿ ਪੁਰਸ਼ ਤੇ ਪ੍ਰਕ੍ਰਿਤੀ ਪ੍ਰਮਾਤਮਾ ਤੇ ਉਸ ਦੀਆਂ ਸ਼ਕਤੀਆਂ ਦਾ ਪ੍ਰਗਟਾਵਾ ਬਹੁਤ ਪੁਰਾਤਨ ਹਨ ਇਨ੍ਹਾਂ ਦਾ ਕੋਈ ਆਦਿ ਨਹੀਂ। ਜਗਿਆਸੂ ਨੂੰ ਪ੍ਰਕ੍ਰਿਤੀ ਦੀਆਂ ਬਦਲਦੀਆਂ ਕਿਸਮਾਂ ਜਾਣ ਲੈਣੀਆਂ ਚਾਹੀਦੀਆਂ ਹਨ ਇਨ੍ਹਾਂ ਦੇ ਕਾਰਣ ਤੇ ਪ੍ਰਭਾਵ ਵੀ ਪ੍ਰਕ੍ਰਿਤੀ ਵਿਚ ਹੀ ਹਨ ਇਹ ਜਾਣ ਲੈਣਾ ਬਹੁਤ ਜ਼ਰੂਰੀ ਹੈ। ਜਦੋਂ ਮਨੁੱਖ ਭੋਗਾਂ ਦੀ ਇੱਛਾ ਰਖਦਾ ਹੈ ਤੇ ਉਸ ਨੂੰ ਦੁਖ ਵੀ ਦੇਖਣੇ ਪੈਂਦੇ ਹਨ ਕਿਉਂਕਿ ਇਕ ਹੋਵੇਗਾ ਤਾਂ ਦੂਸਰਾ ਆਵੱਸ਼ਕ ਹੈ। ਇਹ ਦਵੰਦ ਇਹ ਵਿਪਰੀਤ ਦਾ ਕਾਰਣ ਇਕ ਹੀ ਹੈ ਜੋ ਸੁਖ ਦਾ ਕਾਰਣ ਹੈ ਉਹ ਹੀ ਦੁਖ ਦਾ ਕਾਰਣ ਹੈ।

21. ਪੁਰਸ਼, ਪ੍ਰਕ੍ਰਿਤੀ ਵਿਚ ਸਥਿਤ ਹੋਇਆ ਪ੍ਰਕ੍ਰਿਤੀ ਵਿਚੋਂ ਪੈਦਾ ਹੋਏ ਗੁਣਾਂ ਨੂੰ ਭੋਗਦਾ ਹੈ, ਗੁਣਾਂ ਨਾਲ ਇਸ ਦਾ ਸਬੰਧ ਹੋਣ ਕਰਕੇ ਹੀ ਇਹ ਚੰਗੀ ਮੰਦੀ ਜੂਨੀਆਂ ਵਿਚ ਜਨਮ ਲੈਂਦਾ ਹੈ।

22. ਇਸ ਦੇਹ ਅੰਦਰ ਇਹ ਪੁਰਸ਼ ਉਪਨਿਸ਼ਦਾਂ (ਸਭ ਕੁਝ ਦੇਣ ਵਾਲਾ) ਅਨੁਮੰਤਾ (ਸਲਾਹ ਦੇਣ ਵਾਲਾ) ਭਰਤਾ (ਧਾਰਨ ਕਰਨ ਵਾਲਾ) ਭੋਗਤਾ (ਭੋਗਣ ਵਾਲਾ) ਸਭ ਦਾ ਈਸ਼ਵਰ ਅਤੇ ਪ੍ਰਮਾਤਮਾ, ਪ੍ਰਮਾਤਮਾ ਪਰਮ ਪੁਰਸ਼ ਕਹਾਉਂਦਾ ਹੈ।

ਇਨ੍ਹਾਂ ਦੋ ਸ਼ਲੋਕਾਂ ਵਿਚ ਜਗਿਆਸੂ ਨੂੰ ਕੇਵਲ ਇਕ ਦੇਖਣ ਵਾਲਾ ਹੀ ਦੱਸਿਆ ਗਿਆ ਹੈ ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਕਿ ਆਤਮਾ ਦੇਖਦੀ ਹੈ ਜਦੋਂ ਜਗਿਆਸੂ ਸਾਧਨਾ ਕਰਦਾ ਹੈ ਤੇ ਗਿਆਨ ਇੰਦ੍ਰੀਆਂ ਨੂੰ ਸਮੇਟ ਲੈਂਦਾ ਹੈ ਇਸ ਸੰਸਾਰ ਤੋਂ ਪਰ੍ਹੇ ਹਟ ਜਾਂਦਾ ਹੈ ਫੇਰ ਉਸ ਦਾ ਮਨ ਕਿਸੇ ਚੀਜ਼ ਵਲ ਖਿਚਿਆ ਨਹੀਂ ਜਾਂਦਾ, ਨਾ ਹੀ ਉਸ ਦਾ ਮਨ ਅਸ਼ਾਂਤ ਹੁੰਦਾ ਹੈ, ਨਾ ਹੀ ਉਸ ਦੀਆਂ ਗਿਆਨ ਇੰਦ੍ਰੀਆਂ ਪਰੇਸ਼ਾਨ ਕਰਦੀਆਂ ਹਨ, ਇਕ ਗੱਲ ਉਦੋਂ ਦੀ ਹੁੰਦੀ ਹੈ ਉਹ ਹੈ ਕਿ ਉਸ ਨੂੰ ਆਪਣੇ ਅਚੇਤ ਮਨ ਨਾਲ ਲੜਾਈ ਲੜਨੀ ਪੈਂਦੀ ਹੈ, ਉਥੋਂ ਆ ਰਹੇ ਵਿਚਾਰਾਂ ਨਾਲ ਜੂਝਣਾ ਪੈਂਦਾ ਹੈ ਕਿਉਂਕਿ ਅਚੇਤ ਮਨ ਇਕ ਬਹੁਤ ਵੱਡੇ ਬਕਸੇ ਦੀ ਤਰ੍ਹਾਂ ਹੈ ਜਿਸ ਵਿਚ ਪੁਰਾਣੀਆਂ ਯਾਦਾਂ, ਸੰਸਕਾਰ, ਸਭ ਚੰਗੇ ਮੰਦੇ ਵਿਚਾਰ ਪਿਛਲੇ ਜਨਮਾਂ ਦੇ ਭਰੇ ਪਏ ਹਨ। ਜਦੋਂ ਸਾਧਨਾ ਵਿਚ ਬੈਠਿਆਂ ਇਹ ਸਾਰੇ ਵਿਚਾਰ ਅੱਗੇ ਆ ਕੇ ਖੜ੍ਹੇ ਹੋ ਜਾਣ ਤਾਂ ਉਨ੍ਹਾਂ ਨਾਲ ਕਿਵੇਂ ਮੁਕਾਬਲਾ ਕੀਤਾ ਜਾਵੇ? ਜੇ ਤਾਂ ਸਾਧਕ ਉਨ੍ਹਾਂ ਨੂੰ ਦੇਖਦਾ ਹੈ ਜੋ ਵੀ ਨਿਸ਼ਾਨ ਵਿਚਾਰ, ਭੁਲੇਖੇ ਸੁਪਨੇ ਜੋ ਵੀ ਸਾਮ੍ਹਣੇ ਆਵੇ ਉਸ ਨੂੰ ਕੇਵਲ ਦੇਖੇ ਹੀ ਉਸ ਵਿਚ ਹਿੱਸਾ ਨਾ ਲਵੇ, ਕੇਵਲ ਦੇਖੇ ਹੀ। ਜੇ ਜਗਿਆਸੂ ਇਸ ਅਵਸਥਾ ਤੇ ਨਹੀਂ ਪਹੁੰਚਦਾ, ਉਹ ਸਾਧਨਾ ਨਹੀਂ ਕਰ ਸਕਦਾ ਉਸ ਦੀ ਸਾਧਨਾ ਅਧੂਰੀ ਹੈ। ਜਿਹੜਾ ਮਨ ਵਿਚ ਵਸਦਾ ਹੈ, ਉਹ ਹੀ ਸਰੀਰ ਵਿਚ ਵਸਦਾ ਹੈ, ਸਰੀਰ ਵਿਚ ਵਸਣ ਵਾਲਾ ਪ੍ਰਮਾਤਮਾ ਹੈ ਉਹ ਹੀ ਬ੍ਰਹਿਮੰਡ ਦਾ ਸੰਚਾਲਕ ਹੈ ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਕਿ ਇਕ ਜਗ੍ਹਾ ਤੇ ਪਿਆਲਾ ਪਿਆ ਹੈ, ਪਿਆਲਾ ਕਮਰੇ ਵਿਚ ਹੈ ਕਮਰਾ ਘਰ ਵਿਚ ਹੈ, ਘਰ ਬ੍ਰਹਿਮੰਡ ਦਾ ਹੀ ਹਿੱਸਾ ਹੈ ਬਿਲਕੁਲ ਇਸ ਤਰ੍ਹਾਂ ਹੀ ਪ੍ਰਮਾਤਮਾ ਪਰੀਪੂਰਨ ਹੈ।

ਜਦੋਂ ਜਗਿਆਸੂ ਇਹ ਚੰਗੀ ਤਰ੍ਹਾਂ ਜਾਣ ਲੈਂਦਾ ਹੈ ਕਿ ਅੰਦਰ ਵਸਣ ਵਾਲੀ ਆਤਮਾ ਹੀ ਪ੍ਰਮਾਤਮਾ ਹੈ ਉਸ ਦਾ ਨਿਵਾਸ ਹੀ ਸਰੀਰ ਵਿਚ ਹੈ ਉਹ ਹੀ ਬਾਹਰ ਸੰਸਾਰ ਦੀ ਮਾਇਆ ਬਣ ਕੇ ਵਿਚਰ ਰਿਹਾ ਹੈ ਉਹ ਹੀ ਇਹ ਚਲਾਏਮਾਨ ਸੰਸਾਰ ਹੈ ਫੇਰ ਜਗਿਆਸੂ ਜੋ ਵੀ ਕਰਮ ਕਰਦਾ ਹੈ ਉਹ ਉਸ ਦਾ ਪਾਤਰ ਨਹੀਂ ਬਣਦਾ, ਸੁਤੰਤਰ ਹੋ ਕੇ ਕਰਦਾ ਹੈ। ਜਿਹੜਾ ਜਗਿਆਸੂ ਆਤਮਾ ਨੂੰ ਜਾਣਦਾ ਹੈ, ਉਸ ਦੇ ਪ੍ਰਗਟਾਵੇ ਨੂੰ ਜਾਣਦਾ ਹੈ, ਉਸ ਦੇ ਗੁਣਾਂ ਨੂੰ ਜਾਣਦਾ ਹੈ ਇਹ ਸਭ ਕੁਝ ਜਾਣ ਕੇ ਉਹ ਇਸ ਸੰਸਾਰ ਵਿਚ ਰਹਿੰਦਾ ਹੈ ਉਹ ਚੌਰਾਸੀ ਦੇ ਗੇੜ ਵਿਚੋਂ ਨਿਕਲ ਜਾਂਦਾ ਹੈ।

23. ਇਸ ਤਰ੍ਹਾਂ ਜਿਸ ਨੂੰ ਪੁਰਸ਼ ਪ੍ਰਕ੍ਰਿਤੀ ਅਤੇ ਗੁਣਾਂ ਦਾ ਗਿਆਨ ਹੋ ਗਿਆ ਹੈ। ਉਹ ਸਦਾ ਹੀ ਹਰ ਗੱਲ ਵਿਚ ਰਹਿੰਦਾ ਹੈ ਹੋਇਆ ਵੀ ਜਨਮ ਨਹੀਂ ਲੈਂਦਾ।

24. ਕੋਈ ਧਿਆਨ ਲਗਾ ਕੇ, ਕੋਈ ਸਾਂਖ ਯੋਗ ਕਰਕੇ, ਕੋਈ ਕਰਮ ਯੋਗ ਕਰਕੇ ਪ੍ਰਮਾਤਮਾ ਨੂੰ ਆਤਮਾ ਵਿਚ ਦੇਖਦੇ ਹਨ।

25. ਪਰ ਕਈ ਤਾਂ ਇਸ ਤਰ੍ਹਾਂ ਨਾ ਜਾਣਦੇ ਹੋਏ ਭੀ ਦੂਸਰੇ ਤੋਂ ਸੁਣ ਕੇ ਉਪਾਸਨਾ ਕਰਦੇ ਹਨ ਅਤੇ ਸ਼ਰਧਾ ਨਾਲ ਉਪਦੇਸ਼ ਸੁਣ ਕੇ ਮ੍ਰਿਤਸਾਗਰ ਵਿਚੋਂ ਤਰ ਜਾਂਦੇ ਹਨ।

ਕ੍ਰਿਸ਼ਨ ਜੀ ਚਾਰ ਵੱਖ ਵੱਖ ਮਾਰਗਾਂ ਵਿਚ ਭਿੰਨਤਾ ਦਸਦੇ ਹਨ ਤੇ ਕਹਿੰਦੇ ਹਨ, ਆਤਮਕ ਸਿੱਧੀ ਕਿਸੇ ਵੀ ਮਾਰਗ ਤੇ ਚੱਲ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ। ਇਕ ਮਾਰਗ ਤੇ ਜਗਿਆਸੂ, ਯੋਗ ਸਾਧਨਾ ਕਰਦਾ ਹੈ। ਸਮਾਧੀ ਲਗਾਉਂਦਾ ਹੈ ਇਸ ਮਾਰਗ ਤੇ ਸੰਪੂਰਨ ਆਪੇ ਤੋਂ ਸੂਖਮ ਆਪੇ ਤਕ ਸਾਰਾ ਰਸਤਾ ਜੁਗਤੀ ਨਾਲ ਪਉੜੀ ਦਰ ਪਉੜੀ ਰਾਜ ਯੋਗ ਜਾਂ ਧਿਆਨ ਯੋਗ ਰਾਹੀਂ ਪੂਰਾ ਕੀਤਾ ਜਾਂਦਾ ਹੈ। ਇਹ ਯੋਗੀ ਅਸ਼ਟਾਂਗ ਯੋਗ ਦਾ ਅਭਿਆਸ ਕਰਦੇ ਹਨ ਜਿਹੜੇ ਕਿ ਯੋਗ ਦੇ ਅੱਠ ਸਤੰਭ ਮੰਨੇ ਜਾਂਦੇ ਹਨ – ਯਮ, ਨਿਯਮ, ਆਸਨ, ਪ੍ਰਾਣਯਾਮ, ਪ੍ਰਤਿਹਾਰ, ਧਾਰਨਾ, ਧਿਆਨ ਤੇ ਸਮਾਧੀ। ਯਮ ਦੇ ਪੰਜ ਅਭਿਆਸ ਹਨ ਜਿਸ ਨਾਲ ਆਪਾ ਪਵਿੱਤਰ ਕੀਤਾ ਜਾਂਦਾ ਹੈ, ਖਾਸ ਤਰ੍ਹਾਂ ਨਾਲ ਬੈਠਿਆ ਜਾਂਦਾ ਹੈ। ਪ੍ਰਾਣਾਯਾਮ ਨਾਲ ਸ੍ਵਾਸਾਂ ਨੂੰ ਕਾਬੂ ਕੀਤਾ ਜਾਂਦਾ ਹੈ, ਫੇਫੜਿਆਂ ਨੂੰ ਨਿਯਮਬੱਧ ਕੀਤਾ ਜਾਂਦਾ ਹੈ ਇਸ ਤਰ੍ਹਾਂ ਵੀ ਆਟ ਫੋਰਸ ਨੂੰ ਭਾਵ ਸ਼ਕਤੀ ਨੂੰ ਕਾਬੂ ਕੀਤਾ ਜਾਂਦਾ ਹੈ। ਇਸ ਤਰ੍ਹਾਂ ਨਾਲ ਕਰਮ, ਸਰੀਰ ਦੇ ਉਠਣ ਬੈਠਣ ਦੇ ਢੰਗ ਤੇ ਸ੍ਵਾਸਾਂ ਤੇ ਕਾਬੂ ਪਾ ਕੇ ਧਿਆਨ ਵਿਚ ਬੈਠਣ ਦੀ ਤਿਆਰੀ ਕੀਤੀ ਜਾਂਦੀ ਹੈ। ਇਸ ਗੱਲ ਦਾ ਧਿਆਨ ਰੱਖਿਆ ਜਾਂਦਾ ਹੈ ਕਿ ਕੋਈ ਧਿਆਨ ਮਨ ਨੂੰ ਅਸ਼ਾਂਤ ਨਾ ਕਰੇ, ਸਰੀਰ ਬੇਅਰਾਮ ਨਾ ਹੋਵੇ, ਸ੍ਵਾਸਾਂ ਦੀ ਗਤੀ ਠੀਕ ਹੋਵੇ। ਇਸ ਤੋਂ ਬਾਅਦ ਜਗਿਆਸੂ ਆਪਣੀਆਂ ਗਿਆਨ ਇੰਦ੍ਰੀਆਂ ਨੂੰ ਕਾਬੂ ਕਰਨਾ ਸਿਖਦਾ ਹੈ (ਪ੍ਰਤਿਹਾਰ) ਤੇ ਫੇਰ ਧਿਆਨ ਲਗਾਉਂਦਾ ਹੈ। ਲਗਾਤਾਰ ਇਕ ਚਿਤ ਹੋ ਕੇ ਇਕਾਗਰ ਹੋ ਕੇ ਇਕੋ ਪਾਸੇ ਧਿਆਨ ਲਗਾਉਣ ਨਾਲ ਧਿਆਨ ਲਗ ਜਾਂਦਾ ਹੈ (ਧਿਆਨ) ਦੇਰ ਤਕ ਸਥਿਰ ਬੈਠ ਕੇ ਧਿਆਨ ਲਗਾਉਣ ਨਾਲ ਸਮਾਧੀ ਲਗ ਜਾਂਦੀ ਹੈ।

ਦੂਸਰੇ ਜਗਿਆਸੂ ਗਿਆਨ ਮਾਰਗ ਤੇ ਚਲਦੇ ਹਨ, ਉਹ ਗ੍ਰੰਥਾਂ ਨੂੰ ਪੜ੍ਹਦੇ ਤੇ ਵਿਚਾਰਦੇ ਹਨ ਉਨ੍ਹਾਂ ਤੇ ਖੋਜ ਕਰਦੇ ਹਨ, ਉਪਨਿਸ਼ਦਾਂ ਦਾ ਅਧਿਐਨ ਕਰਦੇ ਹਨ, ਬ੍ਰਹਮ ਸੂਤਰ ਦਾ, ਭਗਵਤ ਗੀਤਾ ਸਭ ਨੂੰ ਚੰਗੀ ਤਰ੍ਹਾਂ ਜਾਨਣ ਦੀ ਕੋਸ਼ਿਸ਼ ਕਰਦੇ ਹਨ ਜਦੋਂ ਉਨ੍ਹਾਂ ਦਾ ਸਿਮਰਨ ਨਿਰੋਲ ਤਰਕ ਤੇ ਪੱਕਾ ਹੋ ਜਾਂਦਾ ਹੈ, ਬੁੱਧੀ ਵਿਵੇਕ ਬਣ ਜਾਂਦੀ ਹੈ, ਉਹ ਆਪੇ ਤੇ ਨਿਰੋਲ ਆਤਮਾ ਵਿਚ ਭੇਦ ਦੇਖ ਸਕਦੇ ਹਨ। ਇਹ ਹੀ ਗਿਆਨ ਦਾ ਮਾਰਗ ਹੈ ਜਿਸ ਤੇ ਆਤਮਕ ਸਿੱਧੀ ਦੀ ਪ੍ਰਾਪਤੀ ਹੁੰਦੀ ਹੈ।

ਇਕ ਹੋਰ ਜਗਿਆਸੂ ਹਨ ਜਿਹੜੇ ਅਧਿਆਤਮਕ ਉਚਾਈਆਂ ਤੇ ਕਰਮ ਕਰਕੇ ਪਹੁੰਚਦੇ ਹਨ ਤੇ ਉਨ੍ਹਾਂ ਕਰਮਾਂ ਨੂੰ ਪ੍ਰਭੂ ਨੂੰ ਹੀ ਅਰਪਣ ਕਰਦੇ ਹਨ ਉਹ ਪ੍ਰਕ੍ਰਿਤੀ ਤੇ ਤਿੰਨ ਗੁਣ ਸਤੋ ਗੁਣ, ਰਜੋ ਗੁਣ ਅਤੇ ਤਮੋ ਗੁਣਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਇਹ ਸਾਰੇ ਕਰਮ ਨਿਰਲਿਪਤ ਹੋ ਕੇ ਕਰਦੇ ਹਨ

ਤੇ ਚੇਤਨਤਾ ਦੇ ਸਿਖਰ ਤੇ ਪਹੁੰਚਦੇ ਹਨ। ਚੌਥੇ ਪ੍ਰਕਾਰ ਦੇ ਜਗਿਆਸੂ ਉਹ ਹਨ ਜਿਹੜੇ ਗਿਆਨੀ ਨਹੀਂ ਹਨ, ਉਹ ਗੁਰੂਆਂ ਦੀ ਸੇਵਾ ਮਹਾਤਮਾ ਦੀ ਸਿਖਿਆ ਤੇ ਹੀ ਨਿਰਭਰ ਹਨ ਤੇ ਮਹਾਤਮਾ ਦੇ ਦੱਸੇ ਮਾਰਗ ਤੇ ਤਨ ਦੇਹੀ ਨਾਲ ਚਲਦੇ ਹਨ, ਪੂਰੀ ਸ਼ਰਧਾ ਰਖਦੇ ਹਨ। ਉਨ੍ਹਾਂ ਦਾ ਮਾਰਗ ਭਰੋਸੇ ਤੇ ਸ਼ਰਧਾ ਦਾ ਮਾਰਗ ਹੈ ਤੇ ਉਨ੍ਹਾਂ ਦਾ ਭਰੋਸਾ ਹੀ ਉਨ੍ਹਾਂ ਨੂੰ ਸੰਸਾਰ ਰੂਪੀ ਭਵਜਲ ਤੋਂ ਪਾਰ ਕੱਢ ਲੈਂਦਾ ਹੈ। ਨਿਰਮਲ ਹਿਰਦਾ, ਦ੍ਰਿੜ੍ਹ ਨਿਸ਼ਚਾ, ਉਹ ਸੰਸਾਰ ਸਾਗਰ ਪਾਰ ਕਰ ਲੈਂਦੇ ਹਨ। ਅਨੇਕਾਂ ਮਾਰਗ ਹਨ ਜਿਨ੍ਹਾਂ ਤੇ ਸ਼ਰਧਾਲੂ ਚਲਦੇ ਹਨ ਤੇ ਆਤਮਕ ਗਿਆਨ ਪ੍ਰਾਪਤ ਕਰਦੇ ਹਨ ਜਿਹੜੇ ਵੀ ਸੱਚੇ ਮਨ ਨਾਲ ਯਤਨ ਕਰਦੇ ਹਨ ਉਹ ਪ੍ਰਾਪਤ ਕਰ ਲੈਂਦੇ ਹਨ।

26. ਹੇ ਭਰਤਰਸ਼ਭ! ਇਹ ਜੋ ਕੁਝ ਵੀ ਸਥਾਵਰ ਜੰਗਮ ਵਸਤੂ ਪੈਦਾ ਹੁੰਦੀ ਹੈ ਇਹ ਸਭ ਛੇਤ੍ਰ ਤੇ ਛੇਤ੍ਰਗਯ (ਪੁਰਸ਼ ਤੇ ਪ੍ਰਕ੍ਰਿਤੀ) ਦੇ ਸੰਜੋਗ ਨਾਲ ਹੀ ਪੈਦਾ ਹੁੰਦੀ ਹੈ।

27. ਸਭ ਜੀਵਾਂ ਵਿਚ ਪ੍ਰਮੇਸ਼ਰ ਇਕ ਸਾਰ ਵਰਤਮਾਨ ਹੈ ਅਤੇ ਵਿਨਾਸ਼ੀ ਵਿਚ ਅਬਿਨਾਸ਼ੀ ਸਥਿਤ ਹੈ, ਜੋ ਉਸ ਨੂੰ ਇਸ ਤਰ੍ਹਾਂ ਦੇਖਦਾ ਹੈ, ਉਹ ਹੀ ਉਸ ਨੂੰ ਦੇਖ ਸਕਦਾ ਹੈ।

ਸਮਾਚਿਤ ਦਾ ਯੋਗ ਸਿਖਾਉਣਾ ਕ੍ਰਿਸ਼ਨ ਜੀ ਅਰਜਨ ਨੂੰ ਦਸਦੇ ਹਨ ਸਾਨੂੰ ਜੋ ਕੁਝ ਵੀ ਇਸ ਸੰਸਾਰ ਵਿਚ ਦਿਸਦਾ ਹੈ ਜੜ੍ਹ ਚੇਤਨ ਇਹ ਆਤਮਾ ਪੁਰਸ਼ ਦੀ, ਉਸ ਦੀ ਸ਼ਕਤੀ ਦਾ ਹੀ ਪ੍ਰਗਟਾਵਾ ਹੈ ਪ੍ਰਕ੍ਰਿਤੀ ਹੈ ਆਤਮਾ ਹੀ ਜਾਨਣਹਾਰ ਹੈ, ਸਰਵੋਤਮ ਹੈ, ਪ੍ਰਕ੍ਰਿਤੀ ਇਸ ਦਾ ਛੇਤ੍ਰ ਹੈ ਵੱਖ ਵੱਖ ਰੂਪਾਂ ਵਿਚ ਜਿਹੜਾ ਪ੍ਰਗਟਾਵਾ ਅਸੀਂ ਦੇਖਦੇ ਹਾਂ ਉਹ ਪ੍ਰਕ੍ਰਿਤੀ ਹੀ ਹੈ ਜੋ ਕੁਝ ਵੀ ਹੋਂਦ ਵਿਚ ਆਉਂਦਾ ਹੈ ਜੜ੍ਹ ਜਾਂ ਚੇਤਨ ਸਭ ਪੁਰਸ਼ ਤੇ ਪ੍ਰਕ੍ਰਿਤੀ ਦੇ ਜੋੜਨ ਨਾਲ ਹੀ ਹੁੰਦਾ ਹੈ। ਇਹ ਦੋਨੋਂ ਮੂਲ ਸਿਧਾਂਤ ਇਕੋ ਤੱਤ ਦੇ ਹਨ, ਇਕ ਉਸ ਪ੍ਰਮਾਤਮਾ ਦੇ ਹੀ ਹਨ ਕੇਵਲ ਇਕ ਹੀ ਹੈ ਇਸ ਸੰਸਾਰ ਵਿਚ ਦੂਸਰਾ ਕੋਈ ਨਹੀਂ। ਪੁਰਸ਼ ਪ੍ਰਕ੍ਰਿਤੀ ਨੂੰ ਚਲਾਉਣ ਵਾਲਾ ਹੈ ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਮਨੁੱਖ ਸਰੀਰ ਨੂੰ ਚਲਾਉਂਦਾ ਹੈ। ਇਸ ਪੁਰਸ਼ ਨੂੰ ਹੀ ਆਤਮਾ ਕਹਿੰਦੇ ਹਨ। ਆਤਮਾ ਦਾ ਵਾਸਾ ਹਰ ਚੀਜ਼ ਵਿਚ ਹੈ, ਕਣ ਕਣ ਵਿਚ ਹੈ, ਸਾਰੇ ਵਿਸ਼ਵ ਵਿਚ ਹੈ। ਜਗਿਆਸੂ ਜਿਸ ਨੂੰ ਪੂਰਾ ਗਿਆਨ ਹੈ, ਉਸ ਇਕ ਨੂੰ ਜੋ ਜਾਣਦਾ ਹੈ, ਸਥਿਰਤਾ ਨੂੰ ਜਾਣਦਾ ਹੈ ਅਬਿਨਾਸ਼ੀ ਨੂੰ ਜੋ ਜਾਣਦਾ ਹੈ ਉਹ ਅਸਲ ਤੱਤ ਨੂੰ ਜਾਣਦਾ ਹੈ। ਉਹ ਸਤਿ ਨੂੰ ਹਰ ਜਗ੍ਹਾ ਦੇਖਦਾ ਹੈ ਹਰੇਕ ਚੀਜ਼ ਵਿਚ ਦੇਖਦਾ ਹੈ ਉਹ ਸ਼ਾਂਤ ਰਹਿੰਦਾ ਹੈ ਕਿਉਂਕਿ ਉਹ ਸਮਾਚਿਤ ਦੀ ਅਵਸਥਾ ਵਿਚ ਹੈ।

28. ਜੋ ਸਰਬਤ੍ਰ ਸਥਿਤ ਹੋਏ ਪ੍ਰਮਾਤਮਾ ਨੂੰ ਸਮਾਨ ਦੇਖਦਾ ਹੈ ਉਹ ਆਪਣੇ ਦੁਆਰਾ ਆਪ ਨੂੰ ਨਸ਼ਟ ਨਹੀਂ ਕਰਦਾ, ਅਰਥਾਤ ਸਰੀਰ ਦਾ ਨਾਸ਼ ਹੋਣ ਤੇ ਆਪਣੀ ਆਤਮਾ ਨੂੰ ਨਾਸ਼ ਨਹੀਂ ਮੰਨਦਾ ਹੈ ਇਸ ਤੋਂ ਉਹ ਪਰਮ

ਗਤੀ ਨੂੰ ਪ੍ਰਾਪਤ ਹੁੰਦਾ ਹੈ।

ਸਾਨੂੰ ਦੇਖਣ ਵਿਚ ਸੰਸਾਰ ਦੀਆਂ ਸਾਰੀਆਂ ਵਸਤੂਆਂ ਭਾਵੇਂ ਵੱਖ ਵੱਖ ਦਿਸਦੀਆਂ ਹਨ ਵਾਸਤਵ ਵਿਚ ਉਹ ਇਕ ਸਤਿ ਦੇ ਹੀ ਵੱਖ ਵੱਖ ਰੂਪ ਹਨ। ਵੱਖ ਵੱਖ ਆਕਾਰ ਹੈ, ਵੱਖ ਵੱਖ ਨਾਮ ਹਨ। ਸਾਗਰ ਵਿਚ ਅਨੇਕਾਂ ਹੀ ਬੁਲਬੁਲੇ ਉਠਦੇ ਹਨ, ਲਹਿਰਾਂ ਉਠਦੀਆਂ ਹਨ ਪਰ ਹੈਨ ਤਾਂ ਉਹ ਸਾਗਰ ਦਾ ਹੀ ਅੰਗ ਜਿਵੇਂ ਕਿ ਸੂਰਜ ਦੀਆਂ ਅਨੇਕਾਂ ਕਿਰਨਾਂ ਹਨ, ਆਉਂਦੀਆਂ ਤਾਂ ਇਕ ਸੂਰਜ ਵਿਚੋਂ ਹੀ ਹਨ ਉਸੇ ਤਰ੍ਹਾਂ ਜਗਿਆਸੂ ਇਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਸੰਸਾਰ ਦੇ ਭਿੰਨ ਭਿੰਨ ਰੂਪਾਂ ਦਾ ਰਚਿਤਾ ਕੇਵਲ ਇਕ ਬ੍ਰਹਮ ਹੀ ਹੈ।

29. ਜੋ ਪ੍ਰਕ੍ਰਿਤੀ ਨੂੰ ਕਰਮ ਕਰਨ ਵਾਲੀ ਅਤੇ ਆਤਮਾ ਨੂੰ ਨਾ ਕਰਮ ਕਰਨ ਵਾਲਾ ਦੇਖਦਾ ਹੈ, ਉਹ ਹੀ ਉਸ ਇਕ ਨੂੰ ਵਾਸਤਵ ਵਿਚ ਦੇਖਦਾ ਹੈ।

ਗਿਆਨੀ ਇਹ ਜਾਣਦਾ ਹੈ ਕਿ ਆਤਮਾ ਕਰਤਾ ਨਹੀਂ ਹੈ, ਸਾਰੇ ਕਰਮ ਪ੍ਰਕ੍ਰਿਤੀ ਤੋਂ ਹੀ ਹੁੰਦੇ ਹਨ। ਸੰਸਾਰ ਦੀ ਸਾਰੀ ਕ੍ਰਿਆ ਇਸ ਮਾਇਆ ਰੂਪੀ ਸੰਸਾਰ ਰਾਹੀਂ ਹੀ ਚਲਦੀ ਹੈ, ਚਾਹੇ ਉਹ ਮਨੁੱਖੀ ਪੱਧਰ ਦਾ ਹੋਏ ਚਾਹੇ ਵਿਸ਼ਵ ਦੇ ਪੱਧਰ ਤੇ ਹੋਵੇ। ਆਤਮਾ ਕੇਵਲ ਸਾਖਸ਼ੀ ਹੁੰਦੀ ਹੈ ਜਿਸ ਨੇ ਇਹ ਜਾਣ ਲਿਆ, ਬੁੱਝ ਲਿਆ, ਉਸ ਨੇ ਆਤਮਕ ਸਿੱਧੀ ਪ੍ਰਾਪਤ ਕਰ ਲਈ।

30. ਜੋ ਵੱਖ ਵੱਖ ਜੀਵਾਂ ਨੂੰ ਇਕ ਪ੍ਰਮੇਸ਼ਵਰ ਵਿਚ ਸਥਿਤ ਦੇਖਦਾ ਹੈ, ਪ੍ਰਮੇਸ਼ਰ ਵਿਚੋਂ ਹੀ ਸਭ ਦੀ ਉਤਪਤੀ ਦੇਖਦਾ ਹੈ ਉਹ ਬ੍ਰਹਮ ਨੂੰ ਪ੍ਰਾਪਤ ਹੁੰਦਾ ਹੈ।

31. ਹੇ ਕੌਂਤੇਂਯ! ਅਨਾਦਿ ਅਤੇ ਗੁਣਾਂ ਤੋਂ ਰਹਿਤ ਅਵਿਨਾਸ਼ੀ ਪਰਮਾਤਮਾ ਸਰੀਰ ਵਿਚ ਸਥਿਤ ਹੋ ਕੇ ਭੀ ਅਕਰਤਾ ਤੇ ਅਲਿਪਤ ਹੈ।

32. ਜਿਸ ਤਰ੍ਹਾਂ ਹਰ ਜਗ੍ਹਾ ਵਿਆਪਕ ਅਕਾਸ਼ ਸੂਖਮ ਹੋਣ ਕਰਕੇ ਅਲਿਪਤ ਹੈ, ਏਸੇ ਤਰ੍ਹਾਂ ਦੇਹ ਵਿਚ ਸਥਿਤ ਹੋ ਕੇ ਆਤਮਾ ਵੀ ਅਲਿਪਤ ਹੈ।

33. ਹੇ ਭਾਰਤ! ਜਿਸ ਤਰ੍ਹਾਂ ਇਕ ਹੀ ਸੂਰਜ ਸਾਰੇ ਲੋਕਾਂ ਨੂੰ ਪ੍ਰਕਾਸ਼ਿਤ ਕਰਦਾ ਹੈ, ਉਸੇ ਤਰ੍ਹਾਂ ਛੇਤ੍ਰੀ (ਸਰੀਰ ਵਿਚ ਵਿਆਪਕ ਪ੍ਰਮਾਤਮਾ) ਸਾਰੇ ਛੇਤ੍ਰ ਨੂੰ ਪ੍ਰਕਾਸ਼ਿਤ ਕਰਦਾ ਹੈ।

ਸਰਵੋਤਮ ਆਤਮਾ ਪ੍ਰਮਾਤਮਾ ਹੈ ਜੋ ਅਜਰ ਹੈ, ਅਮਰ ਹੈ, ਅਟੱਲ ਹੈ ਇਸ ਦਾ ਕੋਈ ਆਦਿ ਹੈ ਨਾ ਕੋਈ ਅੰਤ। ਇਹ ਸਦਾ ਸਤਿ ਹੈ, ਉਪਨਿਸ਼ਦਾਂ ਵਿਚ ਇਕ ਅਰਦਾਸ ਹੈ ਜੋ ਇਸ ਤਰ੍ਹਾਂ ਦਸਦੀ ਹੈ ਕਿ ਪ੍ਰਮਾਤਮਾ ਪੂਰਨ

ਸਤਿ ਹੈ, ਪੂਰਨ ਸਤਿ ਵਿਚੋਂ ਜੋ ਪੂਰਨ ਹੀ ਲਿਆ ਜਾਏ ਉਸ ਦੀ ਪੂਰਨਤਾ ਖਤਮ ਨਹੀਂ ਹੁੰਦੀ, ਜੇ ਉਸ ਵਿਚ ਕੁਝ ਪਾ ਵੀ ਦਿਤਾ ਜਾਏ ਤਾਂ ਵੀ ਉਹ ਪੂਰਨ ਹੀ ਰਹਿੰਦਾ ਹੈ, ਉਸ ਪੂਰਨਤਾ ਵਿਚੋਂ ਕੁਝ ਕੱਢਣ ਨਾਲ ਜਾਂ ਕੁਝ ਪਾਉਣ ਨਾਲ ਉਸ ਵਿਚ ਕੁਝ ਬਦਲਦਾ ਨਹੀਂ ਕਿਉਂਕਿ ਉਹ ਤਾਂ ਸਦਾ ਹੀ ਪੂਰਨ ਹੈ, ਪੂਰਨ ਸੀ, ਪੂਰਨ ਹੀ ਰਹੇਗਾ। ਰਜੋ ਗੁਣ, ਤਮੋ ਗੁਣ, ਸਤੋ ਗੁਣ ਇਹ ਆਤਮਾ ਦੇ ਗੁਣ ਨਹੀਂ ਹਨ, ਆਤਮਾ ਤਾਂ ਇਨ੍ਹਾਂ ਗੁਣਾਂ ਤੋਂ ਪਰ੍ਹੇ ਹੈ, ਆਤਮਾ ਤਾਂ ਮਾਇਆ ਦੇ ਭੁਲੇਖੇ ਤੋਂ ਪਰ੍ਹੇ ਹੈ, ਉਸ ਦੇ ਪ੍ਰਗਟਾਵੇ ਤੋਂ ਪਰ੍ਹੇ ਹੈ, ਮਾਇਆ ਤਾਂ ਅਧੂਰੀ ਹੈ, ਦ੍ਵੰਦ ਹੈ, ਦੁਖ ਹੈ। ਆਤਮਾ ਬੇਦਾਗ ਹੈ, ਸਵੱਛ ਹੈ, ਆਤਮਾ ਤੇ ਦਿਸਦੇ ਸੰਸਾਰ ਦਾ ਕੋਈ ਵੀ ਅਕਸ਼ ਨਹੀਂ ਹੈ। ਸਾਰੇ ਕਰਮ ਸਰੀਰ ਕਰਦਾ ਹੈ, ਆਤਮਾ ਤਾਂ ਨਿਰਲਿਪਤ ਰਹਿੰਦੀ ਹੈ ਉਸ ਉਤੇ ਕਿਸੇ ਗੱਲ ਦਾ ਕੋਈ ਪ੍ਰਭਾਵ ਨਹੀਂ ਪੈਂਦਾ ਉਹ ਸਭ ਅਸ਼ੁਧਤਾ ਤੋਂ ਉਪਰ ਹੈ।

34. ਇਸ ਤਰ੍ਹਾਂ ਗਿਆਨ ਦੀਆਂ ਅੱਖਾਂ ਨਾਲ ਜੋ ਛੇਤ੍ਰ (ਸਰੀਰ) ਅਤੇ ਛੇਤ੍ਰਗਯ (ਪ੍ਰਕ੍ਰਿਤੀ) ਦੇ ਅੰਤਰ ਅਤੇ ਪ੍ਰਕ੍ਰਿਤੀ ਤੋਂ ਜੀਵਾਂ ਦੇ ਛੁੱਟਣ ਨੂੰ ਜਾਣਦੇ ਹਨ, ਉਹ ਪਰਮ ਪਦ ਨੂੰ ਪ੍ਰਾਪਤ ਹੁੰਦੇ ਹਨ।

ਸਰੀਰਕ ਅੱਖਾਂ ਕੇਵਲ ਇਕ ਸੀਮਾ ਤਕ ਹੀ ਦੇਖ ਸਕਦੀਆਂ ਹਨ, ਛੇਤੀ ਦਿਗ ਮੰਡਲ ਦਿਸਣ ਲਗ ਪੈਂਦਾ ਹੈ ਪਰ ਜਿਨ੍ਹਾਂ ਦਾ ਅਨੁਭਵ ਹੈ ਜਿਹੜੇ ਅੰਦਰ ਬਾਹਰ ਦੀਆਂ ਉਚਾਈਆਂ ਡੂੰਘਾਈਆਂ ਜਾਣਦੇ ਹਨ, ਬਾਹਰ ਅੰਦਰ ਦੀ ਚੇਤਨਤਾ ਜਾਣਦੇ ਹਨ ਉਹ ਹਉਮੈ ਤੋਂ ਰਹਿਤ ਹੁੰਦੇ ਹਨ, ਹੰਕਾਰ ਤੋਂ ਮੁਕਤ ਹੁੰਦੇ ਹਨ, ਆਪੇ ਤੋਂ ਉਪਰ ਹੁੰਦੇ ਹਨ, ਉਨ੍ਹਾਂ ਦੀ ਦ੍ਰਿਸ਼ਟੀ ਅੱਗੇ ਦਿਗ ਮੰਡਲ ਨਹੀਂ ਹੁੰਦਾ, ਉਨ੍ਹਾਂ ਦੀ ਦ੍ਰਿਸ਼ਟੀ ਗਿਆਨ ਇੰਦ੍ਰੀਆਂ ਦੀ ਦ੍ਰਿਸ਼ਟੀ ਤੋਂ ਪਰ੍ਹੇ ਦੀ ਦ੍ਰਿਸ਼ਟੀ ਹੈ। ਜਿਹੜਾ ਗਿਆਨ ਆਮ ਮਨੁੱਖ ਦੇ ਮਨ ਵਿਚ ਹੈ ਉਹ ਨਾ ਤਾਂ ਨਿਰੋਲ ਹੈ ਨਾ ਹੀ ਡੂੰਘਾ ਗਿਆਨ ਹੈ। ਜਿਹੜਾ ਗਿਆਨ ਅਨੁਭਵ ਤੋਂ ਹੈ ਜਾਂ ਯੋਗਾ ਨਾਲ ਜੋ ਅੰਤਰ ਗਿਆਨ ਹੈ ਉਹ ਹੀ ਪੂਰਨ ਗਿਆਨ ਹੈ। ਇਹ ਗੱਲ ਜਾਣ ਲੈਣਾ ਯੋਗ ਹੈ ਇਹੋ ਜਿਹਾ ਗਿਆਨ ਥੋੜ੍ਹਾ ਥੋੜ੍ਹਾ ਕਰਕੇ ਨਹੀਂ ਹੁੰਦਾ ਇਹ ਤਾਂ ਪੂਰਨ ਰੂਪ ਵਿਚ ਡੂੰਘਾ ਗਿਆਨ ਹੀ ਹੁੰਦਾ ਹੈ। ਇਹ ਗਿਆਨ ਦੇ ਤਾਂ ਝਰਨੇ ਚਲਦੇ ਹਨ ਇਸ ਨੂੰ ਅਨੁਭਵੀ ਗਿਆਨ ਕਿਹਾ ਜਾਂਦਾ ਹੈ, ਇਹ ਬਿਲਕੁਲ ਨਰੋਆ, ਮਿਲਾਵਟ ਰਹਿਤ ਅਰਸ਼ੀ ਧੁਰੋਂ ਆਉਂਦਾ ਹੈ ਇਹੋ ਗਿਆਨ ਹੀ ਜਗਿਆਸੂ ਨੂੰ ਪ੍ਰਕਿਰਤੀ ਦੇ ਖੋਜਿਆਂ ਤੋਂ ਮੁਕਤ ਕਰਾਉਂਦਾ ਹੈ। ਇਹੋ ਜਿਹਾ ਜਗਿਆਸੂ ਫੇਰ ਨਿਰਲਿਪਤ ਹੋ ਕੇ ਆਪਣੇ ਕਰਮ ਕਰਦਾ ਹੈ ਡਿਊਟੀਆਂ ਕਰਦਾ ਹੈ ਪਰਮ ਅਨੰਦ ਅਵਸਥਾ ਵਿਚ ਰਹਿੰਦਾ ਹੈ। ਅਸੀਂ ਮਨੁੱਖ ਤਾਂ ਉਸ ਇਕ ਦੇ ਬੱਚੇ ਹਾਂ, ਉਸ ਦੀ ਜਿਣਸ ਹਾਂ। ਪਰਮ ਅਨੰਦ, ਅਨੰਦ, ਇਹ ਸਾਰੇ ਅਨੁਭਵ ਅਸੀਂ ਆਪਣੇ ਪਰਮ ਰੂਪ ਆਤਮਾ ਵਿਚੋਂ ਪ੍ਰਾਪਤ ਕਰ ਸਕਦੇ ਹਾਂ।

ਇਹ ਤੇਰ੍ਹਵਾਂ ਅਧਿਆਇ ਦਾ ਅੰਤ ਹੈ ਇਸ ਵਿਚ ਆਤਮਾ ਸਰੀਰ,

ਪ੍ਰਕ੍ਰਿਤੀ ਤੇ ਪ੍ਰਮਾਤਮਾ ਦੀ ਵਿਆਖਿਆ ਕੀਤੀ ਗਈ ਹੈ।

# ਚੌਂਦਵਾਂ ਅਧਿਆਇ

## ਤਿੰਨਾਂ ਗੁਣਾਂ ਦਾ ਗੂੜ੍ਹ ਗਿਆਨ

ਸ੍ਰੀ ਭਗਵਾਨ ਬਚਨ ਕਰਦੇ ਹਨ –

1. (ਹੇ ਅਰਜਨ! ) ਮੈਂ ਸਾਰੇ ਗਿਆਨਾਂ ਵਿਚੋਂ ਉਤਮ ਗਿਆਨ ਤੈਨੂੰ ਫੇਰ ਸੁਣਾਉਂਦਾ ਹਾਂ, ਜਿਸਨੂੰ ਜਾਣ ਕੇ ਮੁਨੀ ਜਨ ਪਰਮ ਸਿੱਧੀ ਨੂੰ ਪ੍ਰਾਪਤ ਹੁੰਦੇ ਹਨ। ਕਿਉਂਕਿ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਮੈਥੋਂ ਬਿਨਾਂ ਕੋਈ ਵਸਤੂ ਹੈ ਹੀ ਨਹੀਂ।

2. ਇਸੇ ਗਿਆਨ ਦੇ ਸਹਾਰੇ ਮੇਰੀ ਗਤੀ ਨੂੰ ਪ੍ਰਾਪਤ ਹੋ ਕੇ ਉਹ ਸ੍ਰਿਸ਼ਟੀ ਪੈਦਾ ਹੋਣ ਦੇ ਸਮੇਂ ਭੀ ਨਹੀਂ ਆਉਂਦੇ ਅਤੇ ਨਾ ਹੀ ਪਰਲੈ ਕਾਲ ਵਿਚ ਵਿਆਕੁਲ ਹੁੰਦੇ ਹਨ।

ਸਰੀਰ ਤੇ ਆਤਮਾ ਦਾ ਵਰਨਣ ਕਰਨ ਤੋਂ ਬਾਅਦ ਕ੍ਰਿਸ਼ਨ ਜੀ ਅਰਜਨ ਨੂੰ ਹੁਣ ਸਰੀਰ ਤੋਂ ਪਰ੍ਹੇ ਲੈ ਜਾਂਦੇ ਹਨ ਤਾਂ ਜੋ ਉਹ ਪਰਮ ਗਿਆਨ ਦੀ ਪ੍ਰਾਪਤੀ ਕਰ ਸਕੇ। ਜਿਹੜਾ ਗਿਆਨ ਜੀਵਨ ਮਨੋਰਥ ਨੂੰ ਭਰਪੂਰ ਕਰਦਾ ਹੋਵੇ, ਸੰਪੂਰਨ ਕਰਦਾ ਹੋਵੇ, ਉਹ ਹੀ ਸਰਵੋਤਮ ਗਿਆਨ ਹੈ। ਇਸ ਸਰਵੋਤਮ ਗਿਆਨ ਦੇ ਕਈ ਡੰਡੇ ਹਨ ਤੇ ਸਭ ਤੋਂ ਉਪਰ ਦਾ ਡੰਡਾ ਪੂਰਨ ਸੁਤੰਤਰਤਾ ਦਾ ਹੈ। ਜਦੋਂ ਆਤਮ ਸਿੱਧੀ ਹੋ ਜਾਂਦੀ ਹੈ, ਜਗਿਆਸੂ ਮਰਨ ਜੰਮਣ ਤੋਂ ਡਰਦਾ ਨਹੀਂ। ਇਥੇ ਕ੍ਰਿਸ਼ਨ ਜੀ ਉਸ ਅਵਸਥਾ ਬਾਰੇ ਦਸਦੇ ਹਨ ਜੋ ਇਸ ਜੀਵਨ ਤੋਂ ਪਰ੍ਹੇ ਹੈ। ਉਹ ਦਸਦੇ ਹਨ ਜਦੋਂ ਵਿਸ਼ਵ ਆਪਣੇ ਮੌਲਿਕ ਰੂਪ ਵਿਚ ਬਦਲ ਜਾਂਦਾ ਹੈ, ਜਦੋਂ ਆਦਿ ਅਵਸਥਾ ਤੇ ਪਹੁੰਚ ਜਾਂਦਾ ਹੈ, ਕੁਝ ਵੀ ਨਹੀਂ ਰਹਿੰਦਾ, ਉਦੋਂ ਫੇਰ ਮੁਢ ਤੋਂ ਸ਼ੁਰੂਆਤ ਹੁੰਦੀ ਹੈ ਪਰ ਪਹੁੰਚੇ ਸੱਜਣ ਇਸ ਦੇ ਪ੍ਰਭਾਵ ਤੋਂ ਪ੍ਰਭਾਵਿਤ ਨਹੀਂ ਹੁੰਦੇ, ਨਾ ਹੀ ਉਹ ਖਤਮ ਹੁੰਦੇ ਹਨ, ਨਾ ਹੀ ਉਹ ਪੈਦਾ ਹੁੰਦੇ ਹਨ। ਉਹ ਤਾਂ ਆਤਮਾ ਹਨ, ਉਹ ਨਾ ਬਦਲਦੇ ਹਨ, ਨਾ ਮਰਦੇ ਹਨ, ਨਾ ਜੰਮਦੇ ਹਨ ਉਹ ਅਮਰ ਹੋਣ ਦੀ ਅਵਸਥਾ ਪ੍ਰਾਪਤ ਕਰ ਚੁੱਕੇ ਹਨ, ਉਹ ਆਵਾਗਉਣ ਦੇ ਚੱਕਰ ਤੋਂ ਮੁਕਤ ਹੋ ਚੁੱਕੇ ਹਨ।

3. ਹੇ ਅਰਜਨ ਮੇਰੀ ਮਹੱਤ ਬ੍ਰਹਮਰੂਪ ਪ੍ਰਕ੍ਰਿਤੀ ਅਰਥਾਤ ਤ੍ਰਿਗੁਣਮਈ ਮਾਇਆ ਸੰਪੂਰਨ ਭੂਤਾਂ ਦੀ ਯੋਨੀ ਹੈ ਅਰਥਾਤ ਗਰਭ ਧਾਰਨ ਦਾ ਅਸਥਾਨ ਹੈ ਅਤੇ ਮੈਂ ਉਸ ਯੋਨੀ ਵਿਚ ਚੇਤਨ ਰੂਪ ਬੀਜ ਨੂੰ ਸਥਾਪਨ ਕਰਦਾ ਹਾਂ ਜਿਸ ਜੜ ਚੇਤਨ ਦੇ ਸੰਜੋਗ ਤੋਂ ਸਭ ਭੂਤਾਂ ਦੀ ਉਤਪਤੀ ਹੁੰਦੀ ਹੈ।

4. ਹੇ ਕੌਂਤਯ! ਸਭ ਪ੍ਰਕਾਰ ਦੇ ਸਰੀਰ ਉਤਪੰਨ ਹੁੰਦੇ ਹਨ, ਉਨ੍ਹਾਂ ਸਭ ਦੀ ਮਾਂ ਪ੍ਰਕ੍ਰਿਤੀ ਹੈ ਅਤੇ ਪੈਦਾ ਕਰਨ ਵਾਲਾ ਪਿਤਾ ਮੈਂ ਹਾਂ।

ਪ੍ਰਮਾਤਮਾ ਪਰੀਪੂਰਨ ਹੈ, ਸਾਡਾ ਸਭ ਦਾ ਪਿਤਾ ਹੈ ਤੇ ਪ੍ਰਕ੍ਰਿਤੀ ਸਾਰੇ ਵਿਸ਼ਵ ਦੀ ਮਾਂ ਹੈ ਪ੍ਰਮਾਤਮਾ। ਪਿਤਾ ਪ੍ਰਕ੍ਰਿਤੀ ਵਿਚ ਬੀਜ ਸੁਟਦਾ ਹੈ ਜਿਸ

ਵਿਚੋਂ ਸਭ ਦੀ ਉਤਪਤੀ ਹੁੰਦੀ ਹੈ ਜਿਸ ਤੋਂ ਸਾਰੇ ਵਿਸ਼ਵ ਦਾ ਪਸਾਰਾ ਹੁੰਦਾ ਹੈ। ਹਰੇਕ ਜਗਿਆਸੂ ਨੂੰ ਇਹ ਯਾਦ ਰਖਣਾ ਚਾਹੀਦਾ ਹੈ ਕਿ ਉਸ ਦੇ ਅੰਦਰ ਪ੍ਰਮਾਤਮਾ ਦਾ ਨਿਵਾਸ ਹੈ। ਉਹ ਪ੍ਰਮਾਤਮਾ ਦਾ ਆਪਣਾ ਰੂਪ ਹੈ, ਪ੍ਰਮਾਤਮਾ ਦੀ ਆਪਣੀ ਸਿਰਜਣਾ ਹੈ। ਇਕ ਬੱਚਾ ਹੈ ਤੇ ਇਕ ਬੱਚੇ ਦੀ ਤਰ੍ਹਾਂ ਉਸ ਨੇ ਆਪਣੇ ਅੰਦਰ ਦੀ ਆਤਮਾ ਦਾ ਵਿਕਾਸ ਕਰਨਾ ਤੇ ਪ੍ਰਮਾਤਮਾ ਨਾਲ ਮਿਲਣਾ ਹੈ। ਜਦੋਂ ਜਗਿਆਸੂ ਨੂੰ ਇਹ ਪਤਾ ਲਗ ਜਾਏ ਕਿ ਉਸ ਅਨੰਤ ਦਾ ਬੀਜ ਉਸ ਦੇ ਅੰਦਰ ਹੈ ਤਾਂ ਉਹ ਉਸ ਬੀਜ ਨੂੰ ਪ੍ਰਫੁੱਲਤ ਕਰਨ ਦਾ ਪੂਰਾ ਯਤਨ ਕਰਦਾ ਹੈ। ਫੇਰ ਉਹ ਪ੍ਰਮਾਤਮਾ ਨਾਲ ਅਭੇਦ ਹੋ ਜਾਂਦਾ ਹੈ ਤੇ ਪਰਮ ਅਵਸਥਾ ਨੂੰ ਪ੍ਰਾਪਤ ਹੋ ਜਾਂਦਾ ਹੈ।

5. ਹੇ ਮਹਾਂਬਾਹੋ! ਸਤੋ ਗੁਣ, ਰਜੋ ਗੁਣ ਤੇ ਤਮੋ ਗੁਣ ਜੋ ਪ੍ਰਕ੍ਰਿਤੀ ਵਿਚੋਂ ਪੈਦਾ ਹੋਏ ਹਨ ਇਹ ਤਿੰਨੋ ਗੁਣ ਇਸ ਜੀਵ ਨੂੰ ਦੇਹ ਵਿਚ ਬੰਨ੍ਹਦੇ ਹਨ।

6. ਹੇ ਅਨਅ! ਇਨ੍ਹਾਂ ਵਿਚੋਂ ਸਤੋ ਗੁਣ ਨਿਰਮਲ ਪ੍ਰਕਾਸ਼ਵਾਨ ਅਤੇ ਨਿਰਵਿਕਾਰ ਹੋਣ ਕਰਕੇ ਸੁਖ ਅਤੇ ਗਿਆਨ ਦੇ ਅਭਿਮਾਨ ਨਾਲ ਜੀਵ ਨੂੰ ਬੰਨ੍ਹਦਾ ਹੈ।

7. ਹੇ ਕੌਂਤੇਯ! ਰਜੋ ਗੁਣ ਨੂੰ ਤੂੰ ਤ੍ਰਿਸ਼ਨਾ ਤੇ ਸੰਗ ਤੋਂ ਉਤਪੰਨ ਹੋਇਆ ਜਾਣ, ਇਹ ਕਰਮ ਅਤੇ ਫਲ ਦੀ ਵਾਸ਼ਨਾ ਨਾਲ ਜੀਵ ਨੂੰ ਬੰਨ੍ਹਦਾ ਹੈ।

8. ਹੇ ਭਾਰਤ! ਤਮੋ ਗੁਣ ਅਗਿਆਨ ਤੋਂ ਪੈਦਾ ਹੁੰਦਾ ਹੈ। ਇਹ ਸਭ ਜੀਵਾਂ ਨੂੰ ਮੋਹ ਵਿਚ ਖਚਤ ਕਰਨ ਵਾਲਾ ਹੈ। ਇਹ ਜੀਵ ਨੂੰ ਪ੍ਰਮਾਦ (ਭੁੱਲ ਜਾਣਾ) ਆਲਸ ਅਤੇ ਨੀਂਦ ਦੁਆਰਾ ਬੰਨ੍ਹਦਾ ਹੈ।

9. ਹੇ ਭਾਰਤ! ਜੀਵ ਨੂੰ ਸਤੋ ਗੁਣ ਸੁਖ ਵਿਚ ਅਤੇ ਰਜੋ ਗੁਣ ਕਰਮ ਕਰਨ ਵਿਚ ਲਗਾਉਂਦੇ ਹਨ ਪਰ ਤਮੋ ਗੁਣ ਗਿਆਨ ਨੂੰ ਢਕ ਕੇ ਜੀਵ ਨੂੰ ਪ੍ਰਮਾਦ (ਭੁੱਲ ਜਾਣ) ਵਿਚ ਲਗਾਉਂਦੇ ਹਨ।

ਜੋ ਵੀ ਅਸੀਂ ਇਸ ਸੰਸਾਰ ਵਿਚ ਦੇਖਦੇ ਹਾਂ ਸਭ ਕੁਝ ਜੋ ਇਸ ਵਿਸ਼ਵ ਵਿਚ ਹੈ ਇਹ ਪ੍ਰਕ੍ਰਿਤੀ ਦੇ ਤਿੰਨ ਗੁਣਾਂ ਦਾ ਪਸਾਰਾ ਹੀ ਹੈ। ਇਨ੍ਹਾਂ ਤਿੰਨਾਂ ਗੁਣਾਂ ਦੇ ਅਧਾਰ ਤੇ ਹੀ ਪ੍ਰਕ੍ਰਿਤੀ ਇਸ ਵਿਸ਼ਵ ਦੀ ਰਚਨਾ ਤੇ ਪਸਾਰਾ ਕਰਦੀ ਹੈ ਭਾਵੇਂ ਸਤੋ ਗੁਣ, ਰਜੋ ਗੁਣ, ਤਮੋ ਗੁਣ ਭਿੰਨ ਭਿੰਨ ਹਨ ਪਰ ਉਹ ਇਕ ਦੂਸਰੇ ਨਾਲ ਮਿਲ ਕੇ ਚਲਦੇ ਹਨ। ਸਤੋ ਗੁਣ ਸ਼ਾਂਤ ਹੈ, ਸਥਿਰ ਹੈ, ਨਿਰਮਲ ਹੈ, ਰਜੋ ਗੁਣ ਕ੍ਰਿਆਸ਼ੀਲ ਹੈ, ਵਾਸ਼ਨਾਤਮਕ ਹੈ, ਇੱਛਾ ਭਰਪੂਰ ਹੈ, ਮੋਹ ਹੈ ਤੇ ਭੋਗ ਵਿਲਾਸ ਹੈ। ਤਮੋ ਗੁਣ ਸੁਸਤੀ ਹੈ, ਸਥਿਲਤਾ ਹੈ, ਆਲਸ ਹੈ, ਮਾਇਆ ਹੈ, ਭੁਲੇਖਾ ਹੈ, ਅਗਿਆਨ ਹੈ। ਜਗਿਆਸੂ ਨੂੰ ਸਦਾ ਹੀ ਸੁਚੇਤ ਰਹਿਣਾ ਚਾਹੀਦਾ ਹੈ, ਸਤਰਕ ਰਹਿਣਾ ਚਾਹੀਦਾ ਹੈ ਤੇ ਰਜੋ ਗੁਣਾਂ ਅਤੇ ਤਮੋ ਗੁਣਾਂ ਤੇ ਕਾਬੂ ਰਖਣਾ ਚਾਹੀਦਾ ਹੈ। ਸਤੋ ਗੁਣਾਂ ਨੂੰ ਬਲ ਦੇਣਾ ਚਾਹੀਦਾ ਹੈ, ਰਜੋ ਗੁਣ ਤੇ ਤਮੋ ਗੁਣਾਂ ਨੂੰ ਸਤੋ ਗੁਣਾਂ ਦੇ ਥੱਲੇ ਹੀ ਰੱਖਣਾ ਚਾਹੀਦਾ ਹੈ। ਇਹ ਇਸ ਕਰਕੇ ਕਰਨਾ

ਚਾਹੀਦਾ ਹੈ ਤਾਂ ਜੋ ਉਹ ਆਤਮ ਮਾਰਗ ਤੇ ਸ਼ਾਂਤੀ ਨਾਲ ਚਲ ਸਕੇ। ਇਸ ਦੀ ਪ੍ਰਾਪਤੀ ਲਈ ਘਾਲਣਾ ਕਰਨੀ ਜ਼ਰੂਰੀ ਹੈ, ਸਿਮਰਨ ਸਾਧਨਾ ਕਰਨੀ, ਲਗਾਤਾਰ ਕਰਨੀ ਜ਼ਰੂਰੀ ਹੈ।

ਜਦੋਂ ਸਤੋ ਗੁਣਾਂ ਦਾ ਪਸਾਰਾ ਹੁੰਦਾ ਹੈ ਜਗਿਆਸੂ ਸ਼ਾਂਤ ਤੇ ਅਨੰਦ ਵਿਚ ਰਹਿੰਦਾ ਹੈ, ਮਨ ਵਿਚ ਚਾਓ ਹੁੰਦਾ ਹੈ, ਸਤੋ ਗੁਣ ਅਨੰਦ, ਪੂਰਨ ਗਿਆਨ ਤੇ ਮਾਨਸਿਕ ਤੇ ਭਾਵਨਾ ਦਾ ਸੰਤੁਲਨ ਰੱਖਣ ਵਾਲੇ ਹੁੰਦੇ ਹਨ। ਇਸ ਤੋਂ ਬਿਨਾਂ ਮਨੋਸਰੀਰਕ ਅਸੰਤੁਲਨ ਪੈਦਾ ਹੁੰਦਾ ਹੈ ਤੇ ਸਰੀਰ ਵਿਚ ਵਿਕਾਰ ਉਠਦੇ ਹਨ। ਜਦੋਂ ਸਤੋ ਗੁਣ ਦੀ ਭਰਪੂਰਤਾ ਨਹੀਂ ਹੁੰਦੀ, ਮਨੁੱਖ ਅਸ਼ਾਂਤ ਹੁੰਦਾ ਹੈ, ਦੁਖੀ ਹੁੰਦਾ ਹੈ ਤੇ ਖੁਸ਼ੀ ਮਹਿਸੂਸ ਨਹੀਂ ਕਰਦਾ, ਮਨੋ ਅਸ਼ਾਂਤ ਰਹਿੰਦਾ ਹੈ, ਦਵੰਦ ਰਹਿੰਦਾ ਹੈ ਤੇ ਘਬਰਾਹਟ ਰਹਿੰਦੀ ਹੈ। ਜਦੋਂ ਜਗਿਆਸੂ ਸਤੋ ਗੁਣ ਅੰਦਰ ਵਸਾ ਲੈਂਦਾ ਹੈ ਤਾਂ ਉਹ ਸਥਿਰ ਤੇ ਅਨੰਦ ਵਿਚ ਆ ਜਾਂਦਾ ਹੈ।

ਰਜੋ ਗੁਣ ਰਾਗ (ਲਗਾਉ) ਪੈਦਾ ਕਰਦਾ ਹੈ, ਦ੍ਵੈਸ਼ ਪੈਦਾ ਕਰਦਾ ਹੈ ਭਾਵ ਮੋਹ ਤੇ ਨਫਰਤ ਪੈਦਾ ਕਰਦਾ ਹੈ ਜਿਸ ਦੇ ਜੀਵਨ ਵਿਚ ਰਜੋ ਗੁਣਾਂ ਦਾ ਪ੍ਰਭਾਵ ਵਧੇਰੇ ਹੁੰਦਾ ਹੈ, ਉਹ ਸਦਾ ਹੀ ਕ੍ਰਿਆਸ਼ੀਲ ਰਹਿੰਦਾ ਹੈ, ਸਦਾ ਹੀ ਸੁਖਾਂ ਪਿਛੇ ਹੀ ਦੌੜਦਾ ਰਹਿੰਦਾ ਹੈ। ਉਹ ਕਦੀ ਤ੍ਰਿਪਤ ਨਹੀਂ ਹੁੰਦਾ, ਸਦਾ ਹੀ ਨਿਤ ਨਵੇਂ ਭੋਗਾਂ ਪਿਛੇ ਲੱਗਾ ਰਹਿੰਦਾ ਹੈ ਜਿਸ ਨਾਲ ਨਾੜੀਆਂ ਦਾ ਤਨਾਉ ਵਧਦਾ ਹੈ, ਬਲੱਡ ਪਰੈਸ਼ਰ ਹੁੰਦਾ ਹੈ ਤੇ ਹੋਰ ਅਨੇਕਾਂ ਰੋਗ ਲਗ ਜਾਂਦੇ ਹਨ। ਰਜੋ ਗੁਣ ਅਧੀਨ ਵਿਦਿਆਰਥੀ ਬਹੁਤ ਵਾਰੀ ਆਪਣੇ ਆਪ ਤੇ ਕਾਬੂ ਨਹੀਂ ਕਰ ਸਕਦੇ, ਨਾ ਹੀ ਅਨੁਸ਼ਾਸ਼ਨ ਵਿਚ ਆਉਂਦੇ ਹਨ। ਬਹੁਤ ਵਾਰੀ ਵਿਦਿਆਰਥੀ ਆਪਣੇ ਅਚੇਤ ਰਜੋ ਗੁਣੀ ਸੁਭਾਅ ਦੇ ਪ੍ਰਭਾਵ ਥੱਲੇ ਕਿਰਿਆ ਕਰਦੇ ਹਨ ਜਿਸਨੂੰ ਉਹ ਸਮਝਦੇ ਨਹੀਂ।

ਅਪਰਾਧੀਆਂ ਨੂੰ ਜਦੋਂ ਪੁਛਿਆ ਗਿਆ, ਉਨ੍ਹਾਂ ਨੇ ਇਸ ਗੱਲ ਨੂੰ ਮੰਨਿਆ ਹੈ ਕਿ ਉਹ ਜਾਣਦੇ ਸਨ ਕਿ ਇਹ ਕੰਮ ਉਨ੍ਹਾਂ ਨੂੰ ਨਹੀਂ ਕਰਨਾ ਚਾਹੀਦਾ ਪਰ ਉਨ੍ਹਾਂ ਦੀ ਆਦਤ ਨੇ ਉਨ੍ਹਾਂ ਨੂੰ ਇਹ ਕਰਨ ਲਈ ਮਜ਼ਬੂਰ ਕੀਤਾ। ਇਸ ਰਜੋ ਗੁਣ ਦੇ ਪ੍ਰਭਾਵ ਥੱਲੇ ਹੀ ਉਹ ਦਵੰਦ ਵਿਚ ਫਸੇ ਤੇ ਆਪਣੇ ਅੰਦਰ ਤੇ ਬਾਹਰ ਨੂੰ ਇਕ ਸਾਰ ਨਹੀਂ ਕਰ ਸਕੇ। ਰਜੋ ਗੁਣਾਂ ਦੇ ਕਾਰਣ ਜਿਹੜੇ ਦਵੰਦ ਅੰਦਰ ਚਲਦੇ ਹਨ ਉਨ੍ਹਾਂ ਨਾਲ ਬੜੇ ਵਿਕਾਰ ਪੈਦਾ ਹੁੰਦੇ ਹਨ, ਅਪਰਾਧ ਪੈਦਾ ਹੁੰਦੇ ਹਨ। ਅਪਰਾਧ ਕਰਨਾ ਇਕ ਬਿਮਾਰੀ ਹੈ ਜਿਸ ਦਾ ਇਲਾਜ ਕਰਨਾ ਚਾਹੀਦਾ ਹੈ। ਸਾਡੇ ਸਮਾਜ ਦੇ ਅੰਦਰ ਕਈ ਦੋਸ਼ ਹੋਣ ਕਾਰਨ, ਕਈ ਬੱਚਿਆਂ ਨੂੰ ਘਰਾਂ ਵਿਚ ਤੇ ਸਕੂਲਾਂ ਵਿਚ ਪੂਰਾ ਪਿਆਰ, ਪੂਰੀ ਸੰਭਾਲ ਨਹੀਂ ਮਿਲਦੀ, ਪੂਰੀ ਸਿਖਿਆ ਨਹੀਂ ਮਿਲਦੀ। ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਉਹ ਕੁਰਾਹੇ ਪੈ ਜਾਂਦੇ ਹਨ ਜਿਸ ਨਾਲ ਉਨ੍ਹਾਂ ਨੂੰ ਵੀ ਨੁਕਸਾਨ ਹੁੰਦਾ ਹੈ ਤੇ ਬਾਕੀਆਂ ਨੂੰ ਵੀ। ਜੇ ਰਜੋ ਗੁਣਾਂ ਨੂੰ ਕਾਬੂ ਕਰਕੇ ਚੰਗੇ ਪਾਸੇ ਲਗਾਇਆ ਜਾਵੇ ਤਾਂ ਇਹ ਸਿਰਜਨਾਤਮਕ ਹੋ ਸਕਦੇ ਹਨ, ਉਸਾਰੂ ਹੋ ਸਕਦੇ ਹਨ। ਇਹ ਇਕ ਕਿਰਿਆਸ਼ੀਲ ਸ਼ਕਤੀ ਹੈ ਤੇ ਇਸਨੂੰ ਚੰਗੀ ਤਰ੍ਹਾਂ ਵਰਤਿਆ ਜਾਵੇ ਤਾਂ ਇਸ ਨਾਲ ਬਹੁਤ ਲਾਭ ਹੋ ਸਕਦਾ ਹੈ ਇਸ ਤੋਂ ਮਨੁੱਖ ਤੇ ਮਨੁਖਤਾ ਦੋਨੋਂ ਹੀ ਉਸਾਰੂ ਕੰਮ ਲੈ ਸਕਦੇ ਹਨ।

ਤਮੋ ਗੁਣ, ਸੁਸਤੀ ਤੇ ਸਥਿਲਤਾ ਹੈ। ਇਹ ਅਗਿਆਨ ਪੈਦਾ ਕਰਦਾ ਹੈ ਤੇ ਵਿਵੇਕ ਨਾਸ਼ ਕਰਦਾ ਹੈ। ਇਹ ਮਾਇਆ ਜਾਲ ਪਸਾਰਦਾ ਹੈ ਤੇ ਮਨੁੱਖ ਸਮੇਂ ਸਿਰ ਨਿਰਣਾ ਨਹੀਂ ਲੈ ਸਕਦਾ, ਇਹ ਮਨੁੱਖ ਨੂੰ ਸਥਿਲ ਬਣਾ ਦਿੰਦਾ ਹੈ। ਇਕ ਸੁਸਤ ਜਗਿਆਸੂ ਆਲਸੀ ਹੁੰਦਾ ਹੈ ਤੇ ਸੁੱਤਾ ਰਹਿੰਦਾ ਹੈ ਤੇ ਇਹੋ ਜਿਹੀ ਦਸ਼ਾ ਵਿਚ ਜਗਿਆਸੂ ਨਖਿਧੀ ਨਾਲ ਸਿਮਟ ਜਾਂਦਾ ਹੈ, ਉਸ ਲਈ ਜੀਵਨ ਉਦਾਸ ਹੋ ਜਾਂਦਾ ਹੈ, ਉਹ ਖੁਸ਼ੀ ਮਹਿਸੂਸ ਨਹੀਂ ਕਰਦਾ ਇਹੋ ਜਿਹੇ ਮਨੁੱਖ ਮੋਟੇ ਹੋ ਜਾਂਦੇ ਹਨ, ਮਾਸ ਲਟਕਣ ਲਗ ਪੈਂਦਾ ਹੈ ਤੇ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ।

ਤਮੋ ਗੁਣ ਰੋਗ ਉਤਪੰਨ ਕਰਦਾ ਹੈ, ਇਹ ਲੋਕ ਸਥਿਲ ਹੋ ਜਾਂਦੇ ਹਨ ਤੇ ਸੁਸਤੀ ਦੇ ਸਾਰੇ ਰੋਗ ਇਨ੍ਹਾਂ ਦੇ ਅੰਦਰ ਆ ਜਾਂਦੇ ਹਨ। ਇਹ ਕਿਤੇ ਵੀ ਜਾਣਾ ਨਹੀਂ ਚਾਹੁੰਦੇ, ਹਿਲਣਾ ਜੁਲਣਾ ਨਹੀਂ ਚਾਹੁੰਦੇ ਇਹ ਅਰਧ ਚੇਤਨ ਅਵਸਥਾ ਵਿਚ ਰਹਿੰਦੇ ਹਨ, ਨਖੇਦੀ ਦੀਆਂ ਭਾਵਨਾਂ ਇਨ੍ਹਾਂ ਦੇ ਅੰਦਰ ਘਰ ਕਰ ਜਾਂਦੀਆਂ ਹਨ, ਇਹ ਉਦਾਸ, ਲਾਚਾਰ ਤੇ ਦੂਸਰਿਆਂ ਤੇ ਨਿਰਭਰ ਮਹਿਸੂਸ ਕਰਦੇ ਹਨ, ਜੀਵਨ ਇਨ੍ਹਾਂ ਲਈ ਭਾਰੂ ਹੋ ਜਾਂਦਾ ਹੈ।

ਇਹ ਸਾਰਾ ਵਿਸ਼ਵ ਇਨ੍ਹਾਂ ਤਿੰਨਾਂ ਗੁਣਾਂ ਦਾ ਰਚਿਆ ਹੋਇਆ ਇਕ ਨਾਟਕ ਹੈ। ਇਹ ਤਿੰਨ ਗੁਣ ਹਰੇਕ ਮਨੁੱਖ ਵਿਚ ਹਨ। ਇਹ ਤਿੰਨ ਗੁਣ ਹੀ ਜੀਵਨ ਰੂਪੀ ਨਾਟਕ ਦੇ ਪ੍ਰੇਰਕ ਹਨ, ਤਕਰੀਬਨ ਹਰੇਕ ਜਗ੍ਹਾ ਇਕ ਗੁਣ ਬਾਕੀਆਂ ਨਾਲ ਵਧੇਰੇ ਪ੍ਰਬਲ ਹੁੰਦਾ ਹੈ ਤੇ ਦੂਸਰੇ ਦੋ ਦਬੇ ਹੁੰਦੇ ਹਨ। ਸ਼ਾਇਦ ਹੀ ਕਦੀ ਇਨ੍ਹਾਂ ਦਾ ਸੰਤੁਲਨ ਠੀਕ ਹੋਵੇ। ਸੰਤੁਲਨ ਕੇਵਲ ਉਹ ਸਾਧਕ ਹੀ ਅਨੁਭਵ ਕਰਦੇ ਹਨ ਜਿਹੜੇ ਸਰੀਰਕ, ਮਾਨਸਿਕ ਤੇ ਅਧਿਆਤਮਕ ਅਨੁਸਾਸ਼ਨ ਰਖਦੇ ਹਨ।

10. ਹੇ ਭਾਰਤ! ਰਜੋ ਗੁਣ ਅਤੇ ਤਮੋ ਗੁਣ ਨੂੰ ਦਬਾ ਕੇ ਸਤੋ ਗੁਣ ਪ੍ਰਗਟ ਹੁੰਦਾ ਹੈ। ਸਤੋ ਗੁਣ ਅਤੇ ਤਮੋ ਗੁਣ ਦਬਾ ਕੇ ਰਜੋ ਗੁਣ, ਅਤੇ ਸਤੋ ਗੁਣ ਤੇ ਰਜੋ ਗੁਣ ਨੂੰ ਦਬਾ ਕੇ ਤਮੋ ਗੁਣ ਪ੍ਰਗਟ ਹੁੰਦਾ ਹੈ।

11. ਜਦ ਇਸ ਦੇਹ ਦੇ ਸਾਰੇ ਦੁਆਰਿਆਂ ਵਿਚੋਂ ਗਿਆਨ ਦਾ ਪ੍ਰਕਾਸ਼ ਹੋਵੇ ਤਾਂ ਸਤੋ ਗੁਣ ਦਾ ਵਾਧਾ ਸਮਝਣਾ ਚਾਹੀਦਾ ਹੈ।

12. ਹੇ ਭਰਤਰਸ਼ਭ! ਰਜੋ ਗੁਣ ਦੇ ਵਧਣ ਤੇ ਲੋਭ ਪ੍ਰਵ੍ਰਿਤੀ, ਕਰਮ ਕਰਨ ਦਾ ਲਾਲਸਾ ਅਸ਼ਾਂਤੀ ਅਤੇ ਚਾਹਨਾ ਉਤਪੰਨ ਹੁੰਦੇ ਹਨ।

13. ਹੇ ਕੁਰੂਨੰਦਨ! ਜਦ ਤਮੋ ਗੁਣ ਵਧਦਾ ਹੈ ਤਾਂ ਹਨ੍ਹੇਰਾ, ਆਲਸ, ਪ੍ਰਮਾਦ ਅਤੇ ਮੋਹ ਉਤਪੰਨ ਹੁੰਦੇ ਹਨ।

ਉਪਰ ਦੱਸੇ ਤਿੰਨੇ ਗੁਣ ਹਰ ਮਨੁੱਖ ਵਿਚ ਹਨ ਉਸਦੇ ਮਨ ਵਿਚ ਹਨ, ਜਿਹੋ ਜਿਹੇ ਹਾਲਾਤ ਹੁੰਦੇ ਹਨ ਉਸ ਦਾ ਗੁਣ ਉਭਰ ਕੇ ਉਪਰ ਆ ਜਾਂਦਾ ਹੈ ਤੇ ਦੂਸਰੇ ਦੋਨੋਂ ਸੁਸਤ ਹੋ ਜਾਂਦੇ ਹਨ। ਜਦੋਂ ਸਤੋ ਗੁਣ ਤੇ ਰਜੋ ਗੁਣ ਸੁਸਤ ਹੋ ਜਾਂਦੇ ਹਨ, ਤਮੋ ਗੁਣ ਪ੍ਰਧਾਨ ਹੋ ਜਾਂਦਾ ਹੈ। ਪ੍ਰਕ੍ਰਿਤੀ ਦੇ ਇਹੋ ਜਿਹੇ ਖੇਡ ਮਨੁੱਖ ਦੇ ਜੀਵਨ ਵਿਚ ਚਲਦੇ ਹੀ ਰਹਿੰਦੇ ਹਨ। ਜਦੋਂ

ਸਤੋ ਗੁਣ ਦੇ ਗਿਆਨ ਦਾ ਚਾਨਣ ਹੁੰਦਾ ਹੈ, ਮਨੁੱਖ ਸਾਧੂ ਬਣ ਜਾਂਦਾ ਹੈ, ਜਦੋਂ ਰਜੋ ਗੁਣਾਂ ਦਾ ਪ੍ਰਭਾਵ ਪੈਂਦਾ ਹੈ, ਜਦੋਂ ਉਹ ਹਾਵੀ ਹੋ ਜਾਂਦੇ ਹਨ ਤਾਂ ਭੋਗਾਂ ਦੀ ਇੱਛਾ ਪ੍ਰਬਲ ਹੋ ਜਾਂਦੀ ਹੈ ਤੇ ਮਨ ਭੋਗ ਵਿਲਾਸ ਲਈ ਬੇਚੈਨ ਹੋ ਜਾਂਦਾ ਹੈ, ਵਿਵੇਕ ਜਾਂਦਾ ਰਹਿੰਦਾ ਹੈ ਤੇ ਮਨੁੱਖ ਸਾਰਾ ਜੀਵਨ ਭੋਗਾਂ ਵਿਚ ਲੰਘਾ ਦਿੰਦਾ ਹੈ। ਜਦੋਂ ਸਤੋ ਗੁਣ ਤੇ ਰਜੋ ਗੁਣ ਸੁਸਤ ਪੈ ਜਾਂਦੇ ਹਨ ਉਨ੍ਹਾਂ ਦੀ ਪ੍ਰਬਲਤਾ ਨਹੀਂ ਹੁੰਦੀ, ਮਨੁੱਖ ਵਿਚਾਰਾ, ਨਿਮਾਣਾ ਬਣ ਜਾਂਦਾ ਹੈ, ਨਾ ਤਾਂ ਉਹ ਕੋਈ ਸਿਰਜਨਾਤਮਕ ਕੰਮ ਕਰ ਸਕਦਾ ਹੈ, ਨਾ ਹੀ ਕੋਈ ਹੋਰ ਚੰਗਾ ਲਾਭਦਾਇਕ ਕੰਮ ਕਰ ਸਕਦਾ ਹੈ।

ਕਈ ਵਿਆਖਿਆਕਾਰ ਤੇ ਬੁੱਧੀਜੀਵੀ ਕਹਿੰਦੇ ਹਨ ਕਿ ਸਾਨੂੰ ਸਤੋ ਗੁਣਾਂ ਦਾ ਵਾਧਾ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਸੰਪੂਰਨ ਬਣ ਸਕੀਏ, ਦੂਸਰੇ ਕਹਿੰਦੇ ਹਨ ਸਾਨੂੰ ਤਿੰਨਾਂ ਗੁਣਾਂ ਦਾ ਸੰਤੁਲਨ ਰਖਣਾ ਚਾਹੀਦਾ ਹੈ, ਤੇ ਕੁਝ ਕਹਿੰਦੇ ਹਨ ਸਾਨੂੰ ਇਨ੍ਹਾਂ ਤਿੰਨਾਂ ਗੁਣਾਂ ਤੋਂ ਪਰ੍ਹੇ ਜਾਣਾ ਚਾਹੀਦਾ ਹੈ, ਉਪਰ ਜਾਣਾ ਚਾਹੀਦਾ ਹੈ ਵਾਸਤਵ ਵਿਚ ਇਹ ਸਭ ਗੱਲਾਂ ਅੰਤਰ ਮਾਰਗ ਦੀਆਂ ਪਉੜੀਆਂ ਹਨ। ਅੰਤਰ ਸੰਪੂਰਨ ਕਰਨ ਦੀਆਂ ਬਾਤਾਂ ਹਨ। ਸ਼ੁਰੂ ਵਿਚ ਜਗਿਆਸੂ ਨੂੰ ਚਾਹੀਦਾ ਹੈ ਕਿ ਉਹ ਤਮੋ ਗੁਣਾਂ ਨੂੰ ਜਿਥੋਂ ਤਕ ਹੋ ਸਕੇ ਦਬਾ ਕੇ ਰੱਖੇ, ਉਸਨੂੰ ਚਾਹੀਦਾ ਹੈ ਉਹ ਨਖੇਧੀ ਦੇ ਪਾਸੇ ਨਾ ਜਾਵੇ, ਸੁਸਤ ਨਾ ਹੋਵੇ। ਜੀਵਨ ਵਿਚ ਸਫਲਤਾ ਨਾ ਮਿਲਣੀ ਅਤੇ ਮਨੋਬਲ ਦੀ ਘਾਟ ਮਨੁੱਖ ਦੇ ਅੰਦਰ ਨਖੇਦ ਦੇ ਵਿਚਾਰ ਪੈਦਾ ਕਰਦੀ ਹੈ।

ਅਗਲੀ ਪਉੜੀ ਲਈ ਜਗਿਆਸੂ ਨੂੰ ਚਾਹੀਦਾ ਹੈ ਕਿ ਉਹ ਆਪਣੀ ਸ਼ਕਤੀ ਨੂੰ ਭੋਗਾਂ ਵਿਚ ਵਿਅਰਥ ਨਾ ਲੁਟਾਵੇ, ਭੋਗਾਂ ਨਾਲ ਅੰਦਰ ਦੀ ਸ਼ਕਤੀ ਜਾਂਦੀ ਰਹਿੰਦੀ ਹੈ। ਉਸ ਤੋਂ ਬਿਨਾਂ ਮਨੁੱਖ ਆਤਮ ਮਾਰਗ ਤੇ ਤਰੱਕੀ ਨਹੀਂ ਕਰ ਸਕਦਾ ਹੈ। ਜਗਿਆਸੂ ਨੂੰ ਚਾਹੀਦਾ ਹੈ ਉਹ ਇਹੋ ਜਿਹੇ ਕਰਮ ਨਾ ਕਰੇ ਜਿਹੜੇ ਉਸਨੂੰ ਭੋਗ ਵਿਲਾਸ ਵਲ ਖਿੱਚਣ। ਜਦੋਂ ਜਗਿਆਸੂ ਰਜੋ ਗੁਣ ਅਤੇ ਤਮੋ ਗੁਣ ਨੂੰ ਪੂਰਾ ਕਾਬੂ ਕਰ ਲਵੇਗਾ ਉਦੋਂ ਸੁਤੇ ਹੀ ਸਤੋ ਗੁਣ ਉਭਰਨੇ ਸ਼ੁਰੂ ਹੋ ਜਾਣਗੇ, ਮਨ ਖੇੜੇ ਵਿਚ ਆ ਜਾਵੇਗਾ ਤੇ ਭਜਨ ਸਿਮਰਨ ਵਿਚ ਮਨ ਲੱਗਣ ਲਗ ਜਾਵੇਗਾ। ਸਤੋ ਗੁਣਾਂ ਦੇ ਪ੍ਰਗਟ ਹੋਣ ਤੋਂ ਬਿਨਾਂ, ਪ੍ਰਬਲ ਹੋਣ ਤੋਂ ਬਿਨਾਂ ਭਜਨ ਸਿਮਰਨ ਕੇਵਲ ਇਕ ਤਕਨੀਕ ਹੀ ਰਹਿ ਜਾਂਦੀ ਹੈ, ਉਸ ਦਾ ਕੋਈ ਪ੍ਰਭਾਵ ਨਹੀਂ ਹੁੰਦਾ।

ਜਦੋਂ ਤੁਸੀਂ ਖੱਬੀ ਨਾਸਿਕਾ ਤੋਂ ਸ੍ਵਾਸ ਲੈਂਦੇ ਹੋ ਉਦੋਂ ਤਮੋ ਗੁਣਾਂ ਦੀ ਪਰਬਲਤਾ ਹੁੰਦੀ ਹੈ, ਜਦੋਂ ਸੱਜੀ ਨਾਸਿਕਾ ਤੋਂ ਸ੍ਵਾਸ ਲੈਂਦੇ ਹੋ ਤਾਂ ਰਜੋ ਗੁਣਾਂ ਦੀ ਪ੍ਰਬਲਤਾ ਹੁੰਦੀ ਹੈ, ਜਦੋਂ ਸ੍ਵਾਸ ਦੋਨੋਂ ਨਾਸਕਾ ਵਿਚ ਇਕੋ ਤਰ੍ਹਾਂ ਚੱਲਣ ਤਾਂ ਸਾਤਵਿਕ ਗੁਣ ਪ੍ਰਬਲ ਹੁੰਦੇ ਹਨ। ਸਤੋ ਗੁਣਾਂ ਦੀ ਪ੍ਰਧਾਨਤਾ ਲਿਆਉਣ ਲਈ ਜਗਿਆਸੂ ਪ੍ਰਾਣਾਯਾਮ ਕਰਕੇ ਸੁਸ਼ਮਨਾ ਨੂੰ ਚੇਤਨ ਕਰਦਾ ਹੈ, ਧਿਆਨ ਲਗਾਉਂਦਾ ਹੈ ਉਸ ਤੋਂ ਮਨ ਤੇ ਸ੍ਵਾਸਾਂ ਦਾ ਠੀਕ ਮੇਲ ਹੁੰਦਾ ਹੈ, ਉਸ ਨਾਲ ਦੋਨੋਂ ਨਾਸਕਾ ਬਰਾਬਰ ਚੱਲਣ ਲਗ ਪੈਂਦੀਆਂ ਹਨ ਤੇ ਜਗਿਆਸੂ ਅਨੰਦ ਮਹਿਸੂਸ ਕਰਦਾ ਹੈ, ਅੰਤਰ ਖਿੜਦਾ ਹੈ ਤੇ ਮਨ ਵਿਚ ਚਾਓ ਆਉਂਦਾ ਹੈ, ਭਜਨ ਸਿਮਰਨ ਨੂੰ ਮਨ ਕਰਦਾ ਹੈ, ਉਥੇ ਵਧੇਰੇ ਅਨੰਦ ਮਹਿਸੂਸ ਕਰਦਾ ਹੈ ਤੇ ਸੰਤੁਲਨ ਵਿਚ ਆਉਂਦਾ ਹੈ।

ਸਤੋ ਗੁਣਾਂ ਨੂੰ ਪ੍ਰਬਲ ਕਰਕੇ ਜਗਿਆਸੂ ਆਪਣੇ ਅੰਤਮ ਪੜਾਅ ਵਲ ਚਲਦਾ ਹੈ ਜਿਥੇ ਕੋਈ ਵੀ ਗੁਣ ਉਸਨੂੰ ਪ੍ਰਭਾਵਿਤ ਨਹੀਂ ਕਰਦੇ। ਜਦੋਂ ਜਗਿਆਸੂ ਆਤਮ ਸਿੱਧੀ ਪ੍ਰਾਪਤ ਕਰ ਲੈਂਦਾ ਹੈ ਤਾਂ ਉਹ ਤਿੰਨਾਂ ਗੁਣਾਂ ਤੋਂ ਉਪਰ ਉਠ ਜਾਂਦਾ ਹੈ, ਉਥੇ ਉਸਨੂੰ ਕੁਝ ਵੀ ਨਹੀਂ ਪਕੜ ਸਕਦਾ, ਉਸਦੀ ਦ੍ਰਿਸ਼ਟੀ ਵਿਚੋਂ ਸਾਰੇ ਖੋਟ ਨਿਕਲ ਜਾਂਦੇ ਹਨ ਅਤੇ ਉਹ ਨਿਰੋਲ ਤੇ ਪਵਿੱਤਰ ਹੋ ਜਾਂਦਾ ਹੈ। ਹਰੇਕ ਵਿਆਖਿਆਕਾਰ ਦੇ ਆਪਣੇ ਆਪਣੇ ਵਿਚਾਰ ਹਨ। ਇਥੇ ਕ੍ਰਿਸ਼ਨ ਜੀ ਅਰਜਨ ਨੂੰ ਸਤੋ ਗੁਣ ਪ੍ਰਬਲ ਕਰਨ ਲਈ ਕਹਿੰਦੇ ਹਨ, ਇਹ ਕਰਨ ਤੋਂ ਬਾਅਦ ਉਸਨੂੰ ਕਰਮ ਕਰਨ ਲਈ ਕਹਿੰਦੇ ਹਨ।

14. ਜੇ ਜੀਵ ਦੀ ਦੇਹ ਤਿਆਗਣ ਸਮੇਂ ਸਤੋ ਗੁਣ ਪ੍ਰਧਾਨ ਹੋਵੇ ਤਾਂ ਉਹ ਉਤਮ ਪੁਰਸ਼ਾਂ ਦੇ ਨਿਰਮਲ ਲੋਕ ਨੂੰ ਜਾਂਦਾ ਹੈ।

15. ਜੇ ਰਜੋ ਗੁਣ ਪ੍ਰਧਾਨ ਹੋਣ ਤੇ ਸਰੀਰ ਤਿਆਗੇ ਤਾਂ ਉਹ ਉਨ੍ਹਾਂ ਵਿਚ ਜਨਮ ਲੈਂਦਾ ਹੈ ਜੋ ਕਰਮ ਕਰਨ ਵਿਚ ਤਤਪਰ ਹਨ, ਤੇ ਜੋ ਤਮੋਂ ਗੁਣ ਪ੍ਰਧਾਨ ਹੋਣ ਸਮੇਂ ਦੇਹ ਤਿਆਗੇ ਤਾਂ ਮੂੜ੍ਹਾਂ ਵਿਚ ਜਨਮ ਲੈਂਦਾ ਹੈ।

ਜਿਨ੍ਹਾਂ ਨੇ ਆਤਮ ਸਿੱਧੀ ਪ੍ਰਾਪਤ ਕਰ ਲਈ ਹੈ, ਆਤਮ ਲੀਨ ਹੋ ਗਏ ਹਨ ਉਹ ਆਵਾਗਉਣ ਦੇ ਚੱਕਰ ਤੋਂ ਮੁਕਤ ਹੋ ਗਏ ਹਨ, ਉਹ ਤਾਂ ਉਸ ਇਕ ਵਿਚ ਸਦਾ ਲਈ ਲੀਨ ਹੋ ਗਏ ਹਨ, ਉਹ ਉਸ ਦੇ ਹੋ ਕੇ ਉਸ ਵਿਚ ਹੀ ਸਮਾਅ ਗਏ ਹਨ, ਉਹ ਹਰ ਤਰ੍ਹਾਂ ਨਾਲ ਇਨ੍ਹਾਂ ਗੁਣਾਂ ਤੋਂ ਉਪਰ ਹੋ ਗਏ, ਪਰ੍ਹੇ ਹੋ ਗਏ ਹਨ, ਉਹ ਮਾਇਆ ਦੇ ਪਸਾਰੇ ਤੋਂ ਲੰਘ ਗਏ ਹਨ। ਉਹ ਸਦਾ ਲਈ ਹੀ ਮੁਕਤ ਹੋ ਗਏ ਹਨ।

ਜਿਹੜੇ ਸਾਧੂ, ਮਹਾਂਪੁਰਸ਼ ਜੋ ਸਤੋ ਗੁਣਾਂ ਦੇ ਮਾਲਕ ਹਨ ਜੇ ਇਹ ਚਾਹੁੰਣ ਕਿ ਉਹ ਸਵਰਗ ਲੋਕ ਜਾਂ ਬੈਕੁੰਠ ਲੋਕ ਵਿਚ ਹੀ ਵਾਸਾ ਕਰਨ ਤਾਂ ਉਹ ਕਰ ਸਕਦੇ ਹਨ। ਜੇ ਕਿਸੇ ਕਾਰਨ ਵਸ ਉਨ੍ਹਾਂ ਨੂੰ ਸੰਸਾਰ ਵਿਚ ਆਉਣਾ ਪਵੇ ਉਹ ਗਿਆਨੀਆਂ ਦੇ ਘਰ ਹੀ ਜਨਮ ਲੈਂਦੇ ਹਨ। ਜਿਹੜੇ ਰਜੋ ਗੁਣਾਂ ਦੇ ਪ੍ਰਭਾਵ ਵਿਚ ਸਰੀਰ ਤਿਆਗਦੇ ਹਨ ਉਹ ਉਨ੍ਹਾਂ ਘਰਾਂ ਵਿਚ ਜਨਮ ਲੈਂਦੇ ਹਨ ਜਿਹੜੇ ਭੋਗਾਂ ਦਾ ਜੀਵਨ ਬਤੀਤ ਕਰ ਰਹੇ ਹਨ, ਸੰਸਾਰਕ ਸੁਖਾਂ ਦੀ ਪ੍ਰਾਪਤੀ ਵਿਚ ਲੱਗੇ ਹੋਏ ਹਨ। ਜਿਹੜੇ ਤਮੋ ਗੁਣਾਂ ਦੇ ਪ੍ਰਭਾਵ ਵਿਚ ਸਰੀਰ ਛਡਦੇ ਹਨ, ਉਨ੍ਹਾਂ ਦਾ ਜਨਮ ਸੁਸਤ ਅਗਿਆਨੀਆਂ ਦੇ ਘਰ ਹੁੰਦਾ ਹੈ ਜਿਥੇ ਉਹ ਸੁਸਤੀ ਵਿਚ ਹੀ, ਸਥਿਲਤਾ ਵਿਚ ਹੀ ਲਿਪਟੇ ਰਹਿੰਦੇ ਹਨ।

16. ਅੱਛੇ ਕਰਮਾਂ ਦਾ ਫਲ ਸਾਤਵਿਕ ਹੈ, ਨਿਰਮਲ ਹੈ, ਰਜੋ ਗੁਣ ਦਾ ਫਲ ਦੁੱਖ ਅਤੇ ਤਮੋ ਗੁਣ ਦਾ ਫਲ ਅਗਿਆਨਤਾ ਹੈ।

17. ਸਤੋ ਗੁਣ ਤੋਂ ਗਿਆਨ, ਰਜੋ ਗੁਣ ਤੋਂ ਲੋਭ, ਤਮੋਂ ਗੁਣ ਤੋਂ ਪ੍ਰਮਾਦ, ਮੋਹ ਅਤੇ ਅਗਿਆਨ ਪੈਦਾ ਹੁੰਦਾ ਹੈ।

18. ਜਿਹੜੇ ਸਤੋ ਗੁਣ ਵਿਚ ਸਥਿਤ ਹਨ, ਉਹ ਉਤਮ ਲੋਕ ਵਿਚ

ਜਾਂਦੇ ਹਨ, ਰਜੋ ਗੁਣ ਵਾਲੇ ਮੱਧਮ ਗਤੀ ਨੂੰ ਅਤੇ ਤਮੋ ਗੁਣ ਵਾਲੇ ਨਖਿੱਧ ਗੁਣਾਂ ਵਿਚ ਲਿਪਤ ਹੋਏ ਅਧੋਗਤੀ ਨੂੰ ਜਾਂਦੇ ਹਨ।

ਮਨੁੱਖ ਕਿਵੇਂ ਮਰਨਾ ਸੁਹੇਲੇ ਕਰਕੇ ਅਗਲੇ ਜੀਵਨ ਦੀ ਤਿਆਰੀ ਕਰ ਸਕਦਾ ਹੈ? ਜੀਵਨ ਬਹੁਤ ਛੋਟਾ ਹੈ। ਇਹ ਕੇਵਲ ਕੰਮਾ ਨਾਲ ਹੀ ਖਤਮ ਹੋ ਜਾਂਦਾ ਹੈ। ਇਸ ਵਿਚ ਕੋਈ ਪੂਰਨਵਿਰਾਮ ਨਹੀਂ ਹੈ। ਜੀਵਨ ਸ਼ੁਰੂ ਹੋਣ ਤੋਂ ਕੰਮਾਂ ਵਿਚ ਵਿਚਰਨ ਤੇ ਮਰਨ ਤਕ ਦੇ ਕੰਮਾਂ ਦਾ ਵਿਸ਼ਲੇਸ਼ਣ ਕਰਕੇ ਵੀ ਜੀਵਨ ਦਾ ਰਹੱਸ ਨਹੀਂ ਜਾਣਿਆ ਜਾ ਸਕਦਾ। ਸਾਰਾ ਜੀਵਨ ਤਾਂ ਅਣਬੁੱਝਿਆ ਹੀ ਰਹਿ ਜਾਂਦਾ ਹੈ। ਮੌਤ ਕੇਵਲ ਅਗਲੇ ਜਨਮ ਦੀ ਤਿਆਰੀ ਹੈ, ਜਨਮ ਤੇ ਮਰਨ ਦੋ ਪਰਿਵਰਤਨ ਦੇ ਚਿੰਨ ਹਨ, ਜਿਹੜੇ ਅਗਲੇ ਰਾਹ ਦੇ ਚਿੰਨ੍ਹ ਹਨ, ਜਿਹੜਾ ਰਾਹ ਇਕ ਰੋਸ਼ਨੀ ਦਾ ਰਾਹ ਹੈ। ਜੀਵਨ ਕਦੇ ਨਾ ਮੁੱਕਣ ਵਾਲੇ ਪੈਂਡੇ ਦੀ ਤਿਆਰੀ ਲਈ ਤਿਆਰ ਕਰਨਾ ਚਾਹੀਦਾ ਹੈ।

ਜਿਹੜੇ ਚੰਗੇ ਕਰਮ ਕਰਦੇ ਹਨ, ਨਿਰਲੇਪ ਹੋ ਕੇ ਕਰਦੇ ਹਨ, ਕਿਸੇ ਫਲ ਦੀ ਕੋਈ ਆਸ ਨਹੀਂ ਰਖਦੇ, ਉਹ ਸਾਤਵਿਕ ਹੁੰਦੇ ਹਨ। ਉਨ੍ਹਾਂ ਦੇ ਕਰਮ ਤੇ ਫਲ ਮਨੁੱਖਤਾ ਲਈ ਹੀ ਹੁੰਦੇ ਹਨ ਤੇ ਉਹ ਕਰਮਾਂ ਦੇ ਚੱਕਰਾਂ ਤੋਂ ਮੁਕਤ ਹੋ ਜਾਂਦੇ ਹਨ, ਮਰਨ ਉਪਰਾਂਤ ਵੀ ਉਹ ਕਰਮ ਕਰਨ ਲਈ ਜਨਮ ਲੈਂਦੇ ਹਨ ਕਿਉਂਕਿ ਕਰਮ ਉਨ੍ਹਾਂ ਲਈ ਇਕ ਉਪਾਸ਼ਨਾ ਹੈ। ਉਹ ਜਦੋਂ ਮੁੜ ਮੁੜ ਕੇ ਜਨਮ ਲੈਂਦੇ ਹਨ ਉਨ੍ਹਾਂ ਨੂੰ ਚੰਗਾ ਲਗਦਾ ਹੈ ਤਾਂ ਜੋ ਉਹ ਉਸ ਪਿਆਰੇ ਦੀ ਅਰਾਧਨਾ ਕਰ ਸਕਣ, ਅਰਦਾਸ ਕਰ ਸਕਣ, ਕਰਮ ਕਰ ਸਕਣ, ਸੁਚੱਜੀ ਤਰ੍ਹਾਂ ਕਰਮ ਕਰ ਸਕਣ ਤੇ ਨਿਸੁਆਰਥੀ ਹੋ ਕੇ ਕਰਮ ਕਰ ਸਕਣ। ਨਿਸੁਆਰਥੀ ਹੋ ਕੇ ਕੀਤੇ ਗਏ ਕਰਮ ਸਾਤਵਿਕ ਹੁੰਦੇ ਹਨ ਤੇ ਮੁਕਤ ਕਰਨ ਵਾਲੇ ਹੁੰਦੇ ਹਨ। ਜਿਹੜੇ ਸੁਆਰਥੀ ਹੋ ਕੇ ਕਰਮ ਕਰਦੇ ਹਨ ਉਹ ਰਾਜਸਕ ਕਰਮ ਹੁੰਦੇ ਹਨ ਤੇ ਉਨ੍ਹਾਂ ਨਾਲ ਦੁਖ ਪੈਦਾ ਹੁੰਦਾ ਹੈ। ਇਹ ਸਮਝਦੇ ਹਨ ਕਿ ਮੌਤ ਦੁਖਦਾਈ ਹੈ ਤੇ ਮੌਤ ਦੇ ਦੁਖ ਵਿਚ ਦੁਖੀ ਰਹਿੰਦੇ ਹਨ। ਜਿਹੜੇ ਤਾਮਸਕ ਹਨ, ਉਹ ਅਗਿਆਨ ਦੇ ਹਨ੍ਹੇਰੇ ਵਿਚ ਹੀ ਰਹਿੰਦੇ ਹਨ ਤੇ ਕਿਸਮਤ ਤੇ ਹੀ ਵਧੇਰੇ ਭਰੋਸਾ ਰਖਦੇ ਹਨ। ਭਾਗ ਉਨ੍ਹਾਂ ਨੂੰ ਨੀਚ ਜਨਮ ਹੀ ਦਿੰਦਾ ਹੈ।

ਸਤੋ ਗੁਣ ਤੋਂ ਗਿਆਨ ਉਪਜਦਾ ਹੈ, ਰਜੋ ਗੁਣ ਤੋਂ ਇਛਾਵਾਂ ਉਤਪੰਨ ਹੁੰਦੀਆਂ ਹਨ, ਤਮੋ ਗੁਣ ਤੋਂ ਅਗਿਆਨ ਪੈਦਾ ਹੁੰਦਾ ਹੈ। ਜਿਨ੍ਹਾਂ ਨੂੰ ਸਤੋ ਗੁਣਾਂ ਦਾ ਗਿਆਨ ਪ੍ਰਾਪਤ ਹੈ ਉਨ੍ਹਾਂ ਦੀ ਉਡਾਰੀ ਉਚੀ ਹੀ ਹੁੰਦੀ ਚਲੀ ਜਾਂਦੀ ਹੈ, ਰਜੋ ਗੁਣਾਂ ਵਾਲੇ ਕੇਵਲ ਅੱਧ ਤਕ ਹੀ ਪਹੁੰਚ ਸਕਦੇ ਹਨ, ਤਾਮਸਕ ਗੁਣਾਂ ਵਾਲੇ ਤਾਂ ਅਗਿਆਨੀ ਹਨ ਉਨ੍ਹਾਂ ਨੂੰ ਤਾਂ ਪੈਂਡੇ ਦਾ ਹੀ ਨਹੀਂ ਪਤਾ, ਉਨ੍ਹਾਂ ਨੂੰ ਆਪਣੇ ਅੰਦਰ ਦੇ ਖਜ਼ਾਨੇ ਦਾ ਹੀ ਨਹੀਂ ਪਤਾ, ਉਹ ਸਿਰਜਨ ਆਤਮਾ ਨੂੰ ਨਹੀਂ ਜਾਣਦੇ।

19. ਜਦੋਂ ਦੇਖਣ ਵਾਲਾ ਗੁਣਾਂ ਤੋਂ ਰਹਿਤ ਕੋਈ ਹੋਰ ਕਰਤਾ ਨਹੀਂ ਦੇਖਦਾ ਅਤੇ ਜੋ ਤੱਤ ਗੁਣਾਂ ਤੋਂ ਪਰੇ ਹੈ ਉਸਨੂੰ ਜਾਣ ਲੈਂਦਾ ਹੈ ਉਹ ਮੇਰੀ ਗਤੀ ਨੂੰ ਪ੍ਰਾਪਤ ਹੋ ਜਾਂਦਾ ਹੈ।

20. ਜਿਨ੍ਹਾਂ ਤਿੰਨਾਂ ਗੁਣਾਂ ਵਿਚੋਂ ਸਾਰੇ ਸਰੀਰ ਉਤਪੰਨ ਹੁੰਦੇ ਹਨ, ਜਦੋਂ

ਸਾਤਵਿਕ ਦੇਹੀ ਉਨ੍ਹਾਂ ਗੁਣਾਂ ਤੋਂ, ਅਤੀਤ ਹੋ ਜਾਂਦੀ ਹੈ ਤਾਂ ਜਨਮ ਮਰਨ, ਸੁਖ ਦੁਖ, ਬੁਢੇਪਾ ਸਭ ਖਤਮ ਹੋ ਜਾਂਦਾ ਹੈ ਤੇ ਉਹ ਸਾਤਵਿਕ ਦੇਹੀ ਅਮਰ ਹੋ ਜਾਂਦੀ ਹੈ।

ਜਿਹੜਾ ਮਹਾਂਪੁਰਖ ਉਸ ਇਕ ਨਾਲ ਅਭੇਦ ਹੋਇਆ ਹੋਇਆ ਹੈ ਉਹ ਇਕ ਗੱਲ ਪੂਰੀ ਤਰ੍ਹਾਂ ਜਾਣਦਾ ਹੈ ਕਿ ਇਹ ਤਿੰਨ ਗੁਣ ਵਿਸ਼ਵ ਦੀ ਇਕ ਖੇਡ ਹਨ ਤੇ ਆਤਮਾ ਕਰਤਾ ਨਹੀਂ ਹੈ। ਇਸੇ ਕਰਕੇ ਉਹ ਗੁਣਾਂ ਦੀ ਖੇਡ ਵਿਚ ਨਹੀਂ ਲਪੇਟਿਆ ਜਾਂਦਾ। ਉਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਸਤਿਅ ਗੁਣਾਂ ਦੀ ਖੇਡ ਤੋਂ ਉਪਰ ਦੀ, ਅਨਛੋਹੀ ਵਸਤੂ ਹੈ। ਇਹ ਤਿੰਨ ਗੁਣ ਤਾਂ ਸਰੀਰ ਦੇ ਕਰਮ ਹਨ, ਮਹਾਂਪੁਰਖ ਤਾਂ ਸਰੀਰ ਤੋਂ ਵੱਖ ਹੋ ਕੇ ਰਹਿੰਦੇ ਹਨ। ਇਸੇ ਲਈ ਉਹ ਮਰਨ, ਜੀਉਣ, ਬੁਢਾਪਾ, ਦੁਖ, ਸੁਖ ਤੋਂ ਮੁਕਤ ਹੁੰਦੇ ਹਨ, ਉਹ ਤਾਂ ਅਜਰ ਹਨ, ਅਮਰ ਹਨ।

21. ਹੇ ਪ੍ਰਭੋ! ਜੋ ਇਨ੍ਹਾਂ ਤਿੰਨਾਂ ਗੁਣਾਂ ਤੋਂ ਅਤੀਤ ਹੋ ਗਿਆ ਹੈ, ਉਸ ਦੇ ਕੀ ਚਿੰਨ ਹਨ? ਉਹ ਕਿਸ ਤਰ੍ਹਾਂ ਕਰਮ ਕਰਦਾ ਹੈ ਅਤੇ ਉਹ ਤਿੰਨਾਂ ਗੁਣਾਂ ਤੋਂ ਪਰ੍ਹੇ ਕਿਸ ਤਰ੍ਹਾਂ ਹੋ ਸਕਦਾ ਹੈ?

22. ਭਗਵਾਨ ਬੋਲੇ, ਹੇ ਪਾਂਡਵ! ਜੋ ਪ੍ਰਕਾਸ਼ ਪ੍ਰਵ੍ਰਿਤੀ ਅਤੇ ਮੋਹ ਦੇ ਪਵਿੱਤਰ ਹੋਣ ਤੇ ਨਫਰਤ ਨਾ ਕਰੇ ਅਤੇ ਨਵਿਰਤ ਹੋਣ ਤੇ ਉਨ੍ਹਾਂ ਦੇ ਹੋਣ ਦੀ ਚਾਹ ਵੀ ਨਾ ਰੱਖੇ।

23. ਜੋ ਉਦਾਸੀਨ ਹੋ ਕੇ ਸਥਿਤ ਹੈ ਅਤੇ ਗੁਣ ਕਰਕੇ ਹਿਲਦਾ ਨਹੀਂ, ਜੋ ਇਹ ਕਹਿ ਕੇ ਕਿ ਗੁਣ ਹੀ ਵਰਤਦੇ ਹਨ, ਅਚਲ ਅਲਗ ਰਹਿੰਦਾ ਹੈ।

24. ਜੋ ਸੁਅਸਥ ਹੈ, ਸੁਖ ਅਤੇ ਦੁਖ ਵਿਚ ਇਕੋ ਜਿਹਾ ਹੈ। ਜਿਸਨੂੰ ਮਿੱਟੀ ਪੱਥਰ ਅਤੇ ਸੋਨਾ, ਪਿਆਰਾ ਤੇ ਦੁਪਿਆਰਾ, ਉਸਤਤ ਅਤੇ ਨਿੰਦਾ ਸਮਾਨ ਹਨ ਅਤੇ ਜੋ ਧੀਰਜਵਾਨ ਹੈ।

25. ਜਿਸਨੂੰ ਮਾਨ ਅਪਮਾਨ ਬਰਾਬਰ ਹਨ ਮਿਤਰ ਅਤੇ ਵੈਰੀ ਲਈ ਇਕੋ ਦ੍ਰਿਸ਼ਟੀ ਹੈ ਤੇ ਸਭ ਕਰਮਾਂ ਦਾ ਤਿਆਗੀ ਹੈ। ਐਸੇ ਆਦਮੀ ਨੂੰ ਗੁਣ ਅਤੀਤ ਆਖਦੇ ਹਨ।

ਅਰਜਨ ਇਹ ਜਾਨਣਾ ਚਾਹੁੰਦਾ ਹੈ ਕਿ ਜੋ ਤਿੰਨਾਂ ਗੁਣਾਂ ਤੋਂ ਉਪਰ ਹੋ ਚੁੱਕਾ ਹੈ ਉਸ ਦੇ ਕੀ ਚਿੰਨ ਹਨ ਤੇ ਉਹ ਕ੍ਰਿਸ਼ਨ ਜੀ ਤੋਂ ਪੁਛਦਾ ਹੈ ਕਿ ਇਹੋ ਜਿਹੇ ਪੁਰਖ ਦੇ ਕੀ ਲੱਛਣ ਹੁੰਦੇ ਹਨ। ਕ੍ਰਿਸ਼ਨ ਜੀ ਦਸਦੇ ਹਨ ਕਿ ਇਹੋ ਜਿਹੇ ਮਨੁੱਖ ਤੇ ਰੌਣਕ ਹੁੰਦੀ ਹੈ, ਰੂਹਾਨੀਅਤ ਹੁੰਦੀ ਹੈ, ਰਜੋ ਤੇ ਤਮੋ ਗੁਣਾਂ ਦੇ ਰੱਖਣ ਵਾਲੇ ਮਾਇਆ ਵਿਚ ਉਲਝੇ ਰਹਿੰਦੇ ਹਨ। ਸਾਰੇ ਹਾਲਾਤਾਂ ਵਿਚ ਸਤੋ ਗੁਣੀ ਪੁਰਖ ਭਾਵੇਂ ਉਹ ਸਫਲ ਹੋਵੇ ਭਾਵੇਂ ਅਸਫਲ, ਉਹ ਸਥਿਰ ਰਹਿੰਦਾ ਹੈ, ਸੰਤੋਖ ਵਿਚ ਰਹਿੰਦਾ ਹੈ ਤੇ ਅੰਤ ਵਿਚ ਉਹ ਸਾਰੇ ਗੁਣਾਂ ਤੋਂ ਉਪਰ ਹੋ ਜਾਂਦਾ ਹੈ। ਉਹ ਸਦਾ ਅਣਲੱਗ ਰਹਿੰਦਾ ਹੈ, ਅਛੋਹ ਰਹਿੰਦਾ ਹੈ। ਤਿੰਨਾਂ ਗੁਣਾਂ ਦੀ ਖੇਡ ਵਿਚ ਨਾ ਤਾਂ ਉਹ ਸਤੋ ਗੁਣਾਂ ਤੋਂ

ਪ੍ਰੇਰਤ ਹੁੰਦਾ ਹੈ, ਨਾ ਹੀ ਉਹ ਤਮੋ ਗੁਣਾਂ ਤੋਂ ਕ੍ਰੋਧਤ ਹੁੰਦਾ ਹੈ। ਭਾਵੇਂ ਕੁਝ ਵੀ ਕਿਉਂ ਨਾ ਹੋ ਜਾਵੇ ਉਹ ਸਦਾ ਸਥਿਰ ਰਹਿੰਦਾ ਹੈ ਤੇ ਇਹ ਗੱਲ ਬਹੁਤ ਚੰਗੀ ਤਰ੍ਹਾਂ ਜਾਣਦਾ ਹੈ ਕਿ ਜੋ ਵੀ ਕੁਝ ਹੋ ਰਿਹਾ ਹੈ ਉਹ ਕੇਵਲ ਤਿੰਨਾਂ ਗੁਣਾਂ ਦੀ ਹੀ ਖੇਡ ਹੈ। ਨਾ ਤਾਂ ਉਹ ਅਸਥਿਰ ਹੁੰਦਾ ਹੈ, ਨਾ ਹੀ ਲਾਭ ਤੇ ਹਾਨੀ ਦੀ ਚਿੰਤਾ ਕਰਦਾ ਹੈ। ਸਤੋ ਗੁਣ ਉਸਨੂੰ ਅਸਥਿਰ ਨਹੀਂ ਹੋਣ ਦਿੰਦੇ, ਸੁਖ, ਦੁਖ ਉਸਨੂੰ ਪ੍ਰਭਾਵਿਤ ਨਹੀਂ ਕਰਦੇ, ਰਜੋ ਤੇ ਤਮੋ ਉਸ ਨੂੰ ਅਸਰ ਨਹੀਂ ਕਰਦੇ। ਉਹ ਸਦਾ ਹੀ ਸਥਿਰ ਰਹਿੰਦਾ ਹੈ, ਮਾਨ ਅਪਮਾਨ ਨੂੰ ਸਮ ਕਰਕੇ ਹੀ ਜਾਣਦਾ ਹੈ। ਇਹੋ ਜਿਹੇ ਲੱਛਣ ਦੇਖ ਕੇ ਹੀ ਤੁਸੀਂ ਉਸ ਨੂੰ ਪਛਾਣ ਸਕਦੇ ਹੋ ਤੇ ਕਹਿ ਸਕਦੇ ਹੋ ਕਿ ਉਹ ਗੁਣਾਂ ਤੋਂ ਉਪਰ ਹੈ।

26. ਜੋ ਮੈਨੂੰ ਅਖੰਡ ਭਗਤਿ ਯੋਗ ਨਾਲ ਸੇਵਦਾ ਹੈ, ਉਹ ਗੁਣਾਤੀਤ ਹੋ ਕੇ ਬ੍ਰਹਮ ਹੋਣ ਦੇ ਯੋਗ ਹੈ।

27. ਬ੍ਰਹਮ ਦਾ ਅਵਿਨਾਸ਼ੀ ਤੇ ਅਮ੍ਰਿਤ ਦਾ ਨਿਤ ਧਰਮ ਅਤੇ ਅਖੰਡ ਅਨੰਦ ਦਾ ਮੈਂ ਹੀ ਅਸਥਾਨ ਹਾਂ।

ਤ੍ਰੈ ਗੁਣੀ ਮਾਇਆ ਨੂੰ ਪਾਰ ਕਰਨ ਲਈ ਸਾਧਕ ਨੂੰ ਇਕਾਗਰ ਹੋ ਕੇ ਸਾਧਨਾ ਕਰਨੀ ਪੈਂਦੀ ਹੈ ਤੇ ਉਸ ਇਕ ਵਾਹਿਗੁਰੂ ਅੱਗੇ ਪੂਰਾ ਸਮਰਪਣ ਕਰਨਾ ਪੈਂਦਾ ਹੈ। ਮਨ ਨੂੰ ਨਿਰਮਲ ਕੀਤੇ ਬਿਨਾਂ ਇਕਾਗਰਤਾ ਨਾਲ ਸ਼ਰਧਾ ਭਗਤੀ ਨਹੀਂ ਹੋ ਸਕਦੀ। ਇਕਾਗਰ ਮਨ ਦੀ ਸ਼ਰਧਾ ਭਗਤੀ ਤੋਂ ਬਿਨਾਂ ਬ੍ਰਹਮ ਦੀ ਪ੍ਰਾਪਤੀ ਨਹੀਂ ਹੋ ਸਕਦੀ। ਵਾਹਿਗੁਰੂ ਪਰੀਪੂਰਨ ਹੈ, ਉਹ ਅਜਰ ਹੈ, ਅਮਰ ਹੈ, ਅਟੱਲ ਹੈ, ਉਹ ਹੀ ਧਰਮ ਦੇ ਨਿਯਮ ਬਣਾਉਂਦਾ ਹੈ, ਉਹ ਹੀ ਸਤਿ ਚਿਤ ਅਨੰਦ ਹੈ।

ਇਹ ਚੌਥੇ ਅਧਿਆਇ ਦਾ ਅੰਤ ਹੈ ਜਿਸ ਵਿਚ ਤਿੰਨ ਗੁਣਾਂ ਦਾ ਵਿਸਤਾਰ ਤੇ ਉਸ ਤੋਂ ਉਪਰ ਦਾ ਵਿਸਤਾਰ ਦਿਤਾ ਗਿਆ ਹੈ।

# ਪੰਦਰਵਾਂ ਅਧਿਆਇ

## ਜੀਵਨ ਦਾ ਨਿਰੰਤਰ ਰੁਖ

ਕ੍ਰਿਸ਼ਨ ਜੀ ਬਚਨ ਕਰਦੇ ਹਨ -

1. ਇਹ ਸੰਸਾਰ ਰੂਪੀ ਬ੍ਰਿਛ ਅਸਵਸਥਾ ਦੀ ਜੜ੍ਹ ਉਪਰ ਤੇ ਟਾਹਣੀਆਂ ਹੇਠਾਂ ਨੂੰ ਹਨ। ਇਸ ਦੇ ਪੱਤੇ ਵੇਦ ਦੇ ਛੰਦ ਹਨ। ਜੋ ਅਜਿਹੇ ਸੰਸਾਰ ਦੇ ਤੱਤ ਨੂੰ ਜਾਣਦਾ ਹੈ, ਉਹ ਵੇਦ ਦੇ ਤੱਤ ਨੂੰ ਜਾਨਣ ਵਾਲਾ ਹੁੰਦਾ ਹੈ।

2. ਇਸ ਦੀਆਂ ਟਾਹਣੀਆਂ ਗੁਣਾਂ ਨਾਲ ਪਲੀਆਂ ਹੋਈਆਂ ਉਪਰ ਹੇਠਾਂ ਸਾਰੇ ਫੈਲੀਆਂ ਹੋਈਆਂ ਹਨ, ਇੰਦ੍ਰੀਆਂ ਦੇ ਵਿਸ਼ੇ ਇਸ ਦੀਆਂ ਕਰੂੰਬਲਾਂ ਹਨ। ਮਨੁੱਖ ਲੋਕ ਵਿਚ ਕਰਮਾਂ ਦੇ ਬੰਧਨਾਂ ਕਰਕੇ ਇਸ ਦੀਆਂ ਜੜ੍ਹਾਂ ਹੇਠਲੇ ਪਾਸੇ ਲਮਕੀਆਂ ਹੁੰਦੀਆਂ ਹਨ।

ਗੀਤਾ ਵੇਦਾਂ ਤੇ ਉਪਨਿਸ਼ਦਾਂ ਦਾ ਸਾਰ ਹੈ। ਵਿਸ਼ਵ ਦੇ ਜਿਹੜੇ ਬ੍ਰਿਛ ਦਾ ਵਰਨਣ ਇਨ੍ਹਾਂ ਸ਼ਲੋਕਾਂ ਵਿਚ ਕੀਤਾ ਗਿਆ ਹੈ, ਉਹ ਕਠੋ ਉਪਨਿਸ਼ਦ ਵਿਚ ਦਿਤਾ ਗਿਆ ਹੈ, ਮੰਡੂਕ ਉਪਨਿਸ਼ਦ ਵਿਚ ਦਿਤਾ ਗਿਆ ਹੈ, ਅਥਰਵ ਵੇਦ ਅਤੇ ਰਿਗ ਵੇਦ ਵਿਚ ਦਿਤਾ ਗਿਆ ਹੈ। ਦ੍ਰਿਸ਼ਟਮਾਨ ਸੰਸਾਰ ਦੀ ਇਕ ਬ੍ਰਿਛ ਨਾਲ ਤੁਲਨਾ ਕੀਤੀ ਗਈ ਹੈ ਜਿਸ ਦੀਆਂ ਜੜ੍ਹਾਂ ਸਵਰਗ ਵਿਚ ਹਨ ਤੇ ਜਿਸਦੀਆਂ ਟਹਿਣੀਆਂ ਉਪਰ ਹੇਠਾਂ ਫੈਲੀਆਂ ਹੋਈਆਂ ਹਨ। ਜਿਹੜਾ ਇਹ ਜਾਣਦਾ ਹੈ ਕਿ ਵੇਦਾਂ ਦੇ ਗਿਆਨ ਵਿਚ ਬ੍ਰਿਛ ਨੂੰ ਵਿਦਵਾਨ ਮੰਨਿਆ ਗਿਆ ਹੈ ਕਿਉਂਕਿ ਬ੍ਰਿਛ ਵਿਚ ਵੇਦਾਂ ਦੇ ਸਾਰੇ ਸਲੋਕ ਪੱਤੀਆਂ ਵਿਚ ਵਿਦਮਾਨ ਹਨ, ਇਸ ਦੀ ਛਾਂ ਥੱਕੇ ਗਿਆਨੀਆਂ ਨੂੰ ਅਰਾਮ ਪਹੁੰਚਾਉਂਦੀ ਹੈ, ਇਸ ਵਿਸ਼ਵ ਰੂਪੀ ਬ੍ਰਿਛ ਉਪਰ ਤ੍ਰੈ ਗੁਣਾਂ ਦੀਆਂ ਮਨਮੋਹਕ ਗਿਆਨ ਇੰਦ੍ਰਿਆਂ ਦੀ ਬਹਾਰ ਲਗਦੀ ਹੈ। ਸੁਣਨਾ, ਰੰਗ ਦੇਖਣੇ, ਹੱਥ ਲਗਾ ਕੇ ਮਹਿਸੂਸ ਕਰਨਾ, ਆਕਾਰ, ਸੁਆਦ, ਸੁੰਘਣਾ ਇਹ ਵਖਰੀਆਂ ਜੜ੍ਹਾਂ ਹਨ ਜਿਹੜੀਆਂ ਸਾਰੇ ਫੈਲੀਆਂ ਹੋਈਆਂ ਹਨ।

ਅਸਵਸਥਾ ਬ੍ਰਿਛ ਕਦੇ ਨਾ ਨਾਸ਼ ਹੋਣ ਵਾਲਾ ਦੱਸਿਆ ਗਿਆ ਹੈ। ਭਾਵੇਂ ਇਹ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਸੰਸਾਰ ਵਿਨਾਸ਼ਮਈ ਹੈ, ਸੰਸਾਰ ਇਕ ਅਵਿਨਾਸ਼ੀ ਦਾ ਪਸਾਰਾ ਹੈ ਜੋ ਸਚਾਈ ਅਟੱਲ ਹੈ, ਅਜਰ ਹੈ, ਅਮਰ ਹੈ ਤੇ ਆਪਣੀ ਸ਼ਾਨ ਦਾ ਪਸਾਰਾ ਕਰ ਰਹੀ ਹੈ। ਇਹ ਸਦਾ ਹੀ ਸਥਿਰ ਹੈ ਪਰ ਇਹ ਸੰਸਾਰ ਚਲਾਏਮਾਨ ਹੈ। ਇਸ ਸੰਸਾਰ ਵਿਚ ਸਭ ਕੁਝ ਬਦਲਦਾ ਰਹਿੰਦਾ ਹੈ ਕਿਉਂਕਿ ਇਹ ਸਭ ਕੁਝ ਤ੍ਰੈ ਗੁਣੀ ਮਾਇਆ ਦੀ ਖੇਡ ਹੈ। ਅੰਤ ਵਿਚ ਸਾਰਾ ਬ੍ਰਹਿਮੰਡ ਹੀ ਅਪਰਤੱਖ ਵਿਚ ਸਮਾਅ ਜਾਂਦਾ ਹੈ ਪਰ ਬ੍ਰਹਿਮੰਡ ਦੇ ਅਪਰਤੱਖ ਵਿਚ ਮਿਲ ਜਾਣ ਤੋਂ ਬਾਅਦ ਇਹ ਮੁੜ ਕੇ ਪ੍ਰਗਟ ਹੋ ਜਾਂਦਾ ਹੈ, ਬਿਲਕੁਲ ਉਸੇ ਤਰ੍ਹਾਂ ਹੀ ਜਿਵੇਂ ਕਿ ਪਹਿਲੇ ਸੀ। ਇਸ ਤਰ੍ਹਾਂ ਇਹ ਅਬਿਨਾਸ਼ੀ ਹੈ ਕਿਉਂਕਿ ਇਸ ਦਾ

ਧੇਅ ਅਟੱਲ, ਅਜਰ ਤੇ ਅਮਰ ਹੈ।

ਵਾਸਤਵ ਵਿਚ ਦੇਖਿਆ ਜਾਵੇ ਤਾਂ ਕਿਸੇ ਵੀ ਚੀਜ਼ ਦੇ ਜ਼ਰੂਰੀ ਗੁਣ ਇਸ ਸੰਸਾਰ ਵਿਚ ਬਦਲਦੇ ਨਹੀਂ। ਹਰੇਕ ਵਸਤੂ ਦੀ ਹੋਂਦ ਇਸ ਸੰਸਾਰ ਵਿਚ ਪਰੀਵਰਤਨ ਰਹਿਤ ਹੈ, ਕਦੇ ਖਤਮ ਨਹੀਂ ਹੁੰਦੀ, ਕੇਵਲ ਆਕਾਰ ਤੇ ਨਾਮ ਜਿਹੜੇ ਅਪਣਾਏ ਜਾਂਦੇ ਹਨ ਉਹ ਹੀ ਬਦਲਦੇ ਹਨ, ਤੇ ਖਤਮ ਹੁੰਦੇ ਹਨ। ਜਿਵੇਂ ਕਿ ਅੱਜ ਦੇ ਗ੍ਰਹਿ ਸ਼ਾਸਤਰੀ ਦਸਦੇ ਹਨ ਕਿ ਆਉਣ ਵਾਲੇ ਸਮੇਂ ਵਿਚ ਸੂਰਜ ਖਤਮ ਹੋ ਜਾਵੇਗਾ, ਇਸ ਦੀ ਰੋਸ਼ਨੀ ਤੇ ਊਰਜਾ ਖਤਮ ਹੋ ਜਾਵੇਗੀ ਪਰ ਇਹ ਤਾਂ ਇਕ ਬੜਾ ਹੀ ਸੀਮਤ ਵਿਚਾਰ ਹੈ। ਸੂਰਜ ਦਾ ਪ੍ਰਕਾਸ਼ ਤਾਂ ਫੇਰ ਵੀ ਰਹੇਗਾ। ਜਦੋਂ ਤਕ ਬ੍ਰਹਿਮੰਡ ਹੈ, ਸੂਰਜ ਦਾ ਪ੍ਰਕਾਸ਼ ਹੈ; ਉਸ ਦੀ ਊਰਜਾ ਬਦਲ ਸਕਦੀ ਹੈ ਪਰ ਖਤਮ ਕਦੀ ਨਹੀਂ ਹੋ ਸਕਦੀ। ਜਦੋਂ ਬ੍ਰਹਿਮੰਡ ਵੀ ਖਤਮ ਹੁੰਦਾ ਲਗੇਗਾ ਤਾਂ ਵੀ ਸੂਰਜ ਦਾ ਪ੍ਰਕਾਸ਼ ਰਹੇਗਾ। ਇਕ ਸਰਬ ਹੋਂਦ ਅਸਹਿਤਮਾਨ ਸਚਾਈ ਹੈ ਇਕ ਜੀਵਨ ਧਾਰਾ ਹੈ, ਜੀਵਨ ਧੇਅ ਹੈ ਤੇ ਸਦਾ ਹੀ ਅਜਰ, ਅਮਰ, ਅਟੱਲ ਹੈ। ਆਤਮਾ ਤੋਂ ਬਿਨਾਂ ਸਰੀਰ ਹੋ ਹੀ ਨਹੀਂ ਸਕਦਾ, ਸਰੀਰ ਹੈ ਹੀ ਆਤਮਾ ਦੀ ਹੋਂਦ ਨਾਲ। ਜੀਵਨ ਦੇ ਬ੍ਰਿਛ ਦੀਆਂ ਜੜ੍ਹਾਂ ਪ੍ਰਕ੍ਰਿਤੀ ਦੀ ਮਿੱਟੀ ਵਿਚ ਤੇ ਆਤਮਾ ਦੀ ਸ਼ਕਤੀ ਵਿਚ ਡੂੰਘੀਆਂ ਦਬੀਆਂ ਪਈਆਂ ਹਨ। ਆਤਮਾ ਅਜਰ ਹੈ, ਅਮਰ ਹੈ, ਅਟੱਲ ਹੈ ਇਸੇ ਕਰਕੇ ਜੀਵਨ ਬ੍ਰਿਛ ਨੂੰ ਵੀ ਅਮਰ ਹੀ ਸਮਝਿਆ ਜਾਂਦਾ ਹੈ।

3. ਇਸ ਦਾ ਰੂਪ ਅੰਤ, ਆਦਿ ਅਤੇ ਜੜ੍ਹ ਸਥਾਨ ਇਥੇ ਨਹੀਂ ਜਾਣਿਆ ਜਾਂਦਾ, ਕੇਵਲ ਬੈਰਾਗ ਦੇ ਪੱਕੇ ਹਥਿਆਰ ਨਾਲ ਇਹ ਪੱਕੀ ਜੜ੍ਹ ਵਾਲਾ ਸੰਸਾਰ ਰੂਪੀ ਰੁਖ ਅਸਵਸਥ ਕੱਟਿਆ ਜਾਂਦਾ ਹੈ।

4. ਫੇਰ ਜਿਸ ਆਦਿ ਪੁਰਸ਼ ਦੇ ਵਿਚੋਂ ਇਹ ਪ੍ਰਵਿਤੀ ਹੋਈ ਹੈ, ਮੈਂ ਉਸ ਦੀ ਸ਼ਰਨ ਆਇਆ ਹਾਂ, ਐਸਾ ਕਹਿ ਕੇ ਉਸ ਪਦ ਨੂੰ ਖੋਜੇ ਕਿ ਜਿਸਨੂੰ ਪ੍ਰਾਪਤ ਹੋ ਕੇ ਨਹੀਂ ਮੁੜਨਾ।

ਅਵਸਥਾ ਬ੍ਰਿਛ ਨੂੰ ਸਮਝਣਾ ਕਿਸੇ ਆਮ ਮਨੁੱਖ ਦੇ ਵਸ ਦੀ ਗੱਲ ਨਹੀਂ ਹੈ ਕਿਉਂਕਿ ਉਨ੍ਹਾਂ ਦੇ ਮਨ ਤਾਂ ਰੋਜ਼ ਦੇ ਰਾਗ ਰੰਗਾਂ ਵਿਚ ਹੀ ਉਲਝੇ ਰਹਿੰਦੇ ਹਨ। ਉਹ ਜਾਣਦੇ ਹੀ ਨਹੀਂ ਕਿ ਇੰਦ੍ਰੀਆਂ ਦੇ ਪਿਛੇ ਲਗ ਕੇ ਬਿਤਾਇਆ ਜੀਵਨ ਉਨ੍ਹਾਂ ਨੂੰ ਕਿਥੇ ਲੈ ਜਾਵੇਗਾ। ਉਹ ਸੋਚਦੇ ਹਨ ਕਿ ਇਹ ਚਲਾਏਮਾਨ ਸੰਸਾਰ ਹੀ ਸਭ ਕੁਝ ਹੈ। ਇਸਨੂੰ ਰੱਜ ਕੇ ਮਾਣੋ, ਰੰਗ ਰਲੀਆਂ ਮਨਾਓ। ਜਿਨ੍ਹਾਂ ਨੇ ਇਸ ਦਿਸਦੇ ਸੰਸਾਰ ਨੂੰ ਜਾਣ ਲਿਆ ਹੈ ਉਹ ਚੌਰਾਸੀ ਦੇ ਗੇੜ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਜਦੋਂ ਉਹ ਆਪਣੇ ਬੰਧਨਾਂ ਨੂੰ ਸਮਝ ਜਾਂਦੇ ਹਨ ਫੇਰ ਉਹ ਇਹ ਵੀ ਜਾਣ ਜਾਂਦੇ ਹਨ ਕਿ ਮੋਹ ਨੂੰ ਕਿਸ ਤਰ੍ਹਾਂ ਕੱਟਿਆ ਜਾਂਦਾ ਹੈ, ਕਿਸ ਤਰ੍ਹਾਂ ਪੱਕੀ ਤੇ ਨਿਰਮੋਹੀ ਹੋ ਕੇ ਮੋਹ ਤੋਂ ਮੁਕਤ ਹੋ ਸਕੀਦਾ ਹੈ। ਸੰਸਾਰਕ ਹੋਂਦ ਦੇ ਬ੍ਰਿਛ ਦੀਆਂ ਜੜ੍ਹਾਂ ਮਨ ਤੇ ਦਿਮਾਗ ਵਿਚ ਡੂੰਘੀਆਂ ਧਸੀਆਂ ਹੋਈਆਂ ਹਨ, ਮੋਹ ਤੋਂ ਮੁਕਤ ਹੋਣਾ ਹੀ ਇਸ ਦੀਆਂ ਜੜ੍ਹਾਂ ਕੱਟ ਸਕਦਾ ਹੈ। ਜਦੋਂ ਮੋਹ ਤੋਂ ਪਾਸੇ ਹੋਣ, ਉਸ ਤੋਂ ਉਚੇ ਉਠਣ ਦਾ ਅਭਿਆਸ ਕੀਤਾ ਜਾਂਦਾ ਹੈ, ਜਗਿਆਸੂ ਬੰਧਨਾਂ ਤੋਂ

ਮੁਕਤ ਹੋ ਜਾਂਦਾ ਹੈ, ਉਹ ਬੰਧਨ ਜਿਹੜੇ ਸੰਸਾਰ ਦੇ ਮੋਹ ਮਾਇਆ ਦਾ ਪਸਾਰਾ ਹਨ। ਸੰਸਾਰਕ ਹੋਂਦ ਦਾ ਬ੍ਰਿਛ ਉਸ ਜਗਿਆਸੂ ਲਈ ਕੋਈ ਬੰਧਨ ਨਹੀਂ ਬਣਦਾ ਜਿਹੜਾ ਮੋਹ ਤੋਂ ਛੁਟਕਾਰਾ ਪਾ ਚੁਕਾ ਹੈ।

ਮੰਡੂਕ ਉਪਨਿਸ਼ਦ ਵਿਚ ਦੱਸਿਆ ਗਿਆ ਹੈ ਕਿ ਜੀਵਨ ਬ੍ਰਿਛ ਦੀ ਇਕੋ ਟਾਹਣੀ ਤੇ ਦੋ ਪੰਛੀ ਬੈਠੇ ਹਨ। ਇਕ ਉਸ ਦੇ ਫਲ ਮਾਣਦਾ ਹੈ ਤੇ ਦੂਸਰਾ ਦੇਖਦਾ ਹੈ। ਜਿਹੜਾ ਫਲ ਮਾਣਦਾ ਹੈ, ਉਹ ਦੁਖ ਵੀ ਪਾਉਂਦਾ ਹੈ। ਜਿਹੜਾ ਕੇਵਲ ਦੇਖਦਾ ਹੈ ਉਹ ਸੁਤੰਤਰ ਰਹਿੰਦਾ ਹੈ। ਜਦੋਂ ਮਨੁੱਖ ਆਪਣੇ ਅਚੇਤ ਵਿਚ ਪਏ ਭੰਡਾਰ ਨਾਲ ਮੋਹ ਰਖਦਾ ਹੈ ਜਿਸ ਵਿਚ ਬਹੁਤ ਕੁਝ ਚੰਗਾ ਮੰਦਾ ਪਿਆ ਹੈ, ਚੰਗੇ ਮੰਦੇ ਸੰਸਕਾਰ ਵੀ ਪਏ ਹਨ, ਤਾਂ ਉਹ ਦੁਖ ਪਾਉਂਦਾ ਹੈ। ਜਦੋਂ ਹੀ ਉਹ ਲਗਾਉ ਛੱਡ ਦਿੰਦਾ ਹੈ, ਉਸ ਦੀ ਪ੍ਰਵਾਹ ਨਹੀਂ ਕਰਦਾ, ਉਹ ਉਸ ਤੋਂ ਮੁਕਤ ਹੋ ਜਾਂਦਾ ਹੈ। ਜਗਿਆਸੂ ਇਹ ਸਥਿਰਤਾ ਮੋਹ ਤੋਂ ਮੁਕਤ ਹੋ ਕੇ ਸਦਾ ਲਈ ਪ੍ਰਾਪਤ ਕਰ ਸਕਦਾ ਹੈ।

5. ਜਿਨ੍ਹਾਂ ਨੂੰ ਮੋਹ ਮਾਣ ਨਹੀਂ ਹੈ, ਜਿਨ੍ਹਾਂ ਨੇ ਸੰਗ ਰੂਪੀ ਦੋਖ ਨੂੰ ਤਿਆਗ ਦਿਤਾ ਹੈ, ਜੋ ਸਦਾ ਆਤਮਾ ਵਿਚ ਲੀਨ ਰਹਿੰਦੇ ਹਨ, ਜਿਨ੍ਹਾਂ ਦੀਆਂ ਕਾਮਨਾਵਾਂ ਖਤਮ ਹੋ ਗਈਆਂ ਹਨ ਜੋ ਦੁਖ, ਸੁਖ ਆਦਿ ਦਵੰਦ ਵਿਚੋਂ ਟੁੱਟ ਗਏ ਹਨ, ਉਹ ਹੀ ਇਸ ਅਬਿਨਾਸ਼ੀ ਪਦ ਨੂੰ ਪ੍ਰਾਪਤ ਹੁੰਦੇ ਹਨ।

6. ਨਾ ਉਥੇ ਸੂਰਜ ਚਮਕਦਾ ਹੈ, ਨਾ ਉਥੇ ਚੰਦਰਮਾ ਹੈ, ਨਾ ਹੀ ਉਥੇ ਅਗਨੀ ਹੈ, ਉਸ ਪਦ ਨੂੰ ਪ੍ਰਾਪਤ ਕਰਕੇ ਫੇਰ ਕੋਈ ਮੋੜਾ ਨਹੀਂ ਹੈ, ਉਹ ਹੀ ਮੇਰਾ ਧਰਮ ਧਾਮ ਹੈ।

ਜਦੋਂ ਜਗਿਆਸੂ ਹਉਮੈ, ਮਾਇਆ, ਮੋਹ, ਅਹੰਕਾਰ ਤੋਂ ਮੁਕਤ ਹੋ ਜਾਂਦਾ ਹੈ, ਉਹ ਆਪਣੇ ਆਪ ਵਿਚ ਸਥਿਰ ਹੋ ਜਾਂਦਾ ਹੈ, ਸਾਰੀਆਂ ਇਛਾਵਾਂ ਤੋਂ ਮੁਕਤ ਹੋ ਜਾਂਦਾ ਹੈ, ਉਸਨੂੰ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ, ਉਸ ਨੂੰ ਗਿਆਨ ਦਾ ਅਨੁਭਵ ਹੋ ਜਾਂਦਾ ਹੈ ਜੋ ਸਦੀਵ ਹੈ। ਉਹ ਗਿਆਨ ਗੂੜ੍ਹ ਗਿਆਨ ਹੈ, ਡੂੰਘਾ ਗਿਆਨ ਹੈ, ਸੂਰਜ ਚੰਦਰਮਾ ਤੇ ਅਗਨੀ ਦੇ ਪ੍ਰਕਾਸ਼ ਦੀ ਸੀਮਾ ਹੈ ਪਰ ਗਿਆਨ ਦੇ ਸੂਰਜ ਦੀ, ਗਿਆਨ ਦੇ ਪ੍ਰਕਾਸ਼ ਦੀ ਕੋਈ ਸੀਮਾ ਨਹੀਂ ਹੈ। ਗਿਆਨ ਦਾ ਪ੍ਰਕਾਸ਼ ਸਭ ਤੋਂ ਉਤਮ ਪ੍ਰਕਾਸ਼ ਹੈ। ਕੋਈ ਹੋਰ ਪ੍ਰਕਾਸ਼ ਅਗਿਆਨ ਦੇ ਹਨ੍ਹੇਰੇ ਨੂੰ ਦੂਰ ਨਹੀਂ ਕਰ ਸਕਦਾ, ਕੇਵਲ ਗਿਆਨ ਦਾ ਪ੍ਰਕਾਸ਼ ਹੀ ਅਗਿਆਨ ਨੂੰ ਦੂਰ ਕਰ ਸਕਦਾ ਹੈ। ਹਰੇਕ ਗਿਆਨ ਦਾ ਸ੍ਰੋਤ ਆਤਮਾ ਵਿਚ ਹੈ ਨਾ ਕਿ ਸੂਰਜ, ਚੰਦ ਤੇ ਅਗਨੀ ਵਿਚ। ਸੂਰਜ ਚੰਦ ਤੇ ਅਗਨੀ ਤਾਂ ਕੇਵਲ ਇਕ ਭੋਰਾ ਜਿੰਨਾ ਪ੍ਰਕਾਸ਼ ਹੈ, ਉਹ ਜਗਿਆਸੂ ਜਿਹੜਾ ਅਗਿਆਨ ਦੇ ਹਨ੍ਹੇਰੇ ਵਿਚੋਂ ਨਿਕਲ ਚੁੱਕਾ ਹੈ, ਜਿਸ ਦਾ ਅਗਿਆਨ ਹਨ੍ਹੇਰਾ ਬਿਨਸ ਚੁੱਕਾ ਹੈ, ਜਿਸਨੂੰ ਗਿਆਨ ਦੀ ਪ੍ਰਾਪਤੀ ਹੋ ਚੁੱਕੀ ਹੈ, ਉਸਨੂੰ ਬ੍ਰਹਮ ਦੀ ਪ੍ਰਾਪਤੀ ਵੀ ਹੋ ਚੁੱਕੀ ਹੈ। ਕ੍ਰਿਸ਼ਨ ਜੀ ਅਰਜਨ ਨੂੰ ਦਸਦੇ ਹਨ ਕਿ ਅਜਰ, ਅਮਰ, ਅਟੱਲ ਬ੍ਰਹਮ ਹੀ ਜਗਿਆਸੂ ਦਾ ਨਿਵਾਸ ਹੈ।

7. ਇਸ ਸੰਸਾਰ ਵਿਚ ਮੇਰਾ ਹੀ ਅੰਸ ਜੀਵ ਆਤਮਾ ਹੈ, ਜੀਵ ਬਣ ਕੇ ਪ੍ਰਕ੍ਰਿਤੀ ਵਿਚ ਸਥਿਤ ਹੋ ਕੇ ਪੰਜੋ ਇੰਦਰੀਆਂ ਤੇ ਛੇਵੇਂ ਮਨ ਨੂੰ ਆਪਣੇ ਵਲ ਖਿਚਦਾ ਹੈ।

8. ਜਦੋਂ ਜੀਵ ਆਤਮਾ ਸਰੀਰ ਦਾ ਰੂਪ ਧਾਰਨ ਕਰਦੀ ਹੈ ਤੇ ਜਦੋਂ ਉਸ ਦਾ ਸੁਆਮੀ ਦੇਹ ਤਿਆਗਦਾ ਹੈ ਉਦੋਂ ਇਨ੍ਹਾਂ ਇੰਦਰੀਆਂ ਨੂੰ ਨਾਲ ਇਸ ਤਰ੍ਹਾਂ ਹੀ ਲੈ ਜਾਂਦਾ ਹੈ ਜਿਸ ਤਰ੍ਹਾਂ ਹਵਾ ਸੁਗੰਧੀ ਨੂੰ ਨਾਲ ਲੈ ਜਾਂਦੀ ਹੈ।

9. ਇਹ ਜੀਵ ਕੰਨ, ਅੱਖਾਂ, ਸਪਰਸ਼, ਜੀਭ, ਨੱਕ ਅਤੇ ਮਨ ਇਨ੍ਹਾਂ ਸਭਨਾਂ ਦੁਆਰਾ ਹੀ ਵਿਸ਼ਿਆਂ ਨੂੰ ਭੋਗਦਾ ਹੈ।

10. ਅਗਿਆਨੀ ਇਹ ਸਭ ਨਹੀਂ ਦੇਖ ਸਕਦੇ ਕਿ ਕਿਸ ਤਰ੍ਹਾਂ ਉਹ ਗੁਣਾਂ ਨਾਲ ਯੁਕਤ ਹੋ ਕੇ ਉਨ੍ਹਾਂ ਵਿਚ ਹੀ ਬਹਿ ਜਾਂਦਾ ਹੈ, ਗਿਆਨੀ ਇਹ ਸਭ ਕੁਝ ਦੇਖ ਸਕਦਾ ਹੈ।

11. ਯੋਗੀ ਜੋ ਅਜੇ ਯਤਨ ਕਰ ਰਹੇ ਹਨ ਉਹ ਆਤਮਾ ਵਿਚ ਸਥਿਤ ਹੋ ਕੇ ਵੀ ਇਸਨੂੰ ਦੇਖਦੇ ਹਨ ਪਰ ਅਗਿਆਨੀ ਵਿਵੇਕ ਤੋਂ ਰਹਿਤ ਅਤੇ ਅਸ਼ੁਧ ਅੰਤਸ਼ਕਰਣ ਵਾਲੇ ਯਤਨ ਕਰਦੇ ਹੋਏ ਵੀ ਇਸਨੂੰ ਨਹੀਂ ਦੇਖ ਸਕਦੇ।

ਮਨੁੱਖ ਦੀ ਆਤਮਾ, ਪ੍ਰਮਾਤਮਾ ਦਾ ਇਕ ਹਿੱਸਾ ਹੈ। ਪ੍ਰਮਾਤਮਾ ਦਾ ਨਿਵਾਸ ਹੀ ਵੱਖ ਵੱਖ ਸਰੀਰਾਂ ਵਿਚ ਹੈ। ਜਿਵੇਂ ਹਵਾ ਫੁੱਲਾਂ ਦੀ ਸੁਗੰਧ ਲੈ ਕੇ ਕਿਤੇ ਦੀ ਕਿਤੇ ਪਹੁੰਚਾ ਦਿੰਦੀ ਹੈ, ਇਸੇ ਤਰ੍ਹਾਂ ਜਦੋਂ ਮਨੁੱਖ ਸਰੀਰ ਛਡਦਾ ਹੈ ਉਹ ਆਪਣੇ ਸੰਸਕਾਰ ਵੀ ਨਾਲ ਹੀ ਲੈ ਜਾਂਦਾ ਹੈ। ਉਹ ਸੰਸਕਾਰ ਹੀ ਉਸਨੂੰ ਅਗਲਾ ਜਾਮਾ ਲੈਣ ਲਈ ਪ੍ਰੇਰਤ ਕਰਦੇ ਹਨ ਤੇ ਉਹ ਚੌਰਾਸੀ ਦੇ ਗੇੜ ਵਿਚ ਬੰਨ੍ਹਿਆ ਜਾਂਦਾ ਹੈ। ਮਨੁੱਖ ਤਾਂ ਮੌਜ ਮਾਣਦਾ ਹੈ, ਸਰੀਰ ਤਾਂ ਕਪੜੇ ਦੀ ਭਾਂਤੀ ਹੈ, ਕਪੜੇ ਜਦੋਂ ਪੁਰਾਣੇ ਹੋ ਜਾਂਦੇ ਹਨ ਉਨ੍ਹਾਂ ਨੂੰ ਬਦਲਣ ਦੀ ਲੋੜ ਪੈਂਦੀ ਹੈ। ਅਗਿਆਨੀ ਇਸ ਗੱਲ ਨੂੰ ਨਹੀਂ ਜਾਣਦੇ। ਜਗਿਆਸੂ ਜਿਹੜੇ ਅਨੁਸ਼ਾਸ਼ਨ ਦੇ ਮਾਰਗ ਤੇ ਚਲਦੇ ਹਨ ਪੂਰੀ ਤਨ ਦੇਹੀ ਨਾਲ ਆਪਣੇ ਉਤੇ ਕਾਬੂ ਰਖਦੇ ਹਨ ਤੇ ਮਨ ਨੂੰ ਇਕਾਗਰ ਕਰਦੇ ਹਨ। ਜਿਹੜੇ ਆਪਣੀਆਂ ਇਛਾਵਾਂ ਤੇ ਕਾਬੂ ਪਾ ਚੁੱਕੇ ਹਨ, ਉਹ ਛੇਤੀ ਹੀ ਸਤਿ ਪ੍ਰਾਪਤ ਕਰ ਲੈਂਦੇ ਹਨ।

ਜੀਵ ਪ੍ਰਮਾਤਮਾ ਦਾ ਛੋਟਾ ਜਿਹਾ ਭਾਗ ਹੈ। ਸੁਰਾਹੀ ਦੇ ਅੰਦਰ ਦੀ ਖਾਲੀ ਥਾਂ, ਕਮਰੇ ਦੇ ਅੰਦਰ ਖਾਲੀ ਥਾਂ, ਬਾਹਰ ਦੀ ਸਾਰੀ ਜਗ੍ਹਾ ਸਭ ਇਕ ਹੀ ਹੈ। ਅਸੀਂ ਆਪਣੀ ਕਲਪਨਾ ਨਾਲ ਜਿਥੇ ਚਾਹੀਏ, ਹੱਦਾਂ ਲਗਾ ਸਕਦੇ ਹਾਂ ਪਰ ਜਗ੍ਹਾ ਤਾਂ ਇਕ ਮਨੁੱਖ ਦੀ ਹੋਂਦ ਹੀ ਹੈ। ਕਦੇ ਕੋਈ ਸ਼ਕਤੀ ਨਹੀਂ ਸੀ, ਨਾ ਹੀ ਕਦੇ ਹੋਵੇਗੀ ਜਿਹੜੀ ਮਨੁੱਖ ਨੂੰ, ਪੁਲਾੜ ਨੂੰ ਵੰਡ ਸਕੇ। ਇਸੇ ਤਰ੍ਹਾਂ ਕੋਈ ਇਹੋ ਜਿਹੀ ਸ਼ਕਤੀ ਨਹੀਂ ਜਿਹੜੀ ਆਤਮਾ ਦੇ ਟੁਕੜੇ ਕਰ ਸਕੇ ਤੇ ਵੰਡ ਸਕੇ ਤੇ ਕਿਸੇ ਇਕ ਟੁਕੜੇ ਦਾ ਮਨੁੱਖ ਬਣਾ ਸਕੇ। ਜਦੋਂ ਅਸੀਂ ਕਿਸੇ ਮਨੁੱਖ ਨੂੰ ਦੇਖਦੇ ਹਾਂ, ਉਸ ਦੇ ਆਕਾਰ ਨੂੰ ਦੇਖਦੇ ਹਾਂ, ਉਸ ਦੇ

ਨਾਪ ਨੂੰ ਦੇਖਦੇ ਹਾਂ, ਉਹ ਪੂਰਨ ਤੋਂ, ਆਪਣੇ ਵਜੂਦ ਤੋਂ, ਇਕ ਹਿੱਸਾ ਪੂਰੀ ਚੀਜ਼ ਦਾ ਹੀ ਹਿੱਸਾ ਲਗਦਾ ਹੈ, ਅਸੀਂ ਉਸ ਨੂੰ ਇਕ ਜੀਵ ਕਹਿੰਦੇ ਹਾਂ। ਇਹ ਇਕ ਵਖਰੀ ਹੋਂਦ ਉਸ ਦੀ ਹਉਮੈ ਕਰਕੇ ਹੈ, ਹਉਮੈ ਦੇ ਪਾਏ ਹੋਏ ਪੜਦੇ ਕਰਕੇ ਹੈ, ਉਹ ਮੰਨਣ ਨੂੰ ਤਿਆਰ ਹੀ ਨਹੀਂ ਕਿ ਉਹ ਪ੍ਰਮਾਤਮਾ ਦਾ ਹੀ ਭਾਗ ਹੈ, ਉਸ ਨਾਲ ਇਹ ਪ੍ਰਤੀਤ ਹੋਣ ਲਗ ਪੈਂਦਾ ਹੈ ਕਿ ਜੀਵ ਆਤਮਾ, ਪ੍ਰਮਾਤਮਾ ਦਾ ਇਕ ਛੋਟਾ ਜਿਹਾ ਹਿੱਸਾ ਹੈ। ਵਾਸਤਵ ਵਿਚ ਇਸ ਤਰ੍ਹਾਂ ਨਹੀਂ। ਜਦੋਂ ਯੋਗੀ ਸਾਰੀਆਂ ਹੱਦਾਂ ਪਾਰ ਕਰ ਲੈਂਦਾ ਹੈ ਇਸ ਦਿਸਦੇ ਸਰੀਰ ਤੋਂ ਸੂਖਮ, ਸੂਖਮ ਤੋਂ ਅਤਿ ਸੂਖਮ ਵਿਚ ਚਲਾ ਜਾਂਦਾ ਹੈ। ਉਹ ਇਸ ਸਚਾਈ ਨੂੰ ਜਾਣ ਲੈਂਦਾ ਹੈ ਕਿ ਕੇਵਲ ਇਕ ਹੀ ਸਚਾਈ ਹੈ ਇਕ ਹੀ ਸਤਿ ਹੈ, ਉਹ ਹੈ ਸਭ ਵਿਚ ਵਸ ਰਹੀ ਆਤਮਾ।

12. ਸੂਰਜ ਵਿਚ ਜੋ ਤੇਜ ਸਾਰੇ ਜਗਤ ਨੂੰ ਪ੍ਰਕਾਸ਼ਤ ਕਰਦਾ ਹੈ ਅਤੇ ਜੋ ਚੰਦਰਮਾ ਤੇ ਅਗਨੀ ਵਿਚ ਹੈ ਉਹ ਸਭ ਮੇਰਾ ਹੀ ਤੇਜ ਹੈ।

13. ਮੈਂ ਹੀ ਪ੍ਰਿਥਵੀ ਵਿਚ ਪ੍ਰਵੇਸ਼ ਕਰਕੇ ਆਪਣੇ ਪ੍ਰਭਾਵ ਨਾਲ ਸਭ ਜੀਵਾਂ ਨੂੰ ਧਾਰਨ ਕਰਦਾ ਹਾਂ ਅਤੇ ਸੋਮ ਰੂਪੀ ਰਸ ਹੋ ਕੇ ਸਭ ਔਸ਼ਧੀਆਂ ਨੂੰ ਸਫਲ ਕਰਦਾ ਹਾਂ।

14. ਮੈਂ ਹੀ ਵੈਸ਼੍ਵਾਨਲ ਹੋ ਕੇ ਜੀਵਾਂ ਦੀ ਦੇਹ ਵਿਚ ਪ੍ਰਵੇਸ਼ ਕਰਦਾ ਹੋਇਆ ਪ੍ਰਾਣ ਅਪਾਨ ਵਾਯੂ ਨਾਲ ਮਿਲ ਕੇ ਚਾਰੋਂ ਪ੍ਰਕਾਰ ਦੇ ਅੰਨ ਨੂੰ ਪੁਚਾਉਂਦਾ ਹਾਂ।

15. ਮੈਂ ਸਭ ਦੇ ਹਿਰਦੇ ਵਿਚ (ਅੰਤਰਜਾਮੀ ਹੋ ਕੇ) ਸਥਿਤ ਹਾਂ, ਮੈਂ ਤੋਂ ਹੀ ਸਿਮ੍ਰਿਤੀ ਗਿਆਨ ਅਤੇ ਇਨ੍ਹਾਂ ਦਾ ਨਾ ਹੋਣਾ ਭੀ ਹੈ ਜੋ ਸਾਰੇ ਵੇਦਾਂ ਵਿਚ ਜਾਣਨ ਯੋਗ ਵਸਤੂ ਹੈ ਉਹ ਮੈਂ ਹਾਂ। ਵੇਦਾਂਤ ਦਾ ਕਰਤਾ ਅਤੇ ਵੇਦ ਨੂੰ ਜਾਨਣ ਵਾਲਾ ਮੈਂ ਹਾਂ।

ਦਗ-ਦਗ ਕਰਦਾ ਸੂਰਜ ਮੈਂ ਹਾਂ, ਚੰਦਰਮਾ ਦੀ ਠੰਡੀ ਚਾਨਣੀ ਮੈਂ ਹਾਂ, ਅੱਗ ਦੀਆਂ ਜਲਦੀਆਂ ਲਪਟਾਂ ਮੈਂ ਹਾਂ, ਮੈਂ ਹੀ ਸਰਵੋਤਮ ਹਾਂ। ਇਨ੍ਹਾਂ ਸ਼ਕਤੀਆਂ ਰਾਹੀਂ ਜੋ ਵੀ ਪ੍ਰਗਟ ਹੁੰਦਾ ਹੈ ਉਹ ਉਸ ਇਕ ਸਰਵੋਤਮ ਪ੍ਰਮਾਤਮਾ ਦਾ ਹੀ ਪ੍ਰਗਟਾਵਾ ਹੈ, ਉਸ ਨਾਲ ਹੀ ਪੌਦੇ ਵਧਦੇ ਹਨ, ਸਾਰੀ ਹਰਿਆਵਲ ਫੁੱਲ, ਬੂਟੇ, ਸਾਰੇ ਪਸ਼ੂ, ਪੰਛੀ ਪ੍ਰਾਣ ਪ੍ਰਾਪਤ ਕਰਦੇ ਹਨ। ਮਨੁੱਖ ਦੇ ਸਰੀਰ ਵਿਚ ਵਸਦੇ ਪ੍ਰਾਣ ਉਸ ਪ੍ਰਮਾਤਮਾ ਦੀ ਹੀ ਦੇਣ ਹੈ। ਸਾਰੀ ਬੁੱਧੀ ਸਾਰੇ ਗਿਆਨ ਦਾ ਸ੍ਰੋਤ ਇਕ ਹੀ ਹੈ, ਮਨੁੱਖੀ ਦਿਮਾਗ ਵਿਚ ਗਿਆਨ ਦੀ ਸ਼ਕਤੀ ਜਿਸ ਨਾਲ ਮਨੁੱਖ ਦੀ ਯਾਦਾਸ਼ਤ ਹੈ ਉਹ ਵੀ ਪ੍ਰਮਾਤਮਾ ਦੀ ਦੇਣ ਹੈ। ਉਸ ਸ਼ਕਤੀ ਤੋਂ ਹੀ ਵੇਦ ਤੇ ਵੇਦਾਂਤ ਦਾ ਜਨਮ ਹੋਇਆ, ਵੇਦ ਵੇਦਾਂਤ ਦੇ ਸਾਰੇ ਵਾਦ ਵਿਵਾਦ ਸਾਰੇ ਗੁਣ ਇਸ ਸ਼ਕਤੀ ਤੋਂ ਹੀ ਉਪਜੇ ਹਨ। ਇਕੋ ਪ੍ਰਮਾਤਮਾ ਦਾ ਹੀ ਪਸਾਰਾ ਸਭ ਜਗ੍ਹਾ ਹੈ, ਉਸ ਦਾ ਹੀ ਵਾਸਾ ਸਾਰੇ ਜੀਵਾਂ ਵਿਚ ਹੈ। ਉਸ ਦੀ ਸ਼ਕਤੀ ਹੀ ਸਾਰੇ ਜੀਵਾਂ ਨੂੰ ਪ੍ਰੇਰਨਾ ਦਿੰਦੀ ਹੈ ਤਾਂ ਜੋ ਉਹ ਆਪਣੇ ਕੰਮ ਕਰ ਸਕਣ।

ਜਗਿਆਸੂ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਸਾਰੇ ਇਕ ਹੀ ਸਤਿ ਪਸਰਿਆ ਹੋਇਆ ਹੈ, ਅੰਦਰ ਬਾਹਰ ਇਕ ਹੀ ਹੈ। ਇਹ ਗਿਆਨ ਹੋ ਜਾਣ ਨਾਲ ਕਿ ਸਭ ਜਗ੍ਹਾ ਇਕ ਦਾ ਹੀ ਪਸਾਰਾ ਹੈ, ਉਹ ਹੀ ਪ੍ਰਕਾਸ਼ ਦਾ ਸ੍ਰੋਤ ਹੈ, ਸੂਰਜ, ਚੰਦ ਦਾ ਸ੍ਰੋਤ ਉਹ ਹੀ ਹੈ, ਤਾਰਿਆਂ ਦਾ ਸ੍ਰੋਤ ਵੀ ਉਹ ਹੀ ਹੈ, ਗਿਆਨ ਦਾ ਸ੍ਰੋਤ ਉਹ ਆਪ ਹੀ ਹੈ, ਇਸ ਗਿਆਨ ਸਦਕਾ ਹੀ ਮਨੁੱਖ ਇਹ ਪਛਾਣ ਸਕਦਾ ਹੈ ਕਿ ਉਸ ਦੇ ਜੀਵਨ ਦਾ ਲਕਸ਼ ਕੀ ਹੈ, ਆਦੇਸ਼ ਕੀ ਹੈ। ਪ੍ਰਮਾਤਮਾ ਪ੍ਰਾਪਤੀ ਹੀ ਆਦੇਸ਼ ਹੈ, ਪ੍ਰਮਾਤਮਾ ਹੀ ਸਭ ਦੇ ਅੰਦਰ ਨਿਵਾਸ ਰਖਦਾ ਹੈ।

16. ਇਸ ਲੋਕ ਵਿਚ ਦੋ ਪ੍ਰਕਾਰ ਦੇ ਮਨੁੱਖ ਹਨ – ਇਕ ਨਾਸ਼ ਹੋਣ ਵਾਲੇ, ਦੂਸਰੇ ਅਵਿਨਾਸ਼ੀ। ਜੀਵ ਸਾਰੇ ਹੀ ਨਾਸ਼ਵਾਨ ਹਨ ਤੇ ਅਬਿਨਾਸ਼ੀ ਨੂੰ ਕੂਟਸਥ ਆਖਦੇ ਹਨ।

17. ਇਨ੍ਹਾਂ ਤੋਂ ਪਰੇ ਹੋਰ ਪੁਰਸ਼ ਹੈ ਜਿਸਨੂੰ ਪਰਮਾਤਮਾ ਕਹਿੰਦੇ ਹਨ ਜੋ ਸਭ ਵਿਚ ਵਿਆਪਕ ਹੈ, ਤਿੰਨਾਂ ਲੋਕਾਂ ਦਾ ਆਸਰਾ ਹੈ, ਅਬਿਨਾਸ਼ੀ ਹੈ।

18. ਮੈਂ ਨਾਸ਼ਵੰਤਾ ਤੋਂ ਪਰ੍ਹੇ ਤੇ ਅਬਿਨਾਸ਼ੀ ਤੋਂ ਭੀ ਉਤਮ ਹਾਂ ਇਸ ਲੋਕ ਵਿਚ ਤੇ ਵੇਦ ਵਿਚ ਮੈਨੂੰ ਪੁਰਸ਼ੋਤਮ ਕਿਹਾ ਹੈ।

ਇਨ੍ਹਾਂ ਸ਼ਲੋਕਾਂ ਵਿਚ ਦੋ ਵੱਖ ਵੱਖ ਸ਼ਬਦ ਵਰਤੇ ਗਏ ਹਨ, ਨਾਸ਼ਵਾਨ ਤੇ ਅਬਿਨਾਸ਼ੀ। ਇਸ ਸੰਸਾਰ ਵਿਚ ਅਸੀਂ ਦੋ ਸਚਾਈਆਂ ਦੇਖਦੇ ਹਾਂ। ਇਕ ਪੂਰੀ ਤਰ੍ਹਾਂ ਸਥਾਈ ਹੈ, ਸੱਚ ਹੈ, ਸਦੈਵ ਹੈ, ਦੂਸਰੀ ਚਲਾਏਮਾਨ ਹੈ, ਨਾਸ਼ਵਾਨ ਹੈ। ਇਕ ਸਦਾ ਬਦਲਦੀ ਰਹਿੰਦੀ ਹੈ, ਜੰਮਦੀ ਰਹਿੰਦੀ ਹੈ, ਮਰਦੀ ਰਹਿੰਦੀ ਹੈ, ਦੂਸਰੀ ਸਦੈਵੀ ਹੈ, ਸਥਾਈ ਹੈ ਉਸ ਵਿਚ ਕੋਈ ਬਦਲਾਵ ਹੈ ਹੀ ਨਹੀਂ। ਮਨੁੱਖੀ ਜੀਵਨ ਦੇ ਤਿੰਨ ਹਿੱਸੇ ਹਨ – ਇਕ ਸਰੀਰ ਹੈ, ਸ੍ਵਾਸ ਹਨ, ਇੰਦ੍ਰੀਆਂ ਹਨ, ਸੁਚੇਤ ਮਨ ਹੈ, ਦੂਸਰਾ ਅਚੇਤ ਮਨ ਹੈ ਤੇ ਜੀਵ ਆਤਮਾ ਹੈ ਤੇ ਤੀਸਰਾ ਇਕ ਅਟੱਲ ਸਚਾਈ ਹੈ ਜੋ ਉਤਮ ਸਤਿ ਹੈ, ਅੰਤਮ ਸਤਿ ਹੈ। ਪਹਿਲਾ ਭਾਗ ਨਾਸ਼ਵਾਨ ਹੈ, ਦੂਸਰਾ ਭਾਗ ਕੁਝ ਨਾਸ਼ਵਾਨ ਹੈ ਕੁਝ ਅਬਿਨਾਸ਼ੀ। ਤੀਸਰਾ ਭਾਗ ਪੂਰੀ ਤਰ੍ਹਾਂ ਅਬਿਨਾਸ਼ੀ ਹੈ। ਪਹਿਲੇ ਤੇ ਦੂਸਰੇ ਦੀ ਹੋਂਦ ਤੀਸਰੇ ਕਰਕੇ ਹੀ ਹੈ, ਤੀਸਰੇ ਦੀ ਸ਼ਕਤੀ ਕਰਕੇ ਹੀ ਹੈ, ਪ੍ਰਮਾਤਮਾ, ਅੰਤਮ ਸਤਿ ਹੀ ਜੀਵਨ ਸ੍ਰੋਤ ਹੈ, ਪ੍ਰਕਾਸ਼ ਦਾ ਸ੍ਰੋਤ ਹੈ, ਉਹ ਹੀ ਸਾਰੇ ਸੰਸਾਰ ਨੂੰ ਚਲਾਉਂਦਾ ਹੈ ਤੇ ਜੀਵਨ ਦਿੰਦਾ ਹੈ। ਉਹ ਪ੍ਰਮਾਤਮਾ ਹੀ ਸਭ ਤੋਂ ਉਤਮ ਹੈ ਤੇ ਉਚਾ ਹੈ। ਮਹਾਂਪੁਰਖ ਤੇ ਵੇਦ ਉਸਨੂੰ ਪ੍ਰਮਾਤਮਾ, ਪ੍ਰਭੂ, ਈਸ਼ਵਰ ਕਹਿੰਦੇ ਹਨ।

ਜਗਿਆਸੂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਰੀਰ, ਇੰਦ੍ਰੀਆਂ, ਸ੍ਵਾਸ ਤੇ ਚੇਤਨ ਮਨ ਇਕ ਭਾਗ ਹੈ ਤੇ ਪੂਰਾ ਜੀਵਨ ਹੈ। ਇਹ ਭਾਗ ਸਦਾ ਹੀ ਬਦਲਦਾ ਰਹਿੰਦਾ ਹੈ, ਜਨਮ ਤੋਂ ਮਰਨ ਤਕ ਬਦਲਦਾ ਰਹਿੰਦਾ ਹੈ। ਦੂਸਰਾ ਭਾਗ ਅਚੇਤ ਮਨ ਹੈ, ਇਸ ਵਿਚ ਸਾਰੇ ਸੰਸਕਾਰ, ਯਾਦਾਂ ਜਮ੍ਹਾਂ ਹੁੰਦੀਆਂ

ਹਨ। ਇਹ ਜੀਵ ਨਾਲ ਜੁੜਿਆ ਰਹਿੰਦਾ ਹੈ ਜਿਵੇਂ ਉਸ ਦਾ ਵਾਹਨ ਹੋਵੇ। ਜਦੋਂ ਪਹਿਲਾ ਭਾਗ ਦੂਸਰੇ ਨਾਲੋਂ ਮਰਨ ਉਪਰਾਂਤ ਵਖਰਾ ਹੋ ਜਾਂਦਾ ਹੈ, ਅਚੇਤ ਮਨ ਤੋਂ ਜੀਵ ਆਤਮਾ ਉਸ ਤਰ੍ਹਾਂ ਹੀ ਰਹਿੰਦੀ ਹੈ। ਜਦੋਂ ਜੀਵ ਆਤਮਾ ਵਾਹਨ ਨਾਲੋਂ ਵਖਰੀ ਹੁੰਦੀ ਹੈ ਤੇ ਸਤਿ ਨੂੰ ਪ੍ਰਾਪਤ ਹੁੰਦੀ ਹੈ ਉਦੋਂ ਹੀ ਜਨਮ ਮਰਨ ਦੇ ਗੇੜ ਤੋਂ ਛੁੱਟੀ ਮਿਲਦੀ ਹੈ ਤੇ ਜੀਵ ਮੁਕਤ ਹੁੰਦਾ ਹੈ। ਜਦੋਂ ਸਤਿ ਦੀ ਪ੍ਰਾਪਤੀ ਹੁੰਦੀ ਹੈ ਆਤਮਾ ਦਾ ਪ੍ਰਮਾਤਮਾ ਨਾਲ ਮੇਲ ਹੋ ਜਾਂਦਾ ਹੈ। ਜਗਿਆਸੂ ਨੂੰ ਇਹ ਜਾਣ ਲੈਣਾ ਚਾਹੀਦਾ ਹੈ, ਸਮਝ ਲੈਣਾ ਚਾਹੀਦਾ ਹੈ ਕਿ ਪ੍ਰਮਾਤਮਾ ਦਾ ਨਿਵਾਸ, ਪ੍ਰਭੂ ਦਾ ਨਿਵਾਸ ਅੰਦਰ ਅਤਿ ਸੂਖਮ ਸਰੀਰ ਵਿਚ ਹੀ ਹੈ, ਬਾਹਰ ਦਾ ਸਰੀਰ ਤਾਂ ਕੇਵਲ ਬਾਹਰੀ ਚਾਦਰ ਹੈ। ਜਿਹੜਾ ਪੈਂਡਾ ਸਾਨੂੰ ਪੂਰਾ ਕਰਨਾ ਚਾਹੀਦਾ ਹੈ ਉਹ ਬਾਹਰੀ ਸੰਸਾਰ ਦਾ ਪੈਂਡਾ ਨਹੀਂ, ਉਹ ਤਾਂ ਅੰਦਰ ਦਾ ਪੈਂਡਾ ਹੈ, ਉਹ ਪੈਂਡਾ ਜਿਹੜਾ ਬਾਹਰੀ ਸਰੀਰ ਤੋਂ ਸੂਖਮ ਵਿਚ ਲੈ ਜਾਂਦਾ ਹੈ ਤੇ ਅੰਤ ਵਿਚ ਅਤਿ ਸੂਖਮ ਵਿਚ ਲੈ ਜਾਂਦਾ ਹੈ, ਪ੍ਰਭੂ ਨਾਲ ਮੇਲ ਦਿੰਦਾ ਹੈ।

19. ਹੇ ਭਾਰਤ! ਜੋ ਮੋਹ ਤੋਂ ਛੁਟ ਕੇ ਮੈਨੂੰ ਐਸਾ ਪੁਰਸ਼ੋਤਮ ਜਾਣਦਾ ਹੈ ਉਹ ਸਰਵ ਗਿਆਤਾ ਸਤਿ ਭਾਵ ਨਾਲ ਮੈਨੂੰ ਧਿਆਉਂਦਾ ਹੈ।

20. ਹੇ ਨਿਸ਼ ਪਾਪ ਭਾਰਤ! ਇਹ ਅਤਿ ਗੁਪਤ ਉਪਦੇਸ਼ ਮੈਂ ਸੁਣਾਇਆ ਹੈ ਇਸਨੂੰ ਜਾਣ ਕੇ ਮਨੁੱਖ ਗਿਆਨੀ ਹੋ ਜਾਂਦਾ ਹੈ ਅਤੇ ਉਸ ਦਾ ਸਾਰਾ ਕਰਤਵਯ ਪੂਰਾ ਹੋ ਜਾਂਦਾ ਹੈ।

ਜਦੋਂ ਤਕ ਮਨੁੱਖ ਬਾਹਰੀ ਸੰਸਾਰ ਵਿਚ ਭਰਮਿਆ ਪਿਆ ਹੈ, ਬਾਹਰੀ ਖੇਲ੍ਹ ਤਮਾਸ਼ਿਆਂ ਵਿਚ, ਭਾਂਤ ਭਾਂਤ ਦੀਆਂ ਮਨ ਮੋਹਕ ਵਸਤੂਆਂ ਵਿਚ ਰੁਝਿਆ ਹੋਇਆ ਹੈ ਉਦੋਂ ਤਕ ਉਹ ਵਾਹਿਗੁਰੂ ਦੀ ਮਿਹਰ, ਉਸ ਦੀ ਸ਼ਾਨ ਬਾਨ ਉਸ ਦੇ ਤੇਜ ਪ੍ਰਤਾਪ ਤੋਂ, ਉਸ ਦੇ ਕ੍ਰਿਪਾਲੂ, ਦਿਆਲੂ ਉਸ ਦੀ ਸੁਹਿਰਦਤਾ ਤੋਂ ਬਿਲਕੁਲ ਅਣਜਾਣ ਹੈ। ਜਦੋਂ ਜਗਿਆਸੂ ਨੂੰ ਅੰਤਰ ਬਾਹਰ ਦੋਨਾਂ ਦਾ ਗਿਆਨ ਹੋ ਜਾਂਦਾ ਹੈ, ਇਕ ਵਾਰੀ ਉਹ ਉਸ ਵਾਹਿਗੁਰੂ ਨੂੰ ਜਾਣ ਲੈਂਦਾ ਹੈ ਫੇਰ ਉਹ ਉਸ ਪ੍ਰਭੂ ਦੀ ਪੂਰੀ ਸ਼ਰਧਾ ਨਾਲ ਤੇ ਭਰੋਸੇ ਨਾਲ ਸੇਵਾ ਕਰਦਾ ਹੈ। ਅਰਜਨ ਅਤੇ ਹੋਰ ਜਗਿਆਸੂਆਂ ਨੂੰ ਆਤਮ ਸਿੱਧੀ ਦਾ ਗੁਪਤ ਗਿਆਨ ਬਖਸ਼ਿਆ ਗਿਆ ਹੈ। ਇਹ ਗੁੱਝੇ ਜੰਦਰਿਆਂ ਦੀ ਚਾਬੀ ਹੈ। ਕਿਵੇਂ ਅੰਦਰ ਦੀ ਖੋਜ ਕਰਨੀ ਹੈ, ਆਪਾ ਚੀਨਣਾ ਹੈ, ਜਿਹੜਾ ਆਤਮ ਚੀਨ ਕੇ ਉਸ ਇਕ ਨੂੰ ਅੰਦਰ ਪ੍ਰਾਪਤ ਕਰ ਲਵੇਗਾ, ਆਪਣੀ ਡਿਊਟੀ ਪੂਰੀ ਤਰ੍ਹਾਂ ਕਰਦਾ ਰਹੇਗਾ, ਉਹ ਜੀਵਨ ਆਦੇਸ਼, ਜੀਵਨ ਦੇ ਲਕਸ਼ ਨੂੰ, ਉਸ ਪ੍ਰਭੂ ਨੂੰ ਪ੍ਰਾਪਤ ਹੋ ਜਾਵੇਗਾ।

ਇਹ ਪੰਦਰਵੇਂ ਅਧਿਆਇ ਦਾ ਅੰਤ ਹੈ ਜਿਸ ਵਿਚ ਆਤਮ ਸਿੱਧੀ ਦੇ ਗੁਪਤ ਗਿਆਨ ਦਾ ਵਰਨਣ ਕੀਤਾ ਹੈ।

# ਸੋਲ੍ਹਵਾਂ ਅਧਿਆਇ

## ਅਗਿਆਨੀਆਂ ਦੇ ਤੇ ਰਿਸ਼ੀ ਮੁਨੀਆਂ ਦੇ ਭਾਗ

ਕ੍ਰਿਸ਼ਨ ਜੀ ਬਚਨ ਕਰਦੇ ਹਨ –

1. ਨਿਰਭੈਤਾ, ਚਿੱਤ ਦੀ ਸ਼ੁਧੀ, ਆਤਮ ਗਿਆਨ ਵਿਚ ਨਿਸ਼ਠਾ, ਦਾਨ, ਇੰਦ੍ਰੀਆਂ ਦਾ ਦਮਨ, ਯੱਗ, ਸ਼ਾਸਤ੍ਰ ਵਿਚਾਰ, ਤਪ, ਸਰਲਤਾ।

2. ਅਹਿੰਸਾ, ਸਤਿ, ਕ੍ਰੋਧ ਰਹਿਤ ਤਿਆਗ, ਸ਼ਾਂਤੀ, ਅਨੁਸ਼ਾਸ਼ਨ, ਸਭ ਜੀਵਾਂ ਉਤੇ ਦਇਆ ਕਰਨੀ, ਵਿਸ਼ਿਆਂ ਵਿਚ ਲਿਪਤ ਨਾ ਹੋਣਾ, ਸੁਭਾਵ ਵਿਚ ਕੋਮਲਤਾ, ਸ਼ਰਮ, ਚੰਚਲਤਾ ਦਾ ਨਾ ਹੋਣਾ।

3. ਤੇਜ, ਖਿਮਾ, ਧੀਰਜ, ਪਵਿੱਤਰਤਾ, ਕਿਸੇ ਨਾਲ ਧ੍ਰੋਹ ਨਾ ਕਰਨਾ ਤੇ ਅਭਿਮਾਨ ਰਹਿਤ ਹੋਣਾ। ਹੇ ਭਾਰਤ! ਦੈਵੀ ਸੰਪਤੀ ਵਾਲੇ ਵਿਚ ਇਹ ਗੁਣ ਜਨਮ ਤੋਂ ਹੁੰਦੇ ਹਨ।

ਇਹ ਬਹੁਤ ਅਵਸ਼ਕ ਹੈ ਕਿ ਉਹ ਗੁਣ ਆਪਣੇ ਅੰਦਰ ਪੈਦਾ ਕੀਤੇ ਜਾਣ ਜਿਨ੍ਹਾਂ ਨਾਲ ਆਤਮ ਮਾਰਗ ਸੁਹੇਲਾ ਹੋਵੇ। ਕੁਝ ਇਕ ਗੁਣਾਂ ਤੋਂ ਬਿਨਾਂ ਇਸ ਮਾਰਗ ਦੀਆਂ ਰੁਕਾਵਟਾਂ ਨਹੀਂ ਹਟਾਈਆਂ ਜਾ ਸਕਦੀਆਂ। ਕਈਆਂ ਲਈ ਮਾਰਗ ਸਾਫ ਹੁੰਦਾ ਹੈ ਪਰ ਦੂਸਰਿਆਂ ਲਈ ਇਸ ਤੇ ਬੇਅੰਤ ਔਕੜਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਚੰਗੇ ਗੁਣਾਂ ਦੀ ਬਖਸ਼ਿਸ਼ ਹੁੰਦੀ ਹੈ, ਉਨ੍ਹਾਂ ਨੂੰ ਇਹ ਰਾਹ ਸੌਖਾ ਲਗਦਾ ਹੈ, ਜਦੋਂ ਕਿ ਜਿਨ੍ਹਾਂ ਕੋਲ ਚੰਗੇ ਗੁਣ ਨਹੀਂ ਹੁੰਦੇ ਉਹ ਬਹੁਤ ਔਖੇ ਹੁੰਦੇ ਹਨ। ਉਸ ਇਕ ਪ੍ਰਕਾਸ਼ ਤਕ ਪਹੁੰਚਣ ਲਈ ਰਾਹ ਇਕ ਹੀ ਹੈ ਪਰ ਹਰ ਮਨੁੱਖ ਆਪਣੀਆਂ ਔਕੜਾਂ ਆਪ ਬਣਾ ਲੈਂਦਾ ਹੈ, ਆਪਣੇ ਦੋਖੀ ਬਣਾ ਲੈਂਦਾ ਹੈ ਆਪਣੇ ਲਈ ਰੁਕਾਵਟਾਂ ਖੜ੍ਹੀਆਂ ਕਰ ਲੈਂਦਾ ਹੈ, ਇਸ ਮਾਰਗ ਤੇ ਚਲਣ ਤੋਂ ਪਹਿਲਾਂ ਤਿਆਰੀ ਕਰਨੀ ਜ਼ਰੂਰੀ ਹੈ। ਇਸ ਮਾਰਗ ਤੇ ਤੁਰਨ ਲਈ ਇਹ ਬਹੁਤ ਜ਼ਰੂਰੀ ਹੈ ਕਿ ਆਪਣੇ ਦੁਨਿਆਵੀ ਵਿਚਾਰ ਇਕੱਠੇ ਕਰਕੇ, ਆਪਣੀਆਂ ਇਛਾਵਾਂ, ਸੰਵੇਗ ਜਿਹੜੇ ਜਗਿਆਸੂ ਨੂੰ ਤੰਗ ਕਰਦੇ ਹਨ, ਉਸ ਦੀ ਸ਼ਕਤੀ ਗਾਲਦੇ ਹਨ, ਉਸ ਦੀ ਇੱਛਾ ਸ਼ਕਤੀ ਲੁਟਦੇ ਹਨ, ਉਸ ਦਾ ਮਨੋਬਲ ਖਤਮ ਕਰਦੇ ਹਨ, ਉਨ੍ਹਾਂ ਨੂੰ ਵੈਰਾਗ ਦੀ ਅਗਨੀ ਵਿਚ ਝੋਕ ਦਿਤਾ ਜਾਵੇ। ਇਹ ਗੁਣ ਉਸ ਦਾ ਗਹਿਣਾ ਹਨ। ਇਸ ਦੇ ਵਿਪਰੀਤ ਅਵਗੁਣ ਹਨ। ਸਾਡੇ ਸਾਰਿਆਂ ਵਿਚ ਇਹ ਕਾਬਲੀਅਤ ਹੈ ਕਿ ਅਸੀਂ ਇਹ ਗੁਣ ਧਾਰਨ ਕਰ ਸਕੀਏ ਤੇ ਅਵਗੁਣ ਕੱਢ ਸਕੀਏ ਤੇ ਉਹ ਗੁਣ ਪੈਦਾ ਕਰੀਏ ਜਿਨ੍ਹਾਂ ਨਾਲ ਇਸ ਮਾਰਗ ਤੇ ਚੱਲਣਾ ਸੌਖਾ ਹੋ ਜਾਵੇ।

ਹਰੇਕ ਮਨੁੱਖ ਵਿਚ ਉਹ ਸ਼ਕਤੀ ਹੈ ਜਿਸ ਨਾਲ ਇਸ ਮਾਰਗ ਤੇ ਚੱਲਣ ਦੀ ਤਿਆਰੀ ਕੀਤੀ ਜਾਂਦੀ ਹੈ, ਜੋ ਤੁਹਾਨੂੰ ਅਣਦਿਸਦੇ ਤਕ ਪੁਚਾ ਦਿੰਦਾ ਹੈ। ਸਭ ਤੋਂ ਪਹਿਲਾ ਗੁਣ ਨਿਰਭੈਤਾ ਹੈ। ਮਨ ਦੀ ਨਿਰਮਲਤਾ ਦੂਸਰਾ ਗੁਣ ਹੈ। ਤੀਸਰਾ ਗੁਣ ਹੈ ਕਿ ਬਿਨਾਂ ਪਰਿਆਸ ਛੱਡਿਆ ਲੱਗੇ ਹੀ ਰਹਿਣਾ, ਹਟਣਾ ਨਹੀਂ ਇਸ ਤਰ੍ਹਾਂ ਕਰਨ ਨਾਲ ਅੰਦਰ ਪਹੁੰਚਣ ਵਿਚ ਬਹੁਤ

ਸਹਾਇਤਾ ਮਿਲਦੀ ਹੈ। ਇਨ੍ਹਾਂ ਗੁਣਾਂ ਨਾਲ ਜਗਿਆਸੂ ਉਦਾਰ ਬਣਦਾ ਹੈ ਤੇ ਸਵੈ ਅਨੁਸ਼ਾਸ਼ਕ ਬਣਦਾ ਹੈ। ਇਨ੍ਹਾਂ ਗੁਣਾਂ ਦੀ ਸਹਾਇਤਾ ਨਾਲ ਉਹ ਦਾਨੀ ਬਣ ਕੇ ਆਪਣੀ ਆਤਮ ਮਾਰਗ ਦੀ ਤਰੱਕੀ ਦੇਖਦਾ ਹੈ ਤੇ ਰਿਸ਼ੀਆਂ ਮੁਨੀਆਂ ਦੀ ਸਿਖਿਆ ਦੇਖਦਾ ਹੈ, ਗਰੀਬੀ ਦਾਵੇ ਨਾਲ ਰਹਿਣਾ ਤੇ ਸਪਸ਼ਟ ਤੇ ਸਾਫ ਰਹਿਣਾ ਵੀ ਇਸ ਮਾਰਗ ਤੇ ਚੱਲਣ ਦੇ ਅਤਿ ਜ਼ਰੂਰੀ ਗੁਣ ਹਨ।

ਜਗਿਆਸੂ ਨੂੰ ਇਹ ਗੁਣ ਆਪਣੇ ਅੰਦਰ ਪੈਦਾ ਕਰਨੇ ਚਾਹੀਦੇ ਹਨ ਤੇ ਆਪਣੇ ਨਿਜੀ ਜੀਵਨ ਵਿਚ ਵਰਤਣੇ ਚਾਹੀਦੇ ਹਨ। ਜੋ ਵੀ ਗੁਣ ਗ੍ਰਹਿਣ ਕੀਤੇ ਜਾਣ ਉਨ੍ਹਾਂ ਨੂੰ ਰੋਜ਼ ਦੇ ਜੀਵਨ ਵਿਚ ਵਰਤੋਂ ਵਿਚ ਲਿਆਉਣਾ ਚਾਹੀਦਾ ਹੈ, ਆਪਣੀ ਬੋਲੀ ਵਿਚ ਵਰਤਣਾ ਚਾਹੀਦਾ ਹੈ। ਅਹਿੰਸਾ ਦਾ ਅਭਿਆਸ ਜੀਵ ਜੰਤੂ ਤੇ ਦੂਸਰਿਆਂ ਨਾਲ ਪਿਆਰ ਜਿਤਾਉਂਦਾ ਹੈ। ਮਨ ਬਚਨ ਕਰਮ ਨਾਲ ਝੂਠ ਤੋਂ ਦੂਰ ਰਹਿਣ ਦਾ ਅਭਿਆਸ, ਝੂਠ ਨਾ ਬੋਲਣ ਦਾ ਅਭਿਆਸ, ਮਨੁੱਖ ਨੂੰ ਸੱਚ ਦੀ ਪ੍ਰਾਪਤੀ ਤੇ ਲੈ ਜਾਂਦਾ ਹੈ। ਜਗਿਆਸੂ ਜਦੋਂ ਸਾਰੀਆਂ ਸੁਆਰਥੀ ਇਛਾਵਾਂ ਦਾ ਤਿਆਗ ਕਰ ਦਿੰਦਾ ਹੈ ਉਹ ਦੇਖਦਾ ਹੈ ਕਿ ਕ੍ਰੋਧ ਤੇ ਕਲੇਸ਼ ਸੁਤੇ ਹੀ ਖਤਮ ਹੋ ਜਾਂਦੇ ਹਨ, ਪ੍ਰਸੰਨ ਹੋ ਕੇ ਕਰਮਾਂ ਦੇ ਫਲ ਅਰਪਣ ਕਰ ਦੇਣ ਨਾਲ ਮਨੁੱਖ ਸਾਵਾ ਰਹਿੰਦਾ ਹੈ, ਜਿਹੜੇ ਦੂਸਰਿਆਂ ਲਈ ਦਇਆ ਰਖਦੇ ਹਨ, ਨਿੰਦਿਆ ਨਹੀਂ ਕਰਦੇ, ਦੂਸਰਿਆਂ ਦੀ ਜਾਇਦਾਦ ਦੌਲਤ ਤੇ ਨਿਗ੍ਹਾ ਨਹੀਂ ਰਖਦੇ, ਜਿਹੜੇ ਸਾਊ ਹਨ ਤੇ ਬੁਰਿਆਈਆਂ ਤੋਂ ਪਰ੍ਹੇ ਦੌੜਦੇ ਹਨ ਤੇ ਸਦਾ ਸਮ ਰਹਿੰਦੇ ਹਨ, ਇਕੋ ਜਿਹੇ ਰਹਿੰਦੇ ਹਨ ਉਹ ਇਸ ਮਾਰਗ ਤੇ ਹੀ ਚਲ ਰਹੇ ਹਨ। ਉਹ ਸੂਰਮੇ ਸਦਾ ਹੀ ਦਇਆਲੂ ਹਨ, ਸਦਾ ਹੀ ਬਖਸ਼ਦੇ ਹਨ, ਕਿਸੇ ਨਾਲ ਵੈਰ ਨਹੀਂ ਰਖਦੇ, ਉਨ੍ਹਾਂ ਵਿਚ ਕੋਈ ਅਹੰਕਾਰ ਨਹੀਂ, ਕੋਈ ਅਭਿਮਾਨ ਨਹੀਂ, ਕੋਈ ਹੈਂਕੜ ਨਹੀਂ। ਇਹ ਗੁਣ ਆਤਮ ਮਾਰਗ ਤੇ ਤੁਰਨ ਲਈ ਅਤਿ ਲੋੜੀਂਦੇ ਹਨ। ਜਗਿਆਸੂਆਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਰੂਹਾਨੀਅਤ ਦੇ ਰਸਤੇ ਤੇ ਤੁਰਨ ਲਈ ਇਹ ਗੁਣ ਹੋਣੇ ਬਹੁਤ ਹੀ ਅਵੱਸ਼ਕ ਹਨ। ਹਰੇਕ ਜਗਿਆਸੂ ਨੂੰ ਇਹ ਜਾਨਣਾ ਬਹੁਤ ਜ਼ਰੂਰੀ ਹੈ ਕਿ ਇਨ੍ਹਾਂ ਗੁਣਾਂ ਨਾਲ ਅਧਿਆਤਮਵਾਦ ਦਾ ਰਾਹ ਸੁਹੇਲਾ ਬਣਦਾ ਹੈ।

4. ਹੇ ਪਾਰਥ! ਪਾਖੰਡ, ਘੁਮੰਡ, ਅਭਿਮਾਨ, ਕ੍ਰੋਧ, ਕਠੋਰਤਾ ਤੇ ਅਗਿਆਨਤਾ ਇਹ ਸਭ ਅਸੁਰੀ ਸੰਪਤੀ ਵਾਲੇ ਔਗੁਣ ਹਨ।

ਤੁਸੀਂ ਆਪਣੇ ਭਾਗ ਬਣਾਉਣ ਵਾਲੇ ਆਪ ਹੋ। ਤੁਸੀਂ ਆਪ ਆਪਣੇ ਗੀਤਾਂ ਦੀ ਧੁਨ ਬਣਾ ਸਕਦੇ ਹੋ, ਬਣਾਉਂਦੇ ਹੋ। ਜੋ ਕੁਝ ਵੀ ਤੁਸੀਂ ਦੇਖਦੇ ਹੋ, ਪੜਤਾਲਦੇ ਹੋ, ਉਹ ਤੁਸੀਂ ਆਪ ਹੀ ਕਰ ਰਹੇ ਹੋ, ਤੁਸੀਂ ਆਪ ਹੀ ਆਪਣੇ ਜੀਵਨ ਨੂੰ ਵਿਮੁਕਤ ਕਰਨ ਵਾਲੇ ਹੋ, ਤੁਸੀਂ ਆਪਣਾ ਭਾਗ ਆਪ ਹੀ ਬਣਾਉਂਦੇ ਹੋ। ਜਿਹੜਾ ਮਨੁੱਖ ਅਭਿਮਾਨ, ਕ੍ਰੋਧ, ਸਾਰਹੀਣਤਾ, ਪਾਖੰਡ ਦਾ ਸ਼ਿਕਾਰ ਹੈ, ਉਸ ਵਿਚ ਅਹੰਕਾਰ ਹੈ, ਉਹ ਅਗਿਆਨੀ ਹੈ, ਉਹ ਸਦਾ ਹੀ ਆਤਮ ਅਭਿਮਾਨ ਦੇ ਸੰਤਾਪ ਵਿਚ ਫਸਿਆ ਰਹਿੰਦਾ ਹੈ, ਉਸ ਦੇ ਔਗੁਣ ਅਸੁਰਾਂ ਵਾਲੇ ਹਨ ਅਤੇ ਉਸਨੂੰ ਅਗਿਆਨ ਵਲ ਹੀ ਧਕਦੇ ਹਨ।

ਯੋਗ ਦੀ ਚਕਿਤਸਿਕ ਵਿਧੀ ਦਸਦੀ ਹੈ ਕਿ ਕਿਵੇਂ ਰਾਕਸ਼ੀ ਗੁਣਾਂ ਨੂੰ ਰੂਹਾਨੀ ਗੁਣਾਂ ਨਾਲ ਬਦਲਿਆ ਜਾਵੇ, ਰਾਕਸ਼ੀ ਗੁਣ ਕੱਢ ਕੇ ਤੇ

ਰੂਹਾਨੀ ਗੁਣ ਪੈਦਾ ਕੀਤੇ ਜਾਣ, ਆਤਮ ਮਾਰਗ ਤੇ ਤੁਰਨ ਲਈ ਰੂਹਾਨੀ ਗੁਣਾਂ ਦੀ ਬਹੁਤ ਹੀ ਲੋੜ ਹੈ। ਅੱਜ ਦੇ ਮਨੋਵਿਗਿਆਨੀ ਤੇ ਚਕਿਤਸਿਕ ਇਹੋ ਜਿਹਾ ਕੋਈ ਵੀ ਪ੍ਰੋਗਰਾਮ ਨਹੀਂ ਦਿੰਦੇ, ਕੋਈ ਇਹੋ ਜਿਹੀ ਸਿਖਿਆ ਨਹੀਂ ਦਿੰਦੇ ਜਿਸ ਨਾਲ ਔਗੁਣ ਕੱਢ ਕੇ ਸ਼ੁਧ ਗੁਣਾਂ ਨੂੰ ਪੈਦਾ ਕੀਤਾ ਜਾ ਸਕੇ। ਮਨੋਵਿਗਿਆਨ ਸਾਰੇ ਮਨੁੱਖ ਤੇ ਧਿਆਨ ਨਹੀਂ ਦਿੰਦੇ, ਮਨੁੱਖ ਦੀਆਂ ਸਾਰੀਆਂ ਬਿਰਤੀਆਂ, ਸਮੁੱਚੇ ਜੀਵ ਨੂੰ ਨਹੀਂ ਪਰਖਦੇ, ਨਾ ਹੀ ਸਵੈ ਸੁਧਾਰ ਦੀ ਹੀ ਕੋਈ ਸਿਖਿਆ ਦਿੰਦਾ ਹੈ। ਆਧੁਨਿਕ ਮਨੋਵਿਗਿਆਨ ਤਾਂ ਆਪ ਹੀ ਅਜੇ ਮਨੁੱਖ ਦੇ ਦੁਖਾਂ ਦਾ ਕਾਰਣ ਲੱਭਣ ਦੀ ਤੇ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਸ ਨਾਲੋਂ ਯੋਗ ਮਨੋਵਿਗਿਆਨ ਨੇ ਸਵੈ ਸੁਧਾਰ ਦੇ ਵਧੇਰੇ ਤਰੀਕੇ ਤੇ ਰਸਤੇ ਲੱਭ ਲਏ ਹਨ।

5. ਦੈਵੀ ਸੰਪਤੀ ਦੇ ਗੁਣ ਨਿਰਬੰਧ ਕਰਦੇ ਹਨ, ਅਸੁਰੀ ਗੁਣ ਬੰਧਨ ਵਿਚ ਪਾਉਂਦੇ ਹਨ। ਹੇ ਪਾਂਡਵ! ਤੂੰ ਸੋਚ ਨਾ ਕਰ ਕਿਉਂਕਿ ਤੂੰ ਦੈਵੀ ਗੁਣ ਲੈ ਕੇ ਜਨਮ ਲਿਆ ਹੈ।

ਚੰਗੇ ਗੁਣਾਂ ਨੂੰ ਅਪਣਾ ਕੇ ਇਹ ਅਵਸ਼ਕ ਹੈ ਕਿ ਤੁਸੀਂ ਗਿਆਨ ਦੇ ਪੱਥ ਤੇ ਚਲਦੇ ਹੋ, ਇਹ ਉਹ ਰਸਤਾ ਹੈ ਜਿਸ ਨਾਲ ਮਨੁੱਖ ਬੰਧਨਾਂ ਤੋਂ ਛੁਟਦਾ ਹੈ ਤੇ ਸੁਤੰਤਰ ਹੁੰਦਾ ਹੈ ਪਰ ਜਿਹੜੇ ਅਜੇ ਸੁਚੇਤ ਨਹੀਂ ਹੋਏ, ਅਧਿਆਤਮਵਾਦ ਨੂੰ ਨਹੀਂ ਜਾਣਦੇ, ਉਹ ਚੰਗੇ ਗੁਣਾਂ ਨੂੰ ਅਪਣਾਉਂਦੇ ਹੀ ਨਹੀਂ, ਉਹ ਬੰਧਨ ਵਿਚ ਹੀ ਪਏ ਰਹਿੰਦੇ ਹਨ। ਇਥੇ ਦੋ ਬਹੁਤ ਹੀ ਜ਼ਰੂਰੀ ਗੱਲਾਂ ਹਨ। ਪਹਿਲੀ ਇਹ ਹੈ ਕਿ ਚੰਗੇ ਵਿਚਾਰ, ਚੰਗੇ ਕਰਮ, ਚੰਗੇ ਕੰਮ ਕਰਨੇ, ਇਹ ਕਦੀ ਵੀ ਖਤਮ ਨਹੀਂ ਹੁੰਦੇ। ਜਿਹੜਾ ਜਗਿਆਸੂ ਇਕ ਵਾਰੀ ਰੂਹਾਨੀ ਮਾਰਗ ਤੇ ਤੁਰ ਪੈਂਦਾ ਹੈ ਉਸਨੂੰ ਇਹ ਸਾਰੇ ਗੁਣ ਵਿਰਾਸਤ ਵਿਚ ਮਿਲਦੇ ਹੀ ਮਿਲਦੇ ਹਨ, ਇਹੋ ਜਿਹੇ ਜਗਿਆਸੂ ਲਈ ਅਧਿਆਤਮ ਮਾਰਗ ਸੌਖਾ ਹੋ ਜਾਂਦਾ ਹੈ। ਦੂਸਰੀ ਗੱਲ ਇਹ ਹੈ ਗੁਰੂ ਨੂੰ ਸਦਾ ਹੀ ਸ਼ਿਸ਼ ਨੂੰ ਉਸ ਦੇ ਚੰਗੇ ਗੁਣਾਂ ਬਾਰੇ ਸੁਚੇਤ ਕਰਾਉਂਦੇ ਰਹਿਣਾ ਚਾਹੀਦਾ ਹੈ, ਉਸ ਨੂੰ ਸਿਰਜਨਾਤਮਕ ਗੁਣਾਂ ਬਾਰੇ ਦਸਦੇ ਰਹਿਣਾ ਚਾਹੀਦਾ ਹੈ, ਉਨ੍ਹਾਂ ਗੁਣਾਂ ਬਾਰੇ ਸੁਚੇਤ ਕਰਦੇ ਰਹਿਣਾ ਚਾਹੀਦਾ ਹੈ ਜਿਹੜੇ ਸਵੈ ਪ੍ਰਗਟਾਵੇ ਵਿਚ ਸਹਾਇਕ ਹੋਣ। ਅਰਜਨ ਨੂੰ ਇਸ ਬਾਰੇ ਸੁਚੇਤ ਕੀਤਾ ਜਾਂਦਾ ਹੈ ਕਿ ਉਸ ਦੇ ਅੰਦਰ ਚੰਗੇ ਗੁਣ ਜਮਾਂਦਰੂ ਹਨ।

6. ਹੇ ਪਾਰਥ! ਇਸ ਲੋਕ ਵਿਚ ਦੋ ਪ੍ਰਕਾਰ ਦੇ ਜੀਵਾਂ ਦੀ ਉਤਪਤੀ ਹੈ, ਦੈਵੀ ਤੇ ਅਸੁਰੀ। ਦੈਵੀ ਸਬੰਧੀ ਵਿਸਤਾਰਪੂਰਵਕ ਦੱਸ ਚੁਕੇ ਹਾਂ ਹੁਣ ਅਸੁਰਾਂ ਬਾਰੇ ਸੁਣੋ।

7. ਅਸੁਰੀ ਸੁਭਾਵਾਂ ਵਾਲੇ ਆਦਮੀ ਸੰਸਾਰਕ ਧਰਮਾਂ ਵਿਚ ਨਾ ਪ੍ਰਵਿਰਤ ਹੋਣਾ ਜਾਣਦੇ ਹਨ ਅਤੇ ਨਾ ਹੀ ਉਨ੍ਹਾਂ ਵਿਚੋਂ ਨਿਵਿਰਤ ਹੋਣਾ ਜਾਣਦੇ ਹਨ। ਨਾ ਉਨ੍ਹਾਂ ਵਿਚ ਪਵਿਤਰਤਾ ਹੈ, ਨਾ ਆਚਾਰ, ਨਾ ਸਤਿ ਹੁੰਦਾ ਹੈ।

8. ਉਹ ਕਹਿੰਦੇ ਹਨ ਕਿ ਇਹ ਜਗਤ ਅਸਤਿ, ਨਿਰਾਧਾਰ ਤੇ ਨਿਰ-ਈਸ਼੍ਵਰ ਹੈ, ਪਰਸਪਰ ਮੇਲ ਤੇ ਕਾਮ ਨਾਲ ਉਤਪੰਨ ਹੋਇਆ ਹੋਇਆ ਹੈ।

9. ਇਹ ਨਸ਼ਟ ਚਿੱਤ ਆਤਮਾ ਅਤੇ ਤੁਛ ਬੁੱਧੀ ਵਾਲੇ ਕਰੂਰ ਕਰਮ ਕਰਨ ਵਾਲੇ ਹਨ, ਜਗ ਦੇ ਵੈਰੀ ਹਨ, ਜਗਤ ਦਾ ਨਾਸ਼ ਕਰਨ ਲਈ ਪੈਦਾ ਹੁੰਦੇ ਹਨ।

10. ਇਹ ਦੰਭ, ਮਾਨ ਅਤੇ ਮਦ ਨਾਲ ਯੁਕਤ ਹੋਏ ਪਏ ਹਨ, ਕਾਮਨਾ - ਜਿਸ ਤੋਂ ਇਹ ਕਦੀ ਵੀ ਨਹੀਂ ਰਜਦੇ ਉਸ ਦੇ ਵਸ ਹੋ ਕੇ ਮੋਹ ਕਾਰਨ ਬੁਰੇ ਖਿਆਲ ਰਖਦੇ ਹੋਏ, ਅਸ਼ੁਧ ਭਾਵਨਾ ਨਾਲ ਕਰਮ ਕਰਦੇ ਹਨ।

11. ਇਹ ਮਰਨ ਤਕ ਅਨੇਕ ਪ੍ਰਕਾਰ ਦੀ ਚਿੰਤਾ ਵਿਚ ਪਏ ਰਹਿੰਦੇ ਹਨ ਅਤੇ ਕਾਮਨਾ ਦੇ ਭੋਗ ਨੂੰ ਹੀ ਪਰਮ ਮੰਨਦੇ ਹਨ।

12. ਸੈਂ੍ ਆਸਾ ਰੂਪੀ ਫਾਸ ਨਾਲ ਬੱਝੇ ਹੋਏ ਕਾਮ ਕ੍ਰੋਧ ਦੇ ਆਸਰੇ ਵਿਸ਼ੇ ਭੋਗਾਂ ਲਈ, ਅਨਿਆਇ ਕਰਕੇ ਧਨ ਇਕੱਠਾ ਕਰਦੇ ਹਨ।

13. ਅੱਜ ਮੈਂ ਇਹ ਕੁਝ ਲੱਭਿਆ ਹੈ ਇਹ ਕੁਝ ਹਾਸਲ ਕਰ ਲਵਾਂਗਾ ਅੱਜ ਮੇਰਾ ਐਨਾ ਧਨ ਹੈ, ਕੱਲ੍ਹ ਨੂੰ ਇਹ ਵੀ ਮੇਰਾ ਹੋ ਜਾਊ।

14. ਇਸ ਵੈਰੀ ਨੂੰ ਮੈਂ ਮਾਰ ਲਿਆ ਹੈ, ਦੂਜਿਆਂ ਦੁਸ਼ਮਣਾਂ ਨੂੰ ਵੀ ਮੈਂ ਮਾਰ ਲਵਾਂਗਾ, ਮੈਂ ਈਸ਼ਵਰ ਹਾਂ, ਮੈਂ ਭੋਗਤਾ ਹਾਂ, ਮੈਂ ਸਿੱਧ ਬਲਵਾਨ ਅਤੇ ਸੁਖੀ ਹਾਂ।

15. ਮੈਂ ਧਨੀ ਹਾਂ, ਉਚ ਕੁਲ ਦਾ ਹਾਂ, ਮੇਰੇ ਵਰਗਾ ਹੋਰ ਕੌਣ ਹੈ? ਮੈਂ ਯੱਗ ਕਰਦਾ ਹਾਂ, ਮੈਂ ਦਾਨੀ ਹਾਂ। ਮੈਂ ਖੁਸ਼ ਰਹਿੰਦਾ ਹਾਂ, ਇਸ ਤਰ੍ਹਾਂ ਅਗਿਆਨ ਨਾਲ ਮੋਹਤ ਹੋਏ ਪਏ ਹਨ।

16. ਅਨੇਕ ਚਿਤਵਨਾ ਨਾਲ ਭਰਮੇ ਹੋਏ ਮੋਹ ਜਾਲ ਵਿਚ ਫਸੇ ਹੋਏ, ਕਾਮਨਾ ਦੇ ਭੋਗ ਵਿਚ ਹੀ ਰਤੇ ਇਹ ਘੋਰ ਨਰਕ ਵਿਚ ਡਿਗਦੇ ਹਨ।

17. ਆਪਣੇ ਆਪ ਨੂੰ ਸਭ ਤੋਂ ਅੱਛਾ ਮੰਨਣ ਵਾਲੇ ਹਠ, ਧਨ ਤੇ ਮਾਨ ਦੇ ਨਸ਼ੇ ਵਾਲੇ, ਧਾਰਮਿਕ ਵਿਧੀ ਨੂੰ ਛੱਡ ਕੇ, ਪਾਖੰਡ ਨਾਲ ਕੇਵਲ ਨਾਮ ਮਾਤਰ ਯੱਗ ਕਰਦੇ ਹਨ।

18. ਅਹੰਕਾਰ, ਬਲ, ਗਰਭ, ਕਾਮ, ਕ੍ਰੋਧ ਨਾਲ ਭਰੇ ਹੋਏ ਇਹ ਪਾਪੀ ਆਦਮੀ, ਮੈਨੂੰ, ਆਪਣੇ ਅਤੇ ਹੋਰਾਂ ਦੀ ਦੇਹ ਵਿਚ ਵਸਦੇ ਹੋਏ ਨੂੰ, ਘ੍ਰਿਣਾ ਕਰਦੇ ਹਨ।

19. ਇਨ੍ਹਾਂ ਦੋਖੀਆਂ, ਕਰੂਰਾਂ, ਨਿਰਦਈ ਜਗਤ ਦੇ ਆਦਮੀਆਂ ਵਿਚੋਂ ਬੜੇ ਨੀਚ, ਇਨ੍ਹਾਂ ਨੂੰ ਮੈਂ ਸਦਾ ਅਸੁਰੀ ਜੂਨ ਵਿਚ ਜਨਮ ਲੈਣ ਲਈ ਹੀ ਭੇਜਦਾ ਹਾਂ।

20. ਹੇ ਕੌਂਤੇਯ! ਇਹ ਮੂੜ ਅਸੁਰੀ ਜੂਨ ਵਿਚ ਹੀ ਜਨਮ ਪਾ ਕੇ ਮੈਨੂੰ ਨਾ ਪਾ ਕੇ ਬੜੀ ਨੀਚ ਗਤੀ ਨੂੰ ਪ੍ਰਾਪਤ ਹੁੰਦੇ ਹਨ।

21. ਕਿਹੜੇ ਗੁਣ ਜਗਿਆਸੂ ਵਿਚ ਹੋਣੇ ਚਾਹੀਦੇ ਹਨ, ਇਹ ਦੱਸਣ

ਤੋਂ ਬਾਅਦ ਕ੍ਰਿਸ਼ਨ ਜੀ ਅਰਜਨ ਨੂੰ ਦਸਦੇ ਹਨ ਕਿ ਇਸ ਸੰਸਾਰ ਵਿਚ ਦੋ ਪ੍ਰਕਾਰ ਦੇ ਮਨੁੱਖ ਹਨ, ਇਕ ਉਹ ਜੋ ਧੁਰੋਂ ਗੁਣ ਲੈ ਕੇ ਜਨਮ ਲੈਂਦੇ ਹਨ। ਅਵਗੁਣਾਂ ਵਾਲੇ ਜਾਣਦੇ ਹੀ ਨਹੀਂ ਕਿ ਗੁਣ ਕੀ ਹੁੰਦੇ ਹਨ, ਜਿਸ ਕਰਕੇ ਉਹ ਚੰਗੇ ਕਰਮ ਕਰ ਹੀ ਨਹੀਂ ਸਕਦੇ। ਉਨ੍ਹਾਂ ਨੂੰ ਕਰਮ ਮਾਰਗ ਦਾ ਅਤੇ ਤਿਆਗ ਮਾਰਗ ਦਾ ਪਤਾ ਹੀ ਨਹੀਂ, ਉਹ ਚੰਗੇ ਤੇ ਮਾੜੇ ਵਿਚ ਭੇਦ ਵੀ ਨਹੀਂ ਜਾਣਦੇ। ਉਨ੍ਹਾਂ ਦਾ ਸੁਭਾਅ ਹੀ ਮੰਦੇ ਕੰਮ ਕਰਨਾ ਹੈ ਤੇ ਦੁਖ ਭੋਗਣਾ ਹੈ। ਉਹ ਤਾਂ ਕੇਵਲ ਭੋਗ ਭੋਗਣ ਲਈ ਹੀ ਜੀਉਂਦੇ ਹਨ ਉਹ ਪਵਿਤਰਤਾ ਨੂੰ ਜਾਣਦੇ ਹੀ ਨਹੀਂ। ਉਨ੍ਹਾਂ ਨੂੰ ਝੂਠ ਬੋਲ ਕੇ ਸਵਾਦ ਆਉਂਦਾ ਹੈ ਉਹ ਝੂਠ ਤੇ ਸੱਚ ਦਾ ਭੇਦ ਕਰਦੇ ਹੀ ਨਹੀਂ, ਬਾਹਰੋਂ ਦੇਖਣ ਨੂੰ ਭਾਵੇਂ ਉਹ ਪਵਿੱਤਰ, ਚੰਗੇ, ਸਨੇਹਮਈ ਲਗਦੇ ਹੋਣ ਪਰ ਮਨੋ ਤੇ ਹਿਰਦੇ ਤੋਂ ਉਹ ਇਸ ਤਰ੍ਹਾਂ ਦੇ ਨਹੀਂ ਹੁੰਦੇ।

ਇਹੋ ਜਿਹੇ ਮਨੁੱਖ ਰੱਬ ਵਿਚ ਵਿਸ਼ਵਾਸ਼ ਨਹੀਂ ਰਖਦੇ। ਉਹ ਇਸ ਸੰਸਾਰ ਨੂੰ ਵੀ ਪ੍ਰਭੂ ਦੀ ਕੋਈ ਸੁਚੱਜੀ ਰਚਨਾ ਨਹੀਂ ਜਾਣਦੇ। ਉਹ ਇਹ ਵੀ ਨਹੀਂ ਸਮਝਦੇ ਕਿ ਇਸ ਸੰਸਾਰ ਦੇ ਪਿਛੇ ਚਲਾਉਣ ਵਾਲੀ ਕੋਈ ਸ਼ਕਤੀ ਹੈ। ਉਹ ਇਸ ਦੁਨੀਆਂ ਦੇ ਭੋਗਾਂ ਨੂੰ, ਤਮਾਸ਼ਿਆਂ ਨੂੰ ਹੀ ਉਤਮ ਜਾਣਦੇ ਹਨ, ਉਹ ਸਮਝਦੇ ਹਨ ਕਿ ਸੰਸਾਰ ਨਾ ਤਾਂ ਵਾਹਿਗੁਰੂ ਨੇ ਬਣਾਇਆ ਹੈ ਅਤੇ ਨਾ ਹੀ ਉਹ ਇਸਨੂੰ ਚਲਾ ਰਿਹਾ ਹੈ। ਇਹੋ ਜਿਹੇ ਅਗਿਆਨੀ ਲੋਕ ਭਰਮਾਏ ਹੀ ਰਹਿੰਦੇ ਹਨ ਤੇ ਆਪਣੇ ਆਪ ਨੂੰ ਸਮਝਦੇ ਹਨ ਕਿ ਉਹ ਪੂਰਾ ਮੌਜ ਮੇਲਾ ਮਨਾ ਰਹੇ ਹਨ। ਉਨ੍ਹਾਂ ਦਾ ਜੀਵਨ ਮਨੋਰਥ ਹੈ eat drink and be merry for we shall have to die. ਖਾਓ, ਪੀਓ, ਮੌਜ ਕਰੋ ਕਿਉਂਕਿ ਆਖਰ ਸਭ ਨੇ ਮਰ ਜਾਣਾ ਹੈ। ਇਹ ਸੰਸਾਰ ਨੂੰ ਕੇਵਲ ਮੌਜ ਮੇਲੇ ਮਨਾਉਣ ਦਾ ਹੀ ਸਥਾਨ ਸਮਝਦੇ ਹਨ ਤੇ ਇਹ ਇਸ ਗੱਲ ਵਿਚ ਵਿਸ਼ਵਾਸ਼ ਰਖਦੇ ਹਨ ਕਿ ਜਿੰਨੀ ਮੌਜ ਲੁੱਟਣੀ ਹੈ, ਲੁੱਟ ਲਵੋ ਤੇ ਇਹ ਮੌਜ ਮੇਲੇ ਹੀ ਲਭਦੇ ਰਹਿੰਦੇ ਹਨ।

ਸੰਸਾਰ ਵਿਚ ਭਰਮਾਏ ਲੋਕੀ ਸਦਾ ਦੂਸਰਿਆਂ ਨਾਲ ਇਹ ਹੀ ਮੁਕਾਬਲਾ ਕਰਦੇ ਰਹਿੰਦੇ ਹਨ ਕਿ ਕਿਵੇਂ ਉਹ ਦੂਸਰਿਆਂ ਤੋਂ ਵੱਧ ਭੋਗ ਭੋਗ ਸਕਦੇ ਹਨ। ਉਨ੍ਹਾਂ ਅੰਦਰ ਐਨੀ ਬੁਧੀ ਨਹੀਂ ਕਿ ਉਹ ਦੂਸਰਿਆਂ ਦੀ ਹੋਂਦ ਨੂੰ ਦੇਖ ਸਕਣ ਤੇ ਮੰਨ ਸਕਣ ਉਹ ਸਦਾ ਦੂਸਰਿਆਂ ਲਈ ਦ੍ਵੈਸ਼ ਹੀ ਰਖਦੇ ਹਨ ਅਤੇ ਦੂਸਰਿਆਂ ਦਾ ਬੁਰਾ ਹੀ ਸੋਚਦੇ ਹਨ। ਉਹ ਸਦਾ ਦੂਸਰਿਆਂ ਦੀ ਬਰਬਾਦੀ ਲਈ ਵਿਉਂਤਾ ਹੀ ਬਣਾਉਂਦੇ ਰਹਿੰਦੇ ਹਨ, ਇਸੇ ਹੀ ਉਧੇੜ ਬੁਣ ਵਿਚ ਲੱਗੇ ਰਹਿੰਦੇ ਹਨ ਕਿ ਉਹ ਕਿਵੇਂ ਇਸ ਸੰਸਾਰ ਵਿਚ ਜੇਤੂ ਹੋ ਸਕਦੇ ਹਨ, ਉਹ ਕੇਵਲ ਆਪਣੀ ਸਰੀਰਕ ਤਾਕਤ ਤੇ ਮਾਇਆ ਦੀ ਤਾਕਤ ਵਧਾਉਣ ਵਿਚ ਲੱਗੇ ਰਹਿੰਦੇ ਹਨ ਕਿਉਂਕਿ ਉਹ ਸੋਚਦੇ ਹਨ ਕਿ ਉਸ ਤੋਂ ਵੱਡੀ ਕੋਈ ਤਾਕਤ ਨਹੀਂ। ਸਦਾ ਪਾਖੰਡ ਤੇ ਅਹੰਕਾਰ ਵਿਚ ਲਿਪਟੇ ਉਹ ਸਦਾ ਪਾਪੀ ਵਿਚਾਰਾਂ ਤੇ ਇਛਾਵਾਂ ਦਾ ਹੀ ਸੋਚਦੇ ਰਹਿੰਦੇ ਹਨ। ਇਹ ਹੋਛੇ, ਸੁਆਰਥੀ, ਵੈਰੀ, ਦੁਰਾਚਾਰੀ ਲੋਕ ਹੁੰਦੇ ਹਨ। ਇਹ ਸਦਾ ਹੀ ਹੰਕਾਰ ਨਾਲ ਆਫਰੇ ਰਹਿੰਦੇ ਹਨ ਤੇ ਇਹ ਸੋਚਦੇ ਰਹਿੰਦੇ ਹਨ ਕਿ ਇਹ ਬਹੁਤ ਵੱਡੇ ਹਨ, ਇਨ੍ਹਾਂ ਬਿਨਾਂ ਸਮਾਜ ਚੱਲ ਹੀ ਨਹੀਂ ਸਕਦਾ। ਇਹੋ ਜਿਹੇ ਲੋਕੀ ਬੜੇ ਹਉਮੈਵਾਦੀ ਹੁੰਦੇ ਹਨ। ਉਹ ਸੋਚਦੇ ਹਨ, ਮੈਂ ਹੀ

ਆਪਣਾ ਜੀਵਨ ਚਲਾਉਣ ਵਾਲਾ ਪ੍ਰਮਾਤਮਾ ਹਾਂ, ਮੈਂ ਬਹੁਤ ਵੱਡਾ ਹਾਂ ਕਿਉਂਕਿ ਮੇਰੇ ਕੋਲ ਬਹੁਤ ਪੈਸਾ ਹੈ, ਦੌਲਤ ਹੈ। ਉਹ ਦਾਨ ਦਿੰਦੇ ਹਨ, ਬਲੀ ਚੜ੍ਹਾਉਂਦੇ ਹਨ ਪਰ ਹਉਮੈ ਕਰਕੇ ਅਤੇ ਆਪਣੇ ਦਾਨ ਬਾਰੇ ਦੂਸਰਿਆਂ ਨੂੰ ਦਸਦੇ ਹਨ। ਉਨ੍ਹਾਂ ਦੇ ਵਿਚਾਰ ਅਪਵਿਤਰ ਹੁੰਦੇ ਹਨ ਤੇ ਝੂਠੇ ਹੁੰਦੇ ਹਨ। ਉਹ ਆਪਣੇ ਆਦਰਸ਼ ਦੀ ਪ੍ਰਾਪਤੀ ਲਈ ਬਹੁਤ ਮਿਹਨਤ ਕਰਦੇ ਹਨ, ਉਹ ਆਦਰਸ਼ ਉਨ੍ਹਾਂ ਨੂੰ ਬਰਬਾਦੀ ਵਲ ਲੈ ਜਾਂਦੇ ਹਨ।

ਉਹ ਸਦਾ ਹੀ ਚਿੰਤਾ ਨਾਲ ਘਿਰੇ ਰਹਿੰਦੇ ਹਨ ਤੇ ਸਦਾ ਹੀ ਉਦਾਸ ਰਹਿੰਦੇ ਹਨ। ਇਸੇ ਕਰਕੇ ਹੀ ਉਨ੍ਹਾਂ ਦਾ ਮਨ ਵੀ ਸ਼ਾਂਤ ਨਹੀਂ ਰਹਿੰਦਾ। ਉਹ ਵਿਸ਼ਵਾਸ਼ ਰਖਦੇ ਹਨ ਕਿ ਮਨੁੱਖੀ ਜੀਵਨ ਦਾ ਆਦੇਸ਼ ਕੇਵਲ ਇੰਦਰੀਆਂ ਦੀ ਭੁੱਖ ਨੂੰ ਮਿਟਾਉਣਾ ਹੀ ਹੈ, ਇਹ ਹੀ ਜੀਵਨ ਦਾ ਉਦੇਸ਼ ਹੈ, ਲਕਸ਼ ਹੈ। ਭਾਵੇਂ ਉਹ ਕਿੰਨੇ ਹੀ ਭੋਗ ਕਿਉਂ ਨਾ ਭੋਗ ਲੈਣ, ਕਿੰਨੇ ਹੀ ਮੌਜ ਮੇਲੇ ਕਿਉਂ ਨਾ ਮਾਣ ਲੈਣ ਉਨ੍ਹਾਂ ਦੀ ਤ੍ਰਿਪਤੀ ਕਦੀ ਵੀ ਨਹੀਂ ਹੁੰਦੀ, ਉਹ ਇਸ ਗੱਲ ਦੀ ਵੀ ਪ੍ਰਵਾਹ ਨਹੀਂ ਕਰਦੇ ਕਿ ਉਹ ਪੈਸਾ ਕਿਵੇਂ ਕਮਾਉਂਦੇ ਹਨ, ਭਾਵੇਂ ਉਹ ਕਿੰਨੇ ਧੋਖੇ ਠੱਗੀ ਕਿਉਂ ਨਾ ਕਰਨ, ਦੌਲਤ ਉਨ੍ਹਾਂ ਲਈ ਸਭ ਕੁਝ ਹੈ। ਉਨ੍ਹਾਂ ਦੇ ਵਿਚਾਰ ਵਿਚ ਨਿਆ ਵਰਗੀ ਕੋਈ ਗੱਲ ਹੈ ਹੀ ਨਹੀਂ, ਉਨ੍ਹਾਂ ਦੀਆਂ ਇਛਾਵਾਂ ਬੇਅੰਤ ਤੇ ਨਾ ਤ੍ਰਿਪਤ ਹੋਣ ਵਾਲੀਆਂ ਹਨ, ਜਦੋਂ ਉਨ੍ਹਾਂ ਦੀਆਂ ਇਛਾਵਾਂ ਦੀ ਪੂਰਤੀ ਨਹੀਂ ਹੁੰਦੀ ਉਹ ਫੇਰ ਜੁਰਮ ਕਰਦੇ ਹਨ, ਅਪਰਾਧ ਕਰਦੇ ਹਨ। ਇਨ੍ਹਾਂ ਹੀ ਇਛਾਵਾਂ ਦੇ ਪ੍ਰਭਾਵ ਥੱਲੇ ਉਹ ਸਦਾ ਹੀ ਉਖੜੇ ਰਹਿੰਦੇ ਹਨ, ਵਾਸਤਵ ਦਾ ਕੁਝ ਉਨ੍ਹਾਂ ਨੂੰ ਪਤਾ ਨਹੀਂ, ਉਹ ਸਦਾ ਹੀ ਖਾਲੀ ਰਹਿੰਦੇ ਹਨ, ਇਥੇ ਵੀ ਨਰਕ ਭੋਗਦੇ ਹਨ ਤੇ ਅੱਗੇ ਜਾ ਕੇ ਵੀ ਉਨ੍ਹਾਂ ਨੂੰ ਕੁੰਭੀ ਨਰਕ ਹੀ ਮਿਲਦੇ ਹਨ। ਹੰਕਾਰੀ, ਘੁਮੰਡੀ, ਲੋਭੀ, ਕ੍ਰੋਧੀ ਉਹ ਦੂਸਰਿਆਂ ਨੂੰ ਖਰਾਬ ਕਰਦੇ ਹਨ ਤੇ ਬਰਬਾਦ ਕਰਦੇ ਹਨ। ਹਿੰਸਾ ਕਰਕੇ ਉਹ ਖੁਸ਼ ਹੁੰਦੇ ਹਨ। ਇਛਾਵਾਂ ਨਾਲ ਭਰਪੂਰ ਉਹ ਸਦਾ ਹੀ ਬੇਚੈਨ ਰਹਿੰਦੇ ਹਨ, ਲੜਦੇ ਤੇ ਇਕ ਦੂਸਰੇ ਨੂੰ ਮਾਰਦੇ ਹਨ।

ਇਹ ਬਾਹਰੀ ਸੰਸਾਰ ਦੀ ਚਮਕ ਦਮਕ ਬਹੁਤ ਥੋੜ੍ਹੀ ਦੇਰ ਦੀ ਹੀ ਹੁੰਦੀਹੈ ਇਹ ਛਿਨ ਭੰਗਰ ਹੈ, ਸੁਪਨੇਮਈ ਹੈ, ਇਥੇ ਰਹਿ ਕੇ ਭੋਗਾਂ ਵਿਚ ਫਸ ਕੇ ਕਦੇ ਵੀ ਕੋਈ ਖੁਸ਼ੀ ਪ੍ਰਾਪਤ ਨਹੀਂ ਕਰ ਸਕਿਆ। ਅੰਦਰੋਂ ਹਰ ਮਨੁੱਖ ਸਥਾਈ ਖੁਸ਼ੀ ਸਥਾਈ ਅਨੰਦ ਦੀ ਖੋਜ ਵਿਚ ਭਟਕ ਰਿਹਾ ਹੈ, ਬਾਹਰੀ ਸੰਸਾਰ ਦੀਆਂ ਸਾਰੀਆਂ ਵਸਤੂਆਂ ਨੂੰ ਦੇਖ ਕੇ ਮਨੁੱਖ ਇਸ ਨਤੀਜੇ ਤੇ ਹੀ ਪਹੁੰਚਦਾ ਹੈ ਕਿ ਬਾਹਰੀ ਸੰਸਾਰ ਤਾਂ ਕੇਵਲ ਤੁਛ ਮਾਤਰ ਖੁਸ਼ੀ ਹੀ ਦੇ ਸਕਦਾ ਹੈ ਪਰ ਪਿਆਸ ਨਹੀਂ ਬੁਝਾ ਸਕਦੇ, ਅਸਲੀ ਅਨੰਦ ਦਾ ਭੰਡਾਰ ਤਾਂ ਅੰਦਰ ਹੀ ਹੈ ਬਹੁਤ ਸਾਰੇ ਲੋਕੀ ਤਾਂ ਇਹ ਜਾਣਦੇ ਹੀ ਨਹੀਂ ਇਹ ਸੋਝੀ ਹੀ ਨਹੀਂ ਰਖਦੇ ਕਿ ਇਸ ਜੀਵਨ ਦੇ ਹੋਰ ਪੱਖ ਵੀ ਹਨ ਜਿਹੜੇ ਵਧੇਰੇ ਸੁਹਾਵਣੇ ਤੇ ਪ੍ਰਕਾਸ਼ਮਈ ਹਨ। ਜਗਿਆਸੂ ਨੂੰ ਚਾਹੀਦਾ ਹੈ ਕਿ ਇਹੋ ਜਿਹੇ ਲੋਕਾਂ ਦਾ ਸਾਥ ਨਾ ਕਰੇ ਜਿਹੜੇ ਸੂਝਵਾਨ ਨਾ ਹੋਣ।

ਇਨ੍ਹਾਂ ਸ਼ਲੋਕਾਂ ਵਿਚ, ਉਨ੍ਹਾਂ ਲੋਕਾਂ ਦੀ ਪੂਰੇ ਜ਼ੋਰ ਨਾਲ ਨਖੇਧੀ ਕੀਤੀ ਗਈ ਹੈ ਜੋ ਮਾਇਆ ਵਿਚ ਉਲਝੇ ਪਏ ਹਨ ਤੇ ਇੰਦ੍ਰੀਆਂ ਦੇ ਭੋਗ ਭੋਗ ਰਹੇ ਹਨ। ਇਹ ਸਲੋਕ ਜਗਿਆਸੂ ਨੂੰ ਤਾੜਨਾ ਕਰਦੇ ਹਨ ਕਿ ਇਹੋ

ਜਿਹਿਆਂ ਮਨੁੱਖਾਂ ਦਾ ਸਾਥ ਨਹੀਂ ਕਰਨਾ ਚਾਹੀਦਾ ਤੇ ਇਨ੍ਹਾਂ ਭੋਗਾਂ ਨੂੰ ਭੋਗਣ ਦਾ ਨਤੀਜਾ ਜਾਣ ਲੈਣਾ ਚਾਹੀਦਾ ਹੈ, ਪਰ ਜਿਹੜੇ ਭੋਗਾਂ ਵਿਚ ਪੂਰੀ ਤਰ੍ਹਾਂ ਡੁੱਬੇ ਪਏ ਹਨ ਉਨ੍ਹਾਂ ਲਈ ਇਹ ਤਾੜਨਾਵਾਂ ਕੋਈ ਅਰਥ ਨਹੀਂ ਰਖਦੀਆਂ। ਉਹ ਇਹ ਨਹੀਂ ਜਾਣਦੇ ਕਿ ਉਨ੍ਹਾਂ ਨੂੰ ਕਿੰਨੇ ਜਨਮ ਲੈਣੇ ਪੈਂਦੇ ਹਨ, ਇਨ੍ਹਾਂ ਭੋਗਾਂ ਦੀ ਤ੍ਰਿਪਤੀ ਲੈਣ ਲਈ ਹਜ਼ਾਰਾਂ ਲੱਖਾਂ ਜਨਮ ਲੈਣੇ ਪੈਂਦੇ ਹਨ, ਇਹ ਚੌਰਾਸੀ ਦਾ ਗੇੜ ਮੁੜ ਮੁੜ ਕੇ ਕੱਟਣਾ ਪੈਂਦਾ ਹੈ ਜਦੋਂ ਤਕ ਮਨੁੱਖ ਇਨ੍ਹਾਂ ਭੋਗਾਂ ਵਿਚੋਂ ਨਿਕਲ ਕੇ ਉਸ ਇਕ ਪ੍ਰਭੂ ਦੇ ਪ੍ਰਕਾਸ਼ ਨਾਲ ਨਹੀਂ ਮਿਲਦਾ।

21. ਕਾਮ, ਕ੍ਰੋਧ ਅਤੇ ਲੋਭ ਇਹ ਤਿੰਨੇ ਨਰਕ ਦੇ ਦਰਵਾਜ਼ੇ ਹਨ ਅਤੇ ਆਪਾ ਨਾਸ਼ ਕਰਨ ਵਾਲੇ ਹਨ, ਇਸ ਲਈ ਇਨ੍ਹਾਂ ਤਿੰਨਾਂ ਦਾ ਤਿਆਗ ਜ਼ਰੂਰੀ ਹੈ।

22. ਹੇ ਕੌਂਤਯ! ਜੋ ਆਦਮੀ ਇਨ੍ਹਾਂ ਤਿੰਨਾਂ ਦੁਆਰਿਆਂ ਤੋਂ ਛੁਟ ਜਾਏ ਉਹ ਹੀ ਆਪਣੇ ਆਪ ਦਾ ਭਲਾ ਕਰਦਾ ਹੈ ਤੇ ਪਰਮ ਗਤੀ ਨੂੰ ਪ੍ਰਾਪਤ ਹੁੰਦਾ ਹੈ।

ਜੀਵਨ ਦੀ ਲੰਮੀ ਪੁਸਤਕ ਵਿਚ ਇਹ ਜੀਵਨ ਇਹ ਛੋਟੇ ਜਿਹੇ ਪਹਿਰੇ ਦੀ ਤਰ੍ਹਾਂ ਹੈ ਅਤੇ ਇਹ ਆਉਣ ਵਾਲੇ ਜੀਵਨ ਦੀ ਤਿਆਰੀ ਹੈ, ਜਿਹੜੇ ਇਥੇ ਦੇ ਜੀਵਨ ਨਾਲ ਮੋਹ ਕਰਦੇ ਹਨ ਉਸਨੂੰ ਪਕੜ ਕੇ ਰੱਖਣਾ ਚਾਹੁੰਦੇ ਹਨ, ਜਿਹੜੇ ਲੋਭੀ ਹਨ, ਭੋਗੀ ਹਨ, ਰੰਗ ਰਲੀਆਂ ਨੂੰ ਪੂਰੀ ਤਰ੍ਹਾਂ ਆਪਣੇ ਅੰਦਰ ਵਸਾ ਲੈਣਾ ਚਾਹੁੰਦੇ ਹਨ, ਜਦੋਂ ਉਨ੍ਹਾਂ ਦੇ ਭੋਗ ਪੂਰੇ ਨਹੀਂ ਹੁੰਦੇ ਜਦੋਂ ਉਨ੍ਹਾਂ ਦੀਆਂ ਰੰਗ ਰਲੀਆਂ ਵਿਚ ਬਾਧਾ ਪੈਂਦੀਆਂ ਹਨ ਫੇਰ ਉਹ ਕ੍ਰੋਧਿਤ ਹੁੰਦੇ ਹਨ। ਕਾਮ, ਕ੍ਰੋਧ, ਲੋਭ ਇਹ ਤਿੰਨ ਨਖੇਦੀ ਦੇ ਸੰਵੇਗ ਹਨ ਜਿਹੜੇ ਮਨੁੱਖ ਲਈ ਸੰਤਾਪ ਪੈਦਾ ਕਰਦੇ ਹਨ ਇਥੇ ਹੀ ਨਹੀਂ, ਅੱਗੇ ਚੱਲ ਕੇ ਵੀ ਉਹ ਦੁਖਮਈ ਹੁੰਦੇ ਹਨ। ਜੇ ਉਨ੍ਹਾਂ ਨੂੰ ਭੋਗਣ ਦੇ ਸਾਰੇ ਪਦਾਰਥ ਮਿਲ ਵੀ ਜਾਣ ਇਹੋ ਜਿਹੇ ਮਨੁੱਖ ਤਾਂ ਵੀ ਖੁਸ਼ ਨਹੀਂ ਹੁੰਦੇ, ਉਹ ਸਦਾ ਹੀ ਤ੍ਰਿਪਤੀ ਤੋਂ ਦੂਰ ਹੀ ਰਹਿੰਦੇ ਹਨ, ਜਿਹੜੇ ਪਦਾਰਥ ਉਹ ਜਮਾਂ ਵੀ ਕਰਦੇ ਹਨ ਉਹ ਉਨ੍ਹਾਂ ਨੂੰ ਵੀ ਉਹ ਮਾਣ ਨਹੀਂ ਸਕਦੇ, ਉਨ੍ਹਾਂ ਨੂੰ ਸਦਾ ਇਹ ਹੀ ਡਰ ਲੱਗਾ ਰਹਿੰਦਾ ਹੈ ਕਿ ਉਨ੍ਹਾਂ ਤੋਂ ਇਸ ਸਭ ਕੁਝ ਖੁਸ ਨਾ ਜਾਏ ਤੇ ਹੋਰ ਹੋਰ ਦੀ ਪ੍ਰਾਪਤੀ ਦੇ ਪਿਛੇ ਪਏ ਰਹਿੰਦੇ ਹਨ, ਸੁਆਰਥੀ ਇਛਾਵਾਂ, ਕ੍ਰੋਧ, ਲੋਭ ਇਹ ਨਖੇਧੀ ਦੀਆਂ ਭਾਵਨਾਵਾਂ ਹਨ ਇਨ੍ਹਾਂ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ।

ਇਹੋ ਜਿਹੇ ਅਗਿਆਨੀ ਲੋਕ ਮਰਨ ਤੋਂ ਡਰਦੇ ਹਨ, ਬਹੁਤ ਵਾਰੀ ਉਹ ਬਹੁਤ ਬਹੁਤ ਦਾਨ ਦਿੰਦੇ ਹਨ ਤੇ ਹੋਰ ਭਲਾਈ ਦੇ ਕੰਮ ਕਰਦੇ ਹਨ, ਇਹ ਸਭ ਕੁਝ ਉਹ ਇਹ ਜਾਣ ਕੇ ਕਰਦੇ ਹਨ ਕਿ ਅੱਗੇ ਜਾ ਕੇ ਉਨ੍ਹਾਂ ਨੂੰ ਉਸ ਦਾ ਮੁਕਾਬਲਤਨ ਫਲ ਮਿਲੇਗਾ, ਉਹ ਨਹੀਂ ਜਾਣਦੇ ਕਿ ਇਹ ਸੋਚ ਉਨ੍ਹਾਂ ਦੀ ਠੀਕ ਨਹੀਂ, ਜੋ ਕੁਝ ਵੀ ਅਸੀਂ ਇਸ ਜੀਵਨ ਵਿਚ ਕਰਦੇ ਹਾਂ ਅਸੀਂ ਉਸ ਦੇ ਸੰਸਕਾਰ ਅੱਗੇ ਲੈ ਜਾਂਦੇ ਹਾਂ, ਜੇ ਕੋਈ ਇਸ ਜੀਵਨ ਵਿਚ ਦੁਖੀ ਹੈ ਇਹ ਕਿਵੇਂ ਹੋ ਸਕਦਾ ਹੈ ਕਿ ਉਹ ਅਗਲੇ ਜੀਵਨ ਵਿਚ ਸੁਖੀ

ਹੋਵੇਗਾ? ਆਤਮਕ ਸ਼ਕਤੀ ਨੂੰ ਨਾ ਜਾਣਦੇ ਹੋਏ, ਆਪਣੇ ਅੰਦਰ ਪਏ ਖਜ਼ਾਨੇ ਤੋਂ ਵੀ ਬੇਸੁਧ ਹੁੰਦੇ ਹੋਏ ਉਹ ਦੁਰਬਲ, ਕ੍ਰੋਧੀ, ਕਮਜ਼ੋਰ, ਮਾਇਆ ਵਿਚ ਹੀ ਲਿਪਟੇ ਰਹਿੰਦੇ ਹਨ ਤੇ ਮਰਨ ਤੋਂ ਡਰਦੇ ਰਹਿੰਦੇ ਹਨ। ਸੁਆਰਥੀ ਇਛਾਵਾਂ, ਕ੍ਰੋਧ, ਲੋਭ ਉਨ੍ਹਾਂ ਦੀ ਅੰਦਰ ਦੀ ਸ਼ਕਤੀ ਖਤਮ ਕਰ ਦਿੰਦਾ ਹੈ। ਜਗਿਆਸੂ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਤੋਂ ਆਪਣਾ ਛੁਟਕਾਰਾ ਕਰਾਵੇ। ਸੁਆਰਥੀ ਇਛਾਵਾਂ ਮੋਹ ਦੀਆਂ ਬੇੜੀਆਂ ਜਕੜ ਦਿੰਦੀਆਂ ਹਨ, ਕ੍ਰੋਧ ਅਤੇ ਲੋਭ ਪੈਦਾ ਕਰਕੇ ਕੁੰਭੀ ਨਰਕ ਦੇ ਦਰਵਾਜ਼ੇ ਖੋਲ੍ਹ ਦਿੰਦੀਆਂ ਹਨ। ਕ੍ਰਿਸ਼ਨ ਜੀ ਕਹਿੰਦੇ ਹਨ, ਹੇ ਅਰਜਨ ਜਿਹੜਾ ਇਨ੍ਹਾਂ ਤਿੰਨਾਂ ਅਵਗੁਣਾਂ ਤੋਂ ਜੇ ਜਗਿਆਸੂ ਪੂਰੀ ਤਨ ਦੇਹੀ ਨਾਲ ਇਨ੍ਹਾਂ ਤੋਂ ਛੁਟਕਾਰਾ ਪਾ ਲੈਂਦਾ ਹੈ, ਉਹ ਉਚੀ ਅਵਸਥਾ ਨੂੰ ਅਵੱਸ਼ ਹੀ ਪ੍ਰਾਪਤ ਹੋ ਜਾਂਦਾ ਹੈ।

23. ਜੋ ਮਨੁੱਖ ਧਰਮ ਰੀਤੀ ਨੂੰ ਤਿਆਗ ਕੇ ਕਾਮਨਾ ਦੇ ਪਿਛੇ ਲਗਦਾ ਹੈ ਉਹ ਨਾ ਸਿੱਧੀ, ਨਾ ਸੁਖ ਤੇ ਨਾ ਹੀ ਪਰਮ ਗਤੀ ਨੂੰ ਪ੍ਰਾਪਤ ਹੁੰਦਾ ਹੈ।

24. ਕਰਨ ਤੇ ਨਾ ਕਰਨ ਦੀ ਹਾਲਤ ਵਿਚ ਸਾਸ਼ਤਰਾਂ ਅਪ੍ਰਮਾਣ, ਮਨ ਅਤੇ ਸਾਸ਼ਤ੍ਰ ਵਿਧੀ ਨਾਲ ਨੀਅਤ ਕੀਤੇ ਕਰਮਾਂ ਤੇ ਚਲ।

ਜੀਵਨ ਦਾ ਆਦੇਸ਼ ਪ੍ਰਾਪਤ ਕਰਨ ਲਈ ਜਗਿਆਸੂ ਨੂੰ ਆਪਣੇ ਪੂਰਵਜਾਂ ਦੇ ਪਦ ਚਿੰਨਾਂ ਤੇ ਚਲਣਾ ਚਾਹੀਦਾ ਹੈ, ਉਨ੍ਹਾਂ ਦੇ ਅਭਿਆਸ, ਅਨੁਭਵ ਸਾਸ਼ਤਰਾਂ ਵਿਚ ਦਿਤੇ ਹੋਏ ਹਨ। ਸਹੀ ਸਾਸ਼ਤਰ ਸਾਡਾ ਠੀਕ ਮਾਰਗ ਦਰਸ਼ਨ ਕਰਦੇ ਹਨ ਅਤੇ ਜਗਿਆਸੂ ਨੂੰ ਠੀਕ ਰਾਹ ਦਸਦੇ ਹਨ। ਜਿਹੜਾ ਵੀ ਕੋਈ ਆਪਣੇ ਵੱਡੇ ਵਡੇਰਿਆਂ ਦੀ ਸਿਖਿਆ ਨੂੰ ਛੱਡ ਕੇ ਆਪਣੀ ਮਨ ਮਰਜ਼ੀ ਕਰਦਾ ਹੈ ਉਹ ਕਦੀ ਵੀ ਖੁਸ਼ੀ ਪ੍ਰਾਪਤ ਨਹੀਂ ਕਰਦਾ, ਨਾ ਹੀ ਕਦੀ ਜੀਵਨ ਆਦਰਸ਼ ਨੂੰ ਪ੍ਰਾਪਤ ਕਰ ਸਕਦਾ ਹੈ। ਸਾਡੇ ਵੇਦ ਸਾਸ਼ਤਰ ਸਾਡੇ ਪੱਥ ਪ੍ਰਦਰਸ਼ਨ ਦੇ ਪ੍ਰਮਾਣ ਹਨ ਜਿਹੜੇ ਜਗਿਆਸੂ ਨੂੰ ਹਰ ਕਦਮ ਤੇ ਇਹ ਦਸਦੇ ਹਨ ਕੀ ਕਰਨਾ ਹੈ ਤੇ ਕੀ ਨਹੀਂ ਕਰਨਾ। ਸਾਧਨਾ ਕਰਦਿਆਂ ਜੋ ਵੀ ਅਨੁਭਵ ਹੋਣ ਉਨ੍ਹਾਂ ਨੂੰ ਬੜੀ ਚੰਗੀ ਤਰ੍ਹਾਂ ਵਿਚਾਰਨਾ ਚਾਹੀਦਾ ਹੈ ਦੇਖਣਾ ਚਾਹੀਦਾ ਹੈ, ਸਾਧਨਾ ਕਰਦਿਆਂ ਜੋ ਵੀ ਅਨੁਭਵ ਹੋਣ ਉਨ੍ਹਾਂ ਨੂੰ ਵੇਦ ਸਾਸ਼ਤ੍ਰਾਂ ਦੇ ਗਿਆਨ ਵਿਚ ਹੀ ਵਿਚਾਰਨਾ ਚਾਹੀਦਾ ਹੈ। ਬਹੁਤ ਸਾਰੇ ਮਹਾਂਪੁਰਖ ਅਧਿਆਤਮਵਾਦ ਦੇ ਰਾਹ ਤੇ ਚੱਲ ਚੁਕੇ ਹਨ ਉਹ ਸਾਡੇ ਲਈ ਬਹੁਤ ਸਾਰਾ ਰਿਕਾਰਡ ਵੀ ਛੱਡ ਗਏ ਹਨ ਜਿਸਨੂੰ ਵਾਚ ਕੇ ਅਸੀਂ ਇਹ ਦੇਖ ਸਕਦੇ ਹਾਂ ਕਿ ਅਸੀਂ ਠੀਕ ਚਲ ਰਹੇ ਹਾਂ ਜਾਂ ਗਲਤ। ਕਈ ਨਕਲੀ ਗੁਰੂ ਇਹੋ ਜਿਹੀਆਂ ਕਰਾਮਾਤਾਂ ਕਰਦੇ ਹਨ ਜਿਨ੍ਹਾਂ ਬਾਰੇ ਕਦੇ ਦਿਤੇ ਵੇਦਾਂ ਸਾਸ਼ਤਰਾਂ ਵਿਚ ਦੱਸਿਆ ਹੀ ਨਹੀਂ ਗਿਆ। ਉਹ ਇਸ ਕਰਕੇ ਇਹ ਕਰਾਮਾਤਾਂ ਆਪਣੀ ਮਾਨਤਾ ਵਧਾਉਣ ਲਈ ਕਰਦੇ ਹਨ ਅਤੇ ਆਪਣੀ ਹਉਮੈ ਨੂੰ ਵਧਾਵਾ ਦਿੰਦੇ ਹਨ। ਜਗਿਆਸੂ ਨੂੰ ਸੁਚੇਤ ਰਹਿਣਾ ਚਾਹੀਦਾ ਹੈ ਅਤੇ ਆਧੁਨਿਕ ਗੁਰੂਆਂ ਦੇ ਪਿਛੇ ਨਹੀਂ ਲਗ ਤੁਰਨਾ ਚਾਹੀਦਾ, ਪਹਿਲਾ ਉਸ ਨੂੰ ਜਾਣੋ ਪਰਖੋ ਉਸ ਦੇ ਗਿਆਨ ਦੀ ਤੁਲਨਾ ਸਾਸ਼ਤਰਾਂ ਦੇ ਗਿਆਨ ਨਾਲ ਕਰੋ, ਸਾਸ਼ਤਰ ਜਗਿਆਸੂ ਦਾ ਪੱਥ ਪ੍ਰਦਰਸ਼ਕ ਕਰਦੀਆਂ ਹਨ, ਜੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝਿਆ ਜਾਵੇ, ਇਹ ਨਹੀਂ ਕਿ ਉਨ੍ਹਾਂ ਨੂੰ ਆਪਣੀ ਮਰਜ਼ੀ ਅਨੁਸਾਰ, ਆਪਣੀ ਸੁਵਿਧਾ ਅਨੁਸਾਰ ਉਨ੍ਹਾਂ ਦੀ ਵਿਆਖਿਆ ਕੀਤੀ ਜਾਵੇ। ਇਥੇ ਸੋਲਵਾਂ ਅਧਿਆਇ ਖਤਮ ਹੁੰਦਾ

ਹੈ। ਇਸ ਵਿਚ ਅਧਿਆਤਮਵਾਦ ਦਾ ਯੋਗ ਤੇ ਅਗਿਆਨ ਦੇ ਯੋਗ ਦਾ ਅੰਤਰ ਦੱਸਿਆ ਗਿਆ ਹੈ।

# ਸਤਾਰ੍ਹਵਾਂ ਅਧਿਆਇ

## ਤਿੰਨ ਪ੍ਰਕਾਰ ਦੀ ਸ਼ਰਧਾ

ਅਰਜਨ ਪ੍ਰਸ਼ਨ ਕਰਦਾ ਹੈ –

1. ਹੇ ਕ੍ਰਿਸ਼ਨ ਜਿਹੜੇ ਆਦਮੀ ਸਾਸ਼ਤਰ ਵਿਧੀ ਨੂੰ ਛੱਡ ਦਿੰਦੇ ਹਨ, ਪਰ ਸ਼ਰਧਾ ਪੂਰਵਕ ਯੱਗ ਆਦਿ ਕਰਦੇ ਹਨ ਉਨ੍ਹਾਂ ਦੀ ਕੀ ਗਤੀ ਹੈ? ਉਨ੍ਹਾਂ ਦੀ ਪ੍ਰਵ੍ਰਿਤੀ ਸਾਤਵਿਕ ਹੈ, ਰਾਜਸਿਕ ਹੈ, ਤਾਮਸਿਕ ਹੈ?

2. ਸੁਭਾਵ ਅਨੁਸਾਰ ਲੋਕਾਂ ਦੀ ਸ਼ਰਧਾ ਤਿੰਨ ਪ੍ਰਕਾਰ ਦੀ ਹੁੰਦੀ ਹੈ, ਸਾਤਵਿਕ, ਰਾਜਸੀ ਅਤੇ ਤਾਮਸੀ। ਸੋ ਮੇਰੇ ਪਾਸੋਂ ਸੁਣੋ।

3. ਹੇ ਭਾਰਤ! ਹਰ ਇਕ ਦੀ ਸ਼ਰਧਾ ਉਸ ਦੀ ਪ੍ਰਕ੍ਰਿਤੀ ਅਨੁਸਾਰ ਹੁੰਦੀ ਹੈ। ਜਿਹੋ ਜਿਹੀ ਕਿਸੇ ਦੀ ਪ੍ਰਕ੍ਰਿਤੀ ਹੈ ਉਹੋ ਜਿਹੀ ਉਸ ਦੀ ਸ਼ਰਧਾ। ਮਨੁੱਖ ਸ਼ਰਧਾ ਅਨੁਸਾਰ ਹੀ ਹੋ ਜਾਂਦਾ ਹੈ।

4. ਸਤੋਗੁਣੀ ਦੇਵਤਿਆਂ ਨੂੰ ਪੂਜਦੇ ਹਨ, ਰਜੋ ਗੁਣੀ ਯਕਸ਼ਾਂ ਤੇ ਰਾਖਸ਼ਾਂ ਨੂੰ ਅਤੇ ਹੋਰ ਤਾਮਸੀ ਲੋਕ ਭੂਤਾਂ ਪ੍ਰੇਤਾਂ ਆਦਿ ਨੂੰ ਪੂਜਦੇ ਹਨ।

ਇਸ ਅਧਿਆਇ ਵਿਚ ਅਰਜਨ ਕ੍ਰਿਸ਼ਨ ਜੀ ਨੂੰ ਪੁਛਦਾ ਹੈ ਸ਼ਰਧਾ ਕਿੰਨੇ ਪ੍ਰਕਾਰ ਦੀ ਹੁੰਦੀ ਹੈ, ਸ਼ਰਧਾ ਤੋਂ ਭਾਵ ਹੈ ਪ੍ਰਤੀਤ। ਸ਼ਰਧਾਲੂ ਆਪਣੇ ਪਿਆਰੇ ਤੋਂ ਬਲਿਹਾਰ ਜਾਂਦਾ ਹੈ, ਪੂਰੀ ਪ੍ਰਤੀਤ ਰਖਦਾ ਹੈ, ਪੂਰਾ ਭਰੋਸਾ ਰਖਦਾ ਹੈ। ਮਨੁੱਖਾਂ ਨੂੰ ਉਨ੍ਹਾਂ ਦੇ ਗੁਣਾਂ ਦੇ ਅਨੁਸਾਰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ, ਸਤੋ ਗੁਣੀ, ਰਜੋ ਗੁਣੀ, ਤਮੋ ਗੁਣੀ। ਅਰਜਨ ਇਹ ਗੱਲ ਜਾਨਣਾ ਚਾਹੁੰਦਾ ਹੈ ਕਿ ਉਹ ਕਿਹੜੇ ਗੁਣਾਂ ਵਾਲੇ ਲੋਕ ਹਨ ਜਿਹੜੇ ਸ਼ਰਧਾ ਤਾਂ ਰਖਦੇ ਹਨ ਪਰ ਆਪਣੇ ਗੁਰਾਂ ਦੇ ਬਚਨ ਮੰਨਣ ਨੂੰ ਤਿਆਰ ਨਹੀਂ, ਸਾਸ਼ਤਰਾਂ ਦੀ ਅਤੇ ਵੇਦਾਂ ਦੀ ਸੱਤਾ ਨਹੀਂ ਮੰਨਦੇ। ਕ੍ਰਿਸ਼ਨ ਜੀ ਉਸ ਦਾ ਜਵਾਬ ਦਿੰਦੇ ਹਨ ਕਿ ਕਿਹੜਾ ਗੁਣ ਕਿਸ ਵਿਚ ਪ੍ਰਧਾਨ ਹੋਵੇਗਾ ਉਹ ਉਸਦੇ ਸੰਸਕਾਰਾਂ ਤੇ ਨਿਰਧਾਰਤ ਹੈ, ਉਹ ਸੰਸਕਾਰ ਜਿਹੜੇ ਉਹ ਪਿਛੋਂ ਲੈ ਕੇ ਆਇਆ ਹੈ। ਅਧਿਆਤਮਕ ਲੋਕਾਂ ਵਿਚ ਸਤੋ ਗੁਣਾਂ ਦੀ ਬਹੁਤਤਾ ਹੁੰਦੀ ਹੈ ਜਿਹੜੇ ਵਧੇਰੇ ਕਿਰਿਆਸ਼ੀਲ ਹੁੰਦੇ ਹਨ ਉਨ੍ਹਾਂ ਵਿਚ ਰਜੋ ਗੁਣ ਵਧ ਹੁੰਦੇ ਹਨ, ਜਿਹੜੇ ਢਿੱਲੇ, ਸੁਸਤ, ਮੂਰਖ ਹੁੰਦੇ ਹਨ ਉਹ ਤਮੋ ਗੁਣੀ ਹੁੰਦੇ ਹਨ।

ਕਿਸੇ ਮਨੁੱਖ ਦਾ ਕਿਸ ਤਰ੍ਹਾਂ ਦਾ ਵਿਸ਼ਵਾਸ਼ ਹੈ, ਭਰੋਸਾ ਹੈ ਉਹ ਉਸ ਦੇ ਕੁਦਰਤੀ ਸੁਭਾਅ ਅਨੁਸਾਰ ਹੁੰਦਾ ਹੈ ਜਿਸ ਜਗਿਆਸੂ ਦੀ ਬਿਰਤੀ ਸਤੋ ਗੁਣੀ ਹੈ, ਉਹ ਸਾਰੇ ਅਧਿਆਤਮਕ ਕਾਰਜ ਸਾਸ਼ਤਰਾਂ ਅਨੁਸਾਰ ਹੀ ਕਰਦਾ

ਹੈ। ਜਿਹੜਾ ਪੂਜਾ ਅਰਚਾ ਇਛਾਵਾਂ ਦੀ ਪੂਰਤੀ ਲਈ ਕਰਦਾ ਹੈ ਉਹ ਰਜੋ ਗੁਣੀ ਪੂਜਾ ਹੁੰਦੀ ਹੈ। ਤਾਮਸਿਕ ਗੁਣਾਂ ਵਾਲੀ ਜਿਸ ਦੀ ਸ਼ਰਧਾ ਹੈ, ਭਰੋਸਾ ਹੈ, ਉਹ ਅੰਧਵਿਸ਼ਵਾਸ਼ ਨਾਲ ਸਾਰੇ ਕਰਮ ਕਰਦਾ ਹੈ, ਉਹ ਲੋਕੀ ਕੋਈ ਕੋਸ਼ਿਸ਼ ਨਹੀਂ ਕਰਦੇ। ਸਾਤਵਿਕ ਬਿਰਤੀ ਵਾਲੇ ਆਪਣੀ ਸ਼ਕਤੀ ਚੰਗੇ ਕੰਮ ਕਰਨ ਤੇ, ਰਾਜਸਿਕ ਬਿਰਤੀ ਵਾਲੇ ਆਪਣੀਆਂ ਇਛਾਵਾਂ ਦੀ ਪੂਰਤੀ ਲਈ ਲੱਗੇ ਰਹਿੰਦੇ ਹਨ, ਤਾਮਸਿਕ ਬਿਰਤੀ ਵਾਲੇ ਕੁਝ ਵੀ ਨਹੀਂ ਕਰਦੇ, ਭਾਵੇਂ ਉਹ ਆਸ ਵੀ ਰਖਦੇ ਹਨ, ਉਨ੍ਹਾਂ ਦੀਆਂ ਇਛਾਵਾਂ ਵੀ ਹਨ ਪਰ ਉਨ੍ਹਾਂ ਦੀ ਪੂਰਤੀ ਲਈ ਉਹ ਦੂਸਰਿਆਂ ਤੇ ਨਿਰਭਰ ਰਹਿੰਦੇ ਹਨ।

5. ਜੋ ਲੋਕ ਦੰਭ, ਅਹੰਕਾਰ, ਕਾਮ, ਵਿਸ਼ੇ ਅਤੇ ਬਲ ਸੰਯੁਕਤ ਵਿਧੀ ਵਿਰੁਧ ਤਪ ਕਰਦੇ ਹਨ।

6. ਉਹ ਮੂਰਖ ਪੰਜਾਂ ਭੂਤਾਂ ਦੇ ਸਰੀਰ ਨੂੰ ਅਤੇ ਮੈਨੂੰ ਵੀ ਜੋ ਅੰਤਸ਼ਕਰਣ ਵਿਚ ਸਥਿਤ ਹੈ - ਦੁਖ ਦਿੰਦੇ ਹਨ, ਇਨ੍ਹਾਂ ਨੂੰ ਅਸੁਰੀ ਬਿਰਤੀ ਵਾਲੇ ਜਾਣ।

ਜਿਨ੍ਹਾਂ ਵਿਚ ਤਮੋ ਗੁਣ ਵਧੇਰੇ ਹੁੰਦੇ ਹਨ, ਉਹ ਆਲਸੀ, ਸਿਥਲ ਹੁੰਦੇ ਹਨ ਅਤੇ ਸਦਾ ਹੀ ਦੂਸਰਿਆਂ ਤੇ ਆਪਣੀ ਆਸਾ ਪੂਰਤੀ ਲਈ ਆਸ ਰਖਦੇ ਹਨ। ਜਦੋਂ ਉਹ ਅਭਿਆਸ ਸ਼ੁਰੂ ਕਰਦੇ ਹਨ ਉਨ੍ਹਾਂ ਅਭਿਆਸ ਨੂੰ ਉਹ ਮੋੜਦੇ ਤੋੜਦੇ ਹਨ ਜਿਸ ਤੋਂ ਉਨ੍ਹਾਂ ਦੇ ਅੜੀਅਲ ਸੁਭਾਅ ਦਾ ਪਤਾ ਲਗਦਾ ਹੈ। ਕਈ ਵਾਰੀ ਉਹ ਬਹੁਤ ਤਪਸਿਆ ਕਰਦੇ ਹਨ, ਪਸ਼ਚਾਤਾਪ ਵੀ ਕਰਦੇ ਹਨ ਜੋ ਕਿ ਸਾਸ਼ਤਰਾਂ ਦੇ ਵਿਰੁੱਧ ਹੈ। ਮਿਸਾਲ ਵਜੋਂ ਬਹੁਤ ਸਾਰੇ ਜਗਿਆਸੂ ਕਈ ਕਈ ਦਿਨ ਵਰਤ ਰਖਦੇ ਹਨ, ਕੁਝ ਖਾਂਦੇ ਪੀਂਦੇ ਨਹੀਂ, ਇਹ ਸਭ ਕੁਝ ਉਹ ਆਪਣੀ ਮਾਨਸਿਕ ਸਥਿਤੀ ਨੂੰ ਠੀਕ ਕਰਨ ਲਈ ਆਤਮ ਸ਼ੁਧੀ ਲਈ ਕਰਦੇ ਹਨ। ਉਹ ਸੋਚਦੇ ਹਨ ਵਰਤ ਰੱਖ ਕੇ ਉਨ੍ਹਾਂ ਦੀ ਆਤਮਾ ਤੇ ਸਰੀਰ ਦੋਵੇਂ ਹੀ ਸ਼ੁਧ ਹੋ ਜਾਣਗੇ। ਇਹ ਬੜੇ ਹੀ ਹਠੀ ਹੁੰਦੇ ਹਨ, ਮੌਜੀ ਹੁੰਦੇ ਹਨ ਅਤੇ ਉਹ ਸਾਧਨਾ ਆਪਣੇ ਤਰੀਕੇ ਨਾਲ ਹੀ ਕਰਦੇ ਹਨ ਤੇ ਨਾ ਹੀ ਉਹ ਕਿਸੇ ਸਾਸ਼ਤਰਾਂ ਦੀ ਸਿਖਿਆ ਨੂੰ ਹੀ ਮੰਨਦੇ ਹਨ। ਉਹ ਆਪ ਵੀ ਦੁਖੀ ਹੁੰਦੇ ਹਨ ਤੇ ਦੂਸਰਿਆਂ ਨੂੰ ਵੀ ਦੁਖੀ ਕਰਦੇ ਹਨ। ਇਹੋ ਜਿਹੇ ਜਗਿਆਸੂ ਨਾ ਤਾਂ ਆਪ ਤਰੱਕੀ ਕਰਦੇ ਹਨ, ਨਾ ਹੀ ਇਹ ਆਤਮ ਮਾਰਗ ਤੇ ਚੱਲਣ ਦੀ ਸਮਰੱਥਾ ਰਖਦੇ ਹਨ।

ਸਰੀਰਕ ਸੰਜਮ ਤੇ ਅਤਿਵਾਦ ਜਿਵੇਂ ਕਿ ਬਹੁਤ ਖਾਣਾ, ਬਹੁਤ ਸੌਣਾ ਚਿੰਤਾ ਵਿਚ ਹਰ ਸਮੇਂ ਲਿਪਟੇ ਰਹਿਣਾ ਇਹ ਤਮੋ ਗੁਣਾ ਕਰਕੇ ਹੀ ਹੈ। ਜਗਿਆਸੂ ਨੂੰ ਚਾਹੀਦਾ ਹੈ ਆਪਣੇ ਜੀਵਨ ਵਿਚ ਸੰਤੁਲਨ ਲਿਆਵੇ ਜਦੋਂ ਮਨੁੱਖ ਆਪਣੀ ਯੋਗਤਾ, ਸਮਰੱਥਾ ਤੋਂ ਜਾਣੂੰ ਹੋ ਜਾਂਦਾ ਹੈ ਫੇਰ ਉਹ ਅਤਿ ਤੇ ਨਹੀਂ ਜਾਂਦਾ। ਜਿਹੜਾ ਜਗਿਆਸੂ ਆਪਣੇ ਸਰੀਰ ਨੂੰ, ਮਨ ਨੂੰ ਤੇ

ਆਤਮਾ ਨੂੰ ਦੁਖੀ ਕਰਦਾ ਹੈ ਉਹ ਆਤਮ ਮਾਰਗ ਤੇ ਚੱਲਣ ਦੇ ਯੋਗ ਨਹੀਂ।

7. ਭੋਜਨ ਵੀ ਜੋ ਜੋ ਕਿਸੇ ਨੂੰ ਚੰਗਾ ਲਗਦਾ ਹੈ ਉਹ ਤਿੰਨ ਪ੍ਰਕਾਰ ਦਾ ਹੈ। ਯੱਗ, ਤਪ ਦਾਨ ਭੀ ਤਿੰਨ ਪ੍ਰਕਾਰ ਦੇ ਹਨ ਇਨ੍ਹਾਂ ਦੇ ਭੇਦ ਨੂੰ ਸੁਣ।

8. ਉਮਰ, ਸਤਿ, ਬਲ ਅਰੋਗਤਾ ਸੁਖ ਅਤੇ ਪ੍ਰੀਤ ਨੂੰ ਵਧਾਉਣ ਵਾਲੇ ਰਸ ਅਤੇ ਚਿਕਨਾਹਟ ਨਾਲ ਯੁਕਤ ਆਪਣੇ ਰਸ ਅੰਸ ਨਾਲ ਦੇਰ ਤਕ ਦੇਹ ਵਿਚ ਰਹਿਣ ਵਾਲੇ ਅਤੇ ਮਨ ਖੁਸ਼ ਕਰਨ ਵਾਲੇ ਅਹਾਰ, ਸਾਤਵਿਕੀ ਲੋਕਾਂ ਨੂੰ ਅੱਛੇ ਲਗਦੇ ਹਨ।

9. ਕੌੜੇ, ਖੱਟੇ ਲੂਣ ਵਾਲੇ, ਬਹੁਤ ਮਿਰਚਾਂ ਮਿਸਾਲੇ ਵਾਲੇ, ਤੇਜ਼ ਖੁਸ਼ਕ ਜਲਣ ਪੈਦਾ ਕਰਨ ਵਾਲੇ ਖਾਣੇ ਰਜੋ ਗੁਣ ਵਾਲਿਆਂ ਨੂੰ ਚੰਗੇ ਲਗਦੇ ਹਨ। ਜਿਨ੍ਹਾਂ ਦੇ ਖਾਣ ਨਾਲ ਦੁੱਖ ਰੋਗ ਤੇ ਸ਼ੌਕ ਪੈਦਾ ਹੁੰਦੇ ਹਨ।

10. ਅੱਧਾ ਪੱਕਾ, ਰਸ ਹੀਨ ਸੜਿਆ ਹੋਇਆ ਬਾਸੀ, ਜੂਠਾ, ਗੰਦਾ ਖਾਣਾ, ਤਮੋ ਗੁਣ ਵਾਲਿਆਂ ਨੂੰ ਅੱਛਾ ਲਗਦਾ ਹੈ।

ਜਦੋਂ ਤੁਸੀਂ ਜਗਿਆਸੂਆਂ ਦਾ ਵਤੀਰਾ ਦੇਖਦੇ ਹੋ ਤਾਂ ਤਿੰਨ ਗੁਣ ਉਨ੍ਹਾਂ ਦੇ ਕਰਮਾਂ ਵਿਚ ਉਭਰ ਕੇ ਆਉਂਦੇ ਹਨ- ਇਥੋਂ ਤਕ ਕਿ ਜਦੋਂ ਉਹ ਦਾਨ ਵੀ ਦਿੰਦੇ ਹਨ ਤਾਂ ਵੀ ਇਹ ਤਿੰਨ ਗੁਣ ਬਹੁਤ ਹੀ ਸਪਸ਼ਟ ਹੁੰਦੇ ਹਨ। ਜਿਹੜੇ ਦਿਆਲੂ ਹੁੰਦੇ ਹਨ ਦੂਸਰਿਆਂ ਨੂੰ ਪਿਆਰ ਕਰਦੇ ਹਨ ਉਹ ਜਦੋਂ ਦਾਨ ਦਿੰਦੇ ਹਨ ਉਹ ਬਿਨਾਂ ਕਿਸੇ ਆਸ ਦੇ ਬਿਨਾਂ ਕੁਝ ਉਮੀਦ ਦੇ ਦਾਨ ਦਿੰਦੇ ਹਨ ਪਰ ਜਿਹੜੇ ਸੁਆਰਥੀ ਹੋ ਕੇ ਦਾਨ ਦਿੰਦੇ ਹਨ, ਸੁਆਰਥੀ ਹੋ ਕੇ ਕਰਮ ਕਰਦੇ ਹਨ ਆਪਣੀ ਮਾਨਤਾ ਲਈ ਆਪਣੀ ਵਾਹ ਵਾਹ ਲਈ ਕਰਮ ਕਰਦੇ ਹਨ ਉਹ ਰਾਜਸਿਕ ਤੇ ਤਾਮਸਿਕ ਲੋਕੀ ਹੁੰਦੇ ਹਨ।

ਅਸੀਂ ਸਾਰੇ ਇਹ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਖਾਣਾ ਪੀਣਾ ਜੀਵਨ ਵਿਚ ਬਹੁਤ ਵੱਡੀ ਮਹੱਤਤਾ ਰਖਦਾ ਹੈ। ਸਭ ਤੋਂ ਵੱਧ ਵਿਕਣ ਵਾਲੀਆਂ ਪੁਸਤਕਾਂ ਗ੍ਰੰਥ ਨਹੀਂ ਹਨ, ਨਾ ਹੀ ਧਾਰਮਿਕ ਪੁਸਤਕਾਂ ਹਨ ਸਭ ਤੋਂ ਵੱਧ ਵਿਕਣ ਵਾਲੀਆਂ ਪੁਸਤਕਾਂ ਖਾਣ ਪੀਣ ਵਾਲੀਆਂ ਪੁਸਤਕਾਂ ਹਨ। ਅੱਜ ਦੇ ਸਮੇਂ ਵਿਚ ਸਾਡੀਆਂ ਖਾਣ ਪੀਣ ਦੀਆਂ ਆਦਤਾਂ ਨੇ ਅਨਰਥ ਲੈ ਆਂਦਾ ਹੈ ਭਾਵੇਂ ਉਹ ਪੂਰਬ ਹੈ, ਭਾਵੇਂ ਉਹ ਪੱਛਮ ਹੈ। ਅੱਜ ਦਾ ਮਨੁੱਖ ਖਾਣ ਪੀਣ ਲਈ ਖਬਤੀ ਹੋਇਆ ਪਿਆ ਹੈ ਇਥੋਂ ਤਕ ਲਗਣ ਲਗ ਪਿਆ ਹੈ ਜਿਵੇਂ ਮਨੁੱਖ ਜੰਮਿਆ ਹੀ ਖਾਣ ਪੀਣ ਲਈ ਹੋਵੇ। ਅੱਜ ਦਾ ਮਨੁੱਖ ਕਿਤੇ ਵੱਧ ਖਾਣ ਲਗ ਪਿਆ ਹੈ ਅਤੇ ਉਸਨੂੰ ਇਹ ਵੀ ਨਹੀਂ ਪਤਾ ਕਿ ਪੌਸ਼ਟਿਕ

ਆਹਾਰ ਕੀ ਹੈ। ਸੁਆਦ ਵਧੇਰੇ ਜ਼ਰੂਰੀ ਹੋ ਗਿਆ ਹੈ ਪੌਸ਼ਟਿਕਤਾ ਦੂਸਰੇ ਸਥਾਨ ਤੇ ਰਹਿ ਗਈ ਹੈ। ਅਸੀਂ ਕੁਦਰਤੀ ਅਹਾਰ ਨੂੰ ਛੱਡ ਕੇ ਦੂਸਰੇ ਅਹਾਰਾਂ ਦੇ ਪਿਛੇ ਵਧੇਰੇ ਪਏ ਹੋਏ ਹਾਂ। ਸਾਡੇ ਲਈ ਭੋਜਨ ਦੀ ਕਦਰ ਕੀਮਤ ਖਤਮ ਹੋ ਗਈ ਹੈ ਅਸੀਂ ਅੱਜ ਬਿਲਕੁਲ ਗਲਤ ਭੋਜਨ ਖਾ ਰਹੇ ਹਾਂ, ਜਿਹੜਾ ਸਾਡੇ ਲਈ ਬਹੁਤ ਹੀ ਹਾਨੀਕਾਰਕ ਹੈ।

ਨਾ ਤਾਂ ਅਸੀਂ ਤਾਜ਼ਾ ਭੋਜਨ ਖਾਂਦੇ ਹਾਂ, ਨਾ ਹੀ ਪੌਸ਼ਟਿਕ ਭੋਜਨ ਖਾਂਦੇ ਹਾਂ। ਅਸੀਂ ਵਧੇਰੇ ਖਾਂਦੇ ਹਾਂ, ਬਾਸੀ ਖਾਂਦੇ ਹਾਂ, ਭਾਰਾ ਭੋਜਨ ਖਾਂਦੇ ਹਾਂ, ਤਲਿਆ ਹੋਇਆ ਵਧੇਰੇ ਖਾਂਦੇ ਹਾਂ, ਮਿਰਚ ਮਿਸਾਲੇ ਵਧੇਰੇ ਖਾਂਦੇ ਹਾਂ, ਜਿਸ ਨਾਲ ਬਿਮਾਰੀਆਂ ਪੈਦਾ ਹੁੰਦੀਆਂ ਹਨ। ਮਨ ਤੇ ਸਰੀਰ ਨੂੰ ਵੱਖ ਨਹੀਂ ਕੀਤਾ ਜਾ ਸਕਦਾ ਜੇ ਸਰੀਰ ਨੂੰ ਚੰਗਾ ਅਹਾਰ ਨਾ ਮਿਲੇ ਉਹ ਮਨ ਤੇ ਵੀ ਅਸਰ ਕਰਦਾ ਹੈ। ਸਾਡੇ ਵਡੇਰੇ ਕਹਿੰਦੇ ਸਨ 'ਜੇਹਾ ਅੰਨ ਤੇਹਾ ਮੰਨ' ਤਾਮਸਿਕ ਭੋਜਨ ਨਾਲ ਮਨ ਸਥੂਲ ਆਲਸੀ ਹੋ ਜਾਂਦਾ ਹੈ, ਸੁਸਤ ਪੈ ਜਾਂਦਾ ਹੈ। ਦੂਸਰੇ ਪਾਸੇ ਰਾਜਸਿਕ ਭੋਜਨ ਮਨ ਨੂੰ ਬੇਚੈਨ ਕਰਦਾ ਹੈ, ਚਿੰਤਾਵਾਂ ਵਧਾਉਂਦਾ ਹੈ, ਮਿਹਦੇ ਅਤੇ ਗੁਰਦੇ ਨੂੰ ਖਰਾਬ ਕਰਦਾ ਹੈ, ਰਾਜਸਿਕ ਭੋਜਨ ਇੰਦ੍ਰੀਆਂ ਨੂੰ ਤ੍ਰਿਪਤ ਕਰਦਾ ਹੈ ਪਰ ਸਰੀਰ ਤੇ ਮਨ ਲਈ ਇਹ ਠੀਕ ਨਹੀਂ। ਜਿਹੜੇ ਆਤਮ ਮਾਰਗ ਤੇ ਚਲਣਾ ਚਾਹੁੰਦੇ ਹਨ ਉਨ੍ਹਾਂ ਲਈ ਇਹ ਭੋਜਨ ਬਿਲਕੁਲ ਹੀ ਠੀਕ ਨਹੀਂ, ਜਗਿਆਸੂਆਂ ਲਈ ਇਹ ਹੀ ਕਿਹਾ ਜਾਂਦਾ ਹੈ ਕਿ ਉਹ ਸੁਚੱਜੀ ਤਰ੍ਹਾਂ ਦੇਖ ਕੇ ਸੋਹਣੀ ਤਰ੍ਹਾਂ ਪਵਿਤਰਤਾ ਨਾਲ ਤਿਆਰ ਕੀਤਾ, ਸ਼ੁਧ ਸ਼ਾਕਾਹਾਰੀ ਭੋਜਨ ਹੀ ਖਾਣ, ਤਾਂ ਹੀ ਉਨ੍ਹਾਂ ਲਈ ਠੀਕ ਹੈ। ਉਹ ਭੋਜਨ ਜਿਸ ਨਾਲ ਨਾ ਤਾਂ ਸੁਸਤੀ ਆਵੇ, ਨਾ ਭਾਰਾਪਨ ਆਵੇ, ਨਾ ਉਹ ਬੇਚੈਨੀ ਪੈਦਾ ਕਰੇ, ਨਾ ਸੁਸਤੀ ਪੈਦਾ ਕਰੇ ਅਤੇ ਨਾ ਹੀ ਵੱਧ ਨੀਂਦ ਲਿਆਵੇ, ਭਾਵ ਇਹ ਕਿ ਜਗਿਆਸੂ ਨੂੰ ਸਤੋ ਗੁਣੀ ਭੋਜਨ ਹੀ ਕਰਨਾ ਚਾਹੀਦਾ। ਜਿਹੜੇ ਸਾਤਵਿਕ ਭੋਜਨ ਕਰਦੇ ਹਨ ਉਹ ਸ਼ਾਂਤ, ਚੁੱਪ, ਗੰਭੀਰ ਰਹਿੰਦੇ ਹਨ। ਜਿਹੜੇ ਰਾਜਸਿਕ ਪ੍ਰਸ਼ਾਦਾ ਛਕਦੇ ਹਨ ਉਹ ਸਦਾ ਖਿਝੇ ਖਿਝੇ, ਕ੍ਰੋਧ ਵਿਚ ਅਤੇ ਚਿੰਤਾ ਵਿਚ ਰਹਿੰਦੇ ਹਨ। ਜਿਹੜੇ ਅਸ਼ੁਧ ਭੋਜਨ ਖਾਂਦੇ ਹਨ, ਤਲੀਆਂ ਚੀਜ਼ਾਂ ਖਾਂਦੇ ਹਨ, ਸ਼ਰਾਬ ਪੀਂਦੇ ਹਨ ਉਹ ਮਾਨਸਿਕ ਪੱਖੋਂ ਤੇ ਸਰੀਰ ਵਲੋਂ ਕਸ਼ਟ ਵਿਚ ਰਹਿੰਦੇ ਹਨ।

ਖਾਣ ਦਾ ਪ੍ਰਭਾਵ ਤੁਹਾਡੀ ਸੋਚ, ਕਰਨੀ ਤੇ ਕਰਮਾਂ ਤੇ ਵੀ ਪੈਂਦਾ ਹੈ, ਭਾਵ ਕਿ ਇਸ ਦਾ ਪ੍ਰਭਾਵ ਸਮੁੱਚੇ ਵਤੀਰੇ ਤੇ ਪੈਦਾ ਹੈ, ਖੁਰਾਕ ਤੇ ਵਾਤਾਵਰਣ ਦੋ ਇਹੋ ਜਿਹੀਆਂ ਚੀਜ਼ਾਂ ਹਨ ਜਿਨ੍ਹਾਂ ਦਾ ਪ੍ਰਭਾਵ ਸਾਧਨਾ ਤੇ ਪੈਂਦਾ ਹੈ। ਸ਼ਾਂਤ, ਚੁੱਪ, ਗੰਭੀਰ ਵਾਤਾਵਰਣ, ਸਾਦਾ, ਤਾਜ਼ਾ ਤੇ ਪੌਸ਼ਟਿਕ ਆਹਾਰ ਇਕ ਸਾਧਕ ਲਈ ਬਹੁਤ ਅਵਸ਼ਕ ਹਨ।

11. ਜੋ ਯੱਗ ਸ਼ਾਸ਼ਤਰ ਅਨੁਸਾਰ ਫਲ ਦੀ ਵਾਸ਼ਨਾ ਤਿਆਗ ਕੇ, ਇਸੇ ਲਈ ਕੀਤਾ ਜਾਵੇ ਕਿ ਇਸ ਦਾ ਕਰਨਾ ਧਰਮ ਹੈ, ਇਹ ਸਾਤਵਿਕ

ਹੈ।

12. ਹੇ ਭਾਰਤ ਸ੍ਰੇਸ਼ਟ! ਜੋ ਯੱਗ ਫਲ ਦੀ ਵਾਸ਼ਨਾ ਕਰਕੇ ਅਤੇ ਦੰਭ ਅਰਥ ਕੀਤਾ ਜਾਵੇ ਉਹ ਰਾਜਸੀ ਹੈ।

13. ਸਾਸ਼ਤਰ ਵਿਧੀ ਤੋਂ ਹੀਣ, ਅੰਨ ਦਾਨ ਤੋਂ ਰਹਿਤ, ਮੰਤਰ ਤੋਂ ਬਿਨਾਂ, ਦੱਛਣਾ ਬਗੈਰ ਅਤੇ ਸ਼ਰਧਾ ਵਿਹੂਣ ਜੋ ਯੱਗ ਕੀਤਾ ਜਾਵੇ ਉਹ ਤਾਮਸੀ ਹੈ।

ਕ੍ਰਿਸ਼ਨ ਜੀ ਬਚਨ ਕਰਦੇ ਹਨ ਕਿ ਸਾਤਵਿਕ ਤਰੀਕੇ ਨਾਲ ਕੀਤਾ ਯੱਗ ਬਿਨਾਂ ਕਿਸੇ ਆਸ ਤੇ ਜਾਂ ਕਿਸੇ ਕਿਸਮ ਦੇ ਫਲ ਦੀ ਆਸ ਰੱਖਣ ਤੋਂ ਬਿਨਾਂ ਕੀਤਾ ਯੱਗ ਸਾਤਵਿਕ ਯੱਗ ਹੈ। ਜਦੋਂ ਤੁਸੀਂ ਕਿਸੇ ਲਈ ਕਰਮ ਕਰਦੇ ਹੋ ਤੇ ਫਲ ਵੀ ਦੂਸਰਿਆਂ ਨੂੰ ਹੀ ਸਮਰਪਣ ਕਰਦੇ ਹੋ ਆਪ ਕਿਸੇ ਚੀਜ਼ ਦੀ ਆਸ ਨਹੀਂ ਰਖਦੇ, ਉਹ ਹੀ ਵਾਸਤਵਿਕ ਭਗਤੀ ਹੈ। ਯੱਗ, ਦਾਨ ਤੋਂ ਭਾਵ ਹੈ, ਜੋ ਕੁਝ ਵੀ ਸਭ ਤੋਂ ਸੋਹਣਾ ਹੋਵੇ, ਚੰਗਾ ਹੋਵੇ ਉਹ ਹੀ ਪ੍ਰਭੂ ਨੂੰ ਭੇਟ ਕਰਨਾ, ਦੂਸਰੇ ਨੂੰ ਭੇਟ ਕਰਨਾ, ਪ੍ਰਭੂ ਹੀ ਸਭ ਵਿਚ ਵਸਦਾ ਹੈ ਜੋ ਵੀ ਕੁਝ ਤੁਸੀਂ ਦੂਸਰੇ ਨੂੰ ਭੇਟ ਕਰਦੇ ਹੋ ਉਹ ਪ੍ਰਭੂ ਨੂੰ ਹੀ ਭੇਟ ਕਰਦੇ ਹੋ, ਇਹੋ ਜਿਹਾ ਕਰਮ ਸਾਤਵਿਕ ਕਰਮ ਹੈ, ਸਾਸ਼ਤਰ ਇਹੋ ਜਿਹੇ ਕਰਮ ਨੂੰ ਉਤਮ ਕਰਮ ਕਹਿੰਦੇ ਹਨ। ਇਸ ਤੋਂ ਉਲਟ ਜੋ ਕਰਮ ਕੋਈ ਫਲ ਦੀ ਆਸ ਰੱਖ ਕੇ ਜਾਂ ਕਿਸੇ ਇੱਛਾ ਪੂਰਤੀ ਲਈ ਕੀਤੇ ਜਾਂਦੇ ਹਨ ਉਹ ਰਾਜਸਿਕ ਕਹਾਉਂਦੇ ਹਨ ਉਹ ਕਰਮਕਾਡਾਂ ਲਈ ਕੀਤੇ ਜਾਂਦੇ ਹਨ, ਡਰ ਨਾਲ ਕੀਤੇ ਜਾਂਦੇ ਹਨ, ਦੇਣ ਦੇ ਭਾਵ ਤੋਂ ਬਿਨਾਂ ਕੀਤੇ ਜਾਂਦੇ ਹਨ, ਕਿਸੇ ਨੂੰ ਧਿਆਨ ਵਿਚ ਰੱਖੇ ਬਿਨਾਂ ਕੀਤੇ ਜਾਂਦੇ ਹਨ, ਉਹ ਤਾਮਸਿਕ ਹੁੰਦੇ ਹਨ।

ਅੱਜ ਦੇ ਸਮੇਂ ਵਿਚ ਸਮਾਜ ਦਾ ਵਤੀਰਾ ਇਹ ਹੋ ਗਿਆ ਹੈ ਕਿ ਉਹ ਕਿਸੇ ਲਈ ਕੁਝ ਕਰ ਹੀ ਨਹੀਂ ਸਕਦੇ ਬਹੁਤ ਸਾਰੇ ਇਹੋ ਜਿਹੇ ਤੁਸੀਂ ਦੇਖੋਗੇ ਕਿ ਮਨੋਚਿਕਿਤਸਾ ਵਿਚ ਗਏ ਹੋਣਗੇ। ਇਹ ਆਪਣੇ ਆਪ ਵਿਚ ਹੀ ਰੁਝੇ ਰਹਿੰਦੇ ਹਨ ਆਪਣੀਆਂ ਚਿੰਤਾਵਾਂ ਵਿਚ ਆਪਣੀਆਂ ਆਸਾਂ ਤੇ ਨਿਰਾਸਤਾਵਾਂ ਵਿਚ ਹੀ ਡੁੱਬੇ ਰਹਿੰਦੇ ਹਨ। ਜੇ ਚਿਕਿਤਸਕ ਉਨ੍ਹਾਂ ਦਾ ਧਿਆਨ ਉਨ੍ਹਾਂ ਦੇ ਆਪਣੇ ਆਪ ਤੋਂ ਹਟਾ ਕੇ ਦੂਸਰਿਆਂ ਲਈ ਲਗਾ ਦੇਵੇ, ਉਹ ਦੂਸਰਿਆਂ ਦਾ ਸੋਚਣ, ਦੂਸਰਿਆਂ ਦੇ ਦੁਖ ਦਰਦ ਵੰਡਾਉਣ, ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਸੋਚਣ ਤਾਂ ਇਹੋ ਜਿਹੇ ਲੋਕ ਬਹੁਤ ਛੇਤੀ ਠੀਕ ਹੋ ਸਕਦੇ ਹਨ। ਇਨ੍ਹਾਂ ਲੋਕਾਂ ਨੇ ਕਦੀ ਦੇਣ ਬਾਰੇ ਸੋਚਿਆ ਹੀ ਨਹੀਂ, ਜੇ ਕਦੀ ਕੁਝ ਦਿਤਾ ਵੀ ਹੈ ਤਾਂ ਉਹ ਨਾ ਤਾਂ ਪਿਆਰ ਨਾਲ, ਨਾ ਸੱਚੇ ਦਿਲੋਂ ਹੀ ਦਿਤਾ ਹੈ, ਉਲਟਾ ਕੋਈ ਆਸ ਰੱਖ ਕੇ ਕੋਈ ਫਲ ਦੀ ਆਸ ਰੱਖ ਕੇ ਦਿਤਾ ਹੈ। ਆਧੁਨਿਕ ਚਿਕਿਤਸਕ ਤਾਂ ਹੀ ਚੰਗਾ ਕਰ ਸਕਦੇ ਹਨ ਜੇ ਇਹ ਆਪਣੇ ਮਰੀਜ਼ਾਂ ਦੀ ਸੋਚ ਤੇ ਸੰਵੇਗ ਦੂਸਰਿਆਂ ਨੂੰ ਦੇਣ ਦੇ ਪਾਸੇ ਵਲ

ਲਗਾਉਣ ਨਾ ਕਿ ਕੇਵਲ ਉਨ੍ਹਾਂ ਦੀਆਂ ਗੱਲਾਂ ਹੀ ਸੁਣਦੇ ਰਹਿਣ ਤੇ ਆਪਣੇ ਮਰੀਜ਼ਾਂ ਤੇ ਬੋਝ ਹੀ ਬਣੇ ਰਹਿਣ।

14. ਦੇਵਤਾ, ਬ੍ਰਾਹਮਣ ਗੁਰੂ ਅਤੇ ਗਿਆਨੀਆਂ ਦਾ ਪੂਜਨ, ਸਫਾਈ, ਸਰਲਤਾ, ਬ੍ਰਹਮਚਰੀਅ, ਅਹਿੰਸਾ ਇਹ ਸਰੀਰਕ ਤਪ ਕਹਾਉਂਦੇ ਹਨ।

15. ਜਿਸ ਬਚਨ ਕਰਕੇ ਕਿਸੇ ਦਾ ਚਿੱਤ ਨਾ ਦੁਖੇ, ਜੋ ਸੱਚਾ ਹੋਵੇ, ਸੁਣਨ ਵਾਲਿਆਂ ਨੂੰ ਅੱਛਾ ਲੱਗੇ, ਸਾਸ਼ਤਰ ਵਿਚਾਰ ਤੇ ਪੜ੍ਹਨ ਦਾ ਅਭਿਆਸ ਕਰਨਾ, ਜ਼ੁਬਾਨ ਦਾ ਤਪ ਕਹਾਉਂਦਾ ਹੈ।

16. ਮਨ ਦਾ ਟਿਕਾਓ, ਸ਼ਾਂਤ ਭਾਵ, ਘੱਟ ਬੋਲਣਾ, ਆਪੇ ਤੇ ਕਾਬੂ ਰੱਖਣਾ, ਭਾਵ ਦੀ ਸ਼ੁਧੀ ਇਹ ਮਨ ਦਾ ਤਪ ਕਹਾਉਂਦਾ ਹੈ।

17. ਇਹ ਤਿੰਨ ਪ੍ਰਕਾਰ ਦਾ ਹੀ ਤਪ, ਜੇ ਫਲ ਦੀ ਇੱਛਆ ਤਿਆਗ ਕੇ ਸ਼ਰਧਾ ਨਾਲ ਯੁਕਤ ਹੋ ਕੇ ਕੀਤਾ ਜਾਵੇ ਤਾਂ ਸਾਤਵਿਕ ਕਹਾਉਂਦਾ ਹੈ।

18. ਜੋ ਤਪ ਸਤਿਕਾਰ, ਮਾਨ, ਪੂਜਾ ਅਤੇ ਦਿਖਾਵੇ ਲਈ ਕੀਤਾ ਜਾਵੇ ਉਹ ਚੰਚਲ ਅਸਥਿਰ ਅਤੇ ਰਾਜਸੀ ਕਹਾਉਂਦਾ ਹੈ।

19. ਜੋ ਤਪ ਮੂੜ੍ਹਤਾ ਪੂਰਵਕ, ਆਪਣੇ ਆਪ ਨੂੰ ਤਕਲੀਫ ਦੇ ਕੇ, ਦੂਜੇ ਦੇ ਨਾਸ਼ ਅਰਥ ਕੀਤਾ ਜਾਵੇ ਉਹ ਤਾਮਸੀ ਕਹਾਉਂਦਾ ਹੈ।

ਕ੍ਰਿਸ਼ਨ ਜੀ ਤਿੰਨ ਕਿਸਮ ਦੀ ਸਾਧਨਾ ਬਾਰੇ ਦਸਦੇ ਹਨ। ਸਾਧਨਾ ਤੋਂ ਭਾਵ ਹੈ ਇੰਦ੍ਰੀਆਂ ਦੇ ਭੋਗ ਤੋਂ ਦੂਰ ਰਹਿਣਾ ਤੇ ਉਨ੍ਹਾਂ ਆਦਤਾਂ ਤੋਂ ਦੂਰ ਰਹਿਣਾ ਜਿਹੜੀਆਂ ਆਪਣੇ ਲਈ ਤੇ ਦੂਸਰਿਆਂ ਲਈ ਹਾਨੀਕਾਰਕ ਹੋ ਸਕਦੀਆਂ ਹਨ। ਸਾਧਨਾ ਜਗਿਆਸੂ ਦੀ ਰੂਹਾਨੀ ਤਰੱਕੀ ਲਈ ਬੜੀ ਆਵਸ਼ਕ ਹੈ, ਨਿਸੁਆਰਥੀ ਹੋ ਕੇ ਕਰਮ ਕਰਨੇ, ਪੂਜਾ ਕਰਨੀ, ਅਰਾਧਨਾ ਕਰਨੀ ਇਹ ਸਭ ਜਗਿਆਸੂ ਨੂੰ ਅੱਗੇ ਲੈ ਜਾਂਦੇ ਹਨ। ਸਾਧਨਾ ਭਾਵੇਂ ਮੁੱਢਲਾ ਕਦਮ ਹੈ ਪਰ ਬਹੁਤ ਹੀ ਮਹੱਤਵਪੂਰਨ ਹੈ, ਰੂਹਾਨੀ ਰਾਹ ਤੇ ਤੁਰਨ ਲਈ ਬਹੁਤ ਆਵਸ਼ਕ ਹੈ। ਉਹ ਜਗਿਆਸੂ ਜਿਸਨੂੰ ਯੋਗੀਆਂ ਦਾ ਸਤਿਕਾਰ ਹੈ, ਗਿਆਨੀਆਂ ਦਾ ਸਤਿਕਾਰ ਹੈ, ਮਹਾਂਪੁਰਖਾਂ ਦਾ ਸਤਿਕਾਰ ਹੈ, ਸੰਤਾਂ ਦਾ ਸਤਿਕਾਰ ਹੈ ਜਿਸ ਦਾ ਹਿਰਦਾ ਪਵਿੱਤਰ ਹੈ, ਮਨ ਪਵਿੱਤਰ ਹੈ, ਜੋ ਭੇਖੀ ਨਹੀਂ ਜਿਸ ਦਾ ਮਨ ਕਾਬੂ ਵਿਚ ਹੈ, ਕਰਮ ਕਾਬੂ ਹਨ, ਬੋਲਣਾ ਕਾਬੂ ਹੈ ਜੋ ਅਹਿੰਸਾ ਦਾ ਅਭਿਆਸ ਕਰਦਾ ਹੈ ਉਹ ਤਿਆਗੀ ਕਿਹਾ ਜਾਂਦਾ ਹੈ।

ਸ਼ਬਦਾਂ ਦਾ, ਬੋਲਣ ਦਾ ਮਨੁੱਖੀ ਹਿਰਦੇ ਤੇ ਦਿਮਾਗ ਤੇ ਬਹੁਤ ਡੂੰਘਾ ਅਸਰ ਪੈਂਦਾ ਹੈ। ਜਿਹੜਾ ਆਪਣੇ ਬੋਲ ਤੇ ਕਾਬੂ ਕਰਦਾ ਹੈ ਜੋ ਕਿਸੇ ਲਈ

ਬੁਰਾ ਨਹੀਂ ਬੋਲਦਾ, ਮਿੱਠਾ ਬੋਲਦਾ ਹੈ, ਕਦੀ ਝੂਠ ਨਹੀਂ ਬੋਲਦਾ ਹੈ, ਉਸ ਦੇ ਸ਼ਬਦ ਸਦਾ ਹੀ ਬੜੇ ਸੁਖਦਾਈ ਹੁੰਦੇ ਹਨ, ਲਾਹੇਵੰਦ ਹੁੰਦੇ ਹਨ, ਜੇ ਜਗਿਆਸੂ ਇਹ ਸਿੱਖ ਲਵੇ ਕਿ ਕਦੀ ਝੂਠ ਨਹੀਂ ਬੋਲਣਾ ਉਹ ਸਦਾ ਹੀ ਸੱਚ ਬੋਲੇਗਾ। ਜੇ ਸੱਚ ਪਿਆਰ ਨਾਲ ਬੋਲਿਆ ਜਾਵੇ, ਉਹ ਸਦਾ ਹੀ ਦੂਸਰਿਆਂ ਲਈ ਸਹਾਇਕ ਹੁੰਦਾ ਹੈ। ਪੜ੍ਹਾਉਣਾ ਅਤੇ ਗੱਲਬਾਤ ਬੋਲ ਕੇ ਹੀ ਹੁੰਦਾ ਹੈ। ਅਸੀਂ ਆਪਣੀ ਸ਼ਬਦਾਵਲੀ ਕਿਸ ਤਰ੍ਹਾਂ ਦੀ ਚੁਣਦੇ ਹਾਂ, ਉਸ ਦੀ ਵਰਤੋਂ ਕਿਸ ਤਰ੍ਹਾਂ ਕਰਦੇ ਹਾਂ ਉਸ ਦਾ ਪ੍ਰਭਾਵ ਕੀ ਹੁੰਦਾ ਹੈ? ਜਗਿਆਸੂ ਨਰਮੀ ਨਾਲ ਸੱਚ ਬੋਲਣਾ ਸਿੱਖ ਲਵੇ ਉਸ ਦੇ ਬੋਲਾਂ ਦਾ ਗਹਿਰਾ ਪ੍ਰਭਾਵ ਪਵੇਗਾ ਪਰ ਜੇ ਜਗਿਆਸੂ ਕੇਵਲ ਆਪਣੀ ਇੱਛਾ ਪੂਰਤੀ ਲਈ ਹੀ ਕਰਦਾ ਹੈ ਜਾਂ ਆਪਣੀ ਸੋਚ ਤੋਂ ਉਲਟ ਗੱਲ ਕਰਦਾ ਹੈ ਉਹ ਆਪਣੇ ਲਈ ਮਨੋਵਿਗਿਆਨਕ ਬੰਧਨ ਖੜ੍ਹੇ ਕਰ ਲੈਂਦਾ ਹੈ। ਮਹਾਂਪੁਰਸ਼ਾਂ ਦੀ ਕਥਨੀ, ਕਰਨੀ ਅਤੇ ਸੋਚਣੀ ਇਕ ਹੀ ਹੁੰਦੀ ਹੈ ਸਭ ਕੁਝ ਵਿਚ ਸਾਰੇ ਵਿਹਾਰ ਵਿਚ ਪੂਰਨ ਤਾਲ-ਮੇਲ ਹੁੰਦਾ ਹੈ, ਸੰਤੁਲਨ ਹੁੰਦਾ ਹੈ, ਉਹ ਕਦੀ ਵੀ ਕਿਸੇ ਨੂੰ ਦੁਖ ਨਹੀਂ ਪਹੁੰਚਾਉਂਦੇ, ਨੁਕਸਾਨ ਨਹੀਂ ਪਹੁੰਚਾਉਂਦੇ ਕਦੇ ਵੀ ਫਿਕੇ ਬੋਲਾਂ ਨਾਲ ਦੁਖ ਨਹੀਂ ਦਿੰਦੇ।

ਬਹੁਤ ਸਾਰੇ ਲੋਕੀ ਆਪਣਾ ਸਮਾਂ ਬੇਅਰਥ ਫਜ਼ੂਲ ਗੱਲਾਂ ਕਰਕੇ ਗੁਆ ਦਿੰਦੇ ਹਨ, ਬੋਲਦੇ ਹਨ, ਗੱਪਾਂ ਮਾਰਦੇ ਹਨ। ਸਾਧਨਾ ਦੇ ਪਹਿਲੇ ਪੜਾਅ ਤੇ ਪਹਿਲੀ ਸਟੇਜ ਤੇ ਸਾਧਕ ਨੂੰ ਅਭਿਆਸ ਕਰਦਿਆਂ ਥੋੜ੍ਹਾ ਬੋਲਣਾ ਚਾਹੀਦਾ ਹੈ, ਕੇਵਲ ਲੋੜ ਪੈਣ ਤੇ ਹੀ ਬੋਲਣਾ ਚਾਹੀਦਾ ਹੈ। ਦੂਸਰੇ ਪੜਾਅ ਤੇ ਦੂਸਰੀ ਸਟੇਜ ਤੇ ਨਿਯਮਤ ਸਮਾਂ ਰੱਖ ਕੇ ਚੁੱਪ ਰਹਿਣ ਦਾ ਅਭਿਆਸ ਰੋਜ਼ ਕਰਨਾ ਚਾਹੀਦਾ ਹੈ, ਤੀਸਰੇ ਪੜਾਅ ਤੇ ਸਾਧਕ ਨੂੰ ਝੂਠ ਨਾ ਬੋਲਣ ਦਾ ਪ੍ਰਣ ਕਰਨਾ ਚਾਹੀਦਾ ਹੈ, ਥੋੜ੍ਹਾ ਬੋਲਣਾ ਬਹੁਤ ਵੱਡਾ ਗੁਣ ਹੈ।

ਝੂਠ ਨਾ ਬੋਲਣਾ ਇਹ ਬੜੇ ਕਾਰਨਾਂ ਕਰਕੇ ਅਵੱਸ਼ਕ ਹੈ। ਜਿਹੜੇ ਝੂਠ ਬੋਲਦੇ ਹਨ, ਉਹ ਡਰਦੇ ਹਨ, ਡਰ ਕੇ ਝੂਠ ਬੋਲਦੇ ਹਨ ਉਨ੍ਹਾਂ ਨੂੰ ਆਪਣੀ ਨਾ ਪ੍ਰਵਾਨਗੀ ਦਾ ਡਰ ਹੁੰਦਾ ਹੈ। ਪਰ ਜਦੋਂ ਮਨੁੱਖ ਝੂਠ ਬੋਲਦਾ ਹੈ ਸ਼ਬਦਾਂ ਦੀ ਬੋਲਣ ਦੀ ਸ਼ਕਤੀ ਜਾਂਦੀ ਰਹਿੰਦੀ ਹੈ, ਕਾਰਣ ਇਹ ਹੈ ਕਿ ਉਸ ਸਮੇਂ ਮਨ ਵਿਚ ਦ੍ਵੰਦ ਚਲ ਰਿਹਾ ਹੁੰਦਾ ਹੈ, ਕਿਉਂਕਿ ਤੁਸੀਂ ਜਾਣਦੇ ਹੋ ਕਿ ਤੁਸੀਂ ਝੂਠ ਬੋਲ ਰਹੇ ਹੋ, ਫੇਰ ਵੀ ਝੂਠ ਬੋਲਦੇ ਚਲੇ ਜਾ ਰਹੇ ਹੋ, ਇਹੋ ਜਿਹੇ ਲੋਕਾਂ ਦਾ ਭੇਤ ਪਾਉਣਾ ਬਹੁਤ ਔਖਾ ਹੈ। ਇਹ ਕਦੇ ਵੀ ਚੰਗੇ ਮਿਤਰ ਸਾਬਤ ਨਹੀਂ ਹੋ ਸਕਦੇ, ਉਹ ਆਪ ਹੀ ਆਪਣੀਆਂ ਆਦਤਾਂ ਦੇ ਸ਼ਿਕਾਰ ਹੋ ਜਾਂਦੇ ਹਨ ਤੇ ਵਿਵੇਕ ਗੁਆ ਬੈਠਦੇ ਹਨ।

ਸਾਧਕ ਨੂੰ ਸਦਾ ਅੰਦਰ ਤੇ ਬਾਹਰ ਦੀਆਂ ਸਾਧਨਾਵਾਂ ਦਾ ਪਤਾ ਹੋਣਾ ਚਾਹੀਦਾ ਹੈ ਬਾਹਰ ਦੀ ਸਾਧਨਾ ਵਿਚ ਸਾਧਕ ਨੂੰ ਉਹ ਕੁਝ ਨਹੀਂ ਕਰਨਾ ਚਾਹੀਦਾ ਜੋ ਕਰਨ ਜੋਗਾ ਨਹੀਂ ਹੈ ਜੋ ਠੀਕ ਨਹੀਂ ਹੈ। ਉਹ ਹੀ ਬੋਲਣਾ

ਚਾਹੀਦਾ ਹੈ, ਜੋ ਉਹ ਸੋਚਦਾ ਹੈ ਸਮਝਦਾ ਹੈ ਅਤੇ ਜਾਣਦਾ ਹੈ। ਮਾਨਸਿਕ ਸਾਧਨਾ ਵੀ ਬਹੁਤ ਅਵੱਸ਼ਕ ਹੈ। ਜਦੋਂ ਤੁਸੀਂ ਮਾਨਸਿਕ ਸਾਧਨਾ ਦਾ ਅਭਿਆਸ ਕਰਦੇ ਹੋ ਤੁਸੀਂ ਸ਼ਾਂਤ, ਨਿਰਮਲ, ਸਥਿਰ ਰਹਿੰਦੇ ਹੋ ਤੇ ਆਪਣੀ ਸੋਚਣੀ ਬਾਰੇ ਚੌਕਸ ਰਹਿੰਦੇ ਹੋ। ਉਹ ਵਿਚਾਰ ਜਿਹੜੇ ਅਸ਼ਾਂਤ ਕਰਨ, ਮਨ ਨੂੰ ਛਿੰਨ ਭਿੰਨ ਕਰਨ, ਉਨ੍ਹਾਂ ਵਿਚਾਰਾਂ ਨੂੰ ਮਨ ਵਿਚ ਨਹੀਂ ਆਉਣ ਦੇਣਾ ਚਾਹੀਦਾ, ਮਾਨਸਿਕ ਅਤੇ ਸਰੀਰਕ ਸਾਧਨਾਵਾਂ ਸਾਧਕ ਨੂੰ ਪਵਿੱਤਰ ਕਰਦੀਆਂ ਹਨ ਅਤੇ ਰੂਹਾਨੀ ਮਾਰਗ ਤੇ ਚੱਲਣ ਦੇ ਯੋਗ ਬਣਾਉਂਦੀਆਂ ਹਨ। ਇਨ੍ਹਾਂ ਨੂੰ ਸਾਤਵਿਕ ਸਾਧਨਾਵਾਂ ਕਿਹਾ ਜਾਂਦਾ ਹੈ, ਜਦੋਂ ਸਾਧਕ ਆਪਣਾ ਮਨ ਕਰਮ ਤੇ ਬਚਨ ਪਵਿੱਤਰ ਕਰ ਲੈਂਦਾ ਹੈ, ਸਾਤਵਿਕ ਸ਼ਕਤੀ ਉਸ ਦੇ ਅੰਦਰ ਆ ਜਾਂਦੀ ਹੈ ਫੇਰ ਉਹ ਹੋਰ ਉਚੀਆਂ ਉਡਾਰੀਆਂ ਮਾਰ ਸਕਦਾ ਹੈ।

ਇਕ ਹੋਰ ਤਰ੍ਹਾਂ ਦੇ ਸਾਧਕ ਵੀ ਹੁੰਦੇ ਹਨ ਉਹ ਰਾਜਸਿਕ ਸਾਧਕ ਹੁੰਦੇ ਹਨ ਉਹ ਸਾਧਨਾ ਦਾ ਅਭਿਆਸ ਕੇਵਲ ਇਸ ਕਰਕੇ ਹੀ ਕਰਦੇ ਹਨ ਕਿ ਉਨ੍ਹਾਂ ਦੀ ਪ੍ਰਭਤਾ ਹੋਏ, ਉਨ੍ਹਾਂ ਦਾ ਮਾਣ ਹੋਏ। ਉਹ ਚਾਹੁੰਦੇ ਹਨ ਦੂਸਰੇ ਉਨ੍ਹਾਂ ਦੇ ਪਿਛੇ ਲੱਗਣ ਉਨ੍ਹਾਂ ਦੀ ਸਾਧਨਾ ਆਪਣੇ ਆਪ ਲਈ ਆਪਣੇ ਹੀ ਸੁਆਰਥ ਲਈ ਹੈ। ਬਹੁਤ ਸਾਰੇ ਖਿਡਾਰੀ, ਕਲਾਕਾਰ, ਗਾਉਣ ਵਾਲੇ, ਕੇਵਲ ਇਸ ਕਰਕੇ ਹੀ ਸਾਧਨਾ ਕਰਦੇ ਹਨ ਕਿ ਉਨ੍ਹਾਂ ਦੀ ਪ੍ਰਭਤਾ ਹੋਵੇ, ਮਾਣ ਮਰਿਆਦਾ ਵਧੇ। ਉਹ ਕੇਵਲ ਰਾਜਸਿਕ ਗੁਣਾਂ ਨਾਲ ਹੀ ਪ੍ਰੇਰਿਤ ਹੁੰਦੇ ਹਨ।

ਦੂਸਰੀ ਤਰ੍ਹਾਂ ਦੇ ਸਾਧਕ ਤਾਮਸਿਕ ਸਾਧਕ ਹਨ। ਉਨ੍ਹਾਂ ਦੀ ਕਰਨੀ, ਕਥਨੀ, ਸੋਚਣੀ ਸਾਰੀ ਦੂਸਰਿਆਂ ਨੂੰ ਦੁਖੀ ਕਰਨ ਲਈ ਉਨ੍ਹਾਂ ਦਾ ਮਨ ਦੁਖਾਉਣ ਲਈ ਹੀ ਹੁੰਦੀ ਹੈ, ਉਨ੍ਹਾਂ ਨੂੰ ਦੂਸਰਿਆਂ ਨਾਲ ਕੋਈ ਸਰੋਕਾਰ ਨਹੀਂ ਹੁੰਦਾ ਉਹ ਕੇਵਲ ਆਪਣੇ ਸੁਆਰਥ ਲਈ ਹੀ ਸਭ ਕੁਝ ਕਰਦੇ ਹਨ। ਉਹ ਸਭ ਕੁਝ ਕਰਨ ਵਿਚ ਦੂਸਰਿਆਂ ਨੂੰ ਕੀ ਦੁਖ ਹੁੰਦਾ ਹੈ, ਕਿੰਨੀ ਹਾਨੀ ਹੁੰਦੀ ਹੈ। ਇਹ ਝੂਠ ਬੋਲਦੇ ਹਨ, ਚਤੁਰਾਈਆਂ ਕਰਦੇ ਹਨ ਤੇ ਲੋੜ ਪੈਣ ਤੇ ਦੂਸਰਿਆਂ ਨੂੰ ਆਪਣੇ ਸੁਆਰਥ ਲਈ ਵਰਤਦੇ ਹਨ। ਇਹ ਬਹੁਤ ਢੀਠ ਤੇ ਹੰਕਾਰੀ ਹੁੰਦੇ ਹਨ ਤੇ ਆਪਣੇ ਆਪ ਨੂੰ ਵੀ ਦੁਖੀ ਕਰਦੇ ਹਨ, ਦੂਸਰਿਆਂ ਨੂੰ ਵੀ ਦੁਖੀ ਕਰਦੇ ਹਨ, ਕੇਵਲ ਆਪਣੇ ਸੁਆਰਥ ਲਈ।

ਅੱਜ ਦੀ ਸਿਖਿਆ ਵਿਚ ਸਾਧਨਾ ਸਿਖਾਈ ਹੀ ਨਹੀਂ ਜਾਂਦੀ, ਸਾਧਨਾ ਅਜੋਕੀ ਸਿਖਿਆ ਦਾ ਹਿੱਸਾ ਹੀ ਨਹੀਂ ਹੈ ਇਸੇ ਕਾਰਣ ਕਰਕੇ ਅੱਜ ਦਾ ਮਨੁੱਖ ਸੁਆਰਥੀ ਹੈ ਤੇ ਨਾ ਹੀ ਉਸਨੂੰ ਦੂਸਰਿਆਂ ਦਾ ਦਰਦ ਹੈ, ਨਾ ਹੀ ਕੋਈ ਧਿਆਨ ਹੈ। ਜਿਹੜੀਆਂ ਸਾਧਨਾਵਾਂ ਬੱਚਿਆਂ ਨੂੰ ਮਜ਼੍ਹਬੀ ਸਕੂਲਾਂ ਵਿਚ ਸਿਖਾਈਆਂ ਜਾਂਦੀਆਂ ਹਨ ਉਹ ਤਾਂ ਨਾ ਸਿਖਾਉਣ ਨਾਲੋਂ ਵੀ ਭੈੜੀਆਂ ਹਨ, ਉਹ ਤੁਹਾਡੇ ਅੰਦਰ ਪਾਪ ਦੀ ਭਾਵਨਾ ਪੈਦਾ ਕਰਦੀਆਂ ਹਨ, ਉਹ

ਮਜ਼ਹਬ ਜਿਹੜਾ ਡਰ ਪੈਦਾ ਕਰਦਾ ਹੈ, ਉਹ ਕਦੀ ਵੀ ਤੁਹਾਨੂੰ ਸੁਤੰਤਰਤਾ ਦੀ ਭਾਵਨਾ ਨਹੀਂ ਦੇ ਸਕਦਾ, ਨਾ ਹੀ ਕਦੀ ਰੂਹਾਨੀ ਰਾਹ ਤੇ ਤੋਰ ਸਕਦਾ ਹੈ ਮਜ਼ਹਬੀ ਧਾਰਨਾ ਤੇ ਚਲਾਏ ਸਕੂਲ ਇਸੇ ਹੀ ਗਲਤੀ ਦਾ ਸ਼ਿਕਾਰ ਹਨ, ਉਹ ਪਾਪ ਦੀ ਭਾਵਨਾ ਪੈਦਾ ਕਰਦੇ ਹਨ, ਬਹੁਤ ਰੋਕ ਟੋਕ ਲਗਾਉਂਦੇ ਹਨ, ਉਹ ਪਾਪ ਦਾ ਕਾਰਣ ਨਹੀਂ ਸਮਝਾਉਂਦੇ, ਨਾ ਹੀ ਬੱਚਿਆਂ ਨੂੰ ਸੰਜਮ ਦਾ ਲਾਭ ਦਸਦੇ ਹਨ, ਨਾ ਹੀ ਦਸਦੇ ਹਨ ਕਿ ਸੰਜਮ ਦਾ ਮਨ ਤੇ ਕੀ ਪ੍ਰਭਾਵ ਪੈਂਦਾ ਹੈ, ਸਰੀਰ ਤੇ ਕੀ ਪ੍ਰਭਾਵ ਪੈਂਦਾ ਹੈ। ਜਿਹੜੇ ਖਿਡਾਰੀ ਬਣਦੇ ਹਨ, ਗਾਉਣ ਵਾਲੇ ਬਣਦੇ ਹਨ ਜਾਂ ਹੋਰ ਕੋਈ ਅਭਿਆਸ ਕਰਦੇ ਹਨ, ਉਹ ਸਾਧਨਾ ਕਰਨੀ ਸਿੱਖ ਹੀ ਜਾਂਦੇ ਹਨ, ਉਹ ਮੌਜ ਮੇਲੇ ਇੰਦ੍ਰੀਆਂ ਦਾ ਸੁਆਦ ਛੱਡ ਦਿੰਦੇ ਹਨ ਪਰ ਇਹ ਸਾਧਨਾ ਵਾਸਤਵ ਵਿਚ ਰਾਜਸਿਕ ਹੁੰਦੀਆਂ ਹਨ, ਸਾਤਵਿਕ ਸਾਧਨਾ ਅੱਜ ਦੇ ਸਮੇਂ ਵਿਚ ਨਹੀਂ ਦੱਸੀ ਜਾਂਦੀ।

20. ਜੋ ਦਾਨ ਦੇਸ਼ ਅਨੁਕੂਲ, ਸਮੇਂ ਸਿਰ, ਯੋਗ ਆਦਮੀ ਨੂੰ ਬਿਨਾਂ ਉਪਕਾਰ ਦੇ ਦਿਤਾ ਜਾਵੇ ਉਹ ਦਾਨ ਸਾਤਵਿਕ ਹੈ।

21. ਜੋ ਦਾਨ ਬਦਲੇ ਵਿਚ ਕੁਛ ਲੈਣ ਲਈ ਜਾਂ ਫਲ ਦੀ ਇੱਛਾ ਰੱਖ ਕੇ ਕੀਤਾ ਜਾਏ ਜਾਂ ਤੰਗ ਹੋ ਕੇ ਕੀਤਾ ਜਾਏ ਉਹ ਰਾਜਸਿਕ ਦਾਨ ਹੈ।

22. ਕੁਵੇਲੇ, ਕੁਥਾਂ ਅਤੇ ਅਯੋਗ ਆਦਮੀ ਨੂੰ ਨਿਰਾਦਰ ਅਤੇ ਤ੍ਰਿਸਕਾਰ ਨਾਲ ਦਿਤਾ ਦਾਨ ਤਾਮਸੀ ਹੈ।

ਇਨ੍ਹਾਂ ਤਿੰਨਾਂ ਸ਼ਲੋਕਾਂ ਵਿਚ ਦਾਨ ਦੇਣ ਦੀ ਵਿਧੀ ਦੱਸੀ ਗਈ ਹੈ ਅਤੇ ਦਸਿਆ ਗਿਆ ਹੈ ਦਾਨ ਕਿਉਂ ਦੇਣਾ ਚਾਹੀਦਾ ਹੈ। ਦਾਨ ਦੇਣਾ ਕਦੋਂ ਲਾਭਦਾਇਕ ਹੈ ਤੇ ਕਦੋਂ ਆਵੱਸ਼ਕ ਹੈ। ਜਿਸਨੂੰ ਗਿਆਨ ਹੈ ਜਿਹੜਾ ਦਾਨ ਦਿੰਦਾ ਹੈ ਉਸ ਨੂੰ ਉਹ ਆਦਤ ਪੈ ਜਾਂਦੀ ਹੈ। ਦਾਨ ਦੇਣ ਤੋਂ ਬਾਅਦ ਮਨੁੱਖ ਆਪਣੇ ਆਪ ਨੂੰ ਬਹੁਤ ਮਹਾਨ ਸਮਝਣ ਲਗ ਪੈਂਦਾ ਹੈ ਤੇ ਸੋਚਦਾ ਹੈ ਕਿ ਦਾਨ ਦੇਣ ਨਾਲ ਸੁਤੰਤਰਤਾ ਪ੍ਰਾਪਤ ਹੋ ਜਾਂਦੀ ਹੈ। ਮਨੁੱਖ ਕਰਮ ਕੀਤੇ ਬਿਨਾਂ ਨਹੀਂ ਰਹਿ ਸਕਦਾ, ਕਰਮ ਕਰਨ ਦੇ ਫਲ ਅਵੱਸ਼ਕ ਹਨ। ਜੇ ਕਰਮ ਕਰਕੇ ਫਲ ਨਾ ਸਮਰਪਣ ਕੀਤੇ ਜਾਣ ਤਾਂ ਹੋਰ ਕਰਮ ਕਰਨ ਲਈ ਮਨੁੱਖ ਬੰਨਿਆ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਕਰਮਾਂ ਦੇ ਗੇੜ ਵਿਚ ਹੀ ਫਸਿਆ ਰਹਿੰਦਾ ਹੈ। ਮਨੁੱਖ ਨੂੰ ਕਰਮ ਕਰਕੇ ਫਲ ਦੂਸਰਿਆਂ ਨੂੰ ਸਮਰਪਣ ਕਰਨਾ ਸਿਖਣਾ ਚਾਹੀਦਾ ਹੈ। ਉਹ ਸਾਧਕ ਜਿਹੜਾ ਇਹ ਜਾਣਦਾ ਹੈ ਕਿ ਦਾਨ ਦੇਣਾ ਤੇ ਤੋਹਫੇ ਦੇਣੇ ਖਾਸ ਤੌਰ ਤੇ ਉਨ੍ਹਾਂ ਨੂੰ ਦੇਣੇ ਜਿਨ੍ਹਾਂ ਨੂੰ ਲੋੜ ਹੋਵੇ ਇਹ ਅਧਿਆਤਮਕ ਰਾਹ ਤੇ ਸਾਤਵਿਕਤਾ ਕਹਾਉਂਦੇ ਹਨ।

ਜਿਹੜੇ ਦਾਨ ਦੇ ਕੇ ਜਾਂ ਉਪਹਾਰ ਦੇ ਕੇ ਉਸ ਦੀ ਆਸ ਵਿਚ ਕੁਝ ਲੈਣਾ ਚਾਹੁੰਦੇ ਹਨ ਉਹ ਸੁਆਰਥੀ ਲੋਕ ਹਨ। ਉਹ ਇਸ ਆਸ ਨਾਲ ਦਿੰਦੇ

ਹਨ ਕਿ ਉਨ੍ਹਾਂ ਨੂੰ ਬਦਲੇ ਵਿਚ ਕੁਝ ਮਿਲੇਗਾ ਤੇ ਉਨ੍ਹਾਂ ਦੀ ਸੋਭਾ ਹੋਵੇਗੀ। ਕਦੀ ਕਦੀ ਉਹ ਆਪਣਾ ਸਮਾਜਿਕ ਅਹੁਦਾ ਰੱਖਣ ਲਈ ਵੀ ਦਾਨ ਦਿੰਦੇ ਹਨ ਉਹ ਕਦੀ ਵੀ ਨਿਸੁਆਰਥੀ ਹੋ ਕੇ ਦਾਨ ਨਹੀਂ ਦਿੰਦੇ। ਇਹੋ ਜਿਹੇ ਲੋਕ ਰਾਜਸਿਕ ਹੁੰਦੇ ਹਨ। ਜਿਹੜਾ ਦਾਨ ਤਾਮਸਿਕ ਅਵਸਥਾ ਵਿਚ ਕੀਤਾ ਜਾਂਦਾ ਹੈ ਉਹ ਸਭ ਤੋਂ ਘਟੀਆ ਨੀਚ ਕਿਸਮ ਦਾ ਦਾਨ ਹੈ, ਤਾਮਸਿਕ ਬੰਦੇ ਮਜ਼ਬੂਰ ਹੋ ਕੇ ਦਾਨ ਦਿੰਦੇ ਹਨ, ਨਾ ਹੀ ਉਹ ਦਾਨ ਵਿਚੋਂ ਕੋਈ ਅਨੰਦ ਪ੍ਰਾਪਤ ਕਰਦੇ ਹਨ ਇਨ੍ਹਾਂ ਅਭਾਗਿਆ ਨੇ ਕਦੀ ਦੇਣ ਦਾ ਨਿਯਮ ਸਿਖਿਆ ਹੀ ਨਹੀਂ। ਦੂਸਰਿਆਂ ਤੋਂ ਮੰਗਣਾ ਤੇ ਆਸ ਰੱਖਣੀ ਤੇ ਲੈਣਾ ਉਨ੍ਹਾਂ ਦਾ ਸੁਭਾਅ ਬਣ ਜਾਂਦਾ ਹੈ, ਉਨ੍ਹਾਂ ਨੂੰ ਇਸ ਗੱਲ ਦੀ ਸੋਝੀ ਹੀ ਨਹੀਂ ਕਿ ਕਿਵੇਂ, ਕਿਥੇ ਤੇ ਕਿਸਨੂੰ ਦਾਨ ਦੇਣਾ ਚਾਹੀਦਾ ਹੈ।

23. 'ਓਂ ਤੱਤ ਸਤ' ਇਹ ਤ੍ਰਿਬਿਧਿ ਸ਼ਬਦ ਬ੍ਰਹਮ ਵਾਚਕ ਹੈ। ਇਸ ਨਾਲ ਪਹਿਲੇ ਸਮੇਂ ਵਿਚ ਬ੍ਰਾਹਮਣ ਵੇਦ ਅਤੇ ਯੱਗ ਰਚੇ ਗਏ।

24. ਇਸ ਲਈ ਬ੍ਰਹਮ ਦੇ ਗਿਆਤਾ 'ਓ' ਸ਼ਬਦ ਨਾਲ ਯੱਗ ਦਾਨ ਅਤੇ ਤਪ ਸਾਸ਼ਤਰ ਵਿਧੀ ਅਨੁਸਾਰ ਅਰੰਭ ਕਰਦੇ ਹਨ।

25. ਮੁਕਤੀ ਚਾਹੁਣ ਵਾਲੇ, ਫਲ ਨਾ ਚਾਹੁੰਦੇ ਹੋਏ ਯੱਗ, ਤਪ ਦਾਨ ਦੇ ਅਨੇਕ ਕਰਮ 'ਤਤ' ਸ਼ਬਦ ਉਚਾਰਨ ਕਰਦੇ ਹੋਏ ਕਰਦੇ ਹਨ।

26. ਹੇ ਪਾਰਥ! 'ਸਤ' ਸ਼ਬਦ ਸਤਿ ਸਾਧੂ ਭਾਵ ਅਤੇ ਸ਼ੁਭ ਕਰਮ ਦੇ ਭਾਵ ਵਿਚ ਵਰਤਿਆ ਜਾਂਦਾ ਹੈ।

27. ਸ਼ਰਧਾ ਨਾਲ ਯੱਗ ਤਪ ਅਤੇ ਦਾਨ ਕੀਤਾ ਹੋਇਆ ਭੀ 'ਸਤ' ਕਹਾਉਂਦਾ ਹੈ ਅਤੇ ਈਸ਼ਵਰ ਅਰਥ ਕਰਮ ਕੀਤਾ ਹੋਇਆ ਭੀ 'ਸਤਿ' ਕਹਾਉਂਦਾ ਹੈ।

ਜਦੋਂ ਸਾਧਕ ਸਾਤਵਿਕ ਸਾਧਨਾ ਦੇ ਮਨ, ਕਰਮ ਤੇ ਬਚਨ ਦੇ ਅਭਿਆਸ ਦਾ ਮਹੱਤਵ ਸਮਝ ਜਾਂਦਾ ਹੈ ਫੇਰ ਉਹ ਆਪਣੇ ਕਰਮਾਂ ਦਾ ਫਲ ਵੀ ਸਮਰਪਣ ਕਰਨਾ ਸਿੱਖ ਜਾਂਦਾ ਹੈ, ਸੁਤੰਤਰ ਹੋਣਾ ਸਿੱਖ ਜਾਂਦਾ ਹੈ, ਉਹ ਉਚ ਦਰਜੇ ਦਾ ਸਾਧਕ ਬਣ ਜਾਂਦਾ ਹੈ, ਉਸ ਦੇ ਕਰਮ ਕਥਨੀ ਤੇ ਸੋਚਣੀ ਕੇਵਲ ਪ੍ਰਭੂ ਨੂੰ ਹੀ ਸਮਰਪਿਤ ਹੁੰਦੀ ਹੈ। 23 ਤੋਂ 27 ਸ਼ਲੋਕ ਤਕ ਇਹ ਦਸਿਆ ਗਿਆ ਹੈ ਕਿ ਕਿਵੇਂ ਯੋਗੀ ਤੇ ਮਹਾਂਪੁਰਖ ਉਸ ਵਾਹਿਗੁਰੂ ਨਾਲ ਸੁਚੇਤ ਹੋ ਕੇ ਜੁੜੇ ਰਹਿੰਦੇ ਹਨ। ਜਦੋਂ ਵੀ ਕਦੇ ਉਹ ਕਰਮ ਕਰਦੇ ਹਨ, ਪੂਜਾ ਕਰਦੇ ਹਨ, ਦਾਨ ਕਰਦੇ ਹਨ ਉਹ ਇਹ ਤਿੰਨ ਸ਼ਬਦ 'ਓਂ ਤੱਤ ਸੱਤ' ਯਾਦ ਕਰਦੇ ਹਨ, ਉਚਾਰਦੇ ਹਨ ਇਨ੍ਹਾਂ ਤਿੰਨ ਸ਼ਬਦਾਂ ਦਾ ਬੜਾ ਡੂੰਘਾ ਅਰਥ ਹੈ।

ਓਂਮ ਸ਼ਬਦ ਬ੍ਰਹਿਮੰਡ ਹੈ, ਧੁਨ ਹੈ, ਯੋਗੀ ਇਸ ਨੂੰ ਧਿਆਨ ਵਿਚ ਬੈਠ ਕੇ ਸੁਣਦੇ ਹਨ। ਇਹ ਸਮਝਿਆ ਜਾਂਦਾ ਹੈ ਇਹ ਇਕ ਜਿਉਂਦੀ ਜਾਗਦੀ ਸ਼ਕਤੀ ਹੈ, ਉਹ ਸ਼ਕਤੀ ਜਿਹੜੀ ਉਸ ਪ੍ਰਮਾਤਮਾ ਦੀ ਸ਼ਕਤੀ ਹੈ।

ਮਨੁੱਖ ਚਾਰ ਪੜਾਵਾਂ ਤੇ ਪਹੁੰਚ ਸਕਦਾ ਹੈ। ਪਹਿਲੀ ਹੈ ਜਾਗਣਾ, ਦੂਸਰੀ ਸੁਪਨਾ ਦੇਖਣਾ, ਤੀਸਰੀ ਸੌਣਾ ਇਹ ਤਿੰਨਾਂ ਦਾ ਅਨੁਭਵ ਤਾਂ ਸਾਰੇ ਹੀ ਕਰਦੇ ਹਨ। ਚੌਥਾ ਪੜਾਅ ਤਾਂ ਕੋਈ ਮਹਾਂਬਲੀ, ਭਾਗਾਂ ਵਾਲਾ ਹੀ ਪ੍ਰਾਪਤ ਕਰਦਾ ਹੈ ਜਾਂ ਕੋਈ ਯੋਗੀ। ਇਹ ਚੁੱਪ ਦਾ ਮੰਡਲ ਹੈ, ਡੂੰਘਾ ਅਤਿ ਡੂੰਘਾ ਪੂਰੀ ਸਮਚਿਤਤਾ ਦੀ ਅਵਸਥਾ ਦਾ ਮੰਡਲ ਓਮ ਦੀ ਧੁਨੀ ਇਨ੍ਹਾਂ ਚਾਰ ਸੁਚੇਤ ਮੰਡਲਾਂ ਦਾ ਗਿਆਨ ਦਿੰਦੀ ਹੈ। ਸਾਧਕ ਇਸ ਧੁਨੀ ਨੂੰ ਨਿਰੰਤਰ ਉਚਾਰਣ ਕਰਨਾ ਸਿਖਦਾ ਹੈ। ਕੁਛ ਵੀ ਕਰਨ ਤੋਂ ਪਹਿਲਾਂ ਉਹ 'ਓਂ' ਉਚਾਰਣ ਕਰਦਾ ਹੈ, ਕੁਛ ਵੀ ਖਤਮ ਕਰਨ ਤੋਂ ਬਾਅਦ ਉਹ 'ਓਂ' ਉਚਾਰਣ ਕਰਦਾ ਹੈ।

ਚੰਗੇ ਕਰਮਾਂ ਨੂੰ ਵੀ ਤੱਤ ਸਤਿ ਕਿਹਾ ਜਾਂਦਾ ਹੈ। ਸਾਧਕ ਲਈ ਇਹ ਸ਼ਬਦ ਯਾਦ ਰੱਖਣੇ ਬੜੇ ਹੀ ਭਾਗਸ਼ਾਲੀ ਹਨ। ਇਹ ਸਦਾ ਉਸਨੂੰ ਉਸ ਦੇ ਨਿਸ਼ਾਨੇ ਬਾਰੇ, ਉਸ ਦੇ ਮੰਤਵ ਬਾਰੇ ਯਾਦ ਕਰਾਉਂਦੇ ਰਹਿੰਦੇ ਹਨ। 'ਤੱਤ' ਤੋਂ ਭਾਵ ਹੈ ਜੋ ਬਿਨਾਂ ਕਿਸੇ ਦੀ ਸਹਾਇਤਾ ਤੋਂ ਹੈ ਸਭ ਜਗ੍ਹਾ ਪਰੀਪੂਰਨ ਹੈ 'ਸਤਿ' ਤੋਂ ਭਾਵ ਹੈ ਉਹ ਅਟੱਲ ਸੱਚ ਜਿਸ ਤੋਂ ਬਿਨਾਂ ਹੋਰ ਕੁਛ ਹੈ ਹੀ ਨਹੀਂ ਕੇਵਲ ਉਹ ਸੱਚ ਦਾ ਹੀ ਵਰਤਾਰਾ ਹੈ। 'ਤੱਤ ਸਤਿ' ਸ਼ਬਦ ਸਾਧਕ ਨੂੰ ਸਰਬ ਵਿਆਪਕ ਦੀ ਸ਼ਾਨ ਬਾਰੇ ਯਾਦ ਕਰਾਉਂਦੇ ਹਨ ਉਸ ਪ੍ਰਮਾਤਮਾ ਦੀ ਬਖਸ਼ਿਸ਼, ਉਦਾਰਤਾ ਅਤੇ ਮਿਹਰ ਦਰਸਾਉਂਦੀ ਹੈ। ਸੋ ਸ਼ਬਦ 'ਓਂ ਤੱਤ ਸਤਿ' ਉਸ ਬਾਰੇ ਸਾਨੂੰ ਸੁਚੇਤ ਕਰਦਾ ਹੈ ਜੋ ਸਰਬ ਵਿਆਪਕ ਹੈ, ਪਰੀਪੂਰਨ ਹੈ, ਭਾਵ 'ਬ੍ਰਹਮ ਦੀਸੈ ਬ੍ਰਹਮ ਸੁਣੀਐ ਏਕੁ ਏਕੁ ਵਖਾਣੀਐ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ' ਇਹ ਸ਼ਬਦ ਸਾਧਕ, ਯੋਗੀ, ਮਹਾਂਪੁਰਖ ਉਸ ਪ੍ਰਮਾਤਮਾ ਲਈ ਵਰਤਦੇ ਹਨ।

28. ਹੇ ਪਾਰਥ! ਅਸ਼ਰਧਾ ਨਾਲ ਅਹੂਤੀ, ਦਾਨ, ਤਪ ਜਾਂ ਕੋਈ ਵੀ ਕੀਤਾ ਹੋਇਆ ਕਰਮ ਸਭ 'ਅਸਤਿ' ਕਹਾਉਂਦੇ ਹਨ ਉਸ ਦਾ ਲੋਕ ਪ੍ਰਲੋਕ ਵਿਚ ਕੋਈ ਲਾਭ ਨਹੀਂ।

ਕ੍ਰਿਸ਼ਨ ਜੀ ਅਰਜਨ ਨੂੰ ਦਸਦੇ ਹਨ ਕਿ ਯੋਗੀ ਨਿਸੁਆਰਥ ਹੋ ਕੇ ਕਰਮ ਕਰਦੇ ਹਨ, ਯੋਗੀ ਬਿਲਕੁਲ ਨਿਰਲਿਪਤ ਹੋ ਕੇ ਕਰਮ ਕਰਦੇ ਹਨ ਉਹ ਕੇਵਲ ਪ੍ਰਭੂ ਨੂੰ ਹੀ ਸਭ ਕੁਝ ਸਮਰਪਤਿ ਕਰਦੇ ਹਨ। ਉਹ ਸਾਰੇ ਕਰਮ ਪ੍ਰੇਮ ਪੂਰਵਕ ਕਰਦੇ ਹਨ, ਸ਼ਰਧਾ ਨਾਲ ਪੂਜਾ ਸਮਝ ਕੇ ਕਰਦੇ ਹਨ। ਜਿਹੜੇ ਕਰਮ ਪ੍ਰੇਮ ਪੂਰਵਕ ਕੀਤੇ ਜਾਣ, ਸ਼ਰਧਾ ਨਾਲ ਕੀਤੇ ਜਾਣ ਉਨ੍ਹਾਂ ਨੂੰ 'ਸਤਿ' ਕਿਹਾ ਜਾਂਦਾ ਹੈ ਪਰ ਸੰਸਾਰ ਵਿਚ ਉਹ ਲੋਕ ਹਨ ਜਿਹੜੇ ਮਨ, ਬਚ, ਕਰਮ ਸਾਧਨਾ ਤੇ ਸਾਰੇ ਕਰਮ ਕਾਂਡ, ਬਿਨਾਂ ਪ੍ਰੇਮ ਦੇ, ਬਿਨਾਂ ਕਿਸੇ ਸ਼ਰਧਾ ਦੇ ਕਰਦੇ ਹਨ। ਸ਼ਾਸਤਰ ਇਸ ਸਭ ਕੁਝ ਨੂੰ ਅਸਤਿ ਕਹਿੰਦਾ ਹੈ। ਇਹੋ ਜਿਹੇ ਕਰਮ ਨਾ ਤਾਂ ਲਾਭਕਾਰੀ ਹੁੰਦੇ ਹਨ, ਨਾ ਹੀ ਸੁਅਸਥ ਤੇ ਨਾ ਹੀ ਇਹ ਚੰਗੇ ਫਲ ਦਿੰਦੇ ਹਨ ਕਿਉਂਕਿ ਇਹ ਕਿਸੇ ਨਾ ਕਿਸੇ ਸੁਆਰਥ ਲਈ ਕੀਤੇ ਗਏ ਹਨ। ਸੁਆਰਥੀ ਲੋਕ ਕਦੀ ਵੀ ਜੀਵਨ ਵਿਚ ਖੁਸ਼ ਨਹੀਂ ਰਹਿ ਸਕਦੇ, ਨਾ ਹੀ ਉਹ ਅਗਲੇ ਜੀਵਨ ਵਿਚ ਅਨੰਦ ਮਾਣ ਸਕਦੇ ਹਨ; ਉਹ ਤਾਂ ਕੇਵਲ ਸੰਤਾਪ, ਅਸ਼ਾਂਤੀ, ਹਫੜਾ ਦਫੜੀ, ਭਰਮ ਮੋਹ ਦੇ ਸ਼ਿਕਾਰ

ਤੇ ਉਦਾਸ ਹੀ ਰਹਿਣਗੇ।

ਇਹ ਸਤਾਰ੍ਹਵੇਂ ਅਧਿਆਇ ਦਾ ਅੰਤ ਹੈ ਇਸ ਵਿਚ ਪ੍ਰਭੂ ਲਈ ਪ੍ਰੇਮ ਸ਼ਰਧਾ ਦਰਸਾਈ ਗਈ ਹੈ ਦੂਸਰੇ ਪਾਸੇ ਸੰਸਾਰਕ ਲੋਭ ਮੋਹ ਦੱਸਿਆ ਗਿਆ ਹੈ।

# ਅਠਾਰ੍ਹਵਾਂ ਅਧਿਆਇ

## ਸੰਨਿਆਸ ਅਤੇ ਮੁਕਤੀ ਦਾ ਗਿਆਨ

ਅਰਜਨ ਵਾਚ –

1. ਹੇ ਮਹਾਂਬਾਹੋ! ਹੇ ਰਿਸ਼ੀਕੇਸ਼! ਹੇ ਕੇਸ਼ੀ ਨਿਸੂਦਨ! ਤਿਆਗ ਅਤੇ ਸੰਨਿਆਸ ਨੂੰ ਵੱਖ ਵੱਖ ਜਾਣਨਾ ਚਾਹੁੰਦਾ ਹਾਂ।

2. ਭਗਵਾਨ ਬੋਲੇ – ਹੇ ਪੰਡਤ! ਸਕਾਮ ਕਰਮਾਂ ਦੇ ਬੰਦ ਕਰ ਦੇਣ ਨੂੰ ਸੰਨਿਆਸ ਕਹਿੰਦੇ ਹਨ। ਗਿਆਨ ਸਭ ਕਰਮਾਂ ਦੇ ਫਲਾਂ ਦੇ ਤਿਆਗ ਨੂੰ ਕਹਿੰਦੇ ਹਨ।

ਉਹ ਕਰਮ ਜਿਹੜੇ ਰੂਹਾਨੀ ਪੱਥ ਤੇ ਚਲਦਿਆਂ ਸਾਨੂੰ ਸੁਤੰਤਰ ਕਰਦੇ ਹਨ ਉਨ੍ਹਾਂ ਬਾਰੇ ਦੱਸਿਆ ਗਿਆ ਹੈ। ਅਰਜਨ ਸੰਨਿਆਸ ਦਾ ਡੂੰਘਾ ਗਿਆਨ ਜਾਨਣ ਦੀ ਇੱਛਾ ਰਖਦਾ ਹੈ ਤੇ ਤਿਆਗ ਬਾਰੇ ਗਿਆਨ ਲੈਣਾ ਚਾਹੁੰਦਾ ਹੈ। ਉਹ ਜਗਿਆਸੂ ਜਿਹੜੇ ਭੋਗ ਵਿਲਾਸ ਦਾ ਤਿਆਗ ਕਰਦੇ ਹਨ ਉਨ੍ਹਾਂ ਨੂੰ ਸੰਨਿਆਸੀ ਕਿਹਾ ਜਾਂਦਾ ਹੈ, ਜਿਹੜੇ ਆਪਣੀ ਡਿਊਟੀ ਸੁਚੱਜੀ ਤਰ੍ਹਾਂ ਨਿਭਾਉਂਦੇ ਹਨ, ਨਿਸੁਆਰਥੀ ਹੋ ਕੇ ਨਿਭਾਉਂਦੇ ਹਨ, ਆਪਣੇ ਕਰਮਾਂ ਦੇ ਫਲ ਦਾ ਤਿਆਗ ਕਰਕੇ ਨਿਭਾਉਂਦੇ ਹਨ, ਉਨ੍ਹਾਂ ਨੂੰ ਕਰਮ ਯੋਗੀ ਕਹਿੰਦੇ ਹਨ। ਕ੍ਰਿਸ਼ਨ ਜੀ ਅਰਜਨ ਨੂੰ ਦਸਦੇ ਹਨ ਕਿ ਸੰਨਿਆਸੀ ਅਤੇ ਕਰਮ ਫਲ ਤਿਆਗਣ ਵਾਲਿਆਂ ਦੇ ਲੱਛਣਾਂ ਵਿਚ ਬਹੁਤ ਭੇਦ ਹੁੰਦਾ ਹੈ।

ਸ਼ੁਰੂ ਤੋਂ ਦੋ ਮਾਰਗ ਚਲਦੇ ਆਏ ਹਨ, ਸੰਨਿਆਸ ਦਾ ਮਾਰਗ ਤੇ ਕਰਮ ਕਰਨ ਦਾ ਮਾਰਗ। ਸੰਸਾਰ ਵਿਚ ਬਹੁਤ ਸਾਰੇ ਲੋਕ ਕਰਮ ਦਾ ਮਾਰਗ ਹੀ ਅਪਣਾਉਂਦੇ ਹਨ। ਬਹੁਤ ਘੱਟ ਭਾਗਾਂ ਵਾਲੇ ਹੀ ਸੰਨਿਆਸ ਦੇ ਮਾਰਗ ਤੇ ਚਲਦੇ ਹਨ। ਜਿਨ੍ਹਾਂ ਨੇ ਆਪਣੀਆਂ ਇਛਾਵਾਂ ਖਤਮ ਕਰ ਦਿਤੀਆਂ ਹਨ, ਜਿਹੜੇ ਭੋਗ ਬਿਲਾਸ ਨੂੰ ਤਿਆਗ ਚੁੱਕੇ ਹਨ, ਕੇਵਲ ਉਹ ਹੀ ਇਸ ਮਾਰਗ ਤੇ ਚਲ ਸਕਦੇ ਹਨ। ਦੂਸਰਿਆਂ ਨੂੰ ਕੋਸ਼ਿਸ਼ ਵੀ ਨਹੀਂ ਕਰਨੀ ਚਾਹੀਦੀ। ਸੰਸਾਰ ਦੇ ਆਮ ਮਨੁੱਖ ਲਈ ਕਰਮ ਕਰਨ ਦਾ ਮਾਰਗ ਹੀ ਠੀਕ ਹੈ।

ਜਦੋਂ ਅਸੀਂ ਭਗਵਤ ਗੀਤਾ ਦੀ ਵੱਖ ਵੱਖ ਵਿਆਖਿਆ ਪੜ੍ਹਦੇ ਹਾਂ ਤਾਂ ਇਸ ਤਰ੍ਹਾਂ ਲਗਦਾ ਹੈ ਜਿਵੇਂ ਬੁੱਧੀਮਾਨਾਂ ਦੀ ਬਹਿਸ ਜਿਵੇਂ ਰਸਾ ਕਸ਼ੀ ਦਾ ਮੁਕਾਬਲਾ ਹੋ ਰਿਹਾ ਹੋਵੇ। ਇਕ ਗੁੱਟ ਉਨ੍ਹਾਂ ਵਿਖਿਆਨਾਂ ਦਾ ਹੈ ਜਿਹੜੇ ਸੰਨਿਆਸ ਨੂੰ ਉਤਮ ਦਸਦੇ ਹਨ, ਦੂਸਰੇ ਉਹ ਹਨ ਜਿਹੜੇ ਕਰਮ ਨੂੰ ਉਤਮ ਦਸਦੇ ਹਨ। ਇਹ ਦੋਨੋਂ ਮਾਰਗ ਅੱਡ ਹਨ, ਫਰਕ ਵਾਲੇ ਹਨ, ਇਨ੍ਹਾਂ ਵਿਚੋਂ ਕਿਸੇ ਦਾ ਨਰੀਖਣ ਕਰਕੇ ਇਹ ਕਹਿਣਾ ਕਿ ਇਹ ਚੰਗਾ ਹੈ ਜਾਂ ਇਹ ਠੀਕ ਹੈ, ਦੂਸਰਾ ਠੀਕ ਨਹੀਂ, ਇਹ ਗਲਤ ਹੈ। ਜਿਹੜੇ ਨਰੀਖਣ ਕਰਦੇ ਹਨ, ਫੈਸਲਾ ਦਿੰਦੇ ਹਨ, ਉਨ੍ਹਾਂ ਦੇ ਮਨਾਂ ਵਿਚ ਪਹਿਲਾਂ ਹੀ ਪੱਖਪਾਤ ਹੈ ਅਤੇ ਉਹ ਆਪਣੇ ਹੰਕਾਰ ਦੇ ਪ੍ਰਭਾਵ ਹੇਠਾਂ ਹੀ ਸਭ ਕੁਝ ਕਰਦੇ ਹਨ। ਜਦੋਂ

ਤੁਸੀਂ ਭਗਵਤ ਗੀਤਾ ਦਾ ਸੰਦੇਸ ਪੜ੍ਹਦੇ ਹੋ, ਤੁਹਾਨੂੰ ਪਤਾ ਲਗਦਾ ਹੈ ਸਾਰੇ ਗਿਆਨ ਦਾ ਸਰੋਤ ਇਕ ਹੀ ਹੈ ਤੇ ਸਾਰਾ ਗਿਆਨ ਸਾਨੂੰ ਉਸੇ ਸਰੋਤ ਵਲ ਲੈ ਜਾਂਦਾ ਹੈ। ਉਹ ਸਰੋਤ ਹੈ ਆਤਮ! ਜਿਥੋਂ ਸਾਰਾ ਗਿਆਨ ਪੈਦਾ ਹੁੰਦਾ ਹੈ ਤੇ ਉਸੇ ਵਿਚ ਸਮਾਅ ਜਾਂਦਾ ਹੈ, ਰਸਤੇ ਭਾਵੇਂ ਅੱਡ ਅੱਡ ਹੋਣ ਪਰ ਅੰਤ ਉਸੇ ਵਿਚੋਂ ਨਿਕਲ ਕੇ ਉਸ ਵਿਚ ਹੀ ਸਮਾਅ ਜਾਂਦੇ ਹਨ, ਉਹ ਅਨੰਦ ਦਾ ਸਾਗਰ ਹੈ, ਸੰਤੋਖ ਤੇ ਸ਼ਾਂਤੀ ਦਾ ਸਾਗਰ ਹੈ।

ਅਠਾਰ੍ਹਵੇਂ ਅਧਿਆਇ ਨਾਲ ਹੀ ਗੀਤਾ ਦੇ ਸੰਦੇਸ਼ ਦਾ ਅੰਤ ਹੋ ਜਾਂਦਾ ਹੈ, ਇਹ ਅਧਿਆਇ ਬੜਾ ਨਿਰਣੇਮਈ ਹੈ, ਬਹੁਤ ਨਿਸ਼ਚੇਕਾਰੀ ਹੈ। ਜਦੋਂ ਕ੍ਰਿਸ਼ਨ ਜੀ ਅਰਜਨ ਦੇ ਪ੍ਰਸ਼ਨਾਂ ਦਾ ਉਤਰ ਦੇ ਰਹੇ ਹਨ ਉਹ ਸਾਰੇ ਜਗਿਆਸੂਆਂ ਦੇ ਪ੍ਰਸ਼ਨਾਂ ਦਾ ਉਤਰ ਦੇ ਰਹੇ ਹੁੰਦੇ ਹਨ। ਕ੍ਰਿਸ਼ਨ ਜੀ ਇਕ ਅਟੱਲ, ਸਥਿਰ, ਅਮਰ ਅਨੰਦ ਦਾ ਮਾਰਗ ਦਾ ਵਿਖਿਆਨ ਕਰ ਰਹੇ ਹਨ। ਉਹ ਕਿਹੜਾ ਮਾਰਗ ਹੈ ਜਿਸ ਤੇ ਤੁਰਨਾ ਚੱਲਣਾ ਸਕਾਰਥ ਹੈ? ਕਿਸ ਮਾਰਗ ਦਾ ਅਨੁਆਈ ਬਣਨਾ ਚਾਹੀਦਾ ਹੈ? ਸੰਨਿਆਸ ਕੀ ਹੈ? ਕਰਮ ਮਾਰਗ ਕੀ ਹੈ? ਬਹੁਤ ਸਾਰੇ ਵਿਆਖਿਆਕਾਰਾਂ ਨੇ ਇਕ ਮਾਰਗ ਦੇ ਪੱਖ ਵਿਚ ਨਿਰਣਾ ਦਿਤਾ ਹੈ ਕਰਮ ਮਾਰਗ ਦੇ ਪੱਖ ਵਿਚ ਨਿਰਣਾ ਇਸ ਕਰਕੇ ਦਿਤਾ ਹੈ ਕਿਉਂਕਿ ਸੰਸਾਰ ਦੇ ਬਹੁਤ ਸਾਰੇ ਮਨੁੱਖ ਕਰਮ ਮਾਰਗ ਤੇ ਚਲਦੇ ਹਨ ਤੇ ਉਹ ਸੋਚਦੇ ਹਨ ਕਰਮ ਮਾਰਗ ਸੰਨਿਆਸ ਮਾਰਗ ਤੋਂ ਉਤਮ ਹੈ। ਸਚਾਈ ਜਾਨਣ ਲਈ ਬਹੁਪੱਖ ਦੀ ਲੋੜ ਨਹੀਂ, ਸਚਾਈ ਨੂੰ ਪ੍ਰਾਪਤ ਕਰਨ ਲਈ ਸਭ ਕੁਝ ਕਰਨਾ ਚਾਹੀਦਾ ਹੈ, ਅਟੱਲ ਸਚਾਈ ਪ੍ਰਾਪਤੀ ਕੀਤੀ ਜਾ ਸਕਦੀ ਹੈ। ਵਾਦ ਵਿਵਾਦ ਵਿਚ ਪੈਣਾ ਅਵੱਸ਼ਕ ਨਹੀਂ, ਕਿਸੇ ਵੀ ਇਕ ਮਾਰਗ ਨੂੰ ਦੂਸਰੇ ਤੋਂ ਉਤਮ ਦੱਸਣ ਦੀ ਵੀ ਲੋੜ ਨਹੀਂ। ਪੁਰਾਤਨ ਮਰਿਆਦਾ ਅਨੁਸਾਰ ਮਨੁੱਖੀ ਜੀਵਨ ਦਾ ਮਾਰਗ ਦਰਸ਼ਨ ਇਸ ਅਧਾਰ ਤੇ ਕੀਤਾ ਜਾਂਦਾ ਸੀ ਕਿ ਮਨੁੱਖ ਦਾ ਜੀਵਨ ਸੌ ਸਾਲ ਦਾ ਹੋਵੇਗਾ। ਪਹਿਲੇ 25 ਸਾਲ ਪੜ੍ਹਾਈ ਲਿਖਾਈ ਗਿਆਨ ਪ੍ਰਾਪਤ ਲਈ ਰੱਖੇ ਜਾਂਦੇ ਸੀ, ਦੂਸਰੇ 25 ਸਾਲ ਦੂਸਰਿਆਂ ਨਾਲ ਕਾਰ ਵਿਹਾਰ ਰਿਸ਼ਤੇ ਨਾਤੇ ਜੀਨਣੇ ਤੇ ਸਮਝਣ ਲਈ ਰੱਖੇ ਜਾਂਦੇ ਸਨ। ਸੰਸਾਰ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਜਾਂਦਾ ਸੀ, ਤੀਸਰੇ 25 ਸਾਲਾਂ ਵਿਚ ਜੀਵਨ ਦੀਆਂ ਕਦਰਾਂ ਕੀਮਤਾਂ ਨੂੰ ਸਮਝਣ ਦਾ, ਉਨ੍ਹਾਂ ਦੇ ਪ੍ਰਵਾਹ ਤੇ ਵਿਪਰੀਤ ਸਮਝਣ ਤੇ ਜਾਨਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਆਖਰ ਦੇ 25 ਸਾਲ ਕੇਵਲ ਰੂਹਾਨੀ ਸਾਧਨਾਂ ਲਈ ਰੱਖੇ ਜਾਂਦੇ। ਪਿਛੋਕੜ ਨੂੰ ਬਿਲਕੁਲ ਭੁਲਾ ਦੇਣ ਦੀ ਕੋਸ਼ਿਸ਼ ਕਰਕੇ ਧੋ ਦਿਤਾ ਜਾਂਦਾ, ਸੰਸਾਰ ਨੂੰ ਤਿਆਗ ਕੇ ਮੋਹ ਤੋਂ ਮੁਕਤ ਹੋ ਕੇ ਕੇਵਲ ਉਸ ਇਕ ਪ੍ਰਮਾਤਮਾ ਦੀ ਸ਼ਰਨ ਵਿਚ ਚਲੇ ਜਾਂਦੇ। ਆਖਰ ਦੇ ਪੱਚੀ ਸਾਲ ਆਤਮ ਸਿੱਧੀ ਲਈ ਹੀ ਹੁੰਦੇ। ਇਸ ਤਰ੍ਹਾਂ ਤਰੀਕੇ ਨਾਲ ਜੀਵਨ ਬਸਰ ਕਰਕੇ ਜੀਵਨ ਮਨੋਰਥ ਦੀ ਪ੍ਰਾਪਤੀ ਕੀਤੀ ਜਾਂਦੀ। ਇਸ ਸਾਰੇ ਤਰੀਕੇ ਨੂੰ ਇਕ ਬਹੁਤ ਸਾਧਾਰਨ ਤਰੀਕਾ ਹੀ ਸਮਝਿਆ ਜਾਂਦਾ ਸੀ ਪਰ ਪੁਰਾਤਨ ਸਮਿਆਂ ਵਿਚ ਵੀ ਕਈ ਪੁੱਗੀਆਂ ਰੂਹਾਂ ਸ਼ੁਰੂ ਤੋਂ ਹੀ ਆਸ਼ਰਮਾਂ ਵਿਚ ਚਲੀਆਂ ਜਾਂਦੀਆਂ ਸਨ ਤੇ ਸੰਨਿਆਸ ਧਾਰਨ ਕਰਕੇ ਆਤਮ ਸਿੱਧੀ ਵਿਚ ਲਗ ਜਾਂਦੀਆਂ ਸੀ।

ਸੰਨਿਆਸ ਦਾ ਮਾਰਗ ਬਹੁਤ ਥੋੜ੍ਹੇ ਹੀ ਅਪਣਾਅ ਸਕਦੇ ਹਨ। ਜਿਹੜੇ ਇਸ ਮਾਰਗ ਤੇ ਚੱਲਣ ਲਈ ਤਿਆਰ ਨਹੀਂ ਹੁੰਦੇ ਉਨ੍ਹਾਂ ਨੂੰ ਚੱਲਣ ਦੀ ਕੋਸ਼ਿਸ਼ ਹੀ ਨਹੀਂ ਕਰਨੀ ਚਾਹੀਦੀ। ਜਿਹੜੇ ਆਪਣੇ ਕਰਮਾਂ ਦੇ ਫਲ ਪ੍ਰਭੂ ਨੂੰ ਅਰਪਣ ਕਰਨਾ ਸਿੱਖ ਲੈਂਦੇ ਹਨ ਤੇ ਜਿਹੜੇ ਸਦਾ ਹੀ ਸਰਬੱਤ ਦਾ ਭਲਾ ਮੰਗਦੇ ਹਨ ਇਹ ਮਾਰਗ ਉਨ੍ਹਾਂ ਲਈ ਹੈ। ਜਿਹੜੇ ਕਰਮ ਤੇ ਕਰਮਾਂ ਦਾ ਫਲ ਤਿਆਗ ਦੇਂਦੇ ਹਨ ਉਹ ਆਤਮਕ ਸਿੱਧੀ ਦੇ ਮਾਰਗ ਤੇ ਚਲਦੇ ਹਨ। ਸੰਨਿਆਸ ਦੇ ਮਾਰਗ ਤੇ ਸਾਰੇ ਕਰਮ ਤਿਆਗ ਦਿਤੇ ਜਾਂਦੇ ਹਨ, ਇਸੇ ਪ੍ਰਕਾਰ ਫਲ ਦੀ ਇੱਛਾ ਵੀ ਤਿਆਗ ਦਿਤੀ ਜਾਂਦੀ ਹੈ ਪਰ ਕਰਮ ਦੇ ਮਾਰਗ ਤੇ ਕਰਮ ਕਰਨਾ ਨਹੀਂ ਤਿਆਗਿਆ ਜਾਂਦਾ, ਕੇਵਲ ਕਰਮਾਂ ਦਾ ਫਲ ਤਿਆਗਿਆ ਜਾਂਦਾ ਹੈ।

ਪ੍ਰਸ਼ਨ ਉਠਦਾ ਹੈ - ਕੀ ਕਰਮ ਕਰਨੇ ਤਿਆਗੇ ਜਾ ਸਕਦੇ ਹਨ? ਇਸ ਪ੍ਰਸ਼ਨ ਦਾ ਉਤਰ ਦੂਸਰੇ ਪ੍ਰਸ਼ਨ ਰਾਹੀਂ ਹੀ ਦਿਤਾ ਜਾ ਸਕਦਾ ਹੈ। ਜਦੋਂ ਸਾਰੇ ਭੋਗਾਂ ਦਾ ਤਿਆਗ ਕਰ ਦਿਤਾ ਜਾਵੇ, ਸਾਰੀਆਂ ਇੱਛਾਵਾਂ ਤਿਆਗ ਦਿਤੀਆਂ ਜਾਣ, ਮੌਜ ਮਾਨਣ ਦੀ ਪ੍ਰੇਰਨਾ ਦਾ ਹੀ ਤਿਆਗ ਕਰ ਦਿਤਾ ਜਾਵੇ ਫੇਰ ਕਿਹੜੇ ਕਰਮ ਕਰਨੇ ਬਾਕੀ ਰਹਿ ਜਾਂਦੇ ਹਨ? ਉਨ੍ਹਾਂ ਕਰਮਾਂ ਦਾ ਕੀ ਉਦੇਸ਼ ਰਹਿ ਜਾਂਦਾ ਹੈ? ਕੇਵਲ ਇਕ ਹੀ ਕਰਮ ਬਾਕੀ ਰਹਿ ਜਾਂਦਾ ਹੈ, ਉਹ ਹੈ ਕੇਵਲ ਦੂਸਰਿਆਂ ਦੀ ਭਲਾਈ ਲਈ ਕੀਤਾ ਜਾਂਦਾ ਹੈ, ਉਸ ਵਿਚ ਕੋਈ ਬੰਧਨ ਨਹੀਂ ਹੁੰਦਾ। ਇਸ ਕਰਕੇ ਇਹੋ ਜਿਹਾ ਕਰਮ ਤਿਆਗ ਦੇ ਮਾਰਗ ਤੇ ਕੀਤਾ ਜਾਂਦਾ ਹੈ।

ਜਿਹੜੇ ਕਰਮ ਦੇ ਮਾਰਗ ਵਿਚ ਵਿਸ਼ਵਾਸ਼ ਰਖਦੇ ਹਨ ਉਹ ਸੋਚਦੇ ਹਨ ਕਿ ਜੱਗ ਕਰਨਾ, ਦਾਨ ਦੇਣਾ, ਤਪੱਸਿਆ ਕਰਨੀ ਇਹ ਮੁਕਤ ਕਰਨ ਵਾਲੇ ਕਰਮ ਹਨ ਤੇ ਇਹ ਕਰਮ ਕਰਨੇ ਚਾਹੀਦੇ ਹਨ। ਸੰਨਿਆਸ ਦੇ ਮਾਰਗ ਤੇ ਧਿਆਨ ਲਗਾਉਣਾ, ਸਿਮਰਨ ਕਰਨਾ, ਅਰਦਾਸ ਕਰਨੀ, ਪਾਠ ਕਰਨਾ ਇਹ ਸਭ ਕੁਝ ਮੁਕਤੀ ਪ੍ਰਾਪਤ ਕਰਨ ਦੀ ਪ੍ਰੇਰਨਾ ਨਾਲ ਕੀਤਾ ਜਾਂਦਾ ਹੈ। ਸੰਨਿਆਸ ਦੇ ਮਾਰਗ ਤੇ ਮੁਕਤੀ ਭਾਵੇਂ ਬਹੁਤ ਮਹੱਤਵ ਰਖਦੀ ਹੈ ਪਰ ਇਹ ਆਤਮਕ ਸਿੱਧੀ ਵਲ ਇਕ ਹੋਰ ਕਦਮ ਹੈ। ਭਾਵੇਂ ਤੁਸੀਂ ਆਪਣੇ ਆਪ ਨੂੰ ਬੰਧਨਾਂ ਤੋਂ ਮੁਕਤ ਕਰ ਲਿਆ ਹੋਵੇ, ਮੋਹ ਤੋਂ ਮੁਕਤ ਕਰ ਲਿਆ ਹੋਵੇ ਪਰ ਹਾਲੇ ਤੁਸੀਂ ਇਕ ਨਾਲ ਜੁੜਨਾ ਹੈ। ਆਪਣੇ ਆਪ ਨੂੰ ਮੋਹ ਤੋਂ ਮੁਕਤ ਕਰਨਾ, ਆਤਮਕ ਸਿੱਧੀ ਨਹੀਂ, ਸਮਾਧੀ ਵਿਚ ਜਾਣਾ ਨਹੀਂ। ਜੇ ਤੁਸੀਂ ਉਹ ਕਰਮ ਕਰਦੇ ਵੀ ਹੋ ਜਿਹੜੇ ਸੁਤੰਤਰ ਕਰਦੇ ਹਨ ਤੇ ਅੱਗੋਂ ਬੰਧਨ ਨਹੀਂ ਬਣਦੇ ਤਾਂ ਵੀ ਅਜੇ ਤੁਹਾਡੀ ਹਉਮੈ ਹੈ, ਤੁਸੀਂ ਹੋ ਤੇ ਤੁਸੀਂ ਇਸ ਤੋਂ ਉਪਰ ਨਹੀਂ ਉਠੇ। ਲੋੜ ਹੈ ਚੇਤਨਾ ਨੂੰ ਵਧਾਉਣ ਦੀ, ਉਦੋਂ ਤਕ ਵਧਾਈ ਜਾਓ ਜਦੋਂ ਤਕ ਤੁਸੀਂ ਸਾਰੇ ਬ੍ਰਹਿਮੰਡ ਵਿਚ ਨਹੀਂ ਮਿਲ ਜਾਂਦੇ, ਉਸ ਇਕ ਨਾਲ ਇਕ ਨਹੀਂ ਹੋ ਜਾਂਦੇ।

ਸੰਨਿਆਸੀ ਨੇ ਇਕ ਤੋਂ ਬਾਅਦ ਇਕ ਹੱਦ ਪਾਰ ਕਰਨੀ ਹੈ, ਅੱਗੇ ਤੋਂ ਅੱਗੇ ਆਪਣੇ ਅੰਦਰ ਜਾਣਾ ਹੈ, ਅੰਦਰ ਦੀ ਚੇਤਨਤਾ ਨੂੰ ਜਗਾਉਣਾ

ਹੈ ਤੇ ਧੁਰ ਅੰਦਰ ਦੀ ਆਤਮਾ ਤਕ ਪਹੁੰਚਣਾ ਹੈ। ਹੇਠ ਲਿਖੀਆਂ ਕੁਝ ਵਿਸ਼ੇਸ਼ਤਾਵਾਂ ਸੰਨਿਆਸੀਆਂ ਲਈ ਮੂਲ ਅਧਾਰ ਹਨ –

1. ਸੰਨਿਆਸੀ ਆਪਣੀ ਸਾਰੀ ਸ਼ਕਤੀ ਆਤਮਕ ਸਿੱਧੀ ਪ੍ਰਾਪਤ ਕਰਨ ਵਿਚ ਹੀ ਲਗਾਉਂਦਾ ਹੈ।

2. ਉਹ ਆਪਣਾ ਸਮਾਂ ਤੇ ਸ਼ਕਤੀ ਆਪਣੀਆਂ ਇਛਾਵਾਂ ਪੂਰਤੀ ਤੇ ਕੇਵਲ ਆਪਣੇ ਤੇ ਹੀ ਨਹੀਂ ਲਗਾਉਂਦਾ।

3. ਸੰਨਿਆਸੀ ਦਾ ਮਾਰਗ ਅੰਦਰ ਜਾਣ ਦਾ ਮਾਰਗ ਹੈ। ਨਾ ਹੀ ਕਰਮ ਕਰਨਾ ਉਸ ਦਾ ਮਾਰਗ ਹੈ, ਨਾ ਹੀ ਕਰਮ ਨਾ ਕਰਨਾ ਉਸ ਦਾ ਮਾਰਗ ਹੈ, ਨਾ ਹੀ ਆਰਾਮ ਕਰਨਾ ਉਸ ਦਾ ਮਾਰਗ ਹੈ। ਇਸ ਮਾਰਗ ਤੇ ਕੇਵਲ ਮਨ ਨਾਲ ਕਰਮ ਕਰਨੇ ਹਨ ਤੇ ਮਨ ਨੂੰ ਮੋੜ ਕੇ ਸੰਨਿਆਸੀ ਬਣ ਸਕਦੇ ਹਨ। ਪਰ ਇਸ ਸਭ ਕੁਝ ਲਈ ਸ਼ਰਤ ਇਕ ਹੈ, ਉਹ ਇਹ ਹੈ ਤੁਹਾਡਾ ਆਦਰਸ਼ ਤੁਹਾਡੇ ਸਾਮ੍ਹਣੇ ਸਪਸ਼ਟ ਹੈ ਤੇ ਕਰਮ ਕੇਵਲ ਕਰਮਾਂ ਦਾ ਫਲ ਉਸ ਪ੍ਰਭੂ ਨੂੰ ਸਮਰਪਣ ਕਰਨ ਲਈ ਕੀਤਾ ਜਾ ਰਿਹਾ ਹੈ। ਕਰਮ ਕਰਕੇ ਫਲ ਪ੍ਰਮਾਤਮਾ ਨੂੰ ਅਰਪਣ ਕਰਨਾ ਹੀ ਕੇਵਲ ਕਰਮਾਂ ਦੇ ਬੰਧਨਾਂ ਤੋਂ ਛੁਟਣ ਦਾ ਇਕੋ ਇਕ ਤਰੀਕਾ ਹੈ, ਇਕੋ ਇਕ ਰਾਹ ਹੈ। ਸਾਰੇ ਕਰਮਾਂ ਦਾ ਫਲ ਉਸ ਪ੍ਰਭੂ ਨੂੰ ਸਮਰਪਣ ਕਰਨਾ ਹੀ ਸਾਧਨਾ ਹੈ, ਕਰਮਾਂ ਦੀ ਸਾਧਨਾ ਹੈ, ਇਹ ਹੀ ਗੀਤਾ ਦਾ ਸਾਰ ਹੈ, ਇਹ ਹੀ ਕ੍ਰਿਸ਼ਨ ਜੀ ਦਾ ਉਪਦੇਸ਼ ਅਰਜਨ ਲਈ ਹੈ, ਇਹ ਹੀ ਉਪਦੇਸ਼ ਸਾਰੇ ਸਾਧਕਾਂ ਲਈ ਹੈ। ਕਰਮ ਕਰਨ ਦੇ ਮਾਰਗ ਤੇ ਆਤਮਕ ਸਿੱਧੀ ਬੰਧਨਾਂ ਤੋਂ ਮੁਕਤ ਹੋ ਕੇ ਕਰਮ ਕਰਨ ਵਿਚ ਹੀ ਹੈ, ਕਰਮ ਵੀ ਪ੍ਰਭੂ ਦੀ ਆਗਿਆ ਮੰਨ ਕੇ ਕੀਤੇ ਜਾਂਦੇ ਹਨ, ਫਲ ਵੀ ਪ੍ਰਭੂ ਨੂੰ ਹੀ ਸਮਰਪਿਤ ਕੀਤਾ ਜਾਂਦਾ ਹੈ। ਕੋਈ ਵੀ ਇਕ ਮਾਰਗ ਉਤਮ ਨਹੀਂ ਹੈ, ਕੋਈ ਵੀ ਨੀਵਾਂ ਨਹੀਂ ਹੈ। ਲੋੜ ਹੈ ਕੇਵਲ ਮੋਹ ਤੋਂ ਮੁਕਤ ਹੋਣ ਦਾ ਗਿਆਨ ਪ੍ਰਾਪਤ ਕਰਨ ਦੀ।

3. ਕੁਝ ਵਿਦਵਾਨ ਦਸਦੇ ਹਨ ਕਿ ਸਭ ਕਰਮ ਦੋਖ ਯੁਕਤ ਹੋਣ ਕਰਕੇ ਤਿਆਗਣ ਯੋਗ ਹਨ। ਕੁਝ ਦਸਦੇ ਹਨ ਯੱਗ, ਦਾਨ ਤੇ ਤਪ ਦੇ ਕਰਮ ਨਹੀਂ ਤਿਆਗਣੇ ਚਾਹੀਦੇ।

4. ਹੇ ਭਰਤ ਸਤੱਮ! ਇਸ ਤਿਆਗ ਸਬੰਧੀ ਮੇਰਾ ਨਿਸ਼ਚਾ ਸੁਣ। ਹੇ ਪੁਰਖਾਂ ਵਿਚ ਸ਼ੇਰ, ਤਿਆਗ ਤ੍ਰਿਬਿਧ ਕਿਹਾ ਗਿਆ ਹੈ।

5. ਯੱਗ, ਦਾਨ ਅਤੇ ਤਪ ਦੇ ਕਰਮ ਤਿਆਗਣੇ ਨਹੀਂ ਚਾਹੀਦੇ, ਸਗੋਂ ਕਰਨੇ ਚਾਹੀਦੇ ਹਨ। ਯੱਗ, ਦਾਨ ਅਤੇ ਤਪ, ਬੁੱਧੀਵਾਨਾਂ ਨੂੰ ਪਵਿੱਤਰ ਕਰਨ ਵਾਲੇ ਹਨ।

6. ਹੇ ਪਾਰਥ! ਇਹ ਕਰਮ ਸੰਗ ਅਤੇ ਫਲ ਨੂੰ ਤਿਆਗ ਕੇ ਕਰਨੇ ਚਾਹੀਦੇ ਹਨ। ਇਹ ਹੀ ਮੇਰਾ ਉਤਮ ਨਿਸ਼ਚਾ ਹੈ।

ਬਹੁਤ ਸਾਰੇ ਗਿਆਨੀ ਦਸਦੇ ਹਨ ਕਿ ਸਾਰੇ ਕਰਮ ਤਿਆਗ ਦੇਣੇ ਚਾਹੀਦੇ ਹਨ ਕਿਉਂਕਿ ਕਰਮ ਕਰਨ ਨਾਲ ਇਕ ਲੜੀ ਬਣ ਜਾਂਦੀ ਹੈ ਜੋ ਮੁੱਕਣ ਵਿਚ ਹੀ ਨਹੀਂ ਆਉਂਦੀ। ਇਹ ਘੁੰਮਣ ਘੇਰੀਆਂ ਬਣ ਜਾਂਦੀਆਂ ਹਨ ਜਿਸ ਦਾ ਨਾ ਕੋਈ ਆਦਿ ਦਿਸਦਾ ਹੈ, ਨਾ ਕੋਈ ਅੰਤ, ਜਿਸ ਵਿਚੋਂ ਨਿਕਲਣਾ ਹੀ ਔਖਾ ਹੋ ਜਾਂਦਾ ਹੈ। ਇਕ ਦੂਸਰੇ ਪੱਖ ਦੇ ਲੋਕ ਹਨ ਜਿਹੜੇ ਕਹਿੰਦੇ ਹਨ ਕਿ ਚੰਗੇ ਕਰਮਾਂ ਦਾ ਤਿਆਗ ਨਹੀਂ ਕਰਨਾ ਚਾਹੀਦਾ ਕਿਉਂਕਿ ਚੰਗੇ ਕਰਮ ਬੰਧਨ ਨਹੀਂ ਬਣਦੇ ਉਨ੍ਹਾਂ ਅਨੁਸਾਰ ਦੋ ਪ੍ਰਕਾਰ ਦੇ ਹੁੰਦੇ ਹਨ, ਇਕ ਪ੍ਰਕਾਰ ਦੇ ਕਰਮ ਬੰਧਨ ਬਣਦੇ ਹਨ, ਦੂਸਰੇ ਪ੍ਰਕਾਰ ਦੇ ਕਰਮ ਬੰਧਨ ਨਹੀਂ ਬਣਦੇ। ਕ੍ਰਿਸ਼ਨ ਜੀ ਦੋਨੋਂ ਮਾਰਗਾਂ ਦਾ ਵਿਖਿਆਨ ਕਰਦੇ ਹੋਏ ਅਰਜਨ ਨੂੰ ਦਸਦੇ ਪ੍ਰੇਰਨਾ ਦਿੰਦੇ ਹਨ ਕਿ ਮੋਹ ਤੋਂ ਮੁਕਤ ਹੋ ਕੇ ਨੇਕ ਚੰਗੇ ਕਰਮ ਕਰਨੇ ਚਾਹੀਦੇ ਹਨ। ਉਹ ਦਸਦੇ ਹਨ ਕਿ ਜੱਗ ਕਰਨਾ, ਦਾਨ ਦੇਣਾ ਤੇ ਭਗਤੀ ਕਰਨੀ ਇਨ੍ਹਾਂ ਨੂੰ ਚੰਗੇ ਨੇਕ ਕਰਮ ਕਿਹਾ ਜਾਂਦਾ ਹੈ, ਜਿਹੜੇ ਕਰਮ ਮੋਹ ਤੋਂ ਮੁਕਤ ਹੋ ਕੇ ਕੀਤੇ ਜਾਣ, ਫਲ ਦੀ ਇੱਛਾ ਤੋਂ ਮੁਕਤ ਹੋ ਕੇ ਕੀਤੇ ਜਾਣ, ਇਹ ਉਨ੍ਹਾਂ ਵਾਸਤੇ ਹਨ ਜਿਹੜੇ ਤਿਆਗ ਦੇ ਮਾਰਗ ਤੇ ਨਹੀਂ ਚਲ ਸਕਦੇ।

7. ਜਿਹੜੇ ਵੀ ਕਰਮ ਕਿਸੇ ਧਰਮ ਅਨੁਸਾਰ ਨਿਸ਼ਚਿਤ ਕੀਤੇ ਗਏ ਹਨ ਉਨ੍ਹਾਂ ਦਾ ਤਿਆਗ ਕਰਨਾ ਠੀਕ ਨਹੀਂ, ਅਗਿਆਨ ਦੁਆਰਾ ਇਨ੍ਹਾਂ ਦਾ ਤਿਆਗ ਤਾਮਸਿਕ ਕਹਾਉਂਦਾ ਹੈ।

8. ਕਰਮ ਕਰਮ ਨੂੰ ਦੁਖਦਾਈ ਜਾਣ ਕੇ ਦੇਹ ਨੂੰ ਦੁਖ ਦੇਣ ਦੇ ਡਰ ਤੋਂ ਜਿਨ੍ਹਾਂ ਕਰਮਾਂ ਦਾ ਤਿਆਗ ਕੀਤਾ ਜਾਂਦਾ ਹੈ ਇਨ੍ਹਾਂ ਨੂੰ ਰਾਜਸੀ ਤਿਆਗ ਆਖਦੇ ਹਨ, ਉਹ ਤਿਆਗ ਦੇ ਫਲ ਦਾ ਅਧਿਕਾਰੀ ਨਹੀਂ ਹੁੰਦਾ।

9. ਹੇ ਅਰਜਨ! ਜਿਹੜਾ ਨੀਯਤ ਕੀਤਾ ਗਿਆ ਕਰਮ ਇਸ ਭਾਵਨਾ ਨਾਲ ਕਰਦਾ ਹੈ ਕਿ ਇਹ ਕਰਨਾ ਹੀ ਚਾਹੀਦਾ ਹੈ ਅਤੇ ਫਲ ਦੀ ਇੱਛਾ ਨਹੀਂ ਕਰਦਾ, ਉਹ ਸਾਤਵਿਕ ਤਿਆਗ ਹੈ।

ਕ੍ਰਿਸ਼ਨ ਜੀ ਅਰਜਨ ਨੂੰ ਦਸਦੇ ਹਨ ਕਿ ਰਜੋ ਗੁਣ ਜਾਂ ਤਮੋ ਗੁਣ ਦੇ ਪ੍ਰਭਾਵ ਥੱਲੇ ਆ ਕੇ ਆਪਣੇ ਕਰਮ ਨਹੀਂ ਤਿਆਗ ਦੇਣੇ ਚਾਹੀਦੇ। ਜਿਹੜੇ ਲੋਕੀ ਘਬਰਾ ਕੇ, ਨਿਰਾਸ ਹੋ ਕੇ ਭਰਮਾਂ ਵਿਚ ਪੈ ਕੇ ਆਪਣੀ ਡਿਊਟੀ ਛੱਡ ਦਿੰਦੇ ਹਨ ਉਹ ਸੰਨਿਆਸ ਦੇ ਮਾਰਗ ਤੇ ਨਹੀਂ ਚਲ ਸਕਦੇ ਪਰ ਐਨਾ ਅਵੱਸ਼ ਹੈ ਕਿ ਉਹ ਅਗਿਆਨ ਦੇ ਮਾਰਗ ਤੋਂ ਥੱਲੇ ਉਤਰ ਸਕਦੇ ਹਨ। ਭਾਵੁਕ ਹੋ ਕੇ ਆਪਣੀ ਡਿਊਟੀ ਛੱਡ ਦੇਣੀ ਇਹ ਤਾਮਸਿਕ ਸੰਨਿਆਸ ਹੈ ਜਿਸ ਨਾਲ ਸੰਤਾਪ ਪੈਦਾ ਹੁੰਦਾ ਹੈ। ਜਿਹੜੇ ਇਸ ਤਰ੍ਹਾਂ ਤਿਆਗ ਕਰਦੇ ਹਨ ਉਹ ਆਪਣੇ ਆਪ ਤੇ ਹੀ ਬੋਝ ਬਣ ਜਾਂਦੇ ਹਨ, ਆਪਣੀ ਕੌਮ ਤੇ ਅਤੇ ਸਾਰੀ ਮਾਨਵਤਾ ਤੇ ਬੋਝ ਬਣ ਜਾਂਦੇ ਹਨ। ਉਹ ਸਦਾ ਦੂਸਰਿਆਂ ਤੇ ਨਿਰਭਰ ਰਹਿੰਦੇ ਹਨ, ਦੂਸਰੇ ਦੇ ਸਿਰ ਤੇ ਆਪਣੇ ਨਿਰਬਾਹ ਕਰਦੇ ਹਨ ਤੇ ਦੂਸਰਿਆਂ ਲਈ ਬੜੀ ਘਟੀਆ ਮਿਸਾਲ ਬਣਦੇ ਹਨ। ਸੰਨਿਆਸ ਮਾਰਗ ਤੇ ਕੇਵਲ ਸਾਤਵਿਕ ਹੀ ਚਲ ਸਕਦੇ ਹਨ। ਰਜੋ

ਗੁਣੀ ਤੇ ਤਮੋ ਗੁਣੀ ਨੂੰ ਪਹਿਲਾਂ ਸਤੋ ਗੁਣੀ ਬਣਨਾ ਚਾਹੀਦਾ ਹੈ ਤੇ ਸਤੋ ਗੁਣਾਂ ਦਾ ਅਭਿਆਸ ਕਰਨਾ ਚਾਹੀਦਾ ਹੈ ਉਨ੍ਹਾਂ ਨੂੰ ਆਪਣੀ ਡਿਊਟੀ ਕਰਨੀ ਚਾਹੀਦੀ ਹੈ ਤੇ ਕਦੀ ਵੀ ਨਿਰਾਸ ਹੋ ਕੇ ਭਾਵੁਕ ਹੋ ਕੇ ਕਦੀ ਵੀ ਗਿਆਨ ਦੇ ਮਾਰਗ ਤੇ ਚਲਣਾ ਨਹੀਂ ਸੋਚਣਾ ਚਾਹੀਦਾ।

ਜਿਹੜੇ ਰਜੋ ਗੁਣਾਂ ਦੇ ਪ੍ਰਭਾਵ ਹੇਠਾਂ ਹਨ, ਉਨ੍ਹਾਂ ਨੂੰ ਔਕੜਾਂ ਤੋਂ ਮੁਸੀਬਤਾਂ ਤੋਂ ਡਰ ਲੱਗਾ ਰਹਿੰਦਾ ਹੈ, ਉਹ ਇਨ੍ਹਾਂ ਵਿਚਾਰਾਂ ਵਿਚ ਹੀ ਉਲਝੇ ਰਹਿੰਦੇ ਹਨ ਕਿਥੋਂ ਉਨ੍ਹਾਂ ਕੀ ਲਾਭ ਹੋਵੇਗਾ, ਕਿਥੋਂ ਕੀ ਨੁਕਸਾਨ ਹੋਵੇਗਾ? ਇਹ ਵਿਚਾਰ ਉਨ੍ਹਾਂ ਨੂੰ ਬਹੁਤ ਦੁਖ ਦਿੰਦੇ ਹਨ, ਡਰ ਕੇ ਹੀ ਉਹ ਭੈੜੇ ਕਰਮਾਂ ਦਾ ਤਿਆਗ ਕਰਦੇ ਹਨ। ਉਹ ਸਦਾ ਹੀ ਭੋਗਾਂ ਦੀ ਤਲਾਸ਼ ਵਿਚ ਰਹਿੰਦੇ ਹਨ ਤੇ ਸਦਾ ਹੀ ਆਪਣੇ ਸੁਆਰਥ ਦੀ ਭੁੱਖ ਮਿਟਾਉਣ ਵਿਚ ਲੱਗੇ ਰਹਿੰਦੇ ਹਨ। ਜੇ ਕੋਈ ਡਰ ਕੇ ਸੰਨਿਆਸ ਗ੍ਰਹਿਣ ਕਰਦਾ ਹੈ ਉਹ ਮਨੁੱਖ ਸੰਨਿਆਸ ਦੇ ਮਾਰਗ ਤੇ ਇਕ ਧੱਬਾ ਹੈ, ਗਿਆਨ ਦੇ ਮਾਰਗ ਤੇ ਇਕ ਨਖਿੱਧ ਮਿਸਾਲ ਹੈ। ਤਾਮਸਿਕ ਲੋਕ ਸਿਥਿਲ ਤੇ ਆਲਸੀ ਹੁੰਦੇ ਹਨ, ਉਨ੍ਹਾਂ ਦੀ ਸੁਸਤੀ, ਉਨ੍ਹਾਂ ਦਾ ਕਰਮ ਨਾ ਕਰਨਾ ਉਨ੍ਹਾਂ ਲਈ ਆਪਣੇ ਲਈ ਤੇ ਦੂਸਰਿਆਂ ਲਈ ਸੰਤਾਪ ਬਣ ਜਾਂਦਾ ਹੈ। ਤਾਮਸਿਕ ਬਿਰਤੀ ਵਾਲੇ ਨਾ ਤਾਂ ਸੰਨਿਆਸ ਦੇ ਕਾਬਲ ਹਨ, ਨਾ ਹੀ ਕਰਮ ਮਾਰਗ ਤੇ ਚੱਲਣ ਦੇ ਕਾਬਲ, ਉਹ ਤਾਂ ਸੋਚਦੇ ਹਨ, ਖਾਓ ਪੀਓ ਮੌਜ ਉਡਾਓ, ਨਾ ਬਾਹਰ ਤੇ ਅੰਦਰ ਦੋਨੋਂ ਸਚਾਈਆਂ ਤੋਂ ਅਚੇਤ ਹੀ ਰਹੋ। ਭੁੱਲਣ ਲਈ ਉਹ ਕਿਸੇ ਵੀ ਨਸ਼ੇ ਦੀ ਵਰਤੋਂ ਕਰਨਗੇ। ਸਾਤਵਿਕ ਸਾਧਕ ਕਦੇ ਵੀ ਆਪਣੀਆਂ ਡੀਊਟੀਆਂ ਨਹੀਂ ਭੁੱਲਦਾ, ਨਾ ਹੀ ਛਡਦਾ ਹੈ, ਚਾਹੇ ਉਹ ਸੰਨਿਆਸ ਦੇ ਮਾਰਗ ਤੇ ਹੋਵੇ ਭਾਵੇਂ ਉਹ ਕਰਮ ਕਰਨ ਦੇ ਮਾਰਗ ਤੇ ਹੋਵੇ, ਉਹ ਬਹੁਤ ਕਰੜੀ ਮਿਹਨਤ ਕਰਨ ਵਾਲੇ ਹੁੰਦੇ ਹਨ, ਆਪਣੀਆਂ ਡਿਊਟੀਆਂ ਬੜੀ ਸੁਚੱਜੀ ਪ੍ਰਕਾਰ ਕਰਦੇ ਹਨ ਉਹ ਆਪ ਕਸ਼ਟ ਸਹਿ ਕੇ ਵੀ ਦੂਸਰਿਆਂ ਨੂੰਖੁਸ਼ ਕਰਦੇ ਹਨ। ਸਾਤਵਿਕ ਬਹੁਤ ਹੀ ਘੱਟ ਹੁੰਦੇ ਹਨ, ਬਹੁਤ ਘੱਟ ਹੀ ਉਹ ਬਹੁਤ ਸਫਲ ਹੁੰਦੇ ਹਨ ਤੇ ਉਨ੍ਹਾਂ ਦਾ ਮਨ ਤੇ ਅੰਦਰ ਬਹੁਤ ਹੀ ਸਾਫ ਤੇ ਸਪਸ਼ਟ ਹੁੰਦਾ ਹੈ। ਰਾਜਸਿਕ ਬਿਰਤੀ ਵਾਲੇ ਸਦਾ ਹੀ ਘਬਰਾਏ ਰਹਿੰਦੇ ਹਨ, ਤਾਮਸਿਕ ਅਗਿਆਨੀ ਹੁੰਦੇ ਹਨ।

10. ਜਿਹੜਾ ਤਿਆਗੀ ਸਤੋ ਗੁਣ ਨਾਲ ਭਰਪੂਰ, ਬੁੱਧੀਮਾਨ ਹੈ ਜਿਸ ਦੇ ਸੰਸੇ ਦੂਰ ਹੋ ਗਏ ਹਨ ਉਹ ਨਾ ਤਾਂ ਸੁਖਦਾਈ ਹੋਣ ਨਾਲ ਵਾਸਤੇ ਰਖਦਾ ਹੈ, ਨਾ ਹੀ ਦੁਖਦਾਈ ਕਰਮ ਤੋਂ ਦ੍ਵੈਸ਼ ਰਖਦਾ ਹੈ।

11. ਦੇਹਧਾਰੀ ਸਾਰੇ ਕਰਮਾਂ ਦਾ ਤਿਆਗ ਨਹੀਂ ਕਰ ਸਕਦਾ, ਤਿਆਗੀ ਕੇਵਲ ਉਹ ਹੀ ਹੈ ਜਿਹੜਾ ਕਰਮਾਂ ਦੇ ਫਲ ਨੂੰ ਤਿਆਗਦਾ ਹੈ।

12. ਜਿਹੜਾ ਤਿਆਗੀ ਨਹੀਂ ਹੈ ਉਸ ਲਈ ਮਰਨ ਉਪਰਾਂਤ ਤਿੰਨ ਪ੍ਰਕਾਰ ਦੇ ਕਰਮ ਫਲ ਹਨ, ਚੰਗਾ, ਬੁਰਾ, ਚੰਗਾ ਬੁਰਾ ਮਿਲਿਆ ਜੁਲਿਆ, ਸੰਨਿਆਸੀ ਵਾਸਤੇ ਕੋਈ ਫਲ ਨਹੀਂ।

ਜਿਹੜੇ ਸਾਧਕ ਸਤੋ ਗੁਣੀ ਹੁੰਦੇ ਹਨ, ਜਿਨ੍ਹਾਂ ਦੇ ਕੋਈ ਸੰਸੇ ਨਹੀਂ ਹੁੰਦੇ ਉਹ ਕਦੇ ਵੀ ਕਿਸੇ ਕਰਮ ਕਰਨ ਤੋਂ ਪਿਛੇ ਨਹੀਂ ਹਟਦੇ, ਚੰਗੇ ਕਰਮ ਨਾਲ ਉਹ ਜੁੜਦੇ ਨਹੀਂ ਤੇ ਆਮ ਰੋਜ਼ ਦੇ ਕਰਮ ਤੋਂ ਵੀ ਉਹ ਪਿਛੇ ਨਹੀਂ ਹਟਦੇ। ਉਨ੍ਹਾਂ ਲਈ ਡਿਊਟੀ ਹੀ ਪ੍ਰਮੁੱਖ ਹੈ, ਉਹ ਆਪਣੀ ਡੀਊਟੀ ਬੜੇ ਹੀ ਸੰਤੁਲਨ ਮਨ ਨਾਲ ਕਰਦੇ ਹਨ, ਆਮ ਮਨੁੱਖ ਆਪਣੀ ਡੀਊਟੀ ਤੋਂ ਪਿਛੇ ਨਹੀਂ ਹਟ ਸਕਦਾ ਕਿਉਂਕਿ ਉਹ ਆਪਣੇ ਪਿਛਲੇ ਜਨਮ ਦੇ ਸੰਸਕਾਰ ਨਾਲ ਲੈ ਕੇ ਆਇਆ ਹੈ, ਉਸ ਨੂੰ ਉਹ ਕਰਮ ਕਰਨੇ ਹੀ ਪੈਣੇ ਹਨ, ਡੀਊਟੀ ਕਰਨੀ ਹੀ ਪੈਣੀ ਹੈ, ਉਸ ਵਿਚ ਤੁਸੀਂ ਕੁਝ ਨਹੀਂ ਕਰ ਸਕਦੇ। ਡੀਊਟੀ ਤਾਂ ਕਰਨੀ ਹੀ ਪੈਣੀ ਹੈ ਤੁਸੀਂ ਕੇਵਲ ਇਕ ਹੀ ਕੰਮ ਕਰ ਸਕਦੇ ਹੋ, ਉਹ ਹੈ ਫਲ ਦਾ ਤਿਆਗ, ਕਰਮ ਕਰਕੇ ਉਸ ਦੇ ਫਲ ਦਾ ਤਿਆਗ ਕਰ ਸਕਦੇ ਹੋ। ਜਿਹੜੇ ਸਾਧਕ ਕਰਮ ਕਰਕੇ ਫਲ ਦਾ ਤਿਆਗ ਨਹੀਂ ਕਰ ਕਰਦੇ ਉਨ੍ਹਾਂ ਨੂੰ ਫਲ ਮਿਲਦਾ ਹੀ ਮਿਲਦਾ ਹੈ। ਉਹ ਫਲ ਕੀ ਹੁੰਦੇ, ਕਿਸ ਪ੍ਰਕਾਰ ਦਾ ਹੁੰਦਾ ਹੈ, ਇਹ ਉਹ ਨਹੀਂ ਜਾਣਦੇ। ਕੋਈ ਫਲ ਚੰਗੇ ਹੁੰਦੇ ਹਨ, ਕੋਈ ਮੰਦੇ, ਕੋਈ ਚੰਗੇ ਮੰਦੇ ਮਿਲੇ ਜੁਲੇ। ਜਿਹੜੇ ਸਾਧਕ ਨਿਸੁਆਰਥ ਹੋ ਕੇ ਕਰਮ ਕਰਦੇ ਹਨ, ਸੁਚੱਜੀ ਤਰ੍ਹਾਂ ਕਰਮ ਕਰਦੇ ਹਨ, ਸਾਰੇ ਫਲਾਂ ਦਾ ਤਿਆਗ ਕਰਦੇ ਹਨ, ਉਹ ਲੋਕ ਪਰਲੋਕ ਦੋਨੋਂ ਥਾਂ ਤੇ ਮੁਕਤ ਰਹਿੰਦੇ ਹਨ।

13. ਹੇ ਮਹਾਂਬਾਹੋ! ਸਭ ਕਰਮਾਂ ਦੀ ਸਿੱਧੀ ਲਈ ਸ਼ਾਂਤ ਸਿਧਾਂਤ ਅਨੁਸਾਰ ਪੰਜ ਕਾਰਨ ਕਹੇ ਗਏ ਹਨ, ਉਹ ਤੂੰ ਮੇਰੇ ਕੋਲੋਂ ਸੁਣ।

14. ਸਰੀਰ, (ਕਰਮ ਦਾ) ਕਰਤਾ, ਇੰਦਰੀਆਂ, ਅਨੇਕ ਪ੍ਰਕਾਰ ਦੀ ਚੇਸ਼ਟਾ ਅਤੇ ਪੰਜਵਾਂ ਦੈਵ ਇੰਦ੍ਰੀਆਂ ਦਾ ਦੇਵਤਾ।

15. ਜੋ ਵੀ ਕਰਮ ਆਦਮੀ ਸਰੀਰ, ਵਾਕ ਜਾਂ ਮਨ ਨਾਲ ਨਿਆਏ ਅਨੁਸਾਰ ਜਾਂ ਉਲਟ ਅਰੰਭ ਕਰਦਾ ਹੈ ਉਸ ਦੇ ਇਹੋ ਪੰਜ ਕਾਰਨ ਹੁੰਦੇ ਹਨ।

16. ਸਾਂਖਯ ਵਿਗਿਆਨ ਤੇ ਫਿਲੌਸਫੀ ਅਨੁਸਾਰ ਜਦੋਂ ਕੋਈ ਸਾਧਕ ਸੰਤੁਲਨ ਅਵਸਥਾ ਵਿਚ ਕਰਮ ਕਰਦਾ ਹੈ ਉਹ ਕਰਮ ਨਿਰਵਿਘਨ ਸੰਪੰਨ ਹੁੰਦਾ ਹੈ। ਸਾਂਖਯ ਨੇ ਕਰਮ ਕਰਨ ਲਈ ਪੰਜ ਗੁਣ ਦੱਸੇ ਹਨ। ਪਹਿਲਾ ਕਰਮ ਕਰਨ ਵਾਲੇ ਨੂੰ ਕਰਮ ਕਰਨ ਲਈ ਥਾਂ ਚਾਹੀਦੀ ਹੈ, ਧਰਤੀ ਚਾਹੀਦੀ ਹੈ। ਇਸ ਨੂੰ ਅਧਿਸਥਾਨ ਕਹਿੰਦੇ ਹਨ। ਦੂਸਰਾ ਹੈ ਮਹੱਤਵਪੂਰਨ ਗੁਣ, ਉਹ ਕਰਮ ਕਰਨ ਵਾਲਾ ਜਿਸ ਖੇਤਰ ਵਿਚ ਰਹਿੰਦਾ ਹੈ ਉਸ ਨੂੰ ਕਰਮ ਕਰਨ ਦੀ ਸੋਝੀ ਹੋਣੀ ਚਾਹੀਦੀ ਹੈ। ਤੀਸਰਾ ਗੁਣ ਹੈ ਉਹ ਤਰੀਕੇ, ਉਹ ਸਾਜ਼ ਜਿਹੜੇ ਕਰਮ ਕਰਨ ਵਾਲਾ ਵਰਤਦਾ ਹੈ। ਲੋੜੀਂਦੇ ਫਲ ਪ੍ਰਾਪਤ ਕਰਨ ਲਈ ਇਹ ਅਵੱਸ਼ਕ ਹੈ, ਦੇਹ ਠੀਕ ਹੋਵੇ ਤੇ ਪੂਰੇ ਤਰੀਕੇ ਪਤਾ ਹੋਣ। ਚੌਥਾ ਗੁਣ ਹੈ – ਜਤਨ ਕਰਨਾ, ਮਿਹਨਤ ਕਰਨੀ। ਜੇ ਇਕਾਗਰ ਹੋ ਕੇ ਮਿਹਨਤ ਨਾ ਕੀਤੀ ਜਾਵੇ ਤਾਂ ਕੁਝ ਵੀ ਪ੍ਰਾਪਤ ਕਰਨ ਦੀ ਇੱਛਾ ਬੇਅਰਥ ਹੋ ਜਾਂਦੀ ਹੈ। ਕਰਮ ਕਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਸੋਚ ਵਿਚਾਰ ਕਰ ਲੈਣੀ ਚਾਹੀਦੀ ਹੈ, ਤਰੀਕੇ ਨਾਲ, ਜੁਗਤ ਨਾਲ

ਯਤਨ ਕਰਨਾ ਚਾਹੀਦਾ ਹੈ। ਪੰਜਵਾਂ ਗੁਣ ਹੈ ਹਾਲਾਤ ਦਾ ਸਾਥ ਹੋਣਾ। ਪਿਛਲੇ ਜਨਮਾਂ ਵਿਚ ਚੰਗੇ ਕਰਮ ਕੀਤੇ ਹੋਣ ਦਾ ਫਲ ਇਹ ਹੁੰਦਾ ਹੈ ਤੁਸੀਂ ਚੰਗੇ ਘਰ ਵਿਚ ਜਨਮ ਲੈਂਦੇ ਹੋ, ਚੰਗੇ ਦੇਸ਼ ਵਿਚ ਜਨਮ ਲੈਂਦੇ ਹੋ, ਚੰਗੇ ਵਾਤਾਵਰਣ ਵਿਚ ਜਨਮ ਲੈਂਦੇ ਹੋ।

ਕਈ ਲੋਕ ਸੋਚਦੇ ਹਨ ਕਿ ਚੰਗਾ ਵਾਤਾਵਰਣ ਤੁਹਾਨੂੰ ਚੰਗੀ ਕਿਸਮਤ ਨਾਲ ਮਿਲਦਾ ਹੈ। ਕਿਸਮਤ ਕੋਈ ਮਨੁੱਖੀ ਹਾਲਾਤ ਤੋਂ ਪਰ੍ਹੇ ਦੀ ਗੱਲ ਨਹੀਂ ਹੈ। ਕਿਸੇ ਚੋਣਵੇਂ ਮਨੁੱਖ ਉਤੇ ਪ੍ਰਭੂ ਚੰਗੀ ਕਿਸਮਤ ਦੀ ਬੁਛਾੜ ਨਹੀਂ ਕਰਦਾ। ਚੰਗਾ ਵਾਤਾਵਰਣ ਮਨੁੱਖ ਆਪ ਹੀ ਆਪਣੇ ਚੰਗੇ ਕਰਮਾਂ ਨਾਲ ਬਣਾਉਂਦਾ ਹੈ, ਗੀਤਾ ਵਿਚ ਇਹ ਆਖਰੀ ਗੁਣ ਦਸਿਆ ਗਿਆ ਹੈ। ਮਨੁੱਖੀ ਮਿਹਨਤ, ਸੁਹਿਰਦਤਾ, ਇਹ ਬੜੇ ਵੱਡੇ ਗੁਣ ਹਨ ਤੇ ਚੰਗਾ ਵਾਤਾਵਰਣ ਇਨ੍ਹਾਂ ਦੀ ਸਹਾਇਤਾ ਨਾਲ ਹੀ ਬਣ ਜਾਂਦਾ ਹੈ। ਭਾਗ ਉਹ ਅਨੰਦ ਹੈ, ਖੁਸ਼ੀ ਹੈ ਜਿਹੜੀ ਤੁਸੀਂ ਸੁਚੱਜੇ ਤਰੀਕੇ ਨਾਲ ਕਰਮ ਕਰਕੇ ਪ੍ਰਾਪਤ ਕਰਦੇ ਹੋ, ਨਿਰਸੁਆਰਥ ਹੋ ਕੇ ਜਦੋਂ ਕਰਮ ਕਰਦੇ ਹੋ ਤਾਂ ਪ੍ਰਾਪਤ ਕਰਦੇ ਹੋ। ਭਾਗ ਮਨੁੱਖ ਦੇ ਆਪਣੇ ਹੱਥ ਹੈ, ਨਾ ਕਿ ਪ੍ਰਮਾਤਮਾ ਦੇ ਹੱਥ ਹੈ, ਜਿਹੜੇ ਆਪਣੇ ਪਿਛਲੇ ਕਰਮਾਂ ਤੋਂ ਜਾਣੂੰ ਨਹੀਂ ਹਨ ਜਿਨ੍ਹਾਂ ਕਰਕੇ ਉਹ ਇਸ ਜਨਮ ਵਿਚ ਸੁਖੀ ਹਨ ਜਾਂ ਉਨ੍ਹਾਂ ਦੇ ਹਾਲਾਤ ਚੰਗੇ ਹਨ ਉਹ ਇਸ ਦਸ਼ਾ ਨੂੰ ਭਾਗ ਕਹਿੰਦੇ ਹਨ ਤੇ ਕਹਿੰਦੇ ਹਨ ਪ੍ਰਭੂ ਨੇ ਉਨ੍ਹਾਂ ਨੂੰ ਭਾਗਾਂ ਵਾਲੇ ਬਣਾਇਆ ਹੈ।

16. ਇਸ ਕਰਕੇ ਜੋ ਬੁੱਧੀਹੀਣ ਮਨੁੱਖ ਨੂੰ ਹੀ ਕਰਤਾ ਮੰਨਦਾ ਹੈ, ਉਹ ਅਗਿਆਨੀ ਹੈ, ਉਹ ਸਤਿ ਨੂੰ ਨਹੀਂ ਜਾਣਦਾ।

17. ਜੋ ਅਹੰਭਾਵ ਤੋਂ ਰਹਿਤ ਹੈ ਜਿਸ ਦੀ ਬੁੱਧੀ ਲਿਪਾਇਮਾਨ ਨਹੀਂ ਹੁੰਦੀ ਉਹ ਇਨ੍ਹਾਂ ਨੂੰ ਮਾਰਦਾ ਹੋਇਆ ਭੀ ਨਹੀਂ ਮਾਰਦਾ ਤੇ ਨਾ ਹੀ ਕਰਮ ਦੇ ਬੰਧਨ ਨਾਲ ਬੱਝਦਾ ਹੈ।

ਸਾਂਖਯ ਫਿਲੌਸਫੀ ਅਤੇ ਵਿਗਿਆਨ ਨੇ ਪੰਜ ਗੁਣ ਦੱਸੇ ਜਿਹੜੇ ਕਰਮ ਕਰਨ ਲਈ ਮਹੱਤਵਪੂਰਨ ਹਨ ਉਹ ਹਨ - ਜਗ੍ਹਾ, ਕਰਤਾ, ਤਰੀਕੇ, ਜਤਨ ਤੇ ਹਾਲਾਤ। ਜਿਹੜੇ ਇਸ ਸਚਾਈ ਨੂੰ ਨਹੀਂ ਜਾਣਦੇ, ਨਹੀਂ ਸਮਝਦੇ, ਉਹ ਹੰਕਾਰ ਵਿਚ ਰਹਿੰਦੇ ਹਨ। ਉਹ ਸੋਚਦੇ ਹਨ, ਉਹ ਹੀ ਕਰਤਾ ਹਨ। ਇਹੋ ਜਿਹੇ ਲੋਕੀ ਅਗਿਆਨੀ ਹੁੰਦੇ ਹਨ, ਮੂਰਖ ਹੁੰਦੇ ਹਨ। ਅਭੀਮਾਨ ਨਾਲ ਖਾਲੀ ਹਉਮੈ ਹੋਰ ਵਧਦੀ ਹੈ, ਹਉਮੈ ਆਤਮ ਸਿੱਧੀ ਦੇ ਮਾਰਗ ਤੇ ਸਭ ਤੋਂ ਵੱਡੀ ਔਕੜ ਹੈ। ਵਾਸਤਵ ਵਿਚ ਸਾਰੀਆਂ ਨਖੇਦੀ ਦੀਆਂ ਭਾਵਨਾਵਾਂ ਹਉਮੈ ਨੂੰ ਬਲ ਦਿੰਦੀਆਂ ਹਨ ਅਤੇ ਮਨੁੱਖ ਨੂੰ ਪ੍ਰਭੂ ਤੋਂ ਨਖੇੜਦੀਆਂ ਹਨ।

ਉਹ ਜਗਿਆਸੂ ਜਿਸ ਦੇ ਅੰਦਰ ਹਉਮੈ ਨਹੀਂ ਹੈ, ਜਿਸ ਨੇ ਆਪਣਾ ਸਭ ਕੁਝ ਸਮਰਪਣ ਕਰ ਦਿਤਾ ਹੈ, ਉਸ ਦੇ ਕਰਮ, ਕਰਮਾਂ ਦੇ ਫਲ, ਜਿਹੜੇ ਉਹ ਪੂਰੀ ਤਰ੍ਹਾਂ ਸਮਰਪਣ ਹੋ ਕੇ ਪ੍ਰਭੂ ਚਰਨਾਂ ਵਿਚ ਰਹਿ ਕੇ ਕਰਦਾ ਹੈ, ਉਹ ਕਦੀ ਵੀ ਮਾੜੇ ਨਹੀਂ ਹੁੰਦੇ ਚਾਹੇ ਉਹ ਕਿਸੇ ਨੂੰ ਜੰਗ ਦੇ ਮੈਦਾਨ

ਵਿਚ ਮਾਰ ਹੀ ਕਿਉਂ ਨਾ ਦੇਵੇ ਕਿਉਂਕਿ ਉਸ ਸਾਧਕ ਨੂੰ ਪੂਰਾ ਪੂਰਾ ਗਿਆਨ ਹੈ, ਜੀਵਨ ਦਾ ਗਿਆਨ ਹੈ, ਪ੍ਰੇਮ ਹੈ, ਸਮਾਨਤਾ ਦਾ ਗਿਆਨ ਹੈ ਅਤੇ ਉਸ ਦਾ ਹਰ ਕਰਮ ਉਸ ਪ੍ਰਮਾਤਮਾ ਦੇ ਚਰਨਾਂ ਵਿਚ ਸਮਰਪਿਤ ਹੈ। ਉਸ ਵਿਚ ਮੈਂ ਭਾਵ ਹੈ ਹੀ ਨਹੀਂ, ਹਉਮੈ ਹੈ ਹੀ ਨਹੀਂ। ਉਹ ਪ੍ਰਮਾਤਮਾ ਦਾ ਦੂਤ ਹੈ। ਉਸ ਦੀ ਰੱਤਾ ਜਿੰਨੀ ਵੀ ਇਹ ਕੋਸ਼ਿਸ਼ ਨਹੀਂ ਹੁੰਦੀ ਕਿ ਉਹ ਕਿਸੇ ਨੂੰ ਦੁਖ ਪਹੁੰਚਾਵੇ, ਕਿਸੇ ਦੀ ਭਾਵਨਾ ਨੂੰ ਠੇਸ ਪਹੁੰਚਾਵੇ ਜਾਂ ਕਿਸੇ ਨੂੰ ਮਾਰੇ। ਆਪਣੇ ਦੇਸ਼ ਦੀਆਂ ਹੱਦਾਂ ਤੇ ਪਹਿਰਾ ਦਿੰਦਿਆਂ ਸਿਪਾਹੀ ਆਪਣੇ ਦੇਸ਼ ਲਈ ਲੜ ਮਰਦੇ ਹਨ, ਜੇ ਕੋਈ ਸਰਹੱਦ ਤੋਂ ਅੰਦਰ ਆਉਣ ਦੀ ਕੋਸ਼ਿਸ਼ ਕਰਦਾ ਹੈ, ਸਿਪਾਹੀ ਉਸ ਨੂੰ ਗੋਲੀ ਨਾਲ ਮਾਰ ਦਿੰਦਾ ਹੈ, ਪਰ ਉਹ ਹਤਿਆਰੇ ਨਹੀਂ ਕਹੇ ਜਾਂਦੇ। ਜਦੋਂ ਕੋਈ ਡਿਊਟੀ ਦੇਂਦਿਆਂ ਕਿਸੇ ਦੀ ਹੱਤਿਆ ਕਰ ਦਿੰਦਾ ਹੈ ਉਸ ਦਾ ਮਨ ਬਿਨਾਂ ਕਿਸੇ ਦਾਗ ਤੋਂ ਹੁੰਦਾ ਹੈ, ਕਰਮਬੰਧ ਹੋ ਕੇ ਵੀ ਉਹ ਕਰਮ ਨਹੀਂ ਕਰ ਰਿਹਾ, ਉਹ ਆਪਣੇ ਆਪ ਤੋਂ ਉਚੇ ਹੋ ਕੇ ਪ੍ਰਭੂ ਨਾਲ ਇਕ ਹੋ ਕੇ ਕਰਮ ਕਰ ਰਿਹਾ ਹੈ।

ਇਹ ਸਭ ਕੁਝ ਕਹਿਣ ਤੋਂ ਇਹ ਭਾਵ ਨਹੀਂ ਕਿ ਤੁਸੀਂ ਕੱਟੜਵਾਦ ਨੂੰ ਵਾਧਾ ਦਿਓ, ਸੰਗ ਦਿਲ ਬੰਦੇ ਬਹੁਤ ਵਾਰੀ ਮਜ਼ਹਬ ਵਿਚ ਕੱਟੜਵਾਦੀ ਬਣ ਜਾਂਦੇ ਹਨ ਅਤੇ ਉਹ ਰੂਹਾਨੀਅਤ ਨੂੰ ਆਪਣੇ ਸੁਆਰਥ ਲਈ ਵਰਤਦੇ ਹਨ। ਉਹ ਯੋਗੀ ਜਿਹੜਾ ਅਹਿੰਸਾ ਦਾ ਅਭਿਆਸ ਕਰਦਾ ਹੈ, ਮਨ ਕਰਮ ਅਤੇ ਸੋਚ ਵਿਚ ਅਹਿੰਸਾ ਦਾ ਅਭਿਆਸ ਕਰਦਾ ਹੈ, ਕਦੇ ਵੀ ਕਿਸੇ ਨੂੰ ਮਾਰਨਾ ਨਹੀਂ ਸੋਚਦਾ। ਗੀਤਾ ਵਿਚ ਪ੍ਰਸ਼ਨ ਇਹ ਉਠਦਾ ਹੈ ਕਿ ਅਰਜਨ ਨੂੰ ਯੁੱਧ ਕਰਨਾ ਚਾਹੀਦਾ ਹੈ ਕਿ ਜੀਵਨ ਦੇ ਮੈਦਾਨ ਤੋਂ ਪਿਛੇ ਹਟ ਜਾਣਾ ਚਾਹੀਦਾ ਹੈ। ਜਦੋਂ ਅਰਜਨ ਵਰਗਾ ਯੋਧਾ, ਨੇਤਾ, ਉਪਰਾਮ ਹੋ ਜਾਏ ਆਪਣੀ ਡੀਊਟੀ ਤੋਂ ਪਿਛੇ ਹਟਣਾ ਚਾਹੇ, ਜੰਗ ਦੇ ਮੈਦਾਨ ਵਿਚੋਂ ਮੁੜ ਜਾਣਾ ਚਾਹੇ, ਉਸ ਸਮੇਂ ਕ੍ਰਿਸ਼ਨ ਜੀ ਉਸ ਨੂੰ ਦਸਦੇ ਹਨ, ਉਸ ਨੂੰ ਸਿਖਿਆ ਦਿੰਦੇ ਹਨ, ਉਹ ਦਿਲ ਨਾ ਛੱਡੇ ਤਕੜਾ ਹੋ ਕੇ ਜੁੱਧ ਕਰੇ ਕਿਉਂਕਿ ਇਹ ਜੁੱਧ ਦਾ ਮੈਦਾਨ ਹੈ, ਇਹ ਜੀਵਨ ਰੂਪੀ ਮੈਦਾਨ ਹੈ ਜਿਸ ਵਿਚ ਸਾਰੇ ਹੀ ਮਨੁੱਖ ਹਿੱਸਾ ਲੈ ਰਹੇ ਹਨ, ਸਾਰੇ ਹੀ ਸਾਧਕ ਲੜ ਰਹੇ ਹਨ। ਜੀਵਨ ਦਾ ਸਭ ਤੋਂ ਉਤਮ ਲਕਸ਼ ਪ੍ਰਾਪਤ ਕਰਨ ਲਈ। ਹੌਂਸਲੇ ਦੀ ਲੋੜ ਹੈ, ਸ਼ਕਤੀ ਦੀ ਲੋੜ ਹੈ, ਉਤਸ਼ਾਹ ਦੀ ਲੋੜ ਹੈ, ਉਤਸ਼ਾਹ ਨਾਲ ਲੜਨ ਦੀ ਲੋੜ ਹੈ। ਉਪਰ ਦਿਤੇ ਗਏ, ਸ਼ਲੋਕਾਂ ਦਾ ਇਹ ਹੀ ਭਾਵ ਹੈ ਇਹ ਹੀ ਤੱਤ ਹੈ।

18. ਗਿਆਨ, ਗੇਯ ਤੇ ਗਿਆਤਾ ਇਹ ਤਿੰਨ ਕਰਮ ਕਰਾਉਣ ਦੇ ਪ੍ਰੇਰਕ ਹਨ। ਕਿਰਿਆ ਕਰਨੀ, ਕ੍ਰਿਆ ਅਤੇ ਕਰਤਾ ਇਨ੍ਹਾਂ ਤਿੰਨਾਂ ਦੇ ਸੰਜੋਗ ਨਾਲ ਕਰਮ ਬਣਦਾ ਹੈ।

19. ਗਿਆਨ, ਕਰਮ ਅਤੇ ਕਰਤਾ ਭੀ ਗੁਣਾਂ ਦੇ ਭੇਦ ਕਰਕੇ ਤਿੰਨ ਤਿੰਨ ਪ੍ਰਕਾਰ ਦੇ ਕਹੇ ਗਏ ਹਨ। ਉਨ੍ਹਾਂ ਨੂੰ ਭੀ ਚੰਗੀ ਤਰ੍ਹਾਂ ਸੁਣ।

ਸੰਸਾਰ ਵਿਚ ਰਹਿਣ ਲਈ ਇਨ੍ਹਾਂ ਤਿੰਨਾਂ ਦੀ ਲੋੜ ਹੈ, ਗਿਆਨ ਪ੍ਰਾਪਤ ਕਰਨ ਦਾ ਮਨੋਰਥ, ਗਿਆਨ ਪ੍ਰਾਪਤ ਕਰਨ ਵਾਲਾ ਅਤੇ ਕਾਰਣ।

ਕੋਈ ਵੀ ਕਰਮ ਇਨ੍ਹਾਂ ਤਿੰਨਾਂ ਤੋਂ ਬਿਨਾਂ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਦਾ ਡੂੰਘਾ ਗਿਆਨ ਹੋਣਾ ਸਭ ਤੋਂ ਵੱਧ ਲੋੜੀਂਦਾ ਹੈ, ਉਸ ਤੋਂ ਬਿਨਾਂ ਕੁਝ ਵੀ ਨੇਪਰੇ ਨਹੀਂ ਚਾੜ੍ਹਿਆ ਜਾ ਸਕਦਾ, ਇਨ੍ਹਾਂ ਤਿੰਨਾਂ ਦੀ ਵੰਡ ਅੱਗੇ ਤਿੰਨ ਗੁਣਾਂ ਅਨੁਸਾਰ ਕੀਤੀ ਗਈ ਹੈ।

20. ਜਿਸ ਗਿਆਨ ਕਰਕੇ ਸਭ ਜੀਵਾਂ ਵਿਚ ਇਕੋ ਹੀ ਅਬਿਨਾਸ਼ੀ ਤੱਤ ਦਿਖਾਈ ਦੇਵੇ ਅਤੇ ਭਿੰਨ ਭਿੰਨ ਵਿਚ ਅਭਿੰਨ ਭਾਵ ਦਿਖਾਈ ਦੇਵੇ ਉਹ ਸਾਤਵਿਕ ਗਿਆਨ ਹੈ।

21. ਜਿਸ ਗਿਆਨ ਕਰਕੇ ਸਭ ਜੀਵਾਂ ਵਿਚ ਰਹਿਣ ਵਾਲਾ (ਇਕ ਤੱਤ) ਭਿੰਨ ਭਿੰਨ ਦਿਖਾਈ ਦੇਵੇ, ਉਹ ਰਾਜਸੀ ਗਿਆਨ ਹੈ।

22. ਅਤੇ ਉਹ ਜੋ ਇਕ ਹੀ ਵਸਤੂ ਵਿਚ ਸੰਪੂਰਨ ਸਮਝੇ, ਉਹ ਥੋੜ੍ਹੀ ਬੁੱਧੀ ਵਾਲਾ, ਅਸਲੀ ਤੱਤ ਨੂੰ ਨਾ ਗ੍ਰਹਿਣ ਕਰਦਾ ਹੋਇਆ ਤਾਮਸੀ ਗਿਆਨ ਹੈ।

ਗਿਆਨ ਤਿੰਨ ਪ੍ਰਕਾਰ ਦਾ ਹੁੰਦਾ ਹੈ। ਸਾਧਕ ਸਾਤਵਕ ਗੁਣ ਪ੍ਰਾਪਤ ਕਰਨ ਤੋਂ ਬਾਅਦ ਇਹ ਚੰਗੀ ਤਰ੍ਹਾਂ ਜਾਣ ਜਾਂਦਾ ਹੈ। ਆਤਮਾ ਮਰਦੀ ਨਹੀਂ, ਬਦਲਦੀ ਨਹੀਂ, ਖਤਮ ਨਹੀਂ ਹੁੰਦੀ। ਜਿਹੜਾ ਜਗਿਆਸੂ ਇਸ ਗੱਲ ਨੂੰ ਸਮਝ ਜਾਂਦਾ ਹੈ, ਬੁੱਝ ਜਾਂਦਾ ਹੈ ਉਹ ਅਗਿਆਨ ਦੀ ਹੱਦ ਪਾਰ ਕਰ ਲੈਂਦਾ ਹੈ ਤੇ ਉਹ ਪੂਰਨ ਗਿਆਨ ਪ੍ਰਾਪਤ ਕਰ ਲੈਂਦਾ ਹੈ। ਕਿਉਂਕਿ ਉਹ ਸੰਪੂਰਨ ਗਿਆਨ ਪ੍ਰਾਪਤ ਕਰ ਲੈਂਦੇ ਹਨ। ਉਹ ਅਧੂਰੇ ਤੇ ਅੱਧੇ ਗਿਆਨ ਤੋਂ ਉਪਰ ਉਠ ਜਾਂਦੇ ਹਨ, ਉਨ੍ਹਾਂ ਲਈ ਮਰਨਾ ਜੰਮਣਾ ਕੋਈ ਦੁਖ ਜਾਂ ਖੁਸ਼ੀ ਦੀ ਗੱਲ ਨਹੀਂ ਰਹਿ ਜਾਂਦੀ।

ਉਹ ਗਿਆਨ ਜਿਹੜਾ ਇਕ ਨੂੰ ਕਈ ਹਿਸਿਆਂ ਵਿਚ ਵੰਡ ਕੇ ਦੇਖੇ, ਉਸ ਵਿਚ ਰਾਜਸਿਕ ਤੱਤ ਹੁੰਦਾ ਹੈ। ਤਾਮਸਿਕ ਗੁਣ ਵਾਲਾ ਤਾਂ ਵਿਭਿੰਨਤਾ ਨੂੰ ਵੀ ਨਹੀਂ ਦੇਖ ਸਕਦਾ। ਤਾਮਸਿਕ ਗੁਣ ਵਾਲਾ ਤਾਂ ਕੇਵਲ ਉਹ ਹੀ ਦੇਖ ਸਕਦਾ ਹੈ ਜੋ ਇਕ ਦਮ ਸਾਮ੍ਹਣੇ ਦਿਸਦਾ ਹੈ, ਉਸ ਤੋਂ ਹੀ ਉਹ ਪ੍ਰਭਾਵਿਤ ਹੁੰਦਾ ਹੈ, ਤਾਮਸਿਕ ਗੁਣਾਂ ਵਾਲਾ ਕੇਵਲ ਉਹ ਹੀ ਦੇਖ ਸਕਦਾ ਹੈ ਜੋ ਪ੍ਰਤੱਖ ਹੈ, ਜਿਹੜਾ ਝੱਟਪੱਟ ਲਾਭ ਦੇ ਸਕਦਾ ਹੈ। ਤਾਮਸਿਕ ਗੁਣਾਂ ਵਾਲੇ ਆਪਣੇ ਕਰਮਾਂ ਦੇ ਫਲਾਂ ਬਾਰੇ ਨਹੀਂ ਸੋਚਦੇ, ਉਨ੍ਹਾਂ ਦੇ ਨਤੀਜੇ ਬਾਰੇ ਨਹੀਂ ਸੋਚਦੇ, ਉਹ ਤਾਂ ਭੋਗਾਂ ਵਿਚ ਹੀ ਡੁੱਬੇ ਰਹਿੰਦੇ ਹਨ, ਮੌਜ ਮੇਲਿਆਂ ਵਿਚ ਹੀ ਲੱਗੇ ਰਹਿੰਦੇ ਹਨ। ਇਹੋ ਜਿਹੇ ਲੋਕੀ ਇਕ ਛੋਟੇ ਜਿਹੇ ਹਿੱਸੇ ਨੂੰ ਹੀ ਪੂਰਾ ਮੰਨ ਬੈਠਦੇ ਹਨ, ਸੁਆਰਥ ਉਨ੍ਹਾਂ ਦੀਆਂ ਅੱਖਾਂ ਬੰਦ ਕਰ ਦਿੰਦਾ ਹੈ। ਉਹ ਅਗਿਆਨ ਦੇ ਹਨ੍ਹੇਰੇ ਵਿਚ ਹੀ ਬੰਦ ਰਹਿ ਜਾਂਦੇ ਹਨ।

23. ਜੋ ਨੀਅਤ ਕਰਮ ਸੰਗ, ਰਾਗ ਅਤੇ ਦ੍ਵੈਸ਼ ਤੋਂ ਰਹਿਤ, ਬਿਨਾਂ ਫਲ ਦੀ ਇੱਛਾ ਦੇ ਕੀਤਾ ਜਾਵੇ ਉਹ ਸਾਤਵਿਕ ਕਹਾਉਂਦਾ ਹੈ।

24. ਜੋ ਕਰਮ, ਕਾਮਨਾ, ਅਹੰਕਾਰ ਅਤੇ ਬਹੁਤ ਜਤਨ ਕਰਕੇ ਕੀਤਾ

ਜਾਵੇ, ਉਹ ਰਾਜਸਿਕ ਹੈ।

25. ਜੋ ਕਰਮ, ਨਤੀਜਾ, ਹਾਨੀ, ਹਿੰਸਾ ਅਤੇ ਸਮਰੱਥਾ ਨੂੰ ਨਾ ਵਿਚਾਰ ਕੇ ਅਨ੍ਹੇਵਾਹ ਆਰੰਭ ਕੀਤਾ ਜਾਂਦਾ ਹੈ ਉਹ ਤਾਮਸਿਕ ਹੈ।

ਸਾਰੇ ਕਰਮ ਤਿੰਨ ਭਾਗਾਂ ਵਿਚ ਵੰਡੇ ਹੋਏ ਹਨ। ਸਾਤਵਿਕ ਕਰਮ ਉਹ ਕਰਮ ਹਨ ਜਿਹੜੇ ਨਿਰਸੁਆਰਥ ਹੋ ਕੇ ਕੀਤੇ ਜਾਂਦੇ ਹਨ, ਉਨ੍ਹਾਂ ਦਾ ਫਲ ਪ੍ਰਮਾਤਮਾ ਨੂੰ ਹੀ ਸਮਰਪਣ ਕੀਤਾ ਜਾਂਦਾ ਹੈ, ਯੋਗ ਦੇ ਸਾਰੇ ਅਭਿਆਸ ਸਰੀਰਕ ਵਿਯਾਮ ਹਨ, ਪ੍ਰਾਣਾਯਾਮ ਹੈ, ਧਿਆਨ ਲਗਾਉਣਾ ਹੈ। ਇਹ ਸਭ ਸਾਤਵਿਕ ਹੀ ਮੰਨੇ ਜਾਂਦੇ ਹਨ, ਭਗਤੀ ਕਰਨੀ ਪ੍ਰਭੂ ਦੇ ਗੁਣ ਗਾਉਣੇ, ਦਾਨ ਦੇਣਾ ਜੇ ਇਹ ਸਾਰੇ ਨਿਸੁਆਰਥ ਹੋ ਕੇ ਕੀਤੇ ਜਾਣ, ਇਹ ਸਾਤਵਿਕ ਅਖਵਾਉਂਦੇ ਹਨ।

ਮੋਹ ਤੋਂ ਮੁਕਤ ਹੋ ਕੇ ਆਪਣੀ ਇੱਛਾ ਪੂਰਤੀ ਲਈ ਕੀਤੇ ਗਏ ਕਰਮ ਰਾਜਸਿਕ ਕਰਮ ਹਨ। ਇਹੋ ਜਿਹੇ ਕਰਮ ਕਰਨ ਲਈ ਬਹੁਤ ਜਤਨ ਕਰਨਾ ਪੈਂਦਾ ਹੈ, ਇਹ ਸੁਆਰਥੀ ਹੁੰਦੇ ਹਨ ਅਤੇ ਹੰਕਾਰ ਪੈਦਾ ਕਰਦੇ ਹਨ। ਇਸ ਰਾਹ ਤੇ ਤੁਰ ਕੇ ਮਨੁੱਖ ਵਿਆਕੁਲ ਤੇ ਚਿੰਤਾ ਦਾ ਸ਼ਿਕਾਰ ਬਣਦਾ ਹੈ। ਅੱਜ ਦੇ ਸੰਸਾਰ ਵਿਚ ਬਹੁਤ ਸਾਰੇ ਲੋਕੀ ਰਾਜਸਿਕ ਕਰਮਾਂ ਦੇ ਗ੍ਰਸੇ ਹੋਏ ਹਨ। ਜੇ ਅੱਜ ਦੇ ਚਿਕਿਤਸਕ ਢੰਗ ਮਨੁੱਖ ਨੂੰ ਸਾਤਵਿਕ ਬਣਨ ਵਿਚ ਸਹਾਇਤਾ ਕਰ ਸਕਣ ਤਾਂ ਬਹੁਤ ਸਾਰੇ ਸਰੀਰਕ ਰੋਗ ਅਤੇ ਮਨੋਵਿਗਿਆਨਕ ਦਬਾਅ ਜਿਹੜੇ ਅਸੀਂ ਦੇਖਦੇ ਹਾਂ, ਉਹ ਖਤਮ ਹੋ ਜਾਣ।

ਤਾਮਸਿਕ ਕਰਮ ਉਹ ਕਰਮ ਹਨ ਜਿਹੜੇ ਬਿਨਾਂ ਸੋਚੇ ਕੀਤੇ ਜਾਂਦੇ ਹਨ, ਜਿਨ੍ਹਾਂ ਦੇ ਫਲ ਅਤੇ ਨਤੀਜੇ ਬਾਰੇ ਸੋਚਿਆ ਹੀ ਨਹੀਂ ਜਾਂਦਾ। ਤਾਮਸਿਕ ਮਨੁੱਖ ਠੋਕਰਾਂ ਖਾਂਦਾ ਹੀ ਰਹਿੰਦਾ ਹੈ। ਪ੍ਰਤੱਖ ਨੂੰ ਦੇਖ ਕੇ ਦੁਖੀ ਹੁੰਦਾ ਰਹਿੰਦਾ ਹੈ, ਸੁਖੀ ਹੁੰਦਾ ਰਹਿੰਦਾ ਹੈ। ਇਸ ਤਰ੍ਹਾਂ ਕਰਕੇ ਉਹ ਕਿੰਨੀ ਤਬਾਹੀ ਕਰਦਾ ਹੈ, ਉਹ ਸ਼ਾਇਦ ਇਸ ਤੋਂ ਜਾਣੂੰ ਨਹੀਂ। ਉਹ ਨਹੀਂ ਜਾਣਦਾ ਕਿ ਉਸ ਦੀਆਂ ਕੀ ਕਮੀਆਂ ਹਨ, ਕੀ ਉਸ ਦੀ ਸਮਰੱਥਾ ਹੈ, ਕਿਥੇ ਉਸ ਦੀ ਸੀਮਾ ਹੈ। ਉਹ ਭਾਵੇਂ ਇਹ ਹੀ ਸੋਚਦਾ ਹੋਵੇ ਕਿ ਉਹ ਤਾਂ ਬਹੁਤ ਕੁਝ ਕਰਨ ਦੀ ਸਮਰੱਥਾ ਰਖਦਾ ਹੈ, ਉਸ ਤੋਂ ਕਿਤੇ ਵੱਧ ਜੋ ਉਹ ਕਰ ਰਿਹਾ ਹੈ, ਇਸ ਤਰ੍ਹਾਂ ਸੋਚ ਕੇ ਉਹ ਆਪਣੇ ਆਪ ਨੂੰ ਅਤੇ ਦੂਸਰਿਆਂ ਨੂੰ ਦੁਖੀ ਕਰ ਰਿਹਾ ਹੈ ਜਾਂ ਉਹ ਇਹ ਸੋਚਦਾ ਹੈ ਕਿ ਉਹ ਕੁਝ ਕਰਨ ਦੇ ਕਾਬਲ ਹੀ ਨਹੀਂ, ਉਹ ਸੁਸਤ ਪੈ ਕੇ ਕਰਮ ਕਰਨੇ ਹੀ ਛੱਡ ਦਿੰਦਾ ਹੈ। ਇਹੋ ਜਿਹੇ ਮਨੁੱਖਾਂ ਬਾਰੇ ਕੁਝ ਵੀ ਨਿਸ਼ਚਿਤ ਨਹੀਂ ਕਿਹਾ ਜਾ ਸਕਦਾ। ਇਕ ਗੱਲ ਹੀ ਕਹੀ ਜਾ ਸਕਦੀ ਹੈ ਕਿ ਉਨ੍ਹਾਂ ਦੇ ਕਰਮਾਂ ਦੇ ਨਤੀਜੇ ਬੜੇ ਹੀ ਭਿਆਨਕ ਤੇ ਤਬਾਹੀ ਵਾਲੇ ਹੋ ਸਕਦੇ ਹਨ।

26. ਸੰਗ ਤੋਂ ਰਹਿਤ, ਹੰਕਾਰ ਤੋਂ ਰਹਿਤ, ਧੀਰਜ ਵਾਲਾ, ਉਤਸ਼ਾਹ ਵਾਲਾ, ਸਫਲਤਾ ਤੇ ਅਸਫਲਤਾ ਤੋਂ ਨਿਰਵਿਕਾਰ ਰਹਿ ਕੇ ਜੋ ਕਰਦਾ ਹੈ, ਉਹ ਸਾਤਵਿਕ ਹੈ।

27. ਰਾਗੀ, ਕਰਮਾਂ ਦੇ ਫਲ ਦੀ ਇੱਛਾ ਰੱਖਣ ਵਾਲਾ, ਲੋਭੀ, ਹਿੰਸਾ ਦੇ ਭਾਵ ਵਾਲਾ ਅਪਵਿੱਤਰ, ਹਰਖ ਸੋਗ ਰੱਖਣ ਵਾਲਾ ਰਾਜਸਿਕ ਹੈ।

28. ਯੁਕਤ ਤੋਂ ਬਿਨਾਂ, ਜਾਹਲ, ਹਠੀ, ਸ਼ੱਠ, ਕੁਕਰਮੀ, ਆਲਸੀ, ਵਿਖਾਧੀ, ਸਮੇਂ ਸਿਰ ਕਰਮ ਨਾ ਕਰਨ ਵਾਲਾ ਐਸਾ ਕਰਤਾ ਤਾਮਸੀ ਹੈ।

ਜਿਸਨੂੰ ਸਾਤਵਿਕ ਗੁਣਾਂ ਦੀ ਬਖਸ਼ਿਸ਼ ਹੈ ਉਹ ਹਉਮੈ ਤੋਂ ਮੁਕਤ ਹੈ, ਮੋਹ ਤੋਂ ਮੁਕਤ ਹੈ, ਉਹ ਹੌਂਸਲੇ ਵਾਲਾ ਹੈ, ਧੀਰਜ ਵਾਲਾ ਹੈ, ਉਤਸ਼ਾਹ ਵਾਲਾ ਹੈ। ਸਮ ਰਖਦੇ ਹੋਏ ਮਨ ਨੂੰ ਸਥਿਰ ਰੱਖ ਕੇ ਸਾਤਵਿਕ ਗੁਣਾਂ ਵਾਲਾ ਮਨੁੱਖ ਸਾਰੇ ਕਾਰਜ ਕਰਦਾ ਹੈ, ਆਪਣੀ ਡੀਊਟੀ ਕਰਦਾ ਹੈ, ਉਹ ਸਮਾਚਿਤਤਾ ਵਿਚ ਰਹਿੰਦਾ ਹੈ, ਨਾ ਤਾਂ ਉਹ ਆਪਣੀ ਸਫਲਤਾ ਤੋਂ ਬਹੁਤ ਖੁਸ਼ ਹੁੰਦਾ ਹੈ, ਨਾ ਹੀ ਅਸਫਲਤਾ ਤੋਂ ਉਦਾਸ ਹੁੰਦਾ ਹੈ। ਸਮਾਚਿਤ ਰਹਿਣ ਵਾਲਾ ਮਨੁੱਖ ਸਮਾਜ ਲਈ ਇਕ ਮਿਸਾਲ ਹੋਇਆ ਕਰਦਾ ਹੈ। ਸਮਾਜ ਨੂੰ ਤਾਂ ਸਦਾ ਹੀ ਕਿਸੇ ਠੋਸ ਸਬੂਤ ਦੀ ਲੋੜ ਹੁੰਦੀ ਹੈ, ਠੋਸ ਸਿਖਿਆ ਦੇਣ ਵਾਲੇ ਦੀ ਲੋੜ ਹੁੰਦੀ ਹੈ, ਗ੍ਰੰਥਾਂ ਵਿਚੋਂ ਪੜ੍ਹ ਕੇ ਸਿਖਣਾ ਬਹੁਤ ਔਖਾ ਹੈ। ਇਹੋ ਜਿਹੇ ਮਨੁੱਖ ਸਮਾਜ ਲਈ ਇਕ ਬਹੁਤ ਵੱਡੀ ਪੂੰਜੀ ਹੁੰਦੇ ਹਨ। ਇਸ ਤੋਂ ਉਲਟ ਦੂਸਰੇ ਪਾਸੇ ਰਾਜਸਿਕ ਗੁਣਾਂ ਵਾਲੇ ਮਨੁੱਖ ਬੜੇ ਹੀ ਚੁਸਤ, ਸੁਆਰਥੀ ਆਪਣੀ ਇੱਛਾ ਪੂਰਤੀ ਲਈ ਕੰਮ ਕਰਨ ਵਾਲੇ ਹੁੰਦੇ ਹਨ, ਇਹ ਲੋਭੀ ਹੁੰਦੇ ਹਨ, ਸਮਾਜ ਨੂੰ ਹਾਨੀ ਪਹੁੰਚਾਉਣ ਵਾਲੇ ਹੁੰਦੇ ਹਨ ਕਿਉਂਕਿ ਉਹ ਵੱਧ ਤੋਂ ਵੱਧ ਇਕੱਠਾ ਕਰਨ ਤੇ ਚੀਜ਼ਾਂ, ਪੈਸੇ ਜਮ੍ਹਾਂ ਕਰਨ ਵਿਚ ਵਿਸ਼ਵਾਸ਼ ਰਖਦੇ ਹਨ। ਉਹ ਸਦਾ ਹੀ ਉਤਾਰ ਚੜ੍ਹਾਅ ਮਹਿਸੂਸ ਕਰਦੇ ਰਹਿੰਦੇ ਹਨ, ਸੁਖ ਦੁਖ ਮਹਿਸੂਸ ਕਰਦੇ ਹਨ, ਉਨ੍ਹਾਂ ਦਾ ਆਪਣੀਆਂ ਚਿਤ ਬਿਰਤੀਆਂ ਤੇ ਕੋਈ ਕਾਬੂ ਨਹੀਂ ਹੁੰਦਾ। ਉਨ੍ਹਾਂ ਦੀਆਂ ਇਛਾਵਾਂ ਸੁਆਰਥੀ ਹਨ। ਇਹੋ ਜਿਹੇ ਮਨੁੱਖ ਆਪਣੇ ਸੁਆਰਥ ਲਈ ਕੁਝ ਵੀ ਕਰ ਸਕਦੇ ਹਨ। ਤਾਮਸਿਕ ਬਿਰਤੀ ਵਾਲਿਆਂ ਲਈ ਦੂਸਰਿਆਂ ਦੀ ਹੋਂਦ ਦਾ ਕੋਈ ਮਹੱਤਵ ਹੀ ਨਹੀਂ। ਉਹ ਸੁਸਤ, ਆਲਸੀ, ਦੂਸਰਿਆਂ ਨੂੰ ਦੁਖੀ ਕਰਕੇ ਤੇ ਹਾਨੀ ਪਹੁੰਚਾਉਂਦੇ ਹਨ। ਇੰਦ੍ਰੀਆਂ ਦੇ ਸੁਖ ਲਈ ਉਹ ਕੋਈ ਵੱਡੇ ਤੋਂ ਵੱਡਾ ਗੁਨਾਹ ਵੀ ਕਰ ਸਕਦੇ ਹਨ।

ਤਿੰਨ ਪ੍ਰਕਾਰ ਦੇ ਕਰਮ ਕਰਨ ਵਾਲਿਆਂ ਤੋਂ ਬਾਅਦ ਕ੍ਰਿਸ਼ਨ ਜੀ ਤਿੰਨ ਪ੍ਰਕਾਰ ਦੀ ਬੁੱਧੀ ਵਾਲਿਆਂ ਦੇ ਗੁਣ ਦਸਦੇ ਹਨ ਅਤੇ ਤਿੰਨ ਪ੍ਰਕਾਰ ਦੇ ਧਰਤੀ ਤੇ ਵਿਸ਼ਲੇਸ਼ਨ ਕਰਨ ਵਾਲਿਆਂ ਦੇ ਗੁਣਾਂ ਬਾਰੇ ਦਸਦੇ ਹਨ। ਅੰਤਹਕਰਣ ਦੇ ਚਾਰ ਭਾਗਾਂ ਵਿਚੋਂ ਬੁੱਧੀ ਵਿਵੇਕ ਹੈ, ਨਿਰਣਾ ਦੇਣ ਵਾਲੀ ਹੈ, ਨਿਆਂ ਕਰਨ ਵਾਲੀ ਸ਼ਕਤੀ ਹੈ। ਬੁੱਧੀ ਦੁਆਰਾ ਸਾਨੂੰ ਗਿਆਨ ਪ੍ਰਾਪਤ ਹੁੰਦਾ ਹੈ, ਬੁੱਧੀ ਨਾਲ ਹੀ ਮਨੁੱਖ ਵਿਸ਼ੇਸ਼ਤਾ ਦਸ ਸਕਦਾ ਹੈ, ਸਮਝ ਸਕਦਾ ਹੈ, ਨਿਰਣਾ ਦੇ ਸਕਦਾ ਹੈ ਤੇ ਕਰਮ ਕਰਨ ਤੋਂ ਪਹਿਲਾਂ ਸੋਚ ਸਕਦਾ ਹੈ। ਬੁੱਧੀ ਵੀ ਤਿੰਨ ਪ੍ਰਕਾਰ ਦੀ ਹੁੰਦੀ ਹੈ। ਉਹ ਬੁੱਧੀ ਜਿਹੜੀ ਵਿਸ਼ੇਸ਼ਤਾ ਦੱਸਣ ਵਿਚ ਸਹਾਇਕ ਹੁੰਦੀ ਹੈ, ਨਿਰਣਾ ਦਿੰਦੀ ਹੈ, ਫੈਸਲਾ ਕਰਦੀ ਹੈ, ਠੀਕ ਗਲਤ ਵਿਚ ਫਰਕ ਦਸਦੀ ਹੈ ਤੇ ਦਸਦੀ ਹੈ ਕਿਥੋਂ ਡਰਨਾ ਹੈ, ਕਿਥੋਂ ਨਹੀਂ

ਡਰਨਾ, ਕਿਥੋਂ ਤੇ ਕਿਸ ਤੋਂ ਨਹੀਂ ਡਰਨਾ, ਇਹ ਸਾਤਵਿਕ ਬੁੱਧੀ ਦਸਦੀ ਹੈ। ਸਾਤਵਿਕ ਬੁੱਧੀ ਜਗਿਆਸੂ ਨੂੰ ਅੰਤਰਮੁਖੀ ਕਰਦੀ ਹੈ ਤੇ ਅੰਦਰ ਦੀਆਂ ਡੂੰਘਾਈਆਂ ਤੇ ਸੂਖਮ ਉਚਾਈ ਤੇ ਲੈ ਜਾਂਦੀ ਹੈ। ਕਿਸੇ ਵਿਆਕੁਲਤਾ ਤੋਂ ਬਿਨਾਂ ਬੁੱਧੀ ਦੇ ਪਵਿੱਤਰ ਵਿਚਾਰ ਹਿਰਦੇ ਵਿਚ ਵਸਣ ਵਾਲੇ ਤੇ ਜੀਵਨ ਦੇ ਉਨ੍ਹਾਂ ਪਹਿਲੂਆਂ ਤਕ ਪਹੁੰਚ ਜਾਂਦੇ ਹਨ ਜਿਹੜੇ ਆਮ ਮਨੁੱਖ ਨੂੰ ਪਤਾ ਹੀ ਨਹੀਂ ਲਗਦੇ।

ਸਾਤਵਿਕ ਬੁੱਧੀ ਦੇ ਕੁਝ ਗੁਣ ਇਸ ਤਰ੍ਹਾਂ ਹਨ –

1. ਵਿਸ਼ੇਸ਼ਤਾ ਦਾ ਵਿਕਾਸ ਹੁੰਦਾ ਹੈ. 2. ਬਿਬੇਕ ਬੁੱਧੀ ਦਾ ਵਿਕਾਸ ਜਿਹੜੀ ਆਤਮ ਤੇ ਦੂਸਰਿਆਂ ਵਿਚ ਭੇਦ ਦਸਦੀ ਹੈ, ਉਸ ਬਾਰੇ ਜਾਣੂੰ ਕਰਾਉਂਦੀ ਹੈ। ਪ੍ਰਭੂ ਕੀ ਹੈ ਉਸ ਦਾ ਪਸਾਰਾ ਕੀ ਹੈ? ਕਿਸ ਤਰ੍ਹਾਂ ਹੈ? ਐਸੀ ਬੁੱਧੀ ਵਿਚ ਮੋਹ ਤੋਂ ਮੁਕਤ ਹੋਣ ਦੀ ਸ਼ਕਤੀ ਹੁੰਦੀ ਹੈ। 3. ਇਹੋ ਜਿਹੀ ਬੁੱਧੀ ਇਕਾਗਰ ਬੁੱਧੀ ਹੁੰਦੀ ਹੈ, ਅੰਤਰਮੁਖੀ ਬੁੱਧੀ ਹੁੰਦੀ ਹੈ। 4. ਇਹੋ ਜਿਹੀ ਬੁੱਧੀ ਸ਼ਾਂਤ ਬੁੱਧੀ ਹੈ, ਚੁੱਪ ਰਹਿਣ ਵਾਲੀ, ਸਥਿਰ, ਦ੍ਰਿੜ੍ਹ, ਨਿਰਮਲ, ਇਕੱਠਾ ਰੱਖਣ ਵਾਲੀ ਬੁੱਧੀ ਹੈ। 5. ਇਹ ਇੱਛਾ ਪੂਰਤੀ ਦੀ ਪ੍ਰਾਪਤੀ ਤੋਂ ਮੁਕਤ ਹੈ। 6. ਇਹੋ ਜਿਹੀ ਬੁੱਧੀ ਠੀਕ ਅਤੇ ਗਲਤ ਵਿਚ ਅੰਤਰ ਦਸਦੀ ਹੈ ਤੇ ਸਮੇਂ ਸਿਰ ਕਰਮ ਕਰਨ ਲਈ ਮਾਰਗ ਦਰਸ਼ਨ ਕਰਦੀ ਹੈ। 7. ਇਹ ਮਨੁੱਖ ਨੂੰ ਨਿਰਸੁਆਰਥ ਬਣਾਉਂਦੀ ਹੈ, ਕਿਸੇ ਤੋਂ ਕੋਈ ਆਸ ਨਾ ਰੱਖਣ ਲਈ ਪ੍ਰੇਰਤ ਕਰਦੀ ਹੈ। 8. ਇਹ ਬੁੱਧੀ ਸ਼ਾਂਤੀ ਰੱਖਦੀ ਹੈ ਤੇ ਹਰ ਹਾਲਾਤ ਵਿਚ ਸਥਿਰ ਰਖਦੀ ਹੈ। 9. ਇਹ ਬੁੱਧੀ ਇਕ ਸੰਕੇਤਕ ਬੁੱਧੀ ਹੁੰਦੀ ਹੈ। 10. ਇਹ ਮਨੁੱਖ ਨੂੰ ਰੂਹਾਨੀਅਤ ਦੀਆਂ ਉਚਾਈਆਂ ਤੇ ਪਹੁੰਚਾਉਂਦੀ ਹੈ।

29. ਹੇ ਧੰਨਜਯ! ਬੁੱਧੀ ਅਤੇ ਧੀਰਜ ਦੇ ਗੁਣਾਂ ਕਰਕੇ ਤਿੰਨ ਪ੍ਰਕਾਰ ਦੇ ਭੇਦ ਹਨ, ਉਹ ਭੀ ਤੂੰ ਮੇਰੇ ਪਾਸੋਂ ਅਲੱਗ ਅਲੱਗ ਸੁਣ।

30. ਹੇ ਪਾਰਥ! ਜਿਸ ਬੁੱਧੀ ਨਾਲ ਜਾਣਿਆ ਜਾਂਦਾ ਹੈ ਕਿ ਕਦੋਂ ਪਰਿਵਰਤਨ ਹੋਣਾ ਹੈ, ਕਦੋਂ ਨਿਵਿਰਤਣ ਹੈ? ਕੀ ਕਰਨਾ ਯੋਗ ਹੈ ਕੀ ਅਯੋਗ ਹੈ? ਭੈ ਕੀ ਹੈ, ਅਭੈ ਕੀ ਹੈ, ਬੰਧਨ ਤੇ ਮੋਖ ਕੀ ਹੈ? ਉਹ ਸਾਂਤਵਿਕ ਹੈ।

31. ਹੇ ਪਾਰਥ! ਜਿਸ ਬੁੱਧੀ ਨਾਲ ਧਰਮ ਅਧਰਮ, ਕਰਨ ਯੋਗ ਅਤੇ ਨਾ ਕਰਨ ਯੋਗ ਨੂੰ ਠੀਕ ਤਰ੍ਹਾਂ ਨਹੀਂ ਸਮਝਦਾ, ਉਹ ਬੁੱਧੀ ਰਾਜਸੀ ਹੈ।

32. ਹੇ ਪਾਰਥ! ਅਗਿਆਨ ਬਿਰਤੀ ਦੀ ਬੁੱਧੀ ਕਰਕੇ ਆਦਮੀ ਅਧਰਮ ਨੂੰ ਧਰਮ ਅਤੇ ਸਭ ਕੁਝ ਉਲਟਾ ਹੀ ਸਮਝਦਾ ਹੈ, ਉਹ ਤਾਮਸੀ ਬੁੱਧੀ ਹੈ।

ਰਾਜਸਿਕ ਬੁੱਧੀ ਮਨੁੱਖ ਨੂੰ ਚੰਗਾ ਬੁਰਾ ਨਹੀਂ ਦਸ ਸਕਦੀ, ਠੀਕ ਅਤੇ ਗਲਤ ਨਹੀਂ ਦਸ ਸਕਦੀ, ਸੱਚ ਤੇ ਝੂਠ, ਅਸਲ ਅਤੇ ਨਕਲ ਵਿਚ ਭੇਦ ਨਹੀਂ ਦਸ ਸਕਦੀ ਪਰ ਰਾਜਸਿਕ ਬੁੱਧੀ ਬਾਹਰ ਦਾ ਗਿਆਨ ਪ੍ਰਾਪਤ ਕਰਨ ਲਈ, ਅਵੱਸ਼ਕ ਹੈ, ਵਿਗਿਆਨ ਦਾ ਗਿਆਨ ਪ੍ਰਾਪਤ ਕਰਨ ਲਈ ਮਸ਼ੀਨਾਂ

ਦਾ ਗਿਆਨ ਪ੍ਰਾਪਤ ਕਰਨ ਲਈ ਅਵੱਸ਼ਕ ਹੈ, ਵਪਾਰ ਦਾ ਗਿਆਨ ਪ੍ਰਾਪਤ ਕਰਨ ਲਈ, ਹੋਰ ਕੋਈ ਵੀ ਗਿਆਨ ਜਿਸ ਦਾ ਸਬੰਧ ਇਸ ਬਾਹਰੀ ਸੰਸਾਰ ਨਾਲ ਹੈ, ਉਸ ਸਾਰੇ ਦਾ ਗਿਆਨ ਪ੍ਰਾਪਤ ਕਰਨ ਲਈ ਰਾਜਸਿਕ ਬੁੱਧੀ ਦੀ ਲੋੜ ਹੈ। ਕਿਸੇ ਮਨੁੱਖ ਲਈ ਸੰਸਾਰ ਵਿਚ ਰਾਜਸਿਕ ਬੁੱਧੀ ਤੋਂ ਬਿਨਾਂ ਵਿਚਰਨਾ ਔਖਾ ਹੈ। ਤਾਮਸਿਕ ਬੁੱਧੀ ਵਾਲੇ ਅਗਿਆਨੀ ਰਹਿੰਦੇ ਹਨ ਤੇ ਭੋਗ ਭੋਗਦੇ ਹਨ, ਤਾਮਸਿਕ ਬੁੱਧੀ ਵਾਲੇ ਸਦਾ ਹੀ ਸਾਤਵਿਕ ਬੁੱਧੀ ਵਾਲੇ ਤੋਂ ਉਲਟ ਹੀ ਚਲਦੇ ਹਨ। ਤਾਮਸਿਕ ਗਿਆਨ ਮਨੁੱਖ ਨੂੰ ਸੁਸਤ, ਸਥਿਲ ਅਤੇ ਉਚਾਟ ਬਣਾ ਦਿੰਦੇ ਹਨ।

ਜਗਿਆਸੂ ਨੂੰ ਕਦੀ ਇਹ ਨਹੀਂ ਭੁੱਲਣਾ ਚਾਹੀਦਾ ਕਿ ਤਿੰਨੋ ਗੁਣ ਮਨੁੱਖ ਦੇ ਜੀਵਨ ਵਿਚ ਇਕੱਠੇ ਕੰਮ ਕਰਦੇ ਹਨ। ਫਰਕ ਸਿਰਫ ਐਨਾ ਹੈ ਕਿ ਕਿਸੇ ਵਿਚ ਕੋਈ ਗੁਣ ਵਧੇਰੇ ਹੁੰਦਾ ਹੈ, ਕਿਸੇ ਵਿਚ ਦੂਸਰਾ ਤੇ ਕਿਸੇ ਵਿਚ ਇਕ ਗੁਣ ਸ਼ਕਤੀਸ਼ਾਲ ਹੁੰਦਾ ਹੈ, ਦੂਸਰੇ ਵਿਚ ਦੂਸਰਾ ਗੁਣ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਕਿਹੜਾ ਗੁਣ ਪ੍ਰਬਲ ਹੈ। ਜੇ ਸਾਤਵਿਕ ਗੁਣ ਪ੍ਰਬਲ ਹੋਵੇ, ਜੀਵਨ ਸ਼ਾਂਤ ਹੋਵੇਗਾ, ਅਨੰਦਮਈ ਹੋਵੇਗਾ, ਖੁਸ਼ੀਆਂ ਭਰਿਆ ਹੋਵੇਗਾ; ਜੇ ਰਾਜਸਿਕ ਗੁਣ ਪ੍ਰਬਲ ਹੋਵੇਗਾ ਮਨੁੱਖ ਕਰਮਸ਼ੀਲ ਹੋਵੇਗਾ, ਚੁਸਤ ਹੋਵੇਗਾ, ਬੇਚੈਨ ਹੋ ਸਕਦਾ ਹੈ, ਮਨੋਸਰੀਰਕ ਬਿਮਾਰੀਆਂ ਨਾਲ ਗ੍ਰਸਤ ਹੋ ਸਕਦਾ ਹੈ। ਜੇ ਤਮੋ ਗੁਣ ਪ੍ਰਬਲ ਹੋਵੇਗਾ, ਜੀਵਨ ਦੀ ਹਰੇਕ ਚੀਜ਼ ਨਖਿੱਧ ਹੋ ਜਾਂਦੀ ਹੈ, ਸੁਸਤ ਪੈ ਜਾਂਦੀ ਹੈ, ਜੀਵਨ ਵਿਚ ਕੋਈ ਅਨੰਦ, ਕੋਈ ਖੁਸ਼ੀ ਨਹੀਂ ਰਹਿੰਦੀ। ਇਕ ਜਾਂ ਦੂਸਰੇ ਗੁਣ ਦੀ ਪ੍ਰਬਲਤਾ ਜਦੋਂ ਜੀਵਨ ਵਿਚ ਹੁੰਦੀ ਹੈ, ਉਹ ਬੜੀ ਪ੍ਰਤੱਖ ਦਿਸ ਪੈਂਦੀ ਹੈ, ਰੋਜ਼ ਦੇ ਅਚਾਰ ਵਿਹਾਰ ਵਿਚ ਉਹ ਬਹੁਤ ਛੇਤੀ ਹੀ ਝਲਕ ਪੈਂਦੀ ਹੈ। ਜਿਹੜੇ ਇਨ੍ਹਾਂ ਤਿੰਨਾਂ ਗੁਣਾਂ ਤੋਂ ਪਰ੍ਹੇ ਚਲੇ ਗਏ ਹਨ, ਉਚੇ ਉਠ ਗਏ ਹਨ ਜਿਨ੍ਹਾਂ ਨੇ ਆਤਮਕ ਸਿੱਧੀ ਪ੍ਰਾਪਤ ਕਰ ਲਈ ਹੈ, ਜਿਹੜੇ ਸਦਾ ਹੀ ਉਸ ਪ੍ਰਮੇਸ਼ਰ ਨਾਲ ਜੁੜੇ ਰਹਿੰਦੇ ਹਨ, ਉਹ ਤਾਂ ਪ੍ਰਤੱਖ ਵਿਚਰਦੇ ਦਿਸਦੇ ਹੀ ਨਹੀਂ। ਉਹ ਕਹਿਣ ਨੂੰ ਤਾਂ ਸੰਸਾਰ ਵਿਚ ਹੁੰਦੇ ਹਨ, ਸੰਸਾਰ ਵਿਚ ਵਿਚਰਦੇ ਹਨ ਪਰ ਉਹ ਹੁੰਦੇ ਸਦਾ ਪ੍ਰਭੂ ਨਾਲ ਹਨ। ਇਹੋ ਜਿਹੀਆਂ ਰੂਹਾਂ ਕਰੋੜਾਂ ਵਿਚੋਂ ਇਕ ਹੀ ਹੁੰਦੀਆਂ ਹਨ। ਉਹ ਹੀ ਮਨੁੱਖਤਾ ਦੀ ਤਕਦੀਰ ਲਿਖਦੀਆਂ ਹਨ, ਬਹੁਤ ਸੂਖਮ ਤਰੀਕੇ ਨਾਲ ਲਿਖਦੀਆਂ ਹਨ ਪਰ ਬਹੁਤ ਡੂੰਘੀਆਂ ਲਿਖਦੀਆਂ ਹਨ, ਇਹ ਹਸਤੀਆਂ ਸਦਾ ਪਿਆਰ ਹੀ ਵੰਡਦੀਆਂ ਹਨ, ਗਿਆਨ ਵੰਡਦੀਆਂ ਹਨ, ਆਪਣੇ ਕਰਮਾਂ ਨਾਲ ਬਚਨਾਂ ਨਾਲ ਤੇ ਮਨਾਂ ਨਾਲ ਸਦਾ ਸੰਸਾਰ ਦਾ ਭਲਾ ਹੀ ਕਰਦੀਆਂ ਹਨ।

33. ਹੇ ਪਾਰਥ! ਯੋਗ ਨਾਲ ਇਕਾਗਰ ਹੋਈ ਬਿਰਤੀ (ਧੀਰਜ, ਧਾਰਨਾ) ਕਰਕੇ ਜੋ ਮਨ, ਪ੍ਰਾਣ ਅਤੇ ਇੰਦ੍ਰੀਆਂ ਦੀਆਂ ਕ੍ਰਿਆਵਾਂ ਨੂੰ ਰੋਕਦਾ ਹੈ, ਉਹ ਸਾਤਵਿਕ ਹੈ।

34. ਹੇ ਅਰਜਨ! ਜਿਸ ਧ੍ਰਿਤੀ ਕਰਕੇ, ਸੰਗ ਦੁਆਰਾ ਫਲ ਦੀ ਇੱਛਾ ਕਰਕੇ, ਧਰਮ, ਅਰਥ ਅਤੇ ਕਾਮ ਦੀ ਧਾਰਨਾ ਕਰਦਾ ਹੈ, ਹੇ ਪਾਰਥ! ਉਹ

ਰਾਜਸੀ ਬਿਰਤੀ ਹੈ।

35. ਹੇ ਪਾਰਥ! ਜਿਸ ਧ੍ਰਿਤੀ ਕਰਕੇ ਮੂੜ੍ਹ ਆਦਮੀ ਸੁਫਨਾ, ਭੈ, ਸ਼ੋਕ, ਦੁਖ ਅਤੇ ਮਦ ਨੂੰ ਗ੍ਰਹਿਣ ਕਰਦੇ ਹਨ, ਉਹ ਬਿਰਤੀ ਤਾਮਸੀ ਹੈ।

ਬੁੱਧੀ ਅਤੇ ਗਿਆਨ ਦੇ ਨਾਲ ਇਕ ਹੋਰ ਗੁਣ ਜੋ ਰੂਹਾਨੀ ਮਾਰਗ ਤੇ ਚੱਲਣ ਲਈ ਬਹੁਤ ਅਵੱਸ਼ਕ ਹੈ ਉਹ ਹੈ ਧ੍ਰਿਤੀ (ਧੀਰਜ ਧਾਰਨਾ)। ਕਈ ਐਸੇ ਸਾਧਕ ਹਨ ਜਿਨ੍ਹਾਂ ਕੋਲ ਗਿਆਨ ਹੈ ਜਿਨ੍ਹਾਂ ਨੂੰ ਇਹ ਵੀ ਪਤਾ ਹੈ, ਕਦੋਂ ਕੀ ਕਰਨਾ ਹੈ, ਕੀ ਨਹੀਂ ਕਰਨਾ ਪਰ ਉਨ੍ਹਾਂ ਕੋਲ ਅੰਦਰ ਦਾ ਧੀਰਜ ਨਹੀਂ, ਧ੍ਰਿਤੀ ਨਹੀਂ, ਧਾਰਨਾ ਨਹੀਂ, ਉਹ ਅਭਿਆਸ ਹੀ ਨਹੀਂ ਕਰ ਸਕਦੇ। ਕਈ ਸਾਧਕ ਧੀਰਜ ਵਾਲੇ ਹੁੰਦੇ ਹਨ, ਦ੍ਰਿੜ੍ਹ ਹੁੰਦੇ ਹਨ ਪਰ ਉਨ੍ਹਾਂ ਕੋਲ ਗੂੜ੍ਹਾ ਗਿਆਨ ਹੀ ਨਹੀਂ ਹੁੰਦਾ, ਅਧਿਆਤਮਕ ਰਾਹ ਤੇ ਤੁਰਨ ਦਾ ਗਿਆਨ ਉਨ੍ਹਾਂ ਕੋਲ ਨਹੀਂ ਹੁੰਦਾ। ਆਤਮ ਮਾਰਗ ਤੇ ਚੱਲਣ ਲਈ ਸਾਤਵਿਕ ਬੁੱਧੀ ਅਤੇ ਸਾਤਵਿਕ ਧ੍ਰਿਤੀ ਦੋਨੋਂ ਹੀ ਬਹੁਤ ਅਵੱਸ਼ਕ ਹਨ। ਗੀਤਾ ਵਿਚ ਜਿਵੇਂ ਧ੍ਰਿਤੀ ਸ਼ਬਦ ਦੀ ਵਰਤੋਂ ਕੀਤੀ ਗਈ ਹੈ ਉਹ ਥੋੜ੍ਹੀ ਫਰਕ ਹੈ, ਅਲੱਗ ਹੈ। ਧ੍ਰਿਤੀ ਅੰਦਰ ਦੀ ਉਹ ਸ਼ਕਤੀ ਹੈ ਜਿਹੜੀ ਇਕ ਦਮ ਪ੍ਰਗਟ ਨਹੀਂ ਹੁੰਦੀ। ਇਹ ਉਹ ਸ਼ਕਤੀ ਹੈ ਜਿਹੜੀ ਇਕ ਪਹੁੰਚੇ ਹੋਏ ਗੁਰੂ ਦੇ ਨਾਲ ਰਹਿ ਕੇ, ਇਕ ਪਹੁੰਚੇ ਹੋਏ ਯੋਗੀ ਦੇ ਨਾਲ ਅਭਿਆਸ ਕਰਕੇ ਹੌਲੀ ਹੌਲੀ ਪ੍ਰਗਟ ਹੁੰਦੀ ਹੈ। ਸੁਹਿਰਦਤਾ, ਈਮਾਨਦਾਰੀ, ਕਰੜੀ ਮਿਹਨਤ ਕਰਕੇ ਸਾਧਕ ਇਸ ਦੀ ਪ੍ਰਾਪਤੀ ਕਰਦਾ ਹੈ, ਇਸ ਸ਼ਕਤੀ ਤੋਂ ਬਿਨਾਂ ਯੋਗੀ, ਸਾਧਕ ਰੂਹਾਨੀਅਤ ਦੀ ਚੋਟੀ ਤੇ ਨਹੀਂ ਪਹੁੰਚ ਸਕਦਾ।

ਧ੍ਰਿਤੀ (ਧੀਰਜ) ਸਾਧਕ ਨੂੰ ਇਕਾਗਰ ਹੋਣ ਵਿਚ ਸਹਾਇਕ ਹੁੰਦਾ ਹੈ, ਸ੍ਵਾਸਾਂ ਦੀ ਤੇ ਮਨ ਤੇ ਪ੍ਰਾਣਾਂ ਦੀ ਸ਼ਕਤੀ ਵਿਚ ਇਕਸਾਰਤਾ ਲਿਆਉਂਦਾ ਹੈ। ਇਸ ਤਰ੍ਹਾਂ ਕਰਨ ਨਾਲ ਪ੍ਰਾਣ ਸੁਖਮਨਾ ਨਾੜੀ ਵਿਚ ਲਿਜਾਏ ਜਾਂਦੇ ਹਨ ਜੋ ਆਤਮ ਗਿਆਨ ਲਈ ਬਹੁਤ ਅਵੱਸ਼ਕ ਹੈ, ਸ਼ਾਂਤੀ ਲਈ ਬਹੁਤ ਜ਼ਰੂਰੀ ਹੈ। ਇਸ ਦਾ ਸਭ ਤੋਂ ਵੱਡਾ ਕਾਰਣ ਇਹ ਹੈ ਕਿ ਅੰਤਰ ਤੇ ਬਾਹਰ ਦੀ ਅਸ਼ਾਂਤੀ ਸੁਖਮਨਾ ਹੀ ਕੰਟਰੋਲ ਕਰਦੀ ਹੈ। ਜਿਹੜੇ ਚੰਗੀ ਤਰ੍ਹਾਂ ਠੀਕ ਤਰੀਕੇ ਨਾਲ ਧਿਆਨ ਲਗਾਉਣਾ ਸਿੱਖ ਲੈਂਦੇ ਹਨ, ਉਹ ਭਲੀ ਪ੍ਰਕਾਰ ਇਹ ਜਾਣਦੇ ਹਨ ਕਿ ਸਰੀਰਕ ਪੱਖੋਂ ਸਥਿਰ ਹੋ ਕੇ ਬਿਲਕੁਲ ਚੁੱਪ ਬੈਠ ਕੇ ਵੀ ਜਿਹੜੀ ਚੀਜ਼ ਸਭ ਤੋਂ ਵੱਧ ਤੰਗ ਕਰਦੀ ਰਹਿੰਦੀ ਹੈ - ਉਹ ਹੈ ਸ੍ਵਾਸ ਲੈਣਾ। ਮਾਨਸਿਕ ਅਸ਼ਾਂਤੀ ਵੀ ਸ੍ਵਾਸਾਂ ਨੂੰ ਉਖਾੜਦੀ ਹੈ। ਸ੍ਵਾਸ ਅਤੇ ਮਨ ਦੋਨੋਂ ਆਪਸ ਵਿਚ ਨਖੇੜੇ ਨਹੀਂ ਜਾ ਸਕਦੇ, ਮਰਦੇ ਦਮ ਤਕ ਇਹ ਇਕੱਠੇ ਹੀ ਕੰਮ ਕਰਦੇ ਹਨ। ਅੱਜ ਦੇ ਵਿਗਿਆਨੀਆਂ ਨੇ ਅਜੇ ਤਕ ਠੀਕ ਢੰਗ ਨਾਲ ਸ੍ਵਾਸਾਂ ਦੇ ਵਿਗਿਆਨ ਦਾ ਅਧਿਅਨ ਨਹੀਂ ਕੀਤਾ। ਯੋਗੀ ਇਸ ਗੱਲ ਨੂੰ ਭਲੀ ਪ੍ਰਕਾਰ ਜਾਣਦੇ ਹਨ, ਸ੍ਵਾਸਾਂ ਦੇ ਸੂਖਮ ਕਰਤਵ ਨੂੰ ਜਾਣਦੇ ਹਨ ਅਤੇ ਇਸ ਗੱਲ ਤੋਂ ਭਲੀ ਪ੍ਰਕਾਰ ਜਾਣੂੰ ਹਨ ਕਿ ਸ੍ਵਾਸਾਂ ਦਾ ਇਕਸਾਰ ਨਾ ਚੱਲਣਾ, ਮਨ ਵਿਚ ਅਸ਼ਾਂਤੀ ਪੈਦਾ ਕਰਦਾ ਹੈ। ਜਦੋਂ ਸ੍ਵਾਸ ਸ਼ਾਂਤ ਤੇ ਸਥਿਰ ਹੋਣ, ਜਦੋਂ ਸ੍ਵਾਸਾਂ ਵਿਚ ਕੋਈ ਝਟਕਾ ਨਹੀਂ ਲਗਦਾ, ਕੋਈ ਰੁਕਾਵਟ

ਨਹੀਂ ਪੈਂਦੀ, ਉਦੋਂ ਤਕ ਮਨ ਅਸ਼ਾਂਤ ਨਹੀਂ ਹੁੰਦਾ, ਉਸ ਤੋਂ ਉਲਟ ਮਨ ਉਦੋਂ ਤਕ ਸਥਿਰ ਅਤੇ ਖੁਸ਼ੀ ਮਹਿਸੂਸ ਕਰਦਾ ਹੈ।

ਉਹ ਸਥਿਤੀ ਜਿਸ ਵਿਚ ਮਨ ਤੇ ਸ੍ਵਾਸ ਸੰਤੁਲਤ ਤਰੀਕੇ ਨਾਲ ਕੰਮ ਕਰਦੇ ਹਨ, ਕਰ ਸਕਦੇ ਹਨ, ਉਹ ਧ੍ਰਿਤੀ ਤੋਂ ਪੈਦਾ ਹੁੰਦੀ ਹੈ। ਧ੍ਰਿਤੀ ਉਹ ਹਾਲਤ ਹੈ ਜਿਸ ਵਿਚ ਮਨ ਤੇ ਸ੍ਵਾਸ ਸੰਤੁਲਨ ਪੈਦਾ ਹੁੰਦੇ ਹਨ, ਧ੍ਰਿਤੀ ਉਹ ਸ਼ਕਤੀ ਹੈ ਜਿਸ ਦੀ ਸਹਾਇਤਾ ਨਾਲ ਸ੍ਵਾਸ ਤੇ ਮਨ ਇਕਸਾਰ ਸਥਿਰ ਹੋ ਕੇ ਕੰਮ ਕਰਦੇ ਹਨ। ਜੇ ਕੋਈ ਸਾਧਕ ਮਨ ਤੇ ਸ੍ਵਾਸਾਂ ਨੂੰ ਇਕਸਾਰ ਕਰਨ ਵਿਚ ਸਫਲ ਨਾ ਹੋਵੇ, ਸਾਧਕ ਦੀ ਸਾਧਨਾ ਕਦੀ ਵੀ ਸਫਲ ਨਹੀਂ ਹੋ ਸਕਦੀ ਭਾਵੇਂ ਸਾਧਕ ਕਿੰਨੇ ਘੰਟੇ ਵੀ ਸਮਾਧੀ ਲਗਾ ਕੇ ਕਿਉਂ ਨਾ ਬੈਠਾ ਰਹੇ।

36. ਹੇ ਭਰਤਰ-ਸ਼ਭ! ਹੁਣ ਤੂੰ ਮੇਰੇ ਕੋਲੋਂ ਤਿੰਨ ਪ੍ਰਕਾਰ ਦਾ ਸੁਖ ਸੁਣ ਜਿਸ ਨਾਲ ਅਭਿਆਸ ਦੁਆਰਾ ਦੁਖ ਮਿਟ ਜਾਂਦੇ ਹਨ।

37. ਜੋ ਪਹਿਲਾਂ ਬਿੱਖ ਦੀ ਤਰ੍ਹਾਂ ਮਲੂਮ ਹੁੰਦਾ ਹੈ ਪਰ ਜਿਸ ਦਾ ਫਲ ਅੰਮ੍ਰਿਤ ਹੈ ਉਹ ਸੁਖ ਆਤਮ ਗਿਆਨ ਵਿਚੋਂ ਉਪਜਿਆ ਹੋਇਆ ਸਾਤਵਿਕ ਸੁਖ ਹੈ।

38. ਜੋ ਸੁਖ ਇੰਦ੍ਰੀਆਂ ਅਤੇ ਵਿਸ਼ਿਆਂ ਦੇ ਸੰਜੋਗ ਨਾਲ ਹੁੰਦਾ ਹੈ, ਪਹਿਲਾਂ ਅੰਮ੍ਰਿਤ ਵਰਗਾ ਲਗਦਾ ਹੈ ਪਰ ਉਸ ਦਾ ਫਲ ਬਿਖ ਵਰਗਾ ਹੁੰਦਾ ਹੈ। ਉਹ ਸੁਖ ਰਾਜਸੀ ਸੁਖ ਹੈ।

39. ਜੋ ਸੁਖ ਆਪ ਨੂੰ ਪਹਿਲਾਂ ਅਤੇ ਪਿਛੋਂ ਮੋਹ ਵਿਚ ਪਾਉਣ ਵਾਲਾ ਹੈ, ਉਹ ਨੀਂਦ, ਆਲਸ ਅਤੇ ਪ੍ਰਮਾਦ ਤੋਂ ਉਤਪੰਨ ਹੁੰਦਾ ਹੈ, ਉਹ ਤਾਮਸੀ ਹੈ।

ਇਨ੍ਹਾਂ ਸ਼ਲੋਕਾਂ ਵਿਚ ਤਿੰਨ ਪ੍ਰਕਾਰ ਦਾ ਅਨੰਦ ਦੱਸਿਆ ਗਿਆ ਹੈ। ਜਦੋਂ ਪਹਿਲਾਂ ਪਹਿਲ ਅਨੰਦ ਦਾ ਅਨੁਭਵ ਹੁੰਦਾ ਹੈ ਉਹ ਮੋਹਰੇ ਦੀ ਤਰ੍ਹਾਂ ਲਗਦਾ ਹੈ, ਕੌੜਾ ਲਗਦਾ ਹੈ, ਵਿਸ਼ੇਸ਼ ਤੌਰ ਤੇ ਉਨ੍ਹਾਂ ਨੂੰ ਜਿਹੜੇ ਸੰਸਾਰਕ ਸੁਖਾਂ ਦੇ ਆਦੀ ਹੁੰਦੇ ਹਨ। ਜਦੋਂ ਆਤਮਕ ਅਨੰਦ ਦੀ ਸੂਖਮਤਾ ਦਾ ਗਿਆਨ ਹੁੰਦਾ ਹੈ ਫੇਰ ਉਹ ਅੰਮ੍ਰਿਤ ਲਗਣ ਲਗ ਪੈਂਦਾ ਹੈ, ਐਨਾ ਸੂਖਮ ਅਨੰਦ, ਐਨਾ ਡੂੰਘਾ ਅਨੰਦ ਕਿ ਸੰਸਾਰਕ ਸੁੱਖ ਮਾਨਣ ਵਾਲਾ ਉਸ ਦਾ ਅੰਦਾਜ਼ਾ ਹੀ ਨਹੀਂ ਲਗਾ ਸਕਦਾ। ਕਿਹਾ ਜਾਂਦਾ ਹੈ ਕਿ ਕੌੜੀ ਦਵਾਈ ਦਾ ਅਸਰ ਬਹੁਤ ਚੰਗਾ ਹੁੰਦਾ ਹੈ, ਕੌੜੀ ਦਵਾਈ ਵਧੇਰੇ ਅਸਰ ਕਰਦੀ ਹੈ, ਇਹੋ ਹੀ ਹਾਲ ਸਾਤਵਿਕ ਅਨੰਦ ਦਾ ਹੈ।

ਅਨੰਦ ਕੀ ਹੈ? ਉਹ ਸਥਿਤੀ ਜੋ ਮਨੁੱਖ ਨੂੰ ਖੁਸ਼ ਕਰਦੀ ਹੈ, ਜਿਹੜੀ ਦੁਖਦਾਈ ਨਹੀਂ, ਜਿਹੜੀ ਅਸ਼ਾਂਤੀ ਨਹੀਂ ਦਿੰਦੀ। ਸਾਰਾ ਸੰਸਾਰ ਸਾਰੀ ਮਨੁੱਖਤਾ ਇਕ ਸਥਾਈ ਅਨੰਦ, ਇਕ ਸਥਾਈ ਖੁਸ਼ੀ ਦੀ ਖੋਜ ਵਿਚ ਹੈ। ਥੋੜ੍ਹਾ ਥੋੜ੍ਹਾ ਸੁਖ ਮਨੁੱਖਤਾ ਨੂੰ ਪਹਿਲੇ ਪਹਿਲ ਸੰਸਾਰਕ ਵਸਤੂਆਂ ਵਿਚ

ਮਹਿਸੂਸ ਹੁੰਦਾ ਹੈ ਪਰ ਬੜੇ ਹੀ ਦੁਖ ਦੀ ਗੱਲ ਹੈ ਕਿ ਇਹ ਸੁਖ ਛੇਤੀ ਹੀ ਦੋ ਕਾਰਣਾਂ ਕਰਕੇ ਖਤਮ ਹੋ ਜਾਂਦਾ ਹੈ। ਪਹਿਲਾ ਸੁਖ ਦੇਣ ਵਾਲਾ ਪਦਾਰਥ ਭੋਗ ਵਸਤੂ ਬਦਲ ਜਾਂਦੀ ਹੈ, ਨਾਲ ਹੀ ਭੋਗਣ ਵਾਲੇ ਦੀ ਧਾਰਨਾ ਵੀ ਬਦਲ ਜਾਂਦੀ ਹੈ। ਇਸ ਅਸਥਾਈ ਚਲਾਏਮਾਨ ਸੰਸਾਰ ਵਿਚ ਕੁਝ ਵੀ ਤਾਂ ਸਥਾਈ ਨਹੀਂ ਹੈ, ਕੁਝ ਵੀ ਇਹੋ ਜਿਹਾ ਨਹੀਂ ਜਿਹੜਾ ਸਦਾ ਲਈ ਹੋਵੇ, ਮਨੁੱਖਾਂ ਤੋਂ ਬਾਹਰ ਜਿੰਨੇ ਵੀ ਜੀਵ ਹਨ ਉਹ ਪ੍ਰਾਕ੍ਰਿਤੀ ਦੇ ਅਧੀਨ ਹਨ। ਮਨੁੱਖਾਂ ਦੀ ਆਪਣੀ ਇੱਛਾ ਹੈ, ਆਪਣੀ ਵਿਲੱਖਣ ਸ਼ਕਤੀ ਹੈ ਜਿਸ ਨਾਲ ਉਹ ਅਜਰ, ਅਮਰ, ਅਟੱਲ ਦੀ ਖੋਜ ਕਰ ਸਕਦੇ ਹਨ ਸਦੈਵੀ ਅਨੰਦ ਦੀ ਖੋਜ ਕਰ ਸਕਦੇ ਹਨ, ਜਦੋਂ ਮਨੁੱਖ ਚਲਾਏਮਾਨ ਅਸਥਾਈ ਖੁਸ਼ੀਆਂ ਤੋਂ ਅੱਕ ਜਾਂਦਾ ਹੈ, ਫੇਰ ਉਹ ਆਪਣੇ ਅੰਦਰ ਝਾਤੀ ਮਾਰਦਾ ਹੈ, ਉਸ ਅੰਦਰ ਜਿਸ ਵਿਚ ਉਸ ਨੇ ਅੱਜ ਤਕ ਕਦੀ ਦੇਖਿਆ ਹੀ ਨਹੀਂ, ਸਮਝਿਆ ਹੀ ਨਹੀਂ, ਜਾਨਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਅੰਦਰ ਉਹ ਅੰਮ੍ਰਿਤ ਦਾ ਖਜ਼ਾਨਾ ਹੈ ਜੋ ਪਿਆਸ ਬੁਝਾਉਂਦਾ ਹੈ, ਉਨ੍ਹਾਂ ਦੀ ਪਿਆਸ ਬੁਝਾਉਂਦਾ ਹੈ ਜਿਹੜੇ ਢੂੰਡਦੇ ਹਨ, ਲਭਦੇ ਹਨ। ਜੇ ਜਗਿਆਸੂ ਸਭ ਕੁਝ ਸਿੱਖ ਲਵੇ ਪੜ੍ਹ ਲਵੇ ਤੇ ਜੀਵਨ ਦੀਆਂ ਡੂੰਘਾਈਆਂ ਦੀ ਉਸ ਨੂੰ ਸਮਝ ਆ ਜਾਵੇ ਕਿ ਉਸ ਦੇ ਅੰਦਰ ਸਰੋਤ ਹੈ ਤਾਂ ਉਸ ਸਰੋਤ ਤਕ ਪਹੁੰਚਣ ਦਾ ਰਸਤਾ ਵੀ ਹੈ ਅਤੇ ਉਸ ਸਰੋਤ ਤੋਂ ਹੀ ਆਤਮ ਸਥਾਈ ਅਨੰਦ ਦਾ ਝਰਨਾ ਫੁੱਟ ਰਿਹਾ ਹੈ।

ਅਸ਼ਾਂਤੀ, ਪੀੜਾ, ਦੁਖ, ਹਰੇਕ ਦੇ ਚਿਹਰੇ ਉਤੇ ਲਿਖਿਆ ਹੋਇਆ ਹੈ। ਕੋਈ ਵੀ ਖੁਸ਼ ਨਹੀਂ ਲਗਦਾ, ਕੋਈ ਵੀ ਅਨੰਦ ਵਿਚ ਨਹੀਂ ਲਗਦਾ। ਜੇ ਕਿਸੇ ਕੋਲ ਸਾਰੀਆਂ ਸੰਸਾਰਕ ਪਦਾਰਥਾਂ ਹਨ ਤਾਂ ਵੀ ਉਹ ਖੁਸ਼ ਨਹੀਂ ਹੈ ਪਰ ਇਕ ਉਹ ਦਿਨ ਵੀ ਆਉਂਦਾ ਹੈ ਜਦੋਂ ਮਨੁੱਖ ਇਸ ਵਾਸਤਵਿਕਤਾ ਨੂੰ ਜਾਣ ਕੇ, ਸਮਝ ਕੇ, ਇਕ ਦਮ ਉਠਦਾ ਹੈ ਕਿ ਬਾਹਰੀ ਚਲਾਏਮਾਨ ਸੰਸਾਰ ਦੀ ਖੋਜ ਬੇਅਰਥ ਹੈ। ਜੇ ਕੋਈ ਖੋਜ ਲਾਭਦਾਇਕ ਹੈ, ਫਲਦਾਈ ਹੈ ਤੇ ਉਹ ਹੈ ਅੰਦਰ ਦੀ ਖੋਜ। ਉਹ ਅੰਦਰ ਦੀ ਖੋਜ ਹੀ ਸ਼ਾਂਤੀ ਦੇ ਸਕਦੀ ਹੈ। ਫੇਰ ਮਨੁੱਖ ਅੰਦਰ ਦੀ ਯਾਤਰਾ ਅਰੰਭਦਾ ਹੈ। ਗੀਤਾ ਦਸਦੀ ਹੈ ਕਿ ਜਦੋਂ ਮਨੁੱਖ ਆਪਣੇ ਅੰਦਰ ਅਨੰਦ ਮਹਿਸੂਸ ਕਰਦਾ ਹੈ, ਉਹ ਸਭ ਤੋਂ ਉਤਮ ਤੇ ਉਚਾ ਅਨੰਦ ਹੁੰਦਾ ਹੈ, ਉਸ ਨੂੰ ਅਨਾਤਮ ਪ੍ਰੇਮ ਕਿਹਾ ਜਾਂਦਾ ਹੈ, ਉਸ ਨੂੰ ਸਿਮਰਨ ਕਿਹਾ ਜਾਂਦਾ ਹੈ, ਉਸ ਨੂੰ ਨਿਰਾਕਾਰ ਨਾਲ ਪ੍ਰੇਮ ਕਿਹਾ ਜਾਂਦਾ ਹੈ, ਇੱਛਾ ਰਹਿਤ ਪ੍ਰੇਮ ਕਿਹਾ ਜਾਂਦਾ ਹੈ, ਬਿਨਾਂ ਕਿਸੇ ਐਕੜ ਤੋਂ ਸਿਮਰਨ ਸਾਧਨਾ ਕਿਹਾ ਜਾਂਦਾ ਹੈ। ਉਹ ਕੇਵਲ ਸਾਤਵਿਕ ਅਨੰਦ ਹੈ, ਇਹੋ ਜਿਹਾ ਅਨੰਦ ਕੇਵਲ ਗੰਭੀਰਤਾ ਨਾਲ ਆਪਾ ਚੀਨਣ ਨਾਲ ਹੀ ਆਉਂਦਾ ਹੈ। ਇੰਦ੍ਰੀਆਂ ਦਾ ਭੋਗ ਕੇਵਲ ਛਿਨ ਭੰਗਰ ਹੈ, ਦੁਖਦਾਈ ਹੈ। ਆਤਮਕ ਸਿੱਧੀ ਨਾਲ ਜੋ ਗਿਆਨ ਅਨੰਦ ਪ੍ਰਾਪਤ ਹੁੰਦਾ ਹੈ, ਉਹ ਸਥਾਈ ਹੁੰਦਾ ਹੈ, ਸਦੈਵੀ ਹੁੰਦਾ ਹੈ ਕਿਉਂਕਿ ਆਤਮਾ ਤਾਂ ਦੁਖ ਸੁਖ ਦੇ ਅਨੁਭਵ ਤੋਂ ਪਰ੍ਹੇ ਹੈ, ਸੰਤਾਪ ਚਿੰਤਾ ਤੋਂ ਪਰ੍ਹੇ ਹੈ।

ਰਜੋ ਗੁਣੀ ਮਨੁੱਖਾਂ ਦੀ ਖੁਸ਼ੀ ਸੰਸਾਰ ਵਿਚ ਇੰਦ੍ਰੀਆਂ ਦੇ ਭੋਗ ਭੋਗਣ ਨਾਲ ਹੈ, ਪਹਿਲੇ ਪਹਿਲ ਇਹ ਅੰਮ੍ਰਿਤ ਦੀ ਭਾਂਤੀ ਲਗਦਾ ਹੈ ਪਰ ਬਾਅਦ

ਵਿਚ ਇਹ ਵਿਸ਼ ਪ੍ਰਕਾਰ ਹੋ ਜਾਂਦਾ ਹੈ। ਤਾਮਸਿਕ ਭੋਗ ਅਰੰਭ ਵਿਚ ਵੀ ਅਤੇ ਅੰਤ ਵਿਚ ਵੀ ਮਨੁੱਖ ਦੇ ਮਨ ਨੂੰ ਮਾਇਆ ਵਿਚ ਉਲਝਾਈ ਰਖਦੇ ਹਨ, ਤਮੋ ਗੁਣ ਸੁਸਤੀ ਤੋਂ, ਨੀਂਦ ਤੋਂ ਅਤੇ ਲਾਪਰਵਾਹੀ ਤੋਂ ਉਤਪੰਨ ਹੁੰਦੇ ਹਨ।

40. ਇਸ ਲੋਕ ਵਿਚ, ਦੇਵ ਲੋਕ ਵਿਚ, ਕੋਈ ਵੀ ਜੀਵ ਐਸਾ ਨਹੀਂ ਜੋ ਪ੍ਰਕ੍ਰਿਤੀ ਦੇ ਤਿੰਨਾਂ ਗੁਣਾਂ ਤੋਂ ਰਹਿਤ ਹੋਵੇ।

ਜੋ ਕੁਝ ਵੀ ਇਸ ਧਰਤੀ ਤੇ ਹੈ, ਅਸਮਾਨ ਤੇ ਹੈ, ਸਵਰਗ ਵਿਚ ਹੈ ਉਹ ਇਨ੍ਹਾਂ ਤਿੰਨਾਂ ਗੁਣਾਂ ਦੇ ਅੰਦਰ ਹੀ ਹੈ, ਇਨ੍ਹਾਂ ਤਿੰਨਾਂ ਗੁਣਾਂ ਵਿਚ ਲਿਪਟਿਆ ਹੋਇਆ ਹੈ। ਸਾਰੀ ਰਚਨਾ ਇਨ੍ਹਾਂ ਤਿੰਨਾਂ ਗੁਣਾਂ ਦੇ ਅਧੀਨ ਹੈ, ਸਾਰੀ ਮਨੁੱਖਤਾ ਇਨ੍ਹਾਂ ਤਿੰਨਾਂ ਗੁਣਾਂ ਦੇ ਅਧੀਨ ਹੈ, ਕੋਈ ਸਾਤਵਿਕ ਹਨ, ਕੋਈ ਰਾਜਸਿਕ ਹਨ, ਕੋਈ ਤਾਮਸਿਕ ਹਨ, ਹਰ ਕੋਈ ਆਪਣੇ ਗੁਣ ਅਨੁਸਾਰ ਆਪਣਾ ਕਰਤੱਵ ਨਿਭਾ ਰਿਹਾ ਹੈ।

41. ਹੇ ਪਰੰਤਪ! ਬ੍ਰਾਹਮਣ, ਕਸ਼ਤਰੀ, ਵੈਸ਼ ਅਤੇ ਸ਼ੂਦਰ ਇਨ੍ਹਾਂ ਚੋਹਾਂ ਵਰਣਾਂ ਦੇ ਕਰਮ ਧਰਮ ਪ੍ਰਕ੍ਰਿਤੀ ਵਿਚੋਂ ਹੋਏ ਗੁਣਾਂ ਅਨੁਸਾਰ ਵੱਖ ਵੱਖ ਬਣਾਏ ਗਏ ਹਨ।

42. ਸਮ, ਦਮ, ਤਪ, ਸਫਾਈ, ਖਿਮਾ, ਨਿਮ੍ਰਤਾ, ਗਿਆਨ, ਵਿਗਿਆਨ, ਆਸਤਕਤਾ, ਬ੍ਰਾਹਮਣ ਦੇ ਸੁਭਾਵਿਕ ਕਰਮ ਹਨ।

43. ਬਹਾਦਰੀ, ਤੇਜ, ਧੀਰਜ, ਚਤੁਰਾਈ, ਯੁੱਧ ਤੋਂ ਨਾ ਭੱਜਣਾ, ਉਦਾਰਤਾ ਤੇ ਈਸ਼ਵਰੀ ਭਾਵ, ਕਸ਼ਤਰੀ ਦਾ ਸੁਭਾਵਕ ਕਰਮ ਹੈ।

44. ਖੇਤੀ ਕਰਨੀ, ਗਊ ਰੱਖਿਆ ਕਰਨੀ ਅਤੇ ਵਪਾਰ ਕਰਨਾ ਇਹ ਵੈਸ਼ ਦਾ ਸੁਭਾਵਿਕ ਕਰਮ ਹੈ। ਸ਼ੂਦਰ ਦਾ ਸੁਭਾਵਿਕ ਕਰਮ ਸੇਵਾ ਕਰਨੀ ਹੈ।

ਕ੍ਰਿਸ਼ਨ ਜੀ ਚਾਰ ਪ੍ਰਕਾਰ ਦੇ ਮਨੁਖਾਂ ਦਾ ਵਰਨਣ ਉਨ੍ਹਾਂ ਦੇ ਗੁਣਾਂ ਅਨੁਸਾਰ ਕੀਤਾ ਹੈ। ਮਨੁੱਖਾ ਜਨਮ ਕੋਈ ਘਟਨਾ ਨਹੀਂ, ਕੋਈ ਹਾਦਸਾ ਨਹੀਂ ਹੁੰਦਾ, ਸਾਡੀਆਂ ਇਛਾਵਾਂ, ਕਰਮ ਜੋ ਵੀ ਅਸੀਂ ਪਿਛਲੇ ਜਨਮ ਵਿਚ ਕੀਤਾ ਹੁੰਦਾ ਹੈ, ਉਸ ਨਾਲ ਉਹੋ ਜਿਹੇ ਹਾਲਾਤ, ਸਾਡੀ ਸਮਰੱਥਾ, ਸਾਡੀਆਂ ਇਛਾਵਾਂ ਭਵਿੱਖ ਬਣ ਕੇ ਸਾਡਾ ਅੱਜ ਦਾ ਜਨਮ ਬਣ ਜਾਂਦੀਆਂ ਹਨ। ਅਸੀਂ ਇਛਾਵਾਂ ਦਾ ਅਨੁਭਵ ਕਰਦੇ ਹਾਂ ਅਤੇ ਅਸੀਂ ਆਪਣੇ ਗੁਣਾਂ ਅਤੇ ਸੰਸਕਾਰਾਂ ਅਨੁਸਾਰ ਜੋ ਅਸੀਂ ਪਿਛਲੇ ਜਨਮ ਤੋਂ ਲਿਆਏ ਹਾਂ, ਉਨ੍ਹਾਂ ਅਨੁਸਾਰ ਕਰਮ ਕਰਦੇ ਹਾਂ। ਅਸੀਂ ਸੰਸਕਾਰ ਨਾਲ ਲੈ ਕੇ ਜਾਂਦੇ ਹਾਂ ਅਤੇ ਉਨ੍ਹਾਂ ਅਨੁਸਾਰ ਹੀ ਸਾਨੂੰ ਜੀਵਨ ਮਿਲਦਾ ਹੈ। ਅਸੀਂ ਦੇਖ ਚੁੱਕੇ ਹਾਂ ਕਿ ਮਨੁੱਖਾਂ ਦੀ ਵੰਡ ਚਾਰ ਭਾਗਾਂ ਵਿਚ ਕੀਤੀ ਜਾਂਦੀ ਹੈ ਜੋ ਉਨ੍ਹਾਂ ਦੇ ਅੰਦਰ ਦੇ ਗੁਣਾਂ ਅਨੁਸਾਰ ਹੈ। ਭਗਵਤ ਗੀਤਾ ਵਿਚ ਉਨ੍ਹਾਂ ਨੂੰ ਬ੍ਰਾਹਮਣ, ਕਸ਼ਤਰੀ, ਵੈਸ਼ ਅਤੇ ਸ਼ੂਦਰ ਕਿਹਾ ਗਿਆ ਹੈ।

ਬ੍ਰਾਹਮਣ ਦੇ ਗੁਣ ਅਧਿਆਤਮ ਹਨ ਅਤੇ ਉਹ ਜਾਣਦਾ ਹੈ ਕਿ ਜੀਵਨ ਦਾ ਮਨੋਰਥ ਸ਼ਾਂਤੀ ਪ੍ਰਾਪਤ ਕਰਨੀ ਹੈ। ਬ੍ਰਾਹਮਣ ਸੰਜਮ ਵਿਚ ਰਹਿੰਦਾ ਹੈ, ਸ੍ਵੈ ਤੇ ਕਾਬੂ ਰਖਦਾ ਹੈ ਅਤੇ ਗਿਆਨ ਪ੍ਰਾਪਤ ਕਰਦਾ ਹੈ। ਬ੍ਰਾਹਮਣ ਨੂੰ ਇਥੇ ਦੇ ਜੀਵਨ ਅਤੇ ਅਗਲੇ ਜੀਵਨ ਦੋਨਾਂ ਦਾ ਗਿਆਨ ਹੁੰਦਾ ਹੈ। ਇਨ੍ਹਾਂ ਵਿਚੋਂ ਸਤੋ ਗੁਣਾਂ ਦੀ ਪ੍ਰਧਾਨਤਾ ਹੁੰਦੀ ਹੈ ਕਿਉਂਕਿ ਇਨ੍ਹਾਂ ਦੇ ਪਿਛਲੇ ਸੰਸਕਾਰ ਹੀ ਸਤੋ ਗੁਣਾਂ ਵਾਲੇ ਚਲਦੇ ਆ ਰਹੇ ਹਨ। ਬ੍ਰਾਹਮਣਾਂ ਨੂੰ ਬ੍ਰਾਹਮਣ ਇਸ ਕਰਕੇ ਨਹੀਂ ਕਿਹਾ ਜਾਂਦਾ ਕਿਉਂਕਿ ਉਨ੍ਹਾਂ ਨੇ ਗਿਆਨ ਵਿਰਾਸਤ ਵਿਚ ਲਿਆ ਹੈ ਪਰੰਤੂ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਇਹ ਗੁਣ ਸਾਧਨਾ ਕਰਕੇ ਆਪਣੇ ਅੰਦਰ ਪੈਦਾ ਕੀਤੇ ਹਨ। ਸਤੋ ਗੁਣ ਪੂਰਵਜਾਂ ਤੋਂ ਨਹੀਂ ਮਿਲਦੇ, ਇਹ ਸਾਧਨਾ ਕਰਕੇ ਆਪਣੇ ਅੰਦਰ ਪੈਦਾ ਕਰਨੇ ਪੈਂਦੇ ਹਨ। ਬਹੁਤ ਵਾਰੀ ਅਸੀਂ ਦੇਖਦੇ ਹਾਂ ਕਿ ਇਕ ਬਦਮਾਸ਼, ਨੀਚ ਗੁਣਾਂ ਦਾ ਮਾਲਕ, ਬ੍ਰਾਹਮਣ ਪਰਿਵਾਰ ਵਿਚ ਜਨਮ ਲੈ ਲੈਂਦਾ ਹੈ। ਇਹ ਕਿਹਾ ਜਾਂਦਾ ਹੈ ਕਿ ਹਰ ਕੋਈ ਜਨਮ ਤੋਂ ਸ਼ੂਦਰ ਹੀ ਹੁੰਦਾ ਹੈ ਪਰ ਬ੍ਰਾਹਮਣ ਹਰ ਕੋਈ ਆਪਣੀ ਮਿਹਨਤ ਨਾਲ ਹੀ ਬਣਦਾ ਹੈ। ਇਹ ਆਪਣੇ ਸੰਸਕਾਰ ਹੀ ਹੁੰਦੇ ਹਨ ਜਿਨ੍ਹਾਂ ਨਾਲ ਇਹ ਗੁਣ ਪੈਦਾ ਹੁੰਦੇ ਹਨ। ਜਿਸ ਵਿਚ ਬ੍ਰਾਹਮਣ ਦੇ ਸੰਸਕਾਰ ਅਤੇ ਗੁਣ ਹੋਣ ਉਹ ਰੂਹਾਨੀ ਜੀਵਨ ਵਲ ਤੁਰ ਪੈਂਦਾ ਹੈ ਅਤੇ ਉਹ ਜੀਵਨ ਦੀ ਕਲਾ ਤੇ ਵਿਗਿਆਨ ਬਾਰੇ ਸਿਖਿਆ ਦੇਣ ਲਗ ਪੈਂਦਾ ਹੈ। ਕਸ਼ਤਰੀਆਂ ਦੇ ਜੀਵਨ ਵਿਚ ਰਾਜਸਿਕ ਗੁਣ ਹੁੰਦੇ ਹਨ। ਉਹ ਬਹਾਦਰ ਹੁੰਦੇ ਹਨ। ਹੌਂਸਲੇ ਵਾਲੇ ਹੁੰਦੇ ਹਨ ਅਤੇ ਉਨ੍ਹਾਂ ਵਿਚ ਸ਼ਾਸਨ ਕਰਨ ਦੀ ਯੋਗਤਾ ਹੁੰਦੀ ਹੈ। ਰਾਜਸਿਕ ਗੁਣ ਮਨੁੱਖ ਨੂੰ ਕ੍ਰਿਆਸ਼ੀਲ ਅਤੇ ਸਿਰਜਨਾਤਮਕ ਬਣਾਉਂਦੇ ਹਨ। ਵੈਸ਼ ਲੋਕਾਂ ਵਿਚ ਸਾਤਵਿਕ ਅਤੇ ਰਾਜਸਿਕ ਗੁਣ ਘੱਟ ਹੁੰਦੇ ਹਨ, ਬ੍ਰਾਹਮਣ ਅਤੇ ਕਸ਼ਤਰੀਆਂ ਵਿਚ ਵਧੇਰੇ ਹੁੰਦੇ ਹਨ, ਵੈਸ਼ ਲੋਕ ਵਪਾਰ ਕਰਦੇ ਹਨ। ਸ਼ੂਦਰ ਉਹ ਲੋਕ ਹਨ ਜੋ ਆਤਮ ਮਾਰਗ ਤੇ ਚੱਲਣ ਦੇ ਯੋਗ ਹੀ ਨਹੀਂ। ਉਨ੍ਹਾਂ ਵਿਚ ਕ੍ਰਿਆਸ਼ੀਲ ਹੋਣ ਦੀ ਯੋਗਤਾ ਹੀ ਨਹੀਂ, ਉਨ੍ਹਾਂ ਵਿਚ ਹਿੰਮਤ ਹੀ ਨਹੀਂ ਹੁੰਦੀ, ਵਪਾਰ ਕਰਨ ਦੇ ਉਹ ਕਾਬਲ ਨਹੀਂ ਹੁੰਦੇ, ਉਨ੍ਹਾਂ ਦਾ ਕਰਤੱਵ ਹੈ ਕੇਵਲ ਸੇਵਾ ਕਰਨੀ।

ਪੁਰਾਣੇ ਸਮਿਆਂ ਵਿਚ ਸਮਾਜ ਦੀ ਇਹ ਵੰਡ, ਕੰਮ ਵੰਡ ਸੀ। ਇਹ ਸਮਾਜ ਦੀ ਭਲਾਈ ਲਈ ਹੀ ਕੀਤੀ ਗਈ ਸੀ। ਮਨੁੱਖ ਦੇ ਕੰਮ ਦੀ ਵੰਡ ਉਸ ਦੇ ਗੁਣਾਂ ਅਨੁਸਾਰ ਹੀ ਕੀਤੀ ਗਈ ਸੀ। ਸਮਾਂ ਪੈਣ ਤੇ ਇਸ ਵੰਡ ਨੂੰ ਮੋੜ ਤੋੜ ਕੇ ਮਨੁੱਖਾਂ ਵਿਚ ਫਾੜ ਪਾਉਣ ਲਈ ਵਰਤੀ ਜਾ ਰਹੀ ਹੈ। ਇਸ ਨੂੰ ਰੰਗ, ਜਾਤ, ਚੱਜ, ਅਚਾਰ ਅਤੇ ਮਜ਼ਹਬ ਵਿਚ ਬਦਲ ਦਿਤਾ ਗਿਆ ਹੈ। ਇਸ ਤਰ੍ਹਾਂ ਕਰਨ ਨਾਲ ਮਨੁਖਾਂ ਵਿਚ ਮਨੋਵਿਗਿਆਨਕ ਦੂੰਦ ਅਤੇ ਸਮਾਜ ਅਤੇ ਕੌਮਾਂ ਵਿਚ ਵਿਤਕਰਾ ਆ ਗਿਆ ਹੈ। ਮਨੁੱਖੀ ਜੀਵਨ ਦੀਆਂ ਕੀਮਤਾਂ ਕਦਰਾਂ ਜਾਂਦੀਆਂ ਰਹੀਆਂ ਹਨ। ਬਹੁਤ ਸਾਰੀਆਂ ਸਭਿਅਤਾਵਾਂ ਕਈ ਮੂਰਖ ਆਗੂਆਂ ਦੇ ਹੱਥੋਂ, ਉਨ੍ਹਾਂ ਦੇ ਝੂਠੇ ਮਿਆਰਾਂ ਕਾਰਣ ਨੁਕਸਾਨ ਉਠਾਉਂਦੀਆਂ ਰਹੀਆਂ ਹਨ। ਉਹ ਮਜ਼ਹਬ ਨੂੰ ਵੀ ਆਪਣੇ ਹੀ ਹਿਤ ਲਈ ਵਰਤਦੇ ਰਹੇ ਹਨ, ਗ੍ਰੰਥਾਂ ਨੂੰ ਆਪਣੇ ਅਨੁਸਾਰ ਹੀ ਵਰਤਦੇ ਰਹੇ ਹਨ ਅਤੇ ਆਪਣੀਆਂ ਗਲਤ ਫਿਲੌਸਫੀਆਂ ਚਲਾ ਕੇ ਆਪਣੇ ਹੰਕਾਰ

ਨੂੰ ਉਚਾ ਦਿਖਾਉਂਦੇ ਰਹੇ ਹਨ। ਇਹ ਹੀ ਮਨੁੱਖ ਅਭਿਅਤਾ ਦੇ ਰਖਵਾਲੇ ਅਖਵਾਉਂਦੇ ਹਨ, ਮਜ਼ਹਬ ਦੇ ਰਖਵਾਲੇ ਕਹੇ ਜਾਂਦੇ ਹਨ ਪਰ ਮੰਦ ਭਾਗ ਤਾਂ ਇਹ ਹੈ ਕਿ ਇਹ ਆਪ ਹੀ ਆਪਣੇ ਸੁਆਰਥ ਵਿਚ ਇਸ ਹੱਦ ਤੱਕ ਘਿਰ ਜਾਂਦੇ ਹਨ ਕਿ ਸੱਤ ਦਾ ਪ੍ਰਚਾਰ ਕਰਨਾ ਭੁੱਲ ਹੀ ਜਾਂਦੇ ਹਨ, ਏਕਤਾ ਦੀ ਥਾਂ ਇਹ ਮਨੁੱਖਾਂ ਵਿਚ ਫਾੜ ਪਾ ਦਿੰਦੇ ਹਨ। ਸਮਾਜ ਦੀਆਂ ਬਹੁਤ ਸਾਰੀਆਂ ਬਿਮਾਰੀਆਂ ਜਿਵੇਂ ਕਿ ਅਸਮਾਨਤਾ, ਅਗਿਆਨਤਾ, ਭੇਦ ਭਾਵ, ਗਰੀਬੀ ਅਮੀਰੀ ਦੇ ਭੇਦ ਭਾਵ ਇਸ ਤੋਂ ਹੀ ਉਪਜੇ ਹਨ। ਗਿਆਨ ਨੇ ਭੋਲੇਪਨ ਨੂੰ ਬੁਰੀ ਤਰ੍ਹਾਂ ਆਪਣੇ ਸੁਆਰਥ ਲਈ ਇਸ ਹੱਦ ਤਕ ਵਰਤਿਆ ਹੈ ਕਿ ਅਸੀਂ ਇਹ ਭੁੱਲ ਗਏ ਹਾਂ ਕਿ ਹਰੇਕ ਮਨੁੱਖ ਵਿਚ ਪ੍ਰਾਣ ਹਨ ਅਤੇ ਇਕ ਹੀ ਵਾਹਿਗੁਰੂ ਹੈ। ਕਿਸੇ ਮਨੁੱਖ ਨੂੰ ਇਹ ਹੱਕ ਨਹੀਂ ਕਿ ਦੂਸਰੇ ਨੂੰ ਨਫਰਤ ਕਰੇ ਜਾਂ ਨੀਵਾਂ ਦੇਖੇ ਜਾਂ ਉਸ ਨੂੰ ਦੁੱਖ ਦੇਵੇ। ਕੋਈ ਵੀ ਕੌਮ ਜਿਹੜੀ ਅੱਗੇ ਵਧਣਾ ਚਾਹੁੰਦੀ ਹੈ, ਆਧੁਨਿਕ ਬਣਨਾ ਚਾਹੁੰਦੀ ਹੈ ਉਸ ਨੂੰ ਉਹ ਗੱਲਾਂ ਛੱਡਣੀਆਂ ਪੈਣਗੀਆਂ ਜਿਹੜੀਆਂ ਕੌਮ ਦੇ ਵਿਰੁੱਧ ਹਨ। ਮਿਸਾਲ ਵਜੋਂ ਜਿਹੜੇ ਰਸਮੋ ਰਿਵਾਜ, ਜਿਹੜੇ ਕਾਨੂੰਨ, ਜਿਹੜੀਆਂ ਸੋਚਾਂ ਮਨੁੱਖਾਂ ਨੂੰ ਨੀਵਾਂ ਦਿਖਾਉਂਦੀਆਂ ਹਨ ਉਨ੍ਹਾਂ ਨੂੰ ਛੱਡਣਾ ਪਵੇਗਾ। ਉਹ ਕੌਮੀ ਏਕਤਾ ਲਿਆਉਣ ਵਿਚ ਬਹੁਤ ਵੱਡੀਆਂ ਬਾਧਕ ਹਨ। ਨੀਵੇਂ ਉਚੇ ਦੀ ਸੋਝੀ, ਸਮਾਜ ਦੀ ਮਨੁੱਖਤਾ ਨੂੰ ਦੇਣ ਹੈ। ਸੰਸਾਰ ਵਿਚ ਤਰੱਕੀ ਕਰਨ ਦਾ ਮੌਕਾ ਸਭ ਨੂੰ ਮਿਲਣਾ ਚਾਹੀਦਾ ਹੈ, ਸਭ ਨੂੰ ਖੁਲ੍ਹੀ ਤਰ੍ਹਾਂ ਸੋਚਣ ਦੀ ਖੁਲ੍ਹ ਹੋਣੀ ਚਾਹੀਦੀ ਹੈ ਤੇ ਸਮਾਜ ਨੂੰ ਕੁਝ ਦੇਣ ਦੀ ਖੁਲ੍ਹ ਹੋਣੀ ਚਾਹੀਦੀ ਹੈ। ਜਿਹੜੇ ਹੇਠਲੇ ਕੰਮ ਕਰਦੇ ਹਨ, ਵੱਡੇ ਕੰਮ ਕਰਨ ਵਾਲਿਆਂ ਦੀ ਸੇਵਾ ਕਰਦੇ ਹਨ, ਸਮਾਜ ਉਨ੍ਹਾਂ ਨੂੰ ਉਚਾ ਸਥਾਨ ਨਹੀਂ ਦਿੰਦਾ, ਪਰ ਗੀਤਾ ਅਤੇ ਗੁਰੂ ਗ੍ਰੰਥ ਸਾਹਿਬ ਨੇ ਉਨ੍ਹਾਂ ਨੂੰ ਬਹੁਤ ਉਚਾ ਸਥਾਨ ਦਿਤਾ ਹੈ ਕਿਉਂਕਿ ਕਰਮ ਕਰਕੇ ਵੀ ਮੁਕਤੀ ਪਾਈ ਜਾ ਸਕਦੀ ਹੈ। ਜਿਹੜੇ ਸਮਾਜ ਦੀ ਸੇਵਾ ਕਰਦੇ ਹਨ ਅਤੇ ਉਹ ਕੁਝ ਕਰਦੇ ਹਨ ਜਿਹੜੇ ਦੂਸਰੇ ਨਹੀਂ ਕਰ ਸਕਦੇ, ਉਨ੍ਹਾਂ ਨੂੰ ਪੂਰਾ ਸਨਮਾਨ ਮਿਲਣਾ ਚਾਹੀਦਾ ਹੈ, ਪੂਰਾ ਆਦਰ ਮਿਲਣਾ ਚਾਹੀਦਾ ਹੈ। ਜਿਥੋਂ ਤਕ ਕੰਮ ਦਾ ਸਵਾਲ ਹੈ, ਕੋਈ ਵੀ ਕੰਮ ਉਚਾ ਨੀਵਾਂ ਨਹੀਂ ਹੁੰਦਾ। ਰਾਜਾ ਕਿਵੇਂ ਉਚਾ ਹੈ ਤੇ ਸਫਾਈ ਕਰਨ ਵਾਲਾ ਕਿਵੇਂ ਨੀਵਾਂ ਹੈ? ਇਹੋ ਜਿਹੇ ਗਲਤ ਵਿਚਾਰ ਸਮਾਜ ਲਈ ਅਤੇ ਮਨੁੱਖ ਲਈ ਦੁਖਦਾਈ ਹੁੰਦੇ ਹਨ।

ਭਗਵਤ ਗੀਤਾ ਸਮਾਜ ਦੇ ਵੱਖ ਵੱਖ ਤੱਤ ਇਕੱਠੇ ਕਰਕੇ ਇਕ ਬਣਾ ਕੇ ਦਸਦੀ ਹੈ ਜਿਸ ਤੋਂ ਬਿਨਾਂ ਸਮਾਜ ਦਾ ਬਚਾਉ ਔਖਾ ਹੈ। ਗੀਤਾ ਵਿਚ ਦੱਸੀ ਗਈ ਮਨੁੱਖੀ ਵੰਡ ਬਖੇੜੇ ਪਾਉਣ ਵਾਸਤੇ ਨਹੀਂ, ਵੰਡਾਂ ਪਾਉਣ ਵਾਸਤੇ ਨਹੀਂ, ਜਾਤਾਂ ਪੈਦਾ ਕਰਨ ਲਈ ਨਹੀਂ, ਜਨਮ ਅਨੁਸਾਰ ਜਾਤਾਂ ਦੀ ਵੰਡ ਨਹੀਂ। ਜੇ ਇਸ ਤਰ੍ਹਾਂ ਹੁੰਦਾ ਤਾਂ ਇਹ ਸਭ ਕੁਝ ਗੀਤਾ ਦੇ ਵਿਰੁੱਧ

ਹੁੰਦਾ।

45. ਆਪਣੇ ਆਪਣੇ ਕਰਮ ਵਿਚ ਤੱਤਪਰ ਰਹਿਣ ਨਾਲ ਮਨੁੱਖ ਸਿੱਧੀ ਪਾਉਂਦਾ ਹੈ। ਆਪਣੇ ਕਰਮ ਵਿਚ ਤਤਪਰ ਰਹਿ ਕੇ ਮਨੁੱਖ ਕਿਸ ਪ੍ਰਕਾਰ ਸਿੱਧੀ ਪਾਉਂਦਾ ਹੈ, ਉਹ ਤੂੰ ਸੁਣ।

46. ਜਿਸ ਤੋਂ ਸਭ ਜੀਵਾਂ ਦੀ ਪ੍ਰਵਿਰਤੀ ਹੁੰਦੀ ਹੈ, ਜੋ ਸਰਬ ਵਿਆਪਕ ਹੈ ਜੋ ਉਸ ਨੂੰ ਆਪਣੇ ਕਰਮ ਭਾਵ ਆਪਣੀ ਡੀਊਟੀ ਵਿਚ ਤਤਪਰ ਰਹਿ ਕੇ ਪੂਜਦਾ ਹੈ, ਉਹ ਸਿੱਧੀ ਪਾਉਂਦਾ ਹੈ।

ਸਲੋਕ 45, 46 ਜਾਤੀਵਾਦ ਤੇ ਨਿਰਣਾਮਈ ਸਲੋਕ ਹਨ। ਇਨ੍ਹਾਂ ਸਲੋਕਾਂ ਵਿਚ ਦਸਿਆ ਗਿਆ ਹੈ ਕਿ ਜਿਹੜਾ ਮਨੁੱਖ ਸ਼ਰਧਾਪੂਰਵਕ ਆਪਣੀ ਡੀਊਟੀ ਕਰਦਾ ਹੈ, ਉਹ ਸਫਲਤਾ ਪ੍ਰਾਪਤ ਕਰਦਾ ਹੈ, ਕੇਵਲ ਬ੍ਰਾਹਮਣ ਹੀ ਨਹੀਂ, ਕਸ਼ਤਰੀ ਹੀ ਨਹੀਂ, ਵੈਸ਼ ਅਤੇ ਸ਼ੂਦਰ ਹੀ ਨਹੀਂ, ਕੋਈ ਵੀ ਮਨੁੱਖ ਜਿਹੜਾ ਸ਼ਰਧਾਪੂਰਵਕ ਆਪਣੀ ਡੀਊਟੀ ਕਰਦਾ ਹੈ, ਉਹ ਸੰਪੂਰਨਤਾ ਨੂੰ ਪ੍ਰਾਪਤ ਹੁੰਦਾ ਹੈ। ਜਗਿਆਸੂ ਵੀ ਸਫਲਤਾ ਨੂੰ ਪ੍ਰਾਪਤ ਹੁੰਦਾ ਹੈ ਜਦੋਂ ਉਹ ਪ੍ਰਮਾਤਮਾ ਦੀ ਭਗਤੀ ਜਿਸ ਤੋਂ ਸਭ ਕੁਝ ਉਤਪੰਨ ਹੋਇਆ ਹੈ ਜੋ ਸਭ ਦੀ ਰੱਖਿਆ ਕਰਦਾ ਹੈ, ਮਨ ਚਿਤ ਲਗਾ ਕੇ ਕਰਦਾ ਹੈ। ਜਿਹੜਾ ਜਗਿਆਸੂ ਮਨ-ਬਚਨ-ਕਰਮਾਂ ਨਾਲ ਆਪਣੇ ਆਪ ਨੂੰ ਸਮਰਪਣ ਕਰਦਾ ਹੈ, ਪ੍ਰਮਾਤਮਾ ਨੂੰ ਆਪਣਾ ਇਸ਼ਟ ਬਣਾਉਂਦਾ ਹੈ ਉਹ ਪ੍ਰਮਾਤਮਾ ਨੂੰ ਹੀ ਪ੍ਰਾਪਤ ਹੁੰਦਾ ਹੈ। ਜਗਿਆਸੂ ਨੂੰ ਇਹ ਗੱਲ ਸਦਾ ਹੀ ਯਾਦ ਰੱਖਣੀ ਚਾਹੀਦੀ ਹੈ ਕਿ ਆਤਮ ਸਮਰਪਣ ਤੋਂ ਉਤੇ ਕੋਈ ਗੱਲ ਹੈ ਹੀ ਨਹੀਂ, ਸਭ ਤੋਂ ਵੱਡਾ ਤੇ ਉਚਾ ਹੈ ਆਤਮ ਸਮਰਪਣ। ਜਿਹੜੇ ਇਹ ਕਰ ਲੈਂਦਾ ਹੈ ਉਸ ਤੋਂ ਉਪਰ ਕੋਈ ਯੋਗ ਨਹੀਂ।

ਸੰਪੂਰਨ ਆਤਮ ਸਮਰਪਣ ਤੋਂ ਭਾਵ ਹੈ ਵਾਹਿਗੁਰੂ ਨੂੰ ਸਭ ਤੋਂ ਉਚਾ, ਸਭ ਤੋਂ ਉਪਰ, ਪਰਮ ਮੰਨ ਲੈਣਾ, ਆਪਣੀ ਕੋਈ ਇੱਛਾ ਕੁਝ ਵੀ ਨਾ ਰੱਖਣਾ। ਇਸ ਤੋਂ ਇਹ ਭਾਵ ਨਹੀਂ ਕਿ ਤੁਸੀਂ ਸੁਸਤ ਹੋ ਜਾਉ, ਕੁਛ ਕਰਨਾ ਹੀ ਛੱਡ ਦਿਓ, ਇਸ ਤੋਂ ਭਾਵ ਹੈ ਕਿ ਜੋ ਕੁਝ ਹੋ ਰਿਹਾ ਹੈ ਸਹਿਜ ਵਿਚ ਕਰੋ ਤੇ ਇਹ ਸਮਝ ਕੇ ਕਰੋ ਕਿ ਵਾਹਿਗੁਰੂ ਹੀ ਕਰਾ ਰਿਹਾ ਹੈ। ਮਨੋ ਪ੍ਰਵਿਰਤੀ ਇਹ ਹੋਣੀ ਚਾਹੀਦੀ ਹੈ ਕਿ 'ਮੈਂ ਤੇਰਾ ਤੇ ਤੂੰ ਮੇਰਾ' ਇਹ ਆਤਮ ਸਮਰਪਣ ਵਿਚ ਪਹਿਲਾ ਕਦਮ ਹੈ। ਦੂਸਰਾ ਕਦਮ ਹੈ, 'ਤੂੰ ਹੀ ਤੂੰ ਹੀ'। ਆਖਰੀ ਕਦਮ ਹੈ ਜੋ ਕੁਝ ਵੀ ਹੈ ਦਿਸਦਾ ਅਣਦਿਸਦਾ ਤੂੰ ਹੀ ਹੈਂ, ਤੇਰੇ ਬਿਨਾਂ ਹੋਰ ਕੋਈ ਹੈ ਹੀ ਨਹੀਂ, ਦੂਸਰਾ ਕੋਈ ਹੈ ਹੀ ਨਹੀਂ ਕੇਵਲ ਇਕ 'ਤੂੰ' ਹੀ ਹੈ। ਆਤਮਕ ਸਿੱਧੀ ਦੀ ਇਸ ਅਵਸਥਾ ਤੱਕ ਕੋਈ ਵਿਰਲਾ ਹੀ ਪਹੁੰਚਦਾ ਹੈ, ਕੇਵਲ ਉਹ ਹੀ ਪਹੁੰਚਦੇ ਹਨ ਜਿਨ੍ਹਾਂ ਦਾ ਹਉਮੈ ਦਾ ਪਰਦਾ

ਟੁੱਟ ਗਿਆ ਹੈ, ਜਿਨ੍ਹਾਂ ਨੇ ਉਸ ਇਕ ਦੇ ਪ੍ਰਤਾਪ ਨੂੰ ਦੇਖ ਲਿਆ ਹੈ, ਉਹ ਮੈਂ ਤੇ ਮੇਰੀ ਤੋਂ ਉਪਰ ਹੈ, ਪਰ੍ਹੇ ਹੈ, ਅਟੱਲ ਹੈ, ਅਜਰ ਹੈ, ਅਮਰ ਹੈ।

47. ਪਰਾਏ ਉਤਮ ਧਰਮ ਨਾਲੋਂ ਆਪਣਾ ਧਰਮ, ਗੁਣ ਰਹਿਤ ਵੀ ਚੰਗਾ ਹੈ। ਆਪਣੇ ਸੁਭਾਵਿਕ ਧਰਮ ਦੇ ਕਰਨ ਨਾਲ ਪਾਪ ਨਹੀਂ ਲਗਦਾ।

48. ਹੇ ਕੌਂਤਯ! ਆਪਣੇ ਸੁਭਾਵਿਕ ਕਰਮ ਨੂੰ ਦੋਖ ਸਹਿਤ ਹੁੰਦਿਆਂ ਭੀ ਨਹੀਂ ਛੱਡਣਾ ਚਾਹੀਦਾ, ਕਿਉਂਕਿ ਧੂੰਏਂ ਵਿਚ ਅੱਗ ਵਾਂਗ ਸਭ ਹੀ ਕਰਮ ਕਿਸੇ ਨਾ ਕਿਸੇ ਦੋਸ਼ ਨਾਲ ਢਕੇ ਹੋਏ ਹਨ।

49. ਜਿਸ ਦੀ ਬੁੱਧੀ ਸਰਵਤ੍ਰ ਨਿਰਲੇਪ ਹੈ, ਜਿਸ ਨੇ ਆਪਣੇ ਆਪ ਨੂੰ ਵਸ ਕਰ ਲਿਆ ਹੈ, ਜਿਸ ਨੂੰ ਕੋਈ ਇੱਛਾ ਹੀ ਨਹੀਂ ਰਹੀ, ਐਸਾ ਆਦਮੀ ਤਿਆਗ ਰੂਪੀ ਸੰਨਿਆਸ ਤੋਂ ਨਿਸ਼ਕਰਮ ਸਿੱਧੀ ਪਾਉਂਦਾ ਹੈ।

ਕ੍ਰਿਸ਼ਨ ਜੀ ਵਿਸਥਾਰ ਪੂਰਵਕ ਦਸਦੇ ਹਨ ਕਿ ਮਨੁੱਖ ਨੂੰ ਆਪਣਾ ਚਰਿੱਤਰ, ਆਪਣੀ ਵਿਅਕਤੀਗਤ ਵਿਸ਼ੇਸ਼ਤਾ ਜਾਨਣੀ ਚਾਹੀਦੀ ਹੈ, ਆਪਣੀ ਯੋਗਤਾ ਜਾਨਣੀ ਚਾਹੀਦੀ ਹੈ, ਆਪਣੀ ਸਮਰੱਥਾ ਜਾਨਣੀ ਚਾਹੀਦੀ ਹੈ ਅਤੇ ਉਸ ਦੇ ਅਨੁਸਾਰ ਹੀ ਡੀਊਟੀਆਂ ਲੈਣੀਆਂ ਚਾਹੀਦੀਆਂ ਹਨ। ਆਪਣੀ ਡੀਊਟੀ ਛੱਡ ਕੇ ਦੂਸਰੇ ਦੀ ਡੀਊਟੀ ਨਹੀਂ ਕਰਨੀ ਚਾਹੀਦੀ। ਦੂਸਰੇ ਦੀ ਡੀਊਟੀ ਭਾਵੇਂ ਕਿੰਨੀ ਹੀ ਚੰਗੀ ਕਿਉਂ ਨਾ ਹੋਵੇ, ਆਪਣੀ ਡੀਊਟੀ ਛੱਡਣੀ ਠੀਕ ਨਹੀਂ।

ਜੇ ਕੋਈ ਆਪਣੀ ਡੀਊਟੀ ਛੱਡ ਕੇ ਦੂਸਰੇ ਦੀ ਡੀਊਟੀ ਕਰੇਗਾ ਤਾਂ ਸਮਾਜ ਵਿਚ ਬਹੁਤ ਹਲਚੱਲ ਪੈ ਜਾਵੇਗੀ। ਚੰਗਾ ਮੰਦਾ ਇਹ ਦੋ ਪ੍ਰਕਾਰ ਦੀਆਂ ਕੀਮਤਾਂ ਹਨ ਜਿਹੜੀਆਂ ਅਸੀਂ ਆਪਣੇ ਵਿਚਾਰਾਂ ਅਨੁਸਾਰ ਹਾਲਾਤਾਂ ਦੇ ਰੂਪ ਵਿਚ ਥਪਦੇ ਰਹਿੰਦੇ ਹਨ। ਭਾਵੇਂ ਆਪਣੀ ਡੀਊਟੀ ਵਿਚ ਕਿੰਨੇ ਹੀ ਨੁਕਸ ਕਿਉਂ ਨਾ ਨਜ਼ਰ ਆਉਂਦੇ ਹੋਣ, ਪਰ ਇਹ ਸਮਝ ਲੈਣਾ ਚਾਹੀਦਾ ਹੈ ਕਿ ਨੁਕਸ ਹਰੇਕ ਕੰਮ ਵਿਚ ਹਨ, ਹਰੇਕ ਡੀਊਟੀ ਵਿਚ ਹਨ। ਅੱਗ ਦੇਖਣ ਵਿਚ ਕਿੰਨੀ ਸੋਹਣੀ ਹੈ, ਉਸ ਵਿਚ ਧੂੰਆਂ ਹੈ, ਇਸ ਤਰ੍ਹਾਂ ਕੋਈ ਵੀ ਕੰਮ ਆਪਣੇ ਆਪ ਵਿਚ ਸੰਪੂਰਨ ਨਹੀਂ। ਜਿਹੜਾ ਪੂਰੀ ਤਰ੍ਹਾਂ ਨਿਰਲਿਪਤ ਹੈ ਤੇ ਆਪਣੀ ਡੀਊਟੀ ਮੋਹ ਤੋਂ ਮੁਕਤ ਹੋ ਕੇ ਕਰਦਾ ਹੈ, ਨਿਰਲਿਪਤ ਹੋ ਕੇ ਕਰਦਾ ਹੈ, ਉਹ ਹੀ ਵਾਸਤਵ ਵਿਚ ਤਿਆਗੀ ਹੈ। ਉਹ ਹੀ ਪੂਰੀ ਤਰ੍ਹਾਂ ਸੰਪੂਰਨਤਾ ਨਾਲ ਸਮਰਪਤ ਹੈ। ਇਸ ਦ੍ਰਿਸ਼ਟਮਈ ਸੰਸਾਰ ਵਿਚ ਹਰ ਕੰਮ ਵਿਚ ਅਪੂਰਨਤਾ ਹੈ, ਨੁਕਸ ਹਨ, ਭਾਵੇਂ ਤੁਹਾਡੀ ਭਾਵਨਾ ਕਿੰਨੀ ਹੀ ਚੰਗੀ ਕਿਉਂ ਨਾ ਹੋਵੇ, ਕੋਈ ਵੀ ਕਰਮ ਸੰਪੂਰਨ ਨਹੀਂ। ਜੇ ਕੋਈ ਮਨੁੱਖ ਦੂਸਰੇ ਨੂੰ ਕੁਝ ਦਿੰਦਾ ਹੈ, ਪਿਆਰ ਨਾਲ ਦਿੰਦਾ ਹੈ, ਦਿਆਲਤਾਪੂਰਵਕ ਦਿੰਦਾ

ਹੈ, ਇਹ ਕਾਰਜ ਵੀ ਦੁਖਦਾਈ ਹੋ ਜਾਵੇਗਾ ਜੇ ਉਹ ਚੀਜ਼ ਗੁਆਚ ਜਾਏ, ਟੁੱਟ ਜਾਏ ਜਾਂ ਜੇ ਦੂਸਰਾ ਮਨੁੱਖ ਈਰਖਾ ਰੱਖਣ ਲਗ ਜਾਏ। ਜੇ ਤੁਸੀਂ ਦੁਖੀ ਨਾ ਹੋਣ ਦਾ ਅਭਿਆਸ ਕਰਨਾ ਚਾਹੁੰਦੇ ਹੋ, ਮਾਸ ਖਾਣਾ ਛੱਡ ਦਿੰਦੇ ਹੋ ਤਾਂ ਤੁਸੀਂ ਪੌਦੇ, ਪੱਤੇ ਉਨ੍ਹਾਂ ਨੂੰ ਮਾਰ ਕੇ ਆਪਣਾ ਨਿਰਵਾਹ ਕਰਦੇ ਹੋ, ਜੀਉਂਦੇ ਰਹਿੰਦੇ ਹੋ। ਜੇ ਅਰਜਨ ਕੁਰਕਸ਼ੇਤਰ ਦੀ ਲੜਾਈ ਲੜ ਕੇ ਵਿਜੈਈ ਹੁੰਦਾ ਹੈ, ਉਹ ਦੇਸ਼ ਦਾ ਦੋਸ਼ ਅਤੇ ਬੁਰਾਈ ਖਤਮ ਕਰਦਾ ਹੈ ਪਰ ਇਹ ਸਭ ਕੁਝ ਕਰਨ ਲਈ ਉਸ ਨੂੰ ਬਹੁਤ ਦੁਖ ਵੀ ਸਹਿਣੇ ਪਏ ਹਨ। ਮਨੁੱਖ ਨੂੰ ਸਾਹਸ ਰੱਖਣਾ ਚਾਹੀਦਾ ਹੈ, ਹੌਂਸਲਾ ਰੱਖਣਾ ਚਾਹੀਦਾ ਹੈ, ਆਪਣੇ ਵਲੋਂ ਚੰਗਾ, ਆਪਣੀ ਸਮਰੱਥਾ ਅਨੁਸਾਰ, ਵਿਤ ਅਨੁਸਾਰ ਵੱਧ ਤੋਂ ਵੱਧ ਚੰਗੇ ਤੋਂ ਚੰਗਾ ਹੀ ਕੰਮ ਕਰਨਾ ਚਾਹੀਦਾ ਹੈ ਭਾਵੇਂ ਕਿੰਨੀਆਂ ਹੀ ਰੁਕਾਵਟਾਂ ਕਿਉਂ ਨਾ ਆਉਣ, ਕਿੰਨੇ ਹੀ ਵਿਘਨ ਕਿਉਂ ਨਾ ਆਉਣ, ਮਨੁੱਖ ਨੂੰ ਮੋਹ ਤੋਂ ਮੁਕਤ ਨਿਰਲਿਪਤ ਰਹਿਣਾ ਚਾਹੀਦਾ ਹੈ।

50. ਹੇ ਕੌਂਤਯ! ਸਿੱਧ ਪੁਰਸ਼ ਨਿਸ਼ਕਰਮ ਸਿੱਧੀ ਨੂੰ ਪਾ ਕੇ ਜਿਸ ਤਰ੍ਹਾਂ ਬ੍ਰਹਮ ਨੂੰ ਪ੍ਰਾਪਤ ਹੁੰਦਾ ਹੈ, ਸੋ ਮੈਂ ਸੰਖੇਪ ਨਾਲ ਸੁਣਾਉਂਦਾ ਹਾਂ, ਤੂੰ ਸੁਣ। ਇਹ ਗਿਆਨ ਹੀ ਪਰਾ ਨਿਸ਼ਟਾ ਹੈ।

51. ਸ਼ੁੱਧ ਬੁੱਧੀ ਨਾਲ ਯੁਕਤ ਆਪਣੇ ਆਪ ਨੂੰ ਕਾਬੂ ਕਰਕੇ, ਵਿਸ਼ਿਆਂ ਨੂੰ ਤਿਆਗ ਕੇ, ਦ੍ਵੈਸ਼ ਨੂੰ ਦੂਰ ਕਰਕੇ।

52. ਏਕਾਂਤਵਾਸੀ, ਥੋੜ੍ਹਾ ਤੇ ਹਲਕਾ ਖਾਣ ਵਾਲਾ, ਜਿਸ ਨੇ ਬਾਣੀ, ਸਰੀਰ ਤੇ ਮਨ ਉਤੇ ਕਾਬੂ ਪਾਇਆ ਹੋਇਆ ਹੈ, ਧਿਆਨ ਅਤੇ ਯੋਗ ਵਿਚ ਸਦਾ ਹੀ ਸਥਿਤ ਹੈ, ਉਹ ਪੂਰਨ ਵੈਰਾਗਵਾਨ ਹੈ।

53. ਅਹੰਕਾਰ, ਬਲ, ਘੁਮੰਡ, ਕਾਮ, ਕ੍ਰੋਧ, ਪਰਿਗ੍ਰਹ, ਮਮਤਾ ਇਹ ਸਭ ਤਿਆਗ ਕੇ ਜੋ ਆਦਮੀ ਸ਼ਾਂਤ ਹੈ, ਉਹ ਬ੍ਰਹਮ ਨੂੰ ਪ੍ਰਾਪਤ ਹੋਣ ਦੇ ਯੋਗ ਹੈ।

54. ਬ੍ਰਹਮ (ਦੀ ਅਵਸਥਾ) ਨੂੰ ਪ੍ਰਾਪਤ ਹੋਇਆ, ਪ੍ਰਸੰਨ ਆਤਮਾ ਵਾਲਾ ਨਾ ਸ਼ੋਕ ਕਰਦਾ ਹੈ, ਨਾ ਅਭੀਲਾਸ਼ਾ ਰਖਦਾ ਹੈ। ਸਾਰੇ ਜੀਵਾਂ ਵਿਚ ਉਹ ਸਮਭਾਵ ਰਖਦਾ ਹੈ, ਇਸ ਤਰ੍ਹਾਂ ਇਹ ਮੇਰੀ ਪਰਾ ਭਗਤੀ ਨੂੰ ਪਾਉਂਦਾ ਹੈ।

55. ਉਹ ਭਗਤੀ ਕਰਕੇ ਮੈਨੂੰ ਠੀਕ ਤਰ੍ਹਾਂ ਨਾਲ ਜਾਣਦਾ ਹੈ ਕਿ ਮੈਂ ਕੌਣ ਹਾਂ ਅਤੇ ਕੀ ਹਾਂ? ਮੈਨੂੰ ਇਸ ਤਰ੍ਹਾਂ ਯਥਾਰਥ ਜਾਣ ਕੇ ਮੇਰੇ ਵਿਚ ਪ੍ਰਵੇਸ਼ ਕਰਦਾ ਹੈ।

56. ਮੇਰੇ ਆਸਰੇ ਹੋਇਆ, ਮੇਰੀ ਕ੍ਰਿਪਾ ਨਾਲ ਉਹ ਸਦਾ ਸਾਰੇ ਕਰਮ ਕਰਦਾ ਹੋਇਆ, ਉਹ ਅਬਿਨਾਸ਼ੀ ਅਤੇ ਅਨਾਦਿ ਪਰਮ ਪਦ ਨੂੰ ਪਾਉਂਦਾ ਹੈ।

ਕ੍ਰਿਸ਼ਨ ਜੀ ਨੇ ਇਨ੍ਹਾਂ ਸ਼ਲੋਕਾਂ ਵਿਚ ਦੱਸਿਆ ਹੈ ਕਿ ਕਿਵੇਂ ਇਕ ਸੰਪੂਰਨ ਯੋਗੀ ਪੂਰਨ ਪ੍ਰਮਾਤਮਾ ਨੂੰ ਪ੍ਰਾਪਤ ਹੁੰਦਾ ਹੈ, ਇਕ ਯੋਗੀ ਨੂੰ ਗਿਆਨ ਦੀਆਂ ਬਹੁਤ ਅਵਸਥਾ ਲੰਘਣੀਆਂ ਪੈਂਦੀਆਂ ਹਨ। ਇਸ ਤੋਂ ਪਹਿਲਾਂ ਕਿ ਉਹ ਪ੍ਰਮਾਤਮਾ ਨੂੰ ਪ੍ਰਾਪਤ ਹੋਵੇ, ਸਭ ਤੋਂ ਪਹਿਲਾਂ ਤਾਂ ਉਹ ਆਪਣੀਆਂ ਇੰਦਰੀਆਂ ਤੇ ਕਾਬੂ ਪਾਉਂਦਾ ਹੈ ਤੇ ਆਪਣੇ ਆਪ ਤੇ ਕਾਬੂ ਪਾਉਂਦਾ ਹੈ। ਦੂਸਰੀ ਗੱਲ ਉਹ ਆਪਣੇ ਮਨ ਨੂੰ ਇਕਾਗਰ ਕਰਦਾ ਹੈ ਜਿਸ ਨਾਲ ਮਨ ਏਧਰ ਉਧਰ ਨਾ ਭਟਕੇ, ਖੇਰੂੰ ਖੇਰੂੰ ਨਾ ਹੋਵੇ। ਫੇਰ ਉਹ ਮਨ ਨੂੰ ਇਕੋ ਹੀ ਪਾਸੇ ਲਗਾਉਣ ਦਾ ਅਭਿਆਸ ਕਰਦਾ ਹੈ। ਇਸ ਲਈ ਉਹ ਮੋਹ ਤੋਂ ਮੁਕਤ ਹੋਣ ਦਾ ਅਭਿਆਸ ਕਰਦਾ ਹੈ ਤੇ ਧਿਆਨ ਵਿਚ ਬੈਠਣ ਦਾ ਅਭਿਆਸ ਕਰਦਾ ਹੈ। ਉਸ ਤੋਂ ਅੱਗੇ ਉਹ ਕੇਵਲ ਇਕ ਦਰਸ਼ਕ ਦੀ ਤਰ੍ਹਾਂ ਜਗਤ ਦਾ ਤਮਾਸ਼ਾ ਦੇਖਦਾ ਹੈ ਪਰ ਆਪਣੇ ਆਪ ਨੂੰ ਜਗਤ ਦਾ ਹਿੱਸਾ ਨਹੀਂ ਮੰਨਦਾ। ਫੇਰ ਉਹ ਆਪਣੇ ਵਾਸਤਵ ਸੁਭਾਅ ਵਿਚ ਆ ਕੇ ਸਤਿ ਚਿੱਤ ਤੇ ਅਨੰਦ ਹੋ ਜਾਂਦਾ ਹੈ ਤੇ ਫੇਰ ਅੰਤ ਵਿਚ ਉਹ ਆਪਣੇ ਆਪ ਨੂੰ ਸਭ ਵਿਚ ਤੇ ਸਭ ਨੂੰ ਆਪਣੇ ਆਪ ਵਿਚ ਦੇਖਦਾ ਹੈ। ਗਿਆਨ ਦਾ ਇਹ ਹਰੇਕ ਪੜਾਅ ਆਪਣੇ ਆਪ ਵਿਚ ਪੂਰਾ ਹੈ ਤੇ ਬਹੁਤ ਹੀ ਮੂਲਯ ਹੈ ਪਰ ਸੰਪੂਰਨਤਾ ਤਦ ਹੀ ਪ੍ਰਾਪਤ ਹੁੰਦੀ ਹੈ ਜਦੋਂ ਆਤਮਾ ਦਾ ਮੇਲ ਪ੍ਰਮਾਤਮਾ ਨਾਲ ਹੁੰਦਾ ਹੈ। ਜਿਹੜਾ ਯੋਗੀ ਉਸ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ, ਉਸ ਨੂੰ ਨਖੇਧੀ ਦੀ ਭਾਵਨਾ ਦੁਖ ਨਹੀਂ ਦੇ ਸਕਦੀ ਜਦੋਂ ਕਿ ਨਖੇਧੀ ਦੀ ਭਾਵਨਾ ਆਮ ਮਨੁੱਖ ਦੇ ਮਨ ਤੇ ਹਿਰਦੇ ਤੇ ਬਹੁਤ ਡੂੰਘਾ ਅਸਰ ਪਾਉਂਦੀ ਹੈ। ਪਹੁੰਚਿਆ ਹੋਇਆ ਯੋਗੀ ਸ਼ਾਂਤ ਹੁੰਦਾ ਹੈ ਕਿਉਂਕਿ ਉਹ ਪ੍ਰਮਾਤਮਾ ਨੂੰ ਪ੍ਰਾਪਤ ਹੋ ਗਿਆ ਹੈ ਅਤੇ ਉਸ ਲਈ ਹੋਰ ਕੁਝ ਪ੍ਰਾਪਤ ਕਰਨ ਲਈ ਰਹਿ ਹੀ ਨਹੀਂ ਗਿਆ, ਉਸ ਦੀ ਕੋਈ ਇੱਛਾ ਨਹੀਂ, ਉਸ ਦਾ ਜੀਵਨ ਪ੍ਰਭੂ ਨੂੰ ਸਮਰਪਤ ਹੈ। ਉਸ ਦਾ ਆਪਣਾ ਅਨੁਭਵ ਹੈ ਤੇ ਉਸ ਦਾ ਗਿਆਨ ਆਪਣੇ ਅਨੁਭਵ ਨਾਲ ਹੈ ਜੋ ਉਸ ਨੂੰ ਪ੍ਰਮਾਤਮਾ ਦੀ ਕ੍ਰਿਪਾ ਨਾਲ ਪ੍ਰਾਪਤ ਹੋਇਆ ਹੈ ਅਤੇ ਉਹ ਸਦਾ ਹੀ ਪ੍ਰਮਾਤਮਾ ਨਾਲ ਜੁੜਿਆ ਰਹਿੰਦਾ ਹੈ, ਅਭੇਦ ਰਹਿੰਦਾ ਹੈ। ਇਹੋ ਜਿਹਾ ਯੋਗੀ ਆਪਣੇ ਕਰਮ, ਕੰਮ ਕਾਜ, ਇਕ ਪੂਜਾ ਦੇ ਸਮਾਨ ਪ੍ਰਮਾਤਮਾ ਨੂੰ ਅਰਪਣ ਕਰਦਾ ਹੈ। ਉਸ ਦਾ ਸਾਰਾ ਜੀਵਨ ਪ੍ਰਮਾਤਮਾ ਨੂੰ ਸਮਰਪਤ ਰਹਿੰਦਾ ਹੈ ਅਤੇ ਪ੍ਰਮਾਤਮਾ ਦਾ ਧਿਆਨ ਹੀ ਉਸ ਦਾ ਸਥਾਈ ਸਥਾਨ ਬਣ ਜਾਂਦਾ ਹੈ।

57. ਮਨ ਕਰਕੇ ਸਾਰੇ ਕਰਮ ਮੇਰੇ ਅਰਪਣ ਕਰ। ਮੈਨੂੰ ਪਰਮ ਜਾਣ,

ਬੁੱਧੀ ਯੋਗ (ਸਤਿ ਅਸਤਿ ਦਾ ਵਿਚਾਰ) ਕਰ, ਸਦਾ ਮੇਰੇ ਵਿਚ ਚਿਤ ਰੱਖ।

58. ਮੇਰੇ ਵਿਚ ਚਿੱਤ ਬਿਰਤੀ ਦੇ ਕੇ ਤੂੰ ਮੇਰੇ ਪ੍ਰਸਾਦ ਨਾਲ ਸਾਰੀਆਂ ਮੁਸ਼ਕਲਾਂ ਤੋਂ ਤਰ ਜਾਵੇਂਗਾ ਪਰ ਜੇਕਰ ਹਉਮੈ ਕਾਰਣ ਨਹੀਂ ਸੁਣੇਂਗਾ ਤਾਂ ਤੇਰਾ ਨਸ਼ਟ ਹੋ ਜਾਵੇਗਾ।

ਇਨ੍ਹਾਂ ਦੋ ਸਲੋਕਾਂ ਵਿਚ ਅਰਜਨ ਨੂੰ ਹਦਾਇਤਾਂ ਦਿਤੀਆਂ ਗਈਆਂ ਹਨ ਅਤੇ ਉਸ ਨੂੰ ਦੱਸਿਆ ਗਿਆ ਹੈ ਕਿ ਉਹ ਕਰਮ ਕਰੇ, ਤਿਆਗ ਨਹੀਂ। ਜਿਹੜਾ ਕਰਮ ਦਾ ਮਾਰਗ ਪਕੜਦਾ ਹੈ ਉਸ ਨੂੰ ਆਪਣੀ ਸੋਚ, ਕਰਮ ਅਤੇ ਬੋਲ ਪ੍ਰਮਾਤਮਾ ਨੂੰ ਹੀ ਸਮਰਪਣ ਕਰਨੇ ਚਾਹੀਦੇ ਹਨ। ਜੇ ਜਗਿਆਸੂ ਆਪਣਾ ਮਨ ਪ੍ਰਮਾਤਮਾ ਵਿਚ ਰੱਖੇ, ਉਹ ਆਪਣੇ ਕਰਮਾਂ ਦਾ ਫਲ ਵੀ ਅਰਪਣ ਕਰ ਸਕਦਾ ਹੈ, ਜਿਹੜਾ ਜਗਿਆਸੂ ਇਸ ਨੂੰ ਪ੍ਰਾਪਤ ਹੋ ਜਾਂਦਾ ਹੈ ਉਹ ਪ੍ਰਮਾਤਮਾ ਦੀ ਕ੍ਰਿਪਾ ਨਾਲ ਮਾਇਆ ਦਾ ਭਵਸਾਗਰ ਪਾਰ ਕਰ ਲੈਂਦਾ ਹੈ। ਜਦੋਂ ਮਨੁੱਖ ਦੀਆਂ ਕੋਸ਼ਿਸ਼ਾਂ ਖਤਮ ਹੋ ਜਾਂਦੀਆਂ ਹਨ, ਬਿਲਕੁਲ ਥੱਕ ਜਾਂਦਾ ਹੈ, ਉਦੋਂ ਉਸ ਕ੍ਰਿਪਾਲੂ ਪ੍ਰਮਾਤਮਾ ਦੀ ਕ੍ਰਿਪਾ ਦਇਆ ਦੀ ਮਿਹਰ ਹੁੰਦੀ ਹੈ। ਪਰ ਜੇ ਜਗਿਆਸੂ ਇਸ ਮਾਰਗ ਤੇ ਨਾ ਚੱਲੇ ਆਪਣੀ ਹਉਮੈ ਵਿਚ ਹੀ ਰਹੇ, ਉਸ ਦੇ ਜੀਵਨ ਦਾ ਮਨੋਰਥ ਪੂਰਾ ਨਹੀਂ ਹੁੰਦਾ।

59. ਜੇ ਤੂੰ ਹਉਮੈ ਵਿਚ ਆ ਕੇ ਕਹੇਂ ਕਿ ਮੈਂ ਯੁੱਧ ਨਹੀਂ ਕਰਨਾ ਤਾਂ ਇਹ ਤੇਰਾ ਕਹਿਣਾ ਵਿਅਰਥ ਹੈ ਕਿਉਂਕਿ ਤੇਰੀ ਆਪਣੀ ਪ੍ਰਕ੍ਰਿਤੀ ਤੈਨੂੰ ਲੜਨ ਵਲ ਪ੍ਰਵਿਰਤ ਕਰੇਗੀ।

61. ਹੇ ਕੌਂਤਯ! ਆਪਣੇ ਸੁਭਾਵ ਤੋਂ ਉਪਜੇ ਹੋਏ ਕਰਮ ਨਾਲ ਤੂੰ ਬੰਨ੍ਹਿਆ ਹੋਇਆ ਹੈਂ। ਜੇ ਅਗਿਆਨ ਕਰਕੇ ਤੂੰ ਉਹ ਕਰਮ ਨਾ ਵੀ ਕਰਨਾ ਚਾਹੇਂ ਤਦ ਵੀ ਤੈਨੂੰ ਅਵੱਸ਼ ਕਰਨਾ ਪਵੇਗਾ।

ਜੇ ਕੋਈ ਦ੍ਰਿੜ੍ਹ ਹੋ ਜਾਵੇ ਤੇ ਸੋਚੇ ਕਿ ਮੈਂ ਉਹ ਨਾ ਕਰਾਂ ਜੋ ਮੈਨੂੰ ਕਰਨਾ ਚਾਹੀਦਾ ਹੈ ਤਾਂ ਉਹ ਇਸ ਤਰ੍ਹਾਂ ਕਰਕੇ ਆਪਣਾ ਸਮਾਂ ਵਿਅਰਥ ਗੁਆ ਰਿਹਾ ਹੈ ਤੇ ਉਹ ਦੁਖੀ ਹੀ ਹੋਵੇਗਾ ਪਰ ਉਸ ਦਾ ਸੁਭਾਅ ਉਸ ਦੀ ਪ੍ਰਵਿਰਤੀ ਉਸ ਨੂੰ ਉਹ ਕਰਨ ਲਈ ਮਜ਼ਬੂਰ ਕਰੇਗੀ। ਭਾਵੇਂ ਅਰਜਨ ਦਾ ਵਡੇਰਾ ਭਰਤ ਸੀ, ਫੇਰ ਵੀ ਅਰਜਨ ਇਸ ਵੇਲੇ ਯੁੱਧ ਦੇ ਮੈਦਾਨ ਤੋਂ ਪਿਛੇ ਹਟਣ ਦੀ ਸੋਚ ਰਿਹਾ ਹੈ ਤੇ ਤਿਆਗ ਲੈਣ ਦੀ ਸੋਚ ਰਿਹਾ ਹੈ ਕਿਉਂਕਿ ਉਹ ਘਬਰਾਇਆ ਹੋਇਆ ਹੈ, ਮਾਇਆ ਵਿਚ ਉਲਝਿਆ ਹੋਇਆ ਹੈ, ਉਸ ਨੂੰ ਆਪਣਾ ਕਰਮ ਭੁੱਲਿਆ ਹੋਇਆ ਹੈ ਤੇ ਮੋਹ ਵਿਚ ਫਸਿਆ ਹੋਇਆ ਹੈ ਪਰ ਕ੍ਰਿਸ਼ਨ ਜੀ ਉਸ ਨੂੰ ਦਸਦੇ ਹਨ, ਤੂੰ ਆਪਣੀ ਡੀਊਟੀ ਕਰ, ਯੁੱਧ ਕਰਨਾ ਤੇਰਾ ਧਰਮ ਹੈ ਤੇ ਡੀਊਟੀ ਕਰਨ ਲਈ ਮੋਹ ਨੂੰ ਛੱਡ, ਅਭਿਮਾਨ ਨੂੰ ਛੱਡ,

ਪੱਖਪਾਤ ਤੋਂ ਉਚੇ ਉਠ ਤੇ ਹੰਕਾਰ ਨੂੰ ਛੱਡ।

ਜਗਿਆਸੂ ਨੂੰ ਸਦਾ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਉਸ ਦੀ ਅੰਦਰ ਦੀ ਬਿਰਤੀ ਕੀ ਹੈ, ਉਸ ਦੇ ਗੁਣ ਕਿਹੜੇ ਹਨ ਉਨ੍ਹਾਂ ਦੇ ਅਨੁਸਾਰ ਹੀ ਉਨ੍ਹਾਂ ਨੂੰ ਆਪਣੇ ਆਪ ਨੂੰ ਵੇਖਣਾ ਚਾਹੀਦਾ ਹੈ, ਉਸ ਦੇ ਅਨੁਸਾਰ ਹੀ ਕਰਮ ਕਰਨੇ ਚਾਹੀਦੇ ਹਨ ਅਤੇ ਜੀਵਨ ਮਨੋਰਥ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ। ਬਹੁਤ ਵਾਰੀ ਜੀਵਨ ਵਿਚ ਇਹੋ ਜਿਹੇ ਅਵਸਰ ਆਉਂਦੇ ਹਨ ਜਦੋਂ ਮਨੁੱਖ ਆਪਣੇ ਮਾਰਗ ਤੋਂ ਭਟਕ ਜਾਂਦਾ ਹੈ ਪਰ ਫੇਰ ਛੇਤੀ ਹੀ ਉਸ ਨੂੰ ਸਦਾ ਯਤਨ ਕਰਕੇ ਮਾਰਗ ਤੇ ਆ ਜਾਣਾ ਚਾਹੀਦਾ ਹੈ। ਹਰੇਕ ਮਨੁੱਖ ਵਿਚ ਗੁਣ ਹੁੰਦੇ ਹਨ, ਪ੍ਰਤਿਭਾ ਹੁੰਦੀ ਹੈ, ਹਰੇਕ ਦੇ ਅੰਦਰ ਬਹੁਤ ਡੂੰਘੇ ਗੁਣ ਹੁੰਦੇ ਹਨ ਜਿਨ੍ਹਾਂ ਨੂੰ ਕਿਹਾ ਜਾ ਸਕਦਾ ਹੈ ਕਿ ਇਹ ਉਸ ਦੇ ਅੰਤਰ ਗੁਣ ਹਨ। ਜੇ ਜਗਿਆਸੂ ਉਹ ਕੁਝ ਕਰਦਾ ਹੈ ਜਿਹੜਾ ਉਸ ਦੇ ਸੁਭਾਅ ਤੋਂ ਵਿਪਰੀਤ ਹੈ ਤਾਂ ਉਸ ਦੇ ਅੰਦਰ ਦੀ ਪ੍ਰਵਿਰਤੀ ਉਸ ਨੂੰ ਮਜ਼ਬੂਰ ਕਰਕੇ ਉਸ ਦੇ ਗੁਣਾਂ ਅਨੁਸਾਰ ਹੀ ਕੰਮ ਕਰਾਏਗੀ। ਮਿਸਾਲ ਵਜੋਂ ਜਗਿਆਸੂ ਬੜੀ ਸੁਹਿਰਦਤਾ ਨਾਲ ਤਿਆਗ ਦੇ ਮਾਰਗ ਤੇ ਚਲਦਾ ਹੈ, ਬੜਾ ਮਨ ਚਿੱਤ ਲਗਾ ਕੇ ਚਲਦਾ ਹੈ ਪਰ ਉਖੜ ਜਾਂਦਾ ਹੈ। ਬਹੁਤ ਵਾਰੀ ਉਹ ਵਾਪਸ ਆ ਜਾਵੇਗਾ ਕਿਉਂਕਿ ਉਸ ਦੇ ਅੰਦਰ ਤਿਆਗ ਮਾਰਗ ਤੇ ਚੱਲਣ ਦੀ ਇੱਛਾ ਹੈ, ਆਪਣੇ ਅੰਦਰ ਦੇ ਗੁਣਾਂ ਦੀ ਪ੍ਰੇਰਨਾ ਕਾਰਣ ਉਹ ਮੁੜ ਕੇ ਆਪਣੇ ਮਾਰਗ ਤੇ ਆ ਜਾਵੇਗਾ।

61. ਹੇ ਅਰਜਨ! ਪ੍ਰਮਾਤਮਾ ਸਾਰੇ ਜੀਵਾਂ ਦੇ ਹਿਰਦੇ ਵਿਚ ਵਸਦਾ ਹੈ, ਸਾਰੇ ਜੀਵਾਂ ਨੂੰ ਉਸ ਨੇ ਮਾਇਆ ਜਾਲ ਵਿਚ ਫਸਾਇਆ ਹੋਇਆ ਹੈ, ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਕਿਸੇ ਮਸ਼ੀਨ ਦੇ ਦੁਆਲੇ ਘੁੰਮ ਰਹੇ ਹੋਣ।

62. ਹੇ ਭਾਰਤ! ਸਰਵ ਭਾਵ ਕਰਕੇ ਉਸ ਦੀ ਸ਼ਰਨ ਲੈ, ਉਸ ਦੀ ਕ੍ਰਿਪਾ ਨਾਲ ਹੀ ਤੂੰ ਸਦਾ ਪਰਮ ਸ਼ਾਂਤ ਪਦ ਨੂੰ ਪਾਵੇਂਗਾ।

63. ਇਹ ਅਤੀ ਗੁਪਤ ਵਿਦਿਆ ਮੈਂ ਤੈਨੂੰ ਸੁਣਾਈ ਹੈ। ਇਸ ਉਤੇ ਪੂਰੀ ਵਿਚਾਰ ਕਰਕੇ ਫੇਰ ਜਿਵੇਂ ਤੂੰ ਚਾਹੇਂ ਉਵੇਂ ਹੀ ਕਰ।

ਇਕਾਠਵੇਂ ਸ਼ਲੋਕ ਵਿਚ ਬੜੀ ਸੂਖਮ ਤੇ ਡੂੰਘੀ ਸਿਖਿਆ ਦਿਤੀ ਗਈ ਹੈ। ਕ੍ਰਿਸ਼ਨ ਜੀ ਕਹਿੰਦੇ ਹਨ, ਹੇ ਅਰਜਨ! ਪ੍ਰਮਾਤਮਾ ਸਭ ਦੇ ਅੰਦਰ ਵਸਦਾ ਹੈ। ਉਹ ਅੰਦਰ ਵਸਦਾ ਪ੍ਰਮਾਤਮਾ ਜੋ ਹੈ ਉਸ ਨੂੰ ਜਾਣੋ, ਸਮਝੋ ਪਰ ਕੇਵਲ ਉਸ ਨੂੰ ਜਾਨਣ ਨਾਲ ਗਿਆਨ ਪ੍ਰਾਪਤ ਨਹੀਂ ਹੋ ਸਕਦਾ। ਜਗਿਆਸੂ ਨੂੰ ਪਹਿਲਾਂ ਅਭਿਆਸ ਕਰਨਾ ਪਵੇਗਾ - ਪ੍ਰਮਾਤਮਾ ਨੂੰ ਦੇਖਣ ਦਾ, ਪ੍ਰਾਪਤ ਕਰਨ ਦਾ, ਉਸ ਤੋਂ ਬਾਅਦ ਹੀ ਉਸ ਨੂੰ ਅੰਦਰ ਵਸਦੇ

ਪ੍ਰਮਾਤਮਾ ਦੀ ਪਕੜ ਆਏਗੀ ਤੇ ਇਹ ਪਹਿਚਾਨ ਆਏਗੀ ਕਿ ਪ੍ਰਮਾਤਮਾ ਹਰੇਕ ਦੇ ਹਿਰਦੇ ਵਿਚ ਵਸਦਾ ਹੈ। ਕੇਵਲ ਸਿਧਾਂਤ ਨੂੰ ਜਾਣ ਲੈਣਾ ਕਾਫੀ ਨਹੀਂ।

ਜਿਹੜੇ ਇਹ ਨਹੀਂ ਜਾਣਦੇ ਕਿ ਪ੍ਰਮਾਤਮਾ ਸਭ ਦੇ ਹਿਰਦੇ ਵਿਚ ਵਸਦਾ ਹੈ ਉਹ ਕੇਵਲ ਸਰੀਰ ਨਾਲ ਹੀ ਜੁੜੇ ਰਹਿੰਦੇ ਹਨ ਤੇ ਐਸੀ ਸੋਚ ਲਈ ਮਜਬੂਰ ਹਨ। ਇਸ ਕਰਕੇ ਕ੍ਰਿਸ਼ਨ ਜੀ ਬਚਨ ਕਰਦੇ ਹਨ, ਹੇ ਅਰਜਨ! ਆਤਮ ਸਮਰਪਣ ਕਰ ਦੇ। ਇਕ ਵਾਰੀ ਜਦੋਂ ਤੂੰ ਪ੍ਰਮਾਤਮਾ ਅੱਗੇ ਸਮਰਪਣ ਕਰ ਦੇਵੇਂਗਾ, ਫੇਰ ਪ੍ਰਮਾਤਮਾ ਦੀ ਕ੍ਰਿਪਾ ਨਾਲ ਤੈਨੂੰ ਸ਼ਾਂਤੀ ਮਿਲ ਜਾਵੇਗੀ ਤੇ ਤੂੰ ਮੁਕਤ ਹੋ ਜਾਵੇਂਗਾ।

ਇਹ ਸਭ ਤੋਂ ਵੱਡੀ ਗੂੜ੍ਹ ਗਿਆਨ ਅਤੇ ਗੁਪਤ ਗਿਆਨ ਦੀ ਗੱਲ ਹੈ ਜੋ ਕ੍ਰਿਸ਼ਨ ਜੀ ਅਰਜਨ ਨੂੰ ਦਸਦੇ ਹਨ। ਇਸ ਗੁਪਤ ਗਿਆਨ ਦੇ ਦੱਸਣ ਤੋਂ ਬਾਅਦ ਮਨੁੱਖ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਉਸ ਲਈ ਕੀ ਠੀਕ ਹੈ। ਜਦੋਂ ਗੁਰੂ ਗਿਆਨ ਦਿੰਦਾ ਹੈ, ਉਹ ਇਹ ਚਾਹੁੰਦਾ ਹੈ ਕਿ ਜਗਿਆਸੂ ਸ਼ਿਸ਼ ਆਪਣੀ ਇੱਛਾ ਅਨੁਸਾਰ ਸਾਹਸੀ ਹੋਵੇ, ਅਨੁਭਵ ਕਰੇ, ਪ੍ਰਯੋਗ ਕਰੇ ਫੇਰ ਇਹ ਜਾਣੇ ਕੀ ਠੀਕ ਹੈ। ਅਧਿਆਤਮਕ ਸਿਖਿਆ ਜਗਿਆਸੂਆਂ ਤੇ ਧਾਰਮਿਕ ਨਿਯਮਾਂ ਦੀ ਤਰ੍ਹਾਂ ਨਹੀਂ ਲਦਣੀਆਂ ਚਾਹੀਦੀਆਂ ਪਰ ਗੁਰੂ ਤੇ ਸ਼ਿਸ਼ ਦਾ ਇਕ ਬੰਧਨ ਹੁੰਦਾ ਹੈ। ਇਹ ਜਗਿਆਸੂ ਤੇ ਨਿਰਭਰ ਹੈ ਉਹ ਕੀ ਚੁਣਦਾ ਹੈ, ਕੀ ਅਭਿਆਸ ਕਰਦਾ ਹੈ, ਕੀ ਉਸ ਨੂੰ ਚੰਗਾ ਲਗਦਾ ਹੈ, ਰੂਹਾਨੀ ਗਿਆਨ ਦੇ ਮਾਰਗ ਤੇ ਪੰਜਾਹ ਪ੍ਰਤੀਸ਼ਤ ਜ਼ਿੰਮੇਵਾਰੀ ਗੁਰੂ ਦੀ ਹੁੰਦੀ ਹੈ ਤੇ ਪੰਜਾਹ ਪ੍ਰਤੀਸ਼ਤ ਜਗਿਆਸੂ ਦੀ।

64. ਫੇਰ ਮੇਰੇ ਪਰਮ ਗੁਪਤ ਅਤੇ ਉਤਮ ਬਚਨ ਸੁਣ ਕਿਉਂਕਿ ਤੂੰ ਮੇਰਾ ਬੜਾ ਪਿਆਰਾ ਅਤੇ ਦ੍ਰਿੜ੍ਹ ਬੁੱਧੀਵਾਲਾ ਹੈਂ। ਇਹ ਸਭ ਕੁਝ ਮੈਂ ਤੇਰੇ ਲਾਭ ਲਈ ਹੀ ਕਿਹਾ ਹੈ।

65. ਮੇਰੇ ਵਿਚ ਹੀ ਮਨ ਲਗਾ, ਮੇਰਾ ਹੀ ਭਗਤ ਹੋ ਮੇਰੇ ਨਮਿਤ ਹੀ ਜਗ ਕਰ, ਮੈਨੂੰ ਨਮਸਕਾਰ ਕਰ। ਮੈਂ ਪ੍ਰਤਿਗਿਆ ਕਰਦਾ ਹਾਂ ਕਿ ਤੂੰ ਮੈਨੂੰ ਪ੍ਰਾਪਤ ਹੋਵੇਂਗਾ, ਤੂੰ ਮੈਨੂੰ ਪਿਆਰਾ ਹੈਂ।

66. ਸਾਰੇ ਧਰਮਾਂ ਨੂੰ ਛੱਡ ਕੇ ਤੂੰ ਇਕ ਮੇਰੀ ਸ਼ਰਣ ਵਿਚ ਆ, ਮੈਂ ਤੈਨੂੰ ਸਭ ਪਾਪਾਂ ਤੋਂ ਮੁਕਤ ਕਰਾਂਗਾ, ਤੂੰ ਚਿੰਤਾ ਨਾ ਕਰ।

ਗੁਰੂ ਦਾ ਪਿਆਰ ਆਪਣੇ ਸ਼ਿਸ਼ ਲਈ ਅਥਾਹ ਹੁੰਦਾ ਹੈ। ਸਦਾ ਹੀ ਨਿਸੁਆਰਥ ਹੁੰਦਾ ਹੈ ਤੇ ਅਤਿ ਉਤਮ ਹੁੰਦਾ ਹੈ। ਇਹੋ ਜਿਹਾ ਪਿਆਰ ਕਿਸੇ ਹੋਰ ਰਿਸ਼ਤੇ ਵਿਚ ਨਹੀਂ ਮਿਲਦਾ। ਇਸੇ ਅਮਰ ਪ੍ਰੇਮ ਨਾਲ ਕ੍ਰਿਸ਼ਨ ਜੀ

ਅਰਜਨ ਨੂੰ ਕਹਿੰਦੇ ਹਨ, ਤੂੰ ਮੈਨੂੰ ਸੁਣ, ਮੇਰਾ ਗਿਆਨ ਸੁਣ, ਮੈਂ ਇਹ ਅਤਿ ਗੁਪਤ ਗਿਆਨ ਤੈਨੂੰ ਦਿੰਦਾ ਹਾਂ ਕਿਉਂਕਿ ਤੂੰ ਮੈਨੂੰ ਅਤਿ ਪਿਆਰਾ ਹੈਂ, ਮੈਂ ਤੈਨੂੰ ਇਹ ਤੇਰੇ ਭਲੇ ਲਈ ਦਿੰਦਾ ਹਾਂ।

ਵਿਦਿਆਰਥੀ ਬਹੁਤ ਹੁੰਦੇ ਹਨ ਪਰ ਸ਼ਿਸ਼ ਬਹੁਤ ਹੀ ਘੱਟ ਹੁੰਦੇ ਹਨ, ਵਿਦਿਆਰਥੀ ਸਕੂਲ ਵਿਚ ਦਾਖਲ ਹੋ ਸਕਦਾ ਹੈ, ਛੱਡ ਸਕਦਾ ਹੈ, ਉਹ ਰੂਹਾਨੀ ਗੁਰੂ ਪਾਸ ਆ ਕੇ ਪੜ੍ਹ ਕੇ ਜਾ ਸਕਦਾ ਹੈ, ਸਦਾ ਲਈ ਜਾ ਸਕਦਾ ਹੈ ਪਰ ਜਦੋਂ ਇਕ ਰੂਹਾਨੀ ਬੰਧਨ ਗੁਰੂ ਤੇ ਸ਼ਿਸ਼ ਵਿਚ ਬਣ ਜਾਂਦਾ ਹੈ ਫੇਰ ਗੁਰੂ ਲਈ ਇਹ ਬਹੁਤ ਔਖਾ ਹੋ ਜਾਂਦਾ ਹੈ ਕਿ ਉਹ ਕਿਵੇਂ ਗੁਪਤ ਗਿਆਨ ਸ਼ਿਸ਼ ਨੂੰ ਨਾ ਦੇਵੇ ਜਿਹੜਾ ਗੁਰੂ ਆਪ ਜਾਣਦਾ ਹੈ। ਸੱਚਾ ਸ਼ਿਸ਼ ਸਦਾ ਹੀ ਗੁਪਤ ਗੂੜ੍ਹ ਗਿਆਨ ਜਾਨਣ ਦੀ ਚੇਸ਼ਟਾ ਵਿਚ ਰਹਿੰਦਾ ਹੈ ਜਿਸ ਨਾਲ ਉਸ ਦੀ ਰੂਹਾਨੀ ਪੂਰਤੀ ਹੋਵੇਗੀ।

ਜਦੋਂ ਸ਼ਿਸ਼ ਆਪਣਾ ਧਿਆਨ ਪ੍ਰਮਾਤਮਾ ਤੇ ਲਗਾਉਣਾ ਸਿੱਖ ਜਾਂਦਾ ਹੈ ਅਤੇ ਆਪਣਾ ਸਾਰਾ ਜੀਵਨ ਉਸ ਦੇ ਚਰਨਾਂ ਵਿਚ ਸਮਰਪਤ ਕਰ ਦਿੰਦਾ ਹੈ ਉਹ ਸਗਲੀ ਸ੍ਰਿਸ਼ਟੀ ਦਾ ਰਾਜਾ ਬਣ ਜਾਂਦਾ ਹੈ ਜਿਥੇ ਕੇਵਲ ਉਸ ਇਕ ਦਾ ਹੀ ਨਿਵਾਸ ਹੈ, ਉਹ ਆਪਣੀ ਸ਼ਾਨ, ਕ੍ਰਿਪਾ ਅਤੇ ਤੇਜ ਪਸਾਰ ਰਿਹਾ ਹੈ। ਭਗਤੀ ਮਾਰਗ ਦਾ ਗਿਆਨ ਕ੍ਰਿਸ਼ਨ ਜੀ ਨੇ ਆਪਣੇ ਪਿਆਰੇ ਭਗਤ ਅਰਜਨ ਨੂੰ ਦਿਤਾ। ਕ੍ਰਿਸ਼ਨ ਜੀ ਬਚਨ ਕਰਦੇ ਹਨ, ਹੇ ਅਰਜਨ! ਸਾਰੇ ਕਰਮਕਾਂਡ ਛੱਡ ਦੇ, ਕੇਵਲ ਇਕ ਪ੍ਰਮਾਤਮਾ ਦੀ ਪ੍ਰਾਪਤੀ ਹੀ ਆਪਣਾ ਉਦੇਸ਼ ਬਣਾ ਲੈ, ਸ਼ੋਕ ਨਾ ਮੰਨ, ਪ੍ਰਮਾਤਮਾ ਦੀ ਸ਼ਰਨ ਆਉਣ ਨਾਲ ਤੂੰ ਸਾਰੇ ਦੁੱਖਾਂ ਤੋਂ ਛੁਟ ਜਾਏਂਗਾ, ਤੇਰੇ ਸਾਰੇ ਪਾਪ ਕੱਟੇ ਜਾਣਗੇ। 66ਵੇਂ ਸਲੋਕ ਵਿਚ ਗੀਤਾ ਦੇ ਗਿਆਨ ਦਾ ਪੂਰਾ ਸਾਰਾਂਸ਼ ਦਿਤਾ ਗਿਆ ਹੈ। ਸਾਰੇ ਕਰਮਕਾਂਡ ਛੱਡ ਦਿਓ, ਕੇਵਲ ਇਕ ਪ੍ਰਮਾਤਮਾ ਦੀ ਸ਼ਰਨ ਵਿਚ ਆਓ, ਤੇਰੇ ਸਾਰੇ ਪਾਪ ਧੋਤੇ ਜਾਣਗੇ। ਆਮ ਤੌਰ ਤੇ ਕੋਈ ਆਪਣੀ ਡੀਊਟੀ ਛੱਡਦਾ ਹੈ ਤਾਂ ਉਹ ਦੁਖੀ ਹੁੰਦਾ ਹੈ ਪਰ ਜੇ ਕੋਈ ਛੋਟੀ ਡੀਊਟੀ ਛੱਡ ਕੇ ਵੱਡਾ ਪਰਉਪਕਾਰ ਦਾ ਕੰਮ ਕਰਦਾ ਹੈ ਉਸ ਦੇ ਪਾਪ ਮਾਫ ਹੋ ਜਾਂਦੇ ਹਨ। ਪਰ ਜਿਸ ਕਾਰਣ-ਵਸ ਤੁਸੀਂ ਡੀਊਟੀ ਛੱਡ ਰਹੇ ਹੋ ਉਹ ਵਧੇਰੇ ਉਚਾ ਹੋਣਾ ਚਾਹੀਦਾ ਹੈ, ਪ੍ਰਮਾਤਮਾ ਦੇ ਨਮਿਤ ਹੋਣਾ ਚਾਹੀਦਾ ਹੈ ਤੇ ਜਿਹੜੀ ਡਿਊਟੀ ਛੱਡੀ ਜਾਵੇ ਉਹ ਖੁਸ਼ੀ ਖੁਸ਼ੀ ਛੱਡੀ ਜਾਵੇ। ਮਿਸਾਲ ਵਜੋਂ ਜੇ ਕੋਈ ਘਰ ਪਰਿਵਾਰ ਦੀ ਡੀਊਟੀ ਛੱਡਦਾ ਹੈ ਤੇ ਉਸ ਨੂੰ ਉਸ ਦਾ ਨਤੀਜਾ ਭੁਗਤਣਾ ਪਵੇਗਾ ਪਰ ਜੇ ਉਸ ਨੂੰ ਕੋਈ ਦੁੱਖ ਨਹੀਂ ਹੋਵੇਗਾ, ਜੇ ਉਹ ਉਸ ਤੋਂ ਵਧ ਜ਼ਰੂਰੀ ਡੀਊਟੀ ਲੈ ਲਵੇ, ਜੇ ਕੋਈ ਸਾਰੀ ਮਨੁੱਖਤਾ ਲਈ ਆਪਣਾ ਦੇਸ਼ ਛੱਡ ਦੇਵੇ ਤਾਂ ਉਹ ਉਚੀ, ਵਧੇਰੇ ਉਚੀ ਡੀਊਟੀ ਕਰ ਰਿਹਾ ਹੈ ਤੇ ਜੇ ਕੋਈ ਸਭ ਕੁਝ ਛੱਡ ਕੇ ਕੇਵਲ ਉਸ ਪ੍ਰਮਾਤਮਾ ਦੇ ਧਿਆਨ ਵਿਚ

ਲਗ ਜਾਵੇ, ਸਿਮਰਨ ਭਜਨ ਕਰੇ, ਉਹ ਸਭ ਤੋਂ ਉਚਾ ਹੋ ਜਾਂਦਾ ਹੈ, ਉਹ ਪਰਮ ਭਗਤ ਬਣ ਜਾਂਦਾ ਹੈ, ਉਸ ਦੇ ਸਾਰੇ ਪਾਪ ਲਹਿ ਜਾਂਦੇ ਹਨ, ਕੇਵਲ ਉਸ ਦੀ ਪਵਿੱਤਰ ਸ਼ਰਧਾ ਹੀ ਰਹਿ ਜਾਂਦੀ ਹੈ।

ਇਕ ਬਹੁਤ ਗੰਭੀਰ ਪ੍ਰਸ਼ਨ ਉਠਦਾ ਹੈ ਏਥੇ ਕਿਉਂਕਿ ਅਰਜਨ ਸੰਨਿਆਸ ਲੈਣ ਲਈ ਤਿਆਰ ਸੀ ਉਸ ਨੂੰ ਤਿਆਗ ਦੀ ਆਗਿਆ ਕਿਉਂ ਨਹੀਂ ਮਿਲੀ? ਹੁਣ ਇਥੇ ਇਹ ਗਿਆਨ ਗੁਪਤ ਗੂੜ੍ਹ ਗਿਆਨ ਕਿਉਂ ਦਿਤਾ ਜਾ ਰਿਹਾ ਹੈ ਕਿ ਸਾਰੀਆਂ ਡੀਊਟੀਆਂ ਤਿਆਗ ਕੇ ਪ੍ਰਮਾਤਮਾ ਦੀ ਸ਼ਰਨ ਆਉਣ ਨਾਲ ਸਾਰੇ ਪਾਪ ਮਾਫ ਹੋ ਜਾਂਦੇ ਹਨ। ਪਹਿਲਾਂ ਅਰਜਨ ਆਪਣੀ ਡੀਊਟੀ ਤੋਂ ਦੌੜ ਜਾਣਾ ਚਾਹੁੰਦਾ ਸੀ, ਉਹ ਉਪਰਾਮ ਸੀ, ਘਬਰਾਇਆ ਹੋਇਆ ਸੀ, ਉਹ ਗਿਆਨ ਵਿਚ ਆ ਕੇ ਤਿਆਗ ਨਹੀਂ ਕਰ ਰਿਹਾ ਸੀ, ਉਹ ਤਾਂ ਮੋਹ ਵਿਚ ਆ ਕੇ, ਡਰ ਕੇ, ਘਬਰਾ ਕੇ ਤਿਆਗ ਕਰ ਰਿਹਾ ਸੀ। ਇਨ੍ਹਾਂ ਸ਼ਲੋਕਾਂ ਵਿਚ ਦੱਸਿਆ ਗਿਆ ਹੈ ਕਿ ਉਹ ਹੀ ਮਾਰਗ ਸਭ ਤੋਂ ਉਚਾ ਮਾਰਗ ਹੈ ਜਿਸ ਵਿਚ ਜਗਿਆਸੂ ਸਭ ਕੁਝ ਪ੍ਰਮਾਤਮਾ ਦੇ ਅਰਪਣ ਕਰ ਦਿੰਦਾ ਹੈ ਇਹੋ ਜਿਹਾ ਪ੍ਰੇਮੀ ਹੀ ਪੂਰਨ ਭਗਤ ਹੈ, ਸਦਾ ਦਇਆਲੂ ਹੈ, ਚਾਹੇ ਉਹ ਤਿਆਗ ਦਾ ਮਾਰਗ ਲਵੇ, ਚਾਹੇ ਕਰਮ ਦਾ ਮਾਰਗ ਲਵੇ; ਉਹ ਇਥੇ ਵੀ ਮੁਕਤ ਹੈ, ਅੱਗੇ ਵੀ ਮੁਕਤ ਹੈ, ਉਹ ਹੀ ਪਰਮ ਅਨੰਦ ਨੂੰ ਪ੍ਰਾਪਤ ਹੈ।

67. ਜੋ ਤਪ ਤੋਂ ਰਹਿਤ ਹੈ ਜਾਂ ਭਗਤ ਨਹੀਂ ਹੈ ਜਾਂ ਇਸ ਦੇ ਸੁਣਨ ਦੀ ਇੱਛਾ ਹੀ ਨਹੀਂ ਰਖਦਾ ਜਾਂ ਮੇਰੀ ਨਿੰਦਿਆ ਕਰਦਾ ਹੈ, ਤੂੰ ਇਹ ਉਪਦੇਸ਼ ਕਦੀ ਨਾ ਸੁਣਾਈਂ।

68. ਜੋ ਮੇਰੀ ਭਗਤੀ ਕਰਕੇ ਮੇਰੇ ਭਗਤਾਂ ਨੂੰ ਇਹ ਪਰਮ ਗੁਪਤ ਗਿਆਨ ਸੁਣਾਵੇਗਾ, ਉਹ ਨਿਰਸੰਦੇਹ ਮੈਨੂੰ ਆ ਮਿਲੇਗਾ।

69. ਮਨੁੱਖਾਂ ਵਿਚੋਂ ਕੋਈ ਐਸਾ ਮਨੁੱਖ ਨਹੀਂ ਜੋ ਇਸ ਨਾਲੋਂ ਵੱਧ ਮੇਰੀ ਪਿਆਰੀ ਸੇਵਾ ਕਰ ਸਕੇ, ਨਾ ਹੀ ਮੈਨੂੰ ਇਸ ਲੋਕ ਵਿਚ ਉਸ ਨਾਲੋਂ ਵਧੀਕ ਕੋਈ ਪਿਆਰਾ ਹੈ ਤੇ ਨਾ ਹੀ ਹੋਵੇਗਾ।

70. ਜੋ ਸਾਡੇ ਇਸ ਪਰਮ ਸੰਬਾਧ ਨੂੰ ਪੜ੍ਹੇਗਾ, ਮੈਂ ਸਮਝਾਂਗਾ ਕਿ ਉਸ ਨੇ ਗਿਆਨ ਜੱਗ ਦੁਆਰਾ ਮੇਰੀ ਪੂਜਾ ਕੀਤੀ ਹੈ।

71. ਜਿਹੜਾ ਮਨੁੱਖ ਸ਼ਰਧਾ ਪੂਰਵਕ, ਦੋਸ਼ ਦ੍ਰਿਸ਼ਟੀ ਨੂੰ ਤਿਆਗ ਕੇ ਇਸ ਨੂੰ ਸੁਣੇਗਾ, ਉਹ ਭੀ ਪਾਪ ਤੋਂ ਛੁਟ ਕੇ ਪੁੰਨ ਕਰਮ ਕਰਨ ਵਾਲਿਆਂ ਦੇ ਅੱਛੇ ਲੋਕ ਨੂੰ ਪ੍ਰਾਪਤ ਹੋਵੇਗਾ।

ਮਹਾਂਪੁਰਖ ਆਪਣਾ ਗਿਆਨ ਆਪਣੇ ਪਿਆਰੇ ਭਗਤਾਂ ਨੂੰ ਦਿੰਦਾ ਹੈ। ਉਨ੍ਹਾਂ ਮਹਾਂਪੁਰਖਾਂ ਮਹਾਨ ਪਹੁੰਚੀਆਂ ਹੋਈਆਂ ਹਸਤੀਆਂ ਦਾ ਗਿਆਨ ਗੁਪਤ ਗਿਆਨ ਕਹਾਉਂਦਾ ਹੈ ਕਿਉਂਕਿ ਆਮ ਮਨੁੱਖ ਉਸ ਨੂੰ ਸਮਝ ਹੀ ਨਹੀਂ ਸਕਦਾ, ਲੈ ਹੀ ਨਹੀਂ ਸਕਦਾ, ਗੁਰੂ ਇਹ ਗਿਆਨ ਕੇਵਲ ਬਹੁਤ ਪਿਆਰੇ ਤੇ ਨੇੜੇ ਦੇ ਸ਼ਿਸ਼ਾਂ ਨੂੰ ਹੀ ਦਿੰਦਾ ਹੈ। ਦੂਸਰਿਆਂ ਨੂੰ ਇਹ ਗਿਆਨ ਦੇਣਾ ਜਿਹੜੇ ਇਸ ਨੂੰ ਸਮਝ ਨਹੀਂ ਸਕਦੇ, ਇਸ ਬਾਰੇ ਜਾਣਦੇ ਨਹੀਂ, ਬਿਲਕੁਲ ਬੇਅਰਥ ਹੀ ਹੋਵੇਗਾ। ਉਨ੍ਹਾਂ ਲਈ ਕੇਵਲ ਸਮਾਂ ਗੁਆਣ ਵਾਲੀ ਗੱਲ ਹੈ। ਰੂਹਾਨੀ ਮਾਰਗ ਦੀ ਗੱਲ ਉਨ੍ਹਾਂ ਨਾਲ ਕਰਨੀ ਬੇਅਰਥ ਹੈ ਜਿਹੜੇ ਇਸ ਨੂੰ ਜਾਣਦੇ ਹੀ ਨਹੀਂ। ਰੂਹਾਨੀ ਮਾਰਗ ਦੀਆਂ ਗੁਪਤ ਗੱਲਾਂ ਕੇਵਲ ਉਨ੍ਹਾਂ ਭਗਤਾਂ ਨੂੰ ਹੀ ਦੱਸੀਆਂ ਜਾਂਦੀਆਂ ਹਨ ਜਿਹੜੇ ਇਸ ਮਾਰਗ ਤੇ ਚਲ ਰਹੇ ਹੋਣ ਤੇ ਜਿਹੜੇ ਉਸ ਨੂੰ ਪ੍ਰਾਪਤ ਕਰਨ ਦੀ ਚੇਸ਼ਟਾ ਰਖਦੇ ਹੋਣ।

ਜਿਹੜੇ ਰੂਹਾਨੀ ਮਾਰਗ ਤੇ ਤੁਰਦਿਆਂ ਥੱਕ ਗਏ ਹਨ, ਜਿਹੜੇ ਹਾਲੇ ਵੀ ਭਟਕ ਰਹੇ ਹਨ, ਠੋਕਰਾਂ ਖਾ ਰਹੇ ਹਨ ਜਿਹੜੇ ਮਹਾਂਪੁਰਖ ਉਨ੍ਹਾਂ ਨੂੰ ਗਿਆਨ ਦਿੰਦੇ ਹਨ, ਸ਼ਰਧਾ ਬਖਸ਼ਦੇ ਹਨ, ਉਹ ਪ੍ਰਮਾਤਮਾ ਨੂੰ ਪਿਆਰੇ ਹੁੰਦੇ ਹਨ। ਇਹੋ ਜਿਹਾ ਗਿਆਨ ਗੁਰੂ ਤੇ ਸ਼ਿਸ਼ ਦੋਨਾਂ ਲਈ ਲਾਭਕਾਰੀ ਹੁੰਦਾ ਹੈ। ਸਭ ਤੋਂ ਉਤਮ ਕਿੱਤਾ ਅਧਿਆਪਕ ਦਾ ਹੈ, ਸਭ ਤੋਂ ਉਤਮ ਗਿਆਨ ਅਧਿਆਤਮਿਕ ਗਿਆਨ ਹੈ। ਸਭ ਤੋਂ ਉਤਮ ਮਾਰਗ ਭਗਤੀ ਮਾਰਗ ਹੈ ਜਿਸ ਵਿਚ ਪੂਰੀ ਸ਼ਰਧਾ ਹੈ, ਸਮਰਪਣ ਹੈ। ਸੋ ਜੋ ਗੁਰੂ ਅਧਿਆਤਮ ਗਿਆਨ ਦਿੰਦਾ ਹੈ ਉਹ ਸਭ ਤੋਂ ਉਤਮ ਗੁਰੂ ਹੈ। ਆਤਮ ਮਾਰਗ ਤੇ ਚਲਾਣਾ, ਆਤਮ ਮਾਰਗ ਤੇ ਤੋਰਨਾ ਸਭ ਤੋਂ ਸ੍ਰੇਸ਼ਟ ਕਰਮ ਹੈ ਤੇ ਵਾਹਿਗੁਰੂ ਨੂੰ ਭਾਉਂਦਾ ਹੈ। ਉਸ ਮਹਾਂਪੁਰਖ ਤੋਂ ਉਪਰ ਕੋਈ ਨਹੀਂ ਜੋ ਪ੍ਰੇਮ ਨਾਲ ਨਿਸੁਆਰਥ ਹੋ ਕੇ ਵਾਹਿਗੁਰੂ ਦਾ ਨਾਮ ਜਪਾਉਂਦਾ ਹੈ।

ਜਿਹੜਾ ਵੀ ਕ੍ਰਿਸ਼ਨ ਜੀ ਅਤੇ ਅਰਜਨ ਵਿਚ ਹੋਏ ਵਾਰਤਾਲਾਪ ਨੂੰ ਪੜ੍ਹਦਾ ਹੈ, ਅਭਿਆਸ ਕਰਦਾ ਹੈ ਅਤੇ ਉਸ ਨੂੰ ਅੱਗੇ ਵੰਡਦਾ ਹੈ, ਦਿੰਦਾ ਹੈ, ਪ੍ਰਚਾਰ ਕਰਦਾ ਹੈ, ਮਨ ਲਗਾ ਕੇ ਕਰਦਾ ਹੈ, ਉਹ ਸਭ ਤੋਂ ਉਤਮ ਭਗਤ ਹੈ। ਗੀਤਾ ਦੇ ਬਚਨ ਪੜ੍ਹ ਕੇ ਉਨ੍ਹਾਂ ਦਾ ਅਭਿਆਸ ਕਰਕੇ ਮਨੁੱਖ ਪ੍ਰਮਾਤਮਾ ਨੂੰ ਹੀ ਪ੍ਰਾਪਤ ਹੋ ਜਾਂਦਾ ਹੈ। ਜਿਹੜੇ ਗੀਤਾ ਦੇ ਪ੍ਰਵਚਨ ਸੁਣਦਾ ਹੈ ਅਤੇ ਉਸ ਤੇ ਕੋਈ ਕਿੰਤੂ ਪ੍ਰੰਤੂ ਨਹੀਂ ਕਰਦਾ, ਪੂਰੀ ਸ਼ਰਧਾ ਨਾਲ ਸੁਣਦਾ ਹੈ ਉਹ ਪਵਿੱਤਰ ਹੋ ਜਾਂਦਾ ਹੈ। ਉਸ ਮਨੁੱਖ ਦੇ ਸਾਰੇ ਪਾਪ ਧੋਤੇ ਜਾਂਦੇ ਹਨ। ਉਸ ਦੇ ਭੈ ਸਾਰੇ ਲੱਥ ਜਾਂਦੇ ਹਨ। ਜਿਹੜਾ ਮਨੁੱਖ ਉਨ੍ਹਾਂ ਪ੍ਰਵਚਨਾਂ ਨੂੰ ਮਨ, ਬੁੱਧ ਵਿਚ ਉਤਾਰ ਕੇ ਵਿਚਾਰ ਕਰਦਾ ਹੈ ਉਸ ਦੇ ਚੁਰਾਸੀ ਦੇ ਗੇੜ ਕੱਟੇ ਜਾਂਦੇ ਹਨ, ਉਹ ਸਦਾ ਲਈ ਮੁਕਤ ਹੋ ਜਾਂਦਾ ਹੈ ਤੇ ਆਤਮ ਮਾਰਗ ਦੀ ਸਿਖਰ ਤੇ ਪਹੁੰਚ ਜਾਂਦਾ ਹੈ। ਸਾਰੀਆਂ ਭੇਟਾਵਾਂ ਨਾਲੋਂ ਉਤਮ ਭੇਟਾ ਹੈ ਗੀਤਾ ਦਾ ਗਿਆਨ

ਦੇਣਾ, ਇਹ ਸਰਵ ਸ੍ਰੇਸ਼ਟ ਭੇਟਾ ਹੈ। ਗੀਤਾ ਦਾ ਗਿਆਨ ਸਭ ਲਈ ਲਾਭਕਾਰੀ ਹੈ, ਹਰ ਸਮੇਂ ਲਾਭਕਾਰੀ ਹੈ।

72. ਹੇ ਪਾਰਥ! ਕੀ ਤੂੰ ਇਹ ਇਕ ਚਿੱਤ ਹੋ ਸਾਰਾ ਸੁਣਿਆ ਹੈ। ਹੇ ਧਨੰਜਯ! ਕੀ ਤੇਰਾ ਅਗਿਆਨ ਤੋਂ ਉਤਪੰਨ ਹੋਇਆ ਮੋਹ ਦੂਰ ਹੋ ਗਿਆ ਹੈ?

73. ਅਰਜਨ ਉਪਵਾਚ – ਹੇ ਅਚੁੱਤ! ਆਪ ਦੀ ਕ੍ਰਿਪਾ ਨਾਲ ਮੇਰਾ ਮੋਹ ਨਸ਼ਟ ਹੋ ਗਿਆ ਹੈ ਅਤੇ ਮੈਨੂੰ ਗਿਆਨ ਪ੍ਰਾਪਤ ਹੋ ਗਿਆ ਹੈ, ਮੇਰੇ ਸੰਸੇ ਦੂਰ ਹੋ ਗਏ ਹਨ, ਮੈਂ ਹੁਣ ਸਥਿਤ ਹੋ ਗਿਆ ਹਾਂ ਅਤੇ ਆਪ ਦੀ ਆਗਿਆ ਦਾ ਪਾਲਣ ਕਰਾਂਗਾ।

ਗੀਤਾ ਦੇ ਸਾਰੇ ਬਚਨਾਂ ਵਿਚ ਅਰਜਨ ਨੇ ਪ੍ਰਸ਼ਨ ਕੀਤੇ ਹਨ ਅਤੇ ਕ੍ਰਿਸ਼ਨ ਜੀ ਨੇ ਉਤਰ ਦਿਤੇ ਹਨ ਪਰ ਇਥੇ ਕ੍ਰਿਸ਼ਨ ਜੀ ਅਰਜਨ ਨੂੰ ਪ੍ਰਸ਼ਨ ਪੁਛਦੇ ਹਨ, ਕੀ ਤੇਰਾ ਮਾਇਆ ਜਾਲ ਉਪਰਾਮਤਾ ਖਤਮ ਹੋਈ? ਕੀ ਤੇਰਾ ਅਗਿਆਨ ਖਤਮ ਹੋਇਆ? ਜਿਹੜਾ ਗਿਆਨ ਮੈਂ ਤੈਨੂੰ ਦਿਤਾ ਹੈ ਕੀ ਉਸ ਨਾਲ ਤੇਰੇ ਸੰਸੇ ਨਵਿਰਤ ਹੋਏ, ਕੀ ਹਾਲੇ ਵੀ ਕੋਈ ਸੰਸੇ ਬਾਕੀ ਹੈ? ਅਰਜਨ ਉਤਰ ਦਿੰਦਾ ਹੈ, ਹੇ ਪ੍ਰਭੂ! ਮੇਰੇ ਸਾਰੇ ਸੰਸੇ ਨਵਿਰਤ ਹੋ ਗਏ ਹਨ, ਮੇਰੇ ਸਾਰੇ ਪ੍ਰਸ਼ਨਾਂ ਦਾ ਉਤਰ ਮਿਲ ਗਿਆ ਹੈ, ਆਪ ਜੀ ਦੀ ਸਿਖਿਆ ਨਾਲ, ਮੇਰਾ ਅਗਿਆਨ ਦੂਰ ਹੋ ਗਿਆ ਹੈ, ਹੁਣ ਮੇਰਾ ਕੋਈ ਸੰਸਾ ਬਾਕੀ ਨਹੀਂ ਹੈ ਤੇ ਮੈਨੂੰ ਡੀਊਟੀ ਕਰਨ ਵਿਚ ਵੀ ਕੋਈ ਦੁਬਿਧਾ ਨਹੀਂ ਰਹੀ, ਹੁਣ ਮੈਂ ਪੂਰੀ ਸੱਤਾ ਨਾਲ ਯੁੱਧ ਕਰਾਂਗਾ। ਆਪ ਜੀ ਨੇ ਮੈਨੂੰ ਪ੍ਰੇਰਨਾ ਦਿਤੀ ਹੈ, ਇਸ ਨਾਲ ਮੇਰੀ ਸ਼ਕਤੀ ਮੁੜ ਕੇ ਮੇਰੇ ਅੰਦਰ ਆ ਗਈ ਹੈ, ਹੁਣ ਮੈਂ ਆਪਣੇ ਧਰਮ ਅਨੁਸਾਰ ਆਪਣੀ ਡੀਊਟੀ ਕਰਾਂਗਾ, ਜੁਗਤੀ ਨਾਲ ਕਰਾਂਗਾ, ਨਿਸੁਆਰਥ ਹੋ ਕੇ ਕਰਾਂਗਾ, ਮੋਹ ਤੋਂ ਮੁਕਤ ਹੋ ਕੇ ਕਰਾਂਗਾ।

ਜਿਹੜੇ ਮਨੁੱਖ ਅਰਜਨ ਦੀ ਤਰ੍ਹਾਂ ਉਪਰਾਮ ਹੋ ਜਾਂਦੇ ਹਨ, ਉਦਾਸ ਹੋ ਜਾਂਦੇ ਹਨ, ਉਹ ਆਪਣੇ ਸੁਭਾਅ ਨੂੰ ਭੁੱਲ ਜਾਂਦੇ ਹਨ, ਆਪਣੀ ਪ੍ਰਵਿਰਤੀ ਭੁੱਲ ਜਾਂਦੇ ਹਨ ਪਰ ਕ੍ਰਿਸ਼ਨ ਜੀ ਨੇ ਅਰਜਨ ਨੂੰ ਸੋਝੀ ਦਿਤੀ ਕਿ ਉਹ ਆਪਣਾ ਸੁਭਾਅ ਭੁੱਲ ਗਿਆ ਹੈ। ਹੁਣ ਅਰਜਨ ਨੂੰ ਸੋਝੀ ਆ ਗਈ ਹੈ, ਆਤਮ ਗਿਆਨ ਹੋ ਗਿਆ ਹੈ, ਹੁਣ ਉਹ ਆਪਣੇ ਆਪ ਨੂੰ ਸਭ ਦਾ ਹਿੱਸਾ ਤੇ ਸਭ ਨੂੰ ਆਪਣਾ ਹਿੱਸਾ ਸਮਝਦਾ ਹੈ।

74. ਸੰਜਯ ਉਪਵਾਚ – ਇਸ ਤਰ੍ਹਾਂ ਰੁਮਾਂਚਕਾਰੀ ਵਾਸਦੇਵ ਤੇ ਅਰਜਨ ਦੋਨੋਂ ਮਹਾਤਮਾਵਾਂ ਦੇ ਅਦਭੁੱਤ ਸੰਵਾਦ ਨੂੰ ਮੈਂ ਸੁਣਿਆ ਹੈ।

75. ਸ੍ਰੀ ਵਿਆਸ ਦੀ ਕ੍ਰਿਪਾ ਨਾਲ ਮੈਂ ਇਹ ਪਰਮ ਗੁਪਤ ਯੋਗ ਦਾ

ਸੰਵਾਦ ਪ੍ਰਤੱਖ ਯੋਗੇਸ਼੍ਵਰ ਕ੍ਰਿਸ਼ਨ ਜੀ ਦੇ ਆਪਣੇ ਮੁਖਾਰਬਿੰਦ ਤੋਂ ਸੁਣਿਆ ਹੈ।

76. ਹੇ ਰਾਜਨ! ਕੇਸ਼ਵ ਅਤੇ ਅਰਜਨ ਦੇ ਇਸ ਅਦਭੁੱਤ ਅਤੇ ਪਵਿੱਤਰ ਸੰਵਾਦ ਨੂੰ ਬਾਰ ਬਾਰ ਸਿਮਰਨ ਕਰਕੇ ਬਾਰ ਬਾਰ ਪ੍ਰਸੰਨ ਹੁੰਦਾ ਹਾਂ।

77. ਹੇ ਰਾਜਨ! ਹਰੀ ਦੇ ਉਸ ਅਦਭੁੱਤ ਰੂਪ ਦਾ ਸਿਮਰਨ ਕਰਕੇ ਮੈਨੂੰ ਬੜਾ ਅਸਚਰਜ ਹੁੰਦਾ ਹੈ ਅਤੇ ਮੈਨੂੰ ਬਾਰ ਬਾਰ ਅਨੰਦ ਪ੍ਰਾਪਤ ਹੁੰਦਾ ਹੈ।

78. ਜਿਥੇ ਯੋਗੇਸ਼੍ਵਰ ਕ੍ਰਿਸ਼ਨ ਜੀ ਅਤੇ ਧਨੁੱਖਧਾਰੀ ਪਾਰਥ ਹਨ, ਮੇਰਾ ਨਿਸ਼ਚਾ ਹੈ ਕਿ ਉਥੇ ਹੀ ਲੱਛਮੀ, ਜਿੱਤ, ਵਿਭੂਤੀ, ਅਚਲਤਾ ਅਤੇ ਨੀਤੀ ਰਹਿੰਦੇ ਹਨ।

ਸੰਜਯ ਨੇ ਕ੍ਰਿਸ਼ਨ ਜੀ ਅਤੇ ਅਰਜਨ ਵਿਚ ਹੋਏ ਇਸ ਸਾਰੇ ਵਾਰਤਾਲਾਪ ਨੂੰ ਰਾਜਾ ਧ੍ਰਿਤਰਾਸ਼ਟਰ ਨੂੰ ਸੁਣਾਇਆ ਹੈ। ਇਸ ਵਾਰਤਾਲਾਪ ਨੂੰ ਲਿਖਤ ਰੂਪ ਵਿਚ ਵਿਆਸ ਜੀ ਨੇ ਦਿਤਾ ਹੈ, ਵਿਆਸ ਜੀ ਨੇ ਹੀ ਸੰਜੈ ਨੂੰ ਦਿਬਯ ਦ੍ਰਿਸ਼ਟੀ ਦਿਤੀ ਜਿਸ ਨਾਲ ਉਹ ਇਹ ਸਭ ਕੁਝ ਯੁੱਧ ਦੇ ਮੈਦਾਨ ਵਿਚ ਦੇਖ ਸਕਿਆ ਅਤੇ ਰਾਜਾ ਧ੍ਰਿਤਰਾਸ਼ਟਰ ਨੂੰ ਸੁਣਾ ਸਕਿਆ, ਸੰਜਯ ਦਸਦਾ ਹੈ, ਹੇ ਧ੍ਰਿਤਰਾਸ਼ਟਰ! ਮੈਂ ਉਤਮ ਗਿਆਨ ਸੁਣਿਆ ਹੈ ਤੇ ਦੇਖਿਆ ਹੈ, ਮੈਂ ਸੰਸਾਰ ਦਾ ਗਿਆਨ ਵਿਸ਼ਵ ਦਾ ਗਿਆਨ ਸੁਣਿਆ ਹੈ, ਮੈਂ ਉਹ ਵੀ ਸੁਣਿਆ ਹੈ ਜੋ ਯੋਗ ਦੇ ਗਿਆਨ ਤੋਂ ਵੀ ਪਰ੍ਹੇ ਦੀਆਂ ਗੱਲਾਂ ਹਨ, ਮੈਂ ਬਿਲਕੁਲ ਤੁਹਾਨੂੰ ਉਸ ਤਰ੍ਹਾਂ ਹੀ ਦੱਸ ਰਿਹਾ ਹਾਂ ਜਿਸ ਤਰ੍ਹਾਂ ਮੈਂ ਦੇਖ ਰਿਹਾ ਹਾਂ ਅਤੇ ਸੁਣ ਰਿਹਾ ਹਾਂ। ਹੁਣ ਵੀ ਜਦੋਂ ਮੈਂ ਬੈਠ ਕੇ ਇਸ ਦ੍ਰਿਸ਼ ਨੂੰ ਯਾਦ ਕਰਦਾ ਹਾਂ, ਮੇਰੇ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ। ਮੈਂ ਪ੍ਰਮਾਤਮਾ ਦੇ ਦਰਸ਼ਨ ਬਹੁਤ ਅਨੰਦ ਵਿਚ ਕੀਤੇ ਹਨ, ਮੇਰੀਆਂ ਯਾਦਾਂ ਵੀ ਬਹੁਤ ਹੀ ਅਨੰਦਮਈ ਹਨ, ਅਤਿ ਅਨੰਦਮਈ ਅਨੁਭਵ ਹੈ ਮੇਰਾ। ਮੈਂ ਇਹ ਕਹਿ ਸਕਦਾ ਹਾਂ ਕਿ ਜਿਥੇ ਅਰਜਨ ਵਰਗੇ ਯੋਧਾ ਹੋਣਗੇ ਅਤੇ ਕ੍ਰਿਸ਼ਨ ਜੀ ਵਰਗੇ ਸੰਪੂਰਨ ਯੋਗੀ ਜਿਸ ਪਾਸੇ ਹੋਣਗੇ, ਉਨ੍ਹਾਂ ਦੀ ਸਦਾ ਹੀ ਵਿਜੈ ਹੋਵੇਗੀ।

ਕ੍ਰਿਸ਼ਨ ਜੀ ਅਤੇ ਅਰਜਨ ਵਿਚ ਹੋਏ ਬਚਨ ਸਾਨੂੰ ਜੀਵਨ ਦੀ ਬਹੁਤ ਡੂੰਘੀ ਫਿਲੌਸਫੀ ਦਿੰਦੇ ਹਨ ਅਤੇ ਜੀਵਨ ਵਿਚ ਇਸ ਫਿਲੌਸਫੀ ਨੂੰ ਕਿਵੇਂ ਵਰਤਿਆ ਜਾਵੇ, ਕਿਵੇਂ ਉਤਾਰਿਆ ਜਾਵੇ, ਇਹ ਵੀ ਦਸਦੇ ਹਨ। ਗੀਤਾ ਦੀ ਸਿਖਿਆ ਗੁਪਤ ਗਿਆਨ ਦੀ ਸਿਖਿਆ ਹੈ, ਉਸ ਇਕ ਦੀ ਪ੍ਰਾਪਤੀ ਦੀ ਸਿਖਿਆ ਹੈ, ਅਨੰਤ ਨੂੰ ਪ੍ਰਾਪਤੀ ਦੀ ਸਿਖਿਆ ਹੈ ਅਤੇ ਇਸ ਸਿਖਿਆ

ਵਿਚ ਅਨੰਦ ਦਾ ਗਿਆਨ ਹੈ ਅਤੇ ਇਹ ਵੀ ਦੱਸਿਆ ਗਿਆ ਹੈ ਕਿ ਉਸ ਅਨੰਤ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ, ਉਸ ਨੂੰ ਪ੍ਰਾਪਤ ਕਰਨ ਦਾ ਗਿਆਨ ਕਿਵੇਂ ਪ੍ਰਾਪਤ ਹੋ ਸਕਦਾ ਹੈ। ਜਦੋਂ ਲਗਨ ਵਾਲੇ ਜਗਿਆਸੂ ਨੂੰ ਪੂਰਾ ਗੁਰੂ ਮਿਲ ਜਾਵੇ, ਪ੍ਰਾਪਤੀ ਅਵਸ਼ਕ ਹੋ ਜਾਂਦੀ ਹੈ।

ਭਗਵਤ ਗੀਤਾ ਦੀ ਚਿਰ-ਸਥਾਈ ਆਤਮ-ਵਿਦਿਆ ਸੰਸਾਰ ਸੁਪ੍ਰਸਿਧ ਯੋਗੀ ਸਵਾਮੀ ਰਾਮ ਜੀ ਦੀ ਰਚਨਾ Perennial Psychology of the Bhagvad Gita ਦਾ ਪੰਜਾਬੀ ਅਨੁਵਾਦ ਹੈ। ਇਸ ਪੁਸਤਕ ਦਾ ਅਨੁਵਾਦ ਸਤਿਕਾਰ ਯੋਗ ਡਾ. ਬੀਬੀ ਤਜਿੰਦਰ ਮਲਹੋਤਰਾ ਜੀ ਵੱਲੋਂ ਕੀਤਾ ਗਿਆ ਹੈ। ਮਲਹੋਤਰਾ ਸਾਹਿਬ ਦਾ ਸਮੂੰਹ ਪਰਵਾਰ ਹੀ ਸੰਤ ਮਹਾਰਾਜ ਜੀ ਅਤੇ ਪਰਮ ਪੂਜਯ ਸਤਿਕਾਰ ਯੋਗ ਬੀਜੀ ਦਾ ਅਨਿੰਨ ਸੇਵਕ ਪਰਵਾਰ ਹੈ। ਸਮੂੰਹ ਮਲਹੋਤਰਾ ਪਰਵਾਰ ਦੇ ਹਿਰਦੇ ਅੰਦਰ ਮਹਾਂਪੁਰਸ਼ਾਂ ਦਾ ਅਥਾਹ ਪਿਆਰ ਸਤਿਕਾਰ ਸਮੋਇਆ ਹੋਇਆ ਹੈ। ਸੰਤ ਮਹਾਰਾਜ ਜੀ ਦੇ ਆਦੇਸ਼ ਦੀ ਪਾਲਣਾ ਕਰਦੇ ਹੋਏ ਡਾ. ਬੀਬੀ ਤਜਿੰਦਰ ਮਲਹੋਤਰਾ ਦਿਨ-ਰਾਤ ਅਣਥੱਕ ਮਿਹਨਤ ਕਰਦੇ ਹੋਏ ਸਵਾਮੀ ਰਾਮ ਜੀ ਵੱਲੋਂ ਲਿਖਤ ਫਿਲਾਸਫ਼ੀ ਦੀਆਂ ਮਹਾਨ ਪੁਸਤਕਾਂ ਦਾ ਜੋ ਵੀ ਅਨੁਵਾਦ ਕਰਦੇ ਹਨ, ਸਮੇਂ-ਸਮੇਂ ਆਤਮ ਮਾਰਗ, ਨਿਰੋਲ ਰੂਹਾਨੀ ਮੈਗਜ਼ੀਨ ਜੋ ਪਿਛਲੇ ਦਸ ਸਾਲ ਤੋਂ ਗੁਰਮਤਿ ਦੇ ਪ੍ਰਕਾਸ਼ ਵਿਚ ਅਦ੍ਵੈਤ ਸਿਧਾਂਤ ਦਾ ਪ੍ਰਚਾਰ ਕਰਦਾ ਆ ਰਿਹਾ ਹੈ, ਦੇ ਵਿਚ ਪ੍ਰਕਾਸ਼ਿਤ ਹੁੰਦਾ ਆ ਰਿਹਾ ਹੈ। ਨਾਮ ਜਪਣ ਵਾਲੀਆਂ ਗੁਰੂ ਪਿਆਰੀਆਂ ਰੂਹਾਂ ਬਹੁਤ ਹੀ ਪਿਆਰ ਸਤਿਕਾਰ ਨਾਲ ਐਸੀਆਂ ਪੁਸਤਕਾਂ ਨੂੰ ਪੜ੍ਹਦੀਆ ਵਿਚਾਰਦੀਆਂ ਆ ਰਹੀਆਂ ਹਨ।



ਸੰਤ ਬਾਬਾ ਹਰਪਾਲ ਸਿੰਘ ਜੀ
ਗੁਰਦੁਆਰ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਇਸ ਪੁਸਤਕ ਵਿਚ ਗੀਤਾ ਦੇ ਅਠਾਰਾਂ ਅਧਿਆਏ ਹਨ ਜਿਨ੍ਹਾ ਵਿਚ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਨੇ ਅਰਜਨ ਪਰਥਾਇ ਜੋ ਬਚਨ ਕੁਰਕਸ਼ੇਤਰ ਦੇ ਮੈਦਾਨ ਵਿਚ ਕੀਤੇ ਹਨ, ਸਾਰੇ ਹੀ ਸੰਸਾਰ ਵਾਸਤੇ ਸਾਂਝੇ ਹਨ। ਜਿਵੇਂ ਕਿ -

ਮਹਾਂਪੁਰਖਾਂ ਕਾ ਬੋਲਣਾ ਹੋਵੈ ਕਿਤੈ ਪਰਥਾਇ ॥ ਅੰਗ 755

ਪਰਥਾਇ ਸਾਖੀ ਮਹਾਪੁਰਖ ਬੋਲਦੇ ਸਾਂਝੀ ਸਗਲ ਜਹਾਨੈ ॥

ਗੁਰਮੁਖਿ ਹੋਇ ਸੁ ਭਉ ਕਰੇ ਆਪਣਾ ਆਪੁ ਪਛਾਣੈ ॥ ਅੰਗ 647

ਇਹ ਪੁਸਤਕ ਜਗਿਆਸੂਆਂ ਲਈ ਬਹੁਤ ਹੀ ਲਾਹੇਵੰਦ ਹੈ ਜਿਨ੍ਹਾਂ ਨੇ ਆਤਮ ਮਾਰਗ ਮੈਗਜ਼ੀਨ ਵਿਚ ਸਮੇਂ ਸਮੇਂ ਛਪਦਾ ਇਹ ਉਪਦੇਸ਼ ਪੜ੍ਹਿਆ ਹੈ, ਉਹ ਹੀ ਇਸ ਨੂੰ ਅਨੁਭਵ ਕਰ ਸਕਦੇ ਹਨ। ਗੁਰਬਾਣੀ ਵਿਚ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਪ੍ਰਥਾਇ ਆਇਆ ਹੈ -

ਰਾਜਨ ਕਉਨੁ ਤੁਮਾਰੈ ਆਵੈ ॥

ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ ॥ ਰਹਾਉ ॥

ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ ॥ ਅੰਗ 1105

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਦੇ ਬਾਨੀ ਸੰਤ ਮਹਾਰਾਜ ਜੀ (ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ) ਜੋ ਕਿ 31 ਅਕਤੂਬਰ 2001 ਨੂੰ ਦ੍ਰਿਸ਼ਟਮਾਨ ਜਗਤ ਵਿਚੋਂ ਅਲੋਪ ਹੋ ਕੇ ਬ੍ਰਹਮਲੀਨ ਹੋ ਗਏ ਹਨ। ਉਨ੍ਹਾਂ ਰਾਹੀਂ ਜੋ ਬਹੁਤ ਹੀ ਗੂੜ੍ਹ ਵਿਸ਼ੇ, ਗੁਰਮਤਿ ਸਿਧਾਂਤ ਨਿਖਰ ਕੇ ਰੂਪਮਾਨ ਹੋਏ ਹਨ, ਉਹ ਆਪਣੀ ਮਿਸਾਲ ਆਪ ਹਨ। ਸਮੂੰਹ ਸੰਸਾਰ ਦੇ ਆਤਮ ਮਾਰਗ ਪਾਧੀਆਂ ਵੱਲੋਂ ਜੋ ਪਿਆਰ ਸਤਿਕਾਰ ਦਿਖਾਇਆ ਜਾ ਰਿਹਾ ਉਹ ਸ਼ਬਦਾਂ ਦੇ ਅੰਦਰ ਬਿਆਨ ਕਰਨਾ ਅਤਿ ਮੁਸ਼ਕਿਲ ਹੈ।

ਸੰਤ ਮਹਾਰਾਜ ਜੀ ਕਲਮ ਦੇ ਧਨੀ, ਬਹੁ ਪੱਖੀ ਸ਼ਖਸ਼ਿਅਤ ਕਰਨੀ ਕਮਾਈ ਦੇ ਮਾਲਕ, ਮਹਾਨ ਕਰਮ ਯੋਗੀ, ਆਪਣੀ ਮਿਸਾਲ ਆਪ ਸਨ। ਇਸ ਪੁਸਤਕ ਨੂੰ ਉਨਾਂ ਦੀ ਚੌਥੀ ਸਲਾਨਾ ਬਰਸੀ ਉਪਰ 31 ਅਕਤੂਬਰ 2005 ਦੇ ਦਿਹਾੜੇ ਉਪਰ, ਸੰਤ ਮਹਾਰਾਜ ਜੀ ਦੇ ਜੀਵਨ-ਸਾਥੀ ਪਰਮ ਪੂਜਯ ਸਤਿਕਾਰ ਯੋਗ ਬੀਜੀ ਵੱਲੋਂ ਆਪਣੇ ਪਿਆਰੇ ਦੇ ਪਿਆਰ ਵਿਚ ਹੀ ਰਿਲੀਜ਼ ਕੀਤਾ ਜਾ ਰਿਹਾ ਹੈ।

ਧੰਨਵਾਦ ਸਹਿਤ।

ਦਾਸਨ ਦਾਸ
ਹਰਪਾਲ ਸਿੰਘ ਰਤਵਾੜਾ ਸਾਹਿਬ



ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ



ਪਰਮਪੂਜਯ ਸਤਿਕਾਰ ਯੋਗ ਬੀਬੀ ਰਣਜੀਤ ਕੌਰ ਜੀ ਚੇਅਰਪਰਸਨ ਰਤਵਾੜਾ ਸਾਹਿਬ ਟਰਸਟ



ਡਾ. ਸਵਾਮੀ ਰਾਮ ਜੀ



ਅਨੁਵਾਦਕ
ਡਾ. ਬੀਬੀ ਤਜਿੰਦਰ ਮਲਹੋਤਰਾ